



19 ਅਕਤੂਬਰ-ਦਸੰਬਰ, 2010

# ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in
kahanidhara@gmail.com

**ਸੰਪਾਦਕ:**
**ਭਗਵੰਤ ਰਸੂਲਪੁਰੀ**
94170-64350

ਟਾਇਟਲ ਪੇਂਟਿੰਗ: ਸੁਰਜੀਤ ਕੌਰ

**ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :**
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 25 ਰੁਪਏ, 10 ਅੰਕ: 250 ਰੁਪਏ ,
10 ਅੰਕ: ਡਾਲਰ 35 ਤੇ ਪੌਂਡ 30,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: ਭਗਵੰਤ ਰਸੂਲਪੁਰੀ,
( ਪ੍ਰਕਾਸ਼ਨ ਮਿਤੀ 1ਦਸੰਬਰ, 2010)

ਸੰਪਾਦਕੀ:
1. ਵਿਚਾਰਧਾਰਾ ਅਤੇ ਸਾਹਿਤ ਦਾ ਆਪਸੀ ਸਬੰਧ-1
ਸਵੈ ਕਥਨ:
2. ਮੇਰੀ ਉਰਦੂ ਅਖ਼ਬਾਰ ਨਵੀਸੀ/ ਪ੍ਰੇਮ ਪ੍ਰਕਾਸ਼-3
ਕਹਾਣੀਆਂ:
3. ਬਦਬੂ/ ਮੋਹਨ ਲਾਲ ਫਿਲੌਰੀਆ-9
4. ਹੁਣ ਅਸੀਂ ਠੀਕ ਠਾਕ ਹਾਂ/ ਬਲਬੀਰ ਕੌਰ ਸੰਘੇੜਾ-13
5. ਮੁਕਤੀ/ ਰਜਿੰਦਰ ਕੌਰ-25
6. ਮੈਮੋਰੀਅਲ ਟਰੱਸਟ/ ਖ਼ਾਲਿਦ ਫਰਹਾਦ ਧਾਰੀਵਾਲ-36
7. ਪਰੀ/ ਖ਼ਲੀਲ ਜਿਬਰਾਨ-39
8. ਯਾਦਾਂ ਦੇ ਗਲਿਆਰੇ 'ਚੋਂ /ਆਸ਼ਾ ਰਾਣੀ ਸ਼ਰਮਾ-41
9. ਸਰੂਪ ਸਿਆਲਵੀ ਦੀਆਂ ਕਹਾਣੀਆਂ ਦਾ
ਅਧਿਐਨ- ਵਿਸ਼ਲੇਸ਼ਣ/ ਡਾ. ਚੰਦਰ ਮੋਹਨ-43
10 ਸਭਿਆਚਾਰਕ ਪਛਾਣ ਦਾ ਪ੍ਰਵਚਨ:
ਸ਼ਿਕਾਰਗਾਹ / -ਬਲਕਾਰ ਸਿਘ (ਡਾ.)-48
11. ਦਲਿਤ ਚਿੰਤਨ ਦੇ ਨਵੇਂ ਰਾਹਾਂ ਦੀ ਤਲਾਸ਼:
ਮਰਨ ਰੁੱਤ/ - ਡਾ. ਗੁਰਮੇਲ ਸਿਘ-56
12. ਪੂਰਵ ਹਰੀ ਕ੍ਰਾਂਤੀ ਵਿਚ ਕਿਸਾਨੀ ਦੀ ਇਤਿਹਾਸਕ
ਗਤੀ ਦਾ ਰੂਪਾਂਤਰਨ: ਗਹਿਰ ਚੜ੍ਹੀ ਅਸਮਾਨ/
- ਡਾ. ਸ਼ਾਕ ਮੁਹੰਮਦ-61
13. 'ਜ਼ਖ਼ਮ' ਦੀ ਕਥਾਕਾਰੀ ਦੇ ਰੂਬਰੂ/ ਜਗਵਿੰਦਰ ਜੋਧਾ-65
14. ਨਾਰੀਵਾਦੀ ਪ੍ਰਵਚਨ ਦੇ ਸੰਦਰਭ ਨੂੰ ਪੇਸ਼ ਕਰਦਾ ਨਾਵਲ
:ਖੜਾ ਪੁਕਾਰੇ ਪਾਤਣੀ/ ਡਾ. ਮਿਨਾਕਸ਼ੀ ਰਾਠੌਰ-68
15. ਲੋਕ ਸਾਹਿਤ ਦਾ ਸਿਧਾਂਤਕ ਪਰਿਪੇਖ/
-ਪਰਵਿੰਦਰ ਕੌਰ-73
ਜਨ ਬੋਧ:
16. ਅੰਬੇਡਕਰਵਾਦ ਅਤੇ ਦਲਿਤ ਸਵਾਲ/
-[illegible]. ਹਰਭਜਨ ਸਿਘ-77
ਪੁਸਤਕ ਰਿਵੀਊ-110
ਹੁੰਗਾਰਾ-121

*ਸੰਪਾਦਕੀ:*

# ਵਿਚਾਰਧਾਰਾ ਅਤੇ ਸਾਹਿਤ ਦਾ ਆਪਣੀ ਸਬੰਧ

ਅੱਜ ਇਹ ਮਸਲਾ ਬਹੁਤ ਅਹਿਮ ਹੋ ਗਿਆ ਹੈ ਕਿ ਵਿਚਾਰਧਾਰਾ ਨਾਲ ਸਾਹਿਤ ਨੂੰ ਜੋੜ ਕੇ ਦੇਖਿਆ ਜਾ ਸਕਦਾ ਜਾਂ ਨਹੀਂ। ਪਹਿਲਾਂ ਵਿਚਾਰਧਾਰਾ ਜਨਮ ਲੈਂਦੀ ਹੈ ਫਿਰ ਸਾਹਿਤ ਉੱਤੇ ਉਸ ਦਾ ਅਸਰ ਬਹੁਤ ਦੇਰ ਬਾਅਦ ਮੱਧਮ ਰੂਪ ਵਿਚ ਹੋਣ ਲੱਗਦਾ ਹੈ। ਵਿਚਾਰਧਾਰਾ ਦੇ ਵਹਿਣ ਵਿਚ ਲਿਖਿਆ ਸਾਹਿਤ ਬਹੁਤੀ ਦੇਰ ਜਿਉਂਦਾ ਵੀ ਨਹੀਂ ਰਹਿੰਦਾ। ਪੰਜਾਬੀ ਵਿਚ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਰਚਿਆ ਬਹੁਤਾ ਸਾਹਿਤ ਨਸਟ ਹੋ ਗਿਆ ਹੈ। ਪਰ ਜਦੋਂ ਕੋਈ ਵਿਚਾਰਕ ਵਿਚਾਰਾ ਨਾਲ ਹਮਲਾ ਕਰਦਾ ਹੈ ਤਾਂ ਉਸ ਵਿਰੁੱਧ ਟਿਕਣਾ ਬਹੁਤ ਮੁਸ਼ਕਲ ਕੰਮ ਹੈ। ਇਕ ਵਿਚਾਰ ਜਦੋਂ ਦੂਜੇ ਮਨੁੱਖ ਦੇ ਅੰਦਰ ਪਾ ਦਿੱਤਾ ਜਾਂਦਾ ਹੈ ਤਾਂ ਇਹ ਬਹੁਤ ਤੇਜੀ ਨਾਲ ਫੈਲਦਾ ਹੈ। ਅੰਬੇਡਕਰ ਨੂੰ ਇਸ ਗੱਲ ਦੀ ਸਮਝ ਸੀ। ਇਸੇ ਲਈ ਭਾਰਤੀ ਅਛੂਤ ਜਨਤਾ ਨੂੰ ਉਸ ਨੇ ਹਥਿਆਰਾਂ ਦੀ ਬਜਾਏ ਇਕ ਵਿਚਾਰਧਾਰਾ ਦਿੱਤੀ ਉਸ ਵਿਚਾਰਧਾਰਾ ਨੇ ਭਾਰਤ ਦੇ ਅਛੂਤ ਦਲਿਤਾਂ ਨੂੰ ਜਾਗ੍ਰਿਤ ਕਰਨ ਦਾ ਨਿੱਗਰ ਉਪਰਾਲਾ ਕੀਤਾ। ਕਿ ਦਲਿਤ ਸਮਾਜ ਮੇਰੇ ਦਿੱਤੇ ਵਿਚਾਰਾਂ ਨਾਲ ਹੀ ਅੱਗੇ ਵਧੇਗਾ। ਉਸ ਨੇ ਨਿੱਜੀ ਤਜਰਬੇ ਦੇ ਅਧਾਰ 'ਤੇ ਅਛੂਤ ਸਮਾਜ ਅੱਗੇ ਕੁੱਝ ਗੱਲਾਂ ਰੱਖੀਆ। ਉਨ੍ਹਾਂ ਗੱਲਾਂ ਨੂੰ ਲਿਖਤੀ ਰੂਪ ਦਿੱਤਾ ਜਿਹੜੀਆਂ ਗੱਲਾਂ ਸਮਾਂ ਪਾ ਕੇ ਅੰਬੇਡਕਰੀ ਵਿਚਾਰਧਾਰਾ ਬਣ ਗਈ। ਚਾਰੇ ਉਹ ਸਮਾਜਿਕ/ ਆਰਥਿਕ/ ਰਾਜਨੀਤਿਕ ਸਨ ਜਾਂ ਬੁੱਧ ਧਰਮ ਸਬੰਧੀ।

ਅੰਬੇਡਕਰ ਨੇ ਕਈ ਵਰ੍ਹੇ ਪਹਿਲਾਂ ਕਿਹਾ ਸੀ ਕਿ ਅਜੇ ਤੀਕ ਅਸੀਂ ਇਕ ਦੇਸ਼ ਨਹੀਂ ਬਣ ਸਕੇ। ਇਹ ਗੱਲ ਉਨ੍ਹਾਂ ਹੋਰ ਨਿਮਨ ਜਾਤੀਆਂ ਦੀ ਸਮਾਜ 'ਚ ਭਾਗੀਦਾਰੀ ਜਾਂ ਪ੍ਰਵੇਸ਼ ਦੇ ਸੰਦਰਭ 'ਚ ਕਹੀ ਸੀ। ਇਹ ਮੁੱਦਾ ਅਜੋਕੇ ਸਮੇਂ ਵਿਚ ਬਹੁਤ ਗੰਭੀਰ ਹੈ। ਸਾਹਿਤ ਦੇ ਨਾਲ ਨਾਲ ਅੰਬੇਡਕਰੀ ਵਿਚਾਰਧਾਰਾ ਦਾ ਮੁੱਦਾ ਸਮਾਜ ਵਿਗਿਆਨ ਨਾਲ ਵੀ ਜੁੜਿਆ ਹੋਇਆ ਹੈ। ਅੱਜ ਇਹ ਗੱਲ ਅਹਿਮ ਹੋ ਗਈ ਹੈ ਕਿ ਸਮਾਜ 'ਚ ਦਲਿਤਾਂ ਦੀ ਭਾਗੀਦਾਰੀ ਦਾ ਮੁੱਦਾ ਕੌਣ ਉਭਾਰ ਸਕਦਾ ਹੈ? ਉਹ ਜਿਹਦੇ ਕੋਲ ਗਿਆਨ ਹੋਵੇਗਾ? ਫਿਰ ਅੱਗੇ ਇਸ ਗਿਆਨ ਦੀ ਸ਼ਕਲ ਕਿਹੋ ਜਿਹੀ ਹੋਵੇ? ਕਿਹਦੇ ਕੋਲ ਇਹ ਗਿਆਨ ਹੋਵੇ ਕਿ ਉਹ ਦਲਿਤਾਂ ਦੀ ਸਮਾਜ 'ਚ ਭਾਗੀਦਾਰੀ ਦੀ ਗੱਲ ਕਰ ਸਕੇ?  ਵਿਚਾਰਧਾਰਾ ਮਨੁੱਖ ਨੂੰ ਸੁਪਨਸਾਜ ਬਣਾ ਦਿੰਦੀ ਹੈ। ਉਹ ਦੱਸਣ ਲੱਗਦੀ ਹੈ ਕਿ ਛੂਤ-ਅਛੂਤ, ਜਾਤੀ ਭੇਦਭਾਵ, ਸਮਾਜਿਕ ਬਰਾਬਰੀ, ਜਾਤੀ ਵਿਤਕਰੇ ਆਦਿ ਦੂਰ ਹੋ ਜਾਣਗੇ। ਇਹ ਗੱਲਾਂ ਕੀ ਉੱਤਮ ਦਰਜੇ ਦਾ ਦਲਿਤ ਸਾਹਿਤ ਰਚਨ ਦਾ ਅਧਾਰ ਬਣ ਸਕਦੀਆਂ ਹਨ ? ਕੀ ਵਿਚਾਰਧਾਰਾ ਸਾਹਿਤ ਦੀ ਸਿਰਜਣਹਾਰ ਹੋ ਸਕਦੀ ਹੈ? ਵਿਚਾਰਧਾਰਾ ਮਨੁੱਖ ਤੇ ਸਮਾਜ ਨੂੰ ਵੱਡੀ ਪੱਧਰ ਤੇ ਪ੍ਰਭਾਵਿਤ ਕਰਦੀ ਹੈ। ਅਤੇ ਬੁੱਧੀਜੀਵੀ ਵਰਗ ਵੀ ਉਸ ਤੋਂ ਪ੍ਰਭਾਵਿਤ ਹੁੰਦਾ ਹੈ। ਵਿਚਾਰ ਜਦੋਂ ਵਿਚਾਰਧਾਰਾ ਬਣ ਜਾਂਦੀ ਹੈ ਤਾਂ ਉਹ ਇਕ ਮੰਚ ਬਣ ਜਾਂਦਾ ਹੈ। ਉਹ ਮੰਚ ਉਸ ਨੂੰ ਇਕ ਸਮਾਜਿਕ ਅੰਦੋਲਨ ਵਿਚ ਬਦਲਣ ਲੱਗਦਾ ਹੈ। ਸਮਾਜ ਦਾ ਧੁਰਾ ਤਾਂ ਬੁੱਧੀਜੀਵੀ ਹਨ ਜਦੋਂ ਉਹ ਪ੍ਰਭਾਵਿਤ ਹੁੰਦਾ ਹੈ ਤਾਂ ਉਸ ਦਾ ਚਿੰਤਨ, ਸਿਰਜਣਾ, ਵਤੀਰਾ ਸਾਰਾ ਕੁਝ ਪ੍ਰਭਾਵਿਤ ਹੁੰਦਾ ਹੈ। ਅਤੇ ਸਾਹਿਤ ਵੀ ਉਸ ਦੇ ਅੰਦਰ ਆਪਣੀ ਭੂਮਿਕਾ ਲੱਭਣ ਲੱਗਦਾ ਹੈ। ਪੰਜਾਬੀ ਸਾਹਿਤ ਉੱਤੇ ਮੁੱਖ ਰੂਪ ਵਿਚ ਸਮਾਜਵਾਦੀ ਵਿਚਾਰਧਾਰਾ ਦਾ ਗੂੜਾ ਅਸਰ ਹੁਣ ਤੀਕ ਰਿਹਾ ਹੈ। ਲਾਲ ਸਿੰਘ ਦਿਲ, ਗੁਰਦਿਆਲ ਸਿੰਘ, ਪ੍ਰੇਮ ਗੋਰਖੀ, ਅਤਰਜੀਤ, ਕਰਮਜੀਤ ਕੁੱਸਾ, ਸੁਜਾਨ ਸਿੰਘ, ਸੰਤੋਖ ਸਿੰਘ ਧੀਰ ਆਦਿ ਦਾ ਜਿਨਾਂ ਦਲਿਤ ਲੇਖਨ ਲਿਖਿਆ ਉਹ ਸਮਾਜਵਾਦੀ ਵਿਚਾਰਧਾਰ ਤੋਂ ਸਿੱਧੇ ਅਸਿੱਧੇ ਪ੍ਰਭਾਵਿਤ ਹੋ ਕੇ ਲਿਖਿਆ ਗਿਆ। ਇਨ੍ਹਾਂ ਵਿਚੋਂ ਕਈ ਲੇਖਕਾਂ ਨੇ ਅੰਤਲੇ ਸਮੇਂ ਤੀਕ ਆਪਣੀ ਵਿਚਾਰਧਾਰਾ ਨੂੰ ਅਪਣਾਈ ਰੱਖਿਆ ਕੁਝ ਨੇ ਕੁੱਝ ਖੁੱਲ੍ਹਾ ਲਈਆਂ। ਜਿਨ੍ਹਾਂ ਵਿਚ ਲਾਲ ਸਿੰਘ ਦਿਲ ਦਾ ਨਾਂ ਲਿਆ ਜਾ ਸਕਦਾ ਹੈ। ਅਤਰਜੀਤ ਸਮਾਜਵਾਦੀ ਵਿਚਾਰਧਾਰਾ ਦੀ ਜਕੜ ਵਿੱਚੋਂ ਨਿਕਲ ਨਹੀਂ ਸਕਿਆ ਜਿਸ ਕਰਕੇ ਉਸਦੀਆਂ ਮਗਰਲੀਆਂ ਕਹਾਣੀਆਂ ਅਤੇ ਸਵੈ ਜੀਵਨੀ 'ਅੱਕ ਦਾ ਦੁੱਧ' ਰਵਾਇਤੀ ਧਾਰਨਾਵਾਂ ਵਿਚ ਬੱਝ ਕੇ ਰਹਿ ਗਈ। ਬਲਬੀਰ ਮਾਧੋਪੁਰੀ ਨੇ ਅੰਬੇਡਕਰੀ ਵਿਚਾਰਕ ਦ੍ਰਿਸ਼ਟੀ ਤੋਂ ਆਪਣੀ ਸਵੈ-ਜੀਵਨੀ 'ਛਾਂਗਿਆ ਰੁੱਖ' ਲਿਖੀ। ਪਿਛਲੇ ਦੋ ਕੁ ਦਹਾਕੇ ਤੋਂ ਜਿਨਾਂ ਕੁ ਦਲਿਤ ਸਾਹਿਤ ਲਿਖਿਆ ਗਿਆ ਉਹ ਸਮਾਜਵਾਦੀ ਵਿਚਾਰਧਾਰਾ ਵਾਲੇ ਲੇਖਕਾਂ ਨੇ ਨਹੀਂ ਲਿਖਿਆ ਜਿਸ ਕਰਕੇ ਉਨ੍ਹਾਂ ਦੀ ਸ਼ਕਲ ਤੇ ਸਰੂਪ ਬਿਲਕੁਲ ਵੱਖਰੀ ਕਿਸਮ ਦਾ ਹੈ। ਖਾਸ ਕਰਕੇ



ਦਲਿਤ ਵਰਗ ਵਿੱਚੋਂ ਆਏ ਦਲਿਤ ਲੇਖਕਾਂ ਦੀਆਂ ਰਚਨਾਵਾਂ ਵਿਚ ਵੇਖਿਆ ਜਾ ਸਕਦਾ ਹੈ। ਇਨ੍ਹਾਂ ਰਚਨਾਵਾਂ ਵਿਚ ਅੰਬੇਡਕਰੀ ਵਿਚਾਰਧਾਰਾ ਦਾ ਅਸਰ ਲੱਭਿਆ ਜਾ ਸਕਦਾ ਹੈ।

ਪੰਜਾਬੀ ਦੇ ਮੁੱਢਲੇ ਦਲਿਤ ਸਾਹਿਤ ਦੀ ਗੱਲ ਕਰਨ ਤੋਂ ਪਹਿਲਾਂ ਮਰਾਠੀ ਦਲਿਤ ਸਾਹਿਤ ਨੂੰ ਸਮਝਣਾ ਜ਼ਰੂਰੀ ਹੈ। ਅੱਜ ਤੋਂ ਤਿੰਨ ਦਹਾਕੇ ਪਹਿਲਾਂ ਜਦੋਂ ਮਰਾਠੀ ਵਿਚ ਦਲਿਤ ਜਾਤੀਆਂ ਵਿਚੋਂ ਲਿਖਣ ਵਾਲੇ ਉੱਠਣ ਲੱਗੇ, ਜਿਨ੍ਹਾਂ ਜਾਤੀਆਂ ਨੂੰ ਭਾਰਤੀ ਸਮਾਜ ਸਦੀਆਂ ਤੋਂ ਪਸ਼ੂ ਵਰਗਾ ਵਰਤਾਓ ਕਰਦਾ ਰਿਹਾ, ਇਨ੍ਹਾਂ ਜਾਤੀਆਂ ਨੇ ਖੁਦ ਨੂੰ ਦਲਿਤ ਐਲਾਨ ਕਰਕੇ ਖੁਦ ਵਲੋਂ ਲਿਖੇ ਜਾਣ ਵਾਲੇ ਸਾਹਿਤ ਨੂੰ 'ਦਲਿਤ ਸਾਹਿਤ' ਕਿਹਾ ਤਾਂ ਦੂਜੇ ਉੱਚ ਵਰਗ ਦੇ ਲਿਖਣ ਵਾਲਿਆਂ ਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ ਕਿ ਇਹ ਕੀ ਹੋਇਆ ਦਲਿਤ ਹੀ ਦਲਿਤ ਸਾਹਿਤ ਲਿਖ ਸਕਦਾ ਹੈ? ਕਰੂਰ ਜ਼ਿੰਦਗੀ ਹੰਢਾ ਕੇ ਆਏ ਦਲਿਤਾਂ ਨੇ ਅਚੰਭਾ ਪੈਦਾ ਕਰਨ ਵਾਲਾ ਅਜਿਹਾ ਸੱਚ ਲਿਖਿਆ ਕਿ ਸਭ ਅਚੰਭਤ ਹੋ ਗਏ ਕਿ ਅਜਿਹਾ ਵੀ ਸਾਹਿਤ ਹੋ ਸਕਦਾ ਹੈ। ਸ਼ਰਣ ਕੁਮਾਰ ਲਿੰਬਾਲੇ, ਦਆ ਪਵਾਰ, ਬਾਬੂ ਰਾਮ ਬਾਗੁਲ, ਲਕਸ਼ਮਣ ਗਾਇਕਵਾੜ ਵਰਗੇ ਲੇਖਕਾਂ ਦੀਆਂ ਲਿਖਤਾਂ ਦਾ ਗੰਭੀਰਤਾ ਨਾਲ ਨੋਟਿਸ ਲਿਆ ਜਾਣ ਲੱਗਾ। ਭਾਰਤੀ ਸਾਹਿਤ ਅਕੈਡਮੀ ਨੂੰ ਇਨ੍ਹਾਂ ਲਿਖਤਾਂ ਨੂੰ ਐਵਾਰਡ ਦੇਣ ਲਈ ਮਜ਼ਬੂਰ ਹੋਣਾ ਪਿਆ। ਪੰਜਾਬੀ ਦਲਿਤ ਸਾਹਿਤ ਨੂੰ ਲੈ ਕੇ .ਗੈਰ ਦਲਿਤਾਂ ਦੇ ਮਨਾਂ 'ਚ ਵੀ ਇਹੋ ਭ੍ਰਤੀਆਂ ਪੈਦਾ ਹੋਣ ਲੱਗੀਆਂ।

ਦਲਿਤ ਚਿੰਤਨ ਤੇ ਸਾਹਿਤ ਦੇ ਦੋ ਪੱਖ ਹਨ ਇਕ ਉਹ ਜਿਨ੍ਹਾਂ ਨੇ ਪੀੜ ਹੰਢਾਈ ਪਰ ਲਿਖੀ ਨਹੀਂ। ਰਾਮਾਇਣ ਕਾਲ ਦਾ ਸੰਭੂਕ ਹੈ ਜਾਂ ਮਹਾਂਭਾਰਤ ਕਾਲ ਦਾ ਏਕਲਵਿਆ ਹੈ। ਸਦੀਆਂ ਬੀਤ ਗਈਆਂ ਇਸ ਪੀੜ ਨੂੰ ਸ਼ਬਦ 'ਚ ਢਾਲਣ ਦਾ ਕੰਮ ਇਸ ਵਰਗ ਵਲੋਂ ਨਹੀਂ ਹੋਇਆ। ਉਸ ਵੇਲੇ ਗੈਰ ਦਲਿਤਾਂ ਨੇ ਕਿੰਨਾ ਕੁ ਇਹਨਾਂ ਦੇ ਦਰਦ ਨੂੰ ਲਿਖਿਆ? ਸਭ ਤੋਂ ਪਹਿਲਾਂ ਦਲਿਤਾਂ ਵੱਲੋਂ ਇਸ ਪੀੜ ਨੂੰ ਲਿਖੇ ਜਾਣ ਦੇ ਸੰਕੇਤ ਤਮਿਲ ਭਾਸ਼ਾ ਦੇ ਅਲਵਰ ਦੇ ਸੰਤਾਂ (8 ਵੀ ਸਦੀਤੋਂ 10 ਵੀਂ ਸਦੀ) 'ਚ ਦਿਸਦਾ ਹੈ। ਫਿਰ ਨਾਮ ਦੇਵ (13 ਵੀਂ ਸਦੀ) ਕਬੀਰ ਤੇ ਰਵਿਦਾਸ (15 ਵੀ ਸਦੀ) ਦੀਆਂ ਰਚਨਾਵਾਂ ਸਾਹਮਣੇ ਆਈਆਂ। ਕਬੀਰ ਤਾਂ ਵਰਣ ਵਿਵਸਥਾ ਨੂੰ ਖੁੱਲ੍ਹੇ ਤੌਰ ਤੇ ਚੈਲਿੰਜ ਕਰਦਾ ਹੈ।

ਅੰਬੇਡਕਰੀ ਵਿਚਾਰਧਾਰਾ ਬਣਨ ਤੋਂ ਬਾਅਦ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਵਿਚ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਦਲਿਤ ਸਾਹਿਤ ਲਿਖਿਆ ਜਾਣ ਲੱਗਾ। ਇਹ ਸਾਹਿਤ ਸਮਾਜਵਾਦੀ ਵਿਚਾਰਧਾਰਾ ਨੂੰ ਪ੍ਰਣਾਏ ਸਾਹਿਤਕਾਰਾਂ ਤੋਂ ਭਿੰਨ ਸੀ। ਇਸ ਵਿਚਾਰਧਾਰਾ ਨੇ ਬੋਧਿਕ ਅਤੇ ਵਿਸ਼ੇਸ਼ ਰੂਪ ਵਿਚ ਚੇਤਨ ਦਲਿਤ ਵਰਗ ਨੂੰ ਵੀ ਦ੍ਰਿਸ਼ਟੀ ਦਿੱਤੀ।

ਪਰ ਇਹ ਵੀ ਜ਼ਰੂਰੀ ਹੈ ਕਿ ਸਾਹਿਤ ਲਈ ਪਹਿਲਾ ਜ਼ਰੂਰੀ ਗੁਣ ਮਨੁੱਖ ਪੱਖੀ ਹੋਣਾ ਹੈ। ਚਾਹੇ ਉਹ ਵਿਚਾਰਧਾਰਾ ਦੇ ਨਾਂ ਉੱਤੇ ਰਚਿਆ ਹੋਵੇ ਜਾਂ ਸੁਤੰਤਰ। ਜੇਕਰ ਵਿਚਾਰਧਾਰਾ ਦੋਸਤੋਵਸਕੀ, ਟਲਸਟਾਏ, ਗੋਰਕੀ ਆਦਿ ਲੇਖਕਾਂ 'ਤੇ ਹਾਵੀ ਹੋ ਜਾਂਦੀ ਤਾਂ ਕੀ ਉਹ ਵੱਡੇ ਸਾਹਿਤਕਾਰ ਨਾ ਬਣ ਸਕਦੇ? ਭਾਵੇਂ ਕਿ ਦੇਰਿਦਾ ਨੇ 1977 ਵਿਚ 'ਵਿਚਾਰਧਾਰਾ ਦੀ ਮੌਤ' ਦੀ ਧਾਰਨਾ ਦਿੱਤੀ ਫਿਰ ਤਾਂ ਵਿਚਾਰਧਾਰਾ ਦਾ ਵਿਰੋਧ ਕਰਨ ਵਾਲਾ ਪੱਛਮੀ ਚਿੰਤਕਾਂ ਦਾ ਤਾਂਤਾ ਲੱਗ ਗਿਆ। ਐਲਵਿਨ ਕਾਰਨੇਵ ਨੇ 1990 ਵਿਚ 'ਸਾਹਿਤ ਦੀ ਮੌਤ' ਦੀ , ਵੇਗਨਰ ਨੇ 'ਰਾਜਨੀਤੀ ਦਾ ਅੰਤ' ਅਤੇ 'ਵਿਦਰੋਹ ਦਾ ਅੰਤ' ਆਦਿ ਧਾਰਨਾਵਾਂ ਦੇ ਦਿੱਤੀਆਂ। ਵਿਕਟਰ ਲਾਰਗਿਨ ਨੇ 'ਆਰਟ ਥਿਊਰੀ ਦਾ ਅੰਤ' ਵੇਗਨਰ ਨੇ 1991 ਵਿਚ 'ਆਧੁਨਿਕਤਾ ਦਾ ਅੰਤ'  ਫੂਕੋਯਾਮਾ ਅਤੇ ਮਿਸ਼ੈਲ ਫੂਕੋ ਨੇ 'ਇਤਿਹਾਸ ਦਾ ਅੰਤ' ਆਦਿ ਆਪਣੀਆਂ ਧਾਰਨਾਵਾਂ ਵਿਚਾਰਧਾਰਾ ਪ੍ਰਤੀ ਦਿੱਤੀਆਂ।

ਦੇਰਿਦਾ, ਫੂਕੋ, ਰੋਲਾਂ ਬਾਰਥ, ਲਿਓਤਾਰ, ਬੈਂਜਾਮਿਨ, ਐਡਵਰਡ ਸਇਅਦ ਨੇ ਜਿਹੜੀਆਂ ਰਚਨਾਵਾਂ ਲਿਖੀਆਂ ਉਨ੍ਹਾਂ ਦਾ ਪ੍ਰਭਾਵ ਕਬੂਲ ਕੇ ਪੰਜਾਬੀ ਸਾਹਿਤ ਦੀ ਆਧੁਨਿਕ ਆਲੋਚਨਾ ਹੋਣ ਲੱਗੀ। ਭਾਰਤੀ ਦਲਿਤ ਸਾਹਿਤ ਨੂੰ ਇਨ੍ਹਾਂ ਰਾਹੀਂ ਸਮਝਿਆ ਜਾਣ ਲੱਗਾ। ਜਿਸ ਕਾਰਨ ਵਿਚਾਰਕ ਦ੍ਰਿਸ਼ਟੀ ਦਾ ਧੁੰਦਲਾਪਨ ਪੈਦਾ ਹੋਇਆ। ਵਿਚਾਰਧਾਰਾ ਨਾਲ ਭਾਵੇਂ ਉੱਤਮ ਕਵਿਤਾ, ਨਾਵਲ ਜਾਂ ਕਹਾਣੀ ਨਾ ਲਿਖੀ ਜਾ ਸਕੇ ਪਰ ਆਲੋਚਨਾ ਦਾ ਨਵਾਂ ਰਾਹ ਜ਼ਰੂਰ ਖੁੱਲ ਜਾਂਦਾ ਹੈ।

**- ਭਗਵੰਤ ਰਸੂਲਪੁਰੀ**

## ਸਵੈ ਕਥਨ / ਮੇਰੀ ਉਰਦੂ ਅਖ਼ਬਾਰ ਨਵੀਸੀ/ ਪ੍ਰੇਮ ਪ੍ਰਕਾਸ਼

***ਪੰਜਾਬੀ ਦੇ ਸਮਰੱਥ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੇ ਦੋ ਢਾਈ ਦਹਾਕੇ ਅਖ਼ਬਾਰ ਵਿਚ ਅਖ਼ਬਾਰ ਨਵੀਸ਼ੀ ਕੀਤੀ। ਉਸ ਕੋਲ ਇਸ ਕਿੱਤੇ ਦੇ ਬਹੁਤ ਸਾਰੇ ਲੁਕਵੇਂ ਭੇਤ ਸਨ। ਜਿਨ੍ਹਾਂ ਭੇਤਾਂ ਨੂੰ ਜਗ ਜਾਹਰ ਉਸ ਨੇ ਆਪਣੀ ਛਪ ਰਹੀ ਕਿਤਾਬ 'ਮੇਰੀ ਉਰਦੂ ਅਖ਼ਬਾਰ ਨਵੀਸੀ' ਵਿਚ ਕੀਤਾ ਹੈ। ਉਸ ਦੇ ਕੁਝ ਟੁਕੜੇ ਅਸੀਂ 'ਕਹਾਣੀ ਧਾਰਾ' ਦੇ ਪਾਠਕਾਂ ਨੂੰ ਪੜ੍ਹਨ ਲਈ ਦੇ ਰਹੇ ਹਾਂ-ਸੰਪ.***

### ਨਵੀਂ ਸਵਾਰੀ ਨੇ ਸੀਟ ਬਣਾਈ

ਨਵੇਂ ਇਦਾਰੇ 'ਚ ਜਾ ਕੇ ਬਿਲਕੁਲ ਉਹੀ ਹਾਲਤ ਹੁੰਦੀ ਏ, ਜਿਹੜੀ ਟਰੇਨ ਦੇ ਭਰੇ ਡੱਬੇ 'ਚ ਚੜ੍ਹਨ ਵਾਲੀ ਨਵੀਂ ਸਵਾਰੀ ਦੀ ਹੁੰਦੀ ਏ। ਤੁਹਾਡੇ ਜਾਂਦਿਆਂ ਈ ਤੁਹਾਡੀ ਦਿੱਖ ਤੇ ਸਿਹਤ ਨੂੰ ਪਰਖਿਆ ਜਾਂਦਾ ਏ। ਫੇਰ ਤੁਹਾਡੇ ਬਾਰੇ ਗੱਲਾਂ ਸ਼ੁਰੂ ਹੁੰਦੀਆਂ ਨੇ, ਜਿਵੇਂ ਮੇਰੇ ਹਿੰਦ ਸਮਾਚਾਰ 'ਚ ਜਾਣ 'ਤੇ ਹੋਈਆਂ। .. "ਕੌਣ ਏ ਇਹ ਨਵੀਂ ਜਿਣਸ?"..."ਆ ਗਈ ਮਿਲਾਪ ਦੀ ਜੂਠ!" .." ਮੈਨੂੰ ਤਾਂ ਸਬਜ਼-ਕਦਮਾ ਲੱਗਦਾ ਏ।".. 'ਸਬਜ਼-ਕਦਮਾ' ਉਹਨੂੰ ਕਹਿੰਦੇ ਸੀ, ਜੀਹਦੇ ਕੰਮ ਕਰਨ 'ਤੇ ਓਸ ਅਖ਼ਬਾਰ ਦਾ ਭੱਠਾ ਬਹਿ ਜਾਵੇ। ਕਦੇ ਆਖਦੇ, "ਇਹ ਤਾਂ ਬੰਦਾ ਈ ਬੇਸ਼-ਕੀਮਤ ਏ।"... ਇਹਦਾ ਮਤਲਬ ਇਹ ਕਿ ਇਹ ਬੰਦਾ ਤਾਂ ਬੜਾ ਮੁੱਲਵਾਨ ਏ। ਜੇ ਕਿਸੇ ਅਖ਼ਬਾਰ ਦਾ ਭੱਠਾ ਬਹਾਣਾ ਹੋਵੇ ਤਾਂ ਇਹਨੂੰ ਉਥੇ ਭੇਜ ਦਿਓ। ਇਹ ਸਾਰੇ ਅਖ਼ਬਾਰ ਨੂੰ ਲੈ ਬੈਠੇਗਾ। ... ਮੈਨੂੰ ਵੀ ਇਹ ਗੱਲਾਂ ਸੁਣਨੀਆਂ ਪਈਆਂ। ਫੇਰ ਕੋਈ ਜਣਾ ਮੇਰੇ ਹੱਕ 'ਚ ਬੋਲਦਾ ਕਹਿੰਦਾ,"ਨਾ ਵਈ, ਇਹ ਭੰਡਾਰੀ ਸਾਹਿਬ ਦਾ ਭਣੇਵਾ ਏ।".. ਉਥੇ ਮੇਰੇ ਮਾਮਾ ਜੀ ਜਨਾਬ ਹਰਬੰਸ ਲਾਲ ਭੰਡਾਰੀ ਕਾਤਿਬ ਸਨ, ਜਿਹੜੇ ਪਹਿਲੇ ਪੂਰ 'ਚ ਮਿਲਾਪ ਤੋਂ ਆ ਗਏ ਸਨ। ਕਿਸੇ ਜ਼ਮਾਨੇ 'ਚ ਮੇਰੇ ਇਕ ਹੋਰ ਮਾਮਾ ਜੀ 'ਸ਼ੌਕ ਸਾਹਿਬ' ਲਾਲਾ ਜੀ ਦੇ ਘਰ ਵਿਚ ਹੀ ਰਹਿੰਦੇ ਸਨ। ਉਹਨਾਂ ਦਾ ਵਿਆਹ ਲਾਲਾ ਜੀ ਦੀ ਰਿਸ਼ਤੇਦਾਰ ਜਨਾਨੀ ਨਾਲ ਹੋਇਆ ਸੀ। ਸਾਡੀ ਉਹ ਮਾਮੀ ਫੂਲਾਂ ਬਟਾਲੇ ਕੋਲ ਦੇ ਇਕ ਪਿੰਡ 'ਚ ਟੀਚਰ ਲੱਗੀ ਹੋਈ ਸੀ। ਮਾਮਾ ਜੀ ਸੁਤੰਤਰਤਾ ਸੈਨਾਨੀ ਤੇ ਅਖ਼ਬਾਰੀ ਸ਼ਾਇਰ ਸਨ।

ਮੇਰੇ ਵਿਰੋਧ 'ਚ ਇਹ ਅਵਾਜ਼ਾਂ ਕਾਤਿਬਾਂ ਦੀਆਂ ਸਨ। ਜਿਹੜੇ ਲਾਲਾ ਜੀ ਦੇ ਮੁਹੱਲੇ ਪੱਕੇ ਬਾਗ 'ਚ ਰਹਿੰਦੇ ਸਨ। ਇਹ ਲੱਗਭਗ ਸਾਰੇ ਪਾਕਿਸਤਾਨ ਤੋਂ ਆਏ ਸਨ। ਦੋ ਜਣੇ ਤਾਂ ਲਾਲਾ ਜੀ ਦੇ ਪਿਛਲੇ ਪਿੰਡ ਵਜ਼ੀਰਾਬਾਦ ਤੋਂ ਆਏ ਸਨ। ਉਹ ਸਭ ਮਾਲਕਾਂ ਦੇ ਸਿਰ-ਚੜ੍ਹੇ ਸਨ। ਮੈਨੂੰ ਇਹਦਾ ਪਹਿਲਾਂ ਈ ਪਤਾ ਸੀ। ਪਰ ਐਡੀਟਰ ਸਾਹਿਬਾਨ ਪਿਆਰ ਨਾਲ ਮਿਲੇ। ਉਹਨਾਂ ਦਾ ਇੰਚਾਰਜ ਮੇਰੇ ਮਿਲਾਪ ਦੇ ਸਾਥੀ ਸੂਦ ਸਾਹਿਬ ਸਨ। ਨਿਊਜ਼ ਡੈਸਕ 'ਤੇ ਸਾਰੇ 'ਗੁਰਗੇ ਬਾਰਾਂ ਦੀਦਾ' (ਜਿਹੜੇ ਬਘਿਆੜਾਂ ਨੇ ਕਈ ਬਰਸਾਤਾਂ ਹੰਢਾਈਆਂ ਹੋਣ) ਬੈਠੇ ਸਨ। ਮੈਂ ਕੰਮ ਕਰਨ ਲੱਗਿਆ ਤਾਂ ਸੂਦ ਸਾਹਿਬ ਮੇਰੀ ਮਦਦ ਕਰਦੇ ਰਹੇ।

ਹਰੇਕ ਅਖ਼ਬਾਰ ਦੀ ਆਪਣੀ ਪਾਲੀਸੀ ਤੇ ਸਟਾਈਲ ਹੁੰਦਾ ਏ। ਜਿਸ 'ਚ ਢਲਣ ਲਈ ਐਡੀਟਰ ਨੂੰ ਕੁਝ ਦਿਨ ਲੱਗਦੇ ਨੇ। ਮੈਨੂੰ ਖ਼ਬਰ ਸੁੰਘਣੀ ਤੇ ਬਣਾਓਣੀ ਆਉਂਦੀ ਸੀ। ਮੈਂ ਵੀ ਐਸ਼ ਸਾਹਿਬ ਦਾ ਚੰਡਿਆ ਹੋਇਆ ਸੀ। ਪਰ ਤੇਜ਼ ਲਿਖਣ ਕਰ ਕੇ ਕਾਤਿਬਾਂ ਨੂੰ ਮੇਰੀ ਲਿਖਤ ਸਮਝ 'ਚ ਨਹੀਂ ਸੀ ਆਉਂਦੀ। ਉਹ ਵਾਰ-ਵਾਰ ਪੁੱਛਦੇ। ਕਈ ਜਾਣ ਕੇ ਤੰਗ ਕਰਦੇ। ਮੈਨੂੰ ਟੈਨਸ਼ਨ ਮਹਿਸੂਸ ਹੋਣ ਲੱਗ ਪੈਂਦੀ। ਕਈ 'ਖੰਨਵੀ ਸਾਹਿਬ' ਕਹਿੰਦੇ-ਕਹਿੰਦੇ ਰੁੱਖੇ ਲਹਿਜੇ 'ਚ ਸਿਰਫ 'ਖੰਨਵੀ' ਕਹਿ ਕੇ ਵਾਜ ਮਾਰਦੇ। ਜਾਂ ਆਖਦੇ,"ਇਹ ਕੀਹਨੇ ਪੈਰਾਂ ਨਾਲ ਲਿਖ ਮਾਰਿਆ ਜੇ?".. ਮੈਨੂੰ ਗੁੱਸਾ ਪੀਣਾ ਪੈਂਦਾ।

### ਮੇਰੇ ਇਮਤਿਹਾਨ ਦਾ ਹਫਤਾ

ਦੋ ਦਿਨਾਂ ਬਾਅਦ ਮਾਲਕਾਂ ਨੇ ਜਿਵੇਂ ਮੇਰਾ ਇਮਤਿਹਾਨ ਲੈਣਾ ਹੋਵੇ, ਮੇਰੀ ਡਿਊਟੀ ਸਾਰੇ ਕੰਮਾਂ 'ਤੇ ਘੁੰਮਾ ਦਿੱਤੀ। ਤੀਜੇ ਦਿਨ ਮੈਨੂੰ ਅੰਦਰਲੇ ਦੋ ਸਫਿਆਂ ਦਾ ਕੰਮ ਕੱਲੇ ਨੂੰ ਕਰਨ ਦੀ ਡਿਊਟੀ 'ਤੇ ਲਾ ਦਿੱਤਾ। ਸਵੇਰ ਨੂੰ ਮੈਂ ਅੱਧਾ ਘੰਟਾ ਪਹਿਲਾਂ ਆ ਗਿਆ। ਚੀਫ-ਸਬ ਦੇਵਗਣ ਵੀ ਇਕ ਘੰਟਾ ਪਹਿਲਾਂ ਆ



ਜਾਇਆ ਕਰਦਾ ਸੀ। ਉਹ ਮੈਨੂੰ ਜਾਚ ਦੱਸਦਾ ਡਾਕ ਖੋਲ੍ਹਣ ਲੱਗ ਪਿਆ। ਮੈਂ ਡਾਕ ਦੀਆਂ ਫਟਾ ਫਟ ਖ਼ਬਰਾਂ ਬਣਾ ਲਈਆਂ। ਦੇਵਗਣ ਨੇ ਏਜੰਸੀ ਦੀਆਂ ਤੇ ਰਾਤ ਦੀਆਂ ਖ਼ਬਰਾਂ ਛਾਂਟ ਕੇ ਮੇਰੇ ਅੱਗੇ ਰੱਖ ਦਿੱਤੀਆਂ। ਮੇਰੇ ਪਸੀਨੇ ਛੁੱਟ ਗਏ। ਮੈਂ ਕੁਝ ਖ਼ਬਰਾਂ ਈ ਬਣਾਈਆਂ ਸਨ ਕਿ ਕਾਤਿਬ ਆ ਕੇ ਬਸਤੇ ਖੋਲ੍ਹਣ ਲੱਗ ਪਏ। ਫੇਰ ਉਹਨਾਂ ਖ਼ਬਰਾਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਦੋ ਜਣਿਆਂ ਨੂੰ ਡਾਕ ਵਾਲੀਆਂ ਖ਼ਬਰਾਂ ਦੇ ਦਿੱਤੀਆਂ ਤਾਂ ਤੀਜਾ ਆ ਗਿਆ। ਅਸਲ 'ਚ ਕਾਤਿਬਾਂ ਦੀ ਕਾਰਗੁਜ਼ਾਰੀ (ਕੰਮ ਦੀ ਮਿਣਤੀ) ਬੱਝੀ ਹੋਈ ਸੀ। ਹਰੇਕ ਚਾਹੁੰਦਾ ਸੀ ਕਿ ਉਹਦਾ ਕੰਮ ਮੁੱਕੇ ਤਾਂ ਕੁਝ ਇੰਚਾਂ ਦਾ ਕੰਮ ਵਧ ਜਾਵੇ, ਜਿਹੜਾ ਓਵਰਟਾਈਮ 'ਚ ਗਿਣਿਆ ਜਾਵੇ। ਮੈਂ ਆਪਣੇ ਪੂਰੇ ਤਾਣ ਨਾਲ ਤਿੰਨਾਂ ਦਾ ਘਰ ਪੂਰਾ ਕਰਦਾ ਰਿਹਾ।

ਚਾਰ ਕੁ ਘੰਟਿਆਂ ਬਾਅਦ ਮੈਨੂੰ ਗਿਣਤੀ ਮਿਣਤੀ ਦੇ ਇੰਚਾਰਜ ਕਾਤਿਬ ਕ੍ਰਿਸ਼ਨ ਲਾਲ ਸ਼ਰਮਾ ਨੇ ਮਿਣਤੀ ਕਰ ਕੇ ਦੱਸਿਆ ਕਿ ਦੋ ਸਫਿਆਂ ਦਾ ਮੈਟਰ ਹੋ ਗਿਆ ਏ। ਦੋ ਤਿੰਨ ਫੋਟੋਆਂ ਲਾ ਦੇਣੀਆਂ। ਹੁਣ ਸਿੰਗਲਾਂ ਖ਼ਬਰਾਂ ਈ ਦੇਣੀਆਂ ਤੇ ਕੋਈ ਹੈਡ ਲਾਈਨ ਬਣਾ ਕੇ ਮੈਨੂੰ ਦੇ ਦੇਣੀ ਏ। ... ਇਹ ਕਾਤਿਬ ਸਭ ਤੋਂ ਵੱਧ ਵਿਗੜਿਆ ਹੋਇਆ ਤੇ ਮੂੰਹ-ਫਟ ਸੀ। ਬਹੁਤੇ ਐਡੀਟਰ ਵੀ ਉਹਦੇ ਕੋਲੋਂ ਡਰਦੇ ਸਨ। ਉਹ ਮਾਲਕਾਂ ਦਾ ਮੁਖ਼ਬਰ ਵੀ ਸੀ। ਪਰ ਓਦਣ ਮੇਰੀ ਮਦਦ ਕਰ ਰਿਹਾ ਸੀ। ਪਰ ਚੋਰ ਅੱਖ ਨਾਲ ਦੇਖ ਲੈਂਦਾ ਸੀ ਕਿ ਖੰਨਵੀ ਨੇ ਕਾਪੀ ਜੋੜਨ ਵੇਲੇ ਫਸ ਜਾਣਾ ਏ। ਪਰ ਜਦ ਮੈਂ ਵੱਡੀ ਸੁਰਖੀ ਤੇ ਫੋਟੋਆਂ ਦੀਆਂ ਕੈਪਸ਼ਨਾਂ ਲਿਖਵਾ ਲਈਆਂ ਤਾਂ ਮੈਂ ਕਾਪੀ ਜੋੜਨ ਲੱਗ ਪਿਆ। ਮੈਨੂੰ ਇਹ ਸਾਰਾ ਕੰਮ ਐਸ਼ ਸਾਹਿਬ ਦਾ ਸਿਖਾਇਆ ਹੋਇਆ ਸੀ। ਮੈਂ ਪੂਰੇ ਇਕ ਘੰਟੇ 'ਚ ਦੋਹਾਂ ਸਫਿਆਂ ਦੀ ਕਾਪੀ ਜੋੜ ਕੇ ਦੇਵਗਣ ਨੂੰ ਵਿਖਾਈ ਤਾਂ ਉਹ ਹੈਰਾਨ ਹੋ ਗਿਆ ਕਿ ਖ਼ਬਰਾਂ ਏਨੀਆਂ ਸਿੱਧੀਆਂ ਕਿਵੇਂ ਜੋੜ ਲਈਆਂ। ਮੇਰੇ ਕੰਮ ਦਾ ਹਾਲੇ ਅੱਧਾ ਘੰਟਾ ਪਿਆ ਸੀ। ਮੈਂ ਕਾਪੀ ਚੁੱਕ ਕੇ ਰਮੇਸ਼ ਜੀ ਨੂੰ ਵਿਖਾਣ ਚਲਿਆ ਗਿਆ। ਉਹ ਆਮ ਵਾਂਗੂੰ ਪਜਾਮੇ ਦੀ ਖਿਸਕਤ ਦੇ ਅਗਲੇ ਹਿੱਸੇ 'ਚ ਖਾਜ ਕਰਦੇ ਗਲਤੀ ਲੱਭਦੇ ਰਹੇ। ਉਹਨਾਂ ਨੂੰ ਕੁਝ ਗਲਤੀਆਂ ਕਾਤਿਬਾਂ ਦੀਆਂ ਲੱਭੀਆਂ ਤੇ ਮੈਨੂੰ ਕਹਿੰਦੇ,"ਇਹਨਾਂ ਨੂੰ ਠੀਕ ਕਰਾ ਲਓ। ਨਾਲੇ ਇਹ ਵੱਡੀ ਸੁਰਖੀ ਪੰਜਾਬ ਦੀ ਕੱਢਿਆ ਕਰੋ। ਹਿਮਾਚਲ 'ਚ ਹਾਲੇ ਸਾਡੀ ਏਨੀ ਰੀਡਰਸ਼ਿਪ ਹੈ ਨਹੀਂ।"

ਮੈਂ 'ਅੱਛਾ ਜੀ' ਕਹਿ ਕੇ ਖ਼ਬਰਾਂ ਦੀਆਂ ਗਲਤੀਆਂ ਲਵਾ ਕੇ ਚਪੜਾਸੀ ਨੂੰ ਕਾਪੀ ਫੜਾ ਕੇ ਸਾਰੀ ਰਾਤ ਦਾ ਬੋਝ ਲਾਹ ਕੇ ਮਸਾਂ ਵਿਹਲਾ ਹੋ ਕੇ ਘਰ ਨੂੰ ਜਾਣ ਲੱਗਿਆ ਤਾਂ ਦੇਵਗਣ ਨੇ ਰਮੇਸ਼ ਜੀ ਦਾ ਸੁਨੇਹਾ ਸੁਣਾ ਦਿੱਤਾ,"ਖੰਨਵੀ ਸਾਹਿਬ, ਕਲ੍ਹ ਰਾਤ ਦੀ ਡਿਊਟੀ 'ਤੇ ਆਓਣਾ ਈ। ਮਹਿਤਾ ਛੁੱਟੀ 'ਤੇ ਚਲਿਆ ਗਿਆ ਏ।"

ਸੁਣ ਕੇ ਮੇਰੇ ਸਿਰ 'ਤੇ ਪਹਿਲਾਂ ਨਾਲੋਂ ਵੱਡਾ ਪਹਾੜ ਆ ਪਿਆ। ਮੇਰਾ ਸਿੱਧਾ ਡਰ ਤਾਂ ਇਹ ਸੀ ਕਿ ਮਿਲਾਪ 'ਚ ਤਾਂ ਇੱਕੋ ਵਾਰੀ ਸਟੌਪ ਪ੍ਰੈਸ ਲੱਗਦਾ ਸੀ। ਪਰ ਏਥੇ ਤਾਂ ਘੱਟੋ ਘੱਟ ਤਿੰਨ ਲੱਗਦੇ ਨੇ। ਲੋੜ ਪਵੇ ਤਾਂ ਲੋਕਲ ਵਾਸਤੇ ਚੌਥਾ ਵੀ ਲਾਓਣਾ ਪੈ ਜਾਂਦਾ ਏ। ਫੇਰ ਏਥੇ ਕੁਝ ਫੋਟੋਆਂ ਰਾਤ ਨੂੰ ਦਿੱਲੀ ਤੋਂ ਆਉਂਦੀਆਂ ਨੇ। ਉਹ ਵੀ ਐਡਜਸਟ ਕਰਨੀਆਂ ਪੈਂਦੀਆਂ ਨੇ। ਜਦ ਨੂੰ ਸੂਦ ਸਾਹਿਬ ਆਏ ਤਾਂ ਮੈਂ ਫਰਿਆਦੀ ਬਣ ਕੇ ਉਹਨਾਂ ਦੇ ਸਾਹਮਣੇ ਖਲੋ ਗਿਆ," ਹਾਲੇ ਤਾਂ ਮੈਨੂੰ ਪੰਜ ਦਿਨ ਹੀ ਹੋਏ ਨੇ ਆਏ ਨੂੰ, ਮੈਨੂੰ ਰਾਤ ਦੇ ਕੰਮ ਦਾ ਕੀ ਪਤਾ। ਏਥੇ ਤਾਂ ਕਈ ਐਡੀਸ਼ਨ ਨਿੱਕਲਦੇ ਨੇ।"

ਉਹਨਾਂ ਨੇ ਮੇਰੇ ਨਾਲ ਕੁਝ ਚਿਰ ਰਹਿ ਕੇ ਕੰਮ ਕਰਨ ਦਾ ਯਕੀਨ ਦਿਵਾਇਆ। ਪਰ ਰਾਤ ਨੂੰ ਮੈਨੂੰ ਨੀਂਦ ਅੱਧੀ ਆਈ। ਦਿਨ ਭਰ ਦੀ ਸੋਚ ਤੋਂ ਬਾਅਦ ਸ਼ਾਮ ਨੂੰ ਮੈਂ ਸਾਇਕਲ ਚਲਾਉਂਦਾ ਏਸ ਤਰਾਂ ਜਾ ਰਿਹਾ ਸੀ, ਜਿਵੇਂ ਸਿਪਾਹੀ ਮੁਹਾਜ਼ 'ਤੇ ਜਾ ਰਿਹਾ ਹੋਵੇ। ਰੋਟੀ ਦਾ ਟਿਫਨ ਮੈਨੂੰ ਵਾਧੂ ਜਿਹਾ ਲੱਗ ਰਿਹਾ ਸੀ।

ਦੋ ਢਾਈ ਘੰਟਿਆਂ ਬਾਅਦ ਜਦ ਪਹਿਲੀ ਕਾਪੀ ਪ੍ਰੈਸ ਨੂੰ ਚਲੀ ਗਈ ਤਾਂ ਸੂਦ ਸਾਹਿਬ ਨੇ ਆਖਰੀ ਵਾਰ ਏਜੰਸੀਆਂ ਦੀਆਂ ਖ਼ਬਰਾਂ ਦੇ ਰੋਲ ਲਿਆਂਦੇ। ਛਾਂਟ ਕੇ ਕੁਝ ਚੰਗੀਆਂ ਖ਼ਬਰਾਂ ਜਾਂ ਸਟੋਰੀਆਂ ਕੱਢ ਲਈਆਂ। ਫੇਰ ਆਪਣੇ ਬਚੇ ਥੱਬੇ ਦੀਆਂ ਖ਼ਬਰਾਂ ਛੋਟੀ-ਛੋਟੀ ਸੰਖੇਪ ਕਰ ਕੇ ਮੈਨੂੰ ਫੜਾ ਦਿੱਤੀਆਂ। ਇੰਜ ਕਰ ਕੇ ਉਹਨੇ ਮੇਰੀ ਸਹਾਇਤਾ ਕੀ ਕੀਤੀ, ਦਿਨ ਭਰ ਦੀਆਂ ਬਚੀਆਂ ਖ਼ਬਰਾਂ ਨਾ ਲੱਗਣ ਦੀ ਜਵਾਬਦੇਹੀ

ਤੋਂ ਬਚਣ ਲਈ ਮੇਰੇ ਗਲ਼ ਪਾ ਦਿੱਤੀਆਂ। ਪਹਿਲੀ ਕਾਪੀ ਮੁੜ ਕੇ ਆਈ ਤਾਂ ਮੈਂ ਸਾਰੇ ਸਫਿਆਂ ਦੀਆਂ ਤਿੰਨ ਸੌ ਖ਼ਬਰਾਂ ਪੜ੍ਹ ਕੇ ਯਾਦ ਕੀਤੀਆਂ। ਉਹ ਖ਼ਬਰਾਂ ਲੱਭੀਆਂ, ਜਿਹੜੀਆਂ ਦੂਜੇ ਐਡੀਸ਼ਨ ਵੇਲੇ ਕੱਢੀਆਂ ਜਾ ਸਕਦੀਆਂ ਸਨ। ਜਿਨ੍ਹਾਂ ਵਿਚ ਹਰਿਆਣਾ ਤੇ ਬਠਿੰਡੇ ਦੇ ਇਲਾਕੇ ਦੀਆਂ ਖ਼ਬਰਾਂ ਦੇਖੀਆਂ, ਜਿਨ੍ਹਾਂ ਦੀ ਥਾਂ ਨਵੀਆਂ ਲਾਉਣੀਆਂ ਸਨ। ਕਾਤਿਬ ਨੇ ਮੈਨੂੰ ਸੁਝਾਅ ਦਿੱਤਾ ਕਿ ਤੁਸੀਂ ਥਾਂ ਦੱਸ ਦਿਓ, ਅਸੀਂ ਪੂਰੀ ਲਿਖ ਦੇਂਦੇ ਹਾਂ। ਮੈਂ ਕਿਹਾ,''ਨਹੀਂ, ਮੈਂ ਆਪੇ ਸੈੱਟ ਕਰ ਦਿਆਂਗਾ। ਕਿਤੇ ਸਤਰ ਘਟਾਉਣੀ ਵਧਾਉਣੀ ਪੈ ਜਾਂਦੀ ਏ।''

ਸਵੇਰੇ ਮਾਲਕਾਂ ਤੇ ਐਡੀਟਰਾਂ ਨੇ ਮੇਰੀਆਂ ਗਲਤੀਆਂ ਫੜੀਆਂ ਤਾਂ ਇਕ ਦੋ ਸਿੰਗਲਾਂ ਦੋਹਰੀਆਂ ਲੱਗੀਆਂ ਹੋਈਆਂ ਮਿਲੀਆਂ। ਇਕ ਦੋ ਲਫ਼ਜ਼ ਗਲਤ ਛਪੇ ਸਨ। ਰਮੇਸ਼ ਜੀ ਨੇ ਪਹਿਲਾਂ ਦੇਵਗਣ ਤੋਂ ਮੇਰੇ ਕੰਮ ਬਾਰੇ ਰਿਪੋਰਟ ਲਈ ਫੇਰ ਮੈਨੂੰ ਬੁਲਾ ਕੇ ਕਿਹਾ ਕਿ ਲਿਖੀ ਖ਼ਬਰਾਂ 'ਤੇ ਨਜ਼ਰ ਮਾਰ ਲਿਆ ਕਰੋ, ਕਾਤਿਬ ਗਲਤੀਆਂ ਕਰ ਜਾਂਦੇ ਨੇ। ... ਉਹਨਾਂ ਦੀ ਗੱਲ ਠੀਕ ਸੀ। ਮੈਂ ਜਦ ਕਦੇ ਆਪ ਨੀਝ ਨਾਲ ਪੜ੍ਹਦਾ ਤਾਂ ਦੇਖ ਕੇ ਹੈਰਾਨ ਹੋ ਜਾਂਦਾ ਕਿ ਕਾਤਿਬ ਸਾਹਿਬ ਨੇ ਕਮਾਰ ਬਾਜ਼ੀ (ਜੂਏ ਬਾਜ਼ੀ) ਦੀ ਥਾਂ ਲੌਂਡੇ ਬਾਜ਼ੀ ਲਿਖ ਦਿੱਤਾ ਏ। ਜੈ ਪ੍ਰਕਾਸ਼ ਨਾਰਾਇਣ ਦੇ ਨਾਲ ਲੱਗੇ 'ਲੋਕ ਨਾਇਕ' ਨੂੰ 'ਲੋਕ ਨਾਟਕ' ਲਿਖ ਦਿੱਤਾ ਏ। ਉਰਦੂ 'ਚ ਇਹ ਦੋਵੇਂ ਲਫ਼ਜ਼ ਇਕੋ ਤਰ੍ਹਾਂ ਲਿਖੇ ਜਾਂਦੇ ਨੇ। ਇਵੇਂ ਕਈ ਵਾਰ ਕਾਤਿਬ 'ਕਲਗੀਧਰ' ਨੂੰ 'ਕੁਲਫ਼ੀਧਰ' ਲਿਖ ਦੇਂਦੇ। ਉਰਦੂ 'ਚ ਫ਼ ਤੇ ਗ਼ ਵਿਚਕਾਰ ਮਾਮੂਲੀ ਜਿਹਾ ਫਰਕ ਏ। ਕਾਤਿਬ ਕਾਹਲ 'ਚ ਵੀ ਲਿਖਦੇ ਸਨ, ਕਿਉਂਕਿ ਉਹਨਾਂ ਲਈ ਕਾਗ਼ਜ਼ ਦੀ ਖਾਸ ਮਿਣਤੀ 'ਤੇ ਲਿਖਣਾ ਜ਼ਰੂਰੀ ਸੀ। ਜਿਹੜੇ ਤੇਜ਼ ਲਿਖਦੇ ਸੀ, ਉਹਨਾਂ ਨੂੰ ਵਾਧੂ ਲਿਖਣ ਦੇ ਪੈਸੇ ਵੀ ਮਿਲਦੇ ਸਨ। ਗਲਤੀਆਂ ਲਈ ਉਹ ਐਡੀਟਰਾਂ ਦੀ ਕਾਹਲ ਨੂੰ ਕਸੂਰਵਾਰ ਗਿਣਦੇ ਤੇ ਐਡੀਟਰ ਕਾਤਿਬਾਂ ਦੀ ਕਾਹਲ ਨੂੰ। ਅਸਲ 'ਚ ਅਖ਼ਬਾਰਾਂ 'ਚ, ਖਾਸ ਕਰ ਕੇ 'ਹਿੰਦ ਸਮਾਚਾਰ' 'ਚ ਕੰਮ ਦੀ ਮਾਰੋ ਮਾਰ ਪਈ ਰਹਿੰਦੀ ਸੀ। ਜਲੰਧਰ 'ਚ ਇਹ ਗੱਲ ਮਸ਼ਹੂਰ ਸੀ ਕਿ ਜਿਹੜਾ ਬੰਦਾ ਹਿੰਦ ਸਮਾਚਾਰ 'ਚ ਚਾਰ ਪੰਜ ਸਾਲ ਲਾ ਲਵੇ, ਉਹ ਹੋਰ ਕਿਤੇ ਮਾਰ ਨਹੀਂ ਖਾ ਸਕਦਾ। ਸੋ ਮੈਂ ਆਪਣਾ ਕੰਮ ਦਿਖਾ ਕੇ ਪਾਸ ਹੋ ਗਿਆ ਸੀ। ਪਰ ਹਾਲੇ ਮਾਹਿਰ ਹੋਣ ਲਈ ਵਕਤ ਲੱਗਣਾ ਸੀ।

ਹਿੰਦ ਸਮਾਚਾਰ 'ਚ ਉਹਨਾਂ ਦਿਨਾਂ 'ਚ ਕੁਝ ਕੰਮ ਵੀ ਵੱਧ ਹੁੰਦਾ ਸੀ, ਕਿਉਂਕਿ ਅਖ਼ਬਾਰ ਦੀ ਛਪਣ-ਗਿਣਤੀ ਵਧਣ ਨਾਲ ਸਫਿਆਂ ਦੀ ਗਿਣਤੀ ਵਧਦੀ ਸੀ। ਖ਼ਬਰਾਂ ਲਿਖਣ ਲਈ ਵੱਧ ਕਾਤਿਬਾਂ ਦੀ ਲੋੜ ਪੈਂਦੀ ਸੀ। ਕੁਝ ਕਾਤਿਬ ਸਾਧੂ ਸਿੰਘ ਹਮਦਰ ਵੱਲੋਂ 'ਉਰਦੂ ਅਜੀਤ' ਕੱਢਣ ਕਰ ਕੇ ਉੱਡ ਗਏ ਸਨ।ਉਹਨਾਂ ਦੀ ਥਾਂ ਭਰਨ ਲਈ ਮਾਲਕਾਂ ਨੇ ਦੋ ਕਾਤਿਬ ਦਿੱਲੀ ਤੇ ਤਿੰਨ ਦੇਵਬੰਦ ਤੋਂ ਲੈ ਆਂਦੇ ਸੀ। ਜਿਨ੍ਹਾਂ 'ਚੋਂ ਦੋ ਉਰਦੂ ਦੇ ਏਨੇ ਮਾਹਿਰ ਸਨ ਕਿ ਐਡੀਟਰਾਂ ਦੀਆਂ ਜ਼ਬਾਨ ਦੀਆਂ ਗਲਤੀਆਂ ਫੜ ਲੈਂਦੇ ਸੀ। ਮੈਂ ਉਹਨਾਂ ਕੋਲੋਂ ਉਰਦੂ ਜ਼ਬਾਨ ਦਾ ਇਮਲਾ ਮਤਲਬ ਸ਼ਬਦ ਜੋੜ ਤੇ ਬਰੀਕੀਆਂ ਸਿੱਖੀਆਂ। ਪਰ ਕਦੇ ਮੁਸ਼ਕਿਲ ਇਹ ਬਣ ਜਾਂਦੀ ਸੀ ਕਿ ਪੰਜਾਬ 'ਚ ਜਿਹੜਾ ਸ਼ਬਦ ਅਸੀਂ ਪੁਲਿੰਗ ਲਿਖਦੇ ਸੀ, ਉਹ ਦਿੱਲੀ ਜਾ ਕੇ ਇਸਤਰੀ ਲਿੰਗ ਬਣ ਜਾਂਦਾ ਸੀ। ਫੇਰ ਜਦ ਉਹ ਲਖਨਊ ਜਾਂਦਾ ਤਾਂ ਉਹਦਾ ਬਹੁਤ ਕੁਝ ਹੋਰ ਬਦਲ ਜਾਂਦਾ।

ਇਕ ਮੁਸ਼ਕਿਲ ਇਹ ਬਣੀ ਕਿ ਅਸੀਂ ਅਖ਼ਬਾਰ ਦੀ ਜ਼ਬਾਨ ਨੂੰ ਪੰਜਾਬੀ ਰੰਗ ਦੇਂਦੇ ਹੋਏ ਕਦੇ ਉੱਕਾ ਈ ਪੰਜਾਬੀ ਸ਼ਬਦ ਜਾਂ ਮੁਹਾਵਰਾ ਲਿਖ ਦੇਂਦੇ ਸੀ। ਇਹ ਪੂਰਬੀਆਂ ਲਈ ਤੰਗੀ ਵਾਲੀ ਗੱਲ ਬਣ ਜਾਂਦੀ ਸੀ। ਫੇਰ ਉਹ ਵੀ ਪੰਜਾਬੀ ਦੀਆਂ ਰਮਜ਼ਾਂ ਸਮਝਣ ਲੱਗ ਪਏ ਸਨ।

## ਪਹਿਲੇ ਦਿਨ ਬਿੱਲੀ ਮਾਰੀ

ਇਕ ਹਫਤੇ ਬਾਅਦ ਈ ਮੈਨੂੰ ਅਹਿਸਾਸ ਹੋਣ ਲੱਗ ਪਿਆ ਕਿ ਇਥੇ ਪੱਕੇ ਬਾਗ ਦੇ ਰਹਿਣ ਵਾਲੇ ਕਾਤਿਬ ਮਾਲਕਾਂ ਤੇ ਸਾਥੀ ਵਰਕਰਾਂ ਦੇ ਸਿਰ 'ਤੇ ਚੜ੍ਹੇ ਹੋਏ ਨੇ। ਜਿਨ੍ਹਾਂ 'ਚੋਂ ਕ੍ਰਿਸ਼ਨ ਲਾਲ ਸਭ ਤੋਂ ਵੱਧ ਮੂੰਹ-ਫਟ ਸੀ। ਏਸੇ ਲਈ ਮਾਲਕਾਂ ਨੇ ਉਹਨੂੰ ਕਾਤਿਬਾਂ ਦੀ ਲਿਖਤ ਦੀ ਗਿਣਤੀ ਮਿਣਤੀ ਦਾ ਇੰਚਾਰਜ ਬਣਾਇਆ ਹੋਇਆ ਸੀ। ਉਹ ਕਾਤਿਬਾਂ ਨੂੰ ਦਬਕਾਉਣ ਲਈ ਭੱਦੀ ਜ਼ਬਾਨ ਵੀ ਵਰਤਦਾ ਸੀ। ਕਈ



ਮਾੜੇ ਐਡੀਟਰਾਂ ਨਾਲ ਵੀ ਇਹੋ ਸਲੂਕ ਕਰਦਾ ਸੀ। ਉਹ ਮੈਨੂੰ ਪਹਿਲਾਂ 'ਖੰਨਵੀ ਸਾਹਿਬ' ਕਹਿ ਕੇ ਬੁਲਾਂਦਾ ਸੀ। ਕਦੇ ਗੁੱਸੇ ਨਾਲ ਕੱਲਾ ਖੰਨਵੀ ਵੀ ਕਹਿ ਲੈਂਦਾ। ਇਕ ਦਿਨ ਮੈਂ ਪਰੇ ਪਏ ਮੇਜ਼ 'ਤੇ ਖੜ੍ਹਾ ਕਾਪੀ ਜੋੜ ਰਿਹਾ ਸੀ। ਉਂਗਲਾਂ ਮੇਰੀਆਂ ਨੂੰ ਲੇਵੀ ਲੱਗੀ ਹੋਈ ਸੀ ਤੇ ਹੱਥ 'ਚ ਕੈਂਚੀ ਫੜੀ ਹੋਈ ਸੀ। ਕ੍ਰਿਸ਼ਨ ਲਾਲ ਨੇ ਮੈਨੂੰ ਮੇਰੀ ਲਿਖੀ ਖ਼ਬਰ ਪਰ੍ਹਾਂ ਸੁੱਟਦਿਆਂ ਕਿਹਾ,'' ਏਹ ਆ ਗਈ ਮਿਲਾਪ ਦੀ ਮਾਂ-ਯਾਭੀ ਬਿਮਾਰੀ !''

ਮੈਨੂੰ ਤਾਂ ਜਨੂਨ ਹੋ ਗਿਆ। ਮੈਂ ਹੱਥ ਦੀ ਕੈਂਚੀ ਸਣੇ ਭੱਜ ਕੇ ਉਹਨੂੰ ਗਲੇਮੇ ਤੋਂ ਫੜ ਕੇ ਗਾਹਲ ਕੱਢੀ ਤੇ ਕੈਂਚੀ ਮਾਰਨ ਲਈ ਉੱਗਰੀ। ਤਦੇ ਕਈ ਬੰਦੇ ਵਿਚ ਆ ਗਏ। ਪੱਕੇ-ਬਾਗੀਏ ਕੱਠੇ ਉਹਦੇ ਹੱਕ 'ਚ ਬੋਲੇ ਤਾਂ ਮੈਂ ਸਭ ਨੂੰ ਸਾਂਝੀ ਗਾਲ੍ਹ ਕੱਢੀ। ਮੇਰਾ ਖਿਆਲ ਸੀ ਕਿ ਹੁਣ ਉਹ ਸਾਰੇ ਮੇਰੇ ਵੱਲ ਆਉਣਗੇ। ਪਰ ਕਿਸੇ ਇਕ ਨੂੰ ਵੀ ਅਜਿਹਾ ਹੌਸਲਾ ਨਾ ਪਿਆ। ਮੇਰੇ ਹੱਥ 'ਚ ਕੈਂਚੀ ਸੀ। ਜੀਹਨੂੰ ਮੈਂ ਛੁਰੇ ਵਾਂਗੂੰ ਫੜਿਆ ਹੋਇਆ ਸੀ। ਸਭ ਡਰ ਕੇ ਮੈਨੂੰ ਦੇਖਦੇ ਰਹੇ। ਹਿੰਦ ਸਮਾਚਾਰ 'ਚ ਇਹ ਭਿਆਨਕ ਸੀਨ ਪਹਿਲੀ ਵਾਰ ਹੋਇਆ ਸੀ। ਉਹ ਏਨੇ ਡਰ ਗਏ ਸੀ ਕਿ ਕਿਸੇ ਨੇ ਮਾਲਕਾਂ ਕੋਲ ਮੇਰੀ ਸ਼ਿਕਾਇਤ ਵੀ ਨਹੀਂ ਕੀਤੀ। ਹੋਰ ਵੀ ਕਈ ਕ੍ਰਿਸ਼ਨ ਲਾਲ ਤੋਂ ਅੰਦਰੋਂ ਦੁਖੀ ਸਨ। ਪਰ ਮਾਲਕਾਂ ਤਕ ਸਾਰੀ ਗੱਲ ਪਹੁੰਚ ਚੁੱਕੀ ਸੀ।ਪਰ ਉਹਨਾਂ ਨੇ ਮੈਨੂੰ ਬੁਲਾਇਆ ਨਹੀਂ ਸੀ।

ਦੂਜੇ ਦਿਨ ਜਦ ਮੈਂ ਕੰਮ 'ਤੇ ਆਇਆ ਤਾਂ ਮੈਨੂੰ ਹੈਰਾਨੀ ਹੋਈ ਕਿ ਮੈਨੂੰ ਮਾਲਕਾਂ ਨੇ ਵੀ ਕੁਝ ਨਹੀਂ ਪੁੱਛਿਆ। ਫੇਰ ਮੈਂ ਸਹਿਜ ਹੋ ਕੇ ਐਲਾਨ ਕੀਤਾ ਸੀ ਕਿ ਕੋਈ ਬੰਦਾ ਮੈਨੂੰ ਮਾਂ ਦੀ ਗਾਲ੍ਹ ਕੱਢ ਕੇ ਵਿਖਾਏ, ਮੈਂ ਉਹਦਾ ਕਤਲ ਕਰ ਦਿਆਂਗਾ। ਉਹ ਦਿਨ ਬੀਤਣ ਬਾਅਦ ਦਫਤਰ ਦੇ ਸਾਰੇ ਪੱਕੇ-ਬਾਗੀਏ ਸ਼ਹਿ ਕੇ ਬਹਿ ਗਏ। ਬਾਅਦ 'ਚ ਕ੍ਰਿਸ਼ਨ ਲਾਲ ਨੇ ਮੇਰੇ ਨਾਲ ਦੋਸਤੀ ਕਰ ਲਈ। ਮੈਨੂੰ ਫ਼ਾਰਸੀ ਦੇ ਮੁਹਾਵਰੇ ਵਾਂਗ ''ਪਹਿਲੇ ਦਿਨ ਈ ਬਿੱਲੀ ਮਾਰਨਾ'' ਬੜਾ ਰਾਸ ਆਇਆ। ਹੁਣ ਮੈਂ ਹਰੇਕ ਲਈ 'ਖੰਨਵੀ ਸਾਹਿਬ' ਜਾਂ 'ਯਾਰ ਖੰਨਵੀ' ਸੀ। ਨਵੀਂ ਸਵਾਰੀ ਨੂੰ ਟਰੇਨ ਦੇ ਡੱਬੇ 'ਚ ਚੰਗੀ ਸੀਟ ਮਿਲ ਗਈ ਸੀ।

## ਅਖ਼ਬਾਰਾਂ ਦੀ ਪਾਲੀਸੀ ਤੇ ਕਮਾਈ

ਅਖ਼ਬਾਰਾਂ ਦੀ ਕੀਮਤ ਉਹਦੇ ਸਫਿਆਂ ਦੇ ਹਿਸਾਬ ਨਾਲ ਨਹੀਂ ਰੱਖੀ ਜਾਂਦੀ, ਬਲਕਿ ਉਹਦੀ ਵੱਟਕ ਤੇ ਖੱਟਤ ਦੇ ਹਿਸਾਬ ਨਾਲ ਰੱਖੀ ਜਾਂਦੀ ਏ। ਜਲੰਧਰ ਤੋਂ ਛਪਣ ਵਾਲੇ ਦੇਸੀ ਭਾਸ਼ਾ ਦੇ ਕਿਸੇ ਵੀ ਅਖ਼ਬਾਰ ਦੀ ਕੀਮਤ ਦੋ ਰੁਪਏ ਤੋਂ ਨਹੀਂ ਵਧੀ। ਆਮ ਤੌਰ 'ਤੇ ਡੇਢ ਤੋਂ ਦੋ ਰੁਪੈ ਦੇ ਵਿਚਕਾਰ ਰਹੀ ਏ। ਜਦਕਿ ਪਾਕਿਸਤਾਨ 'ਚ ਉਰਦੂ ਅਖ਼ਬਾਰ ਦੀ ਕੀਮਤ ਬਾਰਾਂ ਤੇਰਾਂ ਰੁਪਏ ਏ। ਵੱਟਤ ਤੇ ਖੱਟਤ ਉਥੇ ਵਧਦੀ ਏ, ਜਿਥੇ ਇੰਡਸਟਰੀ ਤੇ ਵਪਾਰ ਵਧ ਫੁੱਲ ਰਹੀ ਹੋਵੇ। ਵਿਦੇਸ਼ਾਂ ਨਾਲ ਵਣਜ ਤੇਜ਼ੀ ਨਾਲ ਵਧ ਰਿਹਾ ਹੋਵੇ। ਸਾਡੇ ਦਫਤਰ 'ਚ ਪਾਕਿਸਤਾਨ ਦੇ ਸਾਰੇ ਉਰਦੂ ਅਖ਼ਬਾਰ ਆਉਂਦੇ ਹੁੰਦੇ ਸੀ। ਇਹਨਾਂ ਦੇ ਸੈੱਟ ਬਾਘਾ ਬਾਰਡਰ 'ਤੇ ਵਟਾ ਲਏ ਜਾਂਦੇ ਸਨ। ਉਹਨਾਂ 'ਚ ਮੈਟਰ ਤਾਂ ਚੰਗਾ ਹੁੰਦਾ ਸੀ ਤੇ ਲਿਖਾਈ ਤੇ ਦਿੱਖ ਵੀ ਚੰਗੀ ਹੁੰਦੀ, ਪਰ ਇਸ਼ਤਿਹਾਰ ਏਨੇ ਘੱਟ ਹੁੰਦੇ ਕਿ ਡਰ ਲੱਗਦਾ ਕਿ ਇਹ 'ਇਮਰੋਜ਼' ਬਹੁਤਾ ਚਿਰ ਚੱਲਣਾ ਨਹੀਂ।

ਹਰੇਕ ਅਖ਼ਬਾਰ ਵੱਧ ਤੋਂ ਵੱਧ ਇਸ਼ਤਿਹਾਰ ਲੱਭਦਾ ਏ। ਭਾਵੇਂ ਚੋਰਾਂ ਤੋਂ ਮਿਲਣ। ਇਹਦੇ ਲਈ ਬਹੁਤ ਸਾਰੇ ਇਸ਼ਤਿਹਾਰ ਚੋਰਾਂ ਤੋਂ ਮਿਲੇ ਹੁੰਦੇ ਨੇ। ਜਿਨ੍ਹਾਂ ਦੇ ਪੈਸੇ ਕਈ ਮੁਲਕਾਂ ਦੇ ਸਫਾਰਤਖਾਨਿਆਂ (ਦੂਤਾਵਾਸਾਂ) ਦੇ ਅਣਗਿਣਤ ਖਾਤਿਆਂ 'ਚੋਂ ਮਿਲਦੇ ਨੇ। ਇਹ ਅਖ਼ਬਾਰ ਦੀ ਕਾਲੇ ਧਨ ਦੀ ਕਮਾਈ ਹੁੰਦੀ ਏ। ਏਸ ਇੰਡਸਟਰੀ 'ਚ ਵੀ ਕੁਰਪਸ਼ਨ ਉਵੇਂ ਚੱਲਦੀ ਏ, ਜਿਵੇਂ ਕਈ ਹੋਰ ਪਰ ਘੱਟ-ਉਪਜਾਊ ਮਹਿਕਮਿਆਂ ਵਿਚ ਚੱਲਦੀ ਏ। ਪਰ ਇਹਦੀ ਸਾਖ ਦੂਜੇ ਵਿਭਾਗਾਂ, ਜਿਵੇਂ ਰੈਵੀਨਿਊ ਤੇ ਪੁਲਸ ਵਾਲੀ ਨਹੀਂ। ਇਹਦੇ 'ਚ ਪੜ੍ਹੇ ਲਿਖੇ ਤੇ ਈਮਾਨਦਾਰ ਬੰਦੇ ਵੀ ਕੰਮ ਕਰਦੇ ਨੇ। ਜਿਨ੍ਹਾਂ ਕਰ ਕੇ ਏਸ ਇੰਡਸਟਰੀ ਦਾ ਝੰਡਾ ਸੱਚ ਬੋਲਣ 'ਚ ਬੁਲੰਦ ਏ। ਪਰ ਇਹ ਚੰਗੇ ਤੇ ਸੱਚੇ-ਸੁੱਚੇ ਚਾਲ ਚਲਨ ਵਾਲੇ ਅਖ਼ਬਾਰ ਬਹੁਤ ਦੇਰ ਤਕ ਨਹੀਂ ਚੱਲ ਸਕਦੇ।

ਅਖ਼ਬਾਰਾਂ, ਐਡੀਟਰਾਂ, ਸਬ-ਐਡੀਟਰਾਂ ਤੇ ਨਾਮਾ ਨਿਗਾਰਾਂ ਲਈ ਕੁਰਪਸ਼ਨ ਦੇ ਕਈ ਗੁੱਝੇ ਰਸਤੇ ਵੀ ਨੇ। ਉਹਨਾਂ ਕਰ ਕੇ ਵੀ ਅਖ਼ਬਾਰ ਦੀ ਪਾਲੀਸੀ ਜਾਂ ਵਕਤੀ ਪਾਲੀਸੀ ਤੈਅ ਹੁੰਦੀ ਏ। ਜਿਵੇਂ ਚੋਣਾਂ ਵੇਲੇ ਅਖ਼ਬਾਰਾਂ ਦਾ ਉਹ ਹਾਲ ਹੁੰਦਾ ਏ, ਜਿਹੜਾ ਵਿਆਹ ਨੂੰ ਉਡੀਕਦੇ ਹਲਵਾਈਆਂ, ਕਾਰੀਗਰਾਂ ਤੇ ਲਾਗੀਆਂ ਦਾ ਹੁੰਦਾ ਏ। ਸਾਰੀਆਂ ਪਾਰਟੀਆਂ ਅਖ਼ਬਾਰਾਂ ਨੂੰ ਗੁਪਤ ਧਨ ਦੇਂਦੀਆਂ ਨੇ, ਤਾਂ ਜੋ ਅਖ਼ਬਾਰ ਦੀਆਂ ਖ਼ਬਰਾਂ ਦਾ ਮਾੜਾ ਜਿਹਾ ਝੁਕਾਅ ਉਹਨਾਂ ਵੱਲ ਹੁੰਦਾ ਰਵ੍ਹੇ। ਕਈ ਅਮੀਰ ਪਾਰਟੀਆਂ ਤਾਂ ਅੱਧੇ ਜਾਂ ਪੂਰੇ ਸਫੇ ਖਰੀਦ ਲੈਂਦੀਆਂ ਨੇ। ਜਿਨ੍ਹਾਂ 'ਤੇ ਉਹਨਾਂ ਦੀ ਪਾਰਟੀ ਦੇ ਇਸ਼ਤਿਹਾਰ ਨਹੀਂ ਛਪਦੇ। ਛਪਦੀਆਂ ਖ਼ਬਰਾਂ ਈ ਨੇ। ਪਰ ਉਹਨਾਂ ਦਾ ਝੁਕਾਅ ਪੈਸੇ ਦੇਣ ਵਾਲੀ ਓਸ ਪਾਰਟੀ ਵੱਲ ਹੁੰਦਾ ਏ। ਓਸ ਪੂਰੇ ਸਫੇ ਦੇ ਪੈਸੇ ਚੋਖੇ ਲਏ ਜਾਂਦੇ ਨੇ, ਪਰ ਹੇਠਾਂ ਉਹਨੂੰ ਇਸ਼ਤਿਹਾਰ ਨਹੀਂ ਲਿਖਿਆ ਹੁੰਦਾ। ਕਾਨੂੰਨੀ ਤੌਰ 'ਤੇ ਹਰੇਕ ਖਰੀਦੀ ਗਈ ਥਾਂ ਹੇਠਾਂ 'ਇਸ਼ਤਿਹਾਰ' ਲਿਖਣਾ ਹੁੰਦਾ ਏ। ਡੈਸਕ ਦੇ ਬੰਦਿਆਂ ਤੇ ਕਾਪੀ ਜੋੜਨ ਵਾਲੇ ਨੂੰ ਦੱਸਿਆ ਜਾਂਦਾ ਏ ਕਿ ਇਹ 'ਪੇਡ ਸਪੇਸ' ਏ। ਕਈ ਵਾਰ ਇਕ ਪਾਰਟੀ ਇਕ ਸਫਾ ਖਰੀਦ ਲੈਂਦੀ ਏ ਤੇ ਦੂਜੀ ਪਾਰਟੀ ਦੂਜਾ ਲੈ ਲੈਂਦੀ ਏ। ਦੋਹਾਂ ਸਫਿਆਂ ਦੀਆਂ ਛਪੀਆਂ ਖ਼ਬਰਾਂ ਤੇ ਰੰਗਦਾਰ ਫੋਟੋਆਂ ਤੋਂ ਪਤਾ ਲੱਗ ਜਾਂਦਾ ਏ ਕਿ ਪੈਸਾ ਕਿਹੜੀ ਪਾਰਟੀ ਨੇ ਦਿੱਤਾ ਏ।

ਖ਼ਬਰਾਂ ਤਾਂ ਬਹੁਤੀਆਂ ਅੰਗ੍ਰੇਜ਼ੀ ਏਜੰਸੀਆਂ ਦੀਆਂ ਹੁੰਦੀਆਂ ਨੇ, ਪਰ ਹਰੇਕ ਖ਼ਬਰ ਦਾ ਰੰਗ ਸਬ-ਐਡੀਟਰ ਆਪਣੀ ਸੋਚ ਅਨੁਸਾਰ ਸੁਰਖੀ ਲਾ ਕੇ ਬਦਲ ਦੇਂਦਾ ਏ। ਸੂਦ ਸਾਹਿਬ ਦੀ ਬਣਾਈ ਖ਼ਬਰ ਤੇ ਸੁਰਖੀ 'ਚੋਂ 'ਹਿੰਦੂ ਸਭਾ ਦਾ ਰੰਗ' ਚੁਗਲੀ ਖਾ ਜਾਂਦਾ ਸੀ। ਮੇਰੀ ਲਾਈ ਸੁਰਖੀ 'ਚੋਂ ਖੱਬੇ-ਪੱਖੀ ਸੋਚ ਦੀ ਝਲਕ ਪੈ ਜਾਂਦੀ ਸੀ। ਜਦ ਮੈਂ 'ਹਿੰਦ ਸਮਾਚਾਰ' 'ਚ ਕੰਮ ਕਰਦਾ ਸੀ ਤਾਂ ਮੇਰੀਆਂ ਬਹੁਤੀਆਂ ਸੁਰਖੀਆਂ ਪਛਾਣ ਲਈਆਂ ਜਾਂਦੀਆਂ ਸਨ। ਇਕ ਦੋ ਵਾਰ ਮੈਨੂੰ ਰਮੇਸ਼ ਜੀ ਨੇ ਬੁਲਾ ਕੇ ਸਮਝਾਇਆ ਵੀ ਕਿ ਅਸੀਂ ਸੈਕੂਲਰ ਹਾਂ, ਹਿੰਦੂਵਾਦੀ ਨਹੀਂ। ਪਰ ਤੁਸੀਂ ਕਦੇ ਸਖਤ ਕਿਸਮ ਦੇ ਸੈਕੂਲਰ ਬਣ ਕੇ ਲੈਫਟ ਵੱਲ ਝੁਕ ਜਾਂਦੇ ਹੋ। ... ਕਦੇ ਕ੍ਰਿਸ਼ਨ ਲਾਲ ਨੇ ਮੇਰੀ ਬਣਾਈ ਸੁਰਖ਼ੀ ਲਿਖਦਿਆਂ ਮੈਨੂੰ ਮਖੌਲ 'ਚ ਪੁੱਛਣਾ, "ਕਿਉਂ ਵਈ ਖੰਨਵੀ, ਏਸ ਸੁਰਖੀ ਦੇ ਕਿੰਨੇ ਪੈਸੇ ਮਿਲੇ, ਪਾਰਟੀ ਤੋਂ?"

ਦੇਖੋ, ਖ਼ਬਰ ਇੱਕੋ ਏਜੰਸੀ ਦੀ ਹੁੰਦੀ ਏ। ਪਰ ਸੁਰਖੀ ਲੱਗਣ ਨਾਲ ਉਹਦੇ ਅਰਥ ਤੇ ਪ੍ਰਭਾਵ ਬਦਲ ਜਾਂਦੇ ਨੇ। ਏਨਾ ਭੋਲਾ ਹੁੰਦਾ ਏ ਦੇਸੀ ਭਾਸ਼ਾ ਦਾ ਪਾਠਕ। ਇਹੋ ਹਾਲਤ ਪੜ੍ਹੇ ਲਿਖੇ ਪਾਠਕਾਂ ਦੀ ਹੁੰਦੀ ਏ। ਉਹ ਵੀ ਅਖ਼ਬਾਰ ਦੀ ਖ਼ਬਰ 'ਤੇ ਅਨ੍ਹੇਵਾਹ ਵਿਸ਼ਵਾਸ ਕਰ ਲੈਂਦੇ ਨੇ। ਹਰੇਕ ਅਖ਼ਬਾਰ ਜਦੋਂ ਨਵਾਂ ਨਿੱਕਲਦਾ ਏ ਤਾਂ ਪ੍ਰਬੰਧਕ ਕਮੇਟੀ ਉਹਦੀ ਪਾਲੀਸੀ ਤੈਅ ਕਰਦੀ ਏ। ਜਿਹੜੀ ਮੋਟੇ ਤੌਰ 'ਤੇ ਅਖ਼ਬਾਰ ਦੀਆਂ ਸੰਪਾਦਕੀਆਂ 'ਚੋਂ ਲੱਭਦੀ ਏ। ਜਿੱਥੇ ਤਕ ਅਖ਼ਬਾਰਾਂ ਦੀ ਪਾਲੀਸੀ ਦਾ ਸੰਬੰਧ ਏ, ਸੰਪਾਦਕ ਉਹਨਾਂ ਦਾ ਖਿਆਲ ਤਾਂ ਰੱਖਦਾ ਏ, ਪਰ ਕੀ ਕਰੇ। ਜਿਹੜੀਆਂ ਏਜੰਸੀਆਂ, ਜਿਹੜੇ ਨਾਮਾ-ਨਿਗਾਰ ਤੇ ਨੁਮਾਇੰਦੇ ਉਹਨੂੰ ਖ਼ਬਰਾਂ ਤੇ ਸਿਆਸੀ ਤਬਸਰੇ ਵਾਲੇ ਲੇਖ ਮੁਹੱਈਆ ਕਰਾਉਂਦੇ ਨੇ, ਉਹਨਾਂ ਦੀਆਂ ਵੀ ਆਪਣੀਆਂ ਪਾਲੀਸੀਆਂ ਖ਼ਬਰ ਬਨਾਓਣ ਤੋਂ ਵੀ ਪਹਿਲਾਂ ਤੈਅ ਹੁੰਦੀਆਂ ਨੇ। ਉਹਨਾਂ ਦਾ ਵੀ ਦਾਓ ਚੱਲਦਾ ਰਹਿੰਦਾ ਏ। ਫੇਰ ਉਹਨਾਂ ਖ਼ਬਰਾਂ ਤੇ ਲੇਖਾਂ ਨੂੰ ਐਡਿਟ ਕਰਨ ਵਾਲੇ ਦੀ ਕਲਮ ਚੱਲਦੀ ਏ। ਬੱਸ, ਸਾਰੀ ਪਾਲੀਸੀ ਰੰਗ ਬਿਰੰਗੀ ਹੋ ਜਾਂਦੀ ਏ।

ਹਿੰਦ ਸਮਾਚਾਰ ਤੇ ਹੋਰ ਉਰਦੂ ਅਖ਼ਬਾਰਾਂ 'ਚ ਉਦੋਂ ਕੁਝ ਐਡੀਟਰ ਅਜਿਹੇ ਵੀ ਸਨ, ਜਿਨ੍ਹਾਂ ਦੀ ਸੁਰਖੀ ਦਾ ਝੁਕਾਅ ਕਿਸੇ ਵੀ ਸੋਚ ਦੇ ਪੱਖ 'ਚ ਨਹੀਂ ਸੀ ਹੁੰਦਾ। ਮੈਂ ਅਜਿਹੇ ਐਡੀਟਰਾਂ ਨੂੰ ਮਸ਼ੀਨੀ ਐਡੀਟਰ ਕਹਿੰਦਾ ਹੁੰਦਾ ਸੀ। ਉਂਜ ਬਿਨਾਂ ਪੱਕੀ ਸੋਚ ਜਾਂ ਵਿਚਾਰਧਾਰਾ ਵਾਲੇ ਦੀ ਐਡੀਟਰੀ ਸਾਂਵੀ ਰਹਿੰਦੀ ਏ।

## ਐਂਬੈਸੀਆਂ ਦਾ ਕਾਲਾ ਧਨ

ਏਸ ਗੱਲ ਦਾ ਜ਼ਿਕਰ ਮੈਂ ਪਹਿਲਾਂ ਵੀ ਕੀਤਾ ਏ ਕਿ ਬਹੁਤੇ ਅਖ਼ਬਾਰ ਜਦੋਂ ਮਰਨ ਲੱਗਦੇ ਜਾਂ ਮਾਲੀ ਸੰਕਟਾਂ 'ਚ ਫਸ ਜਾਂਦੇ ਤਾਂ ਉਹਨਾਂ ਨੂੰ ਮਾਇਕ ਸਹਾਇਤਾ ਭਾਰਤ 'ਚ ਉਹਨਾਂ ਦੇਸ਼ਾਂ ਦੇ ਸਫਾਰਤਖਾਨੇ ਏਸ ਸ਼ਰਤ 'ਤੇ ਦੇਂਦੇ ਸਨ ਕਿ ਉਹ ਉਨ੍ਹਾਂ ਦੀ ਪਾਲੀਸੀ ਦੇ ਨਾਲ ਵੀ ਚੱਲਣਗੇ। ਅਜਿਹੇ ਅਖ਼ਬਾਰ ਆਮ



ਤੌਰ 'ਤੇ ਵਪਾਰਕ, ਸਮਾਜਕ ਸੰਸਥਾਵਾਂ ਜਾਂ ਸਿਅਸਤ ਨਾਲ ਜੁੜੇ ਹੋਏ ਹੁੰਦੇ ਨੇ। ਮੋਟੇ ਤੌਰ 'ਤੇ ਉਨ੍ਹਾਂ ਦੇ ਦੋ ਗਰੁੱਪ ਹੁੰਦੇ ਸਨ। ਇਕ ਗਰੁੱਪ ਰੂਸੀ ਸਹਾਇਤਾ ਨਾਲ ਚੱਲਦਾ ਸੀ ਤੇ ਦੂਜਾ ਕਮਿਊਨਿਜ਼ਮ ਦੇ ਵਿਰੋਧ 'ਚ ਅਮਰੀਕੀ ਸਹਾਇਤਾ ਨਾਲ। ਸਿਆਸੀ ਪਾਰਟੀਆਂ ਵੀ ਇਹਨਾਂ ਦੋ ਦੇਸਾਂ ਦੇ ਪੈਸੇ ਸਹਾਰੇ ਚੱਲਦੀਆਂ ਸਨ। ਜਲੰਧਰ 'ਚ 'ਨਵਾਂ ਜ਼ਮਾਨਾ' ਨੂੰ ਤਾਂ ਰੂਸੀ ਸਹਾਇਤਾ ਮਿਲਦੀ ਹੀ ਸੀ, ਪਰ ਇਹ ਇਕ ਨਿੱਕੀ ਜਿਹੀ ਪ੍ਰਜਾ ਸਮਾਜਵਾਦੀ ਪਾਰਟੀ ਤੇ ਉਹਦਾ ਹਫਤੇਵਾਰ ਪਰਚਾ ਵੀ ਅਮਰੀਕੀ ਸਹਾਇਤਾ ਨਾਲ ਚੱਲਦਾ। ਉਹਨਾਂ ਦੇ ਹੋਰ ਸ਼ਹਿਰਾਂ ਦੇ ਕੇਂਦਰਾਂ 'ਚ ਲੱਗੇ ਪ੍ਰੈਸ ਰੂਸ-ਵਿਰੋਧੀ ਅਖ਼ਬਾਰ, ਰਸਾਲੇ ਤੇ ਕਿਤਾਬਾਂ ਛਾਪਦੇ ਸੀ। ਦਿੱਲੀ ਤੋਂ ਨਿੱਕਲਦਾ 'ਏਸ਼ੀਆ' ਏਸ ਕੰਮ ਲਈ ਬਦਨਾਮ ਸੀ। ਮੈਂ ਜਲੰਧਰ 'ਚ ਓਸ ਪਾਰਟੀ ਦੇ ਦਫਤਰ 'ਚ ਆਪਣੇ ਸਾਥੀ ਦੋਸਤਾਂ ਨੂੰ ਮਿਲਣ ਜਾਂਦਾ ਹੁੰਦਾ ਸੀ ਤਾਂ ਪਤਾ ਲੱਗਦਾ ਸੀ ਕਿ ਉਹ ਕਮਿਊਨਿਸਟ-ਵਿਰੋਧੀ ਸਾਹਿਤ ਦਾ ਅੱਡਾ ਏ। ਉਥੇ 'ਏਸ਼ੀਆ ਪਬਲਿਸ਼ਿੰਗ ਹਾਊਸ' ਦੀਆਂ ਛਾਪੀਆਂ ਕਿਤਾਬਾਂ ਨਾਲ ਅਲਮਾਰੀਆਂ ਭਰੀਆਂ ਪਈਆਂ ਸਨ, ਪਰ ਉਹਨਾਂ ਦਾ ਪਾਠਕ ਕੋਈ ਨਹੀਂ ਸੀ। ਮੈਂ ਉਥੋਂ ਕਈ ਬਹੁਤ ਅੱਛੀਆਂ ਸਾਹਿਤਕ ਪੁਸਤਕਾਂ ਲੈ ਕੇ ਪੜ੍ਹਦਾ ਹੁੰਦਾ ਸੀ। ਉਨ੍ਹਾਂ ਦੇ ਸਾਥੀ ਵਰਕਰ ਬੜੇ ਪਿਆਰੇ ਤੇ ਸੰਜੀਦਾ ਬੰਦੇ ਸਨ। ਉਹਨਾਂ ਕੋਲ ਪਾਕਿਸਤਾਨ ਤੋਂ ਸੋਸ਼ਲਿਸਟ ਲੀਡਰ ਤੇ ਸ਼ਾਇਰ ਸ਼ੋਰਸ਼ ਕਾਸ਼ਮੀਰੀ ਦਾ ਹਫਤਾਵਾਰੀ ਪਰਚਾ 'ਚੱਟਾਨ' ਵੀ ਆਉਂਦਾ ਹੁੰਦਾ ਸੀ। ਮੈਂ ਉਹ ਬੜੇ ਸ਼ੌਕ ਨਾਲ ਪੜ੍ਹਦਾ ਹੁੰਦਾ ਸੀ। ਉਹ ਅੰਤ ਨੂੰ ਫੌਜੀ ਡਿਕਟੇਟਰਸ਼ਿਪ ਦੇ ਜਬਰ ਦਾ ਸ਼ਿਕਾਰ ਹੋ ਗਿਆ ਸੀ।

ਕਹਿੰਦੇ ਨੇ ਕਿ ਜਲੰਧਰ ਦੇ ਨਿੱਘਰਦੇ ਇਕ ਅਖ਼ਬਾਰ ਨੂੰ ਕਿਸੇ ਵਿਦੇਸ਼ੀ ਸਫਾਰਤਖਾਨੇ ਨੇ ਪ੍ਰਿੰਟਿੰਗ ਪ੍ਰੈਸ ਲੈ ਕੇ ਦਿੱਤਾ ਸੀ। ਬਾਅਦ 'ਚ ਉਹ ਅਖ਼ਬਾਰ ਏਨਾ ਚੱਲਿਆ ਕਿ ਉਹਨੂੰ ਕਿਸੇ ਦੀ ਪਰਵਾਹ ਈ ਨਾ ਰਹੀ। ਸੰਕਟ 'ਚੋਂ ਨਿੱਕਲਣ ਦੇ ਬਾਅਦ 'ਤੂੰ ਕੌਣ ਤੇ ਮੈਂ ਕੌਣ' ਹੋ ਜਾਂਦੀ ਏ। ਇਹ ਕਾਰੋਬਾਰ ਹੁਣ ਕੀ ਸਦੀਆਂ ਤੋਂ ਚਲਿਆ ਆ ਰਿਹਾ ਏ। ਵਿਦੇਸ਼ੀ ਸਫਾਰਤਖਾਨੇ ਛੋਟੇ ਅਖ਼ਬਾਰਾਂ ਤੇ ਉਹਨਾਂ ਅਖ਼ਬਾਰਾਂ ਨੂੰ ਵੀ ਲੁਕਵਾਂ ਧਨ ਦੇਂਦੇ ਨੇ, ਜਿਹੜੇ ਕਦੇ ਕਦਾਈ ਨਿੱਕਲਦੇ ਨੇ ਜਾਂ ਸਾਲ 'ਚ ਇਕ ਪਰਚਾ ਕੱਢ ਕੇ ਵਿਖਾਂਦੇ ਰਹਿੰਦੇ ਨੇ। ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਦੇ ਸਾਰੇ ਅਖ਼ਬਾਰ ਓਸੇ ਪੈਸੇ ਨਾਲ ਚੱਲਦੇ ਰਹੇ ਨੇ। ਅਮਰੀਕਾ ਓਸ ਤੋਂ ਵੀ ਵੱਧ, ਪਰ ਗੁਪਤ ਤਰੀਕੇ ਨਾਲ ਕਮਿਊਨਿਜ਼ਮ ਦੇ ਵਿਰੁੱਧ ਲੜਦੇ ਅਖ਼ਬਾਰਾਂ ਨੂੰ ਪੈਸਾ ਦੇਂਦਾ ਰਿਹਾ ਏ। ਹੁਣ ਵੀ ਅਜਿਹੇ ਪੈਸੇ ਦੀ ਵਰਤੋਂ ਆਮ ਹੁੰਦੀ ਏ।

ਉਦੋਂ ਹਿੰਦ ਸਮਾਚਾਰ 'ਚ ਕੋਰੀਆ ਦੇ ਕਿਸੇ ਡਿਕਟੇਟਰ ਕਿਸਮ ਦੇ ਲੀਡਰ ਦਾ ਪੂਰੇ ਸਫੇ ਦਾ ਇਸ਼ਤਿਹਾਰ ਛਪਦਾ ਹੁੰਦਾ ਸੀ। ਜਿਸ ਤੋਂ ਕਿਸੇ ਨੂੰ ਇਹ ਪਤਾ ਨਹੀਂ ਸੀ ਲੱਗਦਾ ਕਿ ਇਹ ਏਡਾ ਵੱਡਾ ਇਸ਼ਤਿਹਾਰ ਕਿਸ ਮਕਸਦ ਲਈ ਛਪਦਾ ਏ। ਪੜ੍ਹਣ ਵਾਲੇ ਉਹਨੂੰ ਦੇਖ ਕੇ ਈ ਛੱਡ ਜਾਂਦੇ ਸਨ। ਇਹ ਇਸ਼ਤਿਹਾਰ ਦਾ ਸਫਾ ਜਲੰਧਰ ਤੇ ਦਿੱਲੀ ਦੇ ਦੂਜੇ ਕਈ ਹੋਰ ਅਖ਼ਬਾਰਾਂ 'ਚ ਵੀ ਛਪਦਾ ਹੁੰਦਾ ਸੀ। ਇਹ ਇਸ਼ਤਿਹਾਰ ਆਮ ਤੌਰ 'ਤੇ ਨਿਰਪੱਖ ਮੰਨੇ ਜਾਂਦੇ ਪਰਚਿਆਂ 'ਚ ਛਪਦਾ ਹੁੰਦਾ ਸੀ।

ਦਿੱਲੀ 'ਚ ਕੁਝ ਸਮਾਰਟ ਫਰੀਲਾਂਸਰ ਪੱਤਰਕਾਰ ਔਰਤਾਂ ਦੀ ਰੋਟੀ ਰੋਜ਼ੀ ਤੇ ਅੱਯਾਸ਼ੀ ਵਿਦੇਸ਼ੀ ਦੂਤਾਵਾਸਾਂ 'ਚ ਚੱਕਰ ਮਾਰ ਕੇ ਆਪਣੇ ਚੁਵਰਕੇ ਜਾਂ ਅੱਠਵਰਕੇ ਹਫਤਾਵਾਰਾਂ ਲਈ ਇਸ਼ਤਿਹਾਰ ਮਾਰਦੀਆਂ ਸਨ। ਉਹਨਾਂ ਦੇ ਪਰਚੇ ਬਾਕਾਇਦਾ ਵੀ ਨਹੀਂ ਛਪਦੇ ਹੁੰਦੇ ਸੀ, ਬਸ ਜਦ ਕਦੇ ਇਸ਼ਤਿਹਾਰ ਮਿਲ ਗਏ ਤਾਂ ਨਿਕਲਦੇ ਸਨ। ਉਹ ਪਰਚੇ ਕਿੰਨੇ ਛਪਦੇ ਤੇ ਕਿਹੜੇ ਸਟਾਲਾਂ 'ਤੇ ਵਿਕਦੇ ਸਨ, ਇਹਦਾ ਕਿਸੇ ਨੂੰ ਪਤਾ ਨਹੀਂ ਸੀ ਹੁੰਦਾ।

ਦੇਸੀ ਭਾਸ਼ਾਵਾਂ ਦੇ ਕਈ ਚੰਗੇ ਚੱਲਦੇ ਤੇ ਮਸ਼ਹੂਰ ਪਰਚੇ ਵੀ ਇਹਨਾਂ ਦੂਤਾਂਵਾਸਾਂ ਦੇ ਅਣਗਿਣਤ ਗੁਪਤ ਧਨ ਤੋਂ ਫਾਇਦਾ ਉਦੋਂ ਵੀ ਉਠਾਉਂਦੇ ਸਨ ਤੇ ਹੁਣ ਵੀ ਇਹ ਕੰਮ ਚੱਲਦਾ ਏ। ਪਰ ਕਿਸੇ ਨੂੰ ਨਹੀਂ ਪਤਾ ਕਿ ਉਹ ਸਾਹਿਤਕ ਪਰਚਿਆਂ ਤੋਂ ਆਪ ਕੀ ਲਾਭ ਲੈਂਦੇ ਨੇ।

**ਪਤਾ- 593, ਮੋਤਾ ਸਿੰਘ ਨਗਰ, ਜਲੰਧਰ, ਮੁਬਾਇਲ 094632-20319**

## ਕਹਾਣੀ / **ਬਦਬੂ** / ਮੋਹਨ ਲਾਲ ਫਿਲੌਰੀਆ

"ਸਾਡਾ ਏਥੇ ਗ਼ਰੀਬਾਂ ਦਾ ਹੁਣ ਰਹਿਣ ਦਾ ਕੋਈ ਧਰਮ ਨਹੀਂ ਵਕੀਲ ਸਾਹਿਬ। ਅਸੀਂ ਗ਼ਰੀਬ ਗ਼ੁਰਬੇ ਕਿੱਥੇ ਜਾਈਏ ? ਹੁਣ ਅਸੀਂ ਏਥੇ ਰੋਟੀ ਵੀ ਕਮਾ ਕੇ ਨਹੀਂ ਖਾ ਸਕਦੇ। ਆਹ ਹੁਣ ਸਾਡੇ ਵਾਸਤੇ ਨਵੇਂ ਕਨੂੰਨ ਬਣਾ ਦਿੱਤੇ ਹਨ। ਹੁਣ ਸਾਡੇ ਕੋਲੋ ਜ਼ਿਆਦਾ ਬਦਬੂ ਆਉਣ ਲੱਗ ਪਈ ਏ। ਨਾਲੇ ਮੈਂ ਤਾਂ ਪਹਿਲਾਂ ਹੀ ਪਿੰਡੋਂ ਬਾਹਰ ਬੈਠਾਂ...।" ਗ਼ਰੀਬ ਦਾਸ ਨੇ ਆਉਂਦੇ ਹੀ ਬੋਲਣਾ ਸ਼ੁਰੂ ਕੀਤਾ। ਉਸਨੂੰ ਖਾਂਸੀ ਛਿੜ ਪਈ। ਹੁੱਥੂ ਜਿਹਾ ਆ ਗਿਆ ਨਹੀਂ ਤੇ ਉਹ ਨਾ ਰੁੱਕਦਾ। ਬੋਲਦਾ ਰਹਿੰਦਾ।

"ਵਕੀਲ ਸਾਹਿਬ ਕੁਝ ਕਰੋ ਏਦਾਂ ਹੀ ਹੁੰਦੀ ਰਹੇਗੀ ਗ਼ਰੀਬਾਂ ਨਾਲ...।" ਉਹ ਫਿਰ ਸਾਰਾ ਜ਼ੋਰ ਲਾ ਕੇ ਬੋਲਿਆ।

ਮੈਂ ਕਹਿਣਾ ਚਾਹੁੰਦਾ ਸੀ ਗ਼ਰੀਬ ਦਾਸ ਹੌਲੀ ਬੋਲ। ਪਰ ਕਹਿ ਨਾ ਸਕਿਆ।

-ਘਰ ਵਾਲਿਆਂ ਨੇ ਉਹਦਾ ਨਾਂ ਗ਼ਰੀਬ ਦਾਸ ਰੱਖਿਆ ਸੀ। ਉਹ ਗ਼ਰੀਬ ਹੀ ਰਿਹਾ। ਲੱਗਦਾ ਵੀ ਗ਼ਰੀਬ। ਜਿੱਦਾਂ ਉਸ ਦੀ ਗ਼ੁਜਰੀ ਹੈ। ਉਹ ਰਹੇਗਾ ਵੀ ਗ਼ਰੀਬ। ਗ਼ਰੀਬ ਦਾਸ-ਵਿਚਾਰਾ।

-ਗ਼ਰੀਬ ਦਾਸ ਮੁਕੱਦਮੇ ਵਿਚ ਫਸ ਗਿਆ। ਗ਼ਰੀਬ ਦਾਸ ਨੇ ਜਿਸ ਦਿਨ ਵੀ ਕਚਹਿਰੀ ਆਉਣਾ ਹੁੰਦਾ ਹੈ। ਉਹ ਸਾਰਾ ਜ਼ੋਰ ਲਾ ਕੇ ਨਹਾਂਉਂਦਾ ਹੈ। ਸਿਰ ਨੂੰ ਤੇਲ ਲਾ ਕੇ ਚੀਰ ਕੱਢੇਗਾ। ਧੋਤੇ ਹੋਏ ਕਪੜੇ ਪਾਏਗਾ। ਪਰ ਫਿਰ ਵੀ ਲੱਗਦਾ ਹੈ ਉਹ ਨਹਾਤਾ ਹੀ ਨਹੀਂ ਨਾ ਹੀ ਉਸ ਨੇ ਧੋਤੇ ਹੋਏ ਕੱਪੜੇ ਪਾਏ ਹਨ। ਉਸ ਕੋਲੋਂ ਬਦਬੂ ਫਿਰ ਵੀ ਆ ਰਹੀ ਹੁੰਦੀ ਹੈ। ਜੇਕਰ ਬਦਬੂ ਨਾ ਵੀ ਆ ਰਹੀ ਹੋਵੇ ਤਾਂ ਲੱਗਦਾ ਹੈ ਉਸ ਕੋਲੋਂ ਬਦਬੂ ਆ ਰਹੀ ਹੈ। ਬਦਬੂ ਦਾ ਅਹਿਸਾਸ ਉਸ ਕੋਲੋਂ ਮੱਲੋ ਮੱਲੀ ਦਾ ਹੋ ਜਾਂਦਾ ਹੈ। ਭੈੜੀ ਜਿਹੀ ਬਦਬੂ।

"ਵਕੀਲ ਸਾਹਿਬ ਮੇਰਾ ਕੁਝ ਬਣੇਗਾ ਕਿ ਨਹੀਂ ਮੈਂ ਤਾਂ ਬੜੀਆਂ ਉਮੀਦਾਂ ਲੈ ਕੇ ਤੁਹਾਡੇ ਕੋਲ ਆਇਆ ਸੀ। ਇਸ ਕਰਕੇ ਵੀ ਕਿ ਤੁਸੀਂ ਤਾਂ ਸਾਡੇ 'ਆਪਣੇ' ਬੰਦੇ ਹੋ। ਤੁਹਾਡੇ ਭਾਈ ਭਰਾ ਵੀ ਮੇਰੇ ਵਾਲਾ ਧੰਦਾ ਕਰਦੇ ਰਹੇ ਹਨ। ਤੁਹਾਨੂੰ ਤਾਂ ਇਸ ਕੰਮ ਦੀ ਚੰਗੀ ਜਾਣਕਾਰੀ ਹੈ। ਪਰ ਮੈਨੂੰ ਤਾਂ ਲੱਗਦਾ ਕਿ ਤੁਹਾਨੂੰ ਵੀ ਮੇਰੇ ਕੋਲੋਂ 'ਬਦਬੂ' ਆਉਣ ਲੱਗ ਪਈ ਏ। ਉਹ ਤਾਂ ਕਹਿੰਦੇ ਹੀ ਹਨ ਕਿ ਉਹਨਾਂ ਨੂੰ ਮੇਰੇ ਕੋਲੋਂ ਬਦਬੂ ਆ ਰਹੀ ਹੈ। ਪਰ ਹੁਣ ਤਾਂ ਲੱਗਦਾ ਹੈ ਆਪਣਿਆਂ ਨੂੰ ਆਪਣਿਆਂ ਕੋਲੋਂ ਬਦਬੂ ਆ ਰਹੀ ਹੈ।"

"ਨਹੀਂ ਗ਼ਰੀਬ ਦਾਸ ਏਦਾਂ ਦੀ ਗੱਲ ਨਹੀਂ ਕਨੂੰਨ ਵੀ ਤਾਂ ਕੋਈ ਚੀਜ ਹੈ। ਕਨੂੰਨ ਆਪਣਾ ਅਸਰ ਤਾਂ ਦਿਖਾਏਗਾ ਹੀ।"

"ਤੂੰ ਬਹੁਤਾ ਉਤਾਵਲਾ ਨਾ ਹੋ ਸਭ ਠੀਕ ਹੋ ਜਾਵੇਗਾ।" ਮੈਂ ਉਸ ਨੂੰ ਹੌਸਲਾ ਦਿੱਤਾ।

"ਕੀ ਠੀਕ ਹੋ ਜਾਵੇਗਾ ਜੀ ਦੋ ਮਹੀਨੇ ਹੋ ਗਏ ਹਨ। ਤੁਸੀਂ ਤਾਂ ਕੁਝ ਵੀ ਨਹੀਂ ਕਰਵਾ ਸਕੇ। ਜੱਜ ਨੇ ਸਟੇਅ ਵੀ ਨਹੀਂ ਤੋੜੀ। ਤਰੀਕਾਂ ਹੀ ਪਾਈ ਜਾ ਰਹੇ ਹਨ।" ਗਰੀਬ ਦਾਸ ਨੇ ਮੱਥੇ ਤੋਂ ਪਸੀਨਾ ਪੂੰਝਿਆ।

"ਹੁਣ ਕੀ ਕਰੀਏ ਜੇ ਜੱਜ ਤਰੀਕਾਂ ਹੀ ਪਾਈ ਜਾਵੇ। ਫੈਸਲੇ ਕਰਨੇ ਹਰ ਜੱਜ ਦੇ ਬੱਸ ਦੀ ਗੱਲ ਨਹੀਂ। ਉਸ ਦਾ ਨਾਂ ਹੈ ਟੀ. ਆਰ. ਸ਼ਰਮਾ ਜਾਣੀ ਤਰੀਕੂ ਰਾਮ ਸ਼ਰਮਾਂ। ਵਕੀਲਾਂ ਨੇ ਉਸ ਦਾ ਨਾਂ ਹੀ ਤਰੀਕੂ ਰਾਮ ਰੱਖਿਆ ਹੈ।"

"ਮੈਂ ਗ਼ਰੀਬ ਦਾਸ ਨੂੰ ਹਸਾਉਣ ਦਾ ਯਤਨ ਕੀਤਾ ਪਰ ਉਹ ਆਪਣਾ ਰੋਣਾ ਰੋਂਦਾ ਰਿਹਾ ਮੇਰੀ ਗੱਲ ਨੂੰ ਅਣਸੁਣੀ ਕਰਕੇ ਫਿਰ ਬੋਲਣ ਲੱਗਾ।

"ਜਨਾਬ ਤੁਹਾਨੂੰ ਹਾਸਾ ਸੁੱਝਦਾ ਹੈ। ਜੱਜ ਤਰੀਕਾਂ ਤੇ ਤਰੀਕਾਂ ਪਾਈ ਜਾ ਰਿਹਾ ਹੈ। ਰੋਟੀ ਤੋਂ ਅਵਾਜ਼ਾਰ ਹੋ ਗਏ ਹਾਂ। ਨਿਆਣੇ ਭੁੱਖੇ ਮਰਨ ਵਾਲੇ ਹੋ ਗਏ ਹਨ। ਸਕੂਲਾਂ ਕਾਲਜਾਂ ਦੀਆਂ ਫੀਸਾਂ ਫਿਰ ਕਬੀਲਦਾਰੀ ਦੇ ਸੌ ਖਰਚੇ। ਮੈਨੂੰ ਤੁਹਾਡੇ ਤੋਂ ਇਹ ਉਮੀਦ ਨਹੀਂ ਸੀ। ਉਤੋਂ ਦੂਜੀ ਪਾਰਟੀ ਦੀ ਚੜ੍ਹ ਮਚ ਗਈ ਹੈ। ਉਹ ਮੈਨੂੰ ਥੱਲੇ ਲਾ ਕੇ ਹੁੱਬਦੇ ਹਨ। ਅਖੇ ਲਾ ਲਿਆ ਜ਼ੋਰ। ਇਹ ਕਿਓਂ 'ਸਰਕਾਰ' ਸਾਡੇ ਪਿੱਛੇ ਹੀ ਪੈ ਗਈ। ਕੀ ਵਿਗਾੜਿਆ। ਸਰਕਾਰ ਦਾ। ਸਾਡੇ ਨੇਤਾ ਵੀ ਚੁੱਪ ਹਨ।" ਗਰੀਬ ਦਾਸ ਵੀ ਚੁੱਪ ਹੋਇਆ।

"ਗ਼ਰੀਬ ਦਾਸ ਮੇਰੇ ਸਾਹਮਣੇ ਬੈਠਾ ਹੈ। ਉਹ ਮੇਰਾ ਕਲਾਇੰਟ ਹੈ। ਮੈਂ ਉਸ ਕੋਲੋਂ ਫੀਸ ਲਈ ਹੈ। ਮੈਨੂੰ



ਉਸ ਦੀ ਗੱਲ ਸੁਣਨੀ ਪੈ ਰਹੀ ਹੈ। ਮੈਨੂੰ ਉਸ ਦੀ ਗੱਲ ਸੁਣਨੀ ਪੈਣੀ ਹੈ। ਪਾਣੀ ਪਲਾਉਣਾ ਪੈਂਦਾ ਹੈ। ਚਾਹ ਪੁੱਛਣੀ ਪੈਂਦੀ ਹੈ। ਉਹ ਮੈਨੂੰ ਆਪਣਾ ਸਮਝਦਾ ਹੈ। ਪਰ ਮੈਂ...।

"ਕੀ ਕਰਾਂ ਗ਼ਰੀਬ ਦਾਸ ਉਸ ਦਿਨ ਤੇਰੇ ਸਾਹਮਣੇ ਕਿੰਨੀ ਬਹਿਸ ਕੀਤੀ ਜੱਜ ਕੋਲ ਕਿ ਸਟੇਅ ਤੋੜ ਦਿੱਤੀ ਜਾਵੇ ਕਿ ਅਸੀਂ ਤਾਂ ਪੰਜਾਹ ਸਾਲ ਤੋਂ ਹੱਡਾ ਰੋੜੀ ਦਾ ਕੰਮ ਕਰਦੇ ਆ ਰਹੇ ਹਾਂ ਓਦੋਂ ਏਥੇ ਜੰਗਲ ਸੀ ਨੇੜੇ ਤੇੜੇ ਕੋਈ ਪਰਿੰਦਾ ਵੀ ਨਹੀਂ ਸੀ। ਇਹ ਗਰੀਬਾਂ ਦਲਿਤਾਂ ਵਾਸਤੇ ਕਲੋਨੀ ਤਾਂ ਬੜੀ ਦੇਰ ਬਾਅਦ ਹੁਣ ਕਿਤੇ ਜਾ ਕੇ ਬਣਾਈ ਹੈ, ਜਿਨ੍ਹਾਂ ਨੂੰ ਹੁਣ ਸਾਡੇ ਚਮੜੇ 'ਚੋਂ ਬਦਬੋ ਆਉਂਦੀ ਹੈ। ਤੂੰ ਤਾਂ ਉਸ ਦਿਨ ਦੇਖਿਆ ਹੋਵੇਗਾ ਕਿ ਉਸ ਦਿਨ ਜੱਜ ਨੇ ਫਾਈਲ ਚੁੱਕ ਕੇ ਮਾਰੀ ਸੀ। ਜੱਜ ਨੇ ਕਿਹਾ ਸੀ ਕਿ ਸਟੇਅ ਚਾਲੂ ਰਹੇਗਾ ਇਹ ਪ੍ਰਦੂਸ਼ਣ ਦਾ ਮਾਮਲਾ ਹੈ। ਆਪਾਂ ਅਰਲੀ ਹੀਅਰਿੰਗ ਵਾਸਤੇ ਰੱਖ ਲੈਂਦੇ ਹਾਂ। ਲੱਗਿਆ ਜਿਵੇਂ ਜੱਜ ਨੂੰ ਫਾਈਲ ਵਿਚੋਂ ਬਦਬੂ ਆਈ ਅਤੇ ਉਸ ਨੇ ਡੇਢ ਮਹੀਨੇ ਦੀ ਲੰਮੀ ਤਰੀਕ ਪਾ ਦਿੱਤੀ ਅਤੇ ਫਾਈਲ ਚੁੱਕ ਕੇ ਮਾਰੀ...। ਅਗਲੀ ਤਰੀਕ ਤੋਂ ਪਹਿਲਾਂ ਜੱਜ ਬਦਲ ਗਿਆ ਤੇ ਰੀਡਰ ਨੇ ਦੋ ਮਹੀਨੇ ਦੀ ਤਰੀਕ ਪਾ ਦਿੱਤੀ ਤੇ ਅਜੇ ਕੇਸ ਦੀ ਸੁਣਵਾਈ ਹੋਣੀ ਹੈ। ਦੱਸ ਕੀ ਕਰੀਏ...?"

"ਗ਼ਰੀਬ ਦਾਸ ਫਿਰ ਬੋਲਣ ਲੱਗਾ, "ਵਕੀਲ ਸਾਹਿਬ ਤੁਸੀਂ ਤਾਂ ਮੇਰਾ ਦਰਦ ਸਮਝਦੇ ਹੋ। ਤੁਸੀਂ ਨਵੇਂ ਜੱਜ ਨੂੰ ਦੱਸੋ ਨਾ ਮੈਨੂੰ ਨਿਆਂ ਮਿਲੇ। ਪੰਜਾਹ ਸਾਲ ਹੋ ਗਏ ਜਦ ਇਹ ਜਗ੍ਹਾ ਖਰੀਦੀ ਸੀ। ਸੜਕ ਤੋਂ ਅੱਧਾ ਮੀਲ ਹਟ ਕੇ ਜੰਡਿਆਲੇ ਤੋਂ ਢਾਈ ਤਿੰਨ ਮੀਲ ਸਮਰਾਵਾਂ ਤੋਂ ਹਟਕੇ। ਸੱਜੇ ਹੱਥ ਵਾਲੇ ਪਿੰਡ ਤੋਂ ਵੀ ਦੂਰ। ਅਸੀਂ ਜਦ ਚਮੜਾ ਲਾਹੁੰਣ ਦਾ ਕੰਮ ਸ਼ੁਰੂ ਕੀਤਾ ਸੀ। ਸਾਡੇ ਵਡੇਰੇ ਵੀ ਇਹੋ ਕੰਮ ਕਰਦੇ ਸਨ। ਸਾਡਾ ਵੀ ਰੋਟੀ ਦਾ ਇਹੀ ਸਾਧਨ ਸੀ। ਹੁਣ ਤੱਕ ਟੱਬਰ ਪਾਲਿਆ ਹੁਣ ਕੋਈ ਅਫਸਰ ਗੱਲ ਸੁਣਨ ਨੂੰ ਤਿਆਰ ਹੀ ਨਹੀਂ। ਸਾਡਾ ਕੰਮ ਤਾਂ ਐਸ. ਡੀ. ਐਮ. ਨੇ ਸਭ ਤੋਂ ਪਹਿਲਾਂ ਖ਼ਰਾਬ ਕੀਤਾ ਅਖੇ ਜੀ ਸੰਤਾਂ ਨੇ 'ਪ੍ਰਦੂਸ਼ਣ' ਦੇ ਵਿਰੁਧ ਮੋਰਚਾ ਲਾਇਆ ਇਸ ਕਰਕੇ ਬੰਦ ਕਰੋ ਇਹ ਬਦਬੂ ਵਾਲਾ ਕੰਮ। ਭਲਾ ਇਹ ਦੱਸੋ ਬੰਦ ਹੋ ਗਿਆ ਪ੍ਰਦੂਸ਼ਨ ਵਾਲਾ ਕੰਮ ਆਹ ਸਾਰੇ ਜਲੰਧਰ ਦਾ ਗੰਦ ਮੰਦ ਸੀਵਰੇਜ ਵਿਚ ਆਉਣਾ ਟੱਟੀ ਪਸ਼ਾਬ ਏਸੇ ਬੇਈਂ ਵਿਚ ਆਉਂਦਾ ਕੀ ਸੰਤਾਂ ਨੇ ਬੰਦ ਕਰਵਾ ਲਿਆ। ਨਾਲੇ ਅਸਲੀ ਪ੍ਰਦੂਸ਼ਣ ਤਾਂ ਮਨਾਂ ਵਿਚ ਹੈ। ਮਨਾਂ ਵਿਚਲਾ ਜਾਤ, ਪਾਤ ਦਾ ਪ੍ਰਦੂਸ਼ਨ ਕੱਢਣਾ ਬਹੁਤ ਜ਼ਰੂਰੀ ਹੈ। ਸੰਤ ਏਧਰੋਂ ਕਿਓਂ ਚੁੱਪ ਹਨ। ਸਾਡੇ ਨੇੜੇ ਜਦ ਸਰਕਾਰ ਨੇ ਕਲੋਨੀ ਕੱਟੀ ਸੀ ਤਾਂ ਸਰਕਾਰ ਨੇ ਕਿਉਂ ਨਾ ਸੋਚਿਆ ਬਈ ਏਥੋਂ ਤਾਂ ਹੱਡਾਂ ਦੀ ਚਮੜੇ ਦੀ ਬਦਬੂ ਆਏਗੀ। ਦੋ ਦੋ ਮਰਲੇ ਦੇ ਪਲਾਟਾਂ ਵਿਚ ਘਰ ਬਣਾ ਕੇ ਦਿੱਤੇ। ਦੇਖੋ ਆਹ ਪਹਿਲਾਂ ਹਾਈ ਕੋਰਟ ਨੇ ਐਸ. ਡੀ. ਐਮ. ਦੇ ਹੁਕਮ ਰੱਦ ਕਰ ਦਿੱਤੇ। ਫਿਰ ਪਤਾ ਨਹੀਂ ਕਿਓ ਹੁਣ ਆਹ ਸਿਵਲ ਜੱਜ ਨੇ ਦੋ ਤਿੰਨ ਤਰੀਕਾਂ ਪਾ ਕੇ ਸਾਡਾ ਕੰਮ ਰੋਕ ਦਿੱਤਾ। ਅਖੇ ਸਟੇਅ ਹੋ ਗਿਆ। ਫਿਲੌਰ ਸਾਡਾ ਵਕੀਲ ਵੀ ਚੁੱਪ ਕੀਤਾ ਖੜ੍ਹਾ ਰਿਹਾ। ਮੈਨੂੰ ਤਾਂ ਲੱਗਦਾ ਹੁਣ ਤੁਹਾਨੂੰ ਸਾਰਿਆਂ ਨੂੰ ਹੀ ਮੇਰੇ ਕੋਲੋਂ ਬਦਬੂ ਆਉਂਦੀ ਹੈ।"

"ਕਿਥੇ ਜਾਈਏ ਹੁਣ ਕੀ ਕੰਮ ਕਰੀਏ। ਬਿਹਾਰੀ ਭਈਆਂ ਵਾਂਗ ਖੇਤਾਂ 'ਚ ਮਜਦੂਰੀ ਵੀ ਨਹੀਂ ਕਰ ਸਕਦੇ ਨਾ ਰਿਕਸ਼ਾ ਚਲਾ ਸਕਦੇ ਹਾਂ। ਪੁੱਛੋ ਕਿਸੇ ਜੱਜ ਨੂੰ ਜੇਕਰ ਕੋਈ ਲੈ ਕੇ ਮਦਦ ਕਰ ਦੇਵੇ।" ਗ਼ਰੀਬ ਦਾਸ ਨੇ ਜੇਬ ਵਲ ਆਪਣਾ ਹੱਥ ਵਧਾਇਆ।

"ਗ਼ਰੀਬ ਦਾਸ ਦੀ ਕਥਾ ਅਜੇ ਚੱਲਦੀ ਪਈ ਸੀ ਕਿ ਬਾਹਰ ਤੋਂ ਘੰਟੀ ਖੜਕੀ। ਸੋਚਿਆਂ ਕੋਈ ਨਵੇਂ ਕਲਾਇੰਟ ਹੋਣਗੇ। "ਆਓ ਜੀ" ਮੈਂ ਉਹਨਾਂ ਦਾ ਸਵਾਗਤ ਕੀਤਾ।

"ਜਨਾਬ ਅਸੀਂ ਪੁੱਡਾ ਦੇ ਦਫਤਰੋਂ ਆਏ ਹਾਂ।"

"ਪੁੱਡਾ ਜਾਣੀ ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ, ਪੰਜਾਬ ਸਰਕਾਰ ਵਾਲੀ।"

"ਹਾਂ ਜੀ ਠੀਕ ਪਹਿਚਾਣਿਆ। ਵਕੀਲ ਸਾਹਿਬ।" ਉਹਨਾਂ ਚੋਂ ਇਕ ਬੋਲਿਆ।

"ਹਾਂ ਜੀ ਜਨਾਬ ਸੇਵਾ।" ਏਨਾ ਕਹਿ ਮੈਂ ਪਾਣੀ ਲੈਣ ਲਈ ਉੱਠਿਆ।

"ਸੇਵਾ ਤਾਂ ਜਨਾਬ ਕੋਈ ਨਹੀਂ ਇਹ ਇਕ ਸ਼ਿਕਾਇਤ ਹੈ ਤੁਹਾਡੇ ਖ਼ਿਲਾਫ।"

"ਸ਼ਿਕਾਇਤ ਮੇਰੇ ਖ਼ਿਲਾਫ ...।" ਮੈ ਹੈਰਾਨ ਹੋਇਆ।

"ਹਾਂ ਜੀ ਸ਼ਿਕਾਇਤ ਤੁਹਾਡੇ ਖ਼ਿਲਾਫ।"

"ਕੀ ਹੈ ਜੀ ਸ਼ਿਕਾਇਤ ਕੌਣ ਹੈ ਸ਼ਿਕਾਇਤ ਕਰਤਾ, ਕੀ ਤਕਲੀਫ਼ ਹੋ ਗਈ?" ਮੈਂ ਕਿੰਨੇ ਹੀ ਸਵਾਲ ਕਰ ਦਿੱਤੇ।

"ਇਹ ਫਲੈਟ ਤੁਹਾਡਾ ਹੈ?"

"ਜੀ ਹਾਂ।"

"ਤੁਸੀਂ ਉਰਿਜਨਿਲ ਅਲਾਟੀ ਹੋ?"

"ਹਾਂ ਜੀ ਇਹ ਫਲੈਟ ਮੇਰਾ ਹੈ ਮੈਂ ਹੀ ਇਸ ਦਾ ਉਰਿਜਨਿਲ ਅਲਾਟੀ ਹਾਂ।"

"ਤੁਹਾਡੀ ਫਸਟ ਫਲੋਰ ਹੈ?"

"ਹਾਂ ਜੀ।"

"ਹੇਠਾ ਕੌਣ ਹੈ?"

"ਹੇਠਾ ਕੋਈ ਹੋਰ ਹੈ।" ਮੈਂ ਕਿਹਾ।

"ਕੀ ਗੱਲ ਤੁਹਾਡੀ ਉਹਦੇ ਨਾਲ ਬਣਦੀ ਨਹੀਂ?"

"ਨਹੀਂ ਐਸੀ ਗੱਲ ਨਹੀਂ ਸਾਡਾ ਕਦੀ ਕੋਈ ਬੋਲ ਵਿਗਾੜ ਨਹੀਂ ਹੋਇਆ।"

"ਐਥੇ ਕਦ ਤੋਂ ਹੋ ਤੁਸੀਂ ਵਕਾਲਤ ਕਦ ਤੋਂ ਕਰਦੇ ਹੋ।"

"ਵਕਾਲਤ ਹੁਣੇ ਸ਼ੁਰੂ ਕੀਤੀ ਹੈ ਪਹਿਲਾਂ ਮੈਂ ਨੌਕਰੀ 'ਚ ਸੀ।"

"ਬਸ ਫਿਰ ਤਦ ਹੀ ਸ਼ਿਕਾਇਤ ਵੀ ਹੁਣੇ ਹੀ ਆਈ ਹੈ। ਇਹ ਜਿਹੜਾ ਬਾਹਰ ਕੰਧ ਤੇ ਵੱਡਾ ਸਾਰਾ ਲਿਖਵਾ ਛੱਡਿਆ ਹੈ। ਚਲੋ ਨਾਂ ਤੱਕ ਤਾਂ ਠੀਕ ਹੈ ਅੱਗੇ ਮੋਟਾ ਮੋਟਾ ਐਮ. ਏ. ਐਲ. ਐਲ. ਬੀ., ਡੀ. ਪੀ. ਐਮ। ਫਿਰ ਤੁਹਾਡੀ ਲੜਕੀ ਵੀ ਵਕੀਲ ਹੈ। ਲੜਕਾ ਡਾਕਟਰ। ਇਹ ਸਾਡੇ ਕੋਲ ਤੁਹਾਡੇ ਹੇਠਾਂ ਵਾਲੇ ਦੀ ਸ਼ਿਕਾਇਤ ਹੈ ਕਿ ਇਹ ਫਲੈਟ ਕਮਰਸ਼ੀਅਲ ਪਰਪਜ਼ ਲਈ ਵਰਤਿਆ ਜਾ ਰਿਹਾ ਹੈ।" ਪੁੱਡਾ ਵਾਲਾ ਅਧਿਕਾਰੀ ਹੇਠਾਂ ਵਾਲੇ ਦੀ ਸ਼ਕਾਇਤ ਦੱਸ ਕੇ ਚੁੱਪ ਜਿਹਾ ਕਰ ਗਿਆ।

"ਪਰ ਇਹ ਹੇਠਾਂ ਵਾਲਾ ਤਾਂ ਬੰਦਾ ਆਜੇਹਾ ਨਹੀਂ ਉਹ ਤਾਂ ਕਈ ਵਾਰ ਮੇਰੇ ਕੋਲ ਕਈ ਮਾਮਲਿਆਂ ਵਿਚ ਸਲਾਹ ਲੈਣ ਆਇਆ ਹੈ। ਸ਼ਿਕਾਇਤ ਕਿਸੇ ਹੋਰ ਨੇ ਕੀਤੀ ਹੋਵੇਗੀ।" ਇਹ ਕਹਿ ਮੈਂ ਪਰੇਸ਼ਾਨੀ 'ਚੋਂ ਨਿਕਲਣ ਦਾ ਯਤਨ ਕੀਤਾ।

"ਨਹੀਂ ਜੀ ਅਸੀਂ ਉਸ ਨੂੰ ਮਿਲਕੇ ਆਏ ਹਾਂ। ਬਲਕਿ ਉਹ ਤਾਂ ਸੜਿਆ ਭੁੱਜਿਆ ਬੈਠਾ।" ਅਧਿਕਾਰੀ ਬੋਲਿਆ।

"ਪਰ ਇਹ ਆਪਣਾ ਨਾਂ ਤੇ ਮੈਂ ਆਪਣੇ ਫਲੈਟ ਦੇ ਬਾਹਰ ਲਿਖਿਆ। ਉਸ ਨੂੰ ਇਸ ਬਾਰੇ ਕੀ ਤਕਲੀਫ਼ ਹੋ ਸਕਦੀ ਹੈ। ਦੂਸਰਾ ਕੀ ਕੋਈ ਸਰਕਾਰ ਦੇ ਰੂਲਾਂ ਦੀ ਉਲੰਘਣਾ ਹੋਈ ਹੈ। ਕਿਸੇ ਵੀ ਤਰ੍ਹਾਂ ਦੀ। ਮੈਂ ਵਕੀਲ ਹਾਂ। ਮੈਂ ਆਪਣੇ ਘਰ ਵਿਚ ਰਹਿੰਦਾ ਹਾਂ ਮੈਂ ਆਪਣੇ ਘਰ ਦੇ ਬਾਹਰ ਆਪਣਾ ਨਾਂ ਲਿਖਵਾ ਸਕਦਾ ਹਾਂ। ਮੇਰੀਆਂ ਡਿਗਰੀਆਂ ਜਾਹਲੀ ਨਹੀਂ ਹਨ। ਪਰ ਉਹ ਬੰਦਾ ਡੋਡੇ ...।" ਮੈਂ ਬੋਲਦਾ ਹੋਇਆ ਰੁੱਕਿਆ।

"ਉਹ ਜਨਾਬ ਛੱਡੋ ਅਸੀਂ ਤੁਹਾਡੇ ਬਾਰੇ ਸਾਰੀ ਗਲੀ ਵਿਚੋਂ ਪਤਾ ਕਰ ਆਏ ਹਾਂ ਤੇ ਉਹਦੇ ਬਾਰੇ ਵੀ, ਤੁਸੀਂ ਫਿਕਰ ਨਾ ਕਰੋ ਕਈ ਬੰਦੇ ਹੁੰਦੇ ਹਨ ਘਟੀਆ ਸੋਚ ਦੇ।"

"ਸ਼ਿਕਾਇਤ ਦਿਖਾਓਗੇ ...।" ਮੈਂ ਕਿਹਾ ਉਹ ਛੱਡੋ ਜੀ ਕੀ ਕਰੋਗੇ ਅਸੀਂ ਬਹੁਤ ਫਿਟ ਲਾਅਣਤ ਪਾਈ ਉਸ ਨੂੰ ਬਹੁਤ ਸਮਝਾਇਆ ਯਾਰ ਮਿਲਵਰਤਨ ਥੋੜਾ ਬਹੁਤਾ ਰੱਖੋ। ਲੜਾਈ ਝਗੜਿਆ ਤੋਂ ਕੀ ਲੈਣਾ। ਉਹ ਬੰਦਾ ਰੋਣ ਹੀ ਲੱਗ ਪਿਆ।"

"ਪਤਾ ਜੀ ਕੀ ਕਹਿਣ ਲੱਗਿਆ।"

"ਹਾਂ ਜੀ।" ਮੇਰੀ ਉਤਸਕਤਾ ਜਾਗੀ।

"ਕਹਿੰਦਾ ਨਾ ਲਿਖਵਾ ਲਿਆ ਹੁੰਦਾ ਤਾਂ ਠੀਕ ਸੀ ਆਹ ਜਿਹੜੀਆਂ ਏਨੀਆਂ ਮੋਟੀਆਂ ਮੋਟੀਆਂ ਕਰਕੇ ਸਾਰੇ ਟੱਬਰ ਦੀਆਂ ਡਿਗਰੀਆਂ ਲਿਖਵਾ ਲਈਆਂ- ਐਮ. ਏ., ਐਲ. ਐਲ. ਬੀ. ਫਿਰ ਐਲ. ਐਲ.



ਬੀ. ਐਲ. ਐਲ. ਐਮ. ਬੀ. ਡੀ. ਐਸ. ਇਸ ਨੇ। ਤਾਂ ਕਹਿਣ ਲੱਗਾ ਸਾਡੀ ਆਈਡੈਂਟਇਟੀ ਹੀ ਖਤਮ ਕਰ ਦਿੱਤੀ। ਸਾਡਾ ਤਾਂ ਸਮਝੋ ਹਵਾ ਪਾਣੀ ਬੰਦ ਹੋ ਗਿਆ ਅਸੀਂ ਤਾਂ ਸਭ ਜ਼ੀਰੋ ਹੋ ਗਏ।"

"ਹੋਰ ਸੁਣੋ ਜੀ।" ਪੁੱਡਾ ਵਾਲਾ ਦੂਜਾ ਅਧਿਕਾਰੀ ਕਹਿਣ ਲੱਗਾ, "ਦੇਖੋ ਜੀ ਸਾਲੇ ਇਹ ਨੀਵੀਆਂ ਲੋਅਰ ਕਾਸਟਾਂ ਵਾਲੇ ਬੰਦੇ ਚਾਰ ਅੱਖਰ ਪੜ੍ਹ ਕੀ ਗਏ। ਸਰਕਾਰਾਂ ਦੀ ਮੇਹਰ ਬਾਨੀ ਹੋ ਗਈ ਹੁਣ ਇਹ ਸਾਡੇ ਸਿਰਾਂ ਤੇ ਬੈਠ ਕੇ ਵੱਡੇ ਵੱਡੇ ਬੋਰਡ ਲਿਖਵਾ ਕੇ ਸਾਡੀ ਛਾਤੀ ਤੇ ਤੇਲ ਮਲਣ ਵਾਲੀ ਗੱਲ ਹੈ। ਫਿਰ ਉਹ ਕਹਿੰਦਾ ਜੀ ਬੋਰਡ ਲਖਾਉਣ ਲਾਗਿਆ ਸਾਨੂੰ ਪੁੱਛਿਆ ਤੱਕ ਨਹੀਂ। ਸ਼ਿਕਾਇਤ ਵਿਚ ਤਾਂ ਦਮ ਨਹੀਂ ਅਸੀਂ ਫਾਈਲ ਕਰ ਹੀ ਦਿਆਂਗੇ ਪਰ ਤੁਸੀਂ ਫਿਰ ਵੀ ਉਹਨਾਂ ਨਾਲ ਗੱਲ ਕਰ ਲਿਓ।"

"ਏਨਾ ਕਹਿ ਪੁੱਡਾ ਵਾਲੇ ਅਧਿਕਾਰੀ ਜਾਣ ਲਈ ਉਠੇ। ਮੈਂ ਉਹਨਾਂ ਨੂੰ ਬਾਹਰ ਤੱਕ ਛੱਡ ਕੇ ਵਾਪਸ ਆਇਆ।

"ਗ਼ਰੀਬ ਦਾਸ ਨੇ ਖੰਘੂਰਾ ਮਾਰਕੇ ਗਲਾ ਸਾਫ ਕੀਤਾ। ਉਸ ਦਾ ਚੇਹਰਾ ਖਿੜਿਆ ਜਿਹਾ ਲੱਗਿਆ , ਮੈਨੂੰ ਤਾਂ ਲੱਗਦਾ ਕਿ ਏਥੇ ਸ਼ਹਿਰ ਵਿਚ ਹਾਲਤ ਤੁਹਾਡੀ ਵੀ ਕੋਈ ਵਧੀਆ ਨਹੀਂ ਅਸੀਂ ਤਾਂ ਸੋਚਦੇ ਸੀ ਕਿ ਸ਼ਹਿਰਾਂ 'ਚ ਵਧੀਆ ਹੈ। ਪਿੰਡਾਂ ਵਿਚ ਹੀ ਲੋਕ ਨਰਕ ਭੋਗਦੇ ਹਨ। ਸਾਡੇ ਤਾਂ ਉਥੇ ਚਮੜੇ ਦੀ ਬਦਬੂ ਆਉਂਦੀ ਹੈ ਪਰ ਮੈਨੂੰ ਤਾਂ ਲਗਦਾ ਏਥੇ ਤੁਹਾਡੇ ਆਲੇ ਦੁਆਲੇ ਦੇ ਲੋਕਾਂ ਨੂੰ ਤੁਹਾਡੀਆਂ ਡਿੱਗਰੀਆਂ ਦੀ ਬਦਬੂ ਆਉਂਦੀ ਹੈ।" ਉਹ ਬੋਲਿਆ।

"ਬਦਬੂ ਤਾਂ ਬਦਬੂ ਹੈ ਗ਼ਰੀਬ ਦਾਸ ਚਾਹੇ ਚਪੜੇ ਦੀ ਹੋਵੇ ਚਾਹੇ ਡਿੱਗਰੀਆਂ ਦੀ, ਬਦਬੂ ਕਾਹਦੀ ਹੈ-ਸਵਾਲ ਹੈ ਕਿਸਨੂੰ ਹੈ ਬਦਬੂ ਤੇ ਕਾਹਦੀ?"

"ਹੱਦ ਹੀ ਹੋ ਗਈ ਬਈ ਆਪਣੇ ਘਰ ਦੇ ਬਾਹਰ ਬੰਦਾ ਆਪਣਾ ਨਾਂ ਵੀ ਨਹੀਂ ਲਿਖ ਸਕਦਾ ਤੇ ਨਾ ਹੀ ਡਿਗਰੀਆਂ।"

"ਗ਼ਰੀਬ ਦਾਸ ਮੁਸਕਰਾ ਰਿਹਾ ਸੀ। ਉਹ ਜਿਵੇਂ ਆਪਣੇ ਆਪ ਚੋਂ ਬਾਹਰ ਨਿਕਲਿਆ ਹੋਵੇ। ਗ਼ਰੀਬ ਦਾਸ ਸਿਆਣਾ ਜਿਹਾ ਲੱਗਿਆ ਮੈਨੂੰ ਉਸ ਤੋਂ ਬਦਬੂ ਆਉਣੋ ਹੱਟ ਗਈ ਨਹੀਂ ਤਾਂ ਜਦ ਉਹ ਆਇਆ ਸੀ ਤਾਂ ਉਸ ਕੋਲੋਂ ਬਦਬੂ ਆ ਰਹੀ ਸੀ।

ਅਸੀਂ ਚੁੱਪ ਕਰ ਗਏ।

"ਦੇਖਿਆ ਗ਼ਰੀਬ ਦਾਸ?"

"ਦੇਖ ਲਿਆ ਜੀ... ਦੇਖਿਆ ਹੀ ਨਹੀਂ ਸਭ ਕੁਝ ਸੁਣ ਵੀ ਲਿਆ। ਮੈਂ ਇਕੱਲਾ ਨਹੀਂ ਤੁਸੀਂ ਵੀ ਇਕੱਲੇ ਨਹੀਂ ਸਾਡੇ ਪਿੰਡੋਂ ਤਾਂ ਮੇਰੇ ਚਪੜੇ ਦੀ ਬਦਬੂ ਆਉਂਦੀ ਹੈ ਪਰ ਆਹ ਤਾਂ ਮੈਨੂੰ ਤੁਹਾਡੀਆਂ ਕਚਹਿਰੀਆਂ 'ਚੋਂ ਵੀ ਬਦਬੂ ਆਉਂਦੀ ਹੈ ਆ ਅੱਜ ਨਵੀਂ ਗੱਲ ਸੁਣ ਲਈ। ਤੁਹਾਡੀਆਂ ਡਿਗਰੀਆਂ ਦੀ ਬਦਬੂ। ਵਾਹ-ਰੇ ਮੈਨੂੰ ਤਾਂ ਪੂਰੇ ਹਿੰਦੋਸਤਾਨ 'ਚੋਂ ਬਦਬੂ ਨਜ਼ਰ ਆ ਰਹੀ ਹੈ। " ਗਰੀਬ ਦਾਸ ਜਾਣ ਲਈ ਖੜਾ ਹੋਇਆ।

"ਅਗਲੀ ਤਰੀਕ ਤੇ ਕੁਝ ਕਰੋ ਜੇ ਸਟੇਅ ਟੁੱਟ ਜਾਵੇ।" ਗ਼ਰੀਬ ਦਾਸ ਮੁਸਕਰਾਇਆ।

"ਚਿੰਤਾ ਨਾ ਕਰ ਗ਼ਰੀਬ ਦਾਸ ਆਪਾਂ ਲੜਾਂਗੇ।"

"ਉਹ ਤਾਂ ਮੈਨੂੰ ਪਤਾ ਤੁਸੀਂ ਲੜ ਹੀ ਰਹੇ ਹੋ, ਪਤਾ ਨਹੀਂ ਕਿੱਥੇ ਕਿੱਥੇ ਇਹ ਵੀ ਅੱਜ ਪਤਾ ਲੱਗਿਆ। ਸਾਡੇ ਚਮੜੇ ਦੀ ਕੋਈ ਗੱਲ ਨਹੀਂ ਤੁਸੀਂ ਆਪਣੀਆਂ ਡਿਗਰੀਆਂ ਸੰਭਾਲਕੇ ਰੱਖਣਾ ਵਕੀਲ ਸਾਹਿਬ। ਇਹ ਡਿੱਗਰੀਆਂ ਬੜੀ ਮੇਹਨਤ ਨਾਲ ਮਿਲਦੀਆਂ ਹਨ। ਬਹੁਤ ਮੇਹਨਤ ਕਰਨੀ ਪੈਂਦੀ ਹੈ। ਚਮੜੇ ਦਾ ਕੀ ਹੈ, ਜਿਨ੍ਹਾਂ ਦੇ ਮਰਨਗੇ ਬਦਬੂ ਆਏਗੀ ਤਾਂ ਆਪੇ ਆਵਾਜ਼ਾਂ ਮਾਰਨਗੇ। ਚੁੱਕਣ ਲਈ ਪਰ ਜਿਨ੍ਹਾਂ ਨੂੰ ਤੁਹਾਡੀਆਂ ਡਿਗਰੀਆਂ ਤੋਂ ਬਦਬੂ ਆਉਂਦੀ ਹੈ ਉਹਨਾਂ ਤੋਂ ਬਚਣਾ।" ਏਨਾ ਕਹਿ ਗਰੀਬ ਦਾਸ ਉੱਠਿਆ ਤੇ ਚਲਾ ਗਿਆ।

**ਪਤਾ- ਐਚ. ਐਮ. 142, ਹਾਉਸਿੰਗ ਬੋਰਡ ਕਲੋਨੀ, ਅਰਬਨ ਇਸਟੇਟ-1, ਜਲੰਧਰ**
**ਮੁਬਾਇਲ-98884-05888**

## ਕਹਾਣੀ / ਹੁਣ ਅਸੀਂ ਠੀਕ-ਠਾਕ ਹਾਂ / ਬਲਬੀਰ ਕੌਰ ਸੰਘੇੜਾ

ਅਮੀਨਾ ਨੂੰ ਹਸਪਤਾਲ ਦੇ ਕੰਮ ਤੋਂ ਦਸਾਂ ਦਿਨਾਂ ਬਾਅਦ ਛੁੱਟੀ ਮਿਲੀ ਸੀ। ਉਹ ਵੀ ਪੂਰੇ ਤਿੰਨਾਂ ਦਿਨਾਂ ਦੀ। ਉਸਦੀ ਸ਼ਿਫ਼ਟ ਵੀ ਅਹੁੜੀ ਜਿਹੀ ਸੀ। ਰਾਤ ਨੂੰ ਦਸ ਵਜੇ ਕੰਮ ਸ਼ੁਰੂ ਕਰਨਾ ਅਤੇ ਸਵੇਰੇ ਅੱਠ ਵਜੇ ਰਾਹਤ ਮਿਲਣੀ। ਕਦੀ ਉਹ ਇਸ ਸ਼ਿਫ਼ਟ ਨੂੰ ਪਸੰਦ ਕਰਦੀ ਅਤੇ ਕਦੀ ਇਸਤੋਂ ਅੱਕ-ਥੱਕ ਜਾਂਦੀ। ਉਹ ਜਦੋਂ ਥੱਕੀ-ਟੁੱਟੀ ਘਰ ਵੜਦੀ ਤਾਂ ਦਿਨ ਦੀ ਲੋਅ ਵਿਚ ਉਸਨੂੰ ਨੀਂਦ ਨਾ ਆਉਂਦੀ। ਖਾਸ ਤੌਰ ’ਤੇ ਗਰਮੀਆਂ ਦੇ ਦਿਨਾਂ ’ਚ, ਜਦੋਂ ਲੋਹੜੇ ਦੀ ਗਰਮੀ ਪੈਂਦੀ। ਚਮਕਦੀ ਧੁੱਪ ਪਰਦਿਆਂ ਦੇ ਬੰਦ ਕਰਨ ਨਾਲ਼ ਵੀ, ਝੀਥਾਂ ਵਿਚੀਂ ਝਾਤੀਆਂ ਮਾਰਦੀ। ਉਸਦਾ ਉੱਸਲਵੱਟੇ ਲੈਂਦੀ ਦਾ, ਜਿਸਮ ਥੱਕ-ਟੁੱਟ ਜਾਂਦਾ। ਉਹ ਉੱਠਦੀ ਅਤੇ ਕੌਫ਼ੀ ਦੀ ਪਿਆਲੀ ਬਣਾ ਕੇ, ਆਪਣੀ ਸਿਲਵਰ ਦੀ ਟਰੇ ਵਿਚ ਕੌਫ਼ੀ ਪੌਟ ਸਜਾ ਕੇ, ਖੰਡ ਅਤੇ ਦੁੱਧ ਵਾਲੇ ਭਾਂਡੇ ਨਾਲ਼ ਰੱਖਕੇ, ਬਾਹਰ ਪੋਰਚ (ਵਰਾਂਢੇ) ਵਿਚ ਆ ਬੈਠਦੀ। ਗਰਮੀ ਦੀ ਰੁੱਤ ਵਿੱਚ ਵੀ ਉਹ ਗਰਮ ਕੌਫ਼ੀ ਪੀਂਦੀ। ਠੰਡਾ ਪੀਣ ਦੀ ਉਸਦੀ ਆਦਤ ਬਣੀ ਹੀ ਨਾ। ਉਹ ਕਾਲ਼ੀ ਕੌਫ਼ੀ ਦੀਆਂ ਚੁਸਕੀਆਂ ਭਰਦੀ ਤੇ, ਕੋਈ ਰੁਮਕਦੀ ਹਵਾ ਦਾ ਬੁੱਲਾ, ਉਸ ਨਾਲ਼ ਖਰਮਸਤੀ ਕਰਦਾ ਲੰਘ ਜਾਂਦਾ। ਅੰਦਰਲੇ ਹੁੰਮ ਨਾਲ਼ੋਂ ਉਸਨੂੰ ਪੋਰਚ ਵਿੱਚ ਬੈਠਣਾ ਚੰਗਾ-ਚੰਗਾ ਲਗਦਾ। ਇੱਥੇ ਉਹ ਆਉਂਦੀ ਜਾਂਦੀ ਦੁਨੀਆਂ ਨੂੰ ਦੇਖ ਸਕਦੀ ਸੀ। ਪੋਰਚ ਦੇ ਆਲ਼ੇ-ਦੁਆਲ਼ੇ ਉਗਾਏ ਹੋਏ ਫੁੱਲਾਂ ਨੂੰ ਵੀ ਉਹ ਦੇਖਦੀ ਅਤੇ ਉਨ੍ਹਾਂ ਦਾ ਆਨੰਦ ਮਾਣਦੀ। ਉਨ੍ਹਾਂ ਨਾਲ਼ ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ, ਜਿਵੇਂ ਉਹ ਉਸਦੇ ਧੀਆਂ-ਪੁੱਤ ਹੋਣ। ਕੋਈ ਆਂਢ-ਗੁਆਂਢ ਦਾ ਬੰਦਾਜ ਦੋਂ ਉਸਨੂੰ ਮਿਲ ਪੈਂਦਾ ਤਾਂ ਉਹ ਉਸ ਨਾਲ਼ ਗੱਲੀਂ-ਬਾਤੀਂ ਰੁੱਝ ਜਾਂਦੀ, ਦੁੱਖ-ਸੁੱਖ ਸੁਣਦੀ ਅਤੇ ਫਰੋਲਦੀ। ਅਮੀਨਾ ਦੀ ਗੁਆਂਢਣ ‘ਮੈਗੀ’ ਆਪਣਾ ਕੁੱਤਾ ਲੈ ਕੇ ਹਰ ਰੋਜ਼ ਤੁਰਨ ਜਾਂਦੀ। ਜਦੋਂ ਵਾਪਿਸ ਪਰਤਦੀ ਤਾਂ ਅਮੀਨਾ ਨਾਲ਼ ਗੱਲੀਂ ਜੁੱਟ ਜਾਂਦੀ। ਕਈ ਵੇਰਾਂ ਗੱਲਾਂ ਕਰਦਿਆਂ ਦੁਪੈਹਿਰਾ ਹੋ ਜਾਂਦਾ। ਫੇਰ ਕੋਈ ਹੋਰ ਗੁਆਂਢਣ ਆ ਟਪਕਦੀ ਤੇ ਉਨ੍ਹਾਂ ਦੀਆਂ ਜਿਵੇਂ ਗੱਲਾਂ ਨਾ ਮੁੱਕਦੀਆਂ। ਅਮੀਨਾ ਗੱਲਾਂ ਕਰਦੀ-ਕਰਦੀ ਕਦੀ ਜੰਗਲੇ ਕੋਲ ਆਣ ਖੜਦੀ ਅਤੇ ਕਦੀ ਆਪਣੀ ਕੁਰਸੀ ’ਚ ਆ ਬੈਠਦੀ।

ਜਦੋਂ ਧੁੱਪ ਰੀਣ-ਰੀਣ ਕਰਕੇ ਵਰਾਂਢੇ ਦੀਆਂ ਪੌੜੀਆਂ ਚੜ੍ਹਦੀ ਹੋਈ ਅਮੀਨਾ ਦੇ ਦੁੱਧ ਚਿੱਟੇ ਪੈਰਾਂ ਨੂੰ ਚੁੰਮਦੀ ਤਾਂ ਉਹ ਧੁੱਪ ਦੀ ਤਪਸ਼ ਝੱਲ ਨਾ ਸਕਦੀ ਅਤੇ ਮੈਗੀ ਨੂੰ ਜਾਂ ਹੋਰਨਾਂ ਗੁਆਂਢਣਾਂ ਨੂੰ ‘ਗੁੱਡ-ਬਾਏ’ ਕਰਦੀ ਹੋਈ ਆਪਣੇ ਘਰ ਦੇ ਅੰਦਰ ਆ ਵੜਦੀ। ਫੈਮਿਲੀ ਰੂਮ ਵਿਚ ਵੜਦਿਆਂ ਉਹ ਟੈਲੀਵੀਯਨ ਦਾ ਬਟਨ ਦੱਬ ਦਿੰਦੀ। ਟੀ.ਵੀ. ਔਨ ਕਰਨ ਨਾਲ਼ ਘਰ ਅਵਾਜ਼ ਨਾਲ਼ ਭਰ ਜਾਂਦਾ ਅਤੇ ਉਸਨੂੰ ਮਹਿਸੂਸ ਹੋਣ ਲੱਗ ਪੈਂਦਾ ਜਿਵੇਂ ਉਹ ਘਰ ਵਿੱਚ ਇੱਕਲੀ ਨਾ ਹੋਵੇ। ... ਤੇ ਫੇਰ ਉਹ ਟੈਲੀਵੀਯਨ ਦੀ ਦੁਨੀਆਂ ਨਾਲ਼ ਜੁੜਨਾ ਵੈਸੇ ਹੀ ਪਸੰਦ ਕਰਦੀ ਸੀ, ਜਿਸ ਨਾਲ਼ ਉਸਨੂੰ ਹਰ ਖ਼ਬਰ ਦਾ ਪਤਾ ਲੱਗ ਜਾਂਦਾ ਸੀ। ਜਿਵੇਂ ਸਾਰੀ ਦੁਨੀਆਂ ਸਿਮਟ ਕੇ ਉਸਦੇ ਘਰ ਅੰਦਰ ਬੰਦ ਹੋ ਗਈ ਹੋਵੇ।

ਅਮੀਨਾ ਬੱਚਿਆਂ ਨੂੰ ਵੀ ਹਫ਼ਤੇ ਬਾਅਦ ਹੀ ਦੇਖ ਸਕਦੀ ਸੀ। ਉਸਦੇ ਵੱਡੇ ਦੋਨੋਂ ਪੁੱਤਰ ‘ਸ਼ੈਨਨ’ ਅਤੇ ‘ਕਿਨਨ’ ਆਪਣੇ ਕੰਮਾਂ-ਕਾਰਾਂ ਜਾਂ ਪਾਰਟ ਟਾਈਮ ਕਾਲਜ ਚਲੇ ਜਾਂਦੇ। ਛੋਟੇ ਦੋਨੋਂ ‘ਅਹਿਮਦ’ ਅਤੇ ‘ਅਲੀ’ ਸਕੂਲ ਵੀ ਆਪ ਹੀ ਤਿਆਰ ਹੋ ਕੇ ਜਾਂਦੇ। ਅਮੀਨਾ ਨੇ ਮੁੱਢ ਤੋਂ ਉਨ੍ਹਾਂ ਨੂੰ ਆਦਤ ਪਾ ਦਿੱਤੀ ਸੀ ਕਿ ਉਹ ਆਪਣਾ ਕੰਮ ਆਪ ਕਰਨ। ਘਰ ਵਿਚ ਜਿਵੇਂ ਅਨੁਸਾਸ਼ਨ ਚਲਦਾ ਸੀ। ਹਰ ਕੋਈ ਲੋੜ ਅਨੁਸਾਰ ਆਪਣਾ ਕੰਮ ਆਪ ਸਾਂਭਦਾ ਸੀ। ਜੇ ਕਰ ਕਿਸੇ ਛੋਟੇ ਬੱਚੇ ਦਾ ਕੰਮ ਹੋਵੇ ਤਾਂ ਵੱਡਿਆਂ ਦੀ ਜਿੰਮੇਵਾਰੀ ਬਣਦੀ ਸੀ ਕਿ ਜਿਹੜਾ ਬੰਦਾ ਵੀ ਘਰ ਹੋਵੇ ਉਹੋ ਹੀ ਸਾਂਭ-ਸੰਭਾਲ ਕਰੇ। ਅਹਿਮਦ ਤੇਰ੍ਹਾਂ ਵਰਿਆਂ ਦਾ ਹੋ ਗਿਆ ਸੀ ਪਰ ਛੋਟਾ ਅਲੀ ਮਸਾਂ ਛੇਆਂ-ਸੱਤਾਂ ਵਰ੍ਹਿਆਂ ਦਾ ਸੀ। ਅਲੀ ਦਾ ਗੋਭਲਾ ਜਿਹਾ ਚਿਹਰਾ, ਮੋਟੀਆਂ-ਮੋਟੀਆਂ ਅੱਖਾਂ ਜਿਵੇਂ ਅਮੀਨਾ ਦੇ ਧੁਰ ਅੰਦਰ ਤੱਕ ਖੁੱਭਿਆ ਘੁੰਮਦਾ ਰਹਿੰਦਾ। ਅਲੀ ਨੂੰ ਆਪਣੇ ਹੱਥੀ ਤਿਆਰ ਕਰਕੇ ਸਕੂਲ ਨਾ ਛੱਡ ਸਕਣ ਦੀ ਧੁਖ-ਧੁਖੀ ਵੀ ਅਮੀਨਾ ਦੇ ਅੰਦਰ ਨੂੰ ਕੁਰੇਦਦੀ ਰਹਿੰਦੀ।



ਭਾਵੇਂ ਬੱਚੇ ਡਸਿਪਲਿਨ ਅਨੁਸਾਰ ਚੱਲਦੇ ਪਰ ਉਸਦੇ ਅੰਦਰ ਅਲੀ ਦੀਆਂ ਲੋੜਾਂ ਸ਼ੋਰ ਮਚਾਉਂਦੀਆਂ ਰਹਿੰਦੀਆਂ। ਉਹ ਮਹਿਸੂਸ ਕਰਦੀ ਜਿਵੇਂ ਉਹ ਮਾਂ ਦਾ ਕਰਤੱਵ ਨਾ ਨਿਭਾਅ ਰਹੀ ਹੋਵੇ। ਉਸਦਾ ਔਰਤਤਵ ਅਧੂਰਾ-ਅਧੂਰਾ ਹੀ ਰਹਿੰਦਾ ਹੋਵੇ। ਉਸਦਾ ਪਤੀ ‘ਹਬੀਬ’ ਅਕਸਰ ਉਸਨੂੰ ਆਖਦਾ, “ਭਲੀਏ ਲੋਕੇ ! ਇਹ ਕੈਨੇਡਾ ਹੈ। ਇੱਥੇ ਜ਼ਿੰਦਗੀ ਏਸੇ ਤਰ੍ਹਾਂ ਚੱਲਣੀ ਐ। ਘਰ-ਘਾਟ ਏਸੇ ਤਰ੍ਹਾਂ ਬਣਨੈ। ਮੇਰਾ ਕਿਹੜਾ ਦਿਲ ਕਰਦੈ ਕਿ ਬੱਚਿਆਂ ਨੂੰ ਰੋਲ਼ਾਂ। ਫੇਰ ਦੇਖ ਆਪਣੇ ਆਲ਼ੇ-ਦੁਆਲ਼ੇ ਕਿੰਨੇ ਲੋਕ ਹਨ ਜਿਹੜੇ ਸਾਥੋਂ ਵੀ ਔਖੇ ਹਨ।”

ਹਬੀਬ ਦੀ ਗੱਲ ਸੁਣ ਕੇ ਅਮੀਨਾ ਚੁੱਪ ਕਰ ਜਾਂਦੀ। ਪਰ ਮਾਂ ਦੀ ਮਮਤਾ ਜਿਵੇਂ ਦਮ ਤੋੜ ਰਹੀ ਹੁੰਦੀ। ਨਿੱਕੇ-ਨਿੱਕੇ ਕੰਮ ਜੋ ਉਹ ਆਪਣੇ ਪੁੱਤਰਾਂ ਵਾਸਤੇ, ਆਪਣੇ ਹੱਥੀਂ ਕਰਨਾ ਲੋਚਦੀ ਸੀ, ਉਹ ਕਰ ਨਾ ਸਕਦੀ। ਉਸ ਵੇਲੇ ਉਹ ਆਪਣੇ ਸਾਮ੍ਹਣੇ ਘਰ ਵੱਸਦੀ ਕਰਿਸਟੀਨਾ ਨੂੰ ਚੇਤੇ ਕਰਦੀ। ਕਰਿਸਟੀਨਾ ਇੱਕਲੀ ਰਹਿੰਦੀ ਸੀ। ਬਚਪਨ ਵਿਚ ਹੀ ਉਹ ਆਪਣੀ ਮਾਂ ਨਾਲ਼ ਪੋਲੈਂਡ ਤੋਂ ਕੈਨੇਡਾ ਆਈ ਸੀ। ਕੈਨੇਡਾ ਵਿਚ ਪਲ਼ੀ ਵੱਡੀ ਹੋਈ ਕਰਿਸਟੀਨਾ ਨੇ ਵਿਆਹ ਵੀ ਕਨੇਡੀਅਨ ਮੁੰਡੇ ‘ਹੈਰੀ’ ਨਾਲ਼ ਕਰਾਇਆ ਸੀ। ਪਰ ਹੁਣ ਉਸਨੂੰ ਇਕੱਲੀ ਨੂੰ ਘਰ-ਘਾਟ ਸਾਂਭਣ ਦੀ ਚਿੰਤਾ ਹੋ ਗਈ ਸੀ। ਉਸਦੀ ਮਾਂ ਵੀ ਕੁੱਝ ਵਰ੍ਹੇ ਪਹਿਲਾਂ ਉਸਦਾ ਸਾਥ ਛੱਡ ਕੇ ਰੱਬ ਦੇ ਘਰ ਚਲੀ ਗਈ ਸੀ ਅਤੇ ਉਸਦਾ ਆਦਮੀ ਕਿਸੇ ਹੋਰ ਜੁਆਨ ਕੁੜੀ ਦੇ ਚੱਕਰ ਵਿਚ ਉਸ ਤੋਂ ਅੱਡ ਹੋ ਗਿਆ ਸੀ। ਕਰਿਸਟੀਨਾ ਦੇ ਦੋ ਬੱਚੇ ਸਨ ਜਿਨ੍ਹਾਂ ਨੂੰ ਉਹ ਇਕੱਲੀ ਪਾਲ਼ ਰਹੀ ਸੀ। ਉਸਦੀ ਧੀ ‘ਸੈਰਾ’, ‘ਅਲੀ’ ਦੀ ਉਮਰ ਦੀ ਸੀ। ‘ਸੈਰਾ’ ਅਤੇ ‘ਅਲੀ’ ਦੋਨੋਂ ਇਕੱਠੇ ਖੇਡਦੇ। ਡਰਾਈਵ ਵੇਅ ਵਿਚ ਅੱਡੇ-ਖੱਡੇ ਬਣਾਉਂਦੇ।

ਉਸ ਦਿਨ ਪੋਰਚ ਵਿਚ ਬੈਠਿਆਂ ਜਦੋਂ ਅਮੀਨਾ ਦੀ ਨਜ਼ਰ ਡਰਾਇਵ ਵੇਅ ਵਿਚ ਰੰਗ-ਬਿਰੰਗੇ ਡੱਬਿਆਂ ’ਤੇ ਪਈ ਤਾਂ ਉਹ ਆਪਣੇ ਆਪ ਵਿਚ ਹੱਸੀ। ਉਸਨੂੰ ਉਹ ਦਿਨ ਚੇਤੇ ਆਇਆ, ਜਿਸ ਦਿਨ ‘ਸੈਰਾ’ ਅਤੇ ‘ਅਲੀ’ ਨੇ ਗੁੱਡੇ-ਗੁੱਡੀ ਦੇ ਵਿਆਹ ਦੀ ਥਾਂ ਆਪਣਾ ਵਿਆਹ ਰਚਾਇਆ ਸੀ। ਗਾਰਡਨ ਵਿਚ ਕੁਰਸੀਆਂ ਦੀ ਪਾਲ਼ ਲਾ ਕੇ ਘਾਹ ਵਿੱਚ ਉੱਗੇ ਹੋਏ ਜੰਗਲੀ ਪੀਲ਼ੇ ਅਤੇ ਨੀਲੇ ਫੁੱਲਾਂ ਨੂੰ ਹੱਥ ਵਿਚ ਫੜ ਕੇ, ਉਹ ਦੋਨੋਂ ਵਿਆਹ ਕਰਾਉਣ ਖੜ ਗਏ ਸਨ। ਅਮੀਨਾ ਦੀ ਗੁਆਂਢਣ ਦਲਜੀਤ ਦੀਆਂ ਦੋਹਾਂ ਧੀਆਂ, ‘ਰੂਪੀ’ ਅਤੇ ‘ਟੀਨਾ’, ਜਿਹੜੀਆਂ ਆਪ ਵੀ ਅੱਠਾਂ-ਦਸਾਂ ਵਰ੍ਹਿਆਂ ਦੀਆਂ ਹੀ ਸਨ, ਉਨ੍ਹਾਂ ਨੇ ਦੋਹਾਂ ਨੂੰ ਵਿਆਹ ਕਰਾਉਣ ਲਈ ਤਿਆਰ ਕਰਕੇ, ਸਜਾ ਕੇ ਖੜੇ ਕੀਤਾ ਸੀ। ਉਨ੍ਹਾਂ ਨੇ ਆਂਢ-ਗੁਆਂਢ ਦੇ ਹੋਰ ਕਈ ਬੱਚੇ ਇਕੱਠੇ ਕਰ ਲਏ ਸਨ। ਦਰਖ਼ਤਾਂ ਦੀਆਂ ਟਾਹਣੀਆਂ ਨਾਲ਼ੋਂ ਕਰੂੰਬਲਾਂ ਤੋੜ ਕੇ ਇਕ ਤਾਜ ਬਣਾਇਆ ਸੀ, ਜਿਹੜਾ ਸੈਰਾ ਨੂੰ ਪਹਿਨਾਇਆ ਸੀ। ...ਤੇ ਅਲੀ ਦੇ ਗਲ਼ ਵਿਚ ਵੀ ਆਪਣੇ ਡੈਡੀ ਦੀ ਨੈਕਟਾਈ ਲਿਆ ਕੇ ਫਸਾਈ ਸੀ। ਉਨ੍ਹਾਂ ਨੇ ਆਪ ਹੀ ‘ਸੈਰਾ’ ਅਤੇ ‘ਅਲੀ’ ਦਾ ਵਿਆਹ ਕਰ ਦਿੱਤਾ ਸੀ। ਅਮੀਨਾ ਨੇ ਕਰਿਸਪ ਟੋਕਰੀ ਵਿਚ ਪਾ ਦਿੱਤੇ ਅਤੇ ਦਲਜੀਤ ਨੇ ਬਲੈਕ ਕਰੰਟ ਦਾ ਜੂਸ ਬਣਾ ਦਿੱਤਾ। ਸਾਰੇ ਬੱਚਿਆਂ ਨੇ ਰਲ਼ ਕੇ ਕਰਿਸਪ ਖਾਧੇ ਅਤੇ ਜੂਸ ਪੀਤਾ। ਘੰਟਾ ਕੁ ਭਰ ਬੱਚਿਆਂ ਦੀ ਪਾਰਟੀ ਚਲਦੀ ਰਹੀ ਸੀ। ਸਾਰਾ ਆਂਢ-ਗਵਾਂਢ ਵੀ ਬੱਚਿਆਂ ਦੇ ਇਸ ਖੇਲ ਤੇ ਹੱਸਦਾ ਰਿਹਾ ਸੀ।

... ਤੇ ਫੇਰ ਘੰਟੇ ਕੁ ਬਾਅਦ ‘ਸੈਰਾ’ ਨੇ ਫੁੱਲ ਸਿੱਟ ਦਿੱਤੇ ਸਨ, ਤਾਜ ਵੀ ਲਾਹ ਦਿੱਤਾ ਸੀ ਅਤੇ ਉਹ ‘ਰੂਪੀ’ ਨੂੰ ਕਹਿਣ ਲੱਗ ਪਈ ਸੀ, “ਮੈਨੂੰ ਹੁਣੇ ਤਲਾਕ ਚਾਹੀਦੈ। ਮੈਨੂੰ ਇਕ ਘੰਟਾ ਹੋ ਗਿਐ ਵਿਆਹੀ ਨੂੰ। ਇਟਸ ਟੂ ਲੌਂਗ। ਆਈ ਵਾਂਟ ਟੂ ਵੀ ਫਰੀਅ। ਆਈ ਡੌਂਟ ਵਾਂਟ ਟੂ ਬੀ ਮੈਰਿਡ।”

ਇਹ ‘ਫਰੀਅ’ ਦਾ ਖਿਆਲ ਆਉਂਦਿਆਂ ਹੀ ਅਮੀਨਾ ਦੇ ਅੰਦਰ ਜਿਵੇਂ ਕੁੱਝ ਟੁੱਟਿਆ ਸੀ। ਬੱਚਿਆਂ ਦੇ ਖੇਲ ਦੀ ਗੱਲ ਕਿੰਨੀ ਭਿਆਨਕ ਸੀ। ਆਜ਼ਾਦੀ ਦੇ ਅਰਥ ਬੱਚੇ ਵੀ ਜਾਣਦੇ ਸਨ। ਇਸ ਆਜ਼ਾਦੀ ਦੀ ਟੁੱਟ-ਭੱਜ ਵਿਚ ਜਿਵੇਂ ਅਮੀਨਾ ਨੇ ਸਭ ਕੁਝ ਗੁਆ ਦਿੱਤਾ ਸੀ।

‘ਸੈਰਾ’ ਦੀ ਮਾਂ ਵੀ ਫਰੀਅ ਹੋ ਗਈ ਸੀ। ਪੋਲੈਂਡ ਤੋਂ ਵੀ ਅਤੇ ਨਾਲ਼ ਦੇ ਰਿਸ਼ਤੇ ਤੋਂ ਵੀ। ਕਰਿਸਟੀਨਾ ਜਦੋਂ ਵੀ ਅਮੀਨਾ ਨਾਲ਼ ਗੱਲਾਂ ਕਰਦੀ ਤਾਂ ਆਖਿਆ ਕਰਦੀ, “ਇਨਸਾਨ ਨੂੰ ਸੰਪੂਰਨ ਆਜ਼ਾਦ ਹੋਣਾ ਚਾਹੀਦੈ। ਉਹ ਰਿਸ਼ਤਾ ਹੀ ਕੀ, ਜਿਸਨੂੰ ਇਕ ਬੋਝ ਵਾਂਗ ਆਪਣੀ ਪਿੱਠ ਉੱਤੇ ਲੱਦੀ ਫਿਰੋ।” ਉਹ ਬੱਚਿਆਂ ਦੇ ਨਾਲ਼ ਇਕੱਲੀ ਰਹਿੰਦੀ ਸੀ। ਹਰ ਸਵੇਰ ਉਹ ਬੱਚਿਆਂ ਨੂੰ ਸਕੂਲ ਛੱਡਦੀ ਅਤੇ ਕੰਮ ਤੇ ਤੁਰ ਜਾਂਦੀ। ਕੰਮੋਂ

ਪਰਤਦੀ ਤਾਂ ਚੱਕੀ ਦੇ ਗੇੜ ਵਾਂਗ ਫੇਰ ਉਸਦੀ ਜ਼ਿੰਦਗੀ ਘੁੰਮਦੀ। ਬੱਚਿਆਂ ਦਾ ਹੋਮਵਰਕ, ਘਰ ਦੀ ਸਾਫ਼-ਸਫ਼ਾਈ, ਖਾਣਾ ਬਣਾਉਣ ਦਾ ਆਹਰ, ਕੁੱਤੇ ਨੂੰ ਤੋਰਨ ਲੈ ਕੇ ਜਾਣਾ।

ਅਮੀਨਾ ਨੇ ਕਈ ਵੇਰਾਂ ਉਸਨੂੰ ਆਖਿਆ ਸੀ, "ਕਰਿਸੀ ! ਜ਼ਿੰਦਗੀ ਵਿਚ ਕੋਈ ਸਾਥ ਤਾਂ ਚਾਹੀਦੈ? ਉਸਨੂੰ ਨਾਲ਼ ਰੱਖਦੀ ਤਾਂ ਸ਼ਾਇਦ ਤੈਨੂੰ ਕੋਈ ਸਹਾਰਾ ਹੀ ਹੁੰਦਾ।"

ਕਰਿਸਟੀਨਾ ਖ਼ਮੋਸ਼ ਹੋ ਜਾਂਦੀ। ਉਸਦੀਆਂ ਭਵਾਂ ਤਣ ਜਾਂਦੀਆਂ। ਉਹ ਆਪਣੇ ਬੀਤੇ ਪਲ ਚੇਤੇ ਕਰਦੀ। ਕਿਵੇਂ ਉਹ 'ਹੈਰੀ' ਨੂੰ ਉਡੀਕਦਿਆਂ ਆਪਣੀਆਂ ਸ਼ਾਮਾਂ ਗੁਜਾਰਿਆ ਕਰਦੀ ਸੀ। ਕਿਵੇਂ ਹੈਰੀ ਦੇ ਘਰ ਹੁੰਦਿਆਂ ਲੜਾਈ ਦੋਹਾਂ ਵਿਚਾਲ਼ੇ ਨੱਚਦੀ ਰਹਿੰਦੀ ਸੀ। ਕਿਵੇਂ ਬੱਚਿਆਂ ਦੀ ਮਾਨਸਿਕਤਾ ਡਰ ਦੇ ਪ੍ਰਛਾਂਵਿਆਂ ਹੇਠਾਂ ਮਧੋਲ ਹੋ ਰਹੀ ਸੀ। ਇਹ ਸਭ ਸੋਚ ਕੇ ਉਹ ਸਹਿਜ ਜਿਹੀ ਹੁੰਦੀ ਆਖ਼ਦੀ, "ਅਮੀਨਾ ਮਾਈ ਡੀਅਰ ! ਦੋ ਬੇੜੀਆਂ ਵਿਚ ਪੈਰ ਪਾਉਣ ਵਾਲਾ ਇਨਸਾਨ ਕਦੀ ਤੁਹਾਡਾ ਸਾਥ ਨਹੀਂ ਦੇ ਸਕਦੈ। ਉਹ ਤੇ ਆਪ ਸਹਾਰਾ ਭਾਲ਼ ਰਿਹਾ ਹੁੰਦੈ। ਉਹ ਕੀ ਮੈਨੂੰ, ਤੇ ਕੀ ਮੇਰੇ ਬੱਚਿਆਂ ਨੂੰ ਪਾਰ ਲਗਾਏਗਾ?"

ਉਸ ਵਲ ਦੇਖਦਿਆਂ ਅਮੀਨਾ ਚੁੱਪ ਹੋ ਜਾਂਦੀ। ਇਹ ਵੀ ਸੋਚਦੀ ਕਿ, 'ਮੈਨੂੰ ਕੀ ਪਤੈ ਕਿ ਇਹ ਬਿਚਾਰੀ ਕਿਸ ਬਿਪਤਾ ਦੀ ਮਾਰੀ ਹੈ। ਉਹ ਆਪਣੇ ਵੱਲ ਝਾਤ ਮਾਰਦੀ ਤਾਂ ਉਸਨੂੰ ਆਪਣਾ ਆਪ ਠੀਕ-ਠਾਕ ਲਗਦਾ। ਉਹ ਸੋਚਦੀ, ਜਿਹੜੇ ਜ਼ਿੰਦਗੀ ਦੇ ਝੱਖੜ ਸਨ, ਉਹ ਹੁਣ ਤਕ ਝੁਲ ਚੁੱਕੇ ਸਨ। ਹਬੀਬ ਦੇ ਪੂਰਨ ਸਾਥ ਨੇ ਵੀ ਉਸਦੀ ਜ਼ਿੰਦਗੀ ਦਾ ਰਸਤਾ ਕਟਾ ਦਿੱਤਾ ਸੀ। ਹੁਣ ਵੀ ਥੱਕੀ-ਹਾਰੀ ਉਹ ਹਬੀਬ ਦੇ ਮੋਢੇ 'ਤੇ ਸਿਰ ਧਰ ਕੇ ਥਕਾਵਟ ਲਾਹ ਲੈਂਦੀ ਹੈ।'

ਉਹ ਫੇਰ ਸੋਚਦੀ ਕਿ 'ਹਬੀਬ ਦਾ ਸਾਥ ਵੀ ਮੈਨੂੰ ਛੁੱਟੀ ਵਾਲੇ ਦਿਨ ਹੀ ਨਸੀਬ ਹੁੰਦਾ ਹੈ।' ਉਸਦੇ ਅੰਦਰੋਂ ਹਉਕੇ ਜਿਹੇ ਦੀ ਚਿਣਗ ਫੁੱਟੀ ਤੇ ਫੇਰ ਉਹ ਉਸ ਦਿਨ ਬਾਰੇ ਸੋਚਣ ਲੱਗੀ ਜਦੋਂ ਛੁੱਟੀ ਵਾਲੇ ਦਿਨ ਉਹ ਦੋਨੋਂ ਰਲ਼ ਕੇ ਕੰਮ ਕਰਦੇ। ਘਰ ਦੀ ਸਾਫ਼-ਸਫ਼ਾਈ, ਕੱਪੜਿਆਂ ਦੀ ਧੋ-ਧੁਆਈ ਵਿੱਚ ਦਿਨ ਨਿੱਕਲ ਜਾਂਦਾ। ਬੱਚਿਆਂ ਦਾ ਹੋਮ-ਵਰਕ ਕਰਾਉਂਦਿਆਂ ਹੋਇਆਂ ਜਿਵੇਂ ਉਹ ਦੋਨੋਂ ਇਕੱਠੇ ਦੋ ਪਲ ਜੀਅ ਲੈਂਦੇ। ਭਾਵੇਂ ਉਸਦੀ ਸੱਭਿਅਤਾ ਵਿਚ ਮਨੁੱਖ ਘਰ ਦਾ ਕੰਮ ਨਹੀਂ ਸਨ ਕਰਦੇ, ਪਰ ਹਬੀਬ ਨੇ ਹਮੇਸ਼ਾਂ ਉਸਦਾ ਸਾਥ ਦਿੱਤਾ ਸੀ। ਜਦੋਂ ਉਹ ਵਿਹਲੇ ਹੁੰਦੇ ਤਾਂ ਹਲਵਾ ਬਣਾਉਂਦੇ ਅਤੇ ਬੱਚਿਆਂ ਦੇ ਨਾਲ਼ ਇਕੱਠੇ ਰਲ਼ ਕੇ ਨਮਾਜ਼ ਪੜ੍ਹਦੇ। ਅਮੀਨਾ ਨੂੰ ਕਦੀ ਹਲਵਾ ਬਣਾਉਣਾ ਆਇਆ ਹੀ ਨਹੀਂ ਸੀ। ਹਬੀਬ ਬਹੁਤ ਸਵਾਦ ਹਲਵਾ ਬਣਾਉਂਦਾ ਸੀ। ਜਦੋਂ ਹਬੀਬ ਦਾ ਬਣਾਇਆ ਹੋਇਆ ਹਲਵਾ ਉਹ ਦੋਨੋਂ ਰਲ਼ ਕੇ ਖਾਂਦੇ ਜਾਂ ਬੱਚਿਆਂ ਨੂੰ ਖਿਲਾਉਂਦੇ ਤਾਂ ਹਬੀਬ ਨੂੰ ਆਪਣੀ ਅੰਮੀ ਚੇਤੇ ਆ ਜਾਂਦੀ। ਹਬੀਬ ਆਖਦਾ, "ਅਮੀਨੂੰ ! ਅੰਮੀ ਵਰਗਾ ਹਲਵਾ ਕੋਈ ਨ੍ਹੀ ਬਣਾ ਸਕਦੈ। ਮੈਂ ਵੀ ਨਹੀਂ।"

ਅਮੀਨਾ ਹਬੀਬ ਦੀ ਹਾਂਅ ਵਿਚ ਹਾਂਅ ਮਿਲਾਉਂਦੀ ਹੋਈ ਉੱਤਰ ਦਿੰਦੀ, "ਚੇਤਾ ਈ ਬਾਬਾ ! ਜਦੋਂ ਤੇਰੀ ਅੰਮੀ ਹਲਵਾ ਬਣਾਉਂਦੀ ਸੀ ਤਾਂ ਤੂੰ ਥੋੜਾ ਚੁਰਾ ਕੇ ਮੇਰੇ ਵਾਸਤੇ ਲਈ ਆਉਂਦਾ ਸੈਂ। ਆਪਾਂ ਰਲ਼ ਕੇ ਕਿਸੇ ਕੋਨੇ ਵਿੱਚ ਬੈਠ ਕੇ ਖਾਂਦੇ ਸਾਂ। ਚੋਰੀਂ। ਮੇਰੇ ਘਰ ਅੰਗੂਰਾਂ ਦੀ ਵੇਲ ਹੇਠਾਂ ਆਪਾਂ ਲੁਕ ਜਾਂਦੇ ਸਾਂ। ਸਾਰੇ ਆਪਾਂ ਨੂੰ ਭਾਲ਼ਦੇ। ਆਂਢ-ਗੁਆਂਢ ਨੂੰ ਵੀ ਪੁੱਛਦੇ। ਪਰ ਉਨ੍ਹਾਂ ਨੂੰ ਸਾਡੀ ਕੋਈ ਉੱਘ-ਸੁੱਘ ਹੀ ਨਾ ਮਿਲਦੀ।" ... ਤੇ ਫੇਰ ਲੰਮਾ ਸਾਹ ਲੈਂਦੀਂ ਹੋਈ ਆਖਦੀ, "ਆਪਣੇ ਨਿਕਾਹ ਤੋਂ ਪਹਿਲਾਂ ਦਾ ਵਕਤ ਕਿੰਨਾ ਚੰਗਾ ਸੀ ... ਹੈ ਨਾ?" ਆਖ ਕੇ ਉਹ ਆਪੇ ਸਵਾਲ ਪੁੱਛਦੀ।

"ਉਹ ਵੀ ਦਿਨ ਸਨ ਅਮੀਨੂੰ। ਬਹੁਤ ਪਿਆਰੇ ਦਿਨ। ਉਸ ਤੋਂ ਬਾਅਦ ਤਾਂ ਜਿਵੇਂ " ਤੇ ਹਬੀਬ ਗੱਲ ਅਧੂਰੀ ਛੱਡ ਕੇ ਸਿਗਰਟ ਦਾ ਕਸ਼ ਖਿੱਚਦਾ ਹੋਇਆ ਸਿਰ ਸਿੱਟ ਕੇ ਬੈਠ ਜਾਂਦਾ। ਜਿਵੇਂ ਉਸ ਸਮੇਂ ਦੇ ਹਾਲਾਤ ਉਸ ਨੂੰ ਆਪਣੇ ਵਿੱਚ ਲਪੇਟੀ ਜਾ ਰਹੇ ਹੋਣ। ਉਹ ਫੇਰ ਸੰਭਲਦਾ ਅਤੇ ਅਮੀਨਾ ਨੂੰ ਉਸੇ ਵਕਤ ਵਲ ਲੈ ਤੁਰਦਾ ਹੋਇਆ ਆਖਦਾ, "ਤੈਨੂੰ ਪਤੈ ਅਮੀਨੂੰ, ਉਸ ਚੋਰੀ ਦੇ ਹਲਵੇ ਦਾ ਸਵਾਦ ਹੋਰ ਵੀ ਮਿੱਠਾ ਲਗਦਾ ਸੀ।" ਉਹ ਗੱਲਾਂ ਕਰਦੇ ਅੱਖਾਂ ਹੀ ਅੱਖਾਂ ਵਿਚ ਇਕ ਦੂਜੇ ਨੂੰ ਨਿਹਾਰਦੇ। ਇਕ ਮੱਠੀ ਜਿਹੀ ਮੁਸਕਾਨ ਦੋਹਾਂ ਦੇ ਚਿਹਰਿਆਂ ਉੱਤੇ ਆ ਚਿਪਕਦੀ।



ਉੱਥੇ ਬੈਠਿਆਂ ਹੋਇਆਂ ਅਮੀਨਾ ਨੂੰ ਮਹਿਸੂਸ ਹੋਇਆ ਜਿਵੇਂ ਹੁਣੇ-ਹੁਣੇ ਹਬੀਬ ਨੇ ਇਹ ਗੱਲਾਂ ਉਸਦੇ ਕੰਨ ਵਿੱਚ ਆਖ ਕੇ ਹਲਵੇ ਦੀ ਗਰਾਹੀ ਉਸਦੇ ਮੂੰਹ ਵਲ ਵਧਾਈ ਹੋਵੇ। ਉਸਦਾ ਮੂੰਹ ਅੱਡ ਹੁੰਦਾ ਹੀ ਰਹਿ ਗਿਆ ਹੋਵੇ। ਜਦੋਂ ਨੂੰ ਪੋਰਚ ਵਿਚ ਖੜੋਤੀ ਤੇ, ਕਾਰ ਦੀ ਗੂੰਜ ਉਸਦੇ ਕੋਲੋਂ ਘਰਰ ਕਰਕੇ ਲੰਘ ਗਈ।

ਉਹ ਮਨ ਵਿਚ ਹੀ ਹੱਸੀ, 'ਸੋਚਾਂ ਤਾਂ ਐਂਵੇ ਭਟਕੀ ਜਾਂਦੀਆਂ ਹਨ। ਇਹ ਦਿਮਾਗ ਵੀ ਪਤਾ ਨਹੀਂ ਕੇਹਾ ਕੰਪਿਊਟਰ ਹੈ ਜਿਹੜਾ ਸਕਿੰਟ ਦੇ ਵਕਫ਼ੇ ਨਾਲ਼ ਦੇਸ-ਦੇਸਾਂਤਰ ਘੁੰਮ ਆਉਂਦਾ ਹੈ।' ਕਾਰ ਲੰਘ ਜਾਣ ਤੋਂ ਬਾਅਦ ਆਲ਼ੇ-ਦੁਆਲ਼ੇ ਫੇਰ ਸੁੰਨ-ਮਸਾਣ ਸੀ। ਧੁੱਪ ਦੀ ਚਿਲਕੋਰ ਅੱਖਾਂ 'ਚ ਰੜਕ ਰਹੀ ਸੀ। ਘਰ ਦੀ ਛੱਤ ਨਾਲ਼ ਬਣੇ ਗਟਰ ਵਿੱਚ, ਚਿੜੀਆਂ ਦੇ ਬਣਾਏ ਹੋਏ ਆਲ੍ਹਣੇ ਵਿੱਚੋਂ ਕਿਸੇ ਚਿੜੀ ਦੇ ਚੀਂ-ਚੀਂ ਕਰਨ ਦੀ ਆਵਾਜ਼ ਨੇ ਉਸਦੀ ਸੁਰਤ ਆਪਣੇ ਵਲ ਮੋੜ ਲਈ। ਉਸਨੇ ਉੱਠ ਕੇ ਸਿਰ ਉੱਪਰ ਕਰਕੇ ਤੱਕਿਆ। ਗਟਰ ਵਿੱਚ ਤੀਲੇ ਲਟਕ ਰਹੇ ਸਨ। ਅਮੀਨਾ ਨੂੰ ਮਹਿਸੂਸ ਹੋਇਆ ਜਿਵੇਂ ਉਹ ਚਿੜੀਆਂ ਵੀ ਤੀਲਾ-ਤੀਲਾ 'ਕੱਠਾ ਕਰਕੇ, ਆਪਣਾ ਘਰ ਬਣਾ ਕੇ, ਆਪਣੇ ਬੱਚੇ ਬੈਠੀਆਂ ਲੁਕੋ ਰਹੀਆਂ ਹੋਣ। ਸ਼ਾਇਦ ਬੱਚਿਆਂ ਨੂੰ ਖਤਰਾ ਮਹਿਸੂਸ ਹੋਇਆ ਹੋਣੈ ਜਿਹੜਾ ਇੰਜ ਰੌਲ਼ਾ ਪਾ ਰਹੀਆਂ ਹਨ, ਉਸਨੇ ਸੋਚਿਆ ਸੀ।

ਇਹ ਦੇਖਦਿਆਂ ਹੋਇਆਂ ਉਸਦੀ ਸੋਚ ਉਨ੍ਹਾਂ ਵੇਲਿਆਂ ਵਲ ਪਰਤੀ ਜਦੋਂ ਉਹ ਆਪ ਵੀ, ਆਪਣੇ ਬੱਚੇ ਲੁਕੋ ਰਹੀ ਸੀ। ਉਸਨੂੰ ਉਨ੍ਹਾਂ ਦਿਨਾਂ ਤੋਂ ਲੈ ਕੇ ਅੱਜ ਦੇ ਦਿਨਾਂ ਤਕ ਕੋਈ ਜੰਗਲ ਵਿੱਛ ਗਿਆ ਮਹਿਸੂਸ ਹੋਇਆ। ਉਸਦੀ ਹਿੱਕ ਵਿਚ ਤਿੱਖੀ ਸੂਲ਼ ਵਾਂਗ ਦਰਦ ਦੀ ਟੀਸ ਉੱਠੀ। ਚੇਤੇ ਦੀ ਸਲੇਟ 'ਤੇ ਉੱਕਰਿਆ ਸਮਾਂ ਉਸਦੇ ਸਾਮ੍ਹਣੇ ਫੇਰ ਆ ਖੜੋਤਾ ਸੀ। ਉਸਨੂੰ ਉਹ ਦਿਨ ਚੰਗੀ ਤਰ੍ਹਾਂ ਚੇਤੇ ਸੀ ਜਦੋਂ ਉਹ ਦੋਨੋਂ ਮੀਆਂ-ਬੀਵੀ ਗੁਆਚੇ ਹੋਏ, ਥਾਂ-ਕੁ ਥਾਂ ਭਟਕਦੇ ਹੋਏ, ਬੱਚਿਆਂ ਨੂੰ ਲੁਕੋ ਰਹੇ ਸਨ।

ਅਮੀਨਾ ਦੀ ਸੋਚ ਇਤਿਹਾਸ ਦੇ ਪੰਨਿਆਂ ਵਿਚ ਜਾ ਖੁੱਭੀ। ਇਹ ਉਸ ਵੇਲੇ ਦੀ ਗੱਲ ਸੀ, ਜਦੋਂ ਯੁਗੋਸਲਾਵੀਆ ਦੀਆਂ ਕੌਮਾਂ ਰਲ਼ ਕੇ ਕੌਮਨਿਜ਼ਮ ਨੂੰ ਢਾਅ ਲਾ ਰਹੀਆਂ ਸਨ। ਸਭ ਦੀ ਸਾਂਝੀ ਬਣੀ ਕੁਲੀਸ਼ਨ (ਜੱਥੇਬੰਦੀ) ਵੀ ਬਹੁਤਾ ਚਿਰ ਨਾ ਚੱਲੀ। ਉਹ ਤਾਂ ਚੌਧਰ ਦੇ ਮਾਰੇ ਧਰਮਾਂ ਦੇ ਪਾੜ ਪਾ ਕੇ, ਆਪੋ ਵਿੱਚੀਂ ਪਾਟਣ ਲਗ ਪਏ ਸਨ। ਤੇ ਫੇਰ ਅੱਡ-ਅੱਡ ਜੱਥੇਬੰਦੀਆਂ ਬਣਾ ਬੈਠੇ ਸਨ। ਕੋਈ ਕਿਸੇ ਨਾਲ਼ ਜਾ ਰਲ਼ਿਆ ਤੇ ਕੋਈ ਕਿਸੇ ਨਾਲ਼। ਲੜਾਈ ਦੇਸ਼ ਜਾਂ ਉਸਦੀ ਸਿਆਸਤ ਦੀ ਨਹੀਂ ਸੀ ਰਹੀ। ਇਹ ਧਰਮਾਂ ਦੀ ਲੜਾਈ ਹੋ ਗਈ ਸੀ। ਮੁਸਲਿਮ, ਕਰਿਸਚੀਅਨ ਆਪੋ ਵਿਚ ਖਹਿਣ ਲੱਗ ਪਏ ਸਨ। ਇਕੱਠੇ ਵਸਦੇ, ਇਕੱਠੇ ਖਾਂਦੇ-ਪੀਂਦੇ, ਹੱਸਦੇ-ਖੇਲਦੇ, ਭੈਣਾਂ-ਭਰਾਵਾਂ ਵਾਂਗ ਮੋਹ-ਪਿਆਰ ਪਾਲ਼ਦੇ, ਇਕ-ਦੂਜੇ ਦੇ ਦੁੱਖ -ਸੁੱਖ ਵਿਚ ਸ਼ਰੀਕ ਹੁੰਦੇ ਲੋਕ, ਇਕ ਦੂਜੇ ਦੇ ਵੈਰੀ ਹੋ ਗਏ ਸਨ। ਘਟ ਗਿਣਤੀ ਦੇ ਲੋਕ ਧੜਾ-ਧੜ ਮਾਰੇ ਜਾਣ ਲਗ ਪਏ ਸਨ। ਪਹਿਲਾਂ ਸਰਬੀਆ ਦੇ ਲੋਕਾਂ ਨੇ ਕਰੋਸ਼ੀਆ ਦੇ ਲੋਕਾਂ ਨੂੰ ਹਥਿਆਰ ਦੇ ਕੇ ਉਨ੍ਹਾਂ ਦੀ ਮੱਦਦ ਕੀਤੀ। ਉਨ੍ਹਾਂ ਨੂੰ ਉਕਸਾਇਆ ਵੀ ਕਿ ਆਪਣੀ ਸਵੈ ਆਜ਼ਾਦੀ ਦੀ ਜੰਗ ਲੜਨ। ਜਦੋਂ ਕਰੋਸ਼ੀਆ ਦੀ ਤਾਕਤ ਵਧੀ ਤਾਂ ਉਸਨੇ ਬੌਸਨੀਆਂ ਨੂੰ ਹਥਿਆਰ ਦੇ ਦਿੱਤੇ ਤਾਂਕਿ ਉਹ ਵੀ ਆਪਣੀ ਆਜ਼ਾਦੀ ਦਾ ਐਲਾਨ ਕਰ ਦੇਣ। ਬੌਸਨੀਆਂ ਦੇ ਲੋਕਾਂ ਨੇ ਉਨ੍ਹਾਂ ਹਥਿਆਰਾਂ ਨੂੰ ਸਰਬੀਆ ਦੇ ਸਿਪਾਹੀਆਂ ਵਿਰੁੱਧ ਵਰਤਿਆ। ਕਈ ਸੌ ਸਿਪਾਹੀ ਮਾਰੇ ਗਏ। ਜਿਹੜੇ ਲੋਕ ਪਹਿਲਾਂ 'ਕੱਠੇ ਵਸਦੇ ਸਨ, ਉਹ ਇਕ ਦੂਜੇ ਦੇ ਦਿਨਾਂ ਵਿਚ ਦੁਸ਼ਮਣ ਬਣ ਗਏ।

ਸਰਬੀਆ ਨੇ ਆਪਣੇ ਉੱਪਰ ਹੋਏ ਹਮਲੇ ਨੂੰ ਧਾਰਮਿਕ ਜੰਗ ਬਣਾ ਕੇ ਬੌਸਨੀਆਂ ਅਤੇ ਹਰਸੋਗੋਵਾਇਨਾ ਨਾਲ਼ ਜੋ ਕੀਤਾ ਉਹ ਦੁਨੀਆਂ ਦੇ ਇਤਿਹਾਸ ਵਿਚ ਸ਼ਰਮਨਾਕ ਸਾਕੇ ਤੋਂ ਘੱਟ ਨਹੀਂ ਸੀ। ਉਨ੍ਹਾਂ ਨੇ ਬੌਸਨੀਆ ਦੇ ਪਿੰਡ ਅਤੇ ਸ਼ਹਿਰ ਤਬਾਹ ਕਰਨੇ ਸ਼ੁਰੂ ਕਰ ਦਿੱਤੇ। ਸਰਬੀਆ ਦੀ ਪੁਲਸ ਅਤੇ ਮਿਲਟਰੀ ਨੇ ਰਲ਼ ਕੇ ਅਵਾਮ ਨੂੰ ਗੋਲ਼ੀਆਂ ਨਾਲ਼ ਭੁੰਨ ਦਿੱਤਾ। ਲੋਕਾਂ ਦੇ ਘਰਾਂ-ਅਪਾਰਟਮੈਂਟਾਂ ਦੇ ਅੰਦਰੀਂ ਜਾ ਕੇ ਉਨ੍ਹਾਂ ਨੂੰ ਤਸੀਹੇ ਦਿੱਤੇ। ਔਰਤਾਂ ਦੀ ਬੇਪੱਤੀ ਕੀਤੀ। ਇਹ ਸਭ ਸੋਚਦਿਆਂ ਹੋਇਆਂ ਅਮੀਨਾ ਦੀਆਂ ਅੱਖਾਂ ਵਿੱਚੋਂ ਪਾਣੀ ਵਹਿ ਤੁਰਿਆ। ਉਸਨੇ ਬਥੇਰਾ ਆਪਣੇ ਆਪ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਸਦਾ ਗਲ਼ ਜਿਵੇਂ ਬੰਦ ਹੋ ਗਿਆ ਹੋਵੇ ਅਤੇ ਸੋਚਾਂ ਨੇ ਉਸਦੇ ਵਜੂਦ ਨੂੰ ਆਪਣੇ ਵਿੱਚ ਸਮੇਟ ਲਿਆ ਹੋਵੇ। ਉਸ ਦਿਨ ਪਤਾ ਨਹੀਂ ਕਿਉਂ ਉਹ ਬੈਠੀ ਸੋਚੀ ਜਾ ਰਹੀ ਸੀ। ਹਮੇਸ਼ਾਂ ਛੁੱਟੀ ਦਾ ਦਿਨ ਉਸ ਵਾਸਤੇ ਮਨ ਉੱਤੇ ਬੋਝ ਲੈ ਕੇ ਆਉਂਦਾ। ਉਸ ਬੋਝ ਹੇਠਾਂ ਉਸਦੀਆਂ ਸੋਚਾਂ ਕੰਧਾਂ-ਕੋਠੇ ਫਰੋਲਦੀਆਂ, ਪਿੰਡ ਦੀ ਗਲ਼ੀਆਂ ਫਰੋਲਦੀਆਂ।

ਉਸਦੀ ਸਟਰੀਟ ਦੀ ਸਫ਼ਾਈ ਕਰਨ ਵਾਲਾ ਟਰੱਕ ਸਰੜ-ਸਰੜ ਦੀ ਆਵਾਜ਼ ਕਰ ਰਿਹਾ ਸੀ। ਉਸਨੂੰ ਉਹ ਵੇਲਾ ਚੇਤੇ ਆਇਆ ਜਦੋਂ ਬੋਸਨੀਆਂ ਵਿਚ ਹੋਰ ਹੀ ਕਿਸਮ ਦੀ ਸਫ਼ਾਈ ਸ਼ੁਰੂ ਹੋ ਗਈ ਸੀ। 'ਐਥਨਿਕ ਕਲੈਂਜ਼ਿੰਗ' ਭਾਵ ਸਮਾਜਿਕ ਸਫ਼ਾਈ ਸ਼ੁਰੂ ਹੁੰਦਿਆਂ ਬੋਸਨੀਆਂ ਦੇ ਆਦਮੀਆਂ ਅਤੇ ਤੀਂਵੀਆਂ ਨੂੰ ਵੀ ਇਕ-ਦੂਜੇ ਤੋਂ ਵੱਖੋ-ਵੱਖ ਕਰ ਦਿੱਤਾ ਗਿਆ ਸੀ। ਔਰਤਾਂ ਨੂੰ ਕਿੱਥੇ-ਕਿੱਥੇ ਭੇਜਿਆ ਗਿਆ ਇਹ ਖ਼ਬਰਾਂ ਬਾਅਦ ਵਿਚ ਨਿੱਕਲਣ ਲੱਗੀਆਂ ਸਨ। ਉਸਦੇ ਗੁਆਂਢ ਵਸਦੀ ਸ਼ਾਹੀਨ ਨੂੰ ਪਤਾ ਨਹੀਂ ਕਿੱਥੇ ਪਹੁੰਚਾ ਦਿੱਤਾ ਗਿਆ ਸੀ। ਸ਼ਾਹੀਨ ਦੀ ਮਾਂ ਸਿਰ ਭੰਨ-ਭੰਨ ਪਾਗਲ ਹੋ ਗਈ ਸੀ। ਪਰ ਸ਼ਾਹੀਨ ਦਾ ਕੋਈ ਖੁਰਾ-ਖੋਜ ਨਹੀਂ ਸੀ ਲੱਭਾ। ਹੋਰ ਵੀ ਬਹੁਤ ਸਨ ਜਿਨ੍ਹਾਂ ਨੂੰ 'ਫੋਸ਼ਾ' ਦੇ 'ਕਰਮਨ ਹਾਊਸ' ਵਰਗੇ ਥਾਵਾਂ 'ਤੇ ਲਿਜਾਇਆ ਗਿਆ, ਜਿਹੜੀਆਂ ਥਾਵਾਂ ਇੱਜ਼ਤਦਾਰ ਘਰਾਣਿਆਂ ਵਾਸਤੇ ਊਂ ਹੀ ਕਾਲਾ ਧੱਬਾ ਸਨ। ਉੱਥੋਂ ਹਰ ਰਾਤ ਔਰਤਾਂ ਅਤੇ ਬੱਚੀਆਂ ਨੂੰ ਬਾਹਰ ਲਿਜਾਇਆ ਜਾਂਦਾ ਅਤੇ ਉਨ੍ਹਾਂ ਦੇ ਗੈਂਗ ਰੇਪ ਕੀਤੇ ਜਾਂਦੇ। ਇੱਥੋਂ ਤਕ ਕਿ ਨਿੱਕੀਆਂ-ਨਿੱਕੀਆਂ ਬੱਚੀਆਂ ਵੀ ਨਹੀਂ ਸਨ ਬਖ਼ਸ਼ੀਆਂ ਗਈਆਂ। ਕਈ ਵੇਰਾਂ ਔਰਤਾਂ ਅਤੇ ਬੱਚੀਆਂ ਦੀਆਂ ਲਾਸ਼ਾਂ ਸੜਕਾਂ ਦੇ ਦੁਆਲ਼ੇ ਬਣੀਆਂ ਖੱਡਾਂ ਵਿੱਚੋਂ ਮਿਲਦੀਆਂ। ਅਖ਼ਬਾਰਾਂ ਦੀਆਂ ਸੁਰਖ਼ੀਆਂ ਜਿਵੇਂ ਦੁਹਾਈ ਪਾ ਰਹੀਆਂ ਹੁੰਦੀਆਂ। ਨਿੱਕੇ ਬੱਚਿਆਂ ਨੂੰ ਭੁੱਖਣ-ਭਾਣੇ ਰੱਖ ਕੇ ਤਸੀਹੇ ਦਿੱਤੇ ਜਾਂਦੇ ਸਨ। ਆਦਮੀਆਂ ਨੂੰ ਉਨ੍ਹਾਂ ਦਾ ਹੀ ਪਿਸ਼ਾਬ ਪਿਲਾਇਆ ਜਾਂਦਾ। ਉਨ੍ਹਾਂ ਦੇ ਮੂੰਹਾਂ ਵਿਚ ਵਾਰ-ਵਾਰ ਥੁੱਕਿਆ ਜਾਂਦਾ।

ਇਹ ਸੋਚਦਿਆਂ ਹੋਇਆਂ ਅਮੀਨਾ ਨੂੰ ਹਮੇਸ਼ਾਂ ਦੀ ਤਰ੍ਹਾਂ ਇਕ ਕੰਬਣੀ ਛਿੜ ਪਈ। ਉਸਦੀਆਂ ਅੱਖਾਂ ਵਿੱਚੋਂ ਤਤੀਰੀ ਵਹਿ ਤੁਰੀ। ਉਸਨੇ ਟਰੇਅ ਵਿਚ ਪਏ ਸਰਬੀਐੱਟ ਨੂੰ ਚੁੱਕ ਕੇ ਆਪਣਾ ਮੂੰਹ ਪੂੰਝ ਸੁੱਟਿਆ। ਉਸਨੇ ਆਲ਼ੇ-ਦੁਆਲ਼ੇ ਵੀ ਦੇਖਿਆ ਤਾਂਕਿ ਕੋਈ ਉਸਨੂੰ ਦੇਖ ਨਾ ਰਿਹਾ ਹੋਵੇ। ਜਿਵੇਂ ਉਹ ਆਪਣੇ ਦਰਦ ਨੂੰ ਸੋਚਾਂ ਅੰਦਰ ਹੀ ਦੱਬ ਦੇਣਾ ਚਾਹੁੰਦੀ ਹੋਵੇ। ਉਸਨੇ ਆਪਣੀ ਪਾਟਦੀ ਜਾਂਦੀ ਹਿੱਕ ਨੂੰ ਹੱਥਾਂ ਨਾਲ਼ ਦੱਬਿਆ।

ਉਸ ਦਿਨ ਉੱਥੇ ਬੈਠਿਆਂ ਉਸਦੀ ਸੋਚ ਜਿਵੇਂ ਟੁੱਟਦੀ ਹੀ ਨਹੀਂ ਸੀ। ਮਸਤਕ ਵਿੱਚ ਹਬੀਬ ਦਾ ਖਿਆਲ ਆਉਂਦਿਆਂ ਹੀ, ਉਸ ਵੇਲੇ ਦੀ ਉੱਠੀ ਹਨ੍ਹੇਰ-ਗਰਦੀ ਮਨ ਵਿੱਚ ਉੱਭਰ ਆਈ। ਧੂਏਂ ਦੇ ਗੁਬਾਰ ਨਸਾਂ ਰਾਹੀਂ ਦਿਮਾਗ ਦੀਆਂ ਨਾੜਾਂ ਵਿਚ ਘੁੰਮ ਰਹੇ ਸਨ। ਉਸਦਾ ਅੰਦਰ ਭੱਖ ਉੱਠਿਆ। ਉਸਨੂੰ ਚੇਤੇ ਆਇਆ ਕਿ, ਉਸ ਦਿਨ ਵੀ ਗਰਮੀ ਨੇ ਅਜ ਵਾਂਗ ਅੱਤ ਚੁੱਕੀ ਹੋਈ ਸੀ। ਪਸੀਨਾ ਜਿਵੇਂ ਉਸਦੀਆਂ ਕਾਲੀਆਂ ਲਟਾਂ ਵਿੱਚੋਂ ਕਿਰ ਕੇ ਹਿਜਾਬ ਨੂੰ ਭਿਉਂਦਾ ਹੋਇਆ ਉਸਦੀ ਧੌਣ ਉੱਤੇ ਡਿੱਗ ਰਿਹਾ ਸੀ। ਹਬੀਬ ਦਾ ਪੂਰਾ ਟੱਬਰ ਅੱਤਵਾਦ ਦੀ ਭੇਂਟ ਚੜ੍ਹ ਗਿਆ ਸੀ। ਸਰਬੀਆ ਦੇ ਧਾੜਵੀਆਂ ਨੇ ਇਕ-ਇਕ ਨੂੰ ਚੁਣ-ਚੁਣ ਕੇ ਮਾਰਿਆ ਸੀ। ਹਬੀਬ ਆਪਣੇ ਟੱਬਰ ਨਾਲ਼ੋਂ ਅੱਡ ਰਹਿੰਦਾ ਸੀ ਤਾਂ ਬਚ ਗਿਆ ਸੀ। ਇਨ੍ਹਾਂ ਹੀ ਦਿਨਾਂ ਵਿੱਚ ਅਮੀਨਾ ਦੀ ਮਾਂ ਵੀ ਦੁਕਾਨੋਂ ਪਰਤਦੀ ਹੋਈ ਮਾਰੀ ਗਈ ਸੀ। ਅਮੀਨਾ ਰਹਿ ਗਈ ਸੀ ਇਕੱਲੀ। ਅੰਮਾ ਜਾਇਆ ਵੀ ਕੋਈ ਹੈ ਨਹੀਂ ਸੀ ਜਿਸ ਨਾਲ਼ ਦੁੱਖ ਸਾਂਝਾ ਕਰ ਸਕਦੀ। ਪਿੰਡ ਵਿਚ ਕਿਹੜਾ ਐਸਾ ਘਰ ਸੀ ਜਿਸ ਵਿਚ ਮਾਤਮ ਨਾ ਛਾਇਆ ਹੋਵੇ। ਸਭ ਲੋਕ ਖ਼ੂਨ ਦੇ ਅੱਥਰੂ ਰੋਏ ਸਨ।

ਸੜਕ ਵਿਚ ਖੜੇ ਮੁੰਡੇ ਨੇ ਹਫ਼ਤਾਵਾਰੀ ਮੁਫ਼ਤ ਅਖ਼ਬਾਰ ਦਾ ਪੁਲੰਦਾ ਉਸਦੇ ਪੈਰਾ ਵਿਚ ਜਿਵੇਂ ਵਗਾਹ ਮਾਰਿਆ, ਜਿਸਨੇ ਉਸਦੀ ਸੋਚ ਫੇਰ ਤੋੜ ਦਿੱਤੀ। ਅਮੀਨਾ ਨੇ ਉਸ ਮੁੰਡੇ ਨੂੰ ਮਨ ਵਿਚ ਜਿਵੇਂ ਗਾਲ਼ ਕੱਢੀ ਹੋਵੇ। ਉਸਨੂੰ ਮਹਿਸੂਸ ਹੋਇਆ ਕਿ, ਉਹ ਮੁੰਡਾ ਵੀ ਉਸਦੀਆਂ ਸੋਚਾਂ ਦਾ ਕਤਲ ਕਰ ਰਿਹਾ ਹੋਵੇ।

ਉਹ ਫੇਰ ਸੋਚਣ ਲੱਗੀ ਕਿ ਉਸ ਵੇਲੇ ਦੇ ਕਤਲ ਤੋਂ ਡਰਦੇ ਹੀ, ਸਭ ਕੁਝ ਗੁਆ ਕੇ, ਅਮੀਨਾ ਅਤੇ ਹਬੀਬ ਆਪਣਾ ਘਰ-ਘਾਟ ਛੱਡ ਕੇ ਜਰਮਨੀ ਦਾ ਬਾਰਡਰ ਪਾਰ ਕਰ ਆਏ ਸਨ। ਬਦਲਦੇ ਹਾਲਾਤਾਂ ਵਿਚ ਜੋ ਕੁਝ ਉਹ ਪਹਿਲਾਂ ਬਾਹਰ ਕੱਢ ਸਕੇ, ਉਨ੍ਹਾਂ ਨੇ ਕੱਢ ਲਿਆ ਸੀ। ਪੈਸਾ ਬਾਹਰਲੀਆਂ ਬੈਂਕਾਂ ਵਿਚ ਟਰਾਂਸਫਰ ਕਰ ਦਿੱਤਾ ਸੀ। ਕੁੱਝ ਫਰਨੀਚਰ ਵੀ ਭੇਜ ਦਿੱਤਾ ਸੀ। ਜਰਮਨੀ ਵਿੱਚ ਕੁੱਝ ਰਿਸ਼ਤੇਦਾਰ ਰਹਿੰਦੇ ਸਨ। ਬਸੀਮਿਆਂ ਦਾ ਬਹੁਤਾ ਅੰਤਰ ਨਾ ਹੋਣ ਕਾਰਨ ਉਨ੍ਹਾਂ ਦੋਹਾਂ ਨੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ



ਪਹਿਲਾਂ ਸੋਚਿਆ ਸੀ ਕਿ ਉਹ ਜਿੱਥੇ ਵੀ ਜਾਣ-ਰਹਿਣ, ਬੱਚਿਆਂ ਦਾ ਢਿੱਡ ਭਰ ਸਕਣ। ਉਨ੍ਹਾਂ ਨੂੰ ਹਰ ਸਹੂਲਤ ਦੇ ਸਕਣ। ਕੀ ਕਰਨਾ ਸੀ ਉਨ੍ਹਾਂ ਨੇ ਬੋਸਨੀਆਂ ਵਿਚ ਜਿੱਥੇ ਆਪਣੇ ਹੀ ਆਪਣਿਆਂ ਦੇ ਦੁਸ਼ਮਣ ਹੋ ਗਏ ਸਨ। ਜਿੱਥੇ ਇਹ ਪਤਾ ਨਾ ਹੁੰਦਾ ਕਿ ਬਾਹਰ ਗਿਆ ਹੋਇਆ ਬੰਦਾ ਕਦੀ ਘਰ ਪਰਤੇਗਾ ਜਾਂ ਨਹੀਂ।

ਏਸੇ ਵਕਤ ਦੀ ਘੁੰਮਣਘੇਰੀ ਨੇ, ਉਨ੍ਹਾਂ ਨੂੰ ਪੈਰੋਂ ਉਖੇੜ ਦਿੱਤਾ ਸੀ। ਉਹ ਭਟਕਦੇ ਪੱਤੇ ਵਾਂਗ, ਪਹਿਲਾਂ ਜਰਮਨੀ ਅਤੇ ਫੇਰ ਕੈਨੇਡਾ ਦੀਆਂ ਬਰੂਹਾਂ 'ਤੇ ਆਣ ਪਹੁੰਚੇ ਸਨ।

ਜਦੋਂ ਦੇ ਉਹ ਕੈਨੇਡਾ ਆਏ ਸਨ, ਉਸ ਵੇਲੇ ਤੋਂ ਉਨ੍ਹਾਂ ਦੀ ਹੋਰ ਹੀ ਜੱਦੋਜਹਿਦ ਤੁਰ ਪਈ ਸੀ। ਦਿਨੇ ਰਾਤ ਕੰਮ। ਭਾਵੇਂ ਪਿਛਲੇ ਲਿਆਂਦੇ ਪੈਸੇ ਨਾਲ਼ ਘਰ ਖਰੀਦ ਹੋ ਗਿਆ ਸੀ। ਫੇਰ ਵੀ ਘਰ ਦੇ ਖਰਚੇ, ਬਿੱਲ ਬੱਤੀਆਂ, ਸਥਾਪਤ ਹੋਣ ਦੀ ਚਿੰਤਾ, ਬੱਚਿਆਂ ਦੀਆਂ ਲੋੜਾਂ। ਇਸ ਸਭ ਵਿਚ ਉਹ ਦੋਨੋਂ ਗੁਆਚ ਜਿਹੇ ਗਏ ਸਨ। ਪਿਛਲਾ ਵਕਤ ਭਾਵੇਂ ਸੂਈ ਵਾਂਗ ਚੁੱਭਦਾ ਰਹਿੰਦਾ ਸੀ ਪਰ ਉਸ ਬਾਰੇ ਸੋਚਣ ਦੀ, ਛੁੱਟੀ ਵਾਲੇ ਦਿਨ ਤੋਂ ਬਿਨਾ ਜਿਵੇਂ ਫੁਰਸਤ ਹੀ ਨਹੀਂ ਸੀ ਰਹੀ।

ਅਮੀਨਾ ਜਾਣਦੀ ਸੀ ਕਿ ਹਬੀਬ ਵੀ ਕਿੰਨ੍ਹਾਂ ਵਕਤਾਂ ਵਿੱਚੋਂ ਨਿਕਲਿਆ ਹੈ। ਕਿਵੇਂ ਆਪਣੀ ਜਾਨ ਨੂੰ ਮਾਰ ਕੇ ਉਹ ਕੰਮ ਕਰ ਰਿਹਾ ਹੈ। ...ਤੇ ਹਬੀਬ ਦਾ ਟੀਚਾ ਟੱਬਰ ਨੂੰ ਇੱਕਠਾ ਰੱਖਣਾ ਵੀ ਸੀ। ਜਿਵੇਂ ਉਹ ਬੋਸਨੀਆਂ ਵਿਚ ਰਹਿੰਦੇ ਸਨ। ਸੰਯੁਕਤ ਪਰਿਵਾਰ। ਉਸਨੂੰ ਇਹ ਫ਼ਿਕਰ ਵੀ ਰਹਿੰਦਾ ਸੀ ਕਿ ਕਨੇਡੀਅਨ ਦੁਨੀਆਂ ਵਿਚ ਸਭ ਕੁਝ ਖੇਰੂੰ-ਖੇਰੂੰ ਨਾ ਹੋ ਜਾਵੇ। ਵੱਡੇ ਦੋਨਾਂ ਬੱਚਿਆਂ ਦੀਆਂ ਉਮਰਾਂ ਵੀ ਉਸ ਪੜਾਅ ਤੇ ਸਨ ਜਿੱਥੇ ਬੱਚੇ ਨਵੀਂ ਸੱਭਿਅਤਾ ਵਿਚ ਬਿੱਖਰ ਸਕਦੇ ਸਨ। ਭਾਵੇਂ ਉਸਦੇ ਬੱਚੇ ਕਹਿਣੇਕਾਰ ਸਨ। ਫੇਰ ਵੀ ਉਹ ਆਲ਼ੇ-ਦੁਆਲ਼ੇ ਦੀ ਦੁਨੀਆਂ ਤੋਂ ਅਭਿੱਜ ਨਹੀਂ ਸੀ। ਬੱਚਿਆਂ ਨੂੰ ਕੀ ਸਮੱਸਿਆਵਾਂ ਆ ਰਹੀਆਂ ਸਨ ਜਾਂ ਆ ਸਕਦੀਆਂ ਸਨ, ਉਨ੍ਹਾਂ ਤੋਂ ਵੀ ਉਹ ਜਾਣੂੰ ਸੀ। ਦੁਨੀਆਂ ਵਿਚ ਕੀ ਹੋ ਰਿਹਾ ਹੈ, ਉਸਦਾ ਨਤੀਜਾ ਆਮ ਆਦਮੀ ਭੁਗਤ ਰਿਹਾ ਸੀ। ਉਹ ਆਪਣੇ ਬੱਚਿਆਂ ਨੂੰ ਜਿੱਥੇ ਆਪਣੇ ਧਰਮ ਨੂੰ ਕਾਇਮ ਰੱਖਣ ਦੀ ਸਿੱਖਿਆ ਦਿੰਦਾ ਉੱਥੇ ਉਹ ਉਨ੍ਹਾਂ ਨੂੰ ਇਨਸਾਨੀਅਤ ਦੇ ਫ਼ਰਜ਼ ਵੀ ਸਮਝਾਉਂਦਾ। ਆਂਢ-ਗੁਆਂਢ ਨਾਲ਼ ਵੀ ਉਨ੍ਹਾਂ ਦਾ ਸਲੂਕ ਬਹੁਤ ਵਧੀਆ ਸੀ। ਕਈ ਧਰਮਾਂ ਦੇ ਲੋਕ ਉਨ੍ਹਾਂ ਦੀ ਗਲ਼ੀ ਵਿੱਚ ਰਹਿੰਦੇ ਸਨ ਜੋ ਉਨ੍ਹਾਂ ਦੇ ਮਿੱਤਰ ਦੋਸਤ ਬਣ ਚੁੱਕੇ ਸਨ। ਕਰਿਸਟੀਨਾ ਪੋਲਿਸ਼ ਸੀ। ਉਸਨੇ ਵੀ ਪੋਲੈਂਡ ਵਿਚ ਰਹਿੰਦਿਆਂ ਹੋਇਆਂ ਉਹ ਸਭ ਕੁਝ ਅੱਖਾਂ ਰਾਹੀ ਕੱਢਿਆ ਸੀ ਜਿਹੜਾ ਅਮੀਨਾ ਅਤੇ ਹਬੀਬ ਨੇ ਝੱਲਿਆ ਸੀ। ਜਰਮਨ ਅਤੇ ਸੋਵੀਅਤ ਯੂਨੀਅਨ ਦੇ ਹੇਠਾਂ ਵਸਦਿਆਂ ਅਤੇ ਆਜ਼ਾਦੀ ਦੀ ਜੰਗ ਲੜਦਿਆਂ ਹੋਇਆਂ ਜਿਹੜੀਆਂ ਮੌਤਾਂ ਉਸਦੇ ਬਾਲ ਮਨ ਨੇ ਦੇਖੀਆਂ ਸਨ ਉਨ੍ਹਾਂ ਦੇ ਸੁਫ਼ਨੇ ਹਾਲੀਂ ਤਕ ਉਸਨੂੰ ਤੰਗ ਕਰਦੇ ਸਨ।

ਅਮੀਨਾ ਦੇ ਦੂਜੇ ਗੁਆਂਢੀ 'ਮੈਗੀ ਅਤੇ ਡੇਵਿਡ' ਆਇਰਿਸ਼ ਸਨ। ਜਿਹੜੇ ਬੈਲਫਾਸਟ ਤੋਂ ਛੋਟੇ ਹੁੰਦੇ ਆਪਣੇ-ਆਪਣੇ ਮਾਂ-ਬਾਪ ਦੇ ਨਾਲ਼ ਕੈਨੇਡਾ ਆਏ ਸਨ। ਡੇਵਿਡ ਦੇ ਮਾਂ-ਬਾਪ ਵੀ ਆਇਰਲੈਂਡ ਦੀ ਧਾਰਮਿਕ ਲੜਾਈ ਤੋਂ ਤੰਗ ਆ ਗਏ ਸਨ। ਉੱਥੇ ਬੈਠਿਆਂ, ਅਮੀਨਾ ਦੀ ਸੋਚ ਮੈਗੀ ਦੀ ਦੱਸੀ ਹੋਈ ਕਹਾਣੀ ਵਿੱਚ ਉਲਝ ਗਈ ਜਦੋਂ ਮੈਗੀ ਨੇ ਦੱਸਿਆ ਸੀ ਕਿ, "ਉੱਤਰੀ ਆਇਰਲੈਂਡ ਦੇ ਸ਼ਹਿਰ ਬੈਲਫਾਸਟ ਵਿਚ ਰਹਿੰਦਿਆਂ ਹੋਇਆਂ, ਦਿਨ-ਰਾਤ ਗੋਲੀਆਂ ਦੀ ਆਵਾਜ਼ ਨੇ ਉਨ੍ਹਾਂ ਦੇ ਕੰਨ ਪਾੜ ਦਿੱਤੇ ਸਨ। ਆਲ਼ੇ-ਦੁਆਲ਼ੇ ਦੇ ਘਰਾਂ ਦੇ ਸ਼ੀਸ਼ੇ ਟੁੱਟੇ ਪਏ ਹੁੰਦੇ। ਘਰਾਂ ਵਾਲੇ ਘਰ ਛੱਡ ਕੇ ਹੋਰਨਾਂ ਇਲਾਕਿਆਂ ਵਿਚ ਚਲੇ ਜਾਂਦੇ। ਗਲ਼ੀਆਂ ਉਜਾੜ ਬਣ ਗਈਆਂ। ਮਿਲਟਰੀ ਵਾਲ਼ਿਆਂ ਦੇ ਬੂਟਾਂ ਤੋਂ ਬਿਨਾਂ ਕਿਸੇ ਦੇ ਪੈਰਾਂ ਦਾ ਖੜਾਕ ਸੁਣਦਾ ਹੀ ਨਹੀਂ ਸੀ। 1972 ਵਿਚ ਆਈ.ਆਰ.ਏ (ਆਇਰਿਸ਼ ਰਿਪਬਲਿਕ ਆਰਮੀ) ਨੇ ਸ਼ੁਕਰਵਾਰ ਦੇ ਦਿਨ 22 ਬੰਬ ਇਸ ਸ਼ਹਿਰ ਵਿਚ ਚਲਾਏ ਸਨ। ਜਿਸ ਨਾਲ਼ ਅਨੇਕਾ ਲੋਕ ਜ਼ਖ਼ਮੀ ਅਤੇ ਅਨੇਕਾ ਮਾਰੇ ਗਏ ਸਨ। ਇਹੋ ਸ਼ੁਕਰਵਾਰ ਬਲੱਡੀ ਫਰਾਈਡੇ ਦੇ ਨਾਂ ਨਾਲ਼ ਮਸ਼ਹੂਰ ਹੋਇਆ ਸੀ। ਹੋਰ ਵੀ ਜਥੇਬੰਦੀਆਂ ਅਲਸਟੱਰ ਵਾਲੰਟੀਅਰਜ਼, ਅਲਸਟੱਰ ਡਿਫੈਂਸ ਗਰੁੱਪ, ਸ਼ੈਨਕਿਲ ਬੁੱਚਰਜ਼ ਜਿਨ੍ਹਾਂ ਨੇ ਆਪਣਾ ਤਰਥੱਲ ਮਚਾਇਆ ਹੋਇਆ ਸੀ। ਖ਼ੂਬਸੂਰਤ ਦੇਸ਼ ਤਬਾਹ ਹੋ ਰਿਹਾ ਸੀ। ੜ ਤੇ ਡੇਵਿਡ ਦੇ ਮਾਂ-ਬਾਪ ਮਿਸਟਰ ਐਂਡ ਮਿਸਜ਼ 'ਟੇਲਰ' ਤੋਂ ਇਹ ਸਭ ਸਹਿਨ ਨਹੀਂ ਸੀ ਹੋ ਰਿਹਾ। ਉਹ, ਉਸਨੂੰ ਛੋਟੇ ਹੁੰਦਿਆਂ ਹੀ ਕੈਨੇਡਾ ਲੈ ਆਏ।" ਮੈਗੀ ਨੇ ਇਹ ਵੀ ਦੱਸਿਆ ਸੀ ਕਿ "ਮੇਰੇ ਮਾਂ-ਬਾਪ ਵੀ 'ਅਲਸਟਰ' ਤੋਂ ਉੱਠ ਕੇ ਇਸੇ

ਬਿਪਤਾ ਦਾ ਸਾਮ੍ਹਣਾ ਕਰਦੇ ਕੈਨੇਡਾ ਆਣ ਵਸੇ ਸਨ। ਰੋਮਨ ਕੈਥੋਲਿਕਾਂ ਅਤੇ ਪਰੋਟੈਸਟੈਂਟਾ ਵਿਚਾਲੇ ਹੁੰਦੀ ਲੜਾਈ ਨੇ ਜਿੱਥੇ ਦੇਸ਼ ਤਬਾਹ ਕਰ ਦਿੱਤਾ ਸੀ ਉੱਥੇ ਘਰਾਂ ਦੇ ਘਰ ਵੀ ਉਜਾੜ ਦਿੱਤੇ ਸਨ। ਆਈ.ਆਰ.ਏ ਦੀ ਸਿੱਧੀ ਟੱਕਰ ਜਿੱਥੇ ਆਇਰਲੈਂਡ ਦੀ ਸਰਕਾਰ ਨਾਲ਼ ਸੀ ਉੱਥੇ ਬਰਤਾਨਵੀ ਸਰਕਾਰ ਨਾਲ਼ ਵੀ ਸੀ। ਬਰਤਾਨੀਆਂ ਦੇ ਕਈ ਸ਼ਹਿਰਾਂ ਵਿਚ ਵੀ ਉਨ੍ਹਾਂ ਨੇ ਬੰਬ ਚਲਾਏ ਸਨ। ਸੱਤਾ ਨੂੰ ਹਥਿਆਉਣ ਵਿਚ ਧਰਮ ਮੋਹਰਾ ਬਣ ਗਿਆ ਸੀ। ਗੁੰਡਾ-ਗਰਦੀ ਵੱਧ ਗਈ ਸੀ। ਅੱਤਵਾਦ ਨੇ ਕੋਈ ਇਨਸਾਨ ਆਇਰਲੈਂਡ ਦੇ ਇੱਧਰਲੇ ਪਾਸੇ ਸੁਰੱਖਿਅਤ ਰਹਿਣ ਹੀ ਨਹੀਂ ਸੀ ਦਿੱਤਾ। ਦੋਹਾਂ ਧਰਮਾਂ ਵਿਚਾਲੇ ਬਰਤਾਨੀਆਂ ਫੇਰ ਵੀ ਆਪਣੀ ਧਾਂਕ ਜਮਾਈ ਬੈਠਾ ਸੀ।"

ਅਮੀਨਾ ਦੀ ਸੋਚ ਸਟਰੀਟ ਵਿਚ ਰਹਿੰਦੇ ਦੋ ਪੰਜਾਬੀ ਪਰਿਵਾਰਾਂ ਵਲ ਪਰਤ ਗਈ। ਇਕ ਪਰਿਵਾਰ ਨਾਲ਼ ਤਾਂ ਬਹੁਤੀ ਗੱਲ ਬਾਤ ਨਾ ਹੁੰਦੀ ਪਰ ਦੂਜਾ ਪਰਿਵਾਰ ਦਿੱਲੀ ਤੋਂ ਆਇਆ ਹੋਇਆ ਸੀ, ਜਿਨ੍ਹਾਂ ਨਾਲ਼ ਘਰੇਲੂ ਸੰਬੰਧ ਬਣ ਗਏ ਸਨ। ਦਲਜੀਤ ਅਕਸਰ ਆਪਣੇ ਆਦਮੀ ਦੀ ਕਹਾਣੀ ਅਮੀਨਾ ਨੂੰ ਦੱਸਦੀ ਹੋਈ ਆਖਦੀ, "ਸੂਰਤ ਸਿੰਘ ਦਾ ਟੱਬਰ ਵੀ ਚੁਰਾਸੀ ਦੇ ਦੰਗਿਆਂ ਦਾ ਸ਼ਿਕਾਰ ਹੋ ਚੁਕੈ। ਐਂਟੀ ਸਿੱਖ ਰਾਇਟ ਵੇਲੇ ਸੂਰਤ ਸਿੰਘ ਦੇ ਬਾਪ ਦੇ ਗਲ ਵਿਚ ਟਾਇਰ ਪਾ ਕੇ ਉਸਨੂੰ ਜਿਉਂਦਾ ਸਾੜ ਦਿੱਤਾ ਗਿਆ ਸੀ। ਸੂਰਤ ਨੇ ਇਹ ਸਭ ਅੱਖੀਂ ਦੇਖਿਆ। ਉਸਦੀ ਉਮਰ ਉਸ ਵੇਲੇ ਸੋਲ਼ਾਂ-ਸਤਾਰਾਂ ਵਰ੍ਹਿਆਂ ਦੀ ਸੀ। ਉਸਦੇ ਜਾਨਣ ਵਾਲਿਆਂ ਨੇ ਉਸਨੂੰ ਫੜ ਕੇ ਲੁਕੋ ਲਿਆ ਸੀ। ਉਸਦਾ ਜੁਆਨ ਖ਼ੂਨ ਖੌਲਦਾ ਸੀ। ਉਹ ਬਥੇਰਾ ਆਪਣਾ ਆਪ ਛੁਡਾ ਕੇ ਭੱਜਣ ਦੀ ਕੋਸ਼ਿਸ਼ ਕਰਦਾ ਰਿਹਾ ਤਾਂਕਿ ਉਹ ਆਪਣੇ ਭਾਪਾ ਜੀ ਨੂੰ ਬਚਾ ਸਕੇ। ਪਰ ਉਨ੍ਹਾਂ ਦੇ ਗੁਆਂਢੀ ਮੋਹਣ ਲਾਲ ਨੇ ਉਸਨੂੰ ਬਾਹਰ ਨਹੀਂ ਸੀ ਨਿਕਲਣ ਦਿੱਤਾ। ...ਤੇ ਉਸਦੀ ਜਾਨ ਬਚ ਗਈ।"

ਦਲਜੀਤ ਫੇਰ ਆਖਦੀ ਕਿ, "ਅਮੀਨਾ! ਸੂਰਤ ਦੀ ਭੂਆ ਕੈਨੇਡਾ ਰਹਿੰਦੀ ਸੀ ਜਿਸਨੇ ਮੇਰੇ ਨਾਲ਼ ਰਿਸ਼ਤਾ ਕਰਕੇ ਸੂਰਤ ਨੂੰ ਕੈਨੇਡਾ ਮੰਗਵਾ ਲਿਆ। ਜਦੋਂ ਦਾ ਉਹ ਕੈਨੇਡਾ ਆਇਆ, ਉਹ ਮੁੜ ਕੇ ਕਦੀ ਇੰਡੀਆ ਗਿਆ ਹੀ ਨਹੀਂ। ਤੇ ਨਾ ਹੀ ਜਾਣਾ ਚਾਹੁੰਦਾ ਹੈ।"

ਅਮੀਨਾ ਸਭ ਕੁਝ ਸੁਣ ਕੇ ਜਿਵੇਂ ਆਪਣੇ ਅੰਦਰ ਦੱਬ ਲੈਂਦੀ।

ਇਸ ਗਲ਼ੀ ਵਿਚ ਰਹਿਣ ਵਾਲੇ ਸਭ ਜੋੜੇ ਆਪਣੀ ਜਾਨ ਮਾਰ ਕੇ ਕੰਮ ਕਰ ਰਹੇ ਸਨ। ਹਬੀਬ ਵੀ ਮਿਹਨਤ ਨਾਲ਼ ਕੰਮ ਕਰ ਰਿਹਾ ਸੀ ਤਾਂ ਕਿ ਉਸਦੇ ਬੱਚੇ ਚੰਗੀ ਜ਼ਿੰਦਗੀ ਜੀਅ ਸਕਣ। ਹਰ ਚੀਜ਼ ਵਸਤ ਉਨ੍ਹਾਂ ਨੂੰ ਮਿਲ ਸਕੇ, ਜੋ ਆਮ ਕਨੇਡੀਅਨ ਬੱਚਿਆਂ ਨੂੰ ਮਿਲਦੀ ਹੈ। ਇਸੇ ਵਾਸਤੇ ਅਮੀਨਾ ਵੀ ਹਬੀਬ ਦੇ ਬਰਾਬਰ ਕੰਮ ਕਰਦੀ ਸੀ ਤਾਂਕਿ ਉਹ ਆਪਣੇ ਪਰਿਵਾਰ ਨੂੰ ਗੰਢੀ ਰੱਖਣ। ਅਮੀਨਾ ਦਾ ਕੰਮ ਕਰਨਾ ਪਹਿਲਾਂ ਹਬੀਬ ਨੂੰ ਚੰਗਾ ਨਹੀਂ ਸੀ ਲਗਦਾ। ਜਦੋਂ ਉਹ ਪਿੱਛੇ ਰਹਿੰਦੇ ਸਨ ਤਾਂ ਹਬੀਬ ਦੀ ਆਪਣੀ ਛੋਟੀ ਜਿਹੀ ਪਲੰਬਿੰਗ ਦੀ ਬਿਜ਼ਨੈੱਸ ਸੀ। ਉਸਦੇ ਮੋਹਰੇ ਦੋ-ਚਾਰ ਕਾਮੇ ਕੰਮ ਕਰਦੇ ਸਨ। ਅਮੀਨਾ ਵੀ ਵਕੀਲ ਸੀ। ਤੇ ਹੁਣ ਅਮੀਨਾ ਨੂੰ ਬਾਹਰ ਕੰਮ ਕਰਨਾ ਪੈ ਰਿਹਾ ਸੀ। ਬਕਸਿਆਂ ਦੀ ਚੱਕ-ਥੱਲ ਕਰਨੀ ਪੈ ਰਹੀ ਸੀ। ਵਕਾਲਤ ਕਰਨ ਵਾਸਤੇ ਉਸਨੂੰ ਕਨੇਡੀਅਨ ਡਿਗਰੀ ਦੀ ਲੋੜ ਪੈਂਦੀ ਸੀ। ਜਿਸ ਵਾਸਤੇ ਉਸਦੇ ਦੋ ਕੁ ਸਾਲ ਲੱਗ ਜਾਣੇ ਸਨ। ਇਸ ਵੇਲੇ ਤਾਂ ਸਥਾਪਤ ਹੋਣ ਦੀ ਚਿੰਤਾ ਸੀ। ਬੱਚਿਆਂ ਨੂੰ ਪਾਲਣ ਦੀ ਚਿੰਤਾ ਸੀ। ...ਤੇ ਫੇਰ ਹੌਲੀ-ਹੌਲੀ ਹਬੀਬ ਦੀ ਸੋਚ ਵੀ ਬਦਲਣ ਲੱਗ ਪਈ ਸੀ। ਸਮੇਂ ਦੇ ਨਾਲ਼ ਚੱਲਣ ਦਾ ਗੁਰ ਅਮੀਨਾ ਨੇ ਹੀ ਉਸਨੂੰ ਸਮਝਾਇਆ ਸੀ। ਉਹ ਕਹਿੰਦੀ ਸੀ, "ਬਾਬਾ! ਕੰਮ, ਕੰਮ ਹੈ। ਕੀ ਫ਼ਰਕ ਪੈਂਦੈ ਮੈਂ ਡੈਸਕ ਦੇ ਪਿੱਛੇ ਬੈਠਦੀ ਹਾਂ ਜਾਂ ਤੁਰੀ ਫ਼ਿਰਦੀ ਕਸਟਮਰਾਂ ਨੂੰ ਸਰਵ ਕਰਦੀ ਹਾਂ। ਮੈਨੂੰ ਹਮੇਸ਼ਾਂ ਬਕਸੇ ਤਾਂ ਨਹੀਂ ਚੁੱਕਣੇ ਪੈਂਦੇ। ਕਦੀ-ਕਦਾਈਂ, ਇਕ-ਅੱਧਾ ਬਕਸਾ ਲਿਆ ਕੇ ਸਮਾਨ ਟਿਕਾ ਦਿੱਤਾ ਤਾਂ ਕੀ ਲੋਹੜਾ ਆ ਗਿਐ। ਆਖ਼ਰ ਹੱਥੀਂ ਕਮਾ ਕੇ ਆਪਾਂ ਇੱਜ਼ਤ ਦੀ ਰੋਟੀ ਖਾਂਦੇ ਹਾਂ।"

ਇਹ ਸਭ ਸੋਚਦਿਆਂ ਉਹ ਫੇਰ ਆਪਣੇ ਗਾਰਡਨ ਵਲ ਪਰਤੀ। ਖੱਟੇ ਰੰਗ ਦੀਆਂ ਕਲੀਆਂ ਵਰਗੇ ਫੁੱਲਾਂ ਦੀਆਂ ਟਾਹਣੀਆਂ ਜਿਵੇਂ ਝੂਲ ਰਹੀਆਂ ਸਨ। ਚਿੱਟੇ ਗੁਲਾਬ ਦਾ ਬੂਟਾ ਵੀ ਭਰਿਆ ਪਿਆ ਸੀ। ਉਨ੍ਹਾਂ ਵੱਲ ਦੇਖਦਿਆਂ ਉਹ ਆਪਣੇ ਅੰਦਰ ਵਲ ਝਾਤੀ ਮਾਰਨ ਲਗ ਪਈ। ਉਸਨੂੰ ਆਪਣਾ ਅੰਦਰ ਵੀ ਬਿਲਕੁਲ ਏਸੇ ਤਰ੍ਹਾਂ ਦਾ ਜਾਪਿਆ।



ਲੰਘਦੀ ਜਾਂਦੀ ਇਕ ਹੋਰ ਕਾਰ ਦੇ ਹੌਰਨ ਨੇ ਅਮੀਨਾ ਦੀ ਸੋਚ ਫੇਰ ਤੋੜ ਦਿੱਤੀ। ਪੋਰਚ ਵਿਚ ਬੈਠਿਆਂ ਉਹ ਪਤਾ ਨਹੀਂ ਕਿੱਥੇ-ਕਿੱਥੇ ਪਹੁੰਚ ਗਈ ਸੀ। ਉਸਨੇ ਦੇਖਿਆ, ਉਸਦੀ ਕੌਫ਼ੀ ਠੰਡੀ ਹੋ ਗਈ ਸੀ। ਕੌਫ਼ੀ ਉੱਤੇ ਚਿੱਟੀ ਜਿਹੀ ਝਿੱਲੀ ਵੀ ਵਿੱਛ ਗਈ ਸੀ। ਉਸਨੇ ਕੱਪ ਵੱਲ ਦੇਖਿਆ ਅਤੇ ਸੋਚਿਆ ਜਿਵੇਂ ਇਹ ਝਿੱਲੀ ਉਸਦੀਆਂ ਸੋਚਾਂ ਉੱਤੇ ਵੀ ਵਿੱਛ ਗਈ ਹੋਵੇ। ਖੜੇਪੜਾਂ ਵਰਗੇ ਲੇਅ ਚੜ੍ਹ ਗਏ ਹੋਣ। ਅਜ ਦੀ ਛੁੱਟੀ ਦਾ ਖਿਆਲ ਆਉਂਦਿਆਂ ਹੀ ਉਹ ਜਿਵੇਂ ਨੇਸਤੀ ਜਿਹੀ ਹੋ ਗਈ ਸੀ। ਘਰ ਦਾ ਕੰਮ ਕਰਨ ਨੂੰ ਵੀ ਉਸਦਾ ਜੀ ਨਹੀਂ ਸੀ ਕੀਤਾ। ਇਸੇ ਵਾਸਤੇ ਉਹ ਬਾਹਰ ਆ ਬੈਠੀ ਸੀ। ਜਦੋਂ ਧੁੱਪ ਨੇ ਉਸਨੂੰ ਆਪਣੇ ਵਿਚ ਲਪੇਟ ਲਿਆ ਤਾਂ ਉਹ ਘਰ ਦੇ ਅੰਦਰ ਜਾ ਵੜੀ।

ਅੰਦਰ ਆ ਕੇ ਉਸਨੇ ਟੀ.ਵੀ. ਔਨ ਕਰ ਦਿੱਤਾ। ਚੈਨਲ ਘੁਮਾਉਂਦਿਆਂ ਹੋਇਆਂ ਉਹ ਗਲੋਬਲ ਚੈਨਲ ਦੇਖਣ ਲੱਗ ਪਈ। ਉਸਦਾ ਧਿਆਨ ਗਲੋਬਲ ਚੈਨਲ 'ਤੇ ਆ ਰਹੀਆਂ ਦੁਪੈਹਿਰ ਦੀਆਂ ਇੰਟਰਨੈਸ਼ਲ ਖ਼ਬਰਾਂ ਨੇ ਆਪਣੇ ਵੱਲ ਖਿੱਚ ਲਿਆ।

ਖ਼ਬਰਾਂ ਦੇਖਦਿਆਂ ਹੋਇਆਂ ਵੀ, ਉਸਨੂੰ ਉਹ ਖ਼ਬਰਾਂ ਚੇਤੇ ਆਈਆਂ ਜਿਹੜੀਆਂ ਕੁਝ ਮਹੀਨੇ ਪਹਿਲਾਂ ਉਸਨੇ ਦੇਖੀਆਂ ਸਨ। ਉਹ ਖ਼ਬਰਾਂ ਦੇਖਦਿਆਂ ਹੋਇਆਂ ਜਿਵੇਂ ਰਿਮੋਟ ਉਸਦੇ ਹੱਥਾਂ ਵਿੱਚੋਂ ਕਿਰ ਗਿਆ ਸੀ। ਫਰਵਰੀ ਦਾ ਮਹੀਨਾ ਸੀ, ਬਾਹਰ ਬਰਫ਼ ਪੈ ਰਹੀ ਸੀ, ਜਦੋਂ ਕਿ ਉਸਨੂੰ ਅੰਦਰਲਾ ਤਾਪਮਾਨ ਚੜ੍ਹ ਗਿਆ ਮਹਿਸੂਸ ਹੋਇਆ ਸੀ। ਕੌਸਵੋ ਨੇ ਯੁਗੋਸਲਾਵੀਆਂ ਦੇ ਟੁੱਟਣ ਤੋਂ ਸਤਾਰਾਂ ਸਾਲ ਬਾਅਦ ਆਪਣੀ ਸਵੈ ਆਜ਼ਾਦੀ ਦਾ ਐਲਾਨ ਧੂਮ-ਧੜੱਕੇ ਨਾਲ਼ ਕੀਤਾ ਸੀ। ਉੱਧਰ ਸਰਬੀਅਨ ਲੀਡਰ ਇਸਦਾ ਵਿਰੋਧ ਕਰ ਰਹੇ ਸਨ। ਲੋਕੀਂ ਗਲੀਆਂ ਬਾਜ਼ਾਰਾਂ ਵਿਚ ਨੱਚ ਰਹੇ ਸਨ। ਖ਼ੁਸ਼ੀਆਂ ਮਨਾ ਰਹੇ ਸਨ। ਭੰਗੜੇ ਪਾ ਰਹੇ ਸਨ।

ਲੋਕਲ ਖ਼ਬਰਾਂ ਨੇ ਵੀ ਟੋਰਾਂਟੋ ਦੀਆਂ ਗਲੀਆਂ ਵਿਚ ਜਨਤਾ ਨੂੰ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਦਿਖਾਇਆ ਸੀ। ਕੁਈਨਜ਼ ਪਾਰਕ ਵਿਖੇ ਹਜੂਮ ਦੇ ਇਕੱਠ ਨੂੰ ਨਾਅਰੇ ਲਾਉਂਦੇ ਹੋਏ ਵੀ ਦਿਖਾਇਆ ਸੀ। ਇਹ ਦੇਖਦਿਆਂ ਹੋਇਆਂ, ਸ਼ਿਕਨ ਨੇ ਉਸਦੇ ਮੱਥੇ ਦੀਆਂ ਤ੍ਰੇੜਾਂ ਵਿਚ ਰੋਹ ਭਰ ਦਿੱਤਾ ਸੀ। ਉਹ ਮਨ ਵਿਚ ਹੀ ਸੋਚਣ ਲੱਗੀ, "ਕਿਸ ਗੱਲ ਦੀ ਖ਼ੁਸ਼ੀ ਮਨਾ ਰਹੇ ਨੇ ਇਹ ਲੋਕ? ਕੀ ਭੁੱਲ ਗਏ ਨੇ ਸਭ ਕੁਝ ਜੋ ਉਨ੍ਹਾਂ ਨਾਲ ਵਾਪਰਿਆ ਸੀ? ਕਿਵੇਂ ਲੋਕ ਘਰੋਂ ਬੇਘਰ ਹੋਏ ਸਨ? ਕਿਵੇਂ ਮਾਂਵਾਂ ਨੇ ਪੁੱਤ ਗੁਆਏ ਸਨ? ਕਿਵੇਂ ਔਰਤਾਂ ਦੀ ਬੇਪਤੀ ਹੋਈ ਸੀ। ...ਤੇ ਇਹ ਆਜ਼ਾਦੀ ਦਾ ਐਲਾਨ? ਕਿਹੜੀ ਆਜ਼ਾਦੀ? ਆਪੂੰ ਐਲਾਨ ਕਰਨ ਨਾਲ਼ ਕੋਈ ਆਜ਼ਾਦੀ ਥੋੜ੍ਹੇ ਮਿਲਦੀ ਐ?"

ਖ਼ਬਰਾਂ ਦੇਖਦਿਆਂ ਹੋਇਆਂ ਵੀ ਉਹ ਬੀਤੇ ਸਮੇਂ ਵਿਚ ਬੈਠੀ ਸੀ। ਉਸਨੇ ਤਾਂ ਸਭ ਕੁਝ ਆਪਣੇ ਅੱਖੀਂ ਤੱਕਿਆ ਸੀ ਅਤੇ ਜਿਸਮ 'ਤੇ ਹੰਢਾਇਆ ਸੀ। ...ਤੇ ਹੁਣ ਵਰ੍ਹਿਆਂ ਬਾਅਦ ਫੇਰ ਉਹ ਸਮਾਂ ਉਸਦੇ ਸਾਮ੍ਹਣੇ ਆ ਖਲੋਇਆ ਸੀ। ਸਾਮ੍ਹਣੇ ਹੀ ਨਹੀਂ ਉਸਦੀ ਹਿੱਕ ਵਿਚ ਜੰਮ ਕੇ ਬੈਠ ਗਿਆ ਸੀ।

ਉਸਨੇ ਸੋਚਿਆ ਸੀ ਕਿ ਪੂਰੇ ਸਤਾਰਾਂ ਵਰ੍ਹੇ ਦਾ ਲੰਮਾ ਸਮਾਂ, ਉਸ ਨਾ-ਮੁਰਾਦ ਵਕਤ ਨੂੰ ਮੇਟ ਦੇਵੇਗਾ। ਪੋਚਾ ਦੇ ਦੇਵੇਗਾ ਉਸ ਸਮੇਂ ਉੱਤੇ। ਉਹ ਟੋਆ ਜਿਹੜਾ ਸੀਨੇ ਵਿਚ ਪੁੱਟਿਆ ਗਿਆ ਸੀ, ਉਸਨੂੰ ਭਰ ਦੇਵੇਗਾ। ਪਰ ਨਹੀਂ, ਯਾਦਾਂ ਦੇ ਗਲੋਟੇ ਤਾਂ ਉਸੇ ਤਰ੍ਹਾਂ ਤਰੋ-ਤਾਜ਼ਾ ਸਨ। ਐਂਵੇਂ ਉੱਧੜਣ ਲਗ ਪੈਂਦੇ ਸਨ। ਇਨ੍ਹਾਂ ਵਰ੍ਹਿਆਂ ਵਿਚ ਉਸ ਰੁਦਨ ਨੂੰ ਭੁਲਾਉਣ ਵਾਸਤੇ ਉਸਨੇ ਵਕਤ ਨੂੰ ਪੋਟਾ-ਪੋਟਾ ਕੇਰਿਆ ਸੀ। ਉਹ ਸੋਚਣ ਲੱਗੀ ਕਿ ਇਹ ਸਭ ਛਲਾਵਾ ਸੀ। ਹਾਦਸੇ ਤਾਂ ਨਿੱਤ ਦਿਨ ਬੀਤ ਰਹੇ ਸਨ। ਕਦੀ ਨੌਂ-ਗਿਆਰਾਂ ਦੇ ਰੂਪ ਵਿਚ ਅਤੇ ਕਦੀ ਬਸੀਮਿਆਂ ਨੂੰ ਪਾਰ ਕਰਨ ਦੇ ਰੂਪ ਵਿਚ। ਕਦੀ ਅਫਗਾਨਿਸਤਾਨ ਵਿਚ ਤਾਲਿਬਨ ਦੀ ਤਾਨਾਸ਼ਾਹੀ। ਕਦੀ ਇਰਾਨ ਅਤੇ ਇਰਾਕ ਦੀਆਂ ਜੰਗਾਂ। ਬੇਦੋਸ਼ਿਆਂ ਦੇ ਖ਼ੂਨ, ਤੇ ਬੰਦੂਕਾਂ ਦੀ ਠਾਹ-ਠਾਹ ਵੀ ਉਸਦੇ ਕੰਨਾਂ ਵਿਚ ਉਸੇ ਤਰ੍ਹਾਂ ਗੂੰਜ ਰਹੀ ਸੀ। ਪੱਛਮ ਦੀਆਂ ਵੱਡੀਆਂ ਤਾਕਤਾਂ ਤਾਨਾਸ਼ਾਹੀ ਨਾਲ਼ ਮੁਲਕਾਂ ਦੇ ਅੰਦਰ ਵੜ ਕੇ ਉਨ੍ਹਾਂ ਹੀ ਦੇਸ਼ਾਂ ਨੂੰ ਤਬਾਹ ਕਰ ਰਹੀਆਂ ਸਨ। ਤੇ ਫੇਰ ਉਸੇ ਨੂੰ ਉਸਾਰਨ ਦੇ ਵਾਅਦੇ ਵੀ ਕਰ ਰਹੀਆਂ ਸਨ। ਪਰੈਜੀਡੈਂਟ 'ਬੁਸ਼' ਆਪਣਾ ਰੌਲਾ ਪਾ ਰਿਹਾ ਹੁੰਦਾ। ਬਰਤਾਨੀਆਂ ਦਾ ਪ੍ਰਧਾਨ ਮੰਤਰੀ 'ਟੋਨੀ ਬਲੇਅਰ' ਆਪਣੀ ਬੋਲੀ ਬੋਲ ਰਿਹਾ ਹੁੰਦਾ। ...ਤੇ ਫੇਰ ਕਨੇਡੀਅਨ ਪਰਾਈ ਮਨਿਸਟਰ ਦੋਹਾਂ ਦੀ ਰਲਵੀਂ-ਮਿਲਵੀਂ ਬੋਲੀ ਬੋਲ ਰਿਹਾ ਹੁੰਦਾ ਸੀ।

ਉਸਨੇ ਆਪਣਾ ਸਿਰ ਛੰਡਿਆ। ਸੋਚ ਨੂੰ ਵੀ ਤੋੜਨਾ ਚਾਹਿਆ। ਪਰ ਕਿੱਥੇ? ... ਇਸ ਤਰ੍ਹਾਂ ਜਾਪਦਾ ਸੀ ਜਿਵੇਂ ਕਿਸੇ ਨੇ ਉਸਦੇ ਅੱਲੇ ਜ਼ਖ਼ਮਾਂ ਨੂੰ ਉਚੇੜ ਦਿੱਤਾ ਹੋਵੇ। ਉਹੀ ਸਮਾਂ, ਉਹੀ ਚੀਖ਼ਾਂ ਉਸਦੇ ਅੰਦਰ ਵੜ ਬੈਠੀਆਂ ਹੋਣ। ਆਲ੍ਹਾ ਦੁਆਲਾ ਵੀ ਉਦਾਸ ਤੇ ਪਰੇਸ਼ਾਨ ਹੋਇਆ ਪਿਆ ਜਾਪਿਆ। ਘਰ ਦਾ ਹਰ ਕੋਨਾ ਜਿਵੇਂ ਉਦਾਸੀ ਵਿਚ ਗਲਤਾਨ ਹੁੰਦਾ ਜਾ ਰਿਹਾ ਹੋਵੇ।

ਉਹ ਉੱਠੀ ਅਤੇ ਫੈਮਿਲੀ ਰੂਮ ਵਿਚ ਘੁੰਮਣ ਲਗ ਪਈ। ਉਸਨੂੰ ਲਗਦਾ ਸੀ ਜਿਵੇਂ ਉਹੀ ਦਿਨ ਉਸਦੇ ਫੈਮਿਲੀ ਰੂਮ ਵਿਚ ਮੁੜ ਆਏ ਹੋਣ। ਫਰਵਰੀ ਦਾ ਉਹ ਠੰਢਾ-ਠਾਰ ਦਿਨ ਉਸਨੂੰ ਚੰਗੀ ਤਰ੍ਹਾਂ ਚੇਤੇ ਸੀ, ਜਦੋਂ ਬਾਹਰਲੇ ਦਰਵਾਜ਼ੇ ਦੇ ਖੜਾਕ ਨੇ ਉਸਦੀ ਸੋਚ ਤੋੜੀ ਸੀ। ਸਿਰ ਘੁੰਮਾ ਕੇ ਉਸਨੇ ਦਰ ਵਲ ਤੱਕਿਆ ਸੀ। ਸ਼ੈਨਨ ਕਾਲਜ ਤੋਂ ਵਾਪਿਸ ਪਰਤਿਆ ਸੀ। ਦਰ ਦੇ ਖੁਲ੍ਹਣ ਨਾਲ਼ ਤੇਜ਼ ਹਵਾ ਦਾ ਬੁੱਲਾ ਜਿਵੇਂ ਉਸਦੇ ਪਿੰਡੇ ਵਿਚੀਂ ਇਕ ਝੁਣ-ਝੁਣੀ ਜਿਹੀ ਛੇੜ ਕੇ ਨਿੱਕਲ ਗਿਆ ਸੀ।

ਸ਼ੈਨਨ ਨੇ ਪੈਰਾਂ ਦੇ ਬੂਟਾਂ ਤੋਂ ਸਨੋਅ ਝਾੜ ਕੇ, ਹਾਲ ਵਿਚ ਪਏ ਸ਼ੂਅ ਕੇਸ ਵਿਚ ਰੱਖ ਦਿੱਤੇ ਸਨ ਅਤੇ ਆਪ ਸਿੱਧਾ ਫੈਮਿਲੀ ਰੂਮ ਵਲ ਤੁਰ ਪਿਆ ਸੀ।

ਅਮੀਨਾ ਨੇ ਸ਼ੈਨਨ ਨੂੰ ਦੇਖਦਿਆਂ ਹੀ, ਚਾਹ-ਪਾਣੀ ਪੁੱਛਣ ਦੀ ਥਾਂ ਟੀ.ਵੀ. ਉੱਤੇ ਆਈ ਖ਼ਬਰ ਦੀ ਗੱਲ ਤੋਰ ਲਈ ਸੀ। ਢਾਕਾਂ 'ਤੇ ਹੱਥ ਧਰੀ ਖੜੀ ਅਮੀਨਾ ਕਹਿਣ ਲੱਗੀ ਸੀ, "ਸ਼ੈਨਨ! ਦੇਖ ਕੋਸਵੋ ਨੇ ਕੀ ਐਲਾਨ ਕੀਤੈ।"

"ਅੰਮਾ ਜਾਣਦਾ ਹਾਂ। ਸੁਣਦਾ ਆਇਆ ਹਾਂ ਰੇਡੀਓ 'ਤੇ। ਪਰ ਅੰਮਾ! ਸਾਨੂੰ ਹੁਣ ਕੀ ਫ਼ਰਕ ਪੈਂਦੈ। ਤੁਸੀਂ ਨਿਸਚਿੰਤ ਰਹੋ।" ਸ਼ੈਨਨ ਨੇ ਬੇਫ਼ਿਕਰੀ ਜਿਹੀ ਨਾਲ਼ ਆਪਣੇ ਚਿਹਰੇ ਨੂੰ ਵਿਗਾੜ ਕੇ ਆਖਿਆ ਸੀ ਜਿਵੇਂ ਬੀਤੇ ਦੀ ਮਿੱਟੀ ਝੜ ਚੁੱਕੀ ਹੋਵੇ।

"ਫ਼ਰਕ ਪੈਂਦੈ ਮੱਖਣਾਂ। ਬਹੁਤ ਫ਼ਰਕ ਪੈਂਦੈ। ਜਿਹੜਾ ਦੁੱਖ-ਕਸ਼ਟ ਅਸੀਂ ।" ਤੇ ਉਸਨੇ ਗੱਲ ਅਧੂਰੀ ਛੱਡ ਦਿੱਤੀ ਸੀ।

"ਅੰਮਾ! ਫੇਰ ਉਹੀ ਗੱਲ। ਮੈਂ ਕਿਹਾ ਭੁੱਲ ਜਾਵੋ ਸਭ ਕੁਝ। ਬੀਤੇ 'ਤੇ ਮਿੱਟੀ ਪਾ ਦਿਓ। ਇਹ ਸੋਚੋ! ਹੁਣ ਅਸੀਂ ਠੀਕ ਠਾਕ ਹਾਂ। ਕਿਸ ਗੱਲ ਦੀ ਚਿੰਤਾ ਹੈ? ਬਾਬਾ (ਡੈਡ) ਦਾ ਕੰਮ ਵਧੀਆ ਹੈ। ਮੈਂ ਤੇ ਕਿਨਨ ਠੀਕ ਹਾਂ। ਮੈਨੂੰ ਪਾਰਟ ਟਾਈਮ ਕੰਮ ਮਿਲ ਗਿਐ। ਕੁਝ ਸਮੇਂ ਤਕ ਮੈਂ ਅਕਾਊਂਟੈਂਟ ਬਣ ਜਾਵਾਂਗਾ। ਕਿਨਨ ਨੇ ਆਪਣਾ ਕੰਮ ਸ਼ੁਰੂ ਕਰ ਲੈਣੈ। ਅਲੀ ਅਤੇ ਅਹਿਮਦ ਵੀ ਚੰਗਾ ਪੜ੍ਹ ਲਿਖ ਜਾਣਗੇ। ਹੂ ਕੇਅਰਜ਼ ਨਾਓ।"

ਸ਼ੈਨਨ ਦੀਆਂ ਗੱਲਾਂ ਸੁਣ ਕੇ ਜਿਵੇਂ ਉਸਦੇ ਅੰਦਰਲੀ ਟੀਸ ਹੋਰ ਵੀ ਡੂੰਘੀ ਹੋ ਗਈ ਸੀ। ਹੂ ਕੇਅਰਜ਼? ਹਵਾ ਵਿਚ ਗੂੰਜਿਆ ਸੀ। ਜਿਵੇਂ ਸਾਰੇ ਘਰ ਵਿਚ ਉਸਦਾ ਸ਼ੋਰ ਮਚਿਆ ਹੋਵੇ।

ਉਹ ਫੇਰ ਬੋਲੀ ਸੀ, "ਸ਼ੈਨਨ! ਮੈਂ ਕੇਅਰ ਕਰਦੀ ਹਾਂ। ਇਹ ਨਾ ਹੋਵੇ ਜਦੋਂ ਬੌਸਨੀਆਂ ਨੇ ਆਪਣੀ ਆਜ਼ਾਦੀ ਦਾ ਐਲਾਨ ਕੀਤਾ ਸੀ, ਜੋ ਸਾਡੇ ਨਾਲ਼ ਬੀਤਿਆ, ਉਹੋ ਕੁੱਝ ਹੋਰਨਾਂ ਨਾਲ਼ ਵੀ ਬੀਤੇ। ਫੇਰ ਕੀ ਕਸੂਰ ਸੀ ਸਾਡਾ? ਸਰਕਾਰਾਂ ਦੇ ਐਲਾਨ ਨਾਮਿਆਂ ਕਾਰਨ ਜਨਤਾ ਨੇ ਜਾਨਾਂ ਗੁਆਈਆਂ। ਕਿਉਂ ਸਾਨੂੰ ਘਰੋਂ ਬੇਘਰ ਹੋਣਾ ਪਿਐ? ਕਿਉਂ ਪਰਵਾਸ ਧਾਰਨ ਕਰਨਾ ਪਿਐ? ਕਿਉਂ ਮੇਰੀ ਮਾਂ ਦਾ ਕਤਲ ਹੋਇਐ?" ਤੇ ਉਹ ਜਿਵੇਂ ਗੁੱਸੇ ਵਿਚ ਭਖ਼ ਗਈ ਸੀ। ਅੱਖਾਂ ਵਿਚ ਰੋਹ ਦੇ ਨਾਲ਼ ਪਾਣੀ ਭਰ ਆਇਆ ਸੀ।

ਸ਼ੈਨਨ ਨੇ ਮਾਂ ਦੀ ਪਿੱਠ ਤੇ ਹੱਥ ਫੇਰਦਿਆਂ ਆਖਿਆ ਸੀ, "ਅੰਮਾ! ਬਸ ਹੋਰ ਨਹੀਂ। ਸ਼ਾਂਤ ਹੋ ਜਾਓ।"

ਸ਼ੈਨਨ ਜਾਣਦਾ ਸੀ ਕਿ ਜਦੋਂ ਵੀ ਪਿੱਛਲੀਆਂ ਯਾਦਾਂ ਦਾ ਤੱਕਲ਼ਾ ਘੁੰਮਦਾ ਹੈ ਤਾਂ ਉਸਦੀ ਮਾਂ ਬਹੁਤ ਗੁੱਸੇ ਵਿਚ ਭਖ਼ ਜਾਂਦੀ ਹੈ। ਭਖ਼ੇ ਵੀ ਕਿਉਂ ਨਾ? ਸ਼ੈਨਨ ਨੇ ਆਪ ਵੀ ਸਭ ਕੁਝ ਅੱਖੀ ਡਿੱਠਾ ਸੀ। ਉਸਦੇ ਆਪਣੇ ਬਾਲ ਮਨ 'ਤੇ ਜੋ ਅਸਰ ਹੋਇਆ ਸੀ, ਉਹ ਉਸਨੂੰ ਹੀ ਪਤੈ। ਪਰ ਉਸਦੇ ਬਾਬਾ ਦੀ ਹਿੰਮਤ ਸਦਕਾ ਉਨ੍ਹਾਂ ਦੋਹਾਂ ਭਰਾਵਾਂ ਨੇ ਮਨ ਗੰਢ ਲਏ ਸਨ। ਫੇਰ ਵੀ ਕਿਸੇ ਨਾ ਕਿਸੇ ਹਾਦਸੇ ਨਾਲ਼ ਜ਼ਖ਼ਮਾਂ ਦੇ ਤੋਪੇ ਉੱਚੜ ਜ਼ਰੂਰ ਜਾਂਦੇ ਸਨ।



ਉਸ ਦਿਨ ਅਮੀਨਾ ਸੀ ਕਿ ਸ਼ਾਂਤ ਹੋਣ ਦਾ ਨਾਂ ਨਹੀਂ ਸੀ ਲੈ ਰਹੀ। ਬੀਤੇ ਦੇ ਪਲ ਉਸਦੇ ਘਰ ਅੰਦਰ ਹੀ ਨਹੀਂ ਉਸਦੇ ਮਨ ਵਿਚ ਡੇਰਾ ਜਮਾ ਕੇ ਬੈਠ ਗਏ ਸਨ। ਪਰਤਾਂ-ਦਰ-ਪਰਤਾਂ ਲੇਅ ਚੜ੍ਹੇ ਹੋਏ। ਉਸਦੀ ਸੋਚ ਉਨ੍ਹਾਂ ਦਿਨਾਂ ਵਲ ਪਰਤ ਗਈ ਜਦੋਂ ਯੁਗੋਸਲਾਵੀਆਂ ਵਿਚ ਵੱਖਰੀ-ਵੱਖਰੀ ਹੋਂਦ ਲਈ ਸਭ ਆਪਣੀ-ਆਪਣੀ ਜ਼ਮੀਨ ਦੇ ਟੋਟੇ ਕਰਕੇ ਕਈ ਕੌਮਾਂ ਬਣਾ ਕੇ ਬੈਠ ਗਏ ਸਨ। ਉਹ ਫੇਰ ਸੋਚਣ ਲੱਗੀ, ਯੁਗੋਸਲਾਵੀਆ ਇਕ ਕੌਮ ਬਣਨ ਤੋਂ ਪਹਿਲਾਂ ਵੀ ਤਾਂ ਅੱਡ ਹੀ ਵਸਦੇ ਸਨ। ਉਹ ਤਾਂ ਬਾਹਰਲੀਆਂ ਵੱਡੀਆਂ ਤਾਕਤਾਂ ਦਾ ਸਾਮ੍ਹਣਾ ਕਰਨ ਲਈ ਹੀ 'ਕੱਠੇ ਹੋਏ ਸਨ। ਫੇਰ ਵਰ੍ਹਿਆਂ ਬਾਅਦ ਜਦੋਂ ਮੁੜ ਕੇ ਵੱਖ ਹੋਣ ਲੱਗੇ ਤਾਂ ਕਿਉਂ ਐਨੀ ਕਤਲੋ ਗਾਰਤ ਹੋਈ ਸੀ? ਕਿਉਂ ਨਹੀਂ ਸਭ ਨੇ ਰਲ਼ ਕੇ, ਬੈਠ ਕੇ ਫ਼ੈਸਲਾ ਕਰ ਲਿਆ। ਸਰਬੀਆ, ਕਰੋਸ਼ੀਆ, ਸਲੋਵਨਜ਼, ਬੌਸਨੀਆ, ਮੈਸੇਡੋਨੀਆ, ਅਲਬੇਨੀਆ, ਇਨ੍ਹਾਂ ਸਭ ਦਾ ਆਪਣਾ-ਆਪਣਾ ਇਤਿਹਾਸ ਸੀ। ਆਪਣਾ ਸਭਿਆਚਾਰ ਸੀ। ਰਹੁ ਰੀਤਾਂ ਸਨ। ਜੀਵਨ ਦਾ ਢਾਂਚਾ ਸੀ। ਉਹ ਤਾਂ ਸਦੀਆਂ ਭਰ ਕਦੀ ਅਸਟਰੀਆ ਦੀ ਸੱਤਾ ਹੇਠਾਂ ਤੇ ਕਦੀ ਹੰਗਰੀ ਦੀ ਸੱਤਾ ਹੇਠਾਂ ਜੀਵਨ ਬਸਰ ਕਰਦੇ ਰਹੇ। ਬਾਹਰਲੇ ਤੁਰਕੀ ਲੋਕਾਂ ਦੇ ਹਮਲੇ ਵੀ ਸਹਿੰਦੇ ਰਹੇ। ਬੌਸਨੀਆ ਦੇ ਲੋਕ ਵੀ ਹਰਸੀਗੋਵਿਇਨਾ ਦੇ ਲੋਕਾਂ ਨਾਲ਼ ਜਾ ਮਿਲੇ ਤਾਂ ਕਿ ਉਹ ਬਾਹਰਲੇ ਹਮਲਾਆਵਰਾਂ ਤੋਂ ਵੱਧ ਅੰਦਰੂਨੀ ਸਿਆਸਤ ਅਤੇ ਧਾਰਿਮਕ ਸੱਤਾ ਤੋਂ ਬਚ ਸਕਣ। ਇਹ ਸੋਚਦਿਆਂ ਹੋਇਆਂ ਉਸਦੇ ਅੰਦਰ ਇਕ ਹੂਕ ਜਿਹੀ ਉੱਠੀ ਜਿਵੇਂ ਆਖ ਰਹੀ ਹੋਵੇ, 'ਸਦੀਆਂ ਬੀਤ ਗਈਆਂ ਇਸੇ ਜੱਦੋ-ਜਹਿਦ ਵਿਚ। ਮੁੱਠੀ ਭਰ ਲੋਕਾਂ ਨੇ ਹਜ਼ਾਰਾਂ ਜਾਨਾਂ ਭੰਗ ਦੇ ਭਾੜੇ ਗੁਆ ਦਿੱਤੀਆਂ।'

ਉਹ ਫੈਮਿਲੀ ਰੂਮ ਵਿੱਚੋਂ ਉੱਠੀ ਅਤੇ ਕਿਚਨ ਵਿੱਚੋਂ ਪਾਣੀ ਦਾ ਗਲਾਸ ਚੁੱਕ ਲਿਆਈ। ਘੁੱਟ ਪਾਣੀ ਦਾ ਪੀ ਕੇ ਉਸਨੇ ਆਪਣੀ ਹਿੱਕ 'ਚ ਉੱਠੇ ਉਬਾਲ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਪਾਣੀ ਦਾ ਘੁੱਟ ਭਰਦਿਆਂ ਜਿਵੇਂ ਉਸਦੀ ਸੋਚ ਉਸਨੂੰ ਉਸ ਸਮੇਂ ਵਲ ਫੇਰ ਲੈ ਤੁਰੀ ਜਦੋਂ ਬੌਸਨੀਆਂ ਨੇ ਆਜ਼ਾਦੀ ਦਾ ਐਲਾਨ ਕੀਤਾ ਸੀ। ਉਸ ਵੇਲੇ ਇਸੇ ਤਰ੍ਹਾਂ ਪਾਣੀ ਦਾ ਗਲਾਸ ਉਸਦੇ ਹੱਥੋਂ ਛੁੱਟ ਗਿਆ ਸੀ। ਆਜ਼ਾਦੀ ਦਾ ਐਲਾਨ ਹੁੰਦਿਆਂ ਹੀ ਕਿਵੇਂ ਸਿਆਸਤਦਾਨਾਂ ਨੇ ਲੋਕਾਂ ਦੀਆਂ ਭਾਵਨਾਵਾਂ ਨਾਲ਼ ਖਿਲਵਾੜ ਕੀਤਾ ਸੀ। ਸਰਬੀਆ ਦੀ ਮਿਲਟਰੀ ਨੇ ਸਾਡੇ ਉੱਤੇ ਹਮਲੇ ਸ਼ੁਰੂ ਕਰ ਦਿੱਤੇ ਸਨ। ਉਸ ਵੇਲੇ ਇਹ ਦੇਸ਼ਾਂ ਦੇ ਵੰਡ ਦੀ ਗੱਲ ਨਹੀਂ ਸੀ ਰਹਿ ਗਈ। ਮੁਸਲਿਮ ਅਤੇ ਕਰਿਚੀਅਨ ਵੈਰੀ ਬਣ ਗਏ ਸਨ। ਅੱਤਵਾਦ ਦਾ ਬੋਲ-ਬਾਲਾ ਹੋ ਗਿਆ ਸੀ। ਜਿਨ੍ਹਾਂ ਨੇ ਘਰਾਂ ਦੇ ਘਰ ਜਲਾ ਦਿੱਤੇ। ਘਰਾਂ, ਅਪਾਰਟਮੈਂਟਾਂ ਵਿੱਚੋਂ ਲੋਕਾਂ ਨੂੰ ਬਾਹਰ ਕੱਢ ਕੇ ਸਾੜ-ਫੂਕ ਦਿੱਤਾ ਗਿਆ। ਦੁਕਾਨਾਂ ਜਲਾ ਦਿੱਤੀਆਂ ਗਈਆਂ। ਬੱਚੇ ਮਾਵਾਂ ਦੇ ਸਾਮ੍ਹਣੇ ਮਾਰ ਦਿੱਤੇ। ਇਹ ਸੋਚਦਿਆਂ ਹੋਇਆਂ ਅਮੀਨਾਂ ਦੇ ਸਾਹਾਂ ਦੀ ਧੌਂਖੜੀ ਫੇਰ ਤੇਜ਼ ਹੋ ਗਈ। ਅੰਦਰੋਂ ਜਿਵੇਂ ਲੇਰ ਨਿੱਕਲ ਗਈ ਹੋਵੇ। ਉਸਨੇ ਕਿਚਨ ਵਿੱਚ ਤੁਰਦਿਆਂ-ਫਿਰਦਿਆਂ ਪਾਣੀ ਦੇ ਦੋ ਘੁੱਟ ਹੋਰ ਅੰਦਰ ਲੰਘਾਏ। ਲੰਮੇ-ਲੰਮੇ ਸਾਹ ਲਏ। ਡਾਇਨਿੰਗ ਰੂਮ ਵਿਚ ਗੇੜੇ ਕੱਢੇ। ਗੇੜੇ ਕੱਢਦਿਆਂ ਹੋਇਆਂ ਉਸਦੀ ਨਜ਼ਰ ਨਾਲ਼ ਦੇ ਘਰ ਵਲ ਪਰਤ ਗਈ। ਦਲਜੀਤ ਗਲੱਬ ਪਾਈ ਬੂਟਿਆਂ ਵਿੱਚੋਂ ਘਾਹ ਕੱਢ ਰਹੀ ਸੀ। ਉਸ ਵੇਲੇ ਉਸਦੇ ਦਿਮਾਗ ਵਿਚ ਦਲਜੀਤ ਦੀ ਦੱਸੀ ਹੋਈ ਗੱਲ ਟੱਲੀ ਵਾਂਗ ਖੜਕੀ। ਦਲਜੀਤ ਨੇ ਦੱਸਿਆ ਸੀ ਕਿ ਕਿਵੇਂ ਦਿੱਲੀ ਦੰਗਿਆਂ ਵਿਚ ਆਦਮੀ ਅੱਗਾਂ ਦੇ ਹਵਾਲੇ ਕਰ ਦਿੱਤੇ ਗਏ ਸਨ। ਦਲਜੀਤ ਨੇ ਹੀ ਸੂਰਤ ਸਿੰਘ ਦੇ ਬਾਪ ਦੀ ਕਹਾਣੀ ਵੀ ਅਮੀਨਾ ਨੂੰ ਦੱਸੀ ਸੀ। ਇਹ ਸੋਚਦਿਆਂ ਹੋਇਆਂ ਉਸਦੇ ਅੰਦਰੋਂ ਹੀ ਸਵਾਲ ਉੱਠਿਆ ਕਿ, 'ਕਦੋਂ ਤਕ ਦੁਨੀਆਂ ਵਿਚ ਕਤਲੋ-ਗਾਰਤ ਹੁੰਦੀ ਰਹੇਗੀ? ਕਿਹੜਾ ਧਰਮ, ਕਿਹੜੀ ਸਿਆਸਤ ਹੈ ਜੋ ਇਨਸਾਨ ਨੂੰ ਇਨਸਾਨ ਨਾਲ਼ੋਂ ਨਿਖੇੜ ਕੇ ਉਸੇ ਦਾ ਵੈਰੀ ਬਣਾ ਦਿੰਦਾ ਹੈ?'

ਉਸਦੀ ਸੋਚ ਆਪਣੇ ਪਿੰਡ ਦੀਆਂ ਗਲੀਆਂ ਵਿਚ ਫੇਰ ਪਰਤ ਗਈ। ਬੀਹਵੀਂ ਸਦੀ ਦਾ ਅੱਠਵਾਂ ਦਹਾਕਾ ਸੀ। ਹਰ ਕੌਮ ਆਪਣੀ ਪਛਾਣ ਕਾਇਮ ਕਰਨ ਲਈ ਦੂਜੀ ਕੌਮ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਸਰਬੀ ਮਿਲਟਰੀ ਵਾਲੇ ਹਥਿਆਰਾਂ ਨਾਲ਼ ਲੈਸ ਹੋ ਕੇ ਗਲ਼ੀਆਂ ਬਜ਼ਾਰਾਂ ਵਿਚ ਘੁੰਮ ਫਿਰ ਰਹੇ ਸਨ। ਉਸਦੀ ਮਾਂ ਵੀ ਆਪਣੀ ਦੁਕਾਨ ਬੰਦ ਕਰਕੇ ਘਰ ਨੂੰ ਪਰਤ ਰਹੀ ਸੀ। ਰਸਤੇ ਵਿਚ ਵੱਧ ਰਹੇ ਹਜੂਮ ਵਿਚ ਉਹ ਫਸ ਗਈ ਸੀ। ਉਸੇ ਹਜੂਮ ਨੇ ਉਸਦੇ ਕੱਪੜੇ ਉਤਾਰ ਦਿੱਤੇ ਸਨ। ਉਹ ਉਨ੍ਹਾਂ ਲੋਕਾਂ ਨੂੰ ਜਿਹੜੇ

ਉਸਦੇ ਹੀ ਗਲ਼ੀ-ਮੁਹੱਲੇ ਵੱਸਦੇ ਸਨ, ਦੇ ਤਰਲੇ ਕਰ ਰਹੀ ਸੀ, "ਵੇ ਪੁੱਤਾ! ਵੇ ਮੈਂ ਮਾਂ ਹਾਂ ਤੁਹਾਡੀ।" ਪਰ ਕਿਸੇ ਨੇ ਉਸਦੀ ਇਕ ਨਾ ਸੁਣੀ। ਬੜੀ ਬੇਰਹਿਮੀ ਨਾਲ਼ ਉਸਨੂੰ ਬੇਇੱਜ਼ਤ ਕਰਕੇ ਮਾਰਿਆ ਗਿਆ ਸੀ।

ਅਮੀਨਾ ਨੂੰ ਮਹਿਸੂਸ ਹੋਇਆ ਜਿਵੇਂ ਉਸਦੀ ਮਾਂ ਹਾਲੀਂ ਵੀ ਉਸਦੀਆਂ ਬਾਹਵਾਂ ਵਿਚ ਦਮ ਤੋੜ ਰਹੀ ਹੋਵੇ। ਤੇ ਲਿਵਿੰਗਰੂਮ ਵਿੱਚ ਉਸਦੀ ਲਾਸ਼ ਅਮੀਨਾ ਦੇ ਪੈਰਾਂ ਵਿਚ ਪਈ ਹੋਵੇ। ਇਕ ਬਿਜਲੀ ਦੀ ਚਮਕ ਨਾਲ਼ ਉਸਦੀ ਸੋਚ ਉਨ੍ਹਾਂ ਹੀ ਗਲ਼ੀਆਂ ਵਿੱਚ ਪਰਤ ਗਈ। ਹਜੂਮ ਦੇ ਤੁਰ ਜਾਣ ਬਾਅਦ ਉਹ ਆਪਣੀ ਮਾਂ ਕੋਲ ਪਹੁੰਚੀ ਸੀ। ਅਮੀਨਾ ਅੰਮੀ-ਅੰਮੀ ਆਖਦੀ ਹੀ ਪਈ ਸੀ। ਆਖ਼ਰੀ ਸਾਹ ਤੋਂ ਬਿੰਦ ਕੁ ਪਹਿਲੋਂ ਮਾਂ ਦੇ ਮੂੰਹੋਂ ਮਸਾਂ ਨਿਕਲਿਆ ਸ਼ਬਦ ਉਸਦੇ ਕੰਨਾ 'ਚ ਗੂੰਜਿਆ ਸੀ, "ਬੱਚੀਏ ਕਿੱਧਰੇ ਚਲੀ ਜਾ। ਜਿੱਥੇ ਆਪਣੀ ਜਾਨ ਅਤੇ ਇੱਜ਼ਤ ਬਚਾ ਸਕੇਂ।" ਆਖਦਿਆਂ ਉਸਦੀ ਗਰਦਨ ਲੁਟਕ ਗਈ ਸੀ। ਅਮੀਨਾ ਨੇ ਆਪਣਾ ਹਿਜਾਬ ਉਤਾਰ ਕੇ ਉਸਦੇ ਪਿੰਡੇ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਸੀ।

ਇਕ ਸ਼ੋਰ ਹੋਰ ਨੇਰ੍ਹੀ ਦੀ ਤਰ੍ਹਾਂ ਵਧਦਾ ਉਸੇ ਦੀ ਤਰਫ਼ ਆ ਰਿਹਾ ਉਸਨੂੰ ਸੁਣਾਈ ਦਿੱਤਾ ਸੀ। ਪਿੱਛਾ ਮੁੜ ਕੇ ਦੇਖਦਿਆਂ ਸਾਰ ਹੀ ਇਕ ਬੰਦੂਕ ਦੀ ਮੁੱਠ ਉਸਦੇ ਪੇਟ ਵਿੱਚ ਤੇਜ਼ ਤਰਾਰ ਦਰਦ ਫੇਰ ਗਈ ਹੋਵੇ। ਉਸਦੀਆਂ ਲੱਤਾਂ ਵਿਚਾਲਿਓਂ ਵਹਿੰਦਾ ਖ਼ੂਨ, ਤੇ ਉਸਦੀ ਕੁੱਖ ਵਿਚ ਪਲਦਾ ਉਸਦਾ ਬੱਚਾ, ਚੱਪਾ ਕੁ ਦਾ ਲੋਥੜਾ, ਉਸਦੇ ਪੈਰਾਂ ਵਿੱਚ ਡਿੱਗ ਪਿਆ ਹੋਵੇ। ਉਹ ਥਾਂ ਹੀ ਢੇਰੀ ਹੋ ਗਈ ਸੀ। ਜਦੋਂ ਉਸਨੂੰ ਸੁਰਤ ਆਈ ਸੀ ਤਾਂ ਉਸਦਾ ਬੇਟਾ 'ਕਿਨਨ' ਉਸਨੂੰ ਪਾਣੀ ਪਿਲਾ ਰਿਹਾ ਸੀ। ਕਿਨਨ ਦੇ ਸਿਰ ਵਿੱਚੋਂ ਵੀ ਖ਼ੂਨ ਵਹਿ ਰਿਹਾ ਸੀ। ਕਿਨਨ ਦੇ ਨਿੱਕੇ-ਨਿੱਕੇ ਹੱਥ ਉਸਨੂੰ ਪਲੋਸ ਰਹੇ ਸਨ।

ਅਮੀਨਾ ਨੇ ਆਪਣੇ ਆਲ਼ੇ-ਦੁਆਲ਼ੇ ਦੇਖਿਆ, ਉਸਦੀ ਕਿਚਨ, ਲਿਵਿੰਗਰੂਮ ਵਿਚ ਤਾਂ ਕੁੱਝ ਵੀ ਨਹੀਂ ਸੀ। ਉਹ ਇੱਕਲੀ ਸੀ। ਸ਼ੈਨਨ ਆਪਣੇ ਕਮਰੇ ਨੂੰ ਜਾ ਚੁੱਕਾ ਸੀ। ਉਸਨੂੰ ਖ਼ੁਸ਼ੀ ਸੀ ਕਿ ਬੀਤੇ ਦੇ ਜ਼ਖ਼ਮ ਬੱਚਿਆਂ ਦੇ ਮਨਾਂ 'ਤੇ ਡੂੰਘੇ ਘਾਅ ਨਹੀਂ ਸੀ ਛੱਡ ਗਿਆ। ਪਰ ਉਹ ਆਪ, ਉੱਥੇ ਖੜੋਤਿਆਂ ਹੋਇਆਂ ਵੀ ਜਿਵੇਂ ਕਿਨਨ ਦਾ ਹੱਥ ਫੜੀ ਪਿੰਡ ਦੀ ਗਲੀ ਵਿਚ ਤੁਰੀ ਜਾਂਦੀ ਹੋਵੇ।

ਉਸ ਵੇਲੇ ਮਾਂ-ਪੁੱਤ, ਇਕ ਦੂਜੇ ਨੂੰ ਆਸਰਾ ਦਿੰਦੇ ਹੋਏ ਲੁਕਦੇ-ਲੁਕਾਉਂਦੇ ਹੋਏ ਘਰ ਪਹੁੰਚੇ ਸਨ।

ਇਨ੍ਹਾਂ ਦਿਨਾਂ ਦੀ ਮਾਰ ਤੋਂ ਹੀ ਸਹਿਮੀ ਹੋਈ, ਉਸਨੇ ਹਬੀਬ ਨੂੰ ਆਖਿਆ ਸੀ ਕਿ ਮੈਨੂੰ ਕਿਸੇ ਹੋਰ ਹਵਾ ਵਿਚ ਲੈ ਚੱਲ। ਜਿੱਥੇ ਉਹ ਆਪਣੇ ਦੋਹਾਂ ਬੱਚਿਆਂ ਨਾਲ਼ ਜੀ ਸਕੇ। ਨਹੀਂ ਰਹਿਣਾ ਸੀ ਉਸਨੇ ਉੱਥੇ। ਉਸਨੇ ਇਹ ਵੀ ਆਖਿਆ ਸੀ ਕਿ, "ਇਹ ਹਵਾ ਹੁਣ ਜ਼ਹਿਰੀਲੀ ਹੋ ਚੁੱਕੀ ਹੈ। ਮੈਂ ਨਹੀਂ ਚਾਹੁੰਦੀ ਕਿ ਮੇਰੇ ਬੱਚੇ ਇਸ ਵਿਚ ਸਾਹ ਲੈਣ।" ਅਮੀਨਾ ਦਾ ਬਾਬਾ ਪਹਿਲਾਂ ਮਰ ਗਿਆ ਸੀ। ਉਸ ਵੇਲੇ ਉਹ ਮਸਾਂ ਛੇਆਂ-ਸੱਤਾਂ ਵਰ੍ਹਿਆਂ ਦੀ ਸੀ। ਮਾਂ ਹੁਣ ਮਾਰ ਦਿੱਤੀ ਗਈ ਸੀ। ਭੈਣ-ਭਰਾ ਹੈ ਕੋਈ ਨਹੀਂ ਸੀ।

...ਤੇ ਉਹ ਦੋਨੋਂ ਮੀਆਂ-ਬੀਵੀ ਹੋਰ ਲੋਕਾਂ ਵਾਂਗ ਆਪਣੀਆਂ ਜਾਨਾਂ ਬਚਾਉਂਦੇ ਹੋਏ, ਆਪਣੇ ਪੁੱਤਾਂ ਨੂੰ ਨਾਲ਼ ਲੈ ਕੇ ਦੂਜੇ ਦੇਸ਼ ਨੂੰ ਤੁਰ ਪਏ ਸਨ।

ਜਰਮਨੀ ਵਿਚ ਉਹ ਤਿੰਨ ਵਰ੍ਹੇ ਰਹੇ ਸਨ। ਇੱਥੇ ਹੀ ਅਹਿਮਦ ਦਾ ਜਨਮ ਹੋਇਆ ਸੀ। ਅਹਿਮਦ ਦੇ ਜਨਮ ਤੋਂ ਬਾਅਦ ਅਮੀਨਾ ਬੀਤੇ ਵਿੱਚੋਂ ਨਿਕਲ ਕੇ ਅਹਿਮਦ ਦੁਆਲੇ ਪਰਚਣ ਲੱਗੀ। ਉਸਨੂੰ ਸਾਂਭਦੀ-ਸੰਭਾਲਦੀ, ਪਿਆਰਦੀ-ਦੁਲਾਰਦੀ। ਸ਼ੈਨਨ ਅਤੇ ਕਿਨਨ ਵੱਡੇ ਸਨ। ਉਨ੍ਹਾਂ ਦੇ ਸਕੂਲ ਦੇ ਕੰਮਾਂ ਵਿਚ ਵੀ ਉਹ ਮਦਦ ਕਰਦੀ।

ਜਰਮਨੀ ਵਿਚ ਵੀ ਉਨ੍ਹਾਂ ਦਾ ਜੀ ਨਾ ਲੱਗਾ। ਉਨ੍ਹਾਂ ਨੂੰ ਮਹਿਸੂਸ ਹੁੰਦਾ ਜਿਵੇਂ ਨਸਲਵਾਦ ਦੀ ਹਨੇਰੀ ਕਾਰਨ ਉਨ੍ਹਾਂ ਦੇ ਬੱਚਿਆਂ ਦੇ ਚਿਹਰੇ ਕੁਮਲਾ ਰਹੇ ਹੋਣ। ਹਬੀਬ ਜਦੋਂ ਬੌਸਨੀਆਂ ਵਿਚ ਸੀ ਤਾਂ ਉਸਦੀ ਆਪਣੀ ਕੰਪਨੀ ਸੀ। ...ਤੇ ਹੁਣ ਉਸਨੂੰ ਕੰਮ ਹੋਰ ਲੋਕਾਂ ਦੇ ਹੇਠਾਂ ਕਰਨਾ ਪੈਂਦਾ ਸੀ। ਜਰਮਨੀ ਵਿਚ ਕੰਮ ਤਾਂ ਮਿਲ ਗਿਆ। ਉਸਦੇ ਚੰਗੇ ਵਿਵਹਾਰ ਕਾਰਨ, ਉਹ ਕੰਮ ਤੇ ਟਿਕਿਆ ਵੀ ਰਿਹਾ। ਉਸਨੂੰ ਅੰਗਰੇਜ਼ੀ ਅਤੇ ਫਰੈਂਚ ਦੀ ਮੁਹਾਰਤ ਬਹੁਤੀ ਨਹੀਂ ਸੀ ਅਤੇ ਜਰਮਨ ਬੋਲੀ ਦਾ ਵੀ ਇਹੋ ਹਾਲ ਸੀ। ਉੱਪਰੋਂ ਲੋਹੜੇ ਦੀ ਮਹਿੰਗਾਈ। ਤਿੰਨਾਂ ਬੱਚਿਆਂ ਦੇ ਨਾਲ਼ ਉਨ੍ਹਾਂ ਦਾ ਗੁਜ਼ਾਰਾ ਨਾ ਹੁੰਦਾ। ਪਿੱਛੋਂ ਲਿਆਂਦਾ ਪੈਸਾ ਵੀ ਉਹ ਵਰਤਣਾ ਨਹੀਂ ਸੀ ਚਾਹੁੰਦੇ। ਉਹ ਚਾਹੁੰਦੇ ਸਨ ਕਿ ਜਿੱਥੇ ਵੀ ਉਹ ਪੱਕੇ ਸੈਟਲ ਹੋਣ ਉੱਥੇ ਉਸ ਨਾਲ਼ ਘਰ ਖਰੀਦ ਸਕਣ।



ਹਬੀਬ ਦਾ ਦੋਸਤ ਕੈਨੇਡਾ ਵਿਚ ਰਹਿੰਦਾ ਸੀ। ਉਸਦੇ ਕਹਿਣ ਤੇ ਉਨ੍ਹਾਂ ਨੇ ਵੀ ਕੈਨੇਡਾ ਦੀ ਇੰਮੀਗਰੇਸ਼ਨ ਵਾਸਤੇ ਅਪਲਾਈ ਕਰ ਦਿੱਤਾ। ਹੋਰ ਕਈ ਰਿਸ਼ਤੇਦਾਰ ਵੀ ਕੈਨੇਡਾ ਰਹਿੰਦੇ ਸਨ। ਕੋਈ ਛੇ-ਅੱਠ ਮਹੀਨੇ ਲੱਗੇ ਵੀਜ਼ਾ ਮਿਲਣ ਵਾਸਤੇ। ਸਦੀ ਦੇ ਬਦਲਦਿਆਂ ਹੀ ਉਹ ਆਪਣਾ ਪਰਿਵਾਰ ਲੈ ਕੇ ਕੈਨੇਡਾ ਦੇ ਓਨਟੈਰੀਓ ਸੂਬੇ ਵਿਚ ਆਣ ਵਸੇ। ਭਾਵੇਂ ਉਹ ਪਹਿਲਾਂ ਓਨਟੈਰੀਓ ਦੇ "ਬੈਰੀ" ਸ਼ਹਿਰ ਵਿਚ ਪਹੁੰਚੇ ਸਨ। ਬੈਰੀ ਦਾ ਸੁੰਦਰ ਇਲਾਕਾ ਅਤੇ 'ਜੌਰਜੀਅਨ ਬੇਅ' ਦਾ ਤੱਟ ਵੀ ਉਨ੍ਹਾਂ ਨੂੰ ਉੱਥੇ ਬੰਨ ਨਾ ਸਕਿਆ। ਉੱਥੇ ਕੰਮ ਦੀ ਘਾਟ ਹੋਣ ਕਾਰਨ ਉਹ ਛੇਤੀਂ ਹੀ ਟੋਰਾਂਟੋ ਦੇ ਲਾਗੇ 'ਮਿਸੀਸਾਗਾ' ਦੇ ਅਪਾਰਟਮੈਂਟਾਂ ਵਿਚ ਆਣ ਵਸੇ। ਇੱਥੇ ਹਬੀਬ ਨੂੰ ਕੰਮ ਵੀ ਝੱਟ ਮਿਲ ਗਿਆ। ਵੱਡਾ ਸ਼ੈਨਨ ਵੀ ਸਕੂਲ ਜਾਣ ਦੇ ਨਾਲ਼, ਪਾਰਟ ਟਾਈਮ ਕੰਮ ਕਰਨ ਲੱਗ ਪਿਆ। ਕਿਨਨ ਸਕੂਲ ਜਾਣ ਲੱਗ ਪਿਆ। ਜ਼ਿੰਦਗੀ ਦੀ ਰਫ਼ਤਾਰ ਆਪਣੀ ਤੋਰੇ ਤੁਰ ਪਈ। ਛੋਟਾ ਅਲੀ ਟੱਬਰ ਵਿਚ ਹੋਰ ਵਾਧਾ ਹੋ ਗਿਆ। ਉਸਦੇ ਨਾਲ਼ ਹੀ ਪਿੱਛੋਂ ਲਿਆਂਦੇ ਪੈਸੇ ਨਾਲ਼ ਉਨ੍ਹਾਂ ਨੇ ਘਰ ਵੀ ਖਰੀਦ ਲਿਆ।

ਅਮੀਨਾ ਬੱਚੇ ਪਾਲ਼ਦੀ ਅਤੇ ਹਬੀਬ ਕੰਮ ਕਰਦਾ। ਪਿੱਛਲਾ ਵਕਤ ਚੇਤੇ ਦੀ ਚੰਗੇਰ ਤੇ ਉੱਭਰਦਾ ਵੀ ਤਾਂ ਉਹ ਭੁਲਾਉਣ ਦੀ ਕੋਸ਼ਿਸ਼ ਕਰਦੇ। ਬੌਸਨੀਆਂ ਤੋਂ ਜਰਮਨੀ ਅਤੇ ਜਰਮਨੀ ਤੋਂ ਕੈਨੇਡਾ ਲਿਆਂਦਾ ਘਰ ਦਾ ਸਮਾਨ ਉਹ ਸਜਾਉਂਦੇ, ਘਰ ਸੰਵਾਰਦੇ। ਕਈ ਵਰ੍ਹੇ ਉਨ੍ਹਾਂ ਦੇ ਜ਼ਿੰਦਗੀ ਨੂੰ ਤੋਰਦਿਆਂ ਬੀਤ ਗਏ। ਅਲੀ ਜਦੋਂ ਸਕੂਲ ਜਾਣ ਲੱਗਾ ਤਾਂ ਅਮੀਨਾ ਵੀ ਕੰਮ 'ਤੇ ਲੱਗ ਗਈ। ਪਹਿਲਾਂ 'ਵਾਲਮਾਰਟ' ਸਟੋਰ ਵਿਚ ਦੋ-ਤਿੰਨ ਕੁ ਸਾਲ ਕੰਮ ਕੀਤਾ ਅਤੇ ਫੇਰ ਹਸਪਤਾਲ ਵਿਚ ਉਸਨੂੰ ਕੰਮ ਮਿਲ ਗਿਆ। ਉਹ ਨਾਲ਼ ਹੀ ਆਪਣੀ 'ਲਾਅ' ਦੀ ਪੜ੍ਹਾਈ ਵਿਚ ਧਿਆਨ ਦੇਣ ਲੱਗ ਪਈ। ਰਾਤ ਦੀਆਂ ਸ਼ਿਫ਼ਟਾਂ ਉਸਨੇ ਏਸੇ ਲਈ ਲੈ ਲਈਆਂ ਸਨ ਕਿ ਉਹ ਦਿਨ ਨੂੰ ਜਦੋਂ ਉੱਠਦੀ ਤਾਂ ਕੁਝ ਵਕਤ ਪੜ੍ਹਾਈ ਵਾਸਤੇ ਉਸਨੂੰ ਮਿਲ ਜਾਂਦਾ।

ਵਿਹਲੀ ਹੁੰਦੀ ਤਾਂ ਉਹ ਆਪਣੀ ਪੋਰਚ ਵਿਚ ਬੈਠਦੀ, ਕਿਤਾਬ ਪੜ੍ਹਦੀ। ਆਪਣੀ ਪੜ੍ਹਾਈ ਦਾ ਕੰਮ ਕਰਦੀ। ਆਉਂਦੀ ਜਾਂਦੀ ਦੁਨੀਆਂ ਨੂੰ ਵੀ ਦੇਖਦੀ। ਆਂਢ-ਗੁਆਂਢ ਨਾਲ਼ ਗੱਲਾਂ-ਬਾਤਾਂ ਕਰਦੀ। ਪਰ ਛੁੱਟੀ ਦਾ ਇਕ ਹੋਰ ਨੁਕਸਾਨ ਵੀ ਹੁੰਦਾ। ਉਸ ਦਿਨ ਉਸਦੀਆਂ ਸੋਚਾਂ ਨਾ ਪੜ੍ਹਨ ਵਿਚ ਲਗਦੀਆਂ ਅਤੇ ਨਾ ਹੀ ਕਿਸੇ ਕੰਮ ਵਿਚ। ਬੀਤੇ ਦੀ ਰੀਲ ਉਸਦੇ ਅੰਦਰ ਘੁੰਮਦੀ ਰਹਿੰਦੀ।

ਪਾਣੀ ਦਾ ਖਾਲੀ ਗਲਾਸ ਟੇਬਲ ਉੱਤੇ ਰਖਦਿਆਂ ਹੋਇਆ ਅਮੀਨਾ ਦਾ ਧਿਆਨ ਲਿਵਿੰਗ ਰੂਮ ਵਿਚ ਚਲ ਰਹੇ ਟੀ.ਵੀ ਦੀਆਂ ਖ਼ਬਰਾਂ ਵਲ ਮੁੜਿਆ। ਟੋਰਾਂਟੋ ਵਿਚ ਹੋ ਰਹੀ 'ਜੀ 20' ਦੀ ਕਾਨਫਰਾਂਸ ਮੋਹਰੇ ਕਿਵੇਂ ਲੋਕਾਂ ਦਾ ਘਿਰਾਓ ਸੀ। ਫਿਰਕੂ ਫਸਾਦੀ ਛੋਕਰੇ ਕਿਵੇਂ ਭੰਨ-ਤੋੜ ਕਰ ਕੇ ਦੁਕਾਨਾਂ ਦੇ ਸ਼ੀਸ਼ੇ ਤੋੜ ਰਹੇ ਸਨ। ਇਕ ਦੂਜੇ ਦੇ ਸੱਟਾਂ ਮਾਰ ਰਹੇ ਸਨ। ਪੁਲੀਸ ਦੀਆਂ ਕਈ ਕਾਰਾਂ ਨੂੰ ਅੱਗਾਂ ਲਾ ਦਿੱਤੀਆਂ ਗਈਆਂ ਸਨ। ਕਈ ਸੈਂਕੜੇ ਤੀਂਵੀਆਂ-ਆਦਮੀਆਂ ਦੇ ਹੱਥੀਂ ਹੱਥ-ਕੜੀਆਂ ਲਗ ਰਹੀਆਂ ਸਨ। ਇਕ ਹੋਰ ਰਿਪੋਰਟਰ ਅਗਲੀ ਖ਼ਬਰ ਦੱਸ ਰਿਹਾ ਸੀ, ਪਾਕਿਸਤਾਨ ਵਿਚ ਵੀ ਬੰਬ ਫਟ ਰਹੇ ਸਨ। ਜ਼ਮੀਨ ਉੱਤੇ ਖ਼ੂਨ ਹੀ ਖ਼ੂਨ ਡੁੱਲਿਆ ਹੋਇਆ ਸੀ। ਉਸਤੋਂ ਅਗਲੀ ਖ਼ਬਰ ਕਨੇਡੀਅਨ ਸਿਪਾਹੀ ਦੀਆਂ ਅਸਥੀਆਂ ਅਫ਼ਗਾਨਸਤਾਨ ਤੋਂ ਪਰਤ ਰਹੀਆਂ ਸਨ। ਇਕ ਹੋਰ ਜਵਾਨ ਆਪਣੀ ਜਾਨ ਗੁਆ ਬੈਠਾ ਸੀ। ਲੋਕਲ ਖ਼ਬਰਾਂ ਸ਼ੁਰੂ ਹੁੰਦਿਆਂ ਹੀ, ਰਿਪੋਰਟਰ ਦੱਸ ਰਿਹਾ ਸੀ ਕਿ, ਟੋਰਾਂਟੋ ਦੇ ਲਾਗੇ 'ਮਿਸੀਸਾਗਾ' ਵਿਚ ਇਕ ਪਿਓ ਅਤੇ ਪੁੱਤਰ ਨੇ ਰਲ਼ ਕੇ ਧੀ ਦਾ ਕਤਲ ਕਰ ਦਿੱਤਾ ਸੀ। ਕਿਉਂਕਿ ਉਨ੍ਹਾਂ ਦੀ ਧੀ ਨੇ ਸਕੂਲ ਜਾਂਦਿਆਂ ਹਿਜਾਬ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਪਿਓ-ਪੁੱਤਰ ਵਾਸਤੇ ਇਹ ਇੱਜ਼ਤ ਦਾ ਮਸਲਾ ਬਣ ਬੈਠਾ ਸੀ ਕਿ ਕੁੜੀ ਕਨੇਡੀਅਨ ਸਭਿਆਚਾਰ ਦੇ ਪ੍ਰਭਾਵ ਹੇਠਾਂ ਆ ਰਹੀ ਸੀ। ਉਨ੍ਹਾਂ ਨੇ ਕੁੜੀ ਨੂੰ ਰਾਤੋ-ਰਾਤ ਮਾਰ ਦਿੱਤਾ ਸੀ। ਇਹ ਸਭ ਦੇਖਦਿਆਂ-ਸੁਣਦਿਆਂ ਅਮੀਨਾ ਦੇ ਅੰਦਰੋਂ ਅਵਾਜ਼ ਆਈ, 'ਯਾ-ਖ਼ੁਦਾ ਇਹ ਕੀ?' ਉਸਦੀ ਖ਼ਮੋਸ਼ੀ ਵਿਚ ਸੋਚਾਂ ਦਾ ਤਾਂਡਵ ਚੱਲੀ ਜਾ ਰਿਹਾ ਸੀ। ਚੁੱਪ ਵੀ ਜਿਵੇਂ ਉਸਦੇ ਅੰਦਰ ਹੀ ਜੰਮ ਰਹੀ ਸੀ ... ਤੇ ਸ਼ੈਨਨ ਦੇ ਆਖ਼ੇ ਬੋਲ ਉਸਦੇ ਕੰਨਾਂ ਵਿਚ ਹੋਰ ਸ਼ੋਰ ਮਚਾ ਰਹੇ ਸਨ, "ਹੁਣ ਅਸੀਂ ਠੀਕ ਠਾਕ ਹਾਂ?" ਉਸਨੇ ਕੰਨਾ ਉੱਤੇ ਹੱਥ ਧਰ ਲਏ ਜਿਵੇਂ ਉਹ ਕੁਝ ਸੁਣਨਾ ਹੀ ਨਾ ਚਾਹੁੰਦੀ ਹੋਵੇ। *ਜੁਲਾਈ 2010*

Balbir Sanghera, 1266, ROPER DRIVE, MILTON,
ONTARIO, L 9 T 6 E 6, CANADA, e mail: balbirsanghera@yahoo.com

## ਕਹਾਣੀ / ਮੁਕਤੀ / ਰਾਜਿੰਦਰ ਕੌਰ

ਅਜੀਤ ਨੇ ਅਚਾਨਿਕ ਜਸਬੀਰ ਮਾਸੀ ਕੋਲ, ਬੰਬਈ ਜਾਣ ਦੀ ਰੱਟ ਲਗਾ ਦਿੱਤੀ ਸੀ।

"ਕ੍ਰਿਸਮਿਸ ਦੀਆਂ ਛੁੱਟੀਆਂ ਵਿਚ ਚਲਾਂਗੇ। ਸੱਚ ਵਾਇਦਾ ਰਿਹਾ।" ਉਹਦੇ ਪਤੀ ਸੁਖਵਿੰਦਰ ਨੇ ਬਹੁਤ ਵਾਰ ਜ਼ੋਰ ਦੇ ਕੇ ਕਿਹਾ।

"ਕ੍ਰਿਸਮਿਸ ਤਾਂ ਬਹੁਤ ਦੂਰ ਏ। ਮਾਸੀ, ਵਿਚਾਰੀ ਬਾਰ ਬਾਰ ਬੁਲਾ ਰਹੀ ਹੈ। ਹਫਤੇ ਬਾਅਦ ਆ ਜਾਵਾਂਗੀ। ਸੱਚ! ਵਾਇਦਾ ਰਿਹਾ।" ਤਰਲਾ ਕਰਦੀ ਹੋਈ ਅਜੀਤ ਸੁਖਵਿੰਦਰ ਵਲ ਵੇਖਣ ਲੱਗ ਪਈ।

"ਓ. ਕੇ. ਤੂੰ ਆਪਣੀ ਮਾਲਿਕ ਆਪ ਹੈਂ। ਆਪਣੇ ਇਕਲੌਤੇ ਪਤੀ ਨੂੰ ਇਕੱਲਾ ਛਡਕੇ ਜਾਣ ਲੱਗਿਆ ਤੇਰਾ ਦਿਲ ਡੋਲੇਗਾ ਨਹੀਂ?" ਉਹ ਗੰਭੀਰ ਚਿਹਰਾ ਬਣਾ ਕੇ ਬੋਲਿਆ।

"ਤੁਹਾਨੂੰ ਖ਼ੁਸ਼ ਹੋਣਾ ਚਾਹੀਦਾ ਹੈ। ਇਕ ਹਫਤਾ ਪੂਰੀ ਆਜ਼ਾਦੀ। ਨਾ ਪਤਨੀ ਦੀ ਕੋਈ ਫਰਮਾਇਸ਼ ਨਾ ਕੋਈ ਚਿਕ ਚਿਕ!"

"ਤੂੰ ਜਿੱਤੀ! ਬਸ ਖ਼ੁਸ਼!"

ਪਿਛਲੇ ਹਫਤੇ ਹੀ ਅਲਮਾਰੀ ਦੀ ਸਫਾਈ ਦੇ ਦੌਰਾਨ ਅਜੀਤ ਨੂੰ ਆਪਣੀ ਅਲਮਾਰੀ ਦੇ ਧੁਰ ਅੰਦਰਲੇ ਖਾਨੇ ਵਿਚੋਂ ਉਹ ਡਾਇਰੀ ਅਤੇ ਕਿਤਾਬ ਮਿਲ ਗਈ। ਬੜੀ ਵਾਰ ਉਸ ਸੋਚਿਆ ਸੀ ਕਿ ਉਹਨੂੰ ਫਾੜ ਦੇਵੇ, ਸਾੜ ਦੇਵੇ, ਸੁਟ ਦੇਵੇ ਪਰ ਉਹਦਾ ਹੀਆ ਨਾ ਪੈਂਦਾ। ਉਹਨੂੰ ਧੁਕਧੁੱਕੀ ਲੱਗੀ ਰਹਿੰਦੀ ਕਿ ਇਹ ਕਿਧਰੇ ਉਹਦੇ ਪਤੀ ਦੇ ਹੱਥ ਨਾ ਲੱਗ ਜਾਣ। ਫਿਰ ਅੱਖਾਂ ਤੋਂ ਓਝਲ ਪਈਆਂ ਚੀਜ਼ਾਂ, ਨਵੀਂ ਘਰ ਗ੍ਰਿਹਸਥੀ ਵਿਚ, ਹੌਲੀ ਹੌਲੀ ਇਹਨਾਂ ਦੀ ਯਾਦ ਧੁੰਦਲੀ ਤਾਂ ਹੋ ਗਈ ਸੀ ਪਰ ਮਿਟੀ ਨਹੀਂ ਸੀ। ਪਰ ਪਿਛਲੇ ਹਫਤੇ ਤੋਂ ਦਿਨ ਰਾਤ ਉਹੀ ਸਤ ਸਾਲ ਪੁਰਾਣੀਆਂ ਗੱਲਾਂ, ਉਹੀ ਚਿਹਰਾ ਬਾਰ ਬਾਰ ਅੱਖਾਂ ਅੱਗੇ ਆ ਕੇ ਘੁੰਮਣ ਘੇਰੀਆਂ ਪਾ ਰਹੇ ਸਨ। ਘਰੋਂ ਉਹ ਸਹਿਜ ਬਣਨ ਦੀ ਕੋਸ਼ਿਸ਼ ਕਰ ਰਹੀ ਸੀ ਪਰ ਅੰਦਰੋਂ ਬੇਚੈਨ ਸੀ।

ਬੰਬਈ ਤੋਂ ਮਾਸੀ ਜਸਬੀਰ ਕਿੰਨੀ ਵਾਰ ਫੋਨ ਕਰਦੀ, ਆਪਣੇ ਕੋਲ ਬੁਲਾਂਦੀ ਰਹਿੰਦੀ। ਵਿਆਹ ਤੋਂ ਬਾਅਦ ਇਹਨਾਂ ਸੱਤਾਂ ਸਾਲਾਂ ਵਿਚ ਉਹ ਤਿੰਨ ਚਾਰ ਵਾਰ ਬੰਬਈ ਗਈ ਸੀ, ਪਰ ਸੁਖਵਿੰਦਰ ਦੇ ਨਾਲ। ਉਹਦੇ ਨਾਲ ਹੀ ਵਾਪਿਸ ਆ ਗਈ ਸੀ। ਪਹਿਲੀ ਵੇਰ ਗੋਆ ਹਨੀਮੂਨ ਤੋਂ ਵਾਪਿਸ ਬੰਬਈ ਮਾਸੀ ਕੋਲ ਆਏ ਸਨ। ਦੂਜੀ, ਤੀਜੀ ਵਾਰ ਡਾਕਟਰਾਂ ਨੂੰ ਵਿਖਾਣ ਲਈ। ਪਰ ਕੋਈ ਫਾਇਦਾ ਨਹੀਂ ਸੀ ਹੋਇਆ। ਕਿਸੇ ਡਾਕਟਰ ਨੇ ਉਮੀਦ ਨਹੀਂ ਸੀ ਦਵਾਈ।

"ਕੋਈ ਨਹੀਂ, ਤੂੰ ਫ਼ਿਕਰ ਨਾ ਕਰ! ਬੱਚਾ ਗੋਦ ਲੈ ਲਵਾਂਗੇ।" ਉਹਦਾ ਪਤੀ ਉਹਨੂੰ ਧੀਰਜ ਬੰਨਾਂਦਾ।

ਹੁਣ ਪਿਛਲੇ ਦੋ ਸਾਲਾਂ ਤੋਂ ਉਹਨੇ ਸਭ ਇਲਾਜ ਬੰਦ ਕਰ ਦਿੱਤੇ ਸਨ। ਅਗੋਂ ਪੜ੍ਹਾਣ ਲਈ ਉਸ ਐਮ. ਏ. ਵਿਚ ਦਾਖਿਲਾ ਲੈ ਲਿਆ ਸੀ। ਯੂਨੀਵਰਸਿਟੀ ਵਿਚ ਜਾ ਕੇ ਫਿਰ ਤੋਂ ਵਿਦਿਆਰਥੀ ਬਣਕੇ ਉਹ ਬੜੀ ਖ਼ੁਸ਼ ਸੀ। ਉਹਨੂੰ ਅਕਸਰ ਹੀ ਬੰਬਈ ਕਾਲਜ ਦੇ ਦਿਨ ਯਾਦ ਆਉਂਦੇ ਜਦੋਂ ਉਹ ਸੁਨੀਲ ਦੇ ਬਹੁਤ ਨੇੜੇ ਹੋ ਗਈ ਸੀ। ਸੁਨੀਲ ਉਹਦੇ ਤੋਂ ਇਕ ਸਾਲ ਅੱਗੇ ਸੀ।

ਇਕ ਦਿਨ ਉਹ ਸੁਨੀਲ ਨੂੰ ਘਰ ਲੈ ਕੇ ਆ ਗਈ ਸੀ। ਮਾਸੀ ਉਹਦੀ ਸਹੇਲੀਆਂ ਵਰਗੀ ਸੀ। ਉਹਦੀ ਮੰਮੀ ਦੀਆਂ ਛੇ ਭੈਣਾਂ ਵਿਚੋਂ ਸਭ ਤੋਂ ਛੋਟੀ । ਮਾਸੀ ਦੇ ਵੀ ਕੋਈ ਬੱਚਾ ਨਹੀਂ ਸੀ। ਉਸ ਅਜੀਤ ਨੂੰ ਗੋਦ ਤਾਂ ਨਹੀਂ ਸੀ ਲਿਆ ਪਰ ਗੰਗਾਨਗਰ ਤੋਂ ਆਪਣੇ ਨਾਲ ਬੰਬਈ ਲੈ ਆਈ ਸੀ, ਪੜ੍ਹਾਣ ਲਈ। ਅਜੀਤ ਦੀਆਂ ਦੋ ਵੱਡੀਆਂ ਭੈਣਾਂ ਅਤੇ ਦੋ ਵੱਡੇ ਭਰਾ ਗੰਗਾ ਨਗਰ ਵਿਚ ਹੀ ਪੜ੍ਹ ਰਹੇ ਸਨ।

ਸੁਨੀਲ ਦੇ ਜਾਣ ਬਾਅਦ ਮਾਸੀ ਨੇ ਕਿਹਾ, "ਦੋਸਤੀ ਕਰਨ ਤੋਂ ਪਹਿਲਾਂ ਥੋੜ੍ਹਾ ਸੋਚ ਤਾਂ ਲੈਂਦੀ। ਸੁਨੀਲ ਨਾ ਤਾਂ ਸਿੱਖ ਹੈ ਤੇ ਨਾ ਹੀ ਰੱਜੇ ਪੁੱਜੇ ਪਰਿਵਾਰ ਦਾ! ਤੇਰੇ ਮਾਪੇ ਤਾਂ ਮੰਨਣ ਨਹੀਂ ਲੱਗੇ।"

"ਮਾਸੀ, ਸੁਨੀਲ ਦੀ ਨੌਕਰੀ ਲਗ ਜਾਵੇਗੀ। ਫਿਰ ਮੈਂ ਵੀ ਕੋਈ ਨੌਕਰੀ ਕਰ ਲਵਾਂਗੀ। ਮੰਮੀ ਡੈਡੀ ਨੂੰ ਤੁਸੀਂ ਮਨਾ ਲੈਣਾ, ਪਲੀਜ਼! ਉਂਜ ਹੈ ਤਾਂ ਸੋਹਣਾ। ਸ਼ਕਲੋਂ ਹੀ ਨਹੀਂ, ਦਿਲ ਦਾ ਵੀ ਬਹੁਤ ਚੰਗਾ ਹੈ।



ਬਹੁਤ ਹੀ ਚੰਗਾ। ਕੋਈ ਐਬ ਨਹੀਂ। ਮੈਂ ਇਹਦੇ ਮੰਮੀ ਡੈਡੀ ਨੂੰ ਵੀ ਮਿਲਕੇ ਆਈ ਹਾਂ। ਇਹਦੀ ਭੈਣ, ਮੇਰੇ ਨਾਲ ਹੀ ਪੜ੍ਹਦੀ ਹੈ, ਕਾਲਜ ਵਿਚ।"

ਮਾਸੀ ਅਜੀਤ ਦੇ ਮਾਪਿਆਂ ਨੂੰ ਮਨਾ ਨਹੀਂ ਸਕੀ। ਅਜੀਤ ਬਥੇਰਾ ਰੋਈ, ਕਲਪੀ, ਭੁੱਖੀ ਰਹੀ, ਮੰਨਤਾਂ ਮੰਨਦੀ ਰਹੀ ਪਰ ਗੱਲ ਨਾ ਬਣੀ। ਬੀ. ਏ. ਦੇ ਇਮਤਿਹਾਨ ਦੇ ਬਾਅਦ ਅਜੀਤ ਦੀ ਸ਼ਾਦੀ ਪੱਕੀ ਹੋ ਗਈ।

ਸੁਖਵਿੰਦਰ ਕਮਪਿਊਟਰ ਇੰਜੀਨੀਅਰ ਸੀ। ਵੇਖਣ ਨੂੰ ਚੰਗਾ, ਸਮਾਰਟ! ਵਿਆਹ ਕੇ ਉਹ ਦਿੱਲੀ ਪਹੁੰਚ ਗਈ। ਘਰ ਵਿਚ ਉਹਦੀ ਸੱਸ ਸੀ ਅਤੇ ਕਾਲਜ ਜਾਂਦੀ ਨਨਾਣ। ਸੱਸ ਬਹੁਤ ਬੀਮਾਰ ਰਹਿੰਦੀ ਸੀ। ਨਿਊ ਰਾਜਿੰਦਰ ਨਗਰ ਵਿਚ ਉਹਨਾਂ ਦਾ ਆਪਣਾ ਘਰ ਸੀ।

ਸੁਨੀਲ ਮਾਸੀ ਦੇ ਘਰ ਅਜੀਤ ਦਾ ਪਤਾ ਕਰਨ ਆਇਆ ਸੀ। ਮਾਸੀ ਕੋਲੋਂ ਜਦੋਂ ਉਹਨੂੰ ਅਜੀਤ ਦੇ ਵਿਆਹ ਦਾ ਪਤਾ ਲੱਗਾ ਤਾਂ ਬਹੁਤ ਰੋਇਆ ਸੀ। ਉਸ ਅਜੀਤ ਦਾ ਫੋਨ ਨੰਬਰ ਵੀ ਲੈ ਲਿਆ ਸੀ। ਸੁਮੀਲ ਨੇ ਵਾਇਦਾ ਕੀਤਾ ਸੀ ਕਿ ਉਹ ਸਿਰਫ ਇਕ ਵਾਰ ਅਜੀਤ ਨੂੰ ਮੁਬਾਰਕ ਕਹਿਣ ਲਈ ਫੋਨ ਮਰੇਗਾ। ਉਸ ਫੋਨ ਕੀਤਾ ਵੀ ਸੀ। ਉਸ ਵਕਤ ਸੁਖਵਿੰਦਰ ਅਤੇ ਉਹਦੀ ਭੈਣ ਘਰ ਨਹੀਂ ਸਨ ਮੰਮੀ ਸੌਂ ਰਹੀ ਸੀ। ਦੋਵੇਂ ਫੋਨ ਤੇ ਲੰਬੀ ਗੱਲ-ਬਾਤ ਕਰਦੇ ਰਹੇ, ਤੇ ਰੋਂਦੇ ਰਹੇ। ਹੋਰ ਕਰ ਵੀ ਕੀ ਸਕਦੇ ਸਨ।

ਹੌਲੀ ਹੌਲੀ ਦੋਵੇਂ ਆਪਣੀ ਜ਼ਿੰਦਗੀ ਦੇ ਰੁਝੇਵਿਆਂ ਵਿਚ ਖੁਭਦੇ ਗਏ। ਸੁਨੀਲ ਦੀ ਨੌਕਰੀ ਲੱਗੀ ਤਾਂ ਉਹਦਾ ਫੋਨ ਆਇਆ। ਉਸ ਆਪਣੇ ਮੋਬਾਇਲ ਫੋਨ ਦਾ ਨੰਬਰ ਦਿੱਤਾ ਅਤੇ ਅਜੀਤ ਦਾ ਲੀਤਾ,

"ਬੰਬਈ ਆਵੇਂਗੀ ਤਾਂ ਮਿਲੇਂਗੀ?" ਸੁਨੀਲ ਨੇ ਪੁਛਿਆ ਸੀ।

"ਹਾਲਾਤ ਤੇ ਨਿਰਭਰ ਕਰਦਾ ਹੈ।"

"ਬੰਬਾਈ ਆ ਕੇ ਵੀ ਮੈਨੂੰ ਮਿਲੇ ਬਗੈਰ ਜਾਣ ਤੇ ਤੇਰਾ ਦਿਲ ਕਿਵੇਂ ਕਰੇਗਾ?"

"ਜੇ ਕਿਸੇ ਨੇ ਸੁਣ ਲਿਆ ਕਿ ਤੂੰ ਹਾਲੇ ਵੀ ਬੰਬਈ ਨੂੰ 'ਮੁੰਬਈ' ਨਹੀਂ ਕਹਿੰਦਾ ਤਾਂ ਤੇਰੀ ਪਿਟਾਈ ਹੋ ਜਾਵੇਗੀ।" ਹਸਦੀ ਹੋਈ ਅਜੀਤ ਬੋਲੀ।

ਉਧਰੋਂ ਵੀ ਇਕ ਠਹਾਕੇ ਦੀ ਆਵਾਜ਼ ਆਈ, "ਅਰੇ ਯਾਰ! ਅਜੇ 'ਮੁੰਬਈ' ਮੂੰਹੋਂ ਨਿਕਲਦਾ ਹੀ ਨਹੀਂ।"

ਹੁਣ ਉਹ ਦੋਵੇਂ ਆਪਸ ਵਿਚ, ਗੱਲ ਬਾਤ ਦੌਰਾਨ ਸਹਿਜ ਹੋ ਗਏ ਸਨ। ਦੋਵੇ ਆਪਣੀਆਂ ਆਪਣੀਆਂ ਸਮੱਸਿਆਵਾਂ ਨਾਲ ਜੂਝ ਰਹੇ ਸਨ। ਇਸ ਦੌਰਾਨ ਸੁਨੀਲ ਦਾ ਵਿਆਹ ਵੀ ਹੋ ਗਿਆ ਸੀ। ਜਲਦੀ ਹੀ ਇਕ ਬੇਟੀ ਵੀ ਹੋ ਗਈ ਸੀ। ਅਜੀਤ ਇਲਾਜ ਦੇ ਸਿਲਸਿਲੇ ਵਿਚ ਬੰਬਈ ਜਾ ਕੇ ਵੀ ਸੁਨੀਲ ਨੂੰ ਮਿਲ ਨਹੀਂ ਸਕੀ ਸੀ।

ਸੁਖਵਿੰਦਰ ਦੀ ਮੰਮੀ ਪੋਤੇ ਪੋਤੀ ਲਈ ਸ਼ਹਿਕਦੀ ਰਹਿੰਦੀ। ਅਜੀਤ ਉਹਨਾਂ ਦੀ ਹਰ ਤਰ੍ਹਾਂ ਨਾਲ ਸੇਵਾ ਕਰਦੀ ਪਰ ਉਹਨਾਂ ਦੀ ਇਹ ਇੱਛਾ ਪੂਰੀ ਨਾ ਕਰ ਸਕੀ। ਇਸ ਦੌਰਾਨ ਸੁਖਵਿੰਦਰ ਦੀ ਭੈਣ ਦੀਪਾ ਵੀ ਵਿਆਹੀ ਗਈ ਸੀ।

ਸੱਤ ਸਾਲਾਂ ਬਾਅਦ ਉਹ ਡਾਇਰੀ ਦੇ ਸਫ਼ੇ ਉਲਟਾ ਕੇ ਉਸ ਵਕਤ ਲਿਖੀਆਂ ਪਿਆਰ ਕਵਿਤਾਵਾਂ ਨੂੰ ਪੜ੍ਹਦੀ ਰਹੀ ਅਤੇ ਮੰਦ ਮੰਦ ਮੁਸਕਰਾਂਦੀ ਰਹੀ। ਇਹਨਾਂ ਕਵਿਤਾਵਾਂ ਵਿਚ ਫੁਲ, ਪੰਛੀ, ਬਾਗ਼-ਬਗ਼ੀਚੇ, ਠੰਡੀ ਰੁਮਕਦੀ ਹਵਾ, ਸਮੁੰਦਰ ਦੀਆਂ ਲਹਿਰਾਂ ਵਰਗੇ ਸ਼ਬਦ ਬਾਰ ਬਾਰ ਆਉਂਦੇ ਸਨ। ਫਿਰ ਬੰਬਈ ਤੋਂ ਗੰਗਾ ਨਗਰ ਜਾ ਕੇ ਲਿਖੀਆਂ ਕਵਿਤਾਵਾਂ ਵਿਚ, ਉਦਾਸੀ, ਬਿਰਹਾ, ਵਿਛੋੜੇ, ਆਂਸੂ, ਹੰਝੂਆਂ ਦਾ ਜ਼ਿਕਰ ਹੈ। ਪੰਛੀ ਫੁਲ ਸਭ ਉਦਾਸ ਨੇ। ਹਵਾ ਠਹਿਰ ਗਈ ਹੈ। ਲਹਿਰਾ ਦਾ ਜੋਸ਼ ਮੱਠਾ ਪੈ ਗਿਆ ਹੈ। ਫਿਰ ਤੋਂ ਮਿਲਣ ਦੀ ਪੁਕਾਰ ਹੈ।

ਅਜੀਤ ਉਦਾਸੀ ਭਰੀਆਂ ਕਵਿਤਾਵਾਂ ਪੜ੍ਹਦੀ ਰਹੀ ਤੇ ਇਕੱਲੀ ਬੈਠੀ ਰੋਂਦੀ ਰਹੀ। ਕਿਤਾਬ, ਚੈਖੋਵ ਦੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਪਹਿਲੇ ਸਫੇ ਤੇ ਸੁਨੀਲ ਨੇ ਬੜੀ ਪਿਆਰ ਭਰੀਆਂ ਕਵਿਤਾ ਦੀਆਂ ਕੁਝ ਪੰਕਤੀਆਂ ਲਿਖੀਆਂ ਹਨ। ਥੱਲੇ ਭੇਂਟ ਕਰਨ ਦੀ ਤਾਰੀਖ ਤੇ ਸਥਾਨ, ਮੇਰੀਨ ਲਾਈਨ, ਬੰਬਈ,

ਅਤੇ ਰੇਸਟਰਾਂ ਦਾ ਨਾਮ ਵੀ ਹੈ। ਹਿਮਾਲੀਆ। ਉਹ ਉਸੇ ਰੇਸਟਰਾਂ ਵਿਚ ਮਿਲਦੇ ਸਨ। ਚਾਹ-ਕੌਫੀ ਪੀਂਦੇ, ਕਦੀ ਵੜੇ ਖਾ ਲੈਂਦੇ। ਵਕਤ ਹੁੰਦਾ ਤਾਂ ਮੈਰੀਨ ਲਾਈਨ ਜਾ ਕੇ ਘੁੰਮਦੇ। ਕਦੀ ਦੀਵਾਰ ਤੇ ਬੈਠਕੇ ਸਮੁੰਦਰ ਦੀਆਂ ਲਹਿਰਾ ਗਿਣਨ ਦੀ ਕੋਸ਼ਿਸ਼ ਕਰਦੇ ਅਤੇ ਹਸਦੇ। ਉਹ ਕਦੀ ਨਾਰੀਅਲ ਪੀ ਲੈਂਦੇ, ਕਦੀ ਸੀਂਗਦਾਨਾ ਲੈ ਕੇ ਖਾ ਲੈਂਦੇ।

ਸੁਨੀਲ ਇਕ ਵਾਰ ਅਜੀਤ ਨੂੰ ਆਪਣੇ ਘਰ ਵੀ ਲੈ ਗਿਆ ਸੀ। ਸੁਨੀਲ ਦੀ ਭੈਣ ਤਾਂ ਉਹਦੇ ਨਾਲ ਹੀ ਪੜ੍ਹਦੀ ਸੀ। ਦਰਅਸਲ ਉਹਨਾਂ ਦੀ ਦੋਸਤੀ ਉਸ ਭੈਣ ਕਰਕੇ ਹੀ ਹੋਈ ਸੀ।

"ਅਜੀਤ ਤੂੰ ਮੇਰੀ ਭਰਜਾਈ ਬਣ ਜਾਵੇਂਗੀ ਤਾਂ ਵੀ ਅਸੀਂ ਤਾਂ ਸਹੇਲੀਆਂ ਹੀ ਰਹਾਂਗੀਆਂ। ਮੇਰੇ ਨਾਲ ਨਨਾਣ ਭਰਜਾਈ ਵਾਲਾ ਰਿਸ਼ਤਾ ਨਾ ਰਖਣਾ। ਇਸ ਰਿਸ਼ਤੇ ਵਿਚ ਸ਼ਰੀਕਾ ਆ ਜਾਂਦਾ ਹੈ। ਠੀਕ ਹੈ?" ਉਹ ਆਪਸ ਵਿਚ ਗੱਲਾਂ ਕਰਦੀਆਂ ਹਸਦੀਆਂ ਰਹਿੰਦੀਆਂ।

ਹੁਣ ਤਾਂ ਬਹੁਤ ਲੰਬੇ ਅਰਸੇ ਤੋਂ ਸੁਨੀਲ ਨਾਲ ਅਜੀਤ ਦਾ ਕੋਈ ਸੰਪਰਕ ਹੀ ਨਹੀਂ ਸੀ ਹੋਇਆ। ਉਹ ਪੜ੍ਹਾਈ ਵਿਚ ਰੁੱਝ ਗਈ ਸੀ ਅਤੇ ਸੁਨੀਲ ਵੀ ਆਪਣੀ ਜ਼ਿੰਦਗੀ ਵਿਚ ਜ਼ਰੂਰ ਕਿਤੇ ਬਹੁਤ ਰੁਝਿਆ ਹੋਇਆ ਹੋਵੇਗਾ। ਹੁਣ ਜਦੋਂ ਸੁਖਵਿੰਦਰ ਨੇ ਅਜੀਤ ਨੂੰ ਬੰਬਈ ਜਾਣ ਲਈ ਹਾਮੀ ਭਰ ਦਿੱਤੀ ਸੀ ਤਾਂ ਉਸ ਸੁਨੀਲ ਨੂੰ ਫੋਨ ਕੀਤਾ,

"ਮੈਂ ਬੰਬਈ ਆ ਰਹੀ ਹਾਂ। ਤੈਨੂੰ ਮਿਲਣਾ ਚਾਹੁੰਦੀ ਹਾਂ। ਉਥੇ ਹੀ ਮਿਲਾਂਗੇ, ਹਿਮਾਲੀਆ ਵਿਚ। ਠੀਕ ਹੈ?"

"ਹਾਂ, ਬਿਲਕੁਲ! ਕਦੋਂ ਆ ਰਹੀ ਹੈ?"

ਮੈਂ ਕਲ ਦਸਾਂਗੀ। ਟਿਕਟ ਹੱਥ ਵਿਚ ਆ ਜਾਵੇਗੀ ਤਾਂ ਫੋਨ ਕਰ ਦਿਆਂਗੀ। ਫਿਰ ਬੰਬਈ ਪਹੁੰਚ ਕੇ ਵੀ ਫੋਨ ਕਰ ਦਿਆਂਗੀ।"

"ਠੀਕ ਹੈ! ਤੈਨੂੰ ਮਿਲਕੇ ਬਹੁਤ ਖੁਸ਼ੀ ਹੋਵੇਗੀ। ਇਸ ਵੇਲੇ ਮੈਂ ਮੀਟਿੰਗ ਵਿਚ ਹਾਂ।"

ਦੂਜੇ ਦਿਨ ਟਿਕਟ ਆਉਣ ਤੇ ਉਹਨੇ ਸੁਨੀਲ ਨੂੰ ਉਥੇ ਪਹੁੰਚਣ ਦੀ ਤਾਰੀਖ ਦਸ ਦਿੱਤੀ ਸੀ ਅਤੇ ਸਟੇਸ਼ਨ ਤੇ ਆਉਣ ਤੋਂ ਮਨਾ, ਕਰ ਦਿੱਤਾ ਸੀ। ਸਟੇਸ਼ਨ ਤੇ ਉਹਦੀ ਮਾਸੀ ਅਤੇ ਮਾਸੜ ਪਹੁੰਚ ਰਹੇ ਸਨ।

ਸੁਖਵਿੰਦਰ ਦੀ ਮੰਮੀ ਦੀ ਦੇਖ ਭਾਲ ਲਈ ਕੁਝ ਦਿਨ ਲਈ ਦੀਪਾ ਨੂੰ ਬੁਲਾ ਲਿਆ ਸੀ।

ਵਿਰਾਰ ਸਟੇਸ਼ਨ ਪਹਿਲਾਂ ਲੋਕਲ ਸਟੇਸ਼ਨ ਸੀ। ਉਹ ਵਿਰਾਰ ਤੋਂ ਬਾਅਦ ਲੋਕਲ ਸਟੇਸ਼ਨ ਗਿਣਨ ਲਗ ਪਈ ਸੀ, ਛੋਟੇ ਬੱਚਿਆਂ ਵਾਂਗ। ਜਦੋਂ ਛੋਟੀ ਸੀ ਤਾਂ ਜਦੋਂ ਕਦੀ ਗੰਗਾ ਨਗਰ ਤੋਂ ਬੰਬਈ ਜਾਂਦੀ, ਉਹ ਆਪਣੀ ਛੋਟੀ ਜਿਹੀ ਡਾਇਰੀ ਵਿਚ ਲੋਕਲ ਸਟੇਸ਼ਨਾਂ ਦੇ ਨਾਮ ਲਿਖਣ ਲਗ ਜਾਂਦੀ। ਮਾਸੀ ਮਾਸੜ ਉਹਦੇ ਭੱਲ ਪੁਣੇ ਤੇ ਹਸਦੇ।

ਦੂਜੇ ਦਿਨ ਬੰਬਈ ਪਹੁੰਚ ਕੇ ਉਸ ਸੁਨੀਲ ਨੂੰ ਫੋਨ ਕਰ ਦਿੱਤਾ ਸੀ।

ਬਾਰਸ਼ ਦਾ ਮੌਸਮ ਸੀ। ਬੜੇ ਗਹਿਰੇ ਕਾਲੇ ਬੱਦਲ ਛਾਏ ਹੋਏ ਸਨ। ਸਾਰੀ ਰਾਤ ਬਾਰਿਸ਼ ਹੁੰਦੀ ਰਹੀ ਸੀ। ਦੂਜੇ ਦਿਨ ਨਾਸ਼ਤਾ ਕਰਕੇ ਉਹ ਬਾਹਰ ਜਾਣ ਲਈ ਤਿਆਰ ਹੋਣ ਲਗ ਪਈ ਤਾਂ ਮਾਸੀ ਨੂੰ ਬੜੀ ਹੈਰਾਨੀ ਹੋਈ।

"ਕਿਥੋਂ ਦੀ ਤਿਆਰੀ ਹੈ?" ਮਾਸੀ ਨੇ ਉਤਸੁਕਤਾ ਨਾਲ ਪੁੱਛਿਆ।

"ਮੇਰੀ ਇਕ ਸਹੇਲੀ ਹੈ, ਉਹਨੂੰ ਮਿਲਣਾ ਹੈ।"

"ਬਾਹਰ ਮੌਸਮ ਬਹੁਤ ਖਰਾਬ ਹੈ। ਬਾਰਿਸ਼ ਰੁਕਣ ਤੇ ਚਲੀ ਜਾਵੀ।"

"ਬੰਬਾਈ ਦੀ ਬਾਰਿਸ਼ ਦਾ ਕੀ ਪਤਾ। ਫਿਰ ਇਹ ਤਾਂ ਕਿੰਨੇ ਮਹੀਨੇ ਚਲਦੀ ਹੈ। ਮੇਰਾ ਜਾਣਾ ਜ਼ਰੂਰੀ ਹੈ।" ਉਹ ਗੰਭੀਰ ਹੋ ਕੇ ਬੋਲੀ।

"ਐਸੀ ਤੇਰੀ ਕਿਹੜੀ ਸਹੇਲੀ ਹੈ, ਇਥੇ?"

"ਮਾਸੀ", ਤੁਸੀਂ ਉਹਨੂੰ ਨਹੀਂ ਜਾਣਦੇ।"

"ਕਿਧਰੇ... ਕਿਧਰੇ ਸੁਨੀਲ ਨੂੰ ਮਿਲਣ ਦਾ ਤਾਂ ਪ੍ਰੋਗਰਾਮ ਨਹੀਂ?"



"ਕੌਣ ?" ਅਜੀਤ ਦੀ ਆਵਾਜ਼ ਵਿਚ ਅਜੀਬ ਜਿਹੀ ਖਿੱਝ ਸੀ। ਮਾਸੀ ਨੇ ਗੱਲ ਅੱਗੇ ਨਹੀਂ ਵਧਾਈ।

"ਹੁਣ ਬੱਚੀ ਤਾਂ ਹੈ ਨਹੀਂ।" ਉਸ ਸੋਚਿਆ।

ਮਾਸੀ ਕੋਲੋਂ ਉਸ ਛਤਰੀ ਮੰਗੀ ਤੇ ਬਾਹਰ ਨਿਕਲ ਗਈ। ਟੈਕਸੀ ਲੈ ਕੇ ਉਹ ਅੰਧੇਰੀ ਸਟੇਸ਼ਨ ਪਹੁੰਚੀ। ਟੈਕਸੀ ਤੇ ਮੇਰੀਨ ਲਾਈਨ ਪਹੁੰਚਣ ਤੇ ਬਹੁਤ ਵਕਤ ਲਗੇਗਾ। ਸੜਕ ਤੇ ਇੰਨਾ ਟ੍ਰੈਫਿਕ ਹੁੰਦਾ ਹੈ। ਲੋਕਲ ਗੱਡੀ ਜਲਦੀ ਲੈ ਜਾਵੇਗੀ। ਪਰ ਪਹਿਲਾਂ ਟਿਕਟ ਲਈ ਲੰਬੀ ਲਾਈਨ ਅਤੇ ਫਿਰ ਗੱਡੀਆਂ ਦਾ ਰਸ਼ ਵੇਖਕੇ ਉਹ ਘਬਰਾ ਗਈ। ਕੁਝ ਸਾਲ ਪਹਿਲਾਂ ਇਸੇ ਸਟੇਸ਼ਨ ਤੋਂ ਉਹ ਕਾਲਜ ਲਈ ਗੱਡੀ ਫੜਦੀ ਸੀ ਪਰ ਇਹਨਾਂ ਸਾਲਾਂ ਵਿਚ ਲਗਦਾ ਹੈ ਬੰਬਾਈ ਦੀ ਜਨ ਸੰਖਿਆ ਦੁਗਣੀ ਹੋ ਗਈ ਹੈ। ਧੱਕਮ ਧੱਕਾ ਹੁੰਦੀ ਹੋਈ ਉਹ ਕਿਸੇ ਤਰ੍ਹਾਂ, ਲੇਡੀ ਕਮਪਾਰਟਮੈਂਟ ਵਿਚ ਚੜ੍ਹ ਗਈ। ਇਸ ਵੇਲੇ ਦਫ਼ਤਰ ਜਾਣ ਵਾਲੀਆਂ ਔਰਤਾਂ ਘਟ ਸਨ। ਜ਼ਿਆਦਾਤਰ ਉਹਦੇ ਵਾਂਗ, ਇਧਰ ਉਧਰ ਰਿਸ਼ਤੇਦਾਰੀਆਂ ਵਿਚ ਜਾਣ ਵਾਲੀਆਂ, ਸ਼ਾਪਿੰਗ ਕਰਨ ਵਾਲੀਆਂ ਔਰਤਾਂ ਸਨ। ਦਫ਼ਤਰ, ਸਕੂਲ-ਕਾਲਜ ਜਾਣ ਵਾਲੀਆਂ ਦੇ ਰੇਲੇ ਸਵੇਰ ਦੀਆਂ ਗੱਡੀਆਂ ਵਿਚ ਨਕੋ-ਨਕ ਭਰੇ ਹੁੰਦੇ ਨੇ।

ਲੇਡੀਜ਼ ਡੱਬੇ ਵਿਚ ਛੁੱਟ-ਪੁਟ ਚੀਜ਼ਾਂ ਵੇਚਣ ਵਾਲੇ ਮੁੰਡੇ ਕੁੜੀਆਂ ਵੀ ਚੜ੍ਹ ਹੀ ਜਾਂਦੇ ਨੇ ਚੂੜੀਆਂ ਹੇਅਰ ਕਲਿਪ ਕੰਨਾਂ ਦੇ ਝੁਮਕੇ, ਰੁਮਾਲ, ਕੰਘੀਆਂ ਤੇ ਹੋਰ ਕਿੰਨਾ ਹੀ ਨਿੱਕ ਸੁੱਕ।

ਉਹ ਜਦੋਂ ਪੜ੍ਹਦੀ ਸੀ ਤਾਂ ਗੱਡੀ ਵਿਚ, ਸੂਟਾਂ ਨਾਲ ਮੈਚਿੰਗ ਵਾਲੀਆਂ, ਬੰਦੇ ਖਰੀਦਦੀ ਰਹਿੰਦੀ ਸੀ। ਉਹਨਾਂ ਦਿਨਾਂ ਵਿਚ ਦੋ ਵਾਰ ਉਹਦੇ ਪਰਸ ਵਿਚੋਂ ਪੈਸੇ ਵੀ ਨਿਕਲ ਗਏ ਸਨ। ਬੜਾ ਰੋਈ ਸੀ, ਘਰ ਆ ਕੇ। ਉਸ ਆਪਣੀ ਮੰਮੀ ਨੂੰ ਵੀ ਇਸ ਘਟਨਾ ਬਾਰੇ ਵਿਸਥਾਰ ਨਾਲ ਲਿਖਿਆ ਸੀ ਤੇ ਅਗੋਂ ਮੰਮੀ ਨੇ ਵੱਡੀ ਭੈਣ ਕੋਲੋਂ ਖ਼ਤ ਲਿਖਵਾਇਆ ਸੀ ਕਿ ਸਫ਼ਰ ਧਿਆਨ ਨਾਲ ਕਰਿਆ ਕਰੇ। ਮਾਸੀ ਨੇ ਡਾਂਟਿਆ ਸੀ। ਕਿ ਹਰ ਛੋਟੀ ਛੋਟੀ ਗੱਲ ਮੰਮੀ ਨੂੰ ਨਾ ਲਿਖਿਆ ਕਰੇ। ਅਗੋ ਉਹ ਚਿੰਤਾ ਕਰਦੀ ਰਹਿੰਦੀ ਹੈ।

"ਉਹ ਦਿਨ ਵੀ ਕਿੰਨੇ ਚੰਗੇ ਸਨ।" ਉਹ ਸੋਚਕੇ ਮੁਸਕਰਾਈ। ਉਹਨੂੰ ਬਾਰੀ ਦੇ ਨਾਲ ਦੀ ਸੀਟ ਮਿਲ ਗਈ ਸੀ। ਉਹ ਲਗਾਤਾਰ ਬਾਹਰ ਨਿਕਲਦੇ ਸਟੇਸ਼ਨਾਂ ਦਾ ਨਾਂ ਪੜ੍ਹਦੀ ਅਤੇ ਖੁਸ਼ ਹੁੰਦੀ ਕਿ ਉਹਨੂੰ ਹਾਲੇ ਵੀ ਬਹੁਤ ਸਾਰੇ ਸਟੇਸ਼ਨਾਂ ਦੇ ਨਾਮ ਯਾਦ ਨੇ।

ਉਹਨੇ ਇਕ ਲਿਫ਼ਾਫ਼ੇ ਵਿਚ ਡਾਇਰੀ ਅਤੇ ਕਿਤਾਬਾਂ ਪਾਏ ਹੋਏ ਸਨ, "ਮੈਂ ਸੁਨੀਲ ਨੂੰ ਇਹ ਵਿਖਾਵਾਂਗੀ। ਕਿੰਨਾ ਹੈਰਾਨ ਹੋਵੇਗਾ ਕਿ ਮੈਂ ਹਾਲੇ ਤੀਕ ਇਹ ਚੀਜ਼ਾਂ ਸਾਂਭੀਆਂ ਹੋਈਆਂ ਨੇ। ਉਹਦੇ ਕੋਲ ਤਾਂ ਮੇਰੀ ਕੋਈ ਚੀਜ਼ ਨਹੀਂ ਹੋ ਸਕਦੀ। ਹਾਂ, ਉਹਦੀ ਭੈਣ ਨਾਲ ਖਿੱਚੀਆਂ ਇਕ ਦੋ ਫੋਟੋਆਂ ਹੋਣਗੀਆਂ। ਸੁਨੀਲ ਵਿਚ ਕੁਝ ਤਾਂ ਫਰਕ ਆਇਆ ਹੋਵੇਗਾ। ਵਿਆਹ ਤੋਂ ਬਾਅਦ ਕਈ ਬੰਦਿਆਂ ਦੀ ਗੋਗੜ ਨਿਕਲ ਆਉਂਦੀ ਏ, ਕਈ ਗੰਜੇ ਹੋਣ ਲਗਦੇ ਨੇ। ਫਿਰ ਉਹ ਆਪਣੇ ਬਾਰੇ ਸੋਚਣ ਲਗ ਪਈ। ਉਹਦਾ ਚਿਹਰਾ ਪਹਿਲਾਂ ਨਾਲੋਂ ਭਰ ਗਿਆ ਸੀ। ਥੋੜ੍ਹਾ ਜਿਹਾ ਭਾਰ ਵੀ ਵਧ ਗਿਆ ਸੀ। ਉਹ ਪਹਿਲਾਂ ਵਾਂਗ ਪਤਲੀ ਪਤੰਗ ਨਹੀਂ ਸੀ ਰਹੀ। ਕੁਝ ਹੋਰ ਬਦਲਿਆ ਹੋਵੇਗਾ, ਤਾਂ ਉਹ ਤਾਂ ਸੁਨੀਲ ਹੀ ਦਸੇਗਾ। ਪਹਿਲਾਂ ਉਹ ਲੰਬੀ ਗੁੱਤ ਕਰਦੀ ਸੀ ਵਿਆਹ ਤੋਂ ਬਾਅਦ ਜੂੜਾ ਕਰਨ ਲਗ ਪਈ ਸੀ। ਵਿਆਹ ਤੋਂ ਪਹਿਲਾਂ ਉਹ ਸਿਰਫ ਸੂਟ ਪਾਂਦੀ ਸੀ ਪਰ ਹੁਣ ਸਾੜੀ ਵੀ ਅਕਸਰ ਹੀ ਪਾ ਲੈਂਦੀ। ਗੋਆ ਵਿਚ ਸੁਖਵਿੰਦਰ ਨੇ ਉਹਨੂੰ ਜੀਨਜ਼ ਅਤੇ ਟਾਪ ਖਰੀਦ ਕੇ ਦਿੱਤੇ ਸਨ ਉਹ ਪਤਾ ਨਹੀਂ ਕਿਹੜੇ ਖੂੰਜੇ ਵੜ ਗਏ ਹੋਣਗੇ।

ਹੋਲੀ ਹੋਲੀ ਗੱਡੀ ਖ਼ਾਲੀ ਹੁੰਦੀ ਜਾ ਰਹੀ ਸੀ। ਜਦੋਂ ਉਹ ਮੈਰੀਨ ਲਾਈਨ ਸਟੇਸ਼ਨ ਤੇ ਉਤਰੀ ਤਾਂ ਬਾਹਰ ਜ਼ੋਰ ਦੀ ਬਾਰਿਸ਼ ਸ਼ੁਰੂ ਹੋ ਗਈ ਸੀ। ਕੁਝ ਦੇਰ ਉਹ ਪਰੇਸ਼ਾਨ ਜਹੀ ਹਾਲਤ ਵਿਚ ਇਕ ਨੰਬਰ ਪਲੇਟਫਾਰਮ ਤੇ ਆ ਕੇ ਰੁਕੀ ਰਹੀ। ਮੀਂਹ ਘਟਣ ਦੇ ਆਸਾਰ ਨਹੀਂ ਸਨ, ਨਜ਼ਰ ਆ ਰਹੇ। ਉਸ ਛਤਰੀ ਖੋਲ੍ਹੀ ਪਰਸ ਅਤੇ ਹੱਥਲਾ ਲਿਫ਼ਾਫ਼ਾ ਸੰਭਾਲਦੀ ਹੋਈ ਉਹ ਮੀਂਹ ਵਿਚ ਨਿਕਲ ਪਈ। ਖੁਸ਼ਕਿਸਮਤੀ ਨਾਲ ਬਾਹਰ ਨਿਕਲਦੇ ਹੀ ਉਹਨੂੰ ਟੈਕਸੀ ਮਿਲ ਗਈ। ਪਰ ਉਹਦੀ ਸਾੜੀ ਪੈਰਾਂ ਵਾਲੇ ਪਾਸਿਓਂ ਕਾਫੀ ਗਿੱਲੀ ਹੋ ਗਈ ਸੀ।

"ਅੱਜ ਸਾੜ੍ਹੀ ਨਹੀਂ ਸੀ ਪਾਣੀ ਚਾਹੀਦੀ। ਸੂਟ ਹੀ ਠੀਕ ਰਹਿੰਦਾ।" ਉਹ ਸੋਚਣ ਲੱਗੀ। ਜਿਉਂ ਜਿਉਂ ਟੈਕਸੀ ਰੇਸਤਰਾਂ ਦੇ ਨੇੜੇ ਅਪੜ ਰਹੀ ਸੀ ਉਹਦੀ ਦਿਲ ਦੀ ਧੜਕਣ ਵਧਣ ਲੱਗ ਪਈ ਸੀ। ਉਹਨੂੰ ਲੱਗਾ ਕਿ ਉਹ ਤਾਂ ਕੰਬ ਰਹੀ ਹੈ ਇਹ ਗਿੱਲੇ ਹੋਣ ਕਰਕੇ ਸੀ ਜਾਂ ਘਬਰਾਹਟ ਕਰਕੇ। ਉਹਨੂੰ ਸਮਝ ਨਹੀਂ ਆਈ। ਟੈਕਸੀ ਵਿਚ ਬੈਠੇ ਬੈਠੇ ਉਸ ਪਰਸ ਖੋਲ੍ਹਿਆ, ਵਿਚੋਂ ਛੋਟਾ ਜਿਹਾ ਸ਼ੀਸ਼ਾ ਕਢਿਆ ਅਤੇ ਆਪਣੀ ਸ਼ਕਲ ਵੇਖੀ। ਵਾਲ਼ ਉਡੇ ਪਏ ਸਨ। ਹੋਠਾਂ ਤੋਂ ਲਿਪਸਟਿਕ ਬਿਲਕੁਲ ਗਾਇਬ ਸੀ। ਚਿਹਰਾ ਬੌਂਦਲਿਆ ਪਿਆ ਸੀ। ਇਸ ਤੋਂ ਪਹਿਲਾਂ ਕਿ ਉਹ ਵਾਲ ਠੀਕ ਕਰਦੀ ਟੈਕਸੀ ਰੇਸਤਰਾਂ ਦੇ ਅੱਗੇ ਆ ਕੇ ਰੁਕ ਗਈ ਸੀ।

ਅਜੀਤ ਦੀ ਨਜ਼ਰ ਸਿੱਧੀ ਉਸ ਖਿੜਕੀ ਵਲ ਗਈ ਜਿਥੇ ਉਹ ਹਮੇਸ਼ਾਂ ਬੈਠਦੇ ਸਨ। ਕਈ ਵਾਰ ਸੁਨੀਲ ਦੀ ਭੈਣ ਵੀ ਨਾਲ ਹੁੰਦੀ ਸੀ। ਉਹ ਵਾਲੀ ਟੇਬਲ ਖਾਲੀ ਪਈ ਸੀ। ਉਸ ਸ਼ੁਕਰ ਕੀਤਾ। ਆਸ ਪਾਸ ਦੇ ਮੇਜ਼ਾਂ ਵਲ ਨਜ਼ਰ ਦੌੜਾਈ। ਸੁਨੀਲ ਨਜ਼ਰ ਨਹੀਂ ਆਇਆ। ਚਾਰ ਕੁ ਟੇਬਲਾਂ ਤੇ ਲੋਕ ਬੈਠੇ ਸਨ। ਬਾਕੀ ਸ਼ਾਇਦ ਮੀਂਹ ਕਰਕੇ ਖ਼ਾਲੀ ਪਏ ਸਨ। ਉਂਜ ਵੀ ਸੁਨੀਲ ਹਮੇਸ਼ਾਂ ਵਕਤ ਤੋਂ ਪਛੜ ਕੇ ਪਹੁੰਚਦਾ ਸੀ।

"ਮੈਂ ਵੀ ਬੇਵਕੂਫ ਹੀ ਹਾਂ ! ਕਿਹੋ ਜਿਹਾ ਮੌਸਮ ਚੁਣਿਆ ਬੰਬਈ ਆਉਣ ਦਾ। ਫਿਰ ਇੰਨਾ ਮੀਂਹ ਅੱਜ ਹੀ ਪੈਣਾ ਸੀ ! ਤੌਬਾ !"

ਕੁਰਸੀ ਤੇ ਬੈਠਕੇ ਉਸ ਪਰਸ ਮੇਜ਼ ਤੇ ਰੱਖਿਆ ਅਤੇ ਨਾਲ ਹੀ ਉਹ ਲਿਫ਼ਾਫ਼ਾ ਜਿਹਦੇ ਵਿਚ ਡਾਇਰੀ ਅਤੇ ਕਿਤਾਬ ਸੀ। ਉਸ ਆਪਦੇ ਹੱਥਾਂ ਨਾਲ ਬਿਖਰੇ ਵਾਲਾ ਨੂੰ ਜ਼ਰਾ ਕੁ ਠੀਕ ਕੀਤਾ। ਤੇ ਬਾਹਰਲੇ ਦਰਵਾਜ਼ੇ ਵਲ ਨਜ਼ਰ ਟਿਕਾ ਦਿੱਤੀ। ਬਾਰਸ਼ ਹਾਲੇ ਵੀ ਖਾਸ ਘਟੀ ਨਹੀਂ ਸੀ। ਉਸ ਰੇਸਤਰਾਂ ਦੇ ਚਾਰੇ ਪਾਸੇ ਨਜ਼ਰ ਘੁੰਮਾਈ, ਉਹ ਸੱਤ ਸਾਲ ਪੁਰਾਣੇ ਵਾਲਾ... ਕੋਈ ਬਦਲਾਵ ਨਹੀਂ ! ਕਮਾਲ ਹੈ ! ਆਸ ਪਾਸ ਕਿੰਨਾ ਕੁਝ ਬਦਲ ਗਿਆ ਹੈ ਪਰ ਇਹ ਰੇਸਤਰਾਂ ਉਥੇ ਦਾ ਉਥੇ, ਉਵੇਂ ਦਾ ਉਵੇਂ। ਉਸ ਬੈਰਿਆਂ ਤੇ ਨਜ਼ਰ ਮਾਰੀ, ਕੋਸ਼ਿਸ਼ ਕੀਤੀ ਪਛਾਨਣ ਦੀ ! ਕੀ ਕੋਈ ਪੁਰਾਣਿਆਂ ਵਿਚੋਂ ਹੈ? ਉਹਨੂੰ ਕੋਈ ਸਮਝ ਨਾ ਆਈ। ਕਾਉਂਟਰ ਤੇ ਇਕ ਜਵਾਨ ਲੜਕਾ ਸੀ। ਪੁਰਾਣੇ ਬੈਰੇ ਤਾਂ ਸਾਨੂੰ ਪਛਾਨਣ ਲਗ ਪਏ ਸਨ। ਮੁਸਕਰਾ ਕੇ ਸਵਾਗਤ ਕਰਦੇ ਸਨ। ਉਹਦੀ ਸਾੜ੍ਹੀ ਦਾ ਨਿਚਲਾ ਹਿੱਸਾ ਕਾਫੀ ਗਿੱਲਾ ਹੋਣ ਕਰਕੇ ਉਹਨੂੰ ਠੰਡ ਜਹੀ ਲਗਣ ਲਗ ਪਈ ਸੀ। ਉਹ ਵਾਸ਼ਰੂਮ ਵਿਚ ਗਈ। ਵਾਲ਼ ਸਵਾਰੇ, ਲਿਪਸਟਿਕ ਲਗਾਈ ਅਤੇ ਸਾੜ੍ਹੀ ਦਾ ਪੱਲੂ ਠੀਕ ਕੀਤਾ। ਸੁਨੀਲ ਦਾ ਹਾਲੇ ਕੋਈ ਅਤਾ ਪਤਾ ਨਹੀਂ ਸੀ। ਉਸ ਚਾਹ ਅਤੇ ਸੈਂਡਵਿਚ ਦਾ ਆਰਡਰ ਦੇ ਦਿੱਤਾ।

ਉਸ ਪਰਸ ਵਿਚੋਂ ਆਪਣਾ ਫੋਨ ਕਢਿਆ। ਮਾਸੀ ਦੀ ਮਿਸ ਕਾਲ ਸੀ। ਉਸੇ ਵੇਲੇ ਉਹਨੇ ਮਾਸੀ ਦਾ ਨੰਬਰ ਮਿਲਾਇਆ। "ਤੂੰ ਕਿਥੇ ਹੈ? ਬਾਹਰ ਇੰਨੀ ਬਾਰਸ਼ ਹੋ ਰਹੀ ਹੈ। ਸਹੇਲੀ ਦੇ ਘਰ ਪਹੁੰਚ ਗਈ?" ਮਾਸੀ ਨੇ ਸਵਾਲਾਂ ਦੀ ਝੜੀ ਲਗਾ ਦਿੱਤੀ ਸੀ। ਉਸ ਮਾਸੀ ਨੂੰ ਆਪਣੇ ਠੀਕ ਹੋਣ ਦਾ ਭਰੋਸਾ ਦਿਵਾ ਦਿੱਤਾ। ਫੋਨ ਬੰਦ ਕੀਤਾ ਹੀ ਸੀ ਕਿ ਸੁਖਵਿੰਦਰ ਦਾ ਫੋਨ ਆ ਗਿਆ,

"ਹੁਣੇ ਟੀ. ਵੀ. ਤੇ ਵੇਖਿਆ ਹੈ ਕਿ ਬੰਬਈ ਵਿਚ ਬਹੁਤ ਮੀਂਹ ਪੈ ਰਿਹਾ ਹੈ। ਤੂੰ ਠੀਕ ਹੈਂ ਨਾ?"

"ਹਾਂ, ਮੈਂ ਬਿਲਕੁਲ ਠੀਕ ਹਾਂ।"

"ਬਾਰਸ਼ ਵਿਚ ਬਾਹਰ ਨਾ ਨਿਕਲੀ। ਤੈਨੂੰ ਝਟ ਜ਼ੁਕਾਮ ਹੋ ਜਾਂਦਾ ਹੈ।"

"ਜੋ ਹੁਕਮ !"

"ਬਈ ਇਕਲੌਤੀ ਬੀਵੀ ਹੈ। ਫਿਕਰ ਤਾਂ ਹੋਵੇਗਾ ਹੀ।" ਉਧਰੋਂ ਹਾਸੇ ਦੀ ਆਵਾਜ਼ ਆ ਰਹੀ ਸੀ।

'ਚੰਗਾ, ਇਕਲੌਤੇ ਪਤੀ ਜੀ। ਫ਼ਿਕਰ ਨਾ ਕਰੋ।" ਉਸ ਸੁਨੀਲ ਨੂੰ ਫੋਨ ਮਿਲਾਇਆ। ਉਹਦਾ ਫੋਨ ਪਹੁੰਚ ਤੋਂ ਬਾਹਰ ਸੀ। ਪਹੁੰਚ ਤੋਂ ਬਾਹਰ? ਹੁਣ ਤਕ ਤਾਂ ਉਹਨੂੰ ਆਸ ਪਾਸ ਹੋਣਾ ਚਾਹੀਦਾ ਹੈ। ਉਹਦਾ ਫੋਨ ਵੀ ਨਹੀਂ ਆਇਆ। ਕਿਥੇ ਫਸ ਗਿਆ ਹੋਵੇਗਾ ! ਉਹਦਾ ਦਿਲ ਧਕ ਧਕ ਕਰਨ ਲੱਗ ਪਿਆ।

"ਉਹਦੀ ਭੈਣ ਨੂੰ ਫੋਨ ਮਿਲਾਵਾਂ? ਪਰ ਉਹ ਤਾਂ ਮੇਰੇ ਨਾਲ ਨਾਰਾਜ਼ ਹੀ ਹੈ। ਜਦੋਂ ਉਹਨੂੰ ਮੇਰੇ ਵਿਆਹ ਦਾ ਪਤਾ ਲਗਾ ਸੀ ਤਾਂ ਉਸ ਮੈਨੂੰ ਬਹੁਤ ਬੁਰਾ ਭਲਾ ਕਿਹਾ ਸੀ। ਉਹਦੇ ਭਰਾ ਦੀ ਜ਼ਿੰਦਗੀ ਖਰਾਬ ਕਰਨ ਵਾਲੀ। ਉਹਦੀਆਂ ਭਾਵਨਾਵਾਂ ਨਾਲ ਖੇਡਣ ਵਾਲੀ। ਬੇਵਫਾ। ਧੋਖੇ ਬਾਜ਼ ਤੇ ਹੋਰ ਕਿੰਨਾ ਕੁਛ।"



ਸੁਨੀਲ ਨੇ ਜਦੋਂ ਆਪਣੀ ਭੈਣ ਦੇ ਵਿਆਹ ਬਾਰੇ ਅਜੀਤ ਨੂੰ ਦੱਸਿਆ ਸੀ ਤਾਂ ਅਜੀਤ ਨੇ ਉਹਨੂੰ ਵਧਾਈ ਦਾ ਖ਼ਤ ਪਾ ਦਿੱਤਾ ਸੀ ਅਤੇ ਫੋਨ ਤੇ ਵੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹਦੀ ਭੈਣ ਬਹੁਤ ਗੁੱਸੇ ਵਿਚ ਸੀ। ਉਸ ਤੋਂ ਬਾਅਦ ਅਜੀਤ ਨੇ ਉਹਦੇ ਨਾਲ ਗੱਲ ਕਰਨ ਦੀ ਕਦੀ ਕੋਸ਼ਿਸ਼ ਨਹੀਂ ਕੀਤੀ।

ਸੈਂਡਵਿਚ ਅਤੇ ਚਾਹ ਕਦੋਂ ਦੇ ਖਤਮ ਹੋ ਗਏ ਸਨ। ਬੈਰਾ ਆਸ ਪਾਸ ਮੰਡਰਾਣ ਲਗ ਪਿਆ ਸੀ। ਉਸ ਕੁਝ ਰੁਕ ਕੇ ਇਕ ਕੌਫੀ ਦਾ ਆਰਡਰ ਦੇ ਦਿੱਤਾ। ਕੌਫੀ ਦੀਆਂ ਚੁਸਕੀਆਂ ਲੈਂਦੇ ਹੋਏ ਉਸ ਲਿਫ਼ਾਫ਼ੇ ਵਿਚੋਂ ਇਕ ਡਾਇਰੀ ਕੱਢੀ। ਉਹਦੇ ਵਰਕੇ ਪਲਟਦੀ ਰਹੀ। ਕਈ ਸਫ਼ਿਆ 'ਤੇ ਸੁਨੀਲ ਦੇ ਹੱਥਾਂ ਦੇ ਲਿਖੇ ਸ਼ੇਅਰ ਨੇ। ਦੋ ਤਿੰਨ ਕਵਿਤਾਵਾਂ ਦੋਵਾਂ ਨੇ ਮਿਲ ਕੇ ਲਿਖੀਆਂ ਸਨ। ਇਕ ਪੰਕਤੀ ਅਜੀਤ ਦੀ ਦੂਜੀ ਸੁਨੀਲ ਦੀ ! ਕਈ ਜਗ੍ਹਾਂ ਅਗਲੀ ਪੰਕਤੀ ਸੁਝਦੀ ਹੀ ਨਾ ਤਾਂ ਦੋਵੇਂ ਤੁੱਕਾ ਲਗਾ ਦਿੰਦੇ ਅਤੇ ਖੂਬ ਹਸਦੇ। ਇਹੀ ਗੱਲਾਂ ਯਾਦ ਕਰਕੇ ਅਜੀਤ ਦੇ ਚਿਹਰੇ ਤੇ ਮੁਸਕਰਾਹਟ ਫੈਲ ਗਈ।

"ਉਹ ਵੀ ਕੀ ਦਿਨ ਸਨ !" ਅਜੀਤ ਦਾ ਹੌਕਾ ਨਿਕਲ ਗਿਆ। ਦੋ ਸਫ਼ਿਆ ਤੇ ਸੁਨੀਲ ਨੇ ਅਜੀਤ ਦੀ ਸ਼ਕਲ ਬਨਾਣ ਦੀ ਕੋਸ਼ਿਸ਼ ਕੀਤੀ ਸੀ। ਸੁਨੀਲ ਨੇ ਅਜੀਤ ਨੂੰ ਕਿਹਾ ਸੀ ਕਿ ਉਹ ਉਹਦੀ ਸ਼ਕਲ ਬਣਾਏ ਪਰ ਅਜੀਤ ਡ੍ਰਾਇੰਗ ਵਿਚ ਜ਼ੀਰੋ ਸੀ। ਉਸ ਇਕ ਗੋਲਾ ਵਾਹ ਕੇ ਉਹਦੇ ਵਿਚ ਇਕ ਨਕ, ਉਪਰ ਦੋ ਅੱਖਾਂ ਇਕ ਮੂੰਹ ਬਣਾ ਕੇ ਕਿਹਾ-ਇਹੀ ਹੈਂ ਤੂੰ...।

ਉਹਨੇ ਪਰਸ ਵਿਚ ਫੋਨ ਡਾਇਰੀ ਕਢੀ। ਸੁਨੀਲ ਦੇ ਘਰ ਦਾ ਨੰਬਰ ਮਿਲਾਇਆ-ਉਧਰੋਂ ਆਵਾਜ਼ ਆਈ-

"ਕੌਣ ਮਾਂਗਤਾ ਹੈ?"

"ਤੁਮ ਕੌਣ ਹੋ?"

"ਮੈਂ ਇਧਰ ਕਾਮ ਕਰਤੀ ਹੈ। ਆਪ ਕੋ ਕੌਣ ਮਾਂਗਤਾ ਹੈ?" ਅਜੀਤ ਨੇ ਫੋਨ ਰੱਖ ਦਿੱਤਾ।

"ਹੁਣ ਕੀ ਕੀਤਾ ਜਾਵੇ?" ਉਸ ਆਪਣੇ ਆਪ ਨੂੰ ਪੁੱਛਿਆ। ਬਾਹਰ ਮੀਂਹ ਦਾ ਜ਼ੋਰ ਘਟ ਗਿਆ ਸੀ।

"ਸੁਨੀਲ ਫੋਨ ਕਰ ਸਕਦਾ ਸੀ। ਉਹਨੇ ਤਾਂ ਕਾਰ ਤੇ ਆਉਣਾ ਸੀ। ਕਿਧਰੇ ਰਾਹ 'ਚ ਕਾਰ ਹੀ ਮੀਂਹ ਵਿਚ ਨਾ ਫਸ ਗਈ ਹੋਵੇ। ਕਿਧਰੇ ਐਕਸੀਡੈਂਟ..., ਓ ਰੱਬਾ ! ਉਹਦੇ ਹੱਥ ਵਿਚ ਫੜਿਆ ਕੱਪ ਕੰਬ ਗਿਆ ਤੇ ਕੌਫੀ ਦਾ ਕੱਪ ਛਲਕ ਗਿਆ। ਉਹਨੇ ਫਿਰ ਘਰ ਫੋਨ ਮਿਲਾਇਆ। ਐਤਕੀਂ ਇਕ ਬੱਚੀ ਦੀ ਆਵਾਜ਼ ਸੀ, ਬੜੀ ਤੋਤਲੀ ਜਹੀ, ਪਿਆਰੀ ਜਹੀ, "ਹੈਲੋ ! ਮੈਂ ਪਿੰਕੀ ਬੋਲ ਰਹੀ ਹਾਂ। ਤੁਸੀਂ ਕੌਣ ਹੋ?" ਅਜੀਤ ਇਹ ਸੁਣਕੇ ਨਸ਼ੇ ਵਿਚ ਆ ਗਈ। ਉਹਦੇ ਅੰਦਰ ਲਹਿਰ ਜਹੀ ਦੌੜ ਗਈ। ਇਕ ਬੱਚੀ ਦੀ ਆਵਾਜ਼ ! ਆਹ ! ਕਾਸ਼ ! ਤੇ ਉਸ ਫੋਨ ਰੱਖ ਦਿੱਤਾ। ਸੁਨੀਲ ਦੇ ਫੋਨ ਬਾਰੇ ਬਾਰ ਬਾਰ ਆ ਰਿਹਾ ਸੀ- 'ਪਹੁੰਚ ਤੋਂ ਬਾਹਰ ਹੈ।' ਉਹ ਕਈ ਘੜੀ ਵਲ ਵੇਖਦੀ, ਕਦੀ ਬਾਹਰ। ਮੀਂਹ ਹੁਣ ਰੁਕ ਗਿਆ ਸੀ।

ਬੈਰਾ ਫਿਰ ਉਹਦੇ ਕੋਲ ਆ ਖੜਾ ਹੋਇਆ। ਭਲਾ ਉਹਨੂੰ ਕੀ ਤਕਲੀਫ ਸੀ ! ਰੇਸਤਰਾਂ ਬਹੁਤ ਭਰਿਆ ਹੋਇਆ ਨਹੀਂ ਸੀ। ਹੁਣ ਉਹ ਕੀ ਕਰੇ? ਉਠ ਪਏ। ਪੰਜ ਤਾਂ ਵਜ ਚਲੇ ਸਨ। ਰੇਸਤਰਾਂ ਵਿਚ ਭੀੜ ਵਧਣੀ ਸ਼ੁਰੂ ਹੋ ਗਈ ਸੀ। ਉਸ ਅੱਧਾ ਘੰਟਾ ਹੋਰ ਉਡੀਕਣ ਦੀ ਸੋਚੀ ਅਤੇ ਇਕ ਪਲੇਟ ਵੜੇ ਮੰਗਵਾ ਲਏ। ਦੋ ਮਿੰਟਾਂ ਵਿਚ ਬੈਰਾ ਗਰਮਾ ਗਰਮ ਵੜਿਆ ਦੀ ਪਲੇਟ ਲੈ ਕੇ ਆ ਗਿਆ। ਇੰਨੀ ਜਲਦੀ ! ਓ ! ਮਾਈ ਗਾਡ ! ਉਸ ਫਿਰ ਫੋਨ ਮਿਲਾਇਆ। ਐਂਤਕੀ ਇਕ ਔਰਤ ਦੀ ਆਵਾਜ਼ ਸੀ-ਇਹ ਜ਼ਰੂਰ ਉਹਦੀ ਬੀਵੀ ਹੀ ਹੋਵੇਗੀ ! ਆਵਾਜ਼ ਚੰਗੀ ਸੀ ! ਕਿਹੋ ਜਹੀ ਹੋਵੇਗੀ? ਮੇਰੇ ਤੋਂ ਸੋਹਣੀ ! ਸੁਭਾ ਦੀ? ਖੈਰ ! ਛਡੋ ! ਇਹ ਸਭ ਮੈਂ ਕਿਉਂ ਸੋਚ ਰਹੀ ਹਾਂ। ਉਹ ਸੁਨੀਲ ਦੀ ਬੱਚੀ ਦੀ ਮਾਂ ਹੈ। ਖੁਸ਼ ਰਹੇ।

ਮੈਂ ਵੀ ਪਾਗਲ ਹੀ ਹਾਂ। ਸੁਨੀਲ ਨੂੰ ਮਿਲਣ ਦਾ ਇੰਜ ਅਚਾਨਕ ਕਿਉਂ ਪ੍ਰੋਗਰਾਮ ਬਣਾ ਲਿਆ। ਫਿਰ ਇਸ ਮੌਸਮ ਵਿਚ ! ਫਿਰ ਇੰਨੀ ਦੂਰ, ਇਸੇ ਰੇਸਤਰਾਂ ਵਿਚ ਮਿਲਣ ਦਾ ਪ੍ਰੋਗਰਾਮ ਨਹੀਂ ਸੀ ਰੱਖਣਾ ਚਾਹੀਦਾ ! ਸੁਨੀਲ ਵੀ ਤਾਂ ਸਭ ਮੰਨਦਾ ਗਿਆ ਸੀ। ਉਸ ਇਕ ਵਾਰ ਵੀ ਪ੍ਰੋਗਰਾਮ ਬਦਲਣ ਲਈ ਨਹੀਂ

ਕਿਹਾ। ਪਤਾ ਨਹੀਂ ਉਹਦੇ ਅੰਦਰ ਮੈਨੂੰ ਮਿਲਣ ਲਈ ਇੰਨੀ ਪ੍ਰਬਲ ਤਾਂਘ ਸੀ ਕਿ ਨਹੀਂ। ਹੁਣ ਤਕ ਉਹ ਆਪਣੀ ਬੀਵੀ ਅਤੇ ਬੱਚੀ ਵਿਚ ਪੂਰੀ ਤਰ੍ਹਾਂ ਰਮ ਗਿਆ ਹੋਵੇਗਾ। ਮੈਨੂੰ ਵੀ ਇਹ ਡਾਇਰੀ ਨਾ ਮਿਲਦੀ ਤਾਂ ਸ਼ਾਇਦ ਮੈਨੂੰ ਮਿਲਣ ਦੀ ਇਹ ਤਾਂਘ ਪੈਦਾ ਹੀ ਨਾ ਹੁੰਦੀ। ਮੈਂ ਵੀ ਆਪਣੇ ਘਰ 'ਚ ਠੀਕ ਹਾਂ। ਸੁਖਵਿੰਦਰ ਮੇਰਾ ਪੂਰਾ ਧਿਆਨ ਰਖਦਾ ਹੈ। ਮੈਂ ਵੀ ਉਹਦੀ ਅਤੇ ਉਹਦੀ ਮੰਮੀ ਦੀ ਪੂਰੀ ਦੇਖ ਭਾਲ ਕਰਦੀ ਹਾਂ। ਮਾਂ ਮੈਨੂੰ ਅਸੀਸ਼ਾਂ ਦਿੰਦੀ ਨਹੀਂ ਥਕਦੀ। ਸੁਖਵਿੰਦਰ ਦੀ ਭੈਣ ਨਾਲ ਵੀ ਸੰਬੰਧ ਸੁਖਾਵੇਂ ਹਨ। ਉਹਦੇ ਵਿਆਹ ਵਿਚ ਇਸ ਪੂਰੀ ਜ਼ਿੰਮੇਵਾਰੀ ਨਿਭਾਈ ਸੀ।

ਪੂਰਾ ਰੇਸਤਰਾਂ ਭਰ ਗਿਆ ਸੀ। ਲੋਕਾਂ ਦੀਆਂ ਆਵਾਜ਼ਾਂ ਨੇ ਉਹਦਾ ਧਿਆਨ ਭੰਗ ਕਰ ਦਿਤਾ।

'ਹੁਣ ਚੱਲਣਾ ਚਾਹੀਦਾ ਹੈ। ਹੁਣ ਹੋਰ ਉਡੀਕ ਨਹੀਂ।" ਉਸ ਪਰਸ ਵਿਚੋਂ ਪੈਸੇ ਕਢੇ ਅਤੇ ਬਿੱਲ ਦੇ ਕੇ ਬਾਹਰ ਆ ਗਈ, ਖੁਲ੍ਹੀ ਹਵਾ ਵਿਚ। ਸਭ ਠੀਕ ਹੋ ਜਾਂਦਾ ਤਾਂ ਉਹ ਸੁਨੀਲ ਨਾਲ ਮੈਰੀਨ ਡ੍ਰਾਈਵ ਤੇ ਜਾਂਦੀ ਤੇ ਸਿੰਗਦਾਨਾ ਖਾਂਦੀ।" ਉਹ ਸਟੇਸ਼ਨ ਵੱਲ ਜਾਣ ਦੀ ਬਜਾਏ ਮੈਰੀਨ ਲਾਈਨਜ਼ ਵਲ ਹੀ ਚਲ ਪਈ। ਉਥੋਂ ਪੈਦਲ ਦਾ ਰਾਹ ਸੀ। ਉਥੇ ਨਾ ਬੰਦਾ, ਨਾ ਬੰਦੇ ਦੀ ਜਾਤ! ਸੜਕ ਤੇ ਦੌੜਦੀਆਂ ਕਾਰਾਂ! ਲਹਿਰਾਂ ਜ਼ੋਰ ਜ਼ੋਰ ਦੀ ਜਿਵੇਂ ਗੁੱਸੇ ਨਾਲ ਦੀਵਾਰ ਨਾਲ ਟਕਰਾ ਰਹੀਆਂ ਸਨ। ਦੋ ਚਾਰ ਮਿੰਟ ਉਹ ਖੜੀ ਵੇਖਦੀ ਰਹੀ। ਫਿਰ ਵਾਪਿਸ ਚਲ ਪਈ। ਮਨ ਬੜਾ ਬੈਚੇਨ ਸੀ! ਉਦਾਸੀ ਨੇ ਉਹਨੂੰ ਘੇਰ ਲਿਆ ਸੀ। ਉਹਨੂੰ ਲੱਗਾ ਉਹ ਹੁਣੇ ਰੋ ਪਵੇਗੀ। ਉਹਨੂੰ ਆਪਣੇ ਕਦਮ ਵੀ ਬੜੇ ਭਾਰੀ ਮਹਿਸੂਸ ਹੋ ਰਹੇ ਸਨ। ਸਟੇਸ਼ਨ ਵਲ ਜਾਂਦੇ ਹੋਏ ਉਹਨੂੰ ਅਹਿਸਾਸ ਹੋਇਆ ਕਿ ਉਹ ਛਤਰੀ ਅਤੇ ਡਾਇਰੀ ਵਾਲਾ ਲਿਫ਼ਾਫ਼ਾ ਰੇਸਤਰਾਂ ਵਿਚ ਹੀ ਭੁੱਲ ਆਈ ਹੈ। ਉਹ ਕਾਫੀ ਦੂਰ ਰਹਿ ਗਿਆ ਸੀ। ਉਹ ਉਸੇ ਸੜਕ ਦੇ ਕਿਨਾਰੇ ਖੜੀ ਕੁਝ ਦੇਰ ਸੋਚਦੀ ਰਹੀ ਵਾਪਸ ਜਾਵਾਂ? ਹਿੰਮਤ ਨਹੀਂ ਸੀ ਪੈ ਰਹੀ। ਪਰ ਉਹ ਆਪਣੀ ਡਾਇਰੀ ਅਤੇ ਕਿਤਾਬ ਇੰਜ ਕਿਵੇਂ ਛਡ ਸਕਦੀ ਹੈ। ਉਹਦੇ ਕੋਲੋਂ ਦੀ ਇਕ ਟੈਕਸੀ ਲੰਘੀ ਤਾਂ ਉਸ ਟੈਕਸੀ ਰੋਕ ਲਈ ਵਾਪਿਸ ਰੇਸਤਰਾਂ ਵਲ ਜਾਣ ਲਈ। ਹੁਣ ਸਟੇਸ਼ਨ ਤੇ ਜਾ ਕੇ ਗੱਡੀ ਲੈਣ ਦੀ ਉਸ ਵਿਚ ਹਿੰਮਤ ਨਹੀਂ ਸੀ। ਫਿਰ ਇਸ ਵੇਲੇ ਤਾਂ ਗੱਡੀਆਂ ਤੂੜਮ-ਤੂੜ ਭਰੀਆਂ ਹੋਣਗੀਆਂ। ਤੋਬਾ! ਉਹਦੇ ਅੰਦਰ ਘਬਰਾਹਟ ਹੋ ਰਹੀ ਸੀ। ਮੈਂ ਵੀ ਪਾਗਲ ਹੀ ਹਾਂ। ਮੈਨੂੰ ਭਲਾ ਕੀ ਲੋੜ ਸੀ ਇਹ ਪ੍ਰੋਗਰਾਮ ਬਨਾਣ ਦੀ।

ਉਹ ਬੌਂਦਲੀ ਹੋਈ ਟੈਕਸੀ ਤੋਂ ਉਤਰੀ ਤੇ ਸਿੱਧਾ ਰੇਸਤਰਾਂ ਦੇ ਉਸੇ ਮੇਜ਼ ਵਲ ਵਧੀ। ਉਥੇ ਕੋਈ ਜੋੜਾ ਬੈਠਾ ਸੀ। ਬੈਰੇ ਨੇ ਅੱਗੇ ਹੋ ਕੇ ਉਹਨੂੰ ਕੁਝ ਕਿਹਾ। ਪਹਿਲਾਂ ਤਾਂ ਉਹ ਸਮਝੀ ਨਹੀਂ ਫਿਰ ਬੈਰੇ ਨੇ ਕਿਹਾ-ਤੁਸੀਂ ਕੁਝ ਸਾਮਾਨ ਭੁਲ ਗਏ ਸੀ।

"ਹਾਂ ਮੈਂ ਉਹੀ ਲੈਣ ਆਈ ਹਾਂ।"

ਬੈਰੇ ਨੇ ਛਤਰੀ ਅਤੇ ਡਾਇਰੀ ਵਾਲਾ ਲਿਫ਼ਾਫ਼ਾ ਉਹਦੇ ਹੱਥ ਵਿਚ ਆ ਫੜਾਏ। ਉਹਨੇ ਉਹਦਾ ਬਹੁਤ ਬਹੁਤ ਧੰਨਵਾਦ ਕੀਤਾ। ਪਰਸ ਵਿਚ ਹੱਥ ਪਾਇਆ ਤਾਂ ਉਤੇ ਪੰਜਾਹ ਦਾ ਇਕ ਨੋਟ ਹੱਥ ਆ ਗਿਆ। ਉਹ ਉਹਨੇ ਬੈਰੇ ਦੇ ਹੱਥ ਤੇ ਰੱਖ ਦਿੱਤਾ। ਪਰ ਬੈਰੇ ਨੇ ਲੈਣ ਤੋਂ ਮਨ੍ਹਾ ਕਰ ਦਿੱਤਾ। ਉਹਨੇ ਬੈਰੇ ਵਲ ਵੇਖਦੇ ਹੋਏ ਮੁਸਕਰਾਣ ਦੀ ਕੋਸ਼ਿਸ਼ ਕੀਤੀ ਅਤੇ ਇਕ ਵਾਰ ਫਿਰ ਤੋਂ ਧੰਨਵਾਦ ਕੀਤਾ। ਟੈਕਸੀ ਵਲ ਵਧ ਰਹੀ ਸੀ ਤਾਂ ਉਹਦੇ ਮੋਢੇ ਤੇ ਕਿਸੇ ਨੇ ਹਲਕਾ ਜਿਹਾ ਹੱਥ ਰੱਖਿਆ। ਉਹ ਇਕ ਦਮ ਤ੍ਰਭਕ ਗਈ। ਪਿਛੇ ਮੁੜਕੇ ਤੱਕਿਆ ਸੁਨੀਲ ਸੀ। ਅਜੀਤ ਦੇ ਦਿਲ ਦੀ ਧੜਕਣ ਇਕ ਦਮ ਤੇਜ਼ ਹੋ ਗਈ। ਉਹਨੂੰ ਲੱਗਾ ਕਿ ਉਹ ਹੁਣੇ ਚੱਕਰ ਖਾ ਕੇ ਡਿੱਗ ਪਵੇਗੀ। ਸੁਨੀਲ ਨੇ ਅੱਗੇ ਹੋ ਕੇ ਖੱਬੀ ਬਾਂਹ ਉਹਦੀ ਵੱਖੀ ਦਵਾਲੇ ਵਲ ਲਈ ਅਤੇ ਉਹਨੂੰ ਘੁੱਟਕੇ ਆਪਣੇ ਨਾਲ ਲਗਾ ਲਿਆ। ਅਜੀਤ ਦੇ ਅੱਥਰੂ ਵਹਿ ਤੁਰੇ। ਉਹਨੂੰ ਆਸ ਪਾਸ ਲੰਘਦੇ ਲੋਕਾਂ ਦੀ ਕੋਈ ਸੁੱਧ ਨਹੀਂ ਸੀ। ਸੁਨੀਲ ਕੁਝ ਕਹਿ ਰਿਹਾ ਸੀ। ਪਰ ਉਹਦੇ ਦਿਮਾਗ਼ ਤਕ ਕੋਈ ਗੱਲ ਨਹੀਂ ਪਹੁੰਚ ਰਹੀ ਸੀ। ਉਹਦੀ ਬਿਰਤੀ ਪਰਤੀ ਤਾਂ ਉਹ ਸਿੱਧੀ ਹੋ ਕੇ ਖੜੋ ਗਈ ਅੱਖਾਂ ਪੂੰਝੀਆਂ ਅਤੇ ਧਿਆਨ ਨਾਲ ਸੁਨੀਲ ਨੂੰ ਵੇਖਿਆ। ਉਹਦੇ ਵਾਲ਼ ਉਡੇ ਹੋਏ ਸਨ। ਕਪੜੇ ਵੀ ਮੁੜੇ ਤੁੜੇ ਸਨ। ਚਿਹਰਾ ਬਹੁਤ ਥੱਕਿਆ ਹੋਇਆ ਸੀ।

"ਚੱਲ ਮੇਰੀ ਕਾਰ ਉਧਰ ਪਰ੍ਹਾਂ ਖੜੀ ਹੈ।" ਉਹ ਬੋਲਿਆ।



"ਮੈਂ ਇਹ ਟੈਕਸੀ ਰੋਕੀ ਹੋਈ ਹੈ।"

ਸੁਨੀਲ ਟੈਕਸੀ ਵਲ ਲਪਕਿਆ ਤਾਂ ਉਹਦੇ ਪੈਸੇ ਦੇ ਕੇ ਅਜੀਤ ਦਾ ਹੱਥ ਫੜ ਕੇ ਕਾਰ ਵੱਲ ਲੈ ਤੁਰਿਆ।

ਕਾਰ ਵਿਚ ਬੈਠਦੇ ਹੀ ਉਸ ਅਜੀਤ ਦੇ ਦੋਵੇਂ ਹੱਥ ਫੜਕੇ ਚੁੰਮ ਲਏ ਅਤੇ ਮੁਆਫੀ ਮੰਗਣ ਲਗ ਪਿਆ। ਉਹਦਾ ਚਿਹਰਾ ਪਿਘਲਿਆ ਪਿਆ ਸੀ। ਉਹਦੀ ਕਾਰ ਇਕ ਜਗ੍ਹਾ ਖਰਾਬ ਹੋ ਗਈ ਸੀ। ਮੋਬਾਇਲ ਫੋਨ ਕਾਹਲ 'ਚ ਦਫਤਰ ਵਿਚ ਹੀ ਰਹਿ ਗਿਆ ਸੀ। ਹੋਰ ਕਿਤੋਂ ਵੀ ਫੋਨ ਕਰ ਸਕਦਾ ਸੀ ਪਰ ਨੰਬਰ ਉਸੇ ਵਿਚ ਸੀ ਆਦਿ ਆਦਿ...।

"ਤੂੰ ਤਾਂ ਵਾਪਸ ਜਾ ਰਹੀ ਸੈਂ?"

"ਹਾਂ, ਬੇਉਮੀਦ ਹੋ ਕੇ!" ਉਹ ਹੌਂਕਾ ਭਰਕੇ ਬੋਲੀ।

"ਸਾਰੀ ! ਹੋਰ ਕੀ ਕਹਾਂ! ਹਾਲਾਤ ਹੀ ਕੁਝ ਇੰਜ ਹੋ ਗਏ ਸਨ। ਚਲ ਹੁਣ ਕਿਧਰੇ ਬੈਠਕੇ ਗੱਲਬਾਤ ਕਰਦੇ ਹਾਂ। ਉਸ ਅਜੀਤ ਦਾ ਹੱਥ ਫੜ ਕੇ ਦਬਾਇਆ ਤੇ ਕਾਰ ਸਟਾਰਟ ਕਰ ਲਈ।

"ਸਤ ਲੰਬੇ ਸਾਲ! ਤੈਨੂੰ ਮੇਰੀ ਯਾਦ ਕਿਵੇਂ ਆ ਗਈ? ਅਚਾਨਿਕ ਬੰਬਈ ਆ ਕੇ ਮਿਲਣ ਦਾ ਖਿਆਲ ਕਿਵੇਂ ਆ ਗਿਆ? ਸੱਚ, ਜਦੋਂ ਦਾ ਤੇਰਾ ਫੋਨ ਆਇਆ ਹੈ, ਤੂੰ ਮੰਨੇਗੀ ਨਹੀਂ ਮੈਂ ਹਵਾਵਾਂ ਵਿਚ ਉਡ ਰਿਹਾ ਹਾਂ। ਦਿੱਲੀ ਵਾਲਿਆ ਦਾ ਕੀ ਹਾਲ ਹੈ?"

"ਠੀਕ ਹਨ। ਤੇਰੇ ਘਰ ਫੋਨ ਕੀਤੇ ਸਨ।"

"ਉਹ! ਆਪਣੇ ਬਾਰੇ ਤਾਂ ਕੁਝ ਨਹੀਂ ਦੱਸਿਆ?"

"ਨਹੀਂ, ਤੇਰੀ ਬੱਚੀ ਦੀ ਪਿਆਰੀ ਜਿਹੀ ਤੋਤਲੀ ਆਵਾਜ਼ ਸੁਣੀ ਸੀ।"

"ਉਹਦੀ ਆਦਤ ਹੈ, ਫੋਨ ਦੀ ਘੰਟੀ ਵਜਦੇ ਹੀ, ਫੋਨ ਚੁਕ ਲੈਂਦੀ ਹੈ।"

"ਫਿਰ ਤੇਰੀ ਬੀਵੀ ਦੀ ਆਵਾਜ਼ ਵੀ ਸੁਣੀ।"

"ਅੱਛਾ!"

"ਆਵਾਜ਼ ਤੋਂ ਲਗਦਾ ਹੈ, ਚੰਗੀ ਹੈ, ਸਵੀਟ ਹੈ।"

"ਅੱਛਾ, ਆਵਾਜ਼ ਤੋਂ ਕਦੋਂ ਤੋਂ ਪਛਾਣਨ ਲੱਗੀ ਹੈ, ਬੰਦੇ ਨੂੰ?"

"ਹਮੇਸ਼ਾਂ ਤੋਂ! ਤੇਰੀ ਆਵਾਜ਼ ਤੇ ਹੀ ਤਾਂ ਮੈਂ ਮਰ ਮਿਟੀ ਸਾਂ। ਤੂੰ ਜਦੋਂ ਕਾਲਜ ਦੀ ਸਟੇਜ ਤੇ ਗਾਣਾ ਗਾਂਦਾ ਸੀ, ਸਪੀਚ ਦਿੰਦਾ ਸੈਂ...। ਹੁਣ ਗਾਣਾ-ਵਾਣਾ ਕੁਝ ਹੁੰਦਾ ਹੈ ਕਿ ਨਹੀਂ?"

"ਉਹ ਦਿਨ ਹੀ ਹੋਰ ਸਨ, ਅਜੀਤ।" ਉਹ ਠੰਡੀ ਆਹ ਭਰ ਕੇ ਬੋਲਿਆ। ਹੁਣ ਘਰ ਗ੍ਰਿਹਸਥੀ, ਨੌਕਰੀ, ਸਾਰਾ ਵਕਤ ਲੈ ਲੈਂਦੀ ਹੈ। ਸਾਰਾ ਦਿਨ ਹੋਸ਼ ਗੁੰਮੇ ਰਹਿੰਦੇ ਨੇ! ਗਾਣਾ ਕਿਹਨੂੰ ਸੁਝਦਾ ਹੈ।"

ਸੁਨੀਲ ਨੇ ਕਾਰ ਇਕ ਜਗ੍ਹਾ ਪਾਰਕ ਕੀਤੀ ਤੇ ਉਹਦਾ ਹੱਥ ਫੜਕੇ ਉਹਨੂੰ ਇਕ ਰੇਸਤਰਾਂ ਵਿਚ ਲੈ ਗਿਆ। ਰੇਸਤਰਾਂ ਬਹੁਤ ਵੱਡਾ ਸੀ। ਬਹੁਤ ਮਹਿੰਗਾ ਹੋਵੇਗਾ। ਅਜੀਤ ਨੇ ਸੋਚਿਆ ਇਕ ਕੋਨੇ ਦੀ ਮੇਜ਼ ਤੇ ਉਹ ਦੋਵੇਂ ਬੈਠ ਗਏ।

"ਹਾਂ, ਹੁਣ ਸੁਣਾ, ਫਿਰ ਕਿਸ ਤਰ੍ਹਾਂ ਚਲ ਹੀ ਹੈ, ਜ਼ਿੰਦਗੀ? ਤੂੰ ਥੋੜ੍ਹੀ ਅਲਗ ਅਲੱਗ ਜਹੀ ਲਗ ਰਹੀ ਹੈਂ। ਤੇਰਾ ਚਿਹਰਾ ਭਰ ਗਿਆ ਹੈ ਅਤੇ ਸਰੀਰ ਵੀ। ਪਹਿਲਾਂ ਤੂੰ ਬਹੁਤ ਪਤਲੀ ਸੈਂ। ਬਾਈ ਗਾਡ ਤੂੰ ਬਹੁਤ ਸੋਹਣੀ ਨਿਕਲ ਆਈ ਹੈਂ!"

ਅਜੀਤ ਮੁਸਕਰਾ ਪਈ। ਸ਼ੁਨੀਲ ਨੇ ਉਹਦੇ ਦੋਵੇਂ ਹੱਥ ਫੜ ਲਏ, "ਮੇਰੇ ਬਾਰੇ ਤੇਰਾ ਕੀ ਖਿਆਲ ਹੈ?" ਉਹ ਉਹਦੀਆਂ ਅੱਖਾਂ ਵਿਚ ਵੇਖਦਾ ਹੋਇਆ ਸਵਾਲੀਆ ਅੰਦਾਜ਼ ਵਿਚ ਬੋਲਿਆ-

"ਤੇਰਾ ਸ਼ਰੀਰ ਵੀ ਥੋੜ੍ਹਾ ਹੈਲਦੀ ਲਗ ਰਿਹਾ ਹੈ। ਰੰਗ ਥੋੜ੍ਹਾ ਸਾਂਵਲਾ ਹੋ ਗਿਆ ਹੈ। ਹੋਰ ਤਾਂ ਉਂਜ ਹੀ ਹੈ।"

"ਸਾਂਵਲਾ ਤਾਂ ਹੋਵੇਗਾ ਹੀ। ਨੌਕਰੀ ਹੀ ਇਹੋ ਜਹੀ ਹੈ। ਨੱਠ ਭੱਜ ਬਹੁਤ ਹੈ। ਜ਼ਿਆਦਾ ਫੀਲਡ ਵਰਕ ਹੈ। ਧੁੱਪਾਂ 'ਚ ਘੁੰਮਣਾ ਆਦਿ ਆਦਿ।" ਸੁਨੀਲ ਆਪਣੀ ਨੌਕਰੀ ਬਾਰੇ ਵਿਸਥਾਰ ਨਾਲ ਦਸਦਾ ਰਿਹਾ। ਨੱਠ ਭੱਜ, ਮਿਹਨਤ, ਲੇਟ ਰਾਤ ਤੱਕ ਕੰਮ! ਵਹੁਟੀ ਦੀਆਂ ਸ਼ਿਕਾਇਤਾ। ਮੰਮੀ ਡੈਡੀ ਦੀ ਸਿਹਤ...

ਉਹਨਾਂ ਦੀ ਜ਼ਿੰਮੇਵਾਰੀ! "ਪਰ ਅੱਗੋਂ ਭਵਿੱਖ ਚੰਗਾ ਦਿਖ ਰਿਹਾ ਹੈ। ਸ਼ਾਇਦ ਅਮਰੀਕਾ ਭੇਜ ਦੇਣ। ਇਕ ਵਾਰ ਮੈਂ ਉਥੇ ਹੋ ਆਇਆ ਹਾਂ। ਅਜੀਤ ਤੂੰ ਵਿਸ਼ਵਾਸ਼ ਨਹੀਂ ਕਰੇਂਗੀ... ਉਥੇ ਅਤੇ ਇਥੇ ਦੇ ਲਿਵਿੰਗ ਸਟੈਂਡਰਡ ਵਿਚ ਕਿੰਨਾ ਫ਼ਰਕ ਹੈ। ਉਮੀਦ ਤਾਂ ਬਹੁਤ ਹੈ ਅੱਗੋ ਜੋ ਹੋਵੇਗਾ... ਰੱਬ ਠੀਕ ਹੀ ਕਰੇਗਾ ਆਦਿ ਆਦਿ...।" ਸੁਨੀਲ ਬੋਲਦਾ ਜਾ ਰਿਹਾ ਸੀ। ਅਜੀਤ ਨੇ ਆਪਣੇ ਹੱਥ ਚੁਪਕੇ ਜਹੇ ਉਹਦੇ ਹੱਥਾਂ ਵਿਚੋਂ ਛੁਡਾ ਲਏ ਸਨ। ਸੁਨੀਲ ਨੂੰ ਸ਼ਾਇਦ ਇਸ ਗੱਲ ਦਾ ਪਤਾ ਵੀ ਨਹੀਂ ਸੀ ਲੱਗਾ।

"ਹੋਰ ਤੂੰ ਸੁਣਾ, ਮੈਂ ਹੀ ਬਕ ਬਕ ਕਰੀ ਜਾ ਰਿਹਾ ਹਾਂ। ਅਜੀਤ ਹਲਕਾ ਜਿਹਾ ਮੁਸਕਰਾਈ।

"ਤੇਰੀ ਬੇਟੀ ਕਿੰਨੇ ਸਾਲ ਦੀ ਹੈ?" ਉਹਨੇ ਪੁੱਛਿਆ।

"ਉਹ ਪਿਛਲੇ ਮਹੀਨੇ ਚਾਰ ਦੀ ਹੋਈ ਹੈ। ਬਹੁਤ ਚੁਲ ਬੁਲੀ ਹੈ। ਇੰਨੀਆਂ ਚੰਗੀਆਂ ਗੱਲਾਂ ਕਰਦੀ ਏ। ਬਾਈ ਗਾਡ! ਅਜੀਤ ਤੂੰ ਉਹਨੂੰ ਮਿਲੇ ਤਾਂ ਤੂੰ ਵੀ ਉਹਦੇ ਤੇ ਮੋਹਿਤ ਹੋ ਜਾਵੇਂ। ਦਫਤਰ ਦੇ ਕੰਮ ਤੋਂ ਥੱਕ ਕੇ ਜਾਓ ਤਾਂ ਉਹ।" ਫਿਰ ਸੁਨੀਲ ਆਪਣੀ ਬੇਟੀ ਬਾਰੇ ਵਿਸਥਾਰ ਨਾਲ ਦਸਣ ਲਗ ਪਿਆ। ਬੱਚੇ ਦੀਆਂ ਗੱਲਾਂ ਸੁਣ ਕੇ ਅਜੀਤ ਨੂੰ ਗੁਦਗੁਦੀ ਹੋ ਰਹੀ ਹੈ। ਅਜੀਤ ਸੋਚਣ ਲਗੀ ਕਿ ਸੁਨੀਲ ਨੂੰ ਯਾਦ ਹੀ ਨਹੀਂ ਹੋਣਾ ਕਿ ਅਸਾਂ ਆਪਣੇ ਹੋਣ ਵਾਲੇ ਬੱਚੇ ਦਾ ਨਾਮ ਵੀ ਰੱਖ ਲਿਆ ਸੀ ਤੇ ਇਸੇ ਡਾਇਰੀ ਵਿਚ ਨੋਟ ਕੀਤਾ ਸੀ-ਸੁਨੀਲ ਨੇ ਆਪਣੇ ਹੱਥਾਂ ਨਾਲ ਲਿਖਿਆ ਸੀ।

ਬੈਰਾ ਮੇਜ਼ ਤੇ ਖਾਣ ਦਾ ਸਾਮਾਨ ਰਖ ਗਿਆ ਤਾਂ ਵੀ ਉਹ ਆਪਣੀ ਬੇਟੀ ਬਾਰੇ ਹੀ ਗੱਲਾਂ ਕਰਨ ਵਿਚ ਰੁਝਿਆ ਰਿਹਾ।

"ਤੂੰ ਸੁਣਾ, ਤੇਰੇ... ਮੇਰਾ ਮਤਲਬ ਹੈ...।" ਉਹ ਚਿਕਨ ਦਾ ਟੁਕੜਾ ਮੂੰਹ ਵਿਚ ਪਾਂਦਾ ਹੋਇਆ ਬੋਲਿਆ।

"ਹੁਣ ਬੱਚਾ ਗੋਦ ਲੈਣ ਦੀ ਸੋਚ ਰਹੇ ਹਾਂ।"

"ਇਥੇ ਕਿਸੇ ਵੱਡੇ ਹਸਪਤਾਲ ਵਿਚ ਵਿਖਾ ਲੈ। ਅੱਜ ਕੱਲ ਤਾਂ ਬੜੇ ਇਲਾਜ਼ ਨਿਕਲ ਆਏ ਨੇ।"

"ਉਹ ਸਭ ਹੋ ਚੁੱਕਾ ਹੈ।" ਉਹ ਉਦਾਸੀ ਨਾਲ ਬੋਲੀ।

ਤੂੰ ਕੁਝ ਖਾ ਨਹੀਂ ਰਹੀ। ਇਹ ਥਾਈ ਰੇਸਤਰ੍ਹਾਂ ਹੈ। ਮੇਰਾ ਮਤਲਬ ਥਾਈਲੈਂਡ ਦਾ। ਮੈਂ ਅਮਰੀਕਾ ਗਿਆ ਤਾਂ ਉਥੇ ਬੜੇ ਰੇਸਤਰਾਂ ਟ੍ਰਾਈ ਕੀਤੇ-ਜਾਪਾਨੀ, ਚੀਨੀ, ਮੈਕਸੀਕਨ, ਅਮਰੀਕਨ। ਪਰ ਮੈਨੂੰ ਥਾਈ ਸਭ ਤੋਂ ਵਧ ਚੰਗਾ ਲੱਗਾ। ਏਥੇ ਬੰਬਾਈ ਵਾਪਿਸ ਆਇਆ ਤਾਂ ਇਸ ਥਾਈ ਰੇਸਤਰਾਂ ਦਾ ਪਤਾ ਲੱਗਾ। ਮੈਂ ਆਪਣੀ ਬੀਵੀ ਅਤੇ ਬੱਚੀ ਨੂੰ ਵੀ ਇਥੇ ਲੈ ਕੇ ਆਇਆ ਸਾਂ। ਮੇਰੀ ਪਤਨੀ ਬਾਹਰ ਖਾਣ ਦੀ ਬੜੀ ਸ਼ੌਕੀਨ ਹੈ। ਅਕਸਰ ਹੀ ਅਸੀਂ ਯਾਨੀ ਹਫਤੇ 'ਚ ਇਕ ਵਾਰ ਤਾਂ ਬਾਹਰ ਜ਼ਰੂਰ ਖਾਂਦੇ ਹਾਂ। ਮੇਰੀ ਧੀ ਨੂੰ ਤਾਂ ਬਸ ਇੰਡਲੀਆਂ ਪਸੰਦ ਨੇ। ਮਦਰਾਸੀ ਖਾਣਾ। ਚਿਕਨ ਬਹੁਤ ਟ੍ਰਾਈ ਕੀਤਾ ਏ ਪਰ ਖਾਂਦੀ ਨਹੀਂ।"

ਸੁਨੀਲ ਅਮਰੀਕਾ 'ਚ ਟ੍ਰਾਈ ਕੀਤੇ ਹੋਰ ਰੇਸਤਰ੍ਹਾਂ, ਬਾਰੇ ਦਸਦਾ ਰਿਹਾ। ਸੁਨੀਲ ਤਾਂ ਇੰਨਾ ਬੋਲਣ ਵਾਲਾ ਨਹੀਂ ਸੀ। ਕਿੰਨਾ ਬਦਲ ਗਿਆ ਹੈ। ਅਜੀਤ ਨੂੰ ਥਾਈ ਜਾਂ ਅਮਰੀਕੀ ਖਾਣੇ 'ਚ ਕੋਈ ਰੁਚੀ ਨਹੀਂ ਸੀ। " ਦਿੱਲੀ ਵਿਚ ਵੀ ਥਾਈ ਰੇਸਤਰਾਂ ਹੈ?" ਸੁਨੀਲ ਨੇ ਪੁੱਛਿਆ।

"ਪਤਾ ਨਹੀਂ।"

"ਤੁਸੀਂ ਬਾਹਰ ਖਾਣ ਨਹੀਂ ਜਾਂਦੇ?"

"ਕਦੀ ਕਦੀ, ਸੁਖਵਿੰਦਰ ਦੇ ਮਾਤਾ ਜੀ ਢਿੱਲੇ ਰਹਿੰਦੇ ਨੇ, ਉਹਨਾਂ ਨੂੰ ਘਰ ਇਕੱਲੇ ਛੱਡਕੇ ਜਾਣਾ ਠੀਕ ਨਹੀਂ। ਤੇਰੇ ਮਾਤਾ ਪਿਤਾ ਦਾ ਕੀ ਹਾਲ ਹੈ?"

"ਬਸ ਉਮਰ ਦਾ ਤਕਾਜ਼ਾ ਹੈ। ਥੋੜ੍ਹਾ ਬਹੁਤ ਤਾਂ ਲੱਗਾ ਹੀ ਰਹਿੰਦਾ ਹੈ।"

"ਤੇਰੀ ਭੈਣ ਹਾਲੇ ਵੀ ਮੇਰੇ ਨਾਲ ਨਾਰਾਜ਼ ਹੈ?

"ਹੂੰ! ਉਹ ਤਾਂ ਝੱਲੀ ਹੈ। ਵਿਆਹ ਤੋਂ ਬਾਅਦ ਉਹਨੂੰ ਬਹੁਤ ਮੁਸ਼ਕਲਾਂ ਝੱਲਣੀਆਂ ਪਈਆਂ। ਉਹ ਲੋਕ ਦਾਜ ਘਟ ਲਿਆਣ ਤੇ ਉਹਨੂੰ ਕੋਸਦੇ ਰਹਿੰਦੇ। ਪਰ ਹੁਣ ਸਭ ਠੀਕ ਹੈ। ਉਹ ਖ਼ੁਸ਼ ਹੈ! ਉਹਦੀ ਵੀ ਇਕ ਬੇਟੀ ਹੈ।"

ਤਦੇ ਅਜੀਤ ਦੇ ਫੋਨ ਦੀ ਘੰਟੀ ਵਜੀ। ਸੁਖਵਿੰਦਰ ਦਾ ਫੋਨ ਸੀ-



"ਮੈਂ ਠੀਕ ਹਾਂ। ਆਪਣੀਆਂ ਸਹੇਲੀਆਂ ਨਾਲ ਥਾਈ ਰੇਸਤਰਾਂ 'ਚ ਖਾਣਾ ਖਾ ਰਹੀ ਹਾਂ।"

"ਮੌਜਾਂ ਕਰ ਰਹੀ ਹੈਂ।" ਤਾਂ ਹੀ ਮੇਰੀ ਇਕ ਵਾਰ ਵੀ ਯਾਦ ਨਹੀਂ ਆਈ। ਇਕ ਵਾਰ ਵੀ ਫੋਨ ਨਹੀਂ ਕੀਤਾ।"

"ਮੰਮੀ ਦਾ ਕੀ ਹਾਲ ਹੈ?"

"ਠੀਕ ਨੇ, ਤੈਨੂੰ ਪਿਆਰ ਭੇਜਦੇ ਨੇ।"

"ਠੀਕ ਹੈ, ਮੈਂ ਤੁਹਾਨੂੰ ਕਲ ਫੋਨ ਕਰਾਂਗੀ।"

ਸੁਨੀਲ ਨੇ ਸਵਾਲੀਆਂ ਨਜ਼ਰਾਂ ਨਾਲ ਉਹਦੇ ਵੱਲ ਵੇਖਿਆ।

"ਸੁਖਵਿੰਦਰ ਦਾ ਫੋਨ ਸੀ। ਸਭ ਠੀਕ ਹੈ।"

"ਮੈਂ ਵੀ ਘਰੋਂ ਕਿਧਰੇ ਜਾਂਦਾ ਹਾਂ ਤਾਂ ਬੀਵੀ ਫੋਨ ਤੇ ਫੋਨ ਕਰਦੀ ਰਹਿੰਦੀ ਹੈ। ਬਹੁਤ ਚਿੰਤਾ ਕਰਦੀ ਏ। ਮੈਂ ਉਹਨੂੰ ਜ਼ਰਾਂ ਫੋਨ ਕਰਕੇ ਆਉਣਾ। ਉਹ ਪਾਗਲ ਹੋ ਰਹੀ ਹੋਵੇਗੀ। ਮੇਰਾ ਫੋਨ ਤਾਂ ਆਫਿਸ 'ਚ ਰਹਿ ਗਿਆ ਹੈ।"

ਸੁਨੀਲ ਉਠਕੇ ਚਲਾ ਗਿਆ ਤਾਂ ਉਸ ਮਾਸੀ ਨੂੰ ਫੋਨ ਕਰ ਦਿੱਤਾ-

"ਮਾਸੀ ਫਿਕਰ ਨਾ ਕਰਨਾ। ਮੈਂ ਥੋੜ੍ਹਾ ਲੇਟ ਹੋ ਜਾਵਾਂਗੀ। ਤੁਸੀਂ ਸੌਂ ਜਾਣਾ।"

ਸੁਨੀਲ ਅਜੇ ਨਹੀਂ ਸੀ ਆਇਆ। ਉਸ ਸੋਚਿਆ ਉਹ ਡਾਇਰੀ ਕਢਕੇ ਉਹਨੂੰ ਵਿਖਾਵੇ। ਭਲਾ ਉਹਨੂੰ ਕੁਝ ਯਾਦ ਹੈ ਕਿ ਨਹੀਂ। ਪਰ ਕੁਝ ਸੋਚਕੇ ਉਸ ਡਾਇਰੀ ਲਿਫ਼ਾਫ਼ੇ ਦੇ ਅੰਦਰ ਹੀ ਰਹਿਣ ਦਿੱਤੀ।

ਸੁਨੀਲ ਆ ਗਿਆ।

"ਤੂੰ ਬੜੀ ਚੁੱਪ ਚੁੱਪ ਹੈ। ਸਭ ਠੀਕ ਹੈ ਨਾ?"

ਹਾਂ, ਸਭ ਠੀਕ ਹੈ।"

"ਬੰਬਈ ਕਿਸੇ ਖਾਸ ਮਕਸਦ ਲਈ ਆਈ ਹੈਂ?"

ਅਜੀਤ ਨੂੰ ਇਹ ਸੁਣਕੇ ਸਦਮਾ ਜਿਹਾ ਲੱਗਾ। ਬੁੱਧੂ! ਕੀ ਉਹਨੂੰ ਪਤਾ ਨਹੀਂ ਲੱਗਾ ਕਿ ਮੈਂ ਉਹਨੂੰ ਮਿਲਣ ਆਈ ਹਾਂ।

"ਮਾਸੀ ਬਹੁਤ ਬੁਲਾ ਰਹੀ ਸੀ।"

"ਚਲੋ! ਇਸੇ ਬਹਾਨੇ ਤੇਰੇ ਨਾਲ ਮੁਲਾਕਾਤ ਹੋ ਗਈ। ਅਜੀਤ ਅੰਦਰ ਹੀ ਅੰਦਰ ਕੁੜ੍ਹ ਰਹੀ ਸੀ, ਖਿਝ ਰਹੀ ਸੀ। ਰੋ ਰਹੀ ਸੀ।

"ਮੈਂ ਸੋਚਿਆ ਸੀ, ਅੱਜ ਤੇਰੇ ਨਾਲ ਮੇਰੀਨ ਡ੍ਰਾਈਵ ਤੇ ਸੈਰ ਕਰਾਂਗੀ...।"

"ਇਸ ਮੀਂਹ ਵਿਚ! ਤੋਬਾ! ਤੇਰੇ ਜਾਣ ਤੋਂ ਬਾਅਦ ਤਾਂ ਮੈਂ ਕਦੀ ਵੀ ਇਸੇ ਪਾਸੇ ਨਹੀਂ ਆਇਆ।"

ਕੁਝ ਦੇਰ ਦੀ ਚੁੱਪ ਦੇ ਬਾਅਦ ਅਜੀਤ ਬੋਲੀ, "ਚੰਗਾ ਫਿਰ ਚਲੀਏ।"

"ਹਾਂ, ਚਲਣਾ ਚਾਹੀਦਾ ਹੈ।" ਸੁਨੀਲ ਘੜੀ ਵੱਲ ਵੇਖਦੇ ਹੋਏ ਬੋਲਿਆ। ਬਿਲ ਦੇਣ ਲੱਗਿਆ ਉਸ ਆਪਣਾ ਵਾਲੱਟ ਕੱਢਿਆ ਤਾਂ ਵਿਚੋਂ ਕਈ ਤਰ੍ਹਾਂ ਦੇ ਕਾਰਡ ਸਨ।

ਕਦੀ ਉਹ ਦਿਨ ਸਨ ਉਸਦੀ ਜੇਬ ਖਾਲੀ ਹੀ ਹੁੰਦੀ ਸੀ ਤੇ ਅੱਗੇ ਹੋ ਕੇ ਅਕਸਰ ਅਜੀਤ ਹੀ ਬਿੱਲ ਦੇ ਦਿੰਦੀ ਸੀ।

ਅਜੀਤ ਨੇ ਆਪਣਾ ਪਰਸ, ਲਿਫ਼ਾਫ਼ਾ ਸਭ ਸੰਭਾਲਿਆ ਤੇ ਉਥੋਂ ਉੱਠ ਪਈ।

"ਮੈਂ ਟੈਕਸੀ ਲੈ ਲੈਂਦੀ ਹਾਂ।" ਉਹ ਬੋਲੀ।

"ਮੇਰੇ ਹੁੰਦਿਆਂ ਤੂੰ ਟੈਕਸੀ ਤੇ ਜਾਵੇਂਗੀ! ਮੈਂ ਤੈਨੂੰ ਛਡਦਾ ਹੋਇਆ ਘਰ ਜਾਵਾਂਗਾ।"

"ਤੈਨੂੰ ਲੰਬਾ ਚੱਕਰ ਪੈ ਜਾਵੇਗਾ।"

"ਕੋਈ ਨਹੀਂ! ਤੂੰ ਕਿਹੜਾ...।"

ਰਾਤ ਦੇ ਗਿਆਰਾ ਵਜੇ ਵੀ ਸੜਕ ਤੇ ਟ੍ਰੈਫਿਕ ਹਾਲੇ ਘੱਟਿਆ ਨਹੀਂ ਸੀ। ਕਈ ਜਗ੍ਹਾ ਸੜਕਾਂ ਟੁੱਟੀਆਂ ਪਈਆਂ ਸਨ। ਸੁਨੀਲ ਦਾ ਪੂਰਾ ਧਿਆਨ ਟ੍ਰੈਫ਼ਿਕ ਵਲ ਸੀ। ਇਕ ਜਗ੍ਹਾ ਸੱਜੇ ਮੁੜਕੇ ਉਹ ਹਾਈਵੇ ਤੇ ਆ ਗਿਆ। ਇਥੇ ਵੀ ਟਰੱਕਾਂ, ਕਾਰਾਂ, ਟੈਕਸੀਆਂ ਦੀਆਂ ਲੰਮੀਆਂ ਲਾਈਨਾਂ ਜਾ ਰਹੀਆਂ ਸਨ ਪਰ

ਹੁਣ ਜਗ੍ਹਾ ਜਗ੍ਹਾ ਰੁਕਣਾ ਨਹੀਂ ਸੀ ਪੈ ਰਿਹਾ।

"ਫਿਰ ਹੋਰ ਸੁਣਾ... ।" ਸੁਨੀਲ ਅਜੀਤ ਵਲ ਮੁੜਦੇ ਹੋਏ ਬੋਲਿਆ।

"ਹੋਰ ਕੀ ਸੁਣਾਵਾਂ ਸੁਣਾਨ ਲਈ ਤੇਰੇ ਕੋਲ ਤਾਂ ਬਹੁਤ ਕੁਝ ਹੈ। ਮੈਂ ਤਾਂ ਬਸ...।"

"ਤੂੰ ਐਮ. ਏ. ਕਰ ਰਹੀ ਸੈਂ?"

"ਹਾਂ ਹੋ ਗਈ ਹੈ।"

"ਹੁਣ ਅੱਗੋਂ ਕੀ ਵਿਚਾਰ ਹੈ?"

"ਹੁਣ ਕੰਪਿਊਟਰ ਸਿਖਾਂਗੀ।"

"ਬਹੁਤ ਖੂਬ! ਮੈਂ ਵੀ ਆਪਨੀ ਬੀਵੀ ਨੂੰ ਕਹਿੰਦਾ ਰਹਿੰਦਾ ਹਾਂ ਕਿ ਕੁਝ ਸਿਖ ਲੈ। ਅਜ ਕੱਲ ਕੰਪਿਊਟਰ ਤੋਂ ਬਿਨਾਂ ਗਤੀ ਨਹੀਂ। ਕੰਪਿਊਟਰ ਰਾਹੀਂ ਤੁਸੀਂ।" ਸਾਰੇ ਰਸਤੇ ਸੁਨੀਲ ਕਪਿਊਟਰ ਬਾਰੇ ਹੀ ਗਿਆਨ ਦਿੰਦਾ ਰਿਹਾ...। ਅਜੀਤ ਦੀਆਂ ਥਕਾਵਟ ਕਰਕੇ ਅੱਖਾਂ ਬੰਦ ਹੋ ਰਹੀਆਂ ਸਨ।

ਸੁਨੀਲ ਨੂੰ ਮਾਸੀ ਦਾ ਘਰ ਤਾਂ ਪਤਾ ਹੀ ਸੀ। ਕਾਰ ਬਿਲਡਿੰਗ ਅੱਗੇ ਆ ਕੇ ਰੁੱਕੀ ਤਾਂ ਸੁਨੀਲ ਨੇ ਉਹਦੇ ਦੋਵੇਂ ਹੱਥ ਫੜ ਲਏ, "ਅਜੀਤ ਬੜੀ ਖੁਸ਼ੀ ਹੋਈ ਮਿਲਕੇ। ਸੱਚ! ਪੁਰਾਣੇ ਦਿਨ ਯਾਦ ਆ ਗਏ। ਫਿਰ ਜਦੋਂ ਵੀ ਬੰਬਾਈ ਆਵੀਂ ਤਾਂ ਜ਼ਰੂਰ ਮਿਲੀਂ। ਪਰ ਬਾਰਸ਼ ਦੇ ਮੌਸਮ ਵਿਚ ਨਹੀਂ। ਤੈਨੂੰ ਤਾਂ ਬੰਬਈ ਦੀ ਬਰਸਾਤ ਦਾ ਪਤਾ ਹੀ ਹੈ। ਇਹ ਮੇਰਾ ਕਾਰਡ ਹੈ। ਇਹਦੇ 'ਚ ਮੇਰਾ ਈ-ਮੇਲ ਐਡਰੈਸ ਵੀ ਹੈ। ਈ-ਮੇਲ ਰਾਹੀਂ ਅਸੀਂ ਦੋਵੇਂ ਇਕ ਦੂਜੇ ਦੇ ਸੰਪਰਕ 'ਚ ਰਹਿ ਸਕਦੇ ਹਾਂ। ਚੰਗਾ ਫਿਰ, ਬਹੁਤ ਦੂਰ ਜਾਣਾ ਹੈ। ਬੀਵੀ ਪਰੇਸ਼ਾਨ ਹੋ ਰਹੀ ਹੋਵੇਗੀ। ਉਹਨੂੰ ਫੋਨ ਕਰ ਦਿੱਤਾ ਸੀ ਪਰ ਫਿਰ ਵੀ ਉਹਦੀ ਆਦਤ ਹੈ, ਪਰੇਸ਼ਾਨ ਹੁੰਦੀ ਹੀ ਰਹਿੰਦੀ ਹੈ। ਅੱਜ ਮੇਰਾ ਫੋਨ ਮੇਰੇ ਕੋਲ ਨਹੀਂ ਤਾਂ ਹੁਣ ਤੱਕ ਪੰਜਾਹ ਵਾਰ ਫੋਨ ਆ ਚੁੱਕਾ ਹੁੰਦਾ।"


ਅਜੀਤ ਨੇ ਸੁਨੀਲ ਦਾ ਕਾਰਡ ਚੁਪਕੇ ਜਹੇ ਕਾਰ ਵਿਚ ਹੀ ਸੁਟ ਦਿੱਤਾ। ਹੁਣ ਤਕ ਉਹ ਵਿਆਹ ਕਰਾਕੇ ਆਪਣੇ ਆਪ ਨੂੰ ਸੁਨੀਲ ਦਾ ਦੋਸ਼ੀ ਸਮਝਦੀ ਸੀ। ਕਾਰਡ ਸੁਟਕੇ ਉਹਨੂੰ ਲੱਗਾ ਕਿ ਦੋਸ਼ ਭਾਵਨਾ ਤੋਂ ਉਹਨੂੰ ਮੁਕਤੀ ਮਿਲ ਗਈ ਹੈ।

ਅਗਲਾ ਸਾਰਾ ਦਿਨ ਉਹ ਮਾਸੀ ਨਾਲ ਬਿਤਾ ਕੇ ਰਾਤ ਦੀ ਫਲਾਇਟ ਲੈ ਕੇ ਦਿੱਲੀ ਆ ਗਈ।♣

*Add. Rajinder Kaur, H. No. 355-Naraina Vihar, N.Delhi-28,*
*Mob. 98689-77255, e mail:rajinder@hotmail.com*

**ਪੀਤੂ, ਤਰਕਾਲ ਅਤੇ ਅਰਥ ਤੋਂ ਬਾਅਦ**
**ਪਰਮਜੀਤ ਸਿੰਘ ਜੱਜ ਦਾ ਨਵਾਂ ਨਾਵਲ**
**ਪਛਾਣ ਬਦਲ ਗਈ**

ਇਸ ਨਾਵਲ ਦਾ ਬਿਰਤਾਂਤ ਪੰਜਾਬ ਦੇ ਖ਼ਾਸ ਸਮਿਆਂ ਉੱਤੇ ਕੇਂਦਰਿਤ ਹੈ। ਐਮਰਜੈਂਸੀ ਦੇ ਸਮਿਆਂ ਤੋਂ ਸ਼ੁਰੂ ਹੁੰਦੀ ਕਹਾਣੀ 1984 ਦੇ ਆਖ਼ਰੀ ਦਿਨ ਤੱਕ ਉਪੜਦੀ ਹੈ, ਖ਼ਤਮ ਨਹੀਂ ਹੁੰਦੀ। ਨਾਵਲ ਦਾ ਮੁੱਖ ਪਾਤਰ ਹਰਦਿਆਲ ਇਕ ਅਜਿਹਾ ਨੌਜਵਾਨ ਹੈ ਜੋ ਨਾ ਤਾਂ ਆਦਰਸ਼ਵਾਦੀ ਹੈ ਤੇ ਨਾ ਹੀ ਵਿਚਾਰਧਾਰਾ ਦਾ ਗ਼ੁਲਾਮ ਹੈ। ਉਹ ਮਨੁੱਖਤਾ ਦੀ ਪਛਾਣ ਨੂੰ ਕੇਂਦਰੀ ਮੰਨਦਾ ਹੋਇਆ ਬਾਕੀ ਸਭ ਪਛਾਣਾਂ ਨੂੰ ਅਰਥਹੀਨ ਸਮਝਦਾ ਹੈ।-ਪ੍ਰਕਾਸ਼ਕ




**ਚੇਤਨਾ ਪ੍ਰਕਾਸ਼ਨ, ਲੁਧਿਆਣਾ**
***ਮੁੱਲ :250, ਪੰਨੇ :231***



## ਕਹਾਣੀ / ਮੈਮੋਰੀਅਲ ਟਰੱਸਟ / ਖ਼ਾਲਿਦ ਫਰਹਾਦ ਧਾਰੀਵਾਲ

ਸਾਡੇ ਸਕੂਲ ਵਿੱਚ ਸੁਖਚੈਨ ਦਾ ਰੁੱਖ ਸੀ ਇੱਕ ਵੱਡਾ ਸਾਰਾ। ਉਹਦੀ ਪੋਰੀ ਤੇ ਬਹੁਤ ਸਾਰੇ ਨਾਂ ਉੱਕਰੇ ਹੁੰਦੇ ਸੀ। ਮੇਰੇ ਹਾਣੀ ਮੁੰਡੇ ਉਹਦੇ ਤੇ ਆਪਨਾ ਨਾਂ ਖੁਣਦੇ, ਜਦੋਂ ਉਹ ਭਰ ਜਾਂਦੀ ਤਾਂ ਪੋਰੀ ਉੱਤੇ ਮੋਟੇ ਅੱਖਰਾਂ 'ਚ ਇਹ ਨਾਂ ਉੱਭਰ ਆਉਂਦੇ। ਮੈਨੂੰ ਯਾਦ ਏ ਮੈਂ ਵੀ ਆਪਨਾ ਨਾਂ ਖੁਣਿਆ ਸੀ ਉਹਦੇ ਤੇ। ਮੌਜੂਦ ਹੋਏਗਾ। ਅੱਜ। ਦੁਬਾਰਾ ਕਦੀ ਜਾ ਕੇ ਵੇਖਿਆ ਨਹੀਂ। ਨਾਲ਼ੇ ਆਪਨੇ ਲਈ ਥੋੜ੍ਹਾ ਖੁਣਦੇ ਸੀ ਇਹ। ਅਸੀਂ ਤਾਂ ਚਾਂਹਦੇ ਸੀ ਸਾਡੇ ਪਿੱਛੋਂ ਜੋ ਆਉਣ ਓਹਨਾਂ ਨੂੰ ਪਤਾ ਲੱਗੇ ਪਈ ਪਹਿਲਾਂ ਏਥੇ ਕਦੀ ਏਸ ਨਾਂ ਦਾ ਵੀ ਕੋਈ ਹੈ ਸੀ।

ਆਪਨੇ ਤੋਂ ਬਾਅਦ ਆਵਣ ਵਾਲਿਆਂ ਕੋਲੋਂ ਆਪਨੀ ਹੋਂਦ ਦੀ ਗਵਾਹੀ ਮੰਨਣ ਜਾਂ ਆਪਨੇ ਵਜੂਦ ਨੂੰ ਮਨਾਉਣ ਦੀ ਸੱਧਰ ਉਸ ਉਮਰੇ ਵੀ ਮਨ ਵਿੱਚ ਕਿੱਧਰੇ ਮੌਜੂਦ ਸੀ! ਇਹ ਸੋਚ ਕੇ ਅੱਜ ਹੈਰਤ ਪਈ ਹੁੰਦੀ ਏ।

ਤਰਕਾਲ਼ਾਂ ਹੋ ਚੱਲੀਆਂ ਨੇਂ।

ਮੇਰੀ ਘਰ ਵਾਲੀ ਸੁੱਘੀ ਉਰਫ਼ ਭੁੱਲਰ ਨੂੰ ਅਚਨਚੇਤ ਯਾਦ ਆਇਆ ਹੈ ਪਈ ਅੱਜ ਜੁਮੇਰਾਤ ਦਾ ਦਿਨ ਏ। ਰਾਤ ਲਈ ਹਾਂਡੀ-ਰੋਟੀ ਓਸ ਨਹੀਂ ਕੀਤੀ। ਅੱਜ ਦੁਪਹਿਰ ਦਾ ਈ ਵਧਿਆ ਪਿਆ ਏ ਤੇ ਸਾਡੇ ਦੋਨਾਂ ਲਈ ਕਾਫ਼ੀ ਏ। ਹੁਣ ਦੀ ਇਹ ਘੜੀ ਪੁਰਖਿਆਂ ਨੂੰ ਯਾਦ ਕਰਨ ਦੀ ਘੜੀ ਵੀ ਏ। ਏਸ ਥੋੜੇ ਜਿਹੇ ਸਮੇਂ 'ਚ ਹੋਰ ਤਾਂ ਉਸ ਤੋਂ ਕੁਝ ਨਹੀਂ ਸਰਦਾ ਝੱਬਦੇ ਨਿਰਾ ਪਾਣੀ ਦਾ ਇਕ ਗਿਲਾਸ ਮੇਰੇ ਮੋਹਰੇ ਧਰ ਅੰਦਰ ਦੀਵਾ ਜਗਾਣ ਚਲੀ ਗਈ ਏ।

ਮੈਂ ਫ਼ਾਤਿਮਾ ਆਖ ਕੇ ਪਾਣੀ ਆਪੂੰ ਪੀ ਲਿਤਾ ਏ।

ਇਹਨਾਂ ਪੜ੍ਹੇ ਗਏ ਬੋਲਾਂ, ਹੋਈ ਏਸ ਜੋਤ ਤੇ ਨਿਗੁਣੇ ਪਾਣੀ ਦਾ ਕੋਈ ਅਸਰ ਪੁਰਖਿਆਂ ਨੂੰ ਪੁੱਜਦਾ ਵੀ ਏ ਜਾਂ ਨਹੀਂ? ਜਾਂ ਸਿਰਫ਼ ਉਹਨਾਂ ਦੀ ਯਾਦ ਬਣਾਈ ਰੱਖਣ ਦਾ ਇਹ ਇਕ ਆਹਰ ਈ ਏ? ਇਹ ਸੋਚੇ ਤੇ ਗੌਲ਼ੇ ਬਿਨਾ ਅਸੀਂ ਹਰ ਅਠਵਾਰੇ ਇਹ ਅਮਲ ਦੁਹਰਾਂਦੇ ਆ ਰਹੇ ਆਂ।

"ਮੋਇਆਂ ਪਿੱਛੋਂ ਸਾਨੂੰ ਤਾਂ ਸ਼ੌਰੇ ਯਾਦ ਕਰਨਾ ਹੈ ਜਾਂ ਨਹੀਂ, ਅਸੀਂ ਤੇ ਨਾ ਭੁਲਾਈਏ ਆਪਨਿਆਂ ਨੂੰ।" ਅੰਦਰ ਵਾਲੇ ਬਲਬ ਦਾ ਸਵਿੱਚ ਆਨ ਕਰ ਕੇ ਮੁੜੀ ਨੇ ਹਿਰਖ ਨਾਲ਼ ਕਿਹਾ ਏ।

"ਢੈ ਢੇਰੀ ਹੋਣ ਦੇ ਨੇੜੇ ਪੁੱਜੀ ਹਰ ਦੇਹੀ ਅਗਲੀ ਪੀੜ੍ਹੀ ਤੋਂ ਆਪਨੀ ਮਿੱਟੀ ਨਾਲ਼ ਸਾਂਝ ਬਣਾਈ ਰੱਖਣ ਨੂੰ ਕਿਉਂ ਲੋਚਦੀ ਏ।" ਵਰਾਂਡੇ 'ਚ ਮੰਜੀ ਤੇ ਬੈਠਾ ਮੈਂ ਸੋਚਦਾ ਹਾਂ।

ਮੈਂ ਮਹਿਸੂਸ ਕੀਤਾ ਏ ਭੁੱਲਰ ਦੀ ਆਵਾਜ਼ ਵਿੱਚ ਓਦਣ ਵਾਲ਼ਾ ਦੁੱਖ ਤੇ ਸੰਤਾਪ ਅੱਜ ਫੇਰ ਛਲਕ ਰਿਹਾ ਏ। ਮੈਂ ਉਹਦੇ ਨਾਲ਼ ਗੱਲ ਕਰਦੇ ਹੋਏ ਡਰਦਾ ਹਾਂ। ਪਈ ਕਿੱਧਰੇ ਫਿੱਸ ਈ ਨਾ ਪਏ।

"ਭੁੱਲਰੇ!" ਮੈਂ ਹੌਲੀ ਦੇਣੀ ਉਹਨੂੰ ਬੁਲਾਇਆ ਏ। "ਲਗਦਾ ਏ ਤੈਨੂੰ ਓਹ ਘਟਨਾ ਭੁੱਲੀ ਨਹੀਂ ਅਜੇ।"

ਉਸ ਵਲਦਾ ਦੇਣ ਦੀ ਬਜਾਏ ਇਕ ਲੰਮਾ ਸਾਹ ਲਿਆ ਏ ਹੌਕੇ ਵਰਗਾ ਤੇ ਅੰਦਰ ਲੇਫ਼ ਵਛਾਉਣ ਚਲੀ ਗਈ ਏ।

ਉਸ ਦਿਨ ਇਹ ਧੀ ਕੋਲੋਂ ਹੋ ਕੇ ਆਈ ਸੀ।

ਸੀ ਦੇ ਘਰ ਐਦਕੀਂ ਪਿੱਤਲ਼ ਦੇ ਉਹ ਬਰਤਨ ਇਹਨੂੰ ਨਹੀਂ ਦਿਖੇ ਜੋ ਅਸਾਂ ਦਾਜ ਵਿੱਚ ਦਿੱਤੇ ਸੀ। ਉਹਨਾਂ ਬਰਤਨਾਂ ਵਿੱਚ ਤਰੈ ਅਜਿਹੇ ਸੀ ਜੋ ਮੇਰੀ ਘਰ ਵਾਲੀ ਦੇ ਆਪਨੇ ਦਾਜ ਨਾਲ਼ ਆਏ ਬਰਤਨਾਂ ਵਿੱਚੋਂ ਸੀ।

"ਮਾਂ ਦੀ ਨਿਸ਼ਾਨੀ ਦੇਖ ਕੇ ਯਾਦ ਈ ਕਰ ਲਿਆ ਕਰੇਗੀ।" ਅੱਗੋਂ ਧੀ ਦੇ ਦਾਜ ਵਾਲੇ ਬਰਤਨਾਂ ਵਿੱਚ ਇਹ ਤਿੰਨ ਬਰਤਨ ਸ਼ਾਮਲ ਕਰਦੇ ਹੋਏ ਭੁੱਲਰ ਨੇ ਬੜੀ ਸ਼ਰਧਾ ਨਾਲ ਕਿਹਾ ਸੀ।

ਹੁਣ ਇਹ ਬਰਤਨ ਨਹੀਂ ਰਹੇ, ਵੇਚ 'ਤੇ ਧੀ ਸਾਡੀ ਨੇ।

"ਕਿਸੇ ਵਰਤੋਂ ਵਿੱਚ ਨਹੀਂ ਸੀ, ਫ਼ਜ਼ੂਲ ਈ ਪਏ ਹੋਏ ਸੀ ਐਵੇਂ।" ਮਾਂ ਨੂੰ ਉਹਨੇ ਦੱਸਿਆ, "ਉਹ ਵੇਚ ਕੇ ਮੈਂ ਇਹ ਵਾਟਰ ਸੈੱਟ ਲੈ ਲਿਆ।"

ਧੀ ਨੂੰ ਤਾਂ ਏਸ ਕੁਝ ਨਹੀਂ ਕਿਹਾ ਪਰ ਮੇਰੇ ਨਾਲ਼ ਏਥੇ ਆ ਕੇ ਬੜਾ ਈ ਝੂਰੀ।

"ਜ਼ਰਾ ਅਹਿਸਾਸ ਨਹੀਂ ਹੋਇਆ ਉਹਨੂੰ ਪਈ ਇਹਨਾਂ ਬਰਤਨਾਂ ਨਾਲ਼ ਕਿੰਨਾ ਕੁਝ ਜੁੜਿਆ ਹੋਇਆ ਸੀ ਆਪਣਾ। ਵਿਰਸਾ, ਯਾਦ..." ਤੇ ਗੱਲ ਪੂਰੀ ਕਰਨ ਤੋਂ ਪਹਿਲੇ ਈ ਇਹ ਫਿੱਸ ਪਈ।

ਹੁਣ ਉਸ ਮੇਰੇ ਅੱਗੇ ਰੋਟੀ ਪਰੋਸ ਦਿੱਤੀ ਏ।

"ਆਪ ਵੀ ਖਾ ਲੈਣੀ ਸੀ ਭੋਰਾ।" ਮੈਂ ਉਹਨੂੰ ਕਿਹਾ ਏ।

"ਦਿਲ ਨਹੀਂ ਮੰਨਦਾ।" ਆਖ ਕੇ ਕੋਲ਼ ਈ ਬਹਿ ਗਈ ਏ ਮੇਰੇ।

ਗਰਾਰੀ ਤੋੜਦੇ ਹੋਏ ਮੈਂ ਸੋਚਿਆ ਏ। ਓਦਣ ਵਾਲੀ ਗੱਲ ਅੱਜ ਫੇਰ ਛੱਡਾਂ ਖ਼ਬਰੇ ਕੁਝ ਸੂਫ਼ ਨਿੱਕਲੇ ਮਨ ਇਹਦੇ ਦੀ ਤੇ ਬੋਝ ਕੁਝ ਹੌਲਾ ਹੋਵੇ।

ਹੁਣ ਕਮਰੇ 'ਚ ਆਪਣੇ ਆਪਣੇ ਮੰਜੇ ਲੇਟੇ ਹੋਏ ਆਂ। ਬਨੇਰਿਆਂ ਦੇ ਬੋਲਣ ਦੀ ਆਵਾਜ਼ ਤੋਂ ਪਤਾ ਲੱਗਦਾ ਏ ਬਾਹਰ ਨੇਰਾ ਗੂੜ੍ਹਾ ਹੋ ਗਿਆ ਏ।

"ਹੈ ਤਾਂ ਰੈਅ ਬਰਤਨ ਈ ਸੀ, ਵਿੱਸਰਦੇ ਕਿਉਂ ਨਹੀਂ ਤੈਨੂੰ? ਜਾਣ ਦੇ ਹੁਣ।" ਮੈਂ ਗੱਲ ਛੋਹੀ ਏ।

"ਬਰਤਨ ਈ ਨਹੀਂ ਸੀ ਨਿਰੇ ਉਹ... ਨਾਲ਼ੇ ਗੱਲ ਬਰਤਨਾਂ ਦੀ ਨਹੀਂ... ਉਹਨਾਂ ਨਾਲ਼ ਜੁੜੇ ਭਾਵਾਂ, ਯਾਦਾਂ ਤੇ ਸ਼ਰਧਾ ਦੀ ਵੀ ਏ...

"ਪਰ ਤੁਹਾਨੂੰ ਕੀ ਲੱਗੇ...ਤੁਸੀਂ ਕਿਹੜਾ ਸਮਝਦੇ...।" ਉਹ ਡੁਸਕ ਪਈ ਏ।

ਸ਼ਾਇਦ ਭਾਵਹੀਣ ਤੇ ਨਿਰਮੋਹ ਸਮਝਦੀ ਏ ਇਹ। ਪਰ ਹੁਣ ਮੇਰੀ ਦੁਖਦੀ ਰਗ ਛੇੜ ਦਿੱਤੀ ਏ ਇਹਨੇ।

"ਜਾਣਦੀ ਏਂ ਭੁੱਲਰੇ, ਮੁੰਡੇ ਦੇ ਵਾਰ ਵਾਰ ਕਹਿਣ ਤੇ ਵੀ ਹੁਣ ਤੀਕ ਮੈਂ ਸ਼ਹਿਰ ਜਾਣ ਲਈ ਕਿਉਂ ਨਹੀਂ ਮੰਨਿਆ, ਹਾਲਾਂਕਿ ਪਿਛਲੀ ਵਾਰ ਬਹੂ ਦੇ ਜ਼ੋਰ ਦੇਣ ਤੇ ਤੂੰ ਮੰਨ ਈ ਗਈ ਸੀ। ਇਹ ਮੈਨੂੰ ਪਤਾ ਏ ਏਥੋਂ ਦੀ ਮਿੱਟੀ ਨੇ ਮੇਰੇ ਪੈਰਾਂ ਨੂੰ ਜਿਵੇਂ ਪੈਂਖੜ ਪਾਇਆ ਹੋਇਆ ਏ।" ਮੈਂ ਜਜ਼ਬਾਤ ਦੀ ਰੌਅ 'ਚ ਕਹਿੰਦਾ ਚਲਾ ਗਿਆ ਹਾਂ।

"ਆਪਣੇ ਪਿੰਡ ਵਿੱਚ ਇਹ ਦਾਰੇ ਵਿਚਲਾ ਬੋਹੜ ਹੈ ਨਾ ਜਿਹੜਾ ਬਚਪਨ ਤੋਂ ਮੈਂ ਇਹਨੂੰ ਐਡਾ ਈ ਵੇਖਿਆ ਏ। ਨਿੱਕੇ ਹੁੰਦਿਆਂ ਇਕ ਵਾਰ ਆਪਣੇ ਵੱਡਿਆਂ ਕੋਲੋਂ ਅਸੀਂ ਬੋਹੜ ਦੀ ਉਮਰ ਬਾਰੇ ਪੁੱਛਿਆ ਤਾਂ ਉਹਨੇ ਦੱਸਿਆ, "ਇਹ ਰੁੱਖ ਤਾਂ ਜਿਹੜਾ ਸਾਡੇ ਪੁਰਖਿਆਂ ਦਾ ਹਾਣੀ ਏਂ।" ਯਕੀਨ ਕਰੀਂ ਭੁੱਲਰੇ, ਫੇਰ ਤਾਂ ਅਜੀਬ ਹਾਲਤ ਹੋ ਗਈ ਮੇਰੀ, ਇਕ ਅਹਿਸਾਸ ਮਨ ਵਿੱਚ ਜਾਗ ਪਿਆ ਪਈ ਮੇਰੇ ਵੱਡਕੇ ਵੀ ਮੇਰੇ ਵਾਂਗੂੰ ਇਹਦੀ ਛਾਂ ਮਾਣਦੇ ਰਹੇ ਨੇਂ। ਇਕ ਆਮ ਜਿਹਾ ਬਰੋਟਾ ਮੇਰੇ ਲਈ ਬਹੁਤ ਅਹਿਮ ਹੋ ਗਿਆ, ਮੇਰੇ ਪੁਰਖਿਆਂ ਦੀ ਯਾਦ ਨਾਲ਼ ਜੁੜਕੇ।"

"ਜਦ ਮੈਂ ਦਾਰੇ ਜਾਂਦਾ ਪੀੜ੍ਹੀਆਂ ਵਿਚਲੀ ਵਿੱਥ ਮਿਟ ਜਾਂਦੀ। ਇਹ ਬਿਰਖ ਮੈਨੂੰ ਤੇ ਮੇਰੇ ਪਿਛਲਿਆਂ ਨੂੰ ਇਕ ਕਰ ਦੇਂਦਾ। ਇਹਦੇ ਸਹਾਰੇ ਕਈ ਮੈਂ ਆਪਣੇ ਪਾਤਾਲ ਵਿੱਚ ਜਾ ਉਤਰਦਾ ਕਦੇ ਉਹ ਮੇਰੇ ਯੁੱਗ ਵਿੱਚ ਆ ਮੌਜੂਦ ਹੁੰਦੇ। ਇਹਦੇ ਟਹਿਣਾਂ ਤੇ ਚੜ੍ਹਦੇ ਐਂ ਲੱਗਦਾ ਜਿਵੇਂ ਦਾਦੇ ਦੇ ਕੰਧਾੜੇ ਬੈਠਾ ਹੋਵਾਂ। ਬੋਹੜ ਹੁਣ ਬੋਹੜ ਨਾ ਰਿਹਾ ਜਿਊਂਦਾ ਜਾਗਦਾ ਜੀਅ ਹੋ ਗਿਆ ਮੇਰੇ ਲਈ। ਆਪਣੇ ਪਿਛਲਿਆਂ ਦੀ ਨਿਸ਼ਾਨੀ ਵਜੋਂ ਮੇਰੇ ਮਨ ਅੰਦਰ ਇਹਦੇ ਲਈ ਹੇਜ ਅੱਜ ਵੀ ਏ।



"ਪੁਰਖਿਆਂ ਨਾਲ਼ ਸਬੰਧਤ ਬੇਜਾਨ ਵਸਤਾਂ 'ਚ ਇਹ ਮੋਹ ਕਿਉਂ ਜਾਗ ਉੱਠਦਾ ਹੈ?" ਮੈਂ ਇਹ ਕਹਿੰਦਿਆਂ ਫ਼ੈਸਲਾ ਨਹੀਂ ਕਰ ਪਾਇਆ ਕਿ ਇਹ ਸਵਾਲ ਮੈਂ ਆਪਣੀ ਤੀਵੀਂ ਭੁੱਲਰ ਨੂੰ ਕੀਤਾ ਏ ਜਾਂ ਆਪਣੇ ਆਪ ਨੂੰ।

"ਪਰ ਇਹ ਅਹਿਸਾਸ ਹੁਣ ਮਰਦਾ ਜਾਂਦਾ ਏ ਅਗਲੀ ਪੀੜ੍ਹੀ 'ਚੋਂ, ਤੇਰੇ ਤੋਂ ਵੀ ਪਹਿਲੇ ਮੈਂ ਜਾਣ ਗਿਆ ਸੀ ਇਹ ਉਤੇ ਤੋਂ ਲਹਿੰਦੀ ਏਂ ਮੈਂ ਨਹੀਂ ਸਮਝਦਾ।" ਮੰਜੀ ਤੇ ਲੇਟੀ ਹੋਈ ਭੁੱਲਰ ਵੱਲ ਦੇਖਦੇ ਹੋਏ ਮੈਂ ਕਿਹਾ। ਗੱਚ ਭਰ ਆਇਆ ਏ ਮੇਰਾ ਤੇ ਆਵਾਜ਼ ਗੰਭੀਰ ਹੁੰਦੀ ਜਾਂਦੀ ਏ। ਉਸਨੇ ਪਾਸਾ ਪਰਤਕੇ ਮੇਰੇ ਵੱਲ ਡਿੱਠਾ ਏ। ਉਂਜ ਉਹ ਚੁੱਪ ਏ। ਮੈਂ ਗੱਲ ਅੱਗੇ ਟੋਰ ਲਈ ਏ।

"ਕੁਝ ਦਿਨਾਂ ਲਈ ਜੋ ਸ਼ਹਿਰੋਂ ਆਪਣੇ ਪੋਤੇ ਪੋਤੀਆਂ ਏਥੇ ਆ ਜਾਂਦੇ ਨੇਂ ਤਾਂ ਤੂੰ ਕੀ ਸਮਝਦੀ ਏਂ ਉਹਨਾਂ ਨੂੰ ਆਵਦਾ ਹੇਜ ਖਿੱਚ ਲਿਆਉਂਦਾ ਏ ਜਾਂ ਜੱਦੀ ਪਿੰਡ ਦਾ ਮੋਹ ਟੋਰ ਲਿਆਉਂਦਾ ਏ? ਨਹੀਂ ਕਮਲੀਏ ਨਹੀਂ! ਉਹਨਾਂ ਨੂੰ ਤੇ ਸੈਲ ਸਪਾਟਾ ਲੈ ਆਉਂਦਾ ਏ ਏਥੇ। ਪਿੱਛੇ ਜਦ ਉਹ ਆਏ ਸੀ ਤਾਂ ਮੈਂ ਉਹਨਾਂ ਬੋਹੜ ਬਾਰੇ ਦੱਸਦਾ ਦਾਰੇ 'ਚ ਲੈ ਗਿਆ ਸੀ। ਏਸ ਦਾ ਬਹੁਤ ਪੁਰਾਣਾ ਤੇ ਵੱਡਾ ਹੋਣਾ ਉਹਨਾਂ ਨੂੰ ਦੱਸਿਆ ਪਰ ਇਹਦੇ ਵਿੱਚ ਆਪਣੇ ਪੁਰਖਾਂ ਦਾ ਕੋਈ ਚਿੰਨ ਉਹਨਾਂ ਨੂੰ ਨਜ਼ਰ ਨਹੀਂ ਆਇਆ। ਉਹਨਾਂ ਲਈ ਇਹ ਇੱਕ ਬਰੋਟਾ ਈ ਸੀ, ਬਸ।"

"ਜੋ ਮੈਨੂੰ ਚਾਹੀਦਾ ਸੀ ਉਹਨਾਂ ਨੂੰ ਕਿਉਂ ਮਹਿਸੂਸ ਨਹੀਂ ਹੋਇਆ?" ਇਹ ਸਵਾਲ ਕਰਦਿਆਂ ਮੈਨੂੰ ਫੇਰ ਪਤਾ ਨਹੀਂ ਚੱਲਦਾ, ਇਹ ਮੈਂ ਆਪਣੇ ਆਪ ਤੋਂ ਪੁੱਛਿਆ ਏ ਜਾਂ ਸਾਹਮਣੇ ਮੰਜੇ ਤੇ ਲੇਟੀ ਹੋਈ ਆਪਣੀ ਤੀਵੀਂ ਭੁੱਲਰ ਤੋਂ।

ਮੈਨੂੰ ਖੰਘ ਛਿੜ ਪਈ ਏ। ਉਹਨੇ ਏਸ ਡਰ ਤੋਂ ਕਿ ਮੈਨੂੰ ਖੰਘ ਦਾ ਗੋਤਾ ਨਾ ਲੱਗਾ ਜਾਏ, ਉੱਠਕੇ ਪਾਣੀ ਦਾ ਇੱਕ ਗਲਾਸ ਮੇਰੇ ਸਰਹਾਣੇ ਰੱਖ ਦਿੱਤਾ ਏ ਤੇ ਮੈਨੂੰ ਕਹਿੰਦੀ ਏ, "ਸੌਂ ਜਾਈਂ ਹੁਣ।" ਮੈਂ ਉੱਠ ਕੇ ਮੰਜੀ ਤੇ ਬਹਿ ਗਿਆ ਹਾਂ। ਪਾਣੀ ਦਾ ਘੁੱਟ ਭਰ ਕੇ ਗਲਾਸ ਫੇਰ ਭੁੰਜੇ ਰੱਖ ਦਿੱਤਾ ਏ। ਚੁੱਪ ਦੇ ਏਸ ਵਕਫ਼ੇ ਵਿੱਚ ਬਾਹਰੋਂ ਆਉਂਦੀ ਬੀਂਡਿਆਂ ਦੀ ਅਵਾਜ਼ ਕਮਰੇ 'ਚ ਭਰੀਚ ਗਈ ਏ। ਜਿਹਨੂੰ ਮੇਰੀ ਆਵਾਜ਼ ਨੇ ਇੱਕ ਵਾਰ ਫੇਰ ਬਾਹਰ ਧੱਕ ਦਿੱਤਾ ਏ।

"ਇੱਕ ਵਾਰ ਮੈਂ ਆਪਣੇ ਪੋਤਿਆਂ ਨੂੰ ਦੱਸਿਆ ਪਈ ਇਹ ਤੁਹਾਡੇ ਪਿਓ ਜੀ ਜੰਮਣ ਭੋਂ ਏਂ। ਏਸ ਘਰ ਵਿੱਚ ਉਹਦਾ ਨਾੜੂ ਦੱਬਿਆ ਹੋਇਆ ਏ। ਭੁੱਲਰੇ! ਉਹਨਾਂ ਦੇ ਮਨ ਵਿੱਚ ਕੋਈ ਅਹਿਸਾਸ ਨਹੀਂ ਸੀ ਜਾਗਿਆ ਤੇ ਜਾਗ ਵੀ ਨਹੀਂ ਸੀ ਸਕਦਾ। ਸਰਕਾਰੀ ਨੌਕਰੀ ਕਰਦੇ ਸਾਡੇ ਪੁੱਤਰ ਦੀ ਵੱਖ ਵੱਖ ਸ਼ਹਿਰਾਂ ਦੇ ਕਵਾਟਰਾਂ 'ਚ ਪੈਦਾ ਹੋਈ ਔਲਾਦ ਜੰਮਣ ਭੋਂ ਦੇ ਹੇਜ ਤੋਂ ਉੱਕਾ ਆਰੀ ਏ।"

"ਆਪਣੇ ਪਿਛੋਕੜ ਨਾਲੋਂ ਟੁੱਟ ਕੇ ਬਹੁਤ ਕੁਝ ਗਵਾਚ ਜਾਂਦਾ ਏ ਬੰਦੇ ਦਾ।" ਮੇਰਾ ਫੇਰ ਗੱਚ ਭਰ ਆਇਆ ਏ।

ਤੀਵੀਂ ਦੀ ਪੀੜ ਘਟਾਉਂਦੇ ਹੋਏ ਮੈਂ ਆਪਣੀ ਈ ਵੇਦਨਾ ਜਗਾ ਲਈ ਏ, ਮੇਰੇ ਮਨ ਵਿੱਚ ਹੁਣ ਕਈ ਤਰ੍ਹਾਂ ਦੀ ਭਾਵ ਉੱਠ ਖੜੋਤੇ ਨੇ।

ਮੇਰੀ ਅਗਲੀ ਪੀੜ੍ਹੀ ਦੀ ਸ਼ਜਰਾ ਮੇਰੇ ਨਾਂ ਨਾਲ ਜੁੜੇ ਹੋਣ ਪਾਰੋਂ ਮੇਰੇ ਬਾਅਦ ਵੀ ਮੇਰੀ ਹੋਂਦ ਦੀ ਗਵਾਹੀ ਮਿਲਦੀ ਰਹੇਗੀ। ਇਹ ਧਰਵਾਸ ਹੈ ਮੈਨੂੰ, ਆਪਣੀ ਕੁੱਲ ਦੀ ਜੜਵ ਹਰੀ ਹੋਣ ਕਰਕੇ ਮੈਂ ਸੁਖਾਲ਼ ਵਿੱਚ ਹਾਂ। ਭੁੱਲਰ ਕੋਲ ਤਾਂ ਕਮ ਸੁ ਕਮ ਇਹ ਧਰਵਾਸ ਤੇ ਅਹਿਸਾਸ ਵੀ ਨਹੀਂ। ਔਰਤ ਹੋਣ ਦੇ ਨਾਤੇ ਇਹਦਾ ਮਾਮਲਾ ਕੁਝ ਗੰਭੀਰ ਹੈ। ਭਾਵੇਂ ਮੇਰੀ ਔਲਾਦ ਏਹਦੀ ਈ ਔਲਾਦ ਈ ਕਹੇ ਪਰ ਖ਼ੂਨ ਦਾ ਸਾਂਝ ਹੋਣ ਕਰਕੇ ਵੀ ਇਹਦੀ ਗੱਲ ਕੁਝ ਦੂਸਰੀ ਏ। ਸਾਡੇ ਘਰ ਦਾ ਪਤਾ ਕਿਸੇ ਉਹਦੇ ਬੰਦੇ ਕਈ ਸੁੱਘੀ ਭੁੱਲਰ ਦਾ ਨਾਂ ਲੈ ਕੇ ਨਹੀਂ ਪੁੱਛਿਆ। ਮੇਰਾ ਰਿਟਾਇਰਡ ਸਕੂਲ ਮਾਸਟਰ ਅਹਿਮੂ ਚੱਠੇ ਦਾ ਈ ਪੁੱਛਦੇ ਆਏ ਨੇਂ। ਏਸ ਗੱਲ ਦਾ ਚੰਨਣ ਭੁੱਲਰ ਨੂੰ ਵੀ ਏ।

ਜਿਉਂਦੇ ਜੀਅ ਘਰ ਸਮਾਜ ਵਿੱਚ ਆਪਣੀ ਹੋਂਦ ਈ ਅਣਹੋਂਦ ਅਸੀਂ ਡਿੱਠੀ ਏ ਤੇ ਇਹਦੇ ਤੋਂ ਸੁਚੇਤ ਹੈ। ਏਸ ਲਈ ਵੀ ਹੁਣ ਮੋਇਆਂ ਪਿੱਛੋਂ ਉੱਕਾ ਈ ਵਿੱਸਰ ਜਾਣ ਦਾ ਖ਼ੌਫ਼ ਏਹਦੇ ਅਚੇਤ 'ਚੋਂ ਜਾਗ ਉੱਠਿਆ ਏ।

ਸ਼ਾਇਦ ਇਹੀ ਵਜਹ ਏ ਪਈ ਮੋਇਆਂ ਪਿੱਛੋਂ ਯਾਦ ਰੱਖਣ ਰਖਾਣ ਦੀ ਖੋਹ ਮੈਥੋਂ ਵੱਧ ਮੇਰੀ ਤੀਵੀਂ ਨੂੰ ਏ। "ਜਦ ਕਿ ਆਪਣੀ ਹੋਂਦ ਦੇ ਚਿੰਨ ਛੱਡ ਜਾਣ ਦੀ ਕਿੰਨੀ ਲਾਲਸਾ ਹੁੰਦੀ ਏ ਬੰਦੇ ਨੂੰ।" ਕਹਿੰਦੇ ਹੋਏ ਮੈਂ ਭੁੱਲਰ ਵੱਲ ਵੇਖਿਆ ਏ। ਮੇਰੀ ਏਸ ਤੱਕਣੀ ਵਿੱਚ ਮੋਹ ਤੋਂ ਕਿੱਧਰੇ ਵੱਧ ਤਰਸੇਵਾਂ ਏ। ਭੁੱਲਰ ਸੁੱਤੀ ਪਈ ਏ। ਉਹਦੇ ਚਿਹਰੇ ਉੱਤੇ ਅੱਖਾਂ 'ਚੋਂ ਢਹੇ ਪਾਣੀ ਦੇ ਤੁਬਕੇ ਝੁੱਰੀਆਂ ਵਿੱਚ ਫੈਲੇ ਹੋਏ ਨੇ।

"ਸੁੱਘੀਏ ਮੈਂ ਤੈਨੂੰ ਭੁੱਲਣ ਨਹੀਂ ਦਿੰਦਾ।" ਮੈਂ ਦਿਲ ਵਿੱਚ ਫ਼ੈਸਲਾ ਕੀਤਾ ਏ। ਨਹਿਰ ਵਾਲ਼ੀ ਭੋਇੰ ਵੇਚ ਦੇਣੀ ਏ ਹੁਣ। ਏਸ ਰਕਮ ਦਾ ਕੀ ਕਰਨਾ ਏ ਸੋਚ ਲਿਆ ਏ ਮੈਂ। ਸਵੇਰੇ ਈ ਸ਼ਹਿਰ ਜਾ ਕੇ ਵਕੀਲ ਨਾਲ਼ ਗੱਲ ਕਰਾਂਗਾ। ਤੀਵੀਂ ਅੰਦਰ ਦੇ ਮਨ ਦਾ ਝੋਰਾ ਮੁਕਾ ਦੇਣਾ ਏ ਹੁਣ। ਇੱਕ ਉਪਾਅ ਹੈ ਮੇਰੇ ਕੋਲ।

"ਮੈਂ ਤੇਰੀ ਯਾਦ ਅਮਰ ਕਰ ਦੇਣੀ ਏ ਭੁੱਲਰੇ... ਭਾੜ ਵਿੱਚ ਜਾਏ ਖਣਵਾਦਾ... ਲੋਕੇ 'ਚ ਤੇਰਾ ਨਾਮ ਰਹੇਗਾ ਜੱਹ ਤੇ... ਯਾਦ ਬਣੀ ਰਹੇਗੀ ਤੇਰੀ... ਮੋਇਆਂ ਪਿੱਛੋਂ ਵੀ।"

ਉਹ ਸੁੱਤੀ ਹੋਈ ਏ ਤੇ ਮੈਂ ਮਨ ਦੀ ਰੌਅ ਵਿੱਚ ਆਪਣੇ ਆਪ ਨਾਲ਼ ਈ ਗੱਲਾਂ ਕਰੀ ਜਾ ਰਿਹਾ ਹਾਂ, "ਤੇਰੇ ਨਾਂ ਤੇ ਵੈਲਫ਼ੇਅਰ ਟਰੱਸਟ ਬਣਾ ਦੇਣਾ ਏ...

ਇੱਕ ਮੈਮੋਰੀਅਲ ਟਰੱਸਟ..."

**ਲਿੱਪੀਅੰਤਰ: ਜੋਗਿੰਦਰ ਪਾਲ ਮਾਨ**

## ਕਹਾਣੀ / ਪਰੀ / ਮੂਲ ਲੇਖਕ: ਖ਼ਲੀਲ ਜਿਬਰਾਨ, ਅਨੁ. ਰਵਨੀਤ ਕੌਰ

ਐ ਸਹਿਰਾ! ਤੂੰ ਮੈਨੂੰ ਕਿੱਥੇ ਲਿਜਾ ਰਹੀ ਏਂ?

ਮੈਂ ਤੇਰੇ ਨਾਲ ਇਨ੍ਹਾਂ ਕੰਡਿਆਲੀਆਂ ਤੇ ਆਬੜ-ਖਾਬੜ ਪਥਰੀਲੀਆਂ ਰਾਹਾਂ ਤੇ ਕਿੱਥੋਂ ਤਕ ਚੱਲਾਂ, ਜਿਹੜੀਆਂ ਸਾਡੇ ਕਦਮਾਂ ਨੂੰ ਤਾਂ ਬੁਲੰਦੀ ਵਲ ਲਿਜਾ ਰਹੀਆਂ ਹਨ ਪਰ ਸਾਡੀਆਂ ਰੂਹਾਂ ਨੂੰ ਅਧੋਗਤੀ ਵੱਲ ਧਕ ਰਹੀਆਂ ਹਨ?

ਮੈਂ ਤੇਰਾ ਦਾਮਨ ਫੜਕੇ ਉਸ ਬੱਚੇ ਵਾਂਗ ਤੇਰੇ ਨਾਲ ਚਲ ਪਿਆ, ਜਿਹੜਾ ਹਰ ਵੇਲੇ ਆਪਣੀ ਮਾਂ ਨਾਲ ਚਿਪਟਿਆ ਰਹਿੰਦਾ ਹੈ। ਮੈਂ ਆਪਣੀਆਂ ਸਾਰੀਆਂ ਕਲਪਨਾਵਾਂ ਨੂੰ ਭੁਲਾਕੇ ਤੇਰੀ ਸੁੰਦਰਤਾ ਦਾ ਉਪਾਸ਼ਕ ਬਣ ਗਿਆ ਅਤੇ ਆਪਣੇ ਸਿਰ ਦੇ ਆਲੇ ਦੁਆਲੇ ਮੰਡਰਾਉਂਦੀਆਂ ਹੋਈਆਂ ਪਰਛਾਈਆਂ ਨੂੰ ਨਜ਼ਰ ਅੰਦਾਜ਼ ਕਰਕੇ ਤੇਰੇ ਸਰੀਰ ਵਿਚ ਛੁਪੀ ਹੋਈ ਚੁੰਬਕੀ ਸ਼ਕਤੀ ਵੱਲ ਖਿਚਿਆ ਗਿਆ।

ਥੋੜ੍ਹੀ ਦੇਰ ਲਈ ਰੁਕ ਜਾ, ਤਾਂ ਜੋ ਮੈਂ ਤੇਰੀ ਸ਼ਕਲ ਦੇਖ ਲਵਾਂ। ਬਸ ਇਕ ਵਾਰ ਮੇਰੇ ਵੱਲ ਦੇਖ, ਸ਼ਾਇਦ ਮੈਂ ਤੇਰੀਆਂ ਅੱਖਾਂ ਵਿਚ ਝਾਕਕੇ ਤੇਰੇ ਦਿਲ ਦੇ ਭੇਤ ਪਾ ਲਵਾਂ ਅਤੇ ਤੇਰੇ ਹਾਵ-ਭਾਵਾਂ ਤੋਂ ਤੇਰੀ ਰੂਹ ਦੀਆਂ ਬਰੀਕੀਆਂ ਨੂੰ ਸਮਝ ਸਕਾਂ।

ਐਪਰੀ! ਥੋੜ੍ਹੀ ਦੇਰ ਲਈ ਰੁਕ ਜਾ! ਮੈਂ ਚਲਦੇ ਚਲਦੇ ਥੱਕ ਗਿਆ ਹਾਂ। ਅਤੇ ਮੇਰੀ ਰੂਹ ਰਾਹ ਦੇ ਡਰਾ ਤੋਂ ਕੰਬ ਰਹੀ ਹੈ। ਜ਼ਰਾ ਠਹਿਰ! ਕਿ ਅਸੀਂ ਉਸ ਦੁਰਾਹੇ ਤੇ ਪੁੱਜ ਗਏ ਹਾਂ ਜਿੱਥੇ ਮੌਤ ਜ਼ਿੰਦਗੀ ਦੇ ਸਨਮੁਖ ਹੈ, ਹੁਣ ਮੈਂ ਉਦੋਂ ਤਕ ਇਕ ਕਦਮ ਵੀ ਅੱਗੇ ਨਹੀਂ ਪੁੱਟਾਂਗਾ ਜਦੋਂ ਤਕ ਮੇਰੀ ਰੂਹ ਤੇਰੇ ਇਰਾਦਿਆਂ ਤੋਂ ਵਾਕਿਫ ਅਤੇ ਮੇਰਾ ਦਿਲ ਤੇਰੇ ਦਿਲ ਦੇ ਭੇਤਾਂ ਤੋਂ ਜਾਣੂੰ ਨਹੀਂ ਹੋ ਜਾਂਦਾ।

ਐ ਜਾਦੂਗਰਨੀ ਪਰੀ! ਮੇਰੀ ਗੱਲ ਧਿਆਨ ਨਾਲ ਸੁਣ! ਕਲ੍ਹ ਤਕ ਮੈਂ ਇਕ ਸੁਤੰਤਰ ਪੰਛੀ ਸੀ, ਜਿਹੜਾ ਸਾਰਾ ਦਿਨ ਨਹਿਰਾਂ ਉੱਤੇ ਮੰਡਰਾਉਂਦਾ ਅਤੇ ਵਾਧੂ ਮੰਡਲ ਵਿਚ ਉਡਦਾ ਸੀ ਅਤੇ ਸ਼ਾਮ ਨੂੰ ਕਿਸੇ



ਟਾਹਣੀ ਤੇ ਬੈਠਕੇ ਰੰਗ ਬਰੰਗੇ ਬਦਲਾਂ ਦੀ ਬਸਤੀ ਵਿਚ ਉਨ੍ਹਾਂ ਮਹਿਲਾਂ ਅਤੇ ਧਰਮ ਅਸਥਾਨਾਂ ਨੂੰ ਵੇਖਦਾ ਸੀ, ਜਿਨ੍ਹਾਂ ਨੂੰ ਸੂਰਜ ਦੁਪਹਿਰ ਨੂੰ ਬਣਾਉਂਦਾ ਅਤੇ ਸ਼ਾਮ ਨੂੰ ਢਾਹ ਦਿੰਦਾ ਹੈ।

ਸਗੋਂ ਇਕ ਖਿਆਲ ਸੀ, ਜਿਹੜਾ ਜ਼ਿੰਦਗੀ ਦੀਆਂ ਖੂਬੀਆਂ ਅਤੇ ਲਜ਼ਤਾਂ ਨਾਲ ਆਨੰਦਿਤ ਹੁੰਦਾ ਹੋਇਆ, ਹਸਤੀ (ਹੋਂਦ) ਦੇ ਰਾਜਾਂ ਦੀ ਖੋਜ ਕਰਦਾ ਹੋਇਆ, ਸੰਸਾਰ ਦੇ ਪੂਰਵ ਅਤੇ ਪੱਛਮ ਦਾ ਇਕੱਲਾ ਹੀ ਚੱਕਰ ਲਾ ਰਿਹਾ ਸੀ।

ਨਹੀਂ! ਬਲਕਿ ਇਕ ਸਪਨਾ ਸੀ, ਜਿਹੜਾ ਰਾਤ ਦੇ ਖੰਭਾਂ ਤੇ ਉਡਕੇ, ਖਿੜਕੀਆਂ ਦੀਆਂ ਝੀਤਾਂ ਵਿਚੋਂ ਦਾਖ਼ਲ ਹੋ ਕੇ ਸੁੱਤੀਆਂ ਹੋਈਆਂ ਕੋਮਲ ਸੁੰਦਰੀਆਂ ਦੇ ਜਜ਼ਬਾਤ ਨਾਲ ਖੇਡਦਾ ਸੀ, ਨੌਜਵਾਨਾਂ ਦੇ ਪਹਿਲੂ ਵਿਚ ਖੜ੍ਹਕੇ ਉਨ੍ਹਾਂ ਦੀਆਂ ਕਾਮਨਾਵਾਂ ਨੂੰ ਉਤੇਜਿਤ ਕਰਦਾ ਸੀ ਅਤੇ ਬੁੱਢਿਆਂ ਦੇ ਬਿਸਤਰੇ ਕੋਲ ਖੜ੍ਹਕੇ ਉਨ੍ਹਾਂ ਦੇ ਖਿਆਲਾਂ ਦਾ ਪਤਾ ਲਾਉਂਦਾ ਸੀ।

ਪਰ ਐ ਜਾਦੂਗਰਨੀ! ਹੁਣ ਜਦ ਕਿ ਮੈਂ ਤੈਨੂੰ ਮਿਲ ਚੁਕਿਆਂ ਹਾਂ ਅਤੇ ਤੇਰੇ ਹੱਥਾਂ ਦੇ ਚੁੰਮਣ ਨੇ ਮੇਰੇ ਸਰੀਰ ਦੀ ਹਰ ਰਗ ਤੇ ਹਰ ਰੇਸ਼ੇ ਵਿਚ ਜ਼ਹਿਰ ਜਿਹੀ ਤਲਖ਼ੀ ਭਰ ਦਿੱਤੀ ਹੈ, ਮੈਂ ਉਸ ਕੈਦੀ ਸਮਾਨ ਹਾਂ ਜਿਹੜਾ ਜ਼ੰਜੀਰਾਂ ਵਿਚ ਜਕੜਿਆ ਹੋਇਆ ਪਤਾ ਨਹੀਂ ਕਿੱਥੇ ਜਾ ਰਿਹਾ ਹੈ, ਸਗੋਂ ਮੇਰੀ ਹਾਲਤ ਉਸ ਨਸ਼ੱਈ ਵਰਗੀ ਹੋ ਗਈ ਹੈ, ਜਿਹੜਾ ਹੋਸ਼ ਭੁਲਾ ਦੇਣ ਵਾਲੀ ਤੇਜ਼ ਸ਼ਰਾਬ ਦੇ ਜਾਮ ਤੇ ਜਾਮ ਪੀ ਰਿਹਾ ਹੋਵੇ ਅਤੇ ਆਪਣੇ ਮੂੰਹ ਤੇ ਥੱਪੜ ਮਾਰਨ ਵਾਲੇ ਹੱਥਾਂ ਨੂੰ ਚੁੰਮ ਰਿਹਾ ਹੋਵੇ।

*********

ਪਰ ਐ ਜਾਦੂਗਰਨੀ! ਜ਼ਰਾ ਠਹਿਰ ਅਤੇ ਦੇਖ ਕਿ ਮੈਂ ਆਪਣੀਆਂ ਸਾਰੀਆਂ ਸ਼ਕਤੀਆਂ ਵਾਪਿਸ ਲੈ ਲਈਆਂ ਹਨ, ਆਪਣੇ ਪੈਰਣ ਵਿਚ ਪਈਆਂ ਸਾਰੀਆਂ ਜ਼ੰਜੀਰਾ ਤੋੜ ਦਿੱਤੀਆਂ ਹਨ, ਅਤੇ ਉਸ ਪਿਆਲੇ ਨੂੰ ਤੋੜ ਦਿੱਤਾ ਹੈ ਜਿਸ ਵਿਚ ਮੈਂ ਆਪਣੀ ਅਕਲ ਅਨੁਸਾਰ ਖੁਸ਼ਗਵਾਰ ਜ਼ਹਿਰ ਪੀਤਾ ਸੀ। ਹੁਣ ਦੱਸ! ਸਾਨੂੰ ਕੀ ਕਰਨਾ ਚਾਹੀਦਾ ਹੈ? ਕਿਸ ਰਾਹ ਤੇ ਚਲਣਾ ਚਾਹੀਦਾ ਹੈ।

ਮੈਂ ਫੇਰ ਆਜ਼ਾਦ ਹੋ ਗਿਆ ਹਾਂ, ਕੀ ਹੁਣ ਤੂੰ ਮੈਨੂੰ ਆਪਣਾ ਆਜ਼ਾਦ ਦੋਸਤ ਬਣਾਉਣ ਲਈ ਸਹਿਮਤ ਹੈਂ? ਜਿਹੜਾ ਸੂਰਜ ਨੂੰ ਇਕ ਟਕ ਦੇਖਦਾ ਹੈ ਅਤੇ ਅਡੋਲ ਉਂਗਲੀਆਂ ਨਾਲ ਮਘਦੇ ਹੋਏ ਅੰਗਾਰਾਂ ਨੂੰ ਫੜ ਲੈਂਦਾ ਹੈ।

ਮੈਂ ਆਪਣੀਆਂ ਬਾਹਾਂ ਫੇਰ ਖੋਲ੍ਹ ਦਿੱਤੀਆਂ ਹਨ। ਕੀ ਹੁਣ ਤੂੰ ਉਸ ਨੌਜਵਾਨ ਨਾਲ ਰਹਿਣ ਲਈ ਤਿਆਰ ਹੈਂ? ਜਿਹੜਾ ਆਪਣੇ ਦਿਨ ਉਕਾਬ ਵਾਂਗ ਪਹਾੜਾਂ ਉੱਤੇ ਅਤੇ ਰਾਤਾਂ ਸ਼ੇਰ ਵਾਂਗ ਜੰਗਲਾਂ ਵਿਚ ਗੁਜ਼ਾਰਦਾ ਹੈ।

ਕੀ ਹੁਣ ਤੂੰ ਉਸ ਮਰਦ ਦੇ ਸ਼ੌਕ ਨੂੰ ਕਾਫੀ ਸਮਝਦੀ ਹੈਂ? ਜਿਹੜਾ ਮੁਹੱਬਤ ਨੂੰ ਆਪਣੀ ਰਫ਼ੀਕ ਤਾਂ ਬਣਾ ਸਕਦਾ ਹੈ ਪਰ ਆਪਣੀ ਰਹਿਨੁਮਾ ਨਹੀਂ ਬਣ ਸਕਦਾ।

ਕੀ ਹੁਣ ਤੂੰ ਉਸ ਦਿਲ ਦੀ ਮੁਹੱਬਤ ਸਵੀਕਾਰ ਨਹੀਂ ਕਰ ਸਕਦਾ, ਉਤਸ਼ਾਹਿਤ ਤਾਂ ਹੋ ਸਕਦਾ ਹੈ ਪਰ ਪਿਘਲ ਨਹੀਂ ਸਕਦਾ।

ਕੀ ਹੁਣ ਤੂੰ ਉਨ੍ਹਾਂ ਖਾਹਿਸ਼ਾਂ ਤੇ ਭਰੋਸਾ ਕਰਦੀ ਹੈਂ ਜਿਹੜੀਆਂ ਹਨੇਰੀ ਵਿਚ ਕੰਬ ਤਾਂ ਸਕਦੀਆਂ ਹਨ ਪਰ ਮਿਟ ਨਹੀਂ ਸਕਦੀਆਂ। ਵਾ ਵਰੋਲਿਆਂ ਨਾਲ ਉਠ ਤਾਂ ਸਕਦੀਆਂ ਹਨ ਪਰ ਆਪਣੀ ਥਾਂ ਤੋਂ ਵਿਸਥਾਪਤ ਨਹੀਂ ਹੋ ਸਕਦੀਆਂ। ਕੀ ਹੁਣ ਤੂੰ ਮੈਨੂੰ ਆਪਣਾ ਸਾਥੀ ਬਣਾਉਣ ਲਈ ਤਿਆਰ ਹੈਂ? ਜਿਹੜਾ ਨਾ ਕਿਸੇ ਦੀ ਪੂਜਾ ਕਰਨੀ ਚਾਹੁੰਦਾ ਹੈ ਅਤੇ ਨਾ ਕਿਸੇ ਤੋਂ ਆਪਣੀ ਪੂਜਾ ਕਰਵਾਉਣੀ ਚਾਹੁੰਦਾ ਹੈ।

ਅੱਛਾ! ਤਾਂ ਫੇਰ ਮੇਰੇ ਹੱਥ ਨੂੰ ਆਪਣੇ ਹੁਸੀਨ ਹੱਥਾਂ ਵਿਚ ਫੜ ਲੈ, ਮੇਰੇ ਸਰੀਰ ਨੂੰ ਆਪਣੀਆਂ ਨਰਮ ਤੇ ਮੁਲਾਇਮ ਬਾਹਾਂ ਨਾਲ ਗਲਵਕੜੀ ਪਾ ਅਤੇ ਮੇਰੇ ਬੁਲ੍ਹਾਂ ਤੇ ਇਕ ਲੰਮਾ, ਗਹਿਰਾ ਤੇ ਸ਼ਾਂਤ ਬੋਸਾ ਦੇ!

**ਪਤਾ- 49 ਫਰੈਂਡਜ਼ ਕਲੋਨੀ, ਪਟਿਆਲਾ-147001**

## ਯਾਦਾਂ ਦੇ ਗਲਿਆਰੇ 'ਚੋਂ / **ਆਸ਼ਾ ਰਾਣੀ ਸ਼ਰਮਾ**, ਅਨੁ. ਨੀਲਮ ਸ਼ਰਮਾ 'ਆਸ਼ੂੰ'

*ਇਹ ਰਚਨਾ ਆਸ਼ਾ ਰਾਣੀ ਨੇ ਆਪਣੀ 70 ਸਾਲ ਦੀ ਉਮਰ ਤੋਂ ਬਾਅਦ ਵਿਚ ਲਿਖੀ ਹੈ। ਉਨ੍ਹਾਂ ਅੱਜ ਤੋਂ 50-55 ਸਾਲ ਪਹਿਲਾਂ ਪੰਜਾਬ ਤੋਂ ਪ੍ਰਾਇਮਰੀ ਪੱਧਰ ਦੀ ਪੜ੍ਹਾਈ ਕੀਤੀ ਸੀ। ਇਹ ਰਚਨਾ ਦਾ ਹਿੰਦੀ ਤੋਂ ਅਨੁਵਾਦ ਉਨ੍ਹਾਂ ਦੀ ਬੇਟੀ ਨੀਲਮ ਸ਼ਰਮਾ ਆਸ਼ੂੰ ਨੇ ਕੀਤਾ ਹੈ।*

ਮਿਸੇਜ਼ ਸ਼ਰਮਾ ਜਦੋਂ ਘਰੋਂ ਤੁਰਨ ਲੱਗੇ ਤਾਂ ਬੱਚਿਆਂ ਨੇ ਕਿਹਾ - ਮੰਮੀ ਤੁਸੀਂ ਮੁਰੈਨੇ ਘੁੰਮਣ ਜਾ ਹੀ ਰਹੇ ਹੋ ਤਾਂ ਇਸ ਵਾਰ ਮਥੁਰਾ, ਵ੍ਰਿੰਦਾਵਨ, ਗੋਕੁਲ, ਜਮੁਨਾ ਸਭ ਦੇ ਦਰਸ਼ਨ ਕਰ ਆਉਣਾ। ਪਿਛਲੀ ਵਾਰੀ ਜਦੋਂ ਤੁਸੀ ਗਏ ਸੀ ਤਾਂ ਗਰਮੀਆਂ ਦਾ ਮੌਸਮ ਹੋਣ ਕਾਰਨ ਸਾਰੀਆਂ ਥਾਵਾਂ ਤੇ ਨਹੀਂ ਜਾ ਸਕੇ ਸੀ। ਇਸ ਵਾਰੀ ਮੌਸਮ ਵਧੀਆ ਹੈ। ਨਾ ਜ਼ਿਆਦਾ ਗਰਮੀ ਤੇ ਨਾ ਹੀ ਜ਼ਿਆਦਾ ਠੰਢ। ਸੁਣ ਕੇ ਮਿਸੇਜ਼ ਸ਼ਰਮਾ ਨੂੰ ਬੇਹਦ ਖੁਸ਼ੀ ਹੋਈ ਸੀ।

ਅਮ੍ਰਿਤਸਰੋਂ ਮੁਰੈਨੇ ਵਾਸਤੇ ਟਰੇਨ 'ਚ ਏ. ਸੀ. ਕੋਚ ਵਿਚ ਰਿਜ਼ਰਵੇਸ਼ਨ ਪਹਿਲਾਂ ਹੀ ਕਰਵਾਈ ਹੋਈ ਸੀ ਪਰ ਬੁਕਿੰਗ ਕਨਫਰਮ ਨਹੀਂ ਸੀ ਹੋਈ। ਸਫ਼ਰ ਤੋਂ ਇਕ ਦਿਨ ਪਹਿਲਾਂ ਗੋਡੇ 'ਚ ਮੋਚ ਆ ਗਈ ਜਿਸ ਕਾਰਨ ਤੁਰਨ-ਫਿਰਨ ਅਤੇ ਉੱਠਣ-ਬੈਠਣ ਵਿਚ ਤਕਲੀਫ਼ ਹੋ ਰਹੀ ਸੀ। ਅਜਿਹੀ ਹਾਲਤ ਵਿੱਚ ਰਾਤ ਨੂੰ ਪਤਾ ਲੱਗਾ ਕਿ ਸੀਟ ਕਨਫਰਮ ਹੋ ਗਈ ਹੈ। ਫਿਰ ਤਾਂ ਗੋਡੇ 'ਚ ਤਕਲੀਫ਼ ਦੇ ਬਾਵਜੂਦ ਅਗਲੀ ਸਵੇਰੇ ਉਹ ਗੱਡੀ 'ਚ ਸਵਾਰ ਹੋ ਗਏ ਕਿ ਚਲੋ ਇਸੇ ਬਹਾਨੇ ਬਾਂਕੇਬਿਹਾਰੀ ਦੇ ਦਰਸ਼ਨ ਹੋ ਜਾਣਗੇ। ਅਮ੍ਰਿਤਸਰੋਂ ਜਦੋਂ ਮੁਰੈਨੇ ਆਪਣੇ ਭਾਜੀ ਦੇ ਘਰ ਪੁੱਜੇ ਤਾਂ ਗੋਡੇ ਦੀ ਤਕਲੀਫ਼ ਹੋਰ ਵਧ ਗਈ ਸੀ।

ਉੱਥੇ ਡਾਕਟਰ ਤੋਂ ਚੈਕਅਪ ਕਰਵਾਇਆ ਤੇ ਟੈਸਟ ਵਗੈਰਾ ਵੀ ਕਰਵਾਏ ਤਾਂ ਪਤਾ ਲੱਗਾ ਕਿ ਗੋਡੇ ਦੀਆਂ ਮਾਸਪੇਸ਼ੀਆਂ ਫਟ ਗਈਆਂ ਹਨ। ਠੀਕ ਹੋਣ 'ਚ ਵਕਤ ਲੱਗੇਗਾ ਅਤੇ ਬੈੱਡ ਰੈਸਟ ਕਰਨਾ ਪਵੇਗਾ। ਅਜਿਹੇ ਹਾਲਾਤਾਂ 'ਚ ਤੀਰਥ ਯਾਤਰਾ ਤਾਂ ਹੋਣੋਂ ਰਹੀ। ਫ਼ਿਰ ਵੇਖਦਿਆਂ - ਵੇਖਦਿਆਂ ਹੀ ਅੰਮ੍ਰਿਤਸਰ ਪਰਤਣ ਦੀ ਤਰੀਖ ਨੇੜੇ ਆਉਣ ਲੱਗੀ। ਕਿਧਰੇ ਹੋਰ ਜਾਣ ਦੀ ਸਰੀਰਕ ਸਥਿਤੀ ਵਿਚ ਉਹ ਨਹੀਂ ਸਨ। ਲਾਗੇ ਹੀ ਵਿਜੇਪੁਰ ਛੋਟੇ ਵੀਰ ਨੂੰ ਮਿਲਣ ਵੀ ਨਾ ਜਾ ਸਕੇ। ਸੋਚਿਆ ਫੋਨ ਕਰਕੇ ਉਸੇ ਨੂੰ ਉੱਥੇ ਸੱਦ ਲਿਆ ਜਾਵੇ। ਫੋਨ ਕੀਤਾ ਤਾਂ ਉਸਨੇ ਆਉਣ 'ਚ ਅਸਮਰਥਤਾ ਜ਼ਾਹਿਰ ਕੀਤੀ। ਉਸਦੀ ਬੇਟੀ ਵੀ ਬੀਮਾਰ ਸੀ। ਉਹਨਾਂ ਨੂੰ ਬੁਰਾ ਲੱਗਾ ਕਿ ਵੇਖੋ ਵੀਰ ਨੇ ਆਉਣੋਂ ਮਨਾ ਕਰ ਦਿੱਤਾ ਅਤੇ ਹੋ ਸਕਦਾ ਹੈ ਕਿ ਵੀਰ ਨੂੰ ਵੀ ਬੁਰਾ ਲੱਗਾ ਹੋਵੇ ਕਿ ਦੇਖੋ ਇਤਨੀ ਦੂਰ ਅਮ੍ਰਿਤਸਰੋਂ ਇਕ ਭਰਾ ਦੇ ਕੋਲ ਆ ਕੇ ਉਹ ਦੂਜੇ ਕੋਲ ਨਹੀਂ ਆ ਸਕੀ। ਫਿਰ ਅਚਾਨਕ ਦੋ ਦਿਨਾਂ ਬਾਅਦ ਉਸ ਨੂੰ ਹਾਰਟ ਅਟੈਕ ਹੋਣ ਦੀ ਖ਼ਬਰ ਆਈ। ਸੁਣ ਕੇ ਕਿਸੇ ਨੂੰ ਵੀ ਯਕੀਨ ਨਹੀਂ ਸੀ ਹੋ ਰਿਹਾ। ਸਾਰੇ ਆਪਸ ਵਿਚ ਖੁਸਰ-ਫੁਸਰ ਕਰੀ ਜਾ ਰਹੇ ਸਨ। ਮਿਸੇਜ਼ ਸ਼ਰਮਾ ਨੂੰ ਕੋਈ ਕੁਝ ਨਹੀਂ ਸੀ ਦੱਸ ਰਿਹਾ। ਜਦੋਂ ਖ਼ਬਰ ਦੀ ਪੁਸ਼ਟੀ ਹੋ ਗਈ ਤਾਂ ਉਹਨਾਂ ਨੂੰ ਵੀ ਦੱਸ ਦਿੱਤਾ ਗਿਆ। ਵੱਡੇ ਭਰਾ-ਭਰਜਾਈ ਹੋਰਾਂ ਨਾਲ ਜਦੋਂ ਉਹ ਛੋਟੇ ਵੀਰ ਦੇ ਘਰ ਪੁੱਜੇ ਤਾਂ ਉਸਨੂੰ ਵੇਖ ਕੇ ਇੰਝ ਜਾਪਿਆ ਜਿਵੇਂ ਸੌਂ ਰਿਹਾ ਹੋਵੇ। ਉਸਦਾ ਹੱਸਦਾ ਚਿਹਰਾ ਵੇਖ ਕੇ ਜਾਪ ਰਿਹਾ ਸੀ ਜਿਵੇਂ ਹੁਣੇ ਉੱਠ ਬੈਠੇਗਾ। ਪੰਜ ਬੱਚਿਆਂ ਦਾ ਬਾਪ ਹੁੰਦਿਆਂ ਹੋਇਆ ਆਖ਼ਰੀ ਵੇਲੇ ਕੋਈ ਵੀ ਕੋਲ ਨਹੀਂ ਸੀ। ਦੋ ਪੁੱਤਰ ਨੌਕਰੀਆਂ ਦੇ ਸਿਲਸਿਲੇ 'ਚ ਗੁਆਂਢੀ ਪ੍ਰਾਂਤਾਂ ਵਿਚ ਸਨ, ਬੇਟੀ ਸਹੁਰੇ ਘਰ ਸੀ। ਛੋਟਾ ਬੇਟਾ ਛੋਟੀ ਭੈਣ ਨੂੰ ਡਾਕਟਰੀ ਚੈਕਅਪ ਵਾਸਤੇ ਗਵਾਲੀਅਰ ਲੈ ਕੇ ਗਿਆ ਹੋਇਆ ਸੀ।

ਵੀਰ ਨੂੰ ਅਜਿਹੀ ਹਾਲਤ ਵਿਚ ਵੇਖ ਕੇ ਮਿਸੇਜ਼ ਸ਼ਰਮਾ ਦੀਆਂ ਅੱਖਾ ਸਾਹਮਣੇ ਫਲੈਸ਼ ਬੈਕ 'ਚ ਫ਼ਿਲਮ ਜਿਹੀ ਚਲਣ ਲਗ ਪਈ। ਪੰਜਾਂ ਵੀਰਾਂ ਵਿਚੋਂ ਵੱਡੇ ਤਿੰਨ ਅਤੇ ਇਕ ਵੱਡੀ ਭੈਣ ਵਾਰੀ-ਵਾਰੀ ਗੁਜ਼ਰ ਚੁੱਕੇ ਸਨ। ਇਹ ਛੋਟਾ ਜਿਸਨੂੰ ਗੋਦੀ 'ਚ ਖਿਡਾਇਆ ਸੀ, ਇਹ ਵੀ



ਤੁਰਦਾ ਹੋਇਆ। ਪੰਜਾਬ ਦੇ ਛੋਟੇ ਜਿਹੇ ਪਿੰਡ ਮੁਕੰਦਪੁਰ (ਬੰਗਾ) 'ਚ ਜੰਮਿਆ ਇਹ ਛੋਟਾ ਵੀਰ ਜਦੋਂ ਛੋਟਾ ਸੀ ਤਾਂ ਸਾਰੇ ਉਸਨੂੰ ਕਾਕਾ ਕਹਿ ਕੇ ਪੁਕਾਰਦੇ ਸਨ। ਬਾਊ ਜੀ ਕੋਲ ਦੁਕਾਨ 'ਤੇ ਜਾ ਬੈਠਦਾ ਅਤੇ ਸਾਰਿਆਂ ਦੀਆਂ ਗੱਲਾਂ ਸੁਣਿਆ ਕਰਦਾ। ਇਹ ਉਹ ਸਮਾਂ ਸੀ ਜਦੋਂ ਅੰਗ੍ਰੇਜ਼ਾਂ ਦੀ ਕੂਟਨੀਤੀ ਕਾਰਨ ਹਿੰਦੂਆਂ ਅਤੇ ਮੁਸਲਮਾਨਾਂ 'ਚ ਦੰਗੇ-ਫ਼ਸਾਦ ਹੋ ਰਹੇ ਸਨ। ਕਿੱਥੇ ਤਾਂ ਦੋਵੇਂ ਕਿਤਨੇ ਪਿਆਰ ਮੁਹੱਬਤ ਨਾਲ ਰਿਹਾ ਕਰਦੇ ਸਨ ਤੇ ਕਿੱਥੇ ਹੁਣ ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਬਣੇ ਫਿਰਦੇ ਸਨ। ਸਿੱਖ ਜੱਥੇ ਆ ਜਾਂਦੇ ਕਿ ਜੇਕਰ ਮੁਸਲਮਾਨਾਂ ਦੀ ਮਦਦ ਕੀਤੀ ਤਾਂ ਵੱਢ ਦਿੱਤੇ ਜਾਣਗੇ। ਜਦੋਂ ਜੱਥਾ ਆਉਂਦਾ ਤਾਂ ਕਾਕਾ ਦੁਕਾਨੋਂ ਭੱਜਾ-ਭੱਜਾ ਘਰ ਵਲ ਨੂੰ ਰੌਲੀ ਪਾਉਂਦਾ ਆਉਂਦਾ - ਲੋਕੋ ਬੂਹੇ ਬੰਦ ਕਰ ਲੋ, ਜੱਥਾ ਆ ਗਿਆ। ਆਪਣੇ ਘਰ ਆ ਕੇ ਬੂਹਾ ਬੰਦ ਕਰ ਬੀਜੀ ਦੀ ਗੋਦੀ 'ਚ ਬੈਠ ਰੋਣ ਲਗ ਜਾਂਦਾ - ਅਸੀਂ ਸਾਰੇ ਇੱਥੇ ਬੈਠੇ ਹਾਂ, ਮੇਰਾ ਭਾਜੀ ਪਤਾ ਨਹੀਂ ਕਿੱਥੇ ਹੈ, ਕਦੋਂ ਆਵੇਗਾ। ਇਹ ਸੁਣ ਕੇ ਘਰ ਦੇ ਸਾਰੇ ਰੋਣ ਲਗ ਜਾਂਦੇ ਕਿਉਂਕਿ ਘਰ ਦਾ ਵੱਡਾ ਪੁੱਤਰ ਕਸ਼ਮੀਰ ਦੀ ਸਰਹੱਦ 'ਤੇ ਲੜਾਈ 'ਚ (47 ਵੇਲੇ) ਗਿਆ ਹੋਇਆ ਸੀ। ਬਹੁਤ ਦਿਨਾਂ ਤਕ ਕਾਕੇ ਦੇ ਭਾਜੀ ਦਾ ਖ਼ਤ ਨਹੀਂ ਸੀ ਆਇਆ ਜਿਸ ਕਾਰਨ ਘਰ ਵਾਲੇ ਦੁਖੀ ਤੇ ਪਰੇਸ਼ਾਨ ਰਹਿੰਦੇ ਸਨ। ਮਾਂ ਤਾਂ ਪਾਗਲਾਂ ਵਾਂਗੂ ਹੋ ਗਈ ਸੀ। ਬਾਊਜੀ ਪੁੱਤਰ ਦੀ ਸੁਖ-ਸਾਂਦ ਜਾਨਣ ਵਾਸਤੇ ਮਿਲਟ੍ਰੀ ਕਮਾਂਡਰ ਨੂੰ ਕਦੇ ਖ਼ਤ ਲਿਖਦੇ ਤੇ ਕਦੇ ਤਾਰ ਭੇਜਦੇ। ਜਵਾਬ ਨਾ ਆਉਣ ਤੇ ਸਾਰੇ ਨਿਰਾਸ਼ ਹੋ ਜਾਂਦੇ। ਅਜਿਹੇ ਹਾਲਾਤਾਂ ਵਿਚ ਕਦੇ-ਕਦੇ ਘਰ 'ਚ ਰੋਟੀ ਵੀ ਨਾ ਪੱਕਦੀ ਅਤੇ ਪੱਕ ਵੀ ਜਾਂਦੀ ਤਾਂ ਕੋਈ ਵੀ ਚੰਗੀ ਤਰਾਂ ਨਾ ਖਾਂਦਾ। ਉਹਨਾਂ ਦਿਨਾਂ 'ਚ ਲੋਕੀ ਰਾਤ ਨੂੰ ਸਾਰੇ ਜਣੇ ਗਲੀਆਂ-ਬਜ਼ਾਰਾਂ 'ਚ ਪਹਿਰਾ ਦਿੰਦੇ ਸਨ। ਹਰੇਕ ਘਰੋਂ ਇਕ ਬੰਦਾ ਪਹਿਰੇ ਵਾਸਤੇ ਜਾਂਦਾ ਸੀ। ਆਸ-ਪਾਸ ਮੁਸਲਮਾਨਾਂ ਦੇ ਘਰ ਸੀ, ਹਰ ਵੇਲੇ ਡਰ ਲੱਗਿਆ ਰਹਿੰਦਾ ਕਿਤੇ ਕੋਈ ਘਰਾਂ ਨੂੰ ਅੱਗ ਨਾ ਲਾ ਦੇਵੇ। ਰਾਤ ਨੂੰ ਗਲੀ-ਮੁਹੱਲੇ ਦੀਆਂ ਔਰਤਾਂ ਵੀ ਛੱਤ ਤੇ ਘੁੰਮ-ਘੁੰਮ ਕੇ ਪਹਿਰਾ ਦਿਆ ਕਰਦੀਆਂ ਸਨ। ਉੱਚੀ-ਉੱਚੀ ਕਹਿੰਦੀਆਂ- ਜਾਗਦੇ ਰਹੋ ਬਈ ਜਾਗਦੇ ਰਹੋ।

ਆਖ਼ਿਰ ਇਕ ਦਿਨ ਦੇਸ਼ ਵੰਡਿਆ ਗਿਆ। ਸਾਰੇ ਮੁਸਲਮਾਨ ਟੱਬਰਾਂ ਨੂੰ ਜੋ ਜਿੱਥੇ ਜਾਣਾ ਚਾਹੁੰਦੇ ਸਨ ਭੇਜ ਦਿੱਤਾ ਗਿਆ ਅਤੇ ਪਾਕਿਸਤਾਨ ਤੋਂ ਹਿੰਦੂ ਪਰਿਵਾਰ ਇੱਧਰ ਆ ਗਏ। ਇਕ ਦਿਨ ਕਾਕਾ ਖੁਸ਼ੀ-ਖੁਸ਼ੀ ਟੱਪਦਾ ਹੋਇਆ ਘਰ ਆਇਆ, ਅਖੇ - ਮੇਰੇ ਭਾਜੀ ਦੀ ਚਿੱਠੀ ਆਈ ਹੈ। ਉਹ ਲੜਾਈ ਜਿੱਤ ਕੇ ਘਰ ਆ ਰਿਹਾ ਹੈ। ਜਿਸ ਦਿਨ ਭਾਜੀ ਘਰ ਪਰਤਿਆ ਪੂਰੇ ਪਿੰਡ ਵਾਲਿਆਂ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਸਭਨਾਂ ਨੇ ਭਾਜੀ ਦਾ ਸੁਆਗਤ ਕੀਤਾ ਅਤੇ ਫੁੱਲਾਂ ਦੇ ਹਾਰ ਪਾਏ। ਭਾਜੀ ਦੀ ਜਿੱਤ ਅਤੇ ਸਹੀ ਸਲਾਮਤ ਘਰ ਪਰਤਣ 'ਤੇ ਵਧਾਈ ਦੇਣ ਆਉਣ ਵਾਲਿਆਂ ਦੀ ਭੀੜ ਲਗੀ ਰਹਿੰਦੀ। ਦਾਦੀ ਅਤੇ ਬੀਜੀ ਨੇ ਪਰਾਤਾਂ ਭਰ-ਭਰ ਕੇ ਸੱਕਰ ਵੰਡੀ ਅਤੇ ਖੁਸ਼ੀਆਂ ਮਨਾਈਆਂ। ਕਾਕਾ ਭਾਜੀ ਦੀ ਗੋਦੀ 'ਚ ਬੈਠ ਖੁਸ਼ੀ ਨਾਲ ਟੱਪਣ ਲਗਾ। ਸਾਰੇ ਭੈਣ-ਭਰਾਵਾਂ ਨੇ ਰਲ ਕੇ ਖੁਸ਼ੀਆਂ ਮਨਾਈਆਂ। ਸਾਰੇ ਰਲ ਕੇ ਭਾਜੀ ਕੋਲੋਂ ਜੰਗ ਅਤੇ ਕਸ਼ਮੀਰ ਦੇ ਕਿੱਸੇ ਸੁਣਦੇ ਅਤੇ ਰੋਮਾਂਚਿਤ ਹੋ ਜਾਂਦੇ।


ਕਾਕਾ ਜੋ ਸਾਰਿਆਂ ਦਾ ਪਿਆਰਾ ਅਤੇ ਦੁਲਾਰਾ ਸੀ ਅੱਜ ਪਰਲੋਕ ਦੀ ਯਾਤਰਾ ਤੇ ਤੁਰ ਪਿਆ ਸੀ। ਮਿਸੇਜ਼ ਸ਼ਰਮਾ ਦੇ ਹੰਝੂ ਰੁਕਣ ਦਾ ਨਾਂ ਨਹੀਂ ਲੈ ਰਹੇ ਸੀ ਕਿਉਂਕਿ ਉਹ ਤਾਂ ਤੀਰਥ ਯਾਤਰਾ ਬਾਰੇ ਸੋਚ ਕੇ ਅਮ੍ਰਿਤਸਰੋਂ ਤੁਰੇ ਸੀ ਤੇ ਕਾਕਾ ਹੁਣ ਇਹ ਕਿਹੜੀ ਯਾਤਰਾ ਤੇ ਨਿਕਲ ਗਿਆ । ਪੰਜਾਬ ਦੀ ਮਿੱਟੀ 'ਚ ਜੰਮਿਆ-ਪਲਿਆ, ਮੱਧ ਪ੍ਰਦੇਸ਼ 'ਚ ਅਫ਼ਸਰ ਵਜੋਂ ਰਿਟਾਇਰ ਹੋ ਹੁਣ ਜਿੰਦਗੀ ਤੋਂ ਵੀ ਰਿਟਾਇਰਮੈਂਟ ਲੈ ਸ਼ਮਸ਼ਾਨ ਭੂਮੀ ਵੱਲ ਵਧ ਗਿਆ ਸੀ, ਜਿੱਥੋਂ ਕਦੇ ਮੁੜ ਕੇ ਨਹੀਂ ਆਵੇਗਾ, ਕਦੇ ਨਹੀਂ।

**Mrs.Neelam Sharma Asshu**, Flat-19/3, Prantik-I, IC-1,Thakurpukur HSG. PROJ., KALITALA, M.G. Road,KOLKATATA-700104

ਆਲੋਚਨਾ ਲੇਖ

# ਸਰੂਪ ਸਿਆਲਵੀ ਦੀਆਂ ਕਹਾਣੀਆਂ ਦਾ ਅਧਿਐਨ-ਵਿਸ਼ਲੇਸ਼ਣ

ਡਾ. ਚੰਦਰ ਮੋਹਨ




ਪੰਜਾਬੀ ਕਹਾਣੀ ਦੇ ਰਚਨਾ-ਸੰਸਾਰ ਵਿਚ ਲਗਪਗ ਦੋ ਦਹਾਕਿਆਂ ਤੋਂ ਆਪਣੀਆਂ ਕਹਾਣੀਆਂ ਨਾਲ ਨਵੀਂ ਪੋਚ ਦੇ ਕਹਾਣੀਕਾਰਾਂ ਵਿਚ ਆਪਣਾ ਨਿਵੇਕਲਾ ਸਥਾਨ ਬਣਾਉਣ ਵਾਲੇ ਕਹਾਣੀਕਾਰ ਸਰੂਪ ਸਿਆਲਵੀ ਨੇ ਪੰਜਾਬੀ ਪਾਠਕਾਂ ਨੂੰ ਦੋ ਕਹਾਣੀ ਸੰਗ੍ਰਹਿ ਪ੍ਰਦਾਨ ਕੀਤੇ ਹਨ: 'ਪਿੰਡ ਅਜੇ ਜਿਉਂਦਾ ਹੈ' ਅਤੇ 'ਨ੍ਹੇਰੇ ਦੇ ਵਾਸੀ'।

ਹਾਰ ਰੂਪੀ 'ਪਿੰਡ ਅਜੇ ਜਿਉਂਦਾ ਹੈ' ਕਹਾਣੀ ਸੰਗ੍ਰਹਿ ਵਿਚ ਕਹਾਣੀਆਂ ਰੂਪੀ ਕੁੱਲ ਤੇਰਾਂ ਮਣਕੇ ਹਨ ਜਿਨ੍ਹਾਂ ਵਿਚੋਂ ਛੇ ਮਣਕੇ (ਰੇਪ, ਜੈਲੋ, ਵਖਰੇਵਾਂ, ਪਿੰਡ ਅਜੇ ਜਿਉਂਦਾ ਹੈ, ਮਾੜਚੂ-ਖਾੜਕੂ, ਤਿੰਨ ਪਾਂਜੇ ਸੌ) ਸਿੱਧੇ ਤੌਰ ਉੱਤੇ ਦਲਿਤ ਜੀਵਨ ਦੀਆਂ ਸਮੱਸਿਆਵਾਂ ਵਾਲੇ ਸ਼ੋਖ਼ ਰੰਗਾਂ ਦੀ ਭਾਹ ਮਾਰਦੇ ਹਨ।

'ਰੇਪ' ਕਹਾਣੀ ਵਿਚ ਦੋ ਵਰਗਾਂ ਦੀ ਮਾਨਸਿਕ ਗੁੰਝਲ ਦਾ ਪ੍ਰਗਟਾਵਾ ਹੈ। ਪਹਿਲਾ ਦਲਿਤ ਵਰਗ ਹੈ। ਦੂਸਰਾ ਪਹਿਲੇ ਵਰਗ ਦੀ ਮਿਹਨਤ ਉੱਤੇ ਪਲ਼ਣ ਵਾਲਾ ਪੇਂਡੂ ਕਿਸਾਨੀ ਮੱਧਵਰਗ। ਦੂਸਰਾ ਵਰਗ ਪਹਿਲੇ ਵਰਗ ਨੂੰ ਸਰੀਰਕ ਤੇ ਮਾਨਸਿਕ ਪੀੜਾ ਦਿੰਦਾ ਹੈ ਜਦਕਿ ਪਹਿਲਾ ਵਰਗ ਇਸ ਪੀੜਾ ਨੂੰ ਜਰਦਾ ਵੀ ਹੈ ਅਤੇ ਇਸਦਾ ਹੱਲ ਵੀ ਮਾਨਸਿਕਤਾ ਦੀ ਪੱਧਰ ਉੱਤੇ ਹੀ ਰਹਿ ਕੇ ਕਰਦਾ ਹੈ। ਅਜਿਹੀ ਸਮਾਜਕ ਸੰਕਲਪਨਾ ਸਾਮੰਤੀ ਸਮਾਜ ਵਿਚ ਵੀ ਮੌਜੂਦ ਸੀ। ਕਹਾਣੀ ਵਿਚ ਜੇ ਕੋਈ ਨਵੀਂ ਸਮਾਜਕ ਸੰਕਲਪਨਾ ਆਈ ਹੈ, ਤਾਂ ਉਹ ਇਸ ਦੂਸਰੇ ਵਰਗ ਦੇ ਆਰਥਿਕ ਢਿੱਲੇਪਣ ਕਰਕੇ ਅਤੇ ਚੇਤਨਾ ਦੀ ਪੱਧਰ 'ਤੇ ਜਨ ਸਾਧਾਰਨ ਦੀ ਚੇਤਨਾ ਨਾਲ ਜੁੜਨ ਕਰਕੇ ਹੈ। ਇਸੇ ਲਈ 'ਰੇਪ' ਕਹਾਣੀ ਦੀ ਮੁੱਖ ਪਾਤਰ ਸੁਖਜੀਤ ਆਪਣੇ ਭਰਾ ਵੱਲੋਂ ਕੀਤੇ ਰੇਪ ਦੀ ਖ਼ਬਰ ਦੇ ਲੋਕਾਂ ਤਕ ਪਹੁੰਚਣ ਤੋਂ ਡਰਦੀ ਹੋਈ ਜਸਵੀਰ ਸਾਹਵੇਂ ਭਾਵੁਕ ਤੌਰ ਉੱਤੇ ਪੰਘਰਦੀ ਹੈ। ਉਸਦੇ ਇਸ ਕਰਮ ਪਿੱਛੇ ਆਪਣੇ ਵਰਗ ਦੇ ਬਲਾਤਕਾਰੀ ਸੁਭਾਅ ਨੂੰ ਅਨੋਖੇ ਢੰਗ ਨਾਲ ਲੁਕਾਉਣ ਦਾ ਉਪਰਾਲਾ ਹੈ। ਤੇ ਇਸ ਉਪਰਾਲੇ ਵਿਚ ਉਹ ਪੂਰੀ ਤਰ੍ਹਾਂ ਨਾਲ ਸਫ਼ਲ ਵੀ ਹੋਈ ਹੈ। ਸਰੂਪ ਸਿਆਲਵੀ ਦੀਆਂ ਕਹਾਣੀਆਂ ਬਾਰੇ ਪ੍ਰਗਟਾਏ ਡਾ. ਰਜਨੀਸ਼ ਬਹਾਦਰ ਸਿੰਘ ਦੇ ਹੇਠ ਲਿਖੇ ਵਿਚਾਰਾਂ ਨਾਲ ਸਹਿਜੇ ਹੀ ਸਹਿਮਤ ਹੋਇਆ ਜਾ ਸਕਦਾ ਹੈ:

"ਸਰੂਪ ਸਿਆਲਵੀ ਜਿਸ ਵਸਤੂ-ਸਥਿਤੀ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਉਂਦਾ ਹੈ, ਉਸ ਸਥਿਤੀ ਨੂੰ ਪੇਸ਼ ਕਰਨ ਲਈ ਵਿਸ਼ੇਸ਼ ਕਥਾ-ਜੁਗਤਾਂ ਦੀ ਵਰਤੋਂ ਵੀ ਕਰਦਾ ਹੈ। ਉਹ ਕਹਾਣੀ ਵਿਚ ਘਟਨਾਵਾਂ, ਸਥਿਤੀਆਂ ਤੇ ਪਾਤਰਾਂ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਫੜਦਾ ਹੈ। ਇਹ ਮਨੋਵਿਗਿਆਨ ਕੋਈ ਆਰੋਪਿਤ ਗਿਆਨ ਦੀ ਥਾਂ ਪਾਤਰਾਂ ਦੇ ਵਿਹਾਰ 'ਚੋਂ ਉੱਭਰਦਾ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਮਾਨਸਿਕ ਤੌਰ 'ਤੇ ਇਕ-ਦੂਜੇ ਨਾਲ ਗੁੱਥਮ-ਗੁੱਥਾ ਹੁੰਦੇ ਹਨ। ਉਹ



ਵਰਤਮਾਨ ਤੋਂ ਭੂਤਕਾਲ ਦਾ ਸਫਰ ਕਰਦੇ ਹਨ। ਉਹ ਦਲਿਤਾਂ ਦੀ ਸਥਿਤੀ ਨੂੰ ਪੀੜ੍ਹੀਆਂ ਦੇ ਇਤਿਹਾਸ ਨਾਲ ਜੋੜ ਕੇ ਪੇਸ਼ ਕਰਦਾ ਹੈ।"[1]

ਪਾਤਰ-ਪ੍ਰਧਾਨ ਕਹਾਣੀ 'ਜੈਲੋ' ਦਲਿਤ ਵਰਗ ਦੀਆਂ ਆਰਥਿਕ ਤੰਗੀਆਂ ਤੁਰਸ਼ੀਆਂ ਨੂੰ ਸਮਰਪਤ ਹੈ। ਇਹ ਵਰਗ ਆਪਣੀ ਗਰੀਬੀ ਨੂੰ ਡੂੰਘੇ ਤੋਂ ਡੂੰਘਾ ਦਫਨਾਉਣ ਦੀ ਕੋਸ਼ਿਸ਼ ਵਿਚ ਖੇਤ ਤੋਂ ਘਰ ਅਤੇ ਘਰ ਤੋਂ ਖੇਤ ਦਾ ਸਫ਼ਰ ਤੈਅ ਕਰਦਾ ਹੋਇਆ ਆਪਣੇ ਵਿਚ ਆਤਮ ਵਿਸ਼ਵਾਸ ਵੀ ਜਗਾਉਂਦਾ ਹੈ। ਕਹਾਣੀ ਵਿਚਲੀਆਂ ਜੈਲੋ ਨਾਲ ਘਟਦੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ। ਜੈਲੋ ਦੋਹਰੀ ਸ਼ਖ਼ਸੀਅਤ ਦੀ ਮਾਲਕ ਹੈ। ਇਸ ਸ਼ਖ਼ਸੀਅਤ ਦਾ ਇਕ ਪਹਿਲੂ ਉਦੋਂ ਉਘੜਦਾ ਹੈ ਜਦੋਂ ਇਸ ਦੀ ਮੁੱਠਭੇੜ ਉੱਚ ਵਰਗ ਨਾਲ ਹੁੰਦੀ ਹੈ। ਉਦੋਂ ਇਸ ਪਾਤਰ ਨੂੰ ਕੋਈ ਗੁੱਝੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਦੂਸਰਾ ਪਹਿਲੂ ਉਦੋਂ ਉਜਾਗਰ ਹੁੰਦਾ ਹੈ, ਜਦੋਂ ਇਸ ਦੀ ਮੁੱਠਭੇੜ ਇਸਦੇ ਆਪਣੇ ਹੀ ਵਰਗ ਨਾਲ ਹੁੰਦੀ ਹੈ। ਉਦੋਂ ਇਸਦੇ ਜਿਸਮ ਅਤੇ ਆਤਮਾ ਦੋਹਾਂ ਵਿਚੋਂ ਹੀ ਖ਼ੂਨ ਚੋਂਦਾ ਹੈ। ਇੰਝ ਦੋਹਰੀ ਸ਼ਖ਼ਸੀਅਤ ਦੇ ਉਸਦੇ ਚਰਿੱਤਰ-ਨਿਰਮਾਣ ਵਿਚੋਂ ਦਲਿਤ ਵਰਗ ਦੀ ਯਥਾਯੋਗ ਅਸਲੀਅਤ ਮੂਰਤੀਮਾਨ ਹੋ ਜਾਂਦੀ ਹੈ।

"ਨੀਵੀਂ ਜਾਤੀ ਵਿਚੋਂ ਹੋਣ ਦੇ ਸੰਸਕਾਰ ਐਨੇ ਡੂੰਘੇ ਉਕਰ ਗਏ ਕਿ ਉਹ ਸਮਝਣ ਲੱਗ ਪਿਆ— ਜਿਵੇਂ ਉਹ ਜੰਮਿਆ ਹੀ ਨੀਚ ਹੋਵੇ।—ਤੇ ਇਨ੍ਹਾਂ ਸ਼੍ਰੇਣੀਆਂ ਦੇ ਬਹੁਤੇ ਪੜ੍ਹੇ ਲਿਖੇ ਤੇ ਖਾਂਦੇ ਪੀਂਦੇ ਵਿਅਕਤੀ ਨੀਵੀਆਂ ਜਾਤੀਆਂ ਵਿਚੋਂ ਹੋਣ ਦੇ ਸੰਸਕਾਰਾਂ ਤੋਂ ਬਚਣ ਲਈ—ਉੱਚੀਆਂ ਜਾਤੀਆਂ ਦੇ ਲੋਕਾਂ ਨੂੰ ਖਿਲਾਣ-ਪਿਲਾਣ ਤੇ ਉਹਨਾਂ ਨਾਲ ਮੇਲ-ਜੋਲ ਵਧਾਉਣ ਵਿਚ ਮਾਣ ਮਹਿਸੂਸ ਕਰਦੇ ਹਨ। ਤੇ ਆਪਣੇ ਆਪ ਨੂੰ ਉਹਨਾਂ ਦੇ ਬਰਾਬਰ ਦਾ ਸਮਝਣ ਲਈ, ਉਹ ਨੀਵੀਆਂ ਸ਼੍ਰੇਣੀਆਂ ਦੇ ਘਟੀਆ ਜੀਵਨ ਗੁਜ਼ਾਰ ਰਹੇ ਲੋਕਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਵੇਖਣ ਲੱਗ ਪੈਂਦੇ ਹਨ। ਤੇ ਇਹਨਾਂ ਵਿਚੋਂ ਜਿਹੜੇ ਕੋਠੀ ਤੇ ਕਾਰ ਦੇ ਚੱਕਰ ਵਿਚ ਪੈ ਜਾਂਦੇ ਹਨ, ਉਹਨਾਂ ਵਿਚੋਂ ਬਹੁਤੇ ਲੋਕ ਤਾਂ ਜਨ-ਸਾਧਾਰਨ ਨੂੰ ਇਨਸਾਨ ਸਮਝਣ ਤੋਂ ਹੀ ਹਟ ਜਾਂਦੇ ਹਨ।"[2] 'ਵਖਰੇਵਾਂ' ਕਹਾਣੀ ਦੇ ਇਸ ਗਲਪਕ ਟੁਕੜੇ ਦਾ ਸੱਚ ਹੀ ਕਹਾਣੀ ਦੇ ਆਰ-ਪਾਰ ਫੈਲਿਆ ਹੋਇਆ ਹੈ। ਕਹਾਣੀ 'ਪਿੰਡ ਅਜੇ ਜੀਉਂਦਾ ਹੈ' ਵਿਚਲਾ ਰਚਨਾਤਮਕ ਉਦੇਸ਼ ਦਲਿਤ ਵਰਗ ਨੂੰ ਅਜਿਹੇ ਸੱਚ ਨਾਲ ਨਿਪਟਣ ਲਈ ਇਕਮੁੱਠ ਹੋਣ ਦਾ ਸੰਦੇਸ਼ ਦਿੰਦਾ ਹੈ।

ਸੰਨ ਸੰਤਾਲੀ ਦੇ ਦੰਗੇ, ਖਾੜਕੂਆਂ ਦੇ ਅਮਾਨਵੀ ਕਾਰਨਾਮੇ, ਪਰਵਾਸੀ ਮਜ਼ਦੂਰਾਂ ਦਾ ਕਤਲ, ਰਾਸ਼ਟਰੀ ਪੱਧਰ ਉੱਤੇ ਦਲਿਤ ਲੋਕਾਂ ਨਾਲ ਹੁੰਦੇ ਅਣਮਨੁੱਖੀ ਵਿਤਕਰੇ, ਸਰਕਾਰਾਂ ਵੱਲੋਂ ਲੋਕਾਂ ਨਾਲ ਕੀਤਾ ਜਾਂਦਾ ਅਨਿਆਂ ਆਦਿ ਘਟਨਾਤਮਕ ਵੇਰਵਿਆਂ ਰਾਹੀਂ ਹਿੰਦੁਸਤਾਨ ਵਿਚ ਫੈਲੀ ਫਿਰਕੂਪਣੇ ਦੀ ਜ਼ਹਿਰ ਨੂੰ ਸਾਕਾਰ ਕਰਦੀ 'ਮਾੜਚੂ-ਖਾੜਕੂ' ਕਹਾਣੀ ਦੱਸਦੀ ਹੈ ਕਿ ਅਜਿਹੇ ਹਾਲਾਤ ਵਿਚ ਕੁੱਲ ਲੁਕਾਈ ਦੀ ਜਾਨ ਕੁੜਿੱਕੀ 'ਚ ਫਸੀ ਰਹਿੰਦੀ ਹੈ। ਇਸੇ ਤਰ੍ਹਾਂ ਹੀ 'ਟੁੱਟੇ ਭੱਜੇ' ਕਹਾਣੀ ਵਿਚ ਘਰ ਨੂੰ 'ਖਲਜਗਣ' ਮੰਨਣ ਵਾਲੇ ਵਿਅਕਤੀਆਂ ਦੇ ਵਿਅਕਤੀ ਚਿੱਤਰ, ਪੁਲਿਸ ਵਧੀਕੀਆਂ, ਝੁੱਗੀ ਝੌਂਪੜੀ ਕਲੋਨੀ ਦੀ ਸਮਾਜਕ, ਆਰਥਿਕ ਤੇ ਮਾਨਸਿਕ ਬਨਾਵਟ, ਸ਼ਹਿਰੀ ਲੋਕਾਂ ਦੇ ਮਾਨਸਿਕ ਹਾਲਾਤ ਆਦਿ ਰਾਹੀਂ ਸਮਕਾਲੀਨ ਸਮਾਜਕ ਸਮੱਸਿਆਵਾਂ ਨਾਲ ਸਾਂਝ ਪੁਆਈ ਗਈ ਹੈ। ਪਰ 'ਆਪਣਾ ਕਮਰਾ' ਅਤੇ 'ਡੁਪਲੀਕੇਟ' ਦੋਵਾਂ ਹੀ ਕਹਾਣੀਆਂ ਵਿਚ ਬੰਦੇ ਨੂੰ ਬੰਦੇ ਦੇ ਡੁਪਲੀਕੇਟ ਤੋਂ ਬਚਣ ਦਾ ਸੰਦੇਸ਼ ਵੀ ਦਿੱਤਾ ਗਿਆ ਹੈ। ਇਸੇ ਸੰਦੇਸ਼ ਵਿਚ ਹੀ ਇਹਨਾਂ ਕਹਾਣੀਆਂ ਦਾ ਮਾਨਵਤਾਵਾਦੀ ਪੱਖ ਲੁਕਿਆ ਪਿਆ ਹੈ।

ਚਾਰ ਕਹਾਣੀਆਂ-'ਡਿਗਦਿਆਂ ਡਿਗਦਿਆਂ', 'ਨੇੜਿਓਂ ਨੇੜੇ-ਦੂਰੋਂ ਦੂਰ', 'ਮੋਨਾਲਿਜ਼ਾ' ਅਤੇ 'ਸ਼ੀਲੋ' ਔਰਤ-ਮਰਦ ਦੇ ਪ੍ਰੇਮ ਸੰਬੰਧਾਂ ਦੀਆਂ ਵਿਭਿੰਨ ਡਾਈਮੈਨਸ਼ਨਜ਼ ਨੂੰ ਪੇਸ਼ ਕਰਦੀਆਂ ਹਨ। ਪਹਿਲੀ ਕਹਾਣੀ ਵਿਚ ਮੱਧਵਰਗੀ ਪਰਿਵਾਰ ਦੇ ਦੰਪਤੀ ਜੋੜੇ ਦੀਆਂ ਆਰਥਿਕ ਤੰਗੀਆਂ ਦੀ ਪੂਰਤੀ/ਸੰਤੁਸ਼ਟੀ ਉਹਨਾਂ ਦੇ ਆਪਸੀ ਪ੍ਰੇਮ ਦੇ ਨਿੱਘ ਵਿਚੋਂ ਹੁੰਦੀ ਦਿਖਾਈ ਗਈ ਹੈ। ਦੂਸਰੀ ਕਹਾਣੀ ਵਿਚ ਥੱਕੀਆਂ ਟੁੱਟੀਆਂ ਅਤ੍ਰਿਪਤ ਭਾਵਨਾਵਾਂ ਸੰਗ ਘੋਲ ਘੁਲਦਿਆਂ ਦੋ ਪ੍ਰੇਮੀਆਂ ਦੀ ਪ੍ਰੇਮ-ਵਿਡੰਬਨਾ ਦਾ ਚਿੱਤਰ ਹੈ। ਤੀਸਰੀ, ਦਫਤਰ ਵਿਚ ਕੰਮ ਕਰਦਾ ਇਕ ਕਰਮਚਾਰੀ 'ਮੋਨਾਲਿਜ਼ਾ' ਦੀ ਮੁਸਕਾਨ ਬਿਖੇਰਨ ਵਾਲੀ ਪੇਂਟਿੰਗ ਤੋਂ ਪ੍ਰਭਾਵਿਤ ਹੋ ਕੇ ਆਪਣੀ ਪਤਨੀ ਦੇ ਨਾਲ ਪ੍ਰੇਮ ਸਬੰਧਾਂ ਦਾ ਵਿਸਥਾਰ ਕਰਦਾ ਵੇਖਿਆ ਜਾ

ਸਕਦਾ ਹੈ। ਚੌਥੀ, ਪ੍ਰੇਮ ਦੇ ਪਾਸ਼ਵਿਕ ਸਰੂਪ ਦਾ ਉਲੇਖ ਕਰਦੀ ਹੈ ਜਿਸ ਵਿਚ 'ਅੰਡਰ-ਗਰਾਊਂਡ-ਸੈਕਸ ਇੰਡਸਟਰੀ' ਕੰਮ ਕਰਦੀ ਵੇਖੀ ਜਾ ਸਕਦੀ ਹੈ।

'ਨ੍ਹੇਰੇ ਦੇ ਵਾਸੀ-1' ਅਤੇ 'ਨ੍ਹੇਰੇ ਦੇ ਵਾਸੀ-2' ਕਹਾਣੀਆਂ ਵਿਚ ਪਿੰਡ ਤੋਂ ਸ਼ਹਿਰ ਅਤੇ ਸ਼ਹਿਰ ਤੋਂ ਵਿਦੇਸ਼ ਵਿਚ ਰੂਪਾਂਤਰਤ ਹੁੰਦੇ ਦਲਿਤ ਜੀਵਨ-ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ। ਪੇਸ਼ ਕੀਤੇ ਗਏ ਅਜਿਹੇ ਯਥਾਰਥ ਨੂੰ ਵਿਚਾਰਨ ਤੋਂ ਪਤਾ ਲਗਦਾ ਹੈ ਕਿ ਦਲਿਤ ਆਪਣੇ ਜੱਦੀ-ਪੁਸ਼ਤੀ ਕਿੱਤੇ (ਮੋਏ ਪਸ਼ੂ ਚੁੱਕ ਕੇ ਉਹਨਾਂ ਦਾ ਕੱਚਾ ਚਮੜਾ ਰੰਗਣ ਤੋਂ ਲੈ ਕੇ ਕਿਸਾਨਾਂ ਦੀ ਸੇਪੀ ਕਰਨ ਤਕ) ਛੱਡਦੇ ਜਾ ਰਹੇ ਹਨ ਅਤੇ ਸ਼ਹਿਰੀ ਤੇ ਪਰਵਾਸੀ ਜੀਵਨ ਹੰਢਾਉਂਦੇ ਹਨ। ਨੌਕਰੀ ਵਰਗੇ ਮੱਧਵਰਗੀ ਕਿੱਤੇ ਅਪਣਾ ਰਹੇ ਹਨ। ਐਪਰ ਸਮਾਜਕ ਤੇ ਸਭਿਆਚਾਰਕ ਸਥਿਤੀਆਂ ਏਨੀਆਂ ਜ਼ੋਰਾਵਰ ਹਨ ਕਿ ਉਹਨਾਂ ਨੂੰ ਫਿਰ ਵੀ ਜਾਤੀ ਆਧਾਰ ਉੱਤੇ ਹਨ੍ਹੇਰੇ ਰੂਪੀ ਅਨਿਆਂ ਨਾਲ ਜੂਝਣਾ ਪੈਂਦਾ ਹੈ। ਇਕ ਕਹਾਣੀਕਾਰ ਦੇ ਤੌਰ ਉੱਤੇ ਸਰੂਪ ਸਿਆਲਵੀ ਵੀ ਅਜਿਹੇ ਹਨ੍ਹੇਰੇ ਨਾਲ ਜੂਝ ਕੇ ਆਪਣੀ ਕਹਾਣੀ ਦੀ ਸਿਰਜਣਾ ਕਰਦਾ ਹੈ।

'ਨ੍ਹੇਰੇ ਦੇ ਵਾਸੀ' ਕਹਾਣੀ ਸੰਗ੍ਰਹਿ ਦੀ ਪ੍ਰਵੇਸ਼ਿਕਾ ਵਜੋਂ ਲਿਖੇ 'ਨ੍ਹੇਰੇ ਦੇ ਵਾਸੀਆਂ ਦਾ ਸੱਚ' ਨਾਮੀ ਸਿਰਲੇਖ ਵਾਲੇ ਨਿਬੰਧ ਵਿਚ ਦਰਜ ਕਹਾਣੀਕਾਰ ਦੀਆਂ ਇਹਨਾਂ ਸਤਰਾਂ ਨੂੰ ਵਿਚਾਰਨਾ ਯੋਗ ਹੋਵੇਗਾ, "ਮੇਰਾ ਪਹਿਲਾ ਕਹਾਣੀ ਸੰਗ੍ਰਹਿ 'ਪਿੰਡ ਅਜੇ ਜਿਉਂਦਾ ਹੈ'2001 ਵਿਚ ਛਪਿਆ। ਉਸ ਵੇਲੇ ਆਪਣੇ ਪਿੰਡ ਵਿਚ ਮੈਨੂੰ ਨੀਵਾਂ ਦਿਖਾਉਣ ਲਈ ਪਿੰਡ ਦੀ ਪੰਚੈਤ ਨੇ ਮੇਰੇ ਘਰ ਅੱਗੇ ਦੀ ਜਾਂਦੀ ਵਿੰਗੀ ਸਿੱਧੀ ਗਲ਼ੀ ਦੇ ਝਗੜੇ ਵਿਚ ਉਲਝਾ ਲਿਆ। ਜਿੱਥੇ ਇਸ ਕੇਸ ਵਿਚ ਮੇਰਾ ਧਨ ਬਰਬਾਦ ਹੋਇਆ ਉੱਥੇ ਮੈਨੂੰ ਅਤਿਅੰਤ ਮਾਨਸਿਕ ਪਰੇਸ਼ਾਨੀ, ਡਿਪਰੈਸ਼ਨ ਵਿਚੋਂ ਲੰਘਣਾ ਪਿਆ। ਸੰਨ 2004 ਵਿਚ ਮੁੜ ਲਿਖਣਾ ਸ਼ੁਰੂ ਕੀਤਾ। 'ਵਿੰਗੀ ਸਿੱਧੀ ਗਲ਼ੀ' ਦੇ ਝਗੜੇ ਦਾ ਵਿਸ਼ਾ ਮੇਰੀ ਹਰ ਕਹਾਣੀ ਵਿਚ ਵਿੰਗੇ ਟੇਢੇ ਰੂਪ ਵਿਚ ਆਉਣ ਲੱਗ ਪਿਆ।"[3]

'ਨ੍ਹੇਰੇ ਦੇ ਵਾਸੀ' ਸੰਗ੍ਰਹਿ ਵਿਚ ਸਰੂਪ ਸਿਆਲਵੀ ਦੇ ਵਿਅਕਤੀ-ਆਪੇ ਦਾ ਸਮਾਜਕ ਸੰਦਰਭ ਵਿਚ ਵੱਡਾ ਹੋਇਆ ਗਲਪੀ ਪਰਛਾਵਾਂ ਵੇਖਣ ਨੂੰ ਮਿਲਦਾ ਹੈ। ਉਹ ਕਹਾਣੀ ਲਿਖਣ ਲਈ ਆਪਣੀ ਬੋਧਿਕਤਾ ਦਾ ਇਸਤੇਮਾਲ ਇੰਝ ਕਰਦਾ ਹੈ ਕਿ ਕਹਾਣੀ ਵਿਚ ਜੜਿਆ 'ਤੱਥ', ਤੱਥ ਨਾ ਰਹਿ ਕੇ ਗਲਪ ਦੇ ਘੇਰੇ ਦੀ ਅਜਿਹੀ ਵਸਤੂ ਬਣ ਜਾਂਦਾ ਹੈ। ਜਿਸ ਦਾ ਮੰਤਵ ਦਲਿਤ ਸਮਾਜ ਦੀ ਇਤਿਹਾਸਕ ਜਾਣਕਾਰੀ ਦੇਣ ਦੇ ਨਾਲ-ਨਾਲ ਉਸ ਦੀ ਵਰਤਮਾਨ ਸਥਿਤੀ ਦੇ ਜ਼ਿਕਰਯੋਗ ਪਹਿਲੂਆਂ ਨੂੰ ਵੀ ਉਭਾਰਨਾ ਹੋਵੇ। ਮਿਸਾਲ ਵਜੋਂ 'ਰੱਜਤਨਾਮੀਏ' ਕਹਾਣੀ ਦੇ ਗਲਪੀ ਵਿਸਤਾਰ ਦਾ ਮੂਲ ਤੱਥ ਜਰਨੈਲ ਸਿੰਘ ਨਾਮੀ ਪਾਤਰ ਵੱਲੋਂ ਆਪਣੇ ਦਾਦੇ ਯਾਨੀ ਜ਼ੈਲਦਾਰ ਸੂਬਾ ਸਿੰਘ ਦੀ ਬਹੀ ਵਿਚੋਂ ਪਿੰਡ ਦੀ ਸਾਂਝੀ ਮੀਟਿੰਗ ਵਿਚ ਪੜ੍ਹ ਕੇ ਸੁਣਾਏ ਜਾਂਦੇ ਇਹਨਾਂ ਬੋਲਾਂ ਵਿਚ ਮੌਜੂਦ ਹੈ: "ਅੰਬੇਡਕਰ ਨੇ 1952 ਵਿਚ ਰਾਜ ਸਭਾ ਵਿਚ ਬਿਆਨ ਦਿੱਤਾ ਸੀ ਕਿ ਪੰਜਾਬ ਵਿਚ ਅਛੂਤਾਂ ਦੇ ਨਾਂ ਜ਼ਮੀਨ ਦੀ ਰਜਿਸਟਰੀ ਨਹੀਂ ਹੋ ਸਕਦੀ ਦਾ ਲੈਂਡ ਐਲਾਈਨੇਸ਼ਨ ਐਕਟ ਆਫ ਪੰਜਾਬ 1901 ਅਨੁਸਾਰ 12 ਜਾਤਾਂ ਮੌਰੂਸੀ ਹਨ ਤੇ ਬਾਕੀ ਸਾਰੀਆਂ ਜਾਤਾਂ ਗੈਰ ਮੌਰੂਸੀ ਹਨ। ਅੰਗਰੇਜ਼ਾਂ ਨੇ ਜ਼ਿਮੀਦਾਰਾਂ ਨੂੰ ਇਹ ਇਨਾਮ 1857 ਵਿਚ ਬਗ਼ਾਵਤ ਦਬਾਉਣ ਵਿਚ ਉਹਨਾਂ ਦੀ ਸਹਾਇਤਾ ਕਰਨ ਲਈ ਦਿੱਤਾ ਸੀ। ਰਾਜ ਦੀ ਸਾਰੀ ਜ਼ਮੀਨ ਦੇ ਮਾਲਕੜ ਰਜਵਾੜੇ ਤੇ ਵੱਡੇ ਜਾਗੀਰਦਾਰ ਹੁੰਦੇ ਸਨ।ਤੇ ਬਾਕੀ ਸਾਰੇ ਕਾਸ਼ਤਕਾਰ ਜੱਟ ਤੇ ਅਛੂਤ ਮੁਜ਼ਾਰੇ ਹੁੰਦੇ ਸਨ। ਪਰ 1901ਦੇ 'ਇੰਤਕਾਲ ਇਰਾਜ਼ੀ ਐਕਟ' ਅਨੁਸਾਰ ਅਛੂਤਾਂ ਤੋਂ ਕਾਸ਼ਤਕਾਰ ਹੁੰਦਿਆਂ ਜ਼ਮੀਨਾਂ ਖੋਹ ਲਈਆਂ ਤੇ ਜੱਟਾਂ ਨੂੰ ਉਹਨਾਂ ਜ਼ਮੀਨਾਂ ਦੀ ਮਾਲਕੀ ਦੇ ਹੱਕ ਦੇ ਦਿੱਤੇ ਗਏ। ਭਾਵੇਂ ਕਿ ਭਾਰਤ ਸਰਕਾਰ ਨੇ 1955 ਵਿਚ 'ਇੰਤਕਾਲ ਇਰਾਜ਼ੀ ਐਕਟ-1901' ਰੱਦ ਕਰ ਦਿੱਤਾ ਸੀੜਤੇ ਅਛੂਤਾਂ ਦੇ ਕਬਜ਼ੇ ਵਾਲੀ ਜ਼ਮੀਨ ਦੀ ਮਾਲਕੀ ਮਹਿਕਮਾ ਮਾਲ ਦੇ ਰਿਕਾਰਡ ਵਿਚ ਉਹਨਾਂ ਦੇ ਨਾਮ ਦਰਜ ਹੋਣ ਲੱਗ ਪਈ ਸੀ। ਪਰ ਐਥੇ ਵੀ ਵੇਖੋ ਸਾਡੇ ਦਾਦਾ ਜ਼ੈਲਦਾਰ ਸੂਬਾ ਸਿੰਘ ਦਾ ਕਮਾਲੜਉਹਨਾਂ ਆਪਣੇ ਪਿੰਡ ਦੇ ਮਜ਼੍ਹਬੀ ਬਾਲਮੀਕੀਆਂ ਦੇ ਘਰਾਂ ਦੀ ਜ਼ਮੀਨ ਦੀ ਮਲਕੀਅਤੜਮਹਿਕਮਾ ਮਾਲ ਦੇ ਰਿਕਾਰਡ ਵਿਚੜਉਹਨਾਂ ਦੇ ਨਾਂ ਦਰਜ ਨੀ ਹੋਣ ਦਿੱਤੀ। ਅਜੇ ਵੀ ਪਟਵਾਰੀ ਦੇ ਰਿਕਾਰਡ ਵਿਚ ਬਾਲਮੀਕੀਆਂ ਦੇ ਨਾਂ ਖਾਨਾ ਕਾਸ਼ਤ ਵਿਚ ਦਰਜ ਹਨ। ਮਲਕੀਅਤ ਦੇ ਖਾਨੇ ਵਿਚ ਜ਼ਿਮੀਂਦਾਰਾਂ ਦੇ ਨਾਂ ਬੋਲਦੇ ਹਨ। ਹੁਣ ਤੀਜੀ ਪੁਸ਼ਤ ਵਿਚ ਤੁਸੀਂ ਇਸ ਦਾ



ਫਾਇਦਾ ਉਠਾਉ ਤੇ ਪਟਵਾਰੀ ਤੋਂ ਫਰਦਾਂ ਲੈ ਕੇੜਆਪਣੀ ਆਪਣੀ ਮਲਕੀਅਤ ਵਾਲੀ ਜ਼ਮੀਨ ਲੱਖ ਰੁਪਏ ਦੇ ਮਰਲੇ ਦੇ ਹਿਸਾਬ ਨਾਲ ਵੇਚ ਕੇ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰੋ ।"?[4]

ਉਪਰੋਕਤ ਤੱਥ ਦੇ ਆਧਾਰ ਉੱਤੇ ਕਹਾਣੀਕਾਰ ਨੇ 'ਰੱਜਤਨਾਮੀਏ' ਕਹਾਣੀ ਦੀ ਸਿਰਜਣਾ ਕੀਤੀ ਹੈ। ਕਿਉਂਜ਼, ਇਸ ਤੱਥ ਨੂੰ ਰਾਏ ਮਾਜਰਾ ਤੇ ਮਾਣੇ ਮਾਜਰਾ ਪਿੰਡਾਂ ਦੇ ਵਸਨੀਕਾਂ ਦੀ ਧੜੇਬੰਦੀ ਕਾਰਨ ਹੁੰਦੀਆਂ ਲੜਾਈਆਂ, ਤੇਜ਼ੀ ਦੇ ਦੌਰ ਵਿਚ ਚੰਡੀਗੜ੍ਹ ਨੇੜਲੇ ਪਿੰਡਾਂ ਦੀਆਂ ਜ਼ਮੀਨਾਂ ਨੂੰ ਸਸਤੇ ਭਾਅ ਲੈ ਕੇ ਮਹਿੰਗੇ ਭਾਅ ਵੇਚਦੇ ਪ੍ਰਾਪਰਟੀ ਡੀਲਰਾਂ ਦੇ ਕਾਰਨਾਮਿਆਂ, ਪਿੰਡਾਂ ਵਿਚ ਮਜ਼੍ਹਬੀ, ਬਾਲਮੀਕੀਏ ਅਤੇ ਜ਼ਿਮੀਦਾਰਾਂ ਦੀ ਆਪਸੀ ਖਹਿਬਾਜ਼ੀ ਤੇ ਲੜਾਈ-ਝਗੜੇ ਅਤੇ ਬੰਦੂਕ ਦੀ ਨੋਕ ਉੱਤੇ ਖੌਰੂ ਪਾਉਂਦੇ ਖਾੜਕੂਆਂ ਦੇ ਖਾੜਕੂਪੁਣੇ, ਆੜ੍ਹਤੀਆਂ ਦਾ ਕਰਜ਼ਾ ਨਾ ਮੋੜਨ ਕਰਕੇ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ, ਪੰਜਾਬ ਵਿਚ ਠੇਠ ਪੰਜਾਬੀ ਬੋਲਣ ਵਾਲੇ ਪ੍ਰਫੁੱਲਤ ਹੁੰਦੇ ਭਈਆ ਸਭਿਆਚਾਰ, ਬਾਲਮੀਕੀਆਂ ਤੇ ਜੱਟਾਂ ਦਾ ਸਾਮਾਨ ਗੋਤਰ, ਬਹੁਜਨ ਸਮਾਜ ਪਾਰਟੀ ਦੇ ਵਿਭਿੰਨ ਧੜਿਆਂ ਵਿਚ ਵੰਡੇ ਜਾਣ ਦੇ ਸੰਕੇਤਕ ਹਵਾਲੇ ਅਤੇ ਬਾਰ ਦੇ ਇਲਾਕੇ ਵਿਚ ਦਲਿਤ ਭਾਈਚਾਰੇ ਦੀ ਯਥਾਰਥਕ ਤਸਵੀਰ ਰਾਹੀਂ ਦਲਿਤਾਂ ਦੇ ਪੂਰਵਜਾਂ ਦੀ ਦਰਦ ਭਰੀ ਵਿਥਿਆ ਆਦਿ ਨੂੰ ਬਿਰਤਾਂਤਕ ਪਾਸਾਰ ਦਿੱਤਾ ਗਿਆ ਹੈ। ਕੇਂਦਰੀ ਸਮੱਸਿਆ ਤਾਂ ਇਹੋ ਹੈ ਕਿ ਪੰਜਾਬ ਦੇ ਕਿਸਾਨੀ ਸਭਿਆਚਾਰ ਵਿਚਲੀ ਰਜਵਾੜਾਸ਼ਾਹੀ, ਜਾਗੀਰਦਾਰੀ ਅਤੇ ਜ਼ਿਮੀਦਾਰੀ ਸੋਚ ਵਿਚੋਂ ਚੱਲੀ 'ਗੋਲੀ' ਦਾ ਮੁਕਾਬਲਾ ਦਲਿਤ ਵਰਗ ਕੀ 'ਤਲਵਾਰ' ਨਾਲ ਕਰ ਸਕਦਾ ਹੈ? ਸਰੂਪ ਸਿਆਲਵੀ ਨੇ ਕਾਬਲ ਸਿੰਘ (ਜੱਟ ਸ਼੍ਰੇਣੀ) ਅਤੇ ਜੱਥੇਦਾਰ ਫੌਜਾ ਸਿੰਘ (ਦਲਿਤ ਸ਼੍ਰੇਣੀ) ਦੇ ਕਤਲ ਵਾਲੀ ਘਟਨਾ ਸਿਰਜ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਵਿਅਕਤੀਗਤ ਯਤਨਾਂ ਨਾਲੋਂ ਚੇਤਨਾਮਈ ਸਮੂਹਕ ਯਤਨ ਦਲਿਤ ਸਮਾਜ ਲਈ ਲਾਹੇਵੰਦ ਇਨਕਲਾਬ ਦੀ ਸਿਰਜਣਾ ਕਰ ਸਕਦੇ ਹਨ। ਸ਼ਾਇਦ ਇਸੇ ਲਈ ਸਰੂਪ ਸਿਆਲਵੀ ਦੀਆਂ ਕਹਾਣੀਆਂ ਵਿਚ ਵਿਅਕਤੀਗਤ ਸਮੱਸਿਆਵਾਂ ਨੂੰ ਸੰਘਰਸ਼ਸ਼ੀਲ ਸਮੂਹਕ ਯਤਨਾਂ ਨਾਲ ਨਜਿੱਠਣ ਦਾ ਉਪਰਾਲਾ ਕੀਤਾ ਗਿਆ ਹੈ। ਕਹਾਣੀਆਂ ਵਿਚ ਵਾਰ-ਵਾਰ ਮੀਟਿੰਗਾਂ ਕਰਦੇ ਪਾਤਰਾਂ ਦੀ ਉਜਾਗਰ ਹੁੰਦੀ ਸੋਚ ਅਥਵਾ ਦਲਿਤ ਚੇਤਨਾ ਨੂੰ ਸਰੂਪ ਸਿਆਲਵੀ ਨੇ ਪਰਖ ਪੜਚੋਲਵੀਂ ਗਲਪ-ਦ੍ਰਿਸ਼ਟੀ ਰਾਹੀਂ ਪੇਸ਼ ਕੀਤਾ ਹੈ। ਮਿਸਾਲ ਦੇ ਤੌਰ ਉੱਤੇ ਕਹਾਣੀਕਾਰ ਨੇ ਬਾਮਸੇਫ ਦੇ ਆਗੂ ਕਾਂਸ਼ੀ ਰਾਮ ਅਤੇ ਉਸਦੇ ਵਰਕਰਾਂ ਦੀਆਂ ਹੁੰਦੀਆਂ ਮੀਟਿੰਗਾਂ ਵਿਚ ਖ਼ੁਦ ਵਰਕਰ ਬਣ ਕੇ ਸੁਣੀਆਂ ਸੁਣਾਈਆਂ ਗੱਲਾਂ ਨੂੰ 'ਬਲੀ ਦੇ ਬੱਕਰੇ' ਕਹਾਣੀ ਦੇ ਬਿਰਤਾਂਤ ਵਿਚ ਇੰਝ ਜਕੜਿਆ ਹੈ: 'ਕਾਂਸ਼ੀ ਰਾਮ ਹੱਸ ਕੇ ਕਹਿਣ ਲੱਗੇ, "ਜੇ ਥੁਆਡੇ ਤੇ ਥੁਆਡੀਆਂ ਪਤਨੀਆਂ ਦੇ ਦਿਲਾਂ ਵਿਚ ਦਲਿਤਾਂ ਤੇ ਸ਼ੋਸ਼ਿਤਾਂ ਲਈ ਦਰਦ ਨੀ ਹੈਗਾ ਫੇਰ ਤੁਸੀਂ ਘਰਾਂ ਨੂੰ ਜਾਉ ।ਮੈਂ ਡਾ. ਅੰਬੇਡਕਰ ਸਾਹਿਬ ਦਾ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਦਾ ਅਧੂਰਾ ਸੁਪਨਾ ਪੂਰਾ ਕਰਨ ਲਈ ਸਾਧੂਆਂ, ਸੰਤਾਂ ਨੂੰ ਮਿਸ਼ਨ ਵਿਚ ਅੱਗੇ ਲੈ ਆਉਂਦਾ ਆਂ...ਉਹਨਾਂ ਦੀਆਂ ਘਰ ਵਾਲੀਆਂ ਨੀ ਹੈਗੀਆਂ।" ਤੇ ਫੇਰ ਉਹ ਸੰਜੀਦਾ ਹੋ ਕੇ ਕਹਿਣ ਲੱਗੇ, "ਸਾਨੂੰ ਬੰਦੂਕ ਦੂਜਿਆਂ ਦੇ ਮੋਢੇ 'ਤੇ ਨਹੀਂ ਆਪਣੇ ਮੋਢਿਆਂ 'ਤੇ ਰੱਖ ਕੇ ਚਲਾਉਣੀ ਚਾਹੀਦੀ ਹੈ। ਸਾਨੂੰ ਖ਼ੁਦ 'ਬਲੀ ਦਾ ਬੱਕਰਾ' ਬਣਨਾ ਪੈਣੈਂ। ੜਸਭ ਤੋਂ ਪਹਿਲਾਂ ਬਲੀ ਦਾ ਬੱਕਰਾ ਮੈਂ ਬਣਦਾ ਹਾਂ। ਦਲਿਤ ਸ਼ੋਸ਼ਿਤ ਸਮਾਜ ਦੇ ਘਰ ਵਿਚੋਂ ਇਕ ਇਕ ਵਿਅਕਤੀ ਬਲੀ ਦਾ ਬੱਕਰਾ ਬਣੇ।"[5] ਸਮਾਜਕ -ਸਭਿਆਚਾਰਕ ਅਤੇ ਆਰਥਿਕ-ਰਾਜਨੀਤਕ ਵਿਵਸਥਾਵਾਂ ਵਿਚ ਬਲੀ ਦਾ ਬੱਕਰਾ ਬਣੇ ਦਲਿਤ ਜਾਤੀ ਦੇ ਲੋਕਾਂ ਨੂੰ ਨ੍ਹੇਰੇ ਦੇ ਵਾਸੀਆਂ ਦੇ ਰੂਪ ਵਿਚ ਚਿਤਰ ਕੇ ਸਰੂਪ ਸਿਆਲਵੀ ਦੀ ਰਚਨਾ- ਦ੍ਰਿਸ਼ਟੀ ਜਿੱਥੇ ਵਿਅਕਤੀ, ਸਮਾਜ ਤੇ ਰਾਜ ਦੇ ਦਵੰਦਾਤਮਕ ਦਲਿਤ ਵਿਰੋਧੀ ਰੂਪਾਂ ਨੂੰ ਸਾਕਾਰ ਕਰਦੀ ਹੈ ਉੱਥੇ ਇਹਨਾਂ ਰੂਪਾਂ ਨੂੰ ਜਨਤਕ ਪੱਧਰ ਉੱਤੇ ਇਕਮੁੱਠ ਹੋਈ ਦਲਿਤ ਚੇਤਨਾ ਦੀ ਨੱਥ ਨਾਲ ਨੱਥਦੀ ਵੀ ਨਜ਼ਰੀ ਪੈਂਦੀ ਹੈ। ਕਹਾਣੀ 'ਵਿੰਗੀ ਗਲੀ ਸਿੱਧੀ ਗਲੀ' ਵਿਚ ਨਵੀਂ ਪੁਰਾਣੀ ਗਲੀ ਦੀ ਸਮੱਸਿਆ ਨੂੰ ਸਰੂਪ ਸਿਆਲਵੀ ਨੇ ਇਸੇ ਸੰਦਰਭ ਵਿਚ ਹੀ ਸਿਰਜਿਆ ਹੈ। ਇਸੇ ਤਰ੍ਹਾਂ 'ਸੀਨੀਆਰਟੀ' ਕਹਾਣੀ ਵਿਚ ਇਸ ਮਾਨਵਵਾਦੀ ਧਾਰਨਾ ਨੂੰ ਉਭਾਰਿਆ ਗਿਆ ਹੈ ਕਿ "ਪੋਸਟ ਜਾਂ ਕਾਸਟ ਅਨੁਸਾਰ ਕੋਈ ਵੱਡਾ ਛੋਟਾ, ਉਚ ਨੀਚ" ਨਹੀਂ ਹੁੰਦਾ।

ਸਰੂਪ ਸਿਆਲਵੀ ਪਾਤਰਾਂ ਦੇ ਭਰਪੂਰ ਵਾਰਤਾਲਾਪਾਂ ਰਾਹੀਂ ਕਹਾਣੀ ਦੀ ਵਿਉਂਤ ਨੂੰ ਵਿਉਂਤਦਾ ਹੈ। ਕਹਾਣੀ ਦੇ ਬਿਰਤਾਂਤ ਵਿਚ ਤੱਥ ਨੂੰ ਜਿਉਂ ਦਾ ਤਿਉਂ ਜੜ ਕੇ ਜਿਹੜਾ ਕਲਾਤਮਕ ਪ੍ਰਯੋਗ ਕਰਦਾ ਹੈ ਉਸ ਤੋਂ ਉਸਦੀ ਸਿਰਜੀ ਕਹਾਣੀ ਜਾਣਕਾਰੀ ਦੀ ਪੱਧਰ ਉੱਤੇ ਵਿਚਰਨੀ ਸ਼ੁਰੂ ਹੋ ਜਾਂਦੀ ਹੈ। ਦਲਿਤ ਯਥਾਰਥ ਨੂੰ ਗਲਪੀ ਪੱਧਰ ਉੱਤੇ ਹੋਰ ਪੁਖਤਾ ਕਰਨ ਲਈ ਉਹ ਤੱਥਾਂ ਦੀ ਵਧੇਰੇ ਵਰਤੋਂ ਕਰਦਾ ਹੈ। ਉਸਦੀ ਦ੍ਰਿਸ਼ਟੀ ਵਿਚ ਸ਼ਾਇਦ ਕਿਤੇ ਇਹ ਵਿਚਾਰ ਰਮਿਆ ਪਿਆ ਹੈ ਕਿ ਪਾਠਕਾਂ ਨੂੰ ਉਸਦੀ ਕਹਾਣੀ-ਸਿਰਜਣ ਦੇ ਤੱਥਮੂਲਕ ਵੇਰਵਿਆਂ ਨੂੰ ਲੱਭਣ ਲਈ ਬਾਹਰੀ ਸਮਾਜ-ਸ਼ਾਸਤਰੀ ਸਰੋਤਾਂ ਦਾ ਸਹਾਰਾ ਨਾ ਲੈਣਾ ਪਵੇ ਅਤੇ ਉਹਨਾਂ ਨੂੰ ਉਹ ਕਹਾਣੀ ਦੇ ਅੰਦਰੋਂ ਹੀ ਲੱਭ ਕੇ ਆਪਣੀ ਸਮਝ ਬਣਾ ਸਕਣ। ਗਲਪ ਸਿਰਜਣਾ ਦੀ ਅਜਿਹੀ ਪ੍ਰਸੰਗ ਵਿਧੀ ਕਿਤੇ ਅੱਜ ਦੇ ਸਮੇਂ ਦੀ ਕਲਾਤਮਕ ਲੋੜ ਤਾਂ ਨਹੀਂ ਬਣ ਗਈ?

ਸਰੂਪ ਸਿਆਲਵੀ ਅੰਬੇਦਕਰਵਾਦ ਤੇ ਮਾਰਕਸਵਾਦ ਦੇ ਕਲਿਆਣਕਾਰੀ ਸਮਾਜ ਦੀ ਸਥਾਪਨਾ ਵਾਲੇ ਸਰਬ ਸਾਂਝੇ ਨੇਮਾਂ ਨੂੰ ਮਾਡਲ ਵਜੋਂ ਅਪਨਾ ਕੇ ਆਪਣੀ ਗਲਪ-ਦ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ। ਇਸ ਪ੍ਰਸੰਗ ਵਿਚ 'ਇਕ ਬੇਦਾਵਾ ਹੋਰ' ਕਹਾਣੀ ਵਿਚਲੇ ਮੈਂ ਪਾਤਰ ਦੇ ਮਨ ਵਿਚ ਘਰ ਕਰ ਗਈਆਂ ਇਹ ਬਿਰਤਾਂਤਕ ਸਤਰਾਂ ਵਿਚਾਰਨਯੋਗ ਹਨ ਕਿ, "ਜੇ ਕਾਰਲ ਮਾਰਕਸ ਦੇ ਸਿਧਾਂਤ ਅਨੁਸਾਰ ਵੀ.ਆਈ. ਲੈਨਿਨ ਰੂਸ ਵਿਚ ਖ਼ੂਨੀ ਇਨਕਲਾਬ ਲਿਆ ਕੇ, ਕਮਿਊਨਿਸਟ ਪਾਰਟੀ ਦਾ ਆਰਥਿਕ ਬਰਾਬਰੀ ਵਾਲਾ ਰਾਜ ਕਾਇਮ ਕਰ ਸਕਦਾ ਹੈ ਤਾਂ ਡਾ. ਅੰਬੇਡਕਰ ਦੇ ਕਹੇ ਅਨੁਸਾਰ ਕਿ "ਸ਼ੂਦਰੋ ਤੁਸੀਂ ਆਪਣੀਆਂ ਕੰਧਾਂ ਤੇ ਲਿਖ ਲਉੜਆਉਣ ਵਾਲੇ ਸਮੇਂ ਵਿਚ ਤੁਸੀਂ ਇਸ ਦੇਸ਼ ਦੇ ਹੁਕਮਰਾਨ ਬਣੋਗੇ, ਭਾਰਤ ਦੇਸ਼ ਵਿਚ ਵੀੜ ਲੋਕਤੰਤਰੀ ਤਰੀਕੇ ਨਾਲ ਹਜ਼ਾਰਾਂ ਸਾਲਾਂ ਤੋਂ ਦਬਾਏ ਸ਼ੂਦਰਾਂ ਦਾ ਹੌਲੀ ਹੌਲੀ ਸਮਾਜਕ ਆਰਥਿਕ ਵਿਤਕਰੇ ਨੂੰ ਦੂਰ ਕਰਨ ਵਾਲਾ ਰਾਜ ਕਾਇਮ ਕੀਤਾ ਜਾ ਸਦਕਾ ਹੈ।"[6] ਇਸ ਤੱਥਾਤਮਕ ਹਵਾਲੇ ਦੀ ਹੋਰ ਪੁਸ਼ਟੀ ਕਰਨ ਲਈ ਇਸੇ ਕਹਾਣੀ ਦੇ ਇਕ ਹੋਰ ਪਾਤਰ ਮੱਲ੍ਹੀ ਸਾਹਿਬ ਦੇ ਕਮਿਊਨਿਜ਼ਮ ਲਿਆਉਣ ਬਾਰੇ ਇਹ ਬੋਲ ਵੀ ਧਿਆਨਯੋਗ ਹਨ ਕਿ, "ਕਲਾਸ ਸਟਰਗਲ ਨਾਲ ਸਾਡਾ ਕਾਸਟ-ਕਮ-ਕਲਾਸ ਸਟਰਗਲ ਹੋਉਗਾੜਸੋਧਿਆ ਹੋਇਆ ਅੰਬੇਡਕਰਵਾਦ।"[7] ਕੀ ਇਹ ਸੋਧਿਆ ਹੋਇਆ ਅੰਬੇਦਕਰਵਾਦ ਦਲਿਤ ਪੰਜਾਬੀ ਕਹਾਣੀ ਦਾ ਬਿਰਤਾਂਤਕ ਤੇ ਵਿਚਾਰਧਾਰਕ ਧਰਾਤਲ ਨਿਸਚਤ ਕਰ ਸਕਦਾ ਹੈ?

ਸਮੁੱਚੇ ਤੌਰ ਉੱਤੇ ਕਿਹਾ ਜਾ ਸਕਦਾ ਹੈ ਕਿ ਸਰੂਪ ਸਿਆਲਵੀ ਨੇ ਕਹਾਣੀਆਂ ਵਿਚ ਆਪਣੀ ਗਲਪਕ ਕਲਾ ਦੀ ਪਕਿਆਈ ਦਾ ਪ੍ਰਮਾਣ ਦਿੱਤਾ ਹੈ। ਕਲਾ ਦੀ ਇਸ ਪਕਿਆਈ ਰਾਹੀਂ ਪੇਸ਼ ਹੋਈ ਸਮਾਜਕ ਸਚਾਈ ਨੂੰ ਮਾਨਣ ਤੇ ਸਮਝਣ ਲਈ ਉਸ ਦੀਆਂ ਕਹਾਣੀਆਂ ਨੂੰ ਪੜ੍ਹਨਾ ਚਾਹੀਦਾ ਹੈ। ਕਿਉਂਕਿ ਜਿਸ ਦਲਿਤ ਵਿਸ਼ੇ ਦੇ ਸੰਦਰਭ ਨੂੰ ਲੈ ਕੇ ਅਜੋਕੀ ਪੰਜਾਬੀ ਕਹਾਣੀ ਲਿਖੀ ਜਾ ਰਹੀ ਹੈ, ਉਸ ਵਿਚ ਉਸ ਦੀਆਂ ਕਹਾਣੀਆਂ ਦੀ ਵੀ ਨਿਵੇਕਲੀ ਅਤੇ ਮਹੱਤਵਪੂਰਨ ਥਾਂ ਬਣਦੀ ਹੈ।

**ਹਵਾਲੇ ਅਤੇ ਟਿੱਪਣੀਆਂ** :


1. ਡਾ. ਰਜਨੀਸ਼ ਬਹਾਦਰ ਸਿੰਘ, ਅਜੋਕੀ ਪੰਜਾਬੀ ਕਹਾਣੀ: ਕਥਾ ਪ੍ਰਵਚਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003 ਪੰਨਾ 52
2. ਸਰੂਪ ਸਿਆਲਵੀ, ਪਿੰਡ ਅਜੇ ਜਿਉਂਦਾ ਹੈ, ਫੋਰਮੈਨ ਯਾਦਗਾਰੀ ਪ੍ਰਕਾਸ਼ਨ, ਭਾਦਸੋਂ-ਪਟਿਆਲਾ, 2001 ਪੰਨਾ 88
3. ਸਰੂਪ ਸਿਆਲਵੀ, ਨ੍ਹੇਰੇ ਦੇ ਵਾਸੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009 ਪੰਨਾ 9
4. ਉਹੀ, ਪੰਨੇ 129, 130 ਤੋਂ 131
5. ਉਹੀ, ਪੰਨਾ 111
6. ਉਹੀ, ਪੰਨਾ 40
7. ਉਹੀ, ਪੰਨਾ 43




ਪਤਾ: ਈ1/81 ਪੰਜਾਬ ਯੂਨੀਵਰਸਿਟੀ ਕੈਂਪਸ, ਸੈਕਟਰ-18, ਚੰਡੀਗੜ੍ਹ

ਫੋਨ-0172-2725635






# ਸਭਿਆਚਾਰਕ ਪਛਾਣ ਦਾ ਪ੍ਰਵਚਨ: ਸ਼ਿਕਾਰਗਾਹ/ਬਲਕਾਰ ਸਿੰਘ (ਡਾ.)




'ਸ਼ਿਕਾਰਗਾਹ' ਸੁਰਿੰਦਰ ਨੀਰ ਦਾ ਨਵ-ਪ੍ਰਕਾਸ਼ਿਤ ਪਹਿਲਾ ਨਾਵਲ ਹੈ। ਕੀ ਸੁਰਿੰਦਰ ਨੀਰ ਨੇ ਇਹ ਨਾਵਲ ਲਿਖਿਆ? ਜਾਂ ਉਹ ਪਾਠਕ-ਲੇਖਕ-ਵਿਅਕਤੀ ਦੇ ਰੂਪ ਵਿੱਚ ਇੱਕ ਅਜਿਹਾ ਰਜਿਸਟਰ ਅਤੇ ਸਾਈਟ ਹੈ ਜਿਸ ਰਾਹੀਂ ਕਸ਼ਮੀਰੀ ਧਰਤੀ, ਸਭਿਅਤਾ, ਸਮਾਜ, ਧਰਮ, ਸਿਆਸਤ, ਕੌਮਾਂ ਦੇ ਸੰਕਟਗ੍ਰਸਤ ਪ੍ਰਵਚਨ ਅਤੇ ਵਾਪਰ ਰਹੀਆਂ ਬੇਤਰਤੀਬੀਆਂ ਦਾ ਜੀਵਨ ਚੱਕਰ ਉਸ ਨੂੰ ਲਿਖ ਰਹਾ ਹੈ ਕਿਉਂਕਿ ਨਾਵਲ ਨੂੰ ਪੜ੍ਹਣ ਅਤੇ ਸਮਝਣ ਦੇ ਸਿਧਾਂਤ ਅਤੇ ਬਦਲਦੀਆਂ ਦ੍ਰਿਸ਼ਟੀਆਂ ਇਸ ਗੱਲ ਨੂੰ ਫੋਕਸ ਕਰਦੀਆਂ ਹਨ ਕਿ ਕਦੇ ਨਾਵਲ ਨੂੰ ਇੱਕ ਵਿਅਕਤੀ-ਲੇਖਕ ਦੀ ਵਿਅਕਤੀਗਤ ਰਚਨਾ/ਸਿਰਜਣਾ ਵਜੋਂ ਵੇਖਿਆ, ਪੜ੍ਹਿਆ ਜਾਂਦਾ ਸੀ ਪਰ ਇਸ ਨੂੰ ਵਧੇਰੇ ਸਮਾਜਕ ਸੰਦਰਭ ਵਿੱਚ ਪੜ੍ਹਨ ਦੀ ਵੀ ਲੋੜ ਹੈ। ਨਾਵਲ ਆਪਣੀ ਸੰਰਚਨਾਤਮਕ ਬਣਤਰ ਅਤੇ ਵਿਧਾਗਤ ਵਿਲੱਖਣਤਾ ਕਰਕੇ ਆਪਣੇ ਯੁਗ ਦੇ ਜੀਵਨ ਯਥਾਰਥ ਅਤੇ ਯੁਗ ਮਾਨਸਿਕਤਾ ਨੂੰ ਮਨੁੱਖੀ ਹੁੰਗਾਰਿਆਂ ਰਾਹੀਂ ਸਿਰਜਣ ਵਾਲੀ ਵਿਧਾ ਹੈ। F.R. Leavis ਹਵਾਲੇ ਰਾਹੀਂ ਟੈਰੀ ਈਗਲਟਨ ਨਾਵਲ ਦੀ ਮਹਾਨਤਾ ਉਸ ਦੇ ਦੋ ਢੰਗਾਂ"A reverent openness before life and it must reveal an organic form"[1] ਵਿੱਚ ਮੰਨਦਾ ਹੈ। ਇਸ ਪ੍ਰਸੰਗ ਵਿੱਚ 'ਸ਼ਿਕਾਰਗਾਹ' ਨਾਵਲ ਕਸ਼ਮੀਰੀ ਖੁੱਲ੍ਹੇ ਜੀਵਨ ਦੇ ਸਬੰਧਾਂ ਅਤੇ ਵਿਰੋਧਾਂ ਦੀ ਇੱਕ ਅਜਿਹੀ ਬਿਰਤਾਂਤਕਾਰੀ ਹੈ ਜਿਸ ਵਿੱਚ ਕਸ਼ਮੀਰ ਦਾ ਆਪਾ ਅਤੇ ਪਛਾਣ ਇਕਹਿਰੀ ਅਤੇ ਇਕਜੁੱਟਤਾ ਨਾਲੋਂ ਸਬਜੈਕਟ ਪੁਜੀਸ਼ਨਾਂ ਦੇ ਬਦਲਦੇ-ਬਣਦੇ ਸਮੀਕਰਨਾਂ ਨੂੰ ਪਕੜਣ ਵਾਲੀ ਹੈ। ਇਸ ਕਰਕੇ ਇਸ ਨੂੰ ਅਲੱਗ-ਅਲੱਗ ਪਿਛੋਕੜਾਂ ਅਤੇ ਸੰਦਰਭਾਂ ਦੇ ਪਾਠਕਾਂ ਵੱਲੋਂ ਪੜ੍ਹੇ ਜਾਣ ਵੇਲੇ ਅਰਥ ਵੀ ਬਦਲਦੇ ਅਤੇ ਪੁਜੀਸ਼ਨਲ ਬਣ ਸਕਦੇ ਹਨ।

ਨਾਵਲ ਦਾ ਸੰਦਰਭ ਕਸ਼ਮੀਰੀ ਜੀਵਨ ਦਾ ਬਹੁਪਰਤੀ ਸੰਕਟਾਂ ਦੀ ਗ੍ਰਿਫ਼ਤ 'ਚ ਹੋਣਾ, ਪਛਾਣ ਦੇ ਭੇੜ ਅਤੇ ਬਦਲਦੀਆਂ ਬਿਲੌਂਗਿੰਗਜ਼, ਹਰ ਰੋਜ਼ ਦੀ ਪ੍ਰੈਕਟਿਸ, ਪੁਰਾਣਾ ਅਤੇ ਨਵਾਂ ਕਸ਼ਮੀਰੀ ਇਤਿਹਾਸ ਹੈ। ਕਸ਼ਮੀਰ ਦਾ ਇਹ ਸੰਦਰਭ, ਸਥਿਤੀ ਅਤੇ ਇਤਿਹਾਸ ਇੱਕ ਜਟਿਲ, ਨਾ ਸਮਝ ਆਉਣ ਵਾਲਾ ਇੱਕ ਵਿਵਾਦੀ ਮਸਲਾ ਹੈ ਜਿਸ ਨੂੰ ਇਤਿਹਾਸਕਾਰਾਂ, ਸਮਾਜ-ਵਿਗਿਆਨੀਆਂ, ਰਾਜਸੀ ਪਾਰਟੀਆਂ, ਭਾਈਚਾਰਕ ਪੁਜੀਸ਼ਨਾਂ, ਸਭਿਆਚਾਰਕ ਅਧਿਐਨਾਂ ਅਤੇ ਫਿਲਮੀ ਪੇਸ਼ਕਾਰੀਆਂ ਵਿੱਚ ਵਾਰ-ਵਾਰ ਉਭਾਰਿਆ ਅਤੇ ਸਮਝਿਆ-ਸਮਝਾਇਆ ਜਾਂਦਾ ਰਿਹਾ ਹੈ। ਕਸ਼ਮੀਰੀ ਅਤੇ ਗੈਰ-ਕਸ਼ਮੀਰੀਆਂ ਨੂੰ ਇਸ ਮਸਲੇ ਦੀ ਗੰਭੀਰਤਾ ਅਤੇ ਪੇਚੀਦਗੀਆਂ ਨੇ ਹੈਰਾਨੀ, ਪ੍ਰੇਸ਼ਾਨੀ ਅਤੇ ਉਲਝਣਾਂ ਵਿੱਚ ਪਾਇਆ ਹੋਇਆ ਹੈ ਪਰ ਅਧਿਕਤਰ ਇਸ ਗੰਭੀਰ ਅਤੇ ਜਟਿਲ ਯਥਾਰਥ ਦੀ ਖੋਜ ਸਮਾਜੀ-ਰਾਜਸੀ ਪ੍ਰਬੰਧਾਂ ਵਿੱਚ ਘਿਰੀ, ਮਨੁੱਖੀ ਜ਼ਿੰਦਗੀ ਦੀ ਰੋਜ਼ਾਨਾ ਪ੍ਰੈਕਟਿਸ, ਹੁੰਗਾਰੇ, ਢੰਗਾਂ ਦੀ ਡਿਸਕਰਸਿਵ ਪ੍ਰੈਕਟਿਸ ਨੂੰ ਅਣਗੌਲਿਆਂ ਕਰਕੇ, ਕਿਸੇ ਫਿਕਸ ਆਰਡਰ/ਸੋਚ ਪੁਜੀਸ਼ਨ ਤੋਂ ਇੱਕ ਪੱਖਪਾਤੀ ਅਤੇ ਉਲਾਰ ਬਣ ਜਾਂਦੀ ਹੈ। ਅਜਿਹਾ ਹੋਣਾ ਵੀ ਸੁਭਾਵਿਕ ਹੈ। ਕਸ਼ਮੀਰੀ ਜ਼ਿੰਦਗੀ ਦਾ ਮਹਾਂਦ੍ਰਿਸ਼ ਅਤੇ ਵਿਵਿਧ ਪਾਸਾਰਾਂ ਨੂੰ ਬੋਲ ਸਾਹਿਤਕ ਰਚਨਾਵਾਂ ਖਾਸ ਤੌਰ ਤੇ ਗਲਪੀ-ਬਿਰਤਾਂਤ ਵਿੱਚ ਹੀ ਮਿਲ ਸਕਦਾ ਹੈ। 'ਸ਼ਿਕਾਰਗਾਹ' ਨਾਵਲ ਇਸ ਪੰਜਾਬੀ ਕਸ਼ਮੀਰੀ ਜ਼ਿੰਦਗੀ ਦਾ ਅਜਿਹਾ ਮਹਾਂਦ੍ਰਿਸ਼ ਸਿਰਜਣ ਵਾਲੀ ਸ਼ਾਇਦ ਪਹਿਲੀ ਪੰਜਾਬੀ ਰਚਨਾ

ਹੈ ਜਿਸ ਨਾਲ ਨਾ ਕੇਵਲ ਪੰਜਾਬੀ ਨਾਵਲ ਵਿਚਲੀ ਸਭਿਆਚਾਰਕ ਸਪੇਸ ਵਿਸਤ੍ਰਿਤ ਹੁੰਦੀ ਹੈ ਬਲਕਿ ਇੱਕ ਆਂਚਲਿਕਤਾ ਦੇ ਰੂਪ ਵਿੱਚ ਕਸ਼ਮੀਰ ਦਾ ਪੰਜਾਬੀ ਭਾਈਚਾਰਾ ਅਤੇ ਯਥਾਰਥ ਵੀ ਅਰਥ ਗ੍ਰਹਿਣ ਕਰਦਾ ਹੈ। ਪੰਜਾਬੀ ਸੂਬੇ ਤੋਂ ਬਾਹਰ ਵਸਦੇ ਪੰਜਾਬੀਆਂ ਨੇ ਕਸ਼ਮੀਰੀ ਸਭਿਆਚਾਰ ਅਤੇ ਧਰਤੀ ਦੇ ਵਿਕਾਸ ਵਿੱਚ ਦੁਖ, ਖੌਫ਼, ਆਤੰਕ, ਭੈਅ, ਹਿਜ਼ਰਤੀ ਅਸੁਰੱਖਿਅਤਾ ਭੋਗ ਕੇ ਵੀ ਕਿਵੇਂ ਇੱਕ ਬਹੁਸਭਿਆਚਾਰਕ ਪਰਿਪੇਖ ਅਤੇ ਪਛਾਣ ਸਿਰਜੀ ਹੈ, ਅਜਿਹੀ ਪਛਾਣ ਜੋ ਸਦੀਵੀ ਪੰਜਾਬੀ ਸਭਿਆਚਾਰਕ ਪੈਟਰਨਾਂ ਵਾਲੀ ਹੈ ਪਰ ਦੂਜੇ ਭਾਈਚਾਰਿਆਂ, ਬਦਲਦੇ ਹਾਲਾਤਾਂ ਵਿੱਚ ਆਪਣੇ-ਆਪ ਨੂੰ ਮੁੜ ਨਵਿਆਉਣ, ਮੁੜ ਪਰਿਭਾਸ਼ਿਤ ਕਰਨ ਵਾਲੀ ਵੀ ਹੈ। ਭਾਵ ਨਾਵਲ ਦੇ ਇਸ ਮਹਾਂਦ੍ਰਿਸ਼ ਵਿੱਚ ਕਸ਼ਮੀਰੀ ਲੋਕਾਂ ਦੇ ਵਿਭਿੰਨ ਭਾਈਚਾਰਿਆਂ ਦਾ ਬਹੁ ਸਭਿਆਚਾਰਕ, ਦੂਰ ਅੰਦੇਸ਼ੀ ਸੋਚਾਂ, ਜਜ਼ਬਾਤੀ ਅਤੇ ਭਾਵੁਕ ਹੁੰਗਾਰਿਆਂ, ਚੇਤਨਾ, ਸੁਪਨਿਆਂ, ਪ੍ਰਤਿਕਰਮਾਂ, ਨਾਬਰੀਆਂ, ਆਤੰਕ, ਦਹਿਸ਼ਤ, ਬੰਬ ਵਿਸਫੋਟ, ਜਬਰੀ ਔਰਤ ਉਧਾਲੇ, ਮੁਜਾਹਿਦਾਂ ਦੀ ਪੀਡੀ ਪਕੜ ਅਤੇ ਤਾਨਾਸ਼ਾਹੀਆਂ, ਕਸ਼ਮੀਰੀ ਖ਼ੂਬਸੂਰਤ ਧਰਤੀ ਅਤੇ ਔਰਤ ਦਾ ਇਸ ਜਨੂੰਨ ਵਿੱਚ ਨਪੀੜਿਆ ਜਾਣਾ ਆਦਿ ਸ਼ਾਮਲ ਹੈ। ਕਸ਼ਮੀਰ ਦੀ ਸਥਾਨਕ ਵੱਖਰਤਾ, ਸਥਾਨਕ ਕੋਡ, ਸਥਾਨਕ ਰਹਿਤਲ ਰਿਵਾਜ, ਪਰਿਵਾਰਕ ਸੰਸਥਾਵਾਂ, ਰਿਸ਼ਤੇ-ਨਾਤੇ, ਕਸ਼ਮੀਰੀ ਲੋਕਾਂ ਦੀ ਸ਼ਾਨ ਅਤੇ ਸ਼ਰਮਿੰਦਗੀਆਂ ਦੇ ਕੁਹਜ ਆਦਿ ਦੀ ਇਤਿਹਾਸਕਤਾ ਅਤੇ ਸਮਾਂ ਸਮਾਂਤਰ, ਅੰਤਰ ਵਿਰੋਧਾਂ, ਖਾਮੋਸ਼ੀਆਂ ਅਤੇ ਟੋਡਾਂ ਰਾਹੀਂ ਇਸ ਮਹਾਂਦ੍ਰਿਸ਼ ਵਿੱਚ ਕਿਸੇ ਲਕੀਰੀ ਰੂਪ ਨਾਲੋਂ ਅੱਗੜ ਪੱਛੜ ਚਾਲ ਵਿੱਚ ਉਭਰਦਾ ਹੈ। ਨਾਵਲੀ ਬਿਰਤਾਂਤ ਨੂੰ ਉਪਰੋਕਤ ਵਿਭਿੰਨ ਪਹਿਲੂਆਂ ਵਿੱਚੋਂ ਕਿਸੇ ਇੱਕ ਤੱਕ ਸੀਮਤ ਕਰਕੇ, ਫੋਕਸ ਕਰਕੇ ਵੇਖਣਾ, ਬਿਰਤਾਂਤ ਨਾਲ ਅਨਿਆਂ ਅਤੇ ਬੇਇਨਸਾਫ਼ੀ ਹੀ ਹੋਵੇਗੀ ਕਿਉਂ ਜੋ ਅਜਿਹਾ ਵਾਪਰਣ ਦੀਆਂ ਬੜੀਆਂ ਸੰਭਾਵਨਾਵਾਂ ਹਨ।

ਨਾਵਲੀ ਵਿਧਾ ਵਿਚੋਂ ਉਪਜੇ ਯਥਾਰਥ ਦੀ ਯਥਾਰਥਕਤਾ ਅਤੇ ਭਰੋਸੇਯੋਗਤਾ ਹੀ ਇਸ ਵਿੱਚ ਹੁੰਦੀ ਹੈ ਕਿ ਨਾਵਲ ਨੇ ਕੇਵਲ ਸਥਿਤੀਆਂ, ਇਤਿਹਾਸ ਅਤੇ ਜ਼ਿੰਦਗੀ ਦਾ ਪ੍ਰਤਿਬਿੰਬ/ਪਰਛਾਵਾਂ ਹੀ ਨਹੀਂ ਉਸਾਰਣਾ ਹੁੰਦਾ ਸਗੋਂ ਇਨ੍ਹਾਂ ਬਿੰਬਾਂ ਦੇ ਨਿਰਮਾਣਕਾਰੀ ਪਹਿਲੂਆਂ, ਲੋਕਾਂ ਦੇ ਹੁੰਗਾਰੇ ਅਤੇ ਪਹੁੰਚ ਵਿੱਚ ਇੱਕ ਨਿਰੀਖਣ ਅਤੇ ਗਿਆਨ ਦੀ ਅੰਤਰ-ਦ੍ਰਿਸ਼ਟੀ, ਸੋਝੀ ਅਤੇ ਪਛਾਣ ਵੀ ਵਿਕਸਿਤ ਕਰਨੀ ਹੁੰਦੀ ਹੈ। 'ਨਿੱਕੀ' ਪਾਤਰ ਦੀ ਨਾਵਲ ਵਿੱਚ ਅਜਿਹੀ ਹੀ ਭੂਮਿਕਾ ਹੈ। 'ਨਿੱਕੀ' ਦਾ ਆਪਣੇ-ਆਪ ਨਾਲ, ਪਰਿਵਾਰਕ ਨਾਲ, ਧਰਤੀ ਨਾਲ, ਸਮਾਜੀ ਸੰਸਥਾਵਾਂ, ਵਿਦਿਅਕ ਅਦਾਰਿਆਂ ਵਿੱਚੋਂ ਇੱਕ ਅਜਿਹਾ ਆਪਾ ਉਸਰਦਾ ਹੈ ਜੋ ਉਸ ਨੂੰ ਇੱਕ ਸਥਿਤੀ ਤੱਕ ਅਕਰਮਕ ਸਬਜੈਕਟ ਬਣਾਉਂਦਾ ਹੈ। ਵਿਭਿੰਨ ਤਾਕਤ ਦੇ ਕੇਂਦਰਾਂ ਵਿੱਚ ਘਿਰੀ ਲਾਚਾਰ, ਬੇਵੱਸ, ਸਦਮੇ ਮਾਰੀ, ਬੇਜ਼ਾਨ ਲਗਦੀ ਹੈ। ਉਸ ਦੇ ਲਗਾਉ, ਭਾਵਨਾਵਾਂ, ਰੀਝਾਂ, ਸੁਪਨੇ ਟੁੱਟਦੇ ਹਨ, ਚਕਨਾਚੂਰ ਹੁੰਦੀ ਹੈ, ਆਪਾ-ਵਿਰੋਧੀ ਦਮਨਾਂ ਦੇ ਅਸਰਾਂ ਦੀ ਲਿੱਪੀ ਉਸ ਦੀ ਦੇਹ ਮਾਨਸਿਕਤਾ-ਜਜ਼ਬਿਆਂ ਉੱਤੇ ਉੱਕਰੀ ਜਾਂਦੀ ਹੈ। ਪਰ ਨਾਵਲੀ-ਬਿਰਤਾਂਤ ਵਿੱਚ ਅਜਿਹੀ ਸਥਿਤੀ ਉਦੋਂ ਬਦਲ ਜਾਂਦੀ ਹੈ ਜਦੋਂ ਇੰਗਲੈਂਡ ਤੋਂ ਵਾਪਸ ਆ ਕੇ ਉਸ ਦੇ ਹੁੰਗਾਰੇ, ਲਗਾਉ, ਕਦਮ, ਦੇਹ ਅਤੇ ਮਾਨਸਿਕਤਾ ਕਸ਼ਮੀਰੀ ਹਾਲਾਤਾਂ, ਪਰਿਵਾਰਕ ਵਿਰਾਸਤ ਅਤੇ ਵਾਰਸਾਂ ਨੂੰ ਨਵੇਂ ਰੂਪ ਵਿੱਚ ਵੇਖਦੀ ਹੈ। ਜਿਸ ਕਰਕੇ ਨਾਵਲੀ-ਬਿਰਤਾਂਤ 'ਨਿੱਕੀ' ਰਾਹੀਂ ਜ਼ਿੰਦਗੀ ਦੀ ਕੇਵਲ ਤਰਜਮਾਨੀ ਹੀ ਨਹੀਂ ਬਣਦਾ ਬਲਕਿ ਬਿਰਤਾਂਤ ਇਨ੍ਹਾਂ ਦ੍ਰਿਸ਼ਾਂ ਨੂੰ ਇੱਕ ਰੂਪ/ਸ਼ੇਪ ਅਤੇ ਅਰਥ-ਸਰਥਕਤਾ ਦੇਣ ਵਾਲਾ ਬਣਦਾ ਹੈ। ਇਸ ਸ਼ੇਪ ਵਿੱਚ ਮੂਲਵਾਦੀ, ਸਥਾਨਕੀ, ਰਾਸ਼ਟਰੀ, ਅਨਿਸ਼ਚਿਤ-ਨਿਸ਼ਚਿਤ ਸੰਸਥਾਈ ਕੇਂਦਰਾਂ ਦੀ ਪਕੜ, ਬਹੁ-ਸਭਿਆਚਰ ਆਦਿ ਪਰਿਪੇਖ ਨਾਲੋ-ਨਾਲ ਚਲਦੇ ਹਨ। ਮੁਜਾਹਿਦ ਪਾਕਿਸਤਾਨੀ ਪਰਿਪੇਖ ਤੋਂ ਇਸ ਦ੍ਰਿਸ਼ ਨੂੰ ਆਪਣੇ ਅਨੁਸਾਰ ਢਾਲਣਾ ਚਾਹੁੰਦੇ ਹਨ। ਕਸ਼ਮੀਰ ਦੇ ਸਥਾਨਕ ਲੋਕ ਭਾਈਚਾਰਕ ਸਾਂਝਾਂ ਵਿੱਚ ਸਹਿਹੋਂਦ ਅਤੇ ਵੱਖਰਤਾ ਅਨੁਸਾਰ ਜਿਉਣਾ ਚਾਹੁੰਦੇ ਹਨ, ਪਰਿਵਾਰਕ ਸੰਸਥਾਵਾਂ ਸੰਯੁਕਤ ਰਹਿਤਲ ਅਤੇ ਕੁਦਰਤ ਨਾਲ ਲਗਾਉ ਤੋਂ ਟੁੱਟਦੀ ਪਰ ਨਾਲ ਹੀ ਜੁੜੀ ਹੋਈ ਨਜ਼ਰ ਵੀ ਆਉਂਦੀ ਹੈ। ਮੁਜਾਹਿਦਾਂ ਨਾਲ ਲੜਨ-ਭਿੜਨ ਲਈ ਭਾਰਤੀ ਫੌਜਾਂ (ਮੇਜਰ ਸਰਵਮੀਤ), ਪੁਲਿਸ (ਰਾਜਬੀਰ-ਕੁੱਕੂ) ਕਸ਼ਮੀਰੀ ਜਿੰਨ੍ਹੂੰ ਭਾਰਤੀ ਨੇਸ਼ਨ-ਸਟੇਟ ਦੇ ਪਰਿਪੇਖ ਵਿੱਚ ਵੇਖਣ ਵਾਲੀ ਹੈ।



ਅਜਿਹੇ ਬਹੁਪਰਿਪੇਖ ਵਿੱਚ ਕਸ਼ਮੀਰੀ ਸਮੱਸਿਆ ਦੇ ਅੰਤਰ-ਵਿਰੋਧਾਂ, ਮਾਨਵੀ ਵਿਵਹਾਰਾਂ-ਹੁੰਗਾਰਿਆਂ, ਧਨਾਢ ਜੱਟ ਸਿੱਖ ਕਿਸਾਨੀ ਦੀ ਗਿਰਾਵਟ, ਕਸ਼ਮੀਰ ਦਾ ਆਧੁਨਿਕ ਲੀਹਾਂ ਦੇ ਉੱਤੇ ਹੋ ਰਿਹਾ ਰੂਪਾਂਤਰਣ, ਮੋਬਾਇਲਾਂ ਅਤੇ ਆਧੁਨਿਕ ਟਕਨਾਲੌਜੀ ਤੇ ਵੱਡੀ ਕੰਪਨੀਆਂ ਦਾ ਨਿਵੇਸ਼, ਅਣਪੜ੍ਹਤਾ, ਗਰੀਬੀ ਅਤੇ ਅਯੋਗਤਾ ਕਾਰਨ ਲੋਕਾਂ ਦਾ ਇਸ ਬਦਲਦੀ ਸਥਿਤੀ ਦੇ ਹਾਣ ਦਾ ਨਾ ਹੋ ਸਕਣਾ, ਜਿੱਥੇ ਕਸ਼ਮੀਰੀ ਸਥਾਨਕਾਂ ਵਿੱਚ ਵਾਪਰਦੇ ਰੂਪਾਂਤਰਣ ਦੀ ਚਾਲ ਅਤੇ ਦਿਸ਼ਾ ਨੂੰ ਸਮਝਣਾ ਨਾਵਲੀ-ਬਿਰਤਾਂਤ ਦੀ ਪ੍ਰਾਪਤੀ ਹੈ, ਉੱਥੇ ਇਹ ਬਿਰਤਾਂਤ ਕਸ਼ਮੀਰ ਨੂੰ ਪੁਰਾਣੇ ਅਤੇ ਨਵੇਂ ਕਸ਼ਮੀਰੀ ਇਤਿਹਾਸ ਵਜੋਂ ਵੀ ਸਮਝਦਾ ਹੈ। ਇਹ ਹੀ ਉਹ੍ਰਚਤੀ ਸ਼ਹਨ ਜੋ ਨਾਵਲੀ ਬਿਰਤਾਂਤ ਵਿੱਚ ਕਸ਼ਮੀਰ ਦੇ ਬੀਤ ਚੁੱਕੇ ਅਤੇ ਵਰਤਮਾਨ ਸਮੇਂ ਨੂੰ ਸਮਝਣ ਅਤੇ ਸਿਰਜਣ ਵਾਲੇ ਹਨ। ਅਜਿਹੇ ਕਾਰਨਾਂ, ਦੇ ਆਪਸੀ ਸਬੰਧਾਂ, ਵਿਰੋਧਾਂ ਵਿੱਚੋਂ ਹੀ ਕਸ਼ਮੀਰੀ ਯਥਾਰਥ ਦਾ ਬਿਰਤਾਂਤ ਸਿਰਜਿਤ ਹੁੰਦਾ ਹੈ। ਅਜਿਹਾ ਯਥਾਰਥ ਜਿਹੜਾ ਸਿੱਧ ਪੱਧਰਾ, ਰੇਖਕੀ, ਪ੍ਰਤਿਬਿੰਬਤ ਸੁਭਾਉ ਨਾਲੋਂ ਜਟਿਲ ਹੈ।

ਨਾਵਲਕਾਰ ਨੇ ਇਸ ਜਟਿਲ ਯਥਾਰਥ ਦੀ ਨਾਵਲੀ-ਸੰਰਚਨਾ ਚਾਰ ਕਾਂਡਾਂ (ਤ) ਵਿੱਚ ਕੀਤੀ ਹੈ। ਕਾਂਡ-1, ਵਿੱਚ ਪੁਰਾਣੇ ਕਸ਼ਮੀਰ ਦੀ ਰਹਿਤਲ, ਖਾਸ ਕਰਕੇ ਲੰਬੜਦਾਰ ਅਰਜਨ ਸਿੰਘ ਦੇ ਪਰਿਵਾਰ, ਪਰਿਵਾਰਕ ਮੈਂਬਰ ਬਾਰੇ ਜਾਣਕਾਰੀ, ਨਿੱਕੀ, ਕੁੱਕੂ, ਮੁਸਤਫ਼ਾ ਨਸੀਮਾਂ ਦਾ ਬਚਪਣ, ਹਿੰਦੂ ਪਰਿਵਾਰਾਂ ਦੀ ਹਿਜ਼ਰਤ ਪਰ ਆਪਸੀ ਸਾਂਝ ਅਤੇ ਪਰਸਪਰ ਸਹਿਯੋਗ, ਮੁਜ਼ਾਹਿਦਾਂ ਦਾ ਜਹਾਦ ਅਤੇ ਕਸ਼ਮੀਰ ਦੇ ਵਿਕਾਸ ਦੇ ਰੁਕ ਜਾਣ ਦੀ ਪੀੜ, ਲੋਕਾਂ ਵਿੱਚ ਅੱਤਵਾਦੀ ਕਾਰਗੁਜ਼ਾਰੀਆਂ ਤੋਂ ਉਪਜਿਆ ਭੈਅ ਹੈ, ਇਸ ਭੈਅ ਅਤੇ ਆਪਾ-ਧਾਪੀ ਵਿੱਚ ਕੁਦਰਤੀ ਸੰਪੱਤੀ ਸੇਬ, ਖੋੜ, ਬਦਾਬ ਸੜਦਾ ਤਬਾਹ ਹੁੰਦਾ ਹੈ। ਸਿੱਖ ਭਾਈਚਾਰਾ ਆਤਮ-ਸੁਰੱਖਿਆ ਲਈ ਜੂਝਦਾ, ਕਸ਼ਮੀਰ ਤੋਂ ਬਾਹਰ ਜੰਮੂ ਵੱਲ ਪਲਾਇਨ ਕਰਦਾ ਵੀ ਨਜ਼ਰ ਆਉਂਦਾ ਹੈ। ਇਸ ਕਾਂਡ ਵਿੱਚ ਹੀ ਦਾਦੇ ਦੀ 'ਜ਼ਹਿਰੀਲੇ ਨਾਗ' ਦੇ ਡਸਣ ਨਾਲ ਮੌਤ ਹੈ। ਇਹ ਇੱਕ ਅਜਿਹਾ ਮੈਟਾਫ਼ਰ ਹੈ ਜੋ ਸਮੁੱਚੇ ਨਾਵਲ ਵਿੱਚ ਬਾਅਦ ਵਿੱਚ ਇੱਕ 'ਕੌੜੇ ਤੇ ਜ਼ਹਿਰੀਲੇ' ਜ਼ਹਿਰ ਘੁਲੇ ਮਾਹੌਲ ਵਿੱਚ ਫੈਲਦਾ ਹੈ। ਸਮੁੱਚਾ ਕਸ਼ਮੀਰ ਅੱਤਵਾਦ ਦੀ ਜ਼ਹਿਰ ਵਿੱਚ ਤੜਪਦਾ ਤਬਾਹ ਹੁੰਦਾ ਹੈ। ਦਾਦੇ ਦਾ 'ਰਾਂਝੇ ਬਲਦ' ਅਤੇ 'ਵਲੀ ਮੁਹੰਮਦ' ਨਾਲ ਸਾਂਝ ਦਾ ਮੋਟਿਫ਼ ਉਸ ਪੂਰਵ-ਆਧੁਨਿਕ ਦੌਰ ਦੀ ਚੇਤਨਾ ਅਤੇ ਰਹਿਤਲ ਨੂੰ ਪ੍ਰਗਟਾਉਂਦਾ ਹੈ ਜਦੋਂ ਮਨੁੱਖ, ਪ੍ਰਕਿਰਤੀ ਅਤੇ ਇਨਸਾਨੀ ਮੁਹੱਬਤ ਦੇ ਆਦਰਸ਼ ਮੌਜੂਦ ਸਨ। ਅਜਿਹਾ ਮੋਟਿਫ਼ ਹੀ ਗੁਰਦਿਆਲ ਸਿੰਘ ਦੇ ਨਾਵਲ 'ਪਰਸਾ' ਵਿੱਚ ਪਰਸੇ ਦਾ ਮੀਣੇ ਬਲਦ ਅਤੇ ਸਭ ਤੋਂ ਛੋਟੇ ਅਣਪੜ੍ਹ ਪੁੱਤ ਨਾਲ ਲਗਾਉ ਦੇ ਪਿਆਰ ਵਿੱਚ ਵੀ ਉਜਾਗਰ ਹੁੰਦਾ ਹੈ। ਇਸ ਭਾਗ ਵਿੱਚ ਹੀ ਕਸ਼ਮੀਰ ਦੀ ਕਾਸ਼ਤਕਾਰੀ, ਆਰਥਿਕ ਰਿਸ਼ਤੇ ਅਤੇ ਸਬੰਧਾਂ ਦਾ ਵੀ ਇਜ਼ਹਾਰ ਹੈ। ਜਿਮੀਦਾਰੀਆਂ ਕਾਸ਼ਤਕਾਰੀਆਂ ਦੇ ਨਿਯਮ 'ਨਵਾਂ ਕਸ਼ਮੀਰ ਫਾਰਮੂਲੇ' ਤਹਿਤ ਲਾਗੂ ਹੋ ਰਹੇ ਸਨ ਪਰ ਅਜੇ ਵੀ ਪੁਰਾਣੀ ਪੀੜ੍ਹੀਆਂ ਦੇ ਕਾਸ਼ਤਕਾਰੀ ਸਬੰਧ ਪੀੜ੍ਹੀ ਦਰ ਪੀੜ੍ਹੀ ਚਲੇ ਆ ਰਹੇ ਸਨ। ਸਿੱਖਾਂ ਅਤੇ ਪੰਡਤਾਂ ਦੀ ਜ਼ਮੀਨਾਂ ਮੁਸਲਮਾਨ, ਗੁੱਜਰ ਵਾਹੁੰਦੇ, ਸਾਂਭਦੇ ਆ ਰਹੇ ਸਨ। 'ਨਵੇਂ ਕਸ਼ਮੀਰ ਫਾਰਮੂਲੇ' ਵਿੱਚ ਇਹ ਸਬੰਧ ਬਦਲਦੇ ਹਨ, ਧਨੀ ਜਿਮੀਂਦਾਰੀ ਟੁੱਟਣ ਲੱਗਦੀ ਹੈ, ਅਜਿਹੇ ਆਰਥਿਕ ਵਸੀਲਿਆਂ ਤੋਂ ਸੱਖਣੇ ਲੋਕ ਜੋ ਮਜ਼ਦੂਰ, ਮਲਾਹਾਂ, ਟੈਕਸੀ ਵਾਲਿਆਂ, ਕਾਰੀਗਰਾਂ ਤੇ ਹੋਰ ਨਿੱਕੇ-ਮੋਟੇ ਕੰਮ ਕਰਕੇ ਆਪਣਾ ਟੱਬਰ ਪਾਲਣ ਵਾਲਿਆਂ ਨੂੰ ਜਾਂ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਵਰਗਲਾ ਕੇ ਜਹਾਦ ਦੇ ਰਾਹ ਉੱਤੇ ਪਾ ਦਿੱਤਾ ਜਾਂਦਾ ਹੈ। ਇਸ ਭਾਗ ਵਿੱਚ ਇਹ ਇੱਕ ਅਜਿਹਾ ਨੁਕਤਾ ਹੈ ਜੋ ਕਸ਼ਮੀਰ ਵਿੱਚ ਫੈਲੇ ਅਸੁਰੱਖਿਅਤਾ ਦੇ ਜਹਿਰ, ਜਹਾਦ ਅਤੇ ਅੱਤਵਾਦ ਦੀ ਬਿੰਬਾਵਲੀ/ਦ੍ਰਿਸ਼ਾਂ ਦੇ ਅਵਚੇਤਨ ਨੂੰ ਉਜਾਗਰ ਕਰਦਾ ਹੈ। ਇਹ ਲੋਕ ਸਨ ਜਿਨ੍ਹਾਂ ਨੂੰ ਨਵੇਂ ਕਸ਼ਮੀਰ ਦੇ ਫਾਰਮੂਲੇ ਵਿੱਚ, ਨਵੇਂ ਸਮੇਂ ਅਨੁਸਾਰ ਥਾਂ ਨਸੀਬ ਨਹੀਂ ਹੁੰਦੀ ਅਤੇ ਇਹ ਕੁਰਾਹੇ ਪੈ ਜਾਂਦੇ ਹਨ। ਜਿੱਥੋਂ ਮੁੜ ਵਾਪਸ ਨਹੀਂ ਪਰਤਿਆ ਜਾਂਦਾ। ਜਹਾਦ ਅਤੇ ਅੱਤਵਾਦ ਪੈਦਾ ਹੋਣ ਦੇ ਹੋਰ ਵੀ ਸਿਆਸੀ, ਧਾਰਮਿਕ, ਸਭਿਆਚਾਰਕ ਅਤੇ ਰਾਸ਼ਟਰੀ ਪ੍ਰੇਰਕ ਅਤੇ ਕਾਰਨ ਹੋ ਸਕਦੇ ਹਨ। ਵੱਡਾ ਆਰਥਿਕਤਾ ਦਾ ਵਰਤਾਰਾ ਮੰਨਿਆ ਜਾ ਸਕਦਾ ਹੈ। ਇਹ ਲੋਕ ਸਨ ਜਿਨ੍ਹਾਂ ਕਸ਼ਮੀਰ ਦਾ ਵਾਰਸ ਅਤੇ ਭਵਿੱਖ ਬਣਨਾ ਸੀ। ਨਾਵਲ ਦੇ ਅੰਤ ਵਿੱਚ ਨਿੱਕੀ ਪਾਰੁਲ ਪਹਾੜੀ ਉੱਤੇ ਘੁੰਮਦੀਆਂ ਜਿਹੜੇ ਮੁਜਾਹਿਦਾਂ ਵਿੱਚ ਘਿਰ ਜਾਂਦੀ ਹੈ, ਉਹ ਮੁਸਤਫ਼ੇ ਦਾ ਛੋਟਾ ਭਰਾ ਹੀ ਹੈ। ਜਿਹੜੇ ਮਾਸੂਮ ਵੀ ਹਨ, ਖੂੰਖਾਰ ਵੀ ਹਨ,

ਜੋ ਨਿੱਕੀ-ਪਾਰੁਲ ਨੂੰ ਕੁੱਝ ਨਹੀਂ ਆਖਦੇ ਬਸ ਇਹ ਆਖਦੇ ਹਨ ਕਿ, "ਹਮਸ਼ੀਰਾ ਏਕ ਅਰਜ਼ ਕਰਤਾ ਹੂੰ। ਯੇ ਕਸ਼ਮੀਰ ਅਬ ਵੋ ਪਹਿਲੇ ਜੈਸਾ ਕਸ਼ਮੀਰ ਨਹੀਂ ਹੈ। ਐਸੇ ਬੇਫ਼ਿਕਰ ਹੋ ਕੇ ਮਤ ਘੂੰਮਾ ਕਰੇਂ ... ਆਪ ਕੋ ਨਹੀਂ ਪਤਾ ... ਯੇ ਅਬ ...।"[2] ਇਹ ਹੀ ਉਹ ਸਥਿਤੀ ਹੈ ਜਿੱਥੇ ਕਸ਼ਮੀਰ ਮੁਜਾਹਿਦਾਂ ਦੀ ਦਹਿਸ਼ਤ ਅਤੇ ਅੱਤਵਾਦੀ ਪਕੜ ਵਿੱਚ ਘਿਰਿਆ ਹੋਇਆ ਹੈ। ਨਾਵਲ ਦਾ ਇਹ ਭਾਗ ਪਾਤਰਾਂ ਦੇ ਬਚਪਨ, ਕਸ਼ਮੀਰ ਦੀ ਸਾਂਝੀ ਵਿਰਾਸਤ, ਸਾਂਝਾ ਦੇ ਬਾਵਜੂਦ ਅੱਤਵਾਦ ਵਿੱਚ ਘਿਰਨ ਦੀਆਂ ਬਾਰੀਕੀਆਂ, ਪੇਚੀਦਗੀਆਂ, ਹੁੰਗਾਰਿਆਂ ਕਰਮਾਂ-ਕਾਰਜਾਂ ਦੀ ਘੁੰਮਣ-ਘੇਰੀਆਂ ਨੂੰ ਉਭਾਰਨ ਵਾਲਾ ਹੈ।

ਭਾਗ ਦੂਜਾ ਦੀ ਸੰਰਚਨਾਕਾਰੀ ਵਿੱਚ ਯੂਨੀਵਰਸਿਟੀ ਦਾ ਮਾਹੌਲ, ਰਾਜਬੀਰ-ਨਿੱਕੀ ਦੀ ਮੁਹੱਬਤ, ਸ਼ਫ਼ਕਤ ਦੀਆਂ ਅੱਤਵਾਦੀ ਅਤੇ ਪਾਕਿ ਹਿਤੈਸ਼ੀ ਗਤੀ ਵਿਧੀਆਂ, ਨੂਰਾਂ ਦਾ ਸੰਗੀਤ/ਪੜ੍ਹਾਈ ਛੱਡਣਾ, ਦਲਬੀਰ ਵਰਗਿਆਂ ਦਾ ਸ਼ਫ਼ਕਤ ਦੀਆਂ ਚਾਲਾਂ ਵਿੱਚ ਆ ਜਾਣਾ, ਨਿੱਕੀ ਦਾ ਸ਼ਫ਼ਰਤ ਦੀਆਂ ਗਤੀ ਵਿਧੀਆਂ ਤੋਂ ਦੂਰ ਰਹਿਣਾ, ਨਾਹੀਦਾ-ਰਸਮੀ ਦੀ ਸਮਲਿੰਗਤਾ ਸਮੀਨਾ ਹੈਦਰ ਰਾਹੀਂ ਦੇਵ-ਵਪਾਰ ਨਾਲ ਜੁੜੀ ਬਿਓਰੋਕ੍ਰੇਸੀ, ਪੁਲੀਟੀਕਲ ਸਪੋਰਟ ਅਤੇ ਪ੍ਰਸ਼ਾਸਨ ਉਭਰਦਾ ਹੈ। ਬਿੰਦੋ ਦਾ ਉਧਾਲਾ, ਸਿੱਖਾਂ ਦਾ ਸਮੂਹਕ ਕਤਲੇਆਮ, ਸਿੱਖਾਂ ਦੀ ਅਲਪ ਸੰਖਿਆ ਦੇ ਖੌਫ਼ ਵਿੱਚ ਵਾਧਾ ਕਰਦਾ ਹੈ। ਦੀਪੋ ਦਾ ਜਣੇਪਾ, ਦਾਈ ਸਾਹਿਬ ਨੂਰਾਂ ਦੀ ਮਦਦ, ਸ੍ਰੀਨਗਰ ਦੇ ਸਿੱਖਾਂ ਦੇ ਸਿਆਸੀ ਇਰਾਦੇ, ਕਸ਼ਮੀਰੀ ਸਿਆਸਤ ਦਾ ਸ੍ਰੀਨਗਰ ਦੇ ਸਿੱਖਾਂ ਨੂੰ ਦਰਦ ਹਰਣ ਤੇ ਜਖ਼ਮਾਂ ਤੇ ਮਲਮ ਪੱਟੀ ਦੇ ਸ਼ਬਦ ਦੀ ਫੂਕ ਗਿਆਨੀ ਪ੍ਰੀਤਮ ਸਿੰਘ ਕੱਢ ਦਿੰਦਾ ਹੈ। ਇਹ ਵੀ ਮਸਲਾ ਸਾਹਮਣੇ ਆਉਂਦਾ ਹੈ ਕਿ ਕਸ਼ਮੀਰ ਵਿੱਚ ਸਿੱਖ ਘੱਟ ਗਿਣਤੀ ਨਹੀਂ ਸਨ ਪਰ ਮਰਦਮਸ਼ੁਮਾਰੀ ਦੇ ਸਿਆਸੀ ਅਵਚੇਤਨ ਦੀ ਦੇਣ ਹਨ। ਰਾਜਬੀਰ ਦਾ ਪੁਲਿਸ ਫੋਰਸ ਰਾਹੀਂ ਬਿੰਦੋ ਨੂੰ 'ਗੁਲਾਮਾਂ ਮੁਜਾਹਿਦ' ਤੋਂ ਛੁਡਾਉਣਾ, ਰਾਜਬੀਰ ਦਾ ਕਤਲ, ਨਿੱਕੀ ਦਾ ਸੁਹਾਗਣ ਤੋਂ ਪਹਿਲਾਂ ਹੀ ਵਿਧਵਾ ਹੋ ਜਾਣਾ, ਅਤੇ ਸਿਖਰ ਹੈ ਕਿ ਜਨਮ ਭੂਮੀ ਅਤੇ ਘਰ-ਪਰਿਵਾਰ-ਰਿਸ਼ਤੇ ਸੁਰੱਖਿਆ ਦੇਣੋਂ ਅਸਮਰਥ ਹਨ। ਨਾਲ ਹੀ ਮੁਸਤਫ਼ਾ, ਗੁਲਾਮ ਭਰਾਵਾਂ ਦਾ ਆਪਸ ਵਿੱਚ ਮੁਕਾਬਲਾ ਪਰ ਮੁਸਤਫ਼ੇ ਦਾ ਕੁੱਕੂ ਨੂੰ ਬਚਾ ਲੈਣਾ ਹੈ। ਭਰਾ ਹੱਥੋਂ ਭਰਾ ਦਾ ਮਾਰਿਆ ਜਾਣ ਵਾਲਾ ਮੋਟਿਫ਼ ਸੋਹਣ ਸਿੰਘ ਸੀਤਲ ਦੇ ਨਾਵਲ 'ਜੰਗ ਜਾਂ ਅਮਨ' ਵਿੱਚ ਸਕੇ ਭਰਾਵਾਂ ਦਾ ਭਾਰਤ-ਪਾਕਿ ਜੰਗ ਵਿੱਚ ਅਣਜਾਣੇ ਇੱਕ-ਦੂਜੇ ਵਿਰੁੱਧ ਲੜਣ ਮਰਨ ਦੇ ਅੰਤਰਪਾਠ ਦੀ ਯਾਦ ਕਰਾ ਦਿੰਦਾ ਹੈ। ਜੰਗ, ਦਹਿਸ਼ਤ ਅਤੇ ਅੱਤਵਾਦ ਵਿੱਚ ਰਿਸ਼ਤੇ ਮਰਦੇ ਵੀ ਹਨ, ਮੋਨ ਵੀ ਹੋ ਜਾਂਦੇ ਹਨ ਅਤੇ ਮਾਨਵੀ ਹੂਕ-ਫੂਕ ਵੀ ਬਣਦੇ ਹਨ। ਰਿਸ਼ਤਿਆਂ ਦੇ ਇਹ ਦਰਦ ਔਰਤਾਂ, ਮਰਦ, ਬੱਚੇ ਸਾਰੇ ਹੀ ਭੋਗਦੇ ਹਨ। ਜਿਵੇਂ ਨਿੱਕੀ ਅਤੇ ਸਲੀਮ ਦੀ ਹੋਣ ਵਾਲੀ ਵਹੁਟੀ ਅਤੇ ਮੁਸਤਫ਼ੇ ਦੀ ਭੈਣ ਨਸੀਮਾ ਭੋਗਦੀ ਹੈ। ਹਮੀਦਾ ਵੀ ਇਸ ਕੜੀ ਦਾ ਹੀ ਮਣਕਾ ਹੈ। ਇਸ ਭਾਗ ਵਿੱਚ ਦਹਿਸ਼ਤ ਅਤੇ ਅੱਤਵਾਦ ਦੀ ਹਨੇਰੀ ਦੇ ਨਾਲ-ਨਾਲ ਜ਼ਿੰਦਗੀ ਨੂੰ ਚਲਾਉਣ ਅਤੇ ਤੋਰਨ ਵਾਲੇ 'ਪਿਆਰ' ਨੂੰ ਅਵਚੇਤਨੀ ਕਾਰਨ ਵਜੋਂ ਸਿਰਜਿਆ ਗਿਆ ਹੈ। ਦੂਜਾ 'ਘਰ ਦਾ ਸਮੱਸਿਆਕਾਰ' ਹੈ। ਕੀ ਨੇਸ਼ਨ-ਸਟੇਟ ਦੀ ਹਿਫ਼ਾਜ਼ਤ ਦਾ ਘਰ ਸੁਰੱਖਿਅਤ ਹੈ। ਆਪਣੇ ਹੀ ਘਰ ਵਿੱਚ ਬੇਗਾਨਗੀ ਅਤੇ ਅਸੁਰੱਖਿਆ ਇੱਕ ਵੱਡਾ ਮਸਲਾ ਹੈ। ਇਸ ਸੰਰਚਨਾਕਾਰੀ ਵਿੱਚ ਨਾਵਲੀ ਬਿਰਤਾਂਤ ਦਾ ਪੈਟਰਨ ਦਹਿਸ਼ਤ, ਅੱਤਵਾਦ ਦੇ ਸਮਾਂਤਰ ਪਿਆਰ/ਮੁਹੱਬਤ ਦੇ ਸਦੀਵੀ ਪੈਟਰਨਾਂ ਨੂੰ ਫੋਕਸ ਕਰਦਿਆਂ, ਘਰ ਦੀ ਪਰਿਭਾਸ਼ਾ ਧਰਮ, ਕੌਮ, ਭਾਈਚਾਰੇ ਅਤੇ ਆਪਣਿਆਂ ਨਾਲੋਂ ਮੁਹੱਬਤੀ ਰਿਸ਼ਤਿਆਂ ਦੇ ਵਿੱਚ ਨਜ਼ਰ ਆਉਂਦਾ ਹੈ। ਮੁਸਤਫ਼ੇ ਦਾ ਬਚਪਨ ਦੇ ਸਾਥੀ ਲਈ ਜੋ ਉਸ ਦੀ ਵਿਚਾਰਧਾਰਾ, ਕੌਮ, ਧਰਮ ਅਤੇ ਭਾਈਚਾਰੇ ਨਾਲੋਂ ਭਿੰਨ ਹੈ, ਉਸ ਭਿੰਨਤਾ ਦੇ ਆਲਮ ਵਿੱਚ ਵਸੇ ਪਿਆਰ-ਦੋਸਤੀ ਕਰਕੇ ਆਪਾ ਕੁਰਬਾਨ ਕਰ ਦਿੰਦਾ ਹੈ। ਕੀ ਮਨੁੱਖ ਧਰਤੀ ਉੱਤੇ ਹਮੇਸ਼ਾ ਹੀ ਇੱਕ ਸ਼ਰਨਾਰਥੀ ਹੈ। ਜਿਵੇਂ ਕਿ ਨਾਵਲ ਵਿਚਲਾ ਸਿੱਖ ਭਾਈਚਾਰਾ ਹੈ। ਇੱਕ ਪ੍ਰਸ਼ਨ ਹੈ।

ਤੀਜਾ ਕਾਂਡ ਨਿੱਕੀ ਦੀ ਮੇਜ਼ਰ ਸਰਵਮੀਤ ਨਾਲ ਵਿਆਹ ਰਾਹੀਂ ਸੁਰੱਖਿਆ ਦਾ ਹੈ। ਬਾਅਦ ਵਿੱਚ ਇੰਗਲੈਂਡ ਚਲੇ ਜਾਣਾ ਅਤੇ ਧੀ ਪਾਰੁਲ ਦਾ ਜਨਮ ਹੈ। ਬੇਗਾਨੀ ਧਰਤੀ ਉੱਤੇ ਨਿੱਕੀ ਸੁਰੱਖਿਅਤ ਤਾਂ ਹੈ ਪਰ ਬਿਲੌਂਗਿੰਗ ਵਿਰਸੇ, ਪਰਿਵਾਰ, ਕਸ਼ਮੀਰ ਅਤੇ ਤਰਾਲ ਨਾਲ ਜੁੜੀਆਂ ਮੁਹੱਬਤੀ ਯਾਦਾਂ ਅਤੇ ਬੀਤੇ ਬਚਪਨ ਕਰਕੇ ਵਾਪਸ ਕਸ਼ਮੀਰ ਆਉਂਦੀ ਹੈ। ਮੇਜਰ ਦੀ ਗੁੰਮਸ਼ੁਦਗੀ ਵੀ ਹੈ। ਇੱਕ ਸਦਮੇ, ਸ਼ਾਕ



ਵਿੱਚ ਰਹਿੰਦੀ ਨਿੱਕੀ ਨੂੰ 'ਭਾਦਰਾ ਚਾਚਾ' ਦੀ ਹੀ ਸਾਲ ਬਾਅਦ ਫੋਨ ਕਾਲ ਹੈ। ਜਿਸ ਵਿੱਚੋਂ ਪਹਿਲੇ ਦੋਵੇਂ ਕਾਂਡ 'ਨਿੱਕੀ' ਦੀਆਂ ਯਾਦਾਂ, ਬੀਤੇ ਨੂੰ ਚੇਤੇ ਕਰਦਿਆਂ, ਉਸਰਦੇ ਹਨ।

ਕਾਂਡ ਚੌਥਾ ਨਿੱਕੀ/ਬਲਵਿੰਦਰ ਦੀ ਕਸ਼ਮੀਰ ਵਾਪਸੀ, ਕਸ਼ਮੀਰ-ਤਰਾਲ ਵਿਚਲੀ 'ਲਾਲ-ਹਵੇਲੀ' ਦਾ ਵਿਕਣਾ, ਢਹਿਣਾ ਅਤੇ ਰਾਜਬੀਰ ਦੇ ਪਿਤਾ ਦੀ ਵਿਰਾਸਤ ਸੰਭਾਲਣਾ ਅਤੇ ਸਾਂਭਣਾ ਹੈ। ਇਕੋ ਵੇਲੇ ਜੜ੍ਹਾਂ ਅਤੇ ਆਧੁਨਿਕਤਾ ਵਿੱਚ ਥਰਡ ਸਪੇਸ ਸਿਰਜਣੀ ਹੈ।

ਇਨ੍ਹਾਂ ਚਾਰ ਕਾਂਡਾਂ ਵਿੱਚ ਨਾਵਲ ਆਰੰਭ ਤੋਂ ਅਖ਼ੀਰ ਤੱਕ ਲੰਬੜਦਾਰ ਅਰਜਨ ਸਿੰਘ ਦੇ ਪਰਿਵਾਰ, ਅਤੇ ਨਿੱਕੀ ਦੇ ਬੀਤੇ ਅਤੇ ਵਰਤਮਾਨ ਦੁਆਲੇ ਘੁੰਮਦਾ ਹੈ। ਅਸਲ ਵਿੱਚ ਇਹ ਨਿੱਕੀ ਦੇ ਆਪੇ ਵਿੱਚੋਂ ਕਸ਼ਮੀਰ ਦਾ ਸਮਾਂ ਅਤੇ ਮਾਨਸਿਕਤਾ ਅਤੇ ਯੁਗ ਦੀਆਂ ਸਥਿਤੀਆਂ ਉਭਰਦੀਆਂ ਹਨ। ਨਾਵਲ ਵਿੱਚ ਇਸ ਪਰਿਵਾਰ ਦੇ ਸਮਾਂਤਰ ਹੋਰ ਪਰਿਵਾਰਾਂ, ਰਿਸ਼ਤਿਆਂ, ਘਟਨਾਵਾਂ ਅਤੇ ਸਥਿਤੀਆਂ ਲਕੀਰੀ ਅਤੇ ਨਿਸ਼ਚਿਤ ਏਕਤਾਵਾਂ ਨੂੰ ਭੰਗ ਕਰਕੇ ਹੀ ਇੱਕ ਕਸ਼ਮੀਰੀ ਮਹਾਂਦ੍ਰਿਸ਼ ਉਭਰਦਾ ਹੈ। ਲੰਬੜਦਾਰ ਅਰਜਨ ਸਿੰਘ ਦਾ ਪਰਿਵਾਰ ਆਰੰਭ ਵਿੱਚ ਸੁਖੀ, ਖ਼ੁਸ਼ਹਾਲ, ਹਾਸਿਆਂ ਵਾਲਾ ਵਾਲਾ ਪੇਂਡੂ ਨਿਰਭਰਤਾ, ਸਾਂਝਾਂ ਨਿਭਾਉਣ ਵਾਲਾ ਇੱਕ ਸੰਯੁਕਤ ਪਰਿਵਾਰ ਹੈ। ਜਿਸ ਦੀ ਸ਼ਾਨ 'ਲਾਲ-ਹਵੇਲੀ' ਅਤੇ ਬਾਗਾਂ-ਬੂਟਿਆਂ ਦੀ ਮਲਕੀਅਤ ਹੈ। ਬਾਅਦ ਵਿੱਚ ਇਹ ਸੰਯੁਕਤ ਪਰਿਵਾਰਕ ਸੰਸਥਾ, ਪੇਂਡੂ ਆਪਸੀ ਨਿਰਭਰਤਾ ਸੁੰਗੜਦੀ ਘਟਦੀ ਸ਼ਹਿਰੀ ਅਤੇ ਨਵੀਨ ਜੀਵਨ ਮਿਆਰਾਂ ਵਿੱਚ ਵਟਦੀ ਹੈ। ਨਿੱਕੀ, ਕੁੱਕੂ, ਗੋਪੀ, ਪਿੰਡ ਤੋਂ ਸ਼ਹਿਰ ਅਤੇ ਰਿਵਾਇਤੀ ਕਸ਼ਮੀਰੀ ਜ਼ਿੰਦਗੀ ਦੇ ਨਾਲ ਨਵੀਂ ਆਧੁਨਿਕ ਪ੍ਰੈਕਟਿਸ ਨੂੰ ਅੰਗੀਕਾਰ ਕਰਦੇ ਹਨ। ਮਰਦ ਗੇਜ਼ ਦੇ ਸਮਾਂਤਰ ਔਰਤ ਗੇਜ਼ ਹੈ। ਪ੍ਰਾਚੀਨਤਾ ਦੇ ਸਮਾਂਤਰ ਆਧੁਨਿਕਤਾ ਹੈ। ਵਹਿਸ਼ਤ/ਦਹਿਸ਼ਤ/ਅੱਤਵਾਦ ਦੀ ਅਸੁਰੱਖਿਆ ਦੇ ਸਮਾਂਤਰ ਪਿਆਰ/ਮੁਹੱਬਤ ਹੈ। ਅਸਲ ਵਿੱਚ ਇਹ ਇੱਕ ਪਰਿਵਾਰ ਦੇ ਹਵਾਲੇ ਅਤੇ ਰਿਸ਼ਤਿਆਂ ਦੇ ਨੈਟਵਰਕ ਰਾਹੀਂ ਕਸ਼ਮੀਰ ਦੇ ਬਹੁਸਭਿਆਚਾਰਕ ਭਾਈਚਾਰਿਆਂ ਦੀ ਏਕਤਾਵਾਂ ਅਤੇ ਅਨੇਕਤਾਵਾਂ ਦੀ ਕਸ਼ਮੀਰੀ ਜ਼ਿੰਦਗੀ ਹੀ ਹੈ। ਕਿਸੇ ਵੀ ਸਮਾਜ-ਸਭਿਆਚਾਰ ਦੀਆਂ ਅਜਿਹੀਆਂ ਜਟਿਲਤਾਵਾਂ ਅਤੇ ਬੇਤਰਤੀਬੀ ਪ੍ਰੈਕਟਿਸਾਂ ਅਤੇ ਪਛਾਣਾਂ ਦੇ ਅਮਲ ਦੀ ਬਿਰਤਾਂਤਕਾਰੀ ਆਦਿ, ਮਧ ਅਤੇ ਅੰਤ ਦੇ ਰੇਖਕੀ ਲਕੀਰੀ ਰੂਪ ਦੀ ਸੰਰਚਨਾ ਵਿੱਚ ਹੀ ਹੁੰਦੀ ਹੈ। ਜਿਵੇਂ 'ਸ਼ਿਕਾਰਗਾਹ' ਦੇ ਚਾਰ ਕਾਡਾਂ ਵਿੱਚ ਕਹਾਣੀ ਦੀ ਚਾਲ-ਢਾਲ ਨੂੰ ਲੋੜ ਅਨੁਸਾਰ ਢਾਲਿਆ ਗਿਆ ਹੈ। ਪਰ ਇਸ ਆਦਿ, ਮਧ ਅਤੇ ਅੰਤ ਵਿੱਚ ਕਾਲ ਕੋਈ ਲਕੀਰੀ ਰੂਪ ਵਿੱਚ ਨਿਸ਼ਚਿਤ ਬੀਤੇ, ਵਰਤਮਾਨ ਅਤੇ ਭਵਿੱਖ ਵਿੱਚ ਵੰਡਿਆ ਨਹੀਂ ਹੁੰਦਾ। ਇਸ ਨਾਵਲ ਵਿੱਚ ਕਸ਼ਮੀਰ ਦਾ ਜਟਿਲ ਯਥਾਰਥ ਅਤੇ ਸੱਚ ਨਿੱਕੀ-ਬਲਵਿੰਦਰ ਨਾਮੀ ਪਾਤਰ, ਜੋ ਸਾਰੇ ਨਾਵਲੀ ਬਿਰਤਾਂਤ ਦੀ ਬਿਰਤਾਂਤਕਾਰ, ਕੇਂਦਰ, ਔਰਤ ਗੇਜ਼ ਹੈ, ਉਸ ਦੇ ਸੁਪਨਿਆਂ, ਯਾਦਾਂ, ਲੋੜਾਂ, ਮੁਸੀਬਤਾਂ, ਬੀਤੇ ਬਚਪਣ, ਹਾਲਾਤਾਂ ਵਿੱਚੋਂ ਉਪਜੇ ਬੇਵਸ ਹੁੰਗਾਰਿਆਂ, ਪ੍ਰਤਿਕਰਮਾਂ, ਸਬੰਧਾਂ ਦੇ ਬਣਨ-ਟੁੱਟਣ ਵਿਸਥਾਪਨ, ਦੇ ਰਾਹੀਂ ਅਰਥ-ਸਾਰਥਕਤਾ ਗ੍ਰਹਿਣ ਕਰਦਾ ਹੈ।

ਔਰਤ ਅਤੇ ਕਸ਼ਮੀਰ ਇੱਕ-ਦੂਜੇ ਦੇ ਰੂਪਕ ਅਤੇ ਹੋਣੀ ਵਾਲੇ ਬਣ ਜਾਦੇ ਹਨ। ਜਿਵੇਂ ਕਸ਼ਮੀਰ ਦੀ ਹੁਸੀਨ ਧਰਤੀ, ਪ੍ਰਕਿਰਤੀ ਅਤੇ ਜ਼ਿੰਦਗੀ ਵਿਭਿੰਨ ਸੰਕਟਾਂ ਦੀ ਗ੍ਰਿਫ਼ਤ ਵਿੱਚ ਆਈ ਵਾਰ-ਵਾਰ ਸ਼ਿਕਾਰ ਹੋ ਰਹੀ ਹੈ, ਬਰਬਾਦ ਹੋ ਰਹੀ ਹੈ, ਉਵੇਂ ਹੀ ਨਿੱਕੀ ਵੀ ਮੁਜਾਹਿਦਾਂ, ਰਿਸ਼ਤਿਆਂ ਦੇ ਨੈੱਟਵਰਕ ਅਤੇ ਪਤਨੀ-ਪ੍ਰੇਮਿਕਾ, ਵਿਧਵਾ-ਸੁਹਾਗਣ, ਨਾ ਜਿਊਂਦਿਆਂ-ਨਾ ਮੋਇਆਂ ਵਿੱਚ ਵਿਭਾਜਿਤ ਹੋਏ ਆਪੇ ਦੇ ਟੁਕੜਿਆਂ ਵਿੱਚ ਖਿਲਰੀ ਪਈ ਹੈ। ਕੀ ਕਸ਼ਮੀਰ ਭਾਰਤੀ ਨੇਸ਼ਨ-ਸਟੇਟ ਹੈ ਜਾਂ ਪਾਕਿਸਤਾਨੀ ਨੇਸ਼ਨ-ਸਟੇਟ ਹੈ। ਉਵੇਂ ਹੀ ਨਿੱਕੀ ਵੀ ਪਾਕਿਸਤਾਨੀ ਮੁਜਾਹਿਦਾਂ ਅਤੇ ਭਾਰਤੀਨੇਸ਼ਨ-ਸਟੇਟ ਦੀ ਏਜੰਸੀਆਂ ਪੁਲਿਸ, ਮਿਲਟਰੀ ਦੇ ਕਾਰਿੰਦਿਆਂ ਵਿੱਚ ਵਿਚਰਨ ਲਈ ਬੇਵਸ ਸਬਜੈਕਟ ਹੈ। ਜੇਕਰ ਨਿੱਕੀ ਨੂੰ ਭਾਰਤੀ ਫੌਜੀ ਅਫ਼ਸਰ ਵਿਆਹ ਬੰਧਨ ਰਾਹੀਂ ਸੁਰੱਖਿਆ ਪ੍ਰਦਾਨ ਕਰਦਾ ਹੈ ਤਾਂ ਭਾਰਤੀ ਫੌਜੀ ਹੀ ਕਸ਼ਮੀਰ ਤੋਂ ਤਰਾਲ ਵਾਪਸ ਆ ਰਹੀ ਨਿੱਕੀ ਨਾਲ ਸੂਮੋ ਵਿੱਚ ਔਰਤ ਨਾਲ ਸ਼ਰੇਆਮ ਬਦਤਮੀਜ਼ੀਆਂ ਵੀ ਕਰਦੇ ਹਨ। ਭਾਵ ਕਸ਼ਮੀਰੀ ਟੈਰੇਰਟੀ ਵਾਂਗ ਔਰਤ ਵੀ ਇੱਕ ਅਜਿਹੀ ਟੈਰੇਰਿਟੀ ਹੈ ਜਿਸ ਉੱਤੇ ਮਰਦ ਕਾਬਜ

ਹੁੰਦਾ ਹੈ। ਜੇਕਰ ਇਕ ਪਾਸੇ ਮੁਜਾਹਿਦਾਂ ਦਾ ਔਰਤ ਨਿਸ਼ਾਨਾ ਬਣ ਰਹੀ ਹੈ ਤਾਂ ਦੂਜੇ ਪਾਸੇ ਸਰਕਾਰੀ ਏਜੰਸੀਆਂ ਜੋ ਲੋਕਾਂ ਦੀ ਰੱਖਿਅਕ ਹਨ, ਉਲਟਾ ਨਪੀੜ ਰਹੀਆਂ ਹਨ। ਅਜਿਹੀ ਸਥਿਤੀ ਵਿੱਚ ਕਸ਼ਮੀਰ ਵਾਂਗ ਔਰਤ ਇਕੋ ਵੇਲੇ ਆਪਣਿਆਂ ਅਤੇ ਬੇਗਾਨਿਆਂ ਹੱਥੋਂ ਪੀੜਤ ਅਤੇ ਦੁਖੀ ਹੈ। ਨਿੱਕੀ ਨੂੰ ਵੀਹ ਸਾਲ ਗੁਜਰਨ ਬਾਅਦ ਵੀ ਕਸ਼ਮੀਰ ਅਤੇ ਔਰਤ ਦੀ ਸਥਿਤੀ ਜਿਉਂ ਦੀ ਤਿਉਂ ਹੀ ਨਜ਼ਰ ਆਉਂਦੀ ਹੈ। "ਉਪਰੋਂ ਉਪਰੋਂ ਭਾਵੇਂ ਸਭ ਕੁੱਝ ਠੀਕ ਠਾਕ ਦਿਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੋਵੇ ਪਰ ਅੰਦਰ ਅਜੇ ਵੀ ਜਰਾਸੀਮ ਉਵੇਂ ਹੀ ਕੁਰਬਲ ਕੁਰਬਲ ਕਰ ਰਹੇ"[3] ਨਿੱਕੀ ਵੇਖਦੀ ਹੈ। ਇਸ ਸਾਰੇ ਕੁੱਝ ਦੇ ਬਾਵਜੂਦ ਕਸ਼ਮੀਰ ਅਤੇ ਔਰਤ ਜ਼ਿੰਦਗੀ ਨਾਲ ਜੁੜੀਆਂ ਹੋਈਆਂ ਹਨ।

ਲਾਲ-ਹਵੇਲੀ, ਡਲ ਝੀਲ, ਅਤੇ ਤਰਾਲ ਦੇ ਸੁੰਦਰ ਨਜ਼ਾਰਿਆਂ ਵਿੱਚ ਭੈਅ, ਹਿੰਸਾ ਦੇ ਬਾਵਜੂਦ ਜ਼ਿੰਦਗੀ ਧੜਕਦੀ ਹੈ। ਜੇਕਰ ਇੱਕ ਪਾਸੇ ਲਾਲ-ਹਵੇਲੀ ਢਹਿ ਰਹੀ ਹੈ, ਤਾਂ ਦੂਜੇ ਪਾਸੇ ਨਿੱਕੀ-ਪਾਰੁਲ ਅਤੇ ਕੁੱਕੂ ਨੂੰ ਨਾਲ ਲੈ ਕੇ ਰਾਜਬੀਰ ਦੇ ਪਿਤਾ ਕਿਰਪਾਲ ਸਿੰਘ ਦੀਆਂ ਸੱਧਰਾਂ, ਸੋਚਾਂ ਨੂੰ ਸਾਕਾਰ ਕਰਨ ਲਈ 'ਆਲੀਸ਼ਾਨ ਘਰ' ਤਿਆਰ ਕਰਦੀ ਹੈ, ਉਸ ਦੀਆਂ ਯਾਦਾਂ ਨੂੰ ਪਛਾਣ ਦਿੰਦੀ ਹੈ। ਜੇਕਰ 'ਲਾਲ-ਹਵੇਲੀ' ਅਤੇ ਤਰਾਲ ਦੀ ਜੰਮਣ ਭੂਮੀ ਵਿੱਚ ਮੁਜਾਹਿਦਾਂ ਦੇ ਭੈਅ ਅਤੇ ਹਿੰਸਾ ਵਿੱਚ ਕਿਸੇ ਵੇਲੇ ਨਿੱਕੀ ਦੀ ਨਾ ਰਹਿਣਯੋਗ ਸਥਿਤੀ, ਮੇਜਰ ਦੀ ਮਦਦ ਅਤੇ ਰਿਸ਼ਤਿਆਂ ਰਾਹੀਂ ਇੰਗਲੈਂਡ ਤੱਕ ਪਹੁੰਚਦੀ ਹੈ ਤਾਂ ਫਿਰ 20 ਸਾਲਾਂ ਬਾਅਦ ਵਾਪਸ ਉਸ ਕਸ਼ਮੀਰੀ ਨਾ ਰਹਿਣਯੋਗ ਧਰਤੀ ਨੂੰ ਹੀ 'ਰਹਿਣਯੋਗ' ਵਸੇਬ ਮੰਨਦੀ ਹੈ। ਅਜਿਹਾ ਨਹੀਂ ਕਿ ਹੁਣ ਕਸ਼ਮੀਰ ਦੇ ਹਾਲਾਤ ਬਦਲ ਗਏ ਹਨ, ਪਰ ਆਪਣੀ ਜ਼ਿੰਦਗੀ ਵਿੱਚ ਉਹ ਹੁਣ ਪਹਿਲਾਂ ਵਾਂਗ ਬੇਵਸੀ, ਡਰ ਤੋਂ ਮੁਕਤ ਜ਼ਿੰਦਗੀ ਦੀ ਖ਼ਾਹਿਸ਼ ਕਰਨ ਵਾਲਿਆਂ ਵਿੱਚ ਸ਼ਾਮਲ ਹੋ ਜਾਂਦੀ ਹੈ। ਇਹ ਹੀ ਉਹ ਨਾਵਲੀ ਅਵਚੇਤਨ ਹੈ ਜੋ ਆਤੰਕਵਾਦ ਦੇ ਬਾਵਜੂਦ ਪਰਿਵਾਰਕ ਰਿਸ਼ਤਿਆਂ ਦੇ ਸਹਿਯੋਗ ਅਤੇ ਆਸਰਿਆਂ ਦੀ ਮੁਹੱਬਤੀ ਨਿੱਘ ਰਾਹੀਂ ਭਿਆਨਕ ਸੰਕਟਾਂ ਦੀ ਗ੍ਰਿਫ਼ਤ ਤੋਂ ਪਾਰ ਲੰਘ ਜ਼ਿੰਦਗੀ ਨਾਲ ਜੁੜਨ ਦੀ, ਕਸ਼ਮੀਰ ਦੇ ਨਵ-ਨਿਰਮਾਣ ਵਿੱਚ ਯੋਗਦਾਨ ਪਾਉਣ ਅਤੇ ਆਉਣ ਵਾਲੇ ਸਮੇਂ ਲਈ ਤਿਆਰ ਹੋਣਾ ਹੈ। ਇਹ ਇਨਸਾਨੀ ਸਰੋਕਾਰ ਅਤੇ ਰਿਸ਼ਤੇ ਉਦੋਂ ਵੀ ਸੋਚਾਂ, ਜਜ਼ਬਿਆਂ ਅਤੇ ਪਛਾਣ ਦੇ ਨਿਸ਼ਚਿਤ ਮਿਆਰਾਂ ਤੋਂ ਉੱਪਰ ਉਠਕੇ ਪਾਰ-ਸਭਿਆਚਾਰਕ, ਪਾਰ-ਭਾਈਚਾਰਕ, ਪਾਰ-ਰਾਸ਼ਟਰੀ ਬਣਦੇ ਹਨ ਜਦੋਂ ਕੁੱਕੂ ਨੂੰ ਮੁਸਤਫ਼ਾ ਬਚਾਉਂਦਾ ਹੈ। ਸਲੀਮ ਨੂੰ ਗੋਲੀ ਮਾਰ, ਖੁਦ ਸਲੀਮ ਦੀ ਗੋਲੀ ਦਾ ਭਰਾ ਸ਼ਿਕਾਰ ਬਣਦਾ ਹੈ। ਅਰਜਨ ਸਿੰਘ ਵੀ ਵਲੀ ਮੁਹੰਮਦ ਨਾਲ ਗਹਿਰੀ ਸਾਂਝ, ਸਾਹਿਬ ਨੂਰਾਂ ਦਾਈ ਦਾ ਦੀਪੋ ਦੇ ਜਣੇਪੇ ਵਿੱਚ ਮਦਦ ਕਰਨੀ, ਗਾਮਾ ਅਤੇ ਜਨਤੀ ਦਾ ਕਰਤਾਰ ਸਿੰਘ ਦੀ ਮੁਸੀਬਤ ਵਿੱਚ ਮੁਜਾਹਿਦੀ ਦਹਿਸ਼ਤ ਦੇ ਬਾਵਜੂਦ ਮਦਦ, ਪੰਜਾਬੀ ਸਭਿਆਚਾਰ ਦੇ ਬਹੁ-ਸਭਿਆਚਾਰੀ ਅਤੇ ਸਾਂਝਾਂ ਵਾਲਾ ਸਦੀਵੀ ਪੈਟਰਨ ਹੈ। ਜਿੱਥੇ ਪੰਜਾਬੀ ਸਭਿਆਚਾਰ ਭਾਈਚਾਰਕ ਵੱਖਰੀਆਂ ਪਛਾਣਾਂ ਦੇ ਬਾਵਜੂਦ 'ਸੰਯੁਕਤ ਸਭਿਆਚਾਰ' ਬਣਦਾ ਹੈ। ਆਪਣੇ-ਬੇਗਾਨੇ, ਅਸੀਂ-ਤੁਸੀਂ ਦੀ ਨਿਸ਼ਚਿਤ ਵੰਡ ਵਾਲੀ ਪਛਾਣ ਦੇ ਕੇਂਦਰ ਬਦਲ ਜਾਂਦੇ ਹਨ। ਕਿਰਪਾਲ ਸਿੰਘ ਦਾ ਵਿਹਾਰ, ਹੁੰਗਾਰਾ ਵੀ ਇਸ ਸਭਿਆਚਾਰਕ ਪਛਾਣ ਵਾਲਾ ਹੀ ਹੈ। ਕਿਰਪਾਲ ਸਿੰਘ ਪਤਨੀ ਨਾਲੋਂ ਉਸ ਨੂੰਹ (ਨਿੱਕੀ) ਨੂੰ ਆਪਣੀ ਵਿਰਾਸਤ ਸੌਂਪਦਾ ਹੈ ਜੋ ਉਸ ਦੇ ਆਪਣੇ ਪੁੱਤ ਦੀ ਸੁਹਾਗਣ ਹੋਣ ਨਾਲੋਂ ਵਿਧਵਾ ਪਹਿਲਾਂ ਹੈ। ਬੇਗਾਨੇ ਪੁੱਤ ਮੇਜਰ ਸਰਵਮੀਤ ਨੂੰ ਪੁੱਤ ਵਾਂਗ ਬਿਨਾਂ ਕਿਸੇ ਤੇਰ-ਮੇਰ ਤੋਂ ਉੱਪਰ ਉਠ ਕੇ ਵੇਖਦਾ ਹੈ।

ਕਸ਼ਮੀਰੀ ਧਰਤੀ ਤੇ ਰਹਿੰਦਾ ਪੰਜਾਬੀ ਬੰਦਾ ਅਤੇ ਔਰਤ ਇਸ ਸਭਿਆਚਾਰਕ ਪਛਾਣ ਅਤੇ ਪੈਟਰਨ ਨੂੰ ਦੁਹਰਾ ਰਿਹਾ ਹੈ। ਨਿੱਕੀ ਅਤੇ ਉਸ ਦਾ ਭਾਈਚਾਰਾ ਅਤੇ ਪਰਿਵਾਰ ਅਨੇਕਾਂ ਮੁਸੀਬਤਾਂ, ਖਤਰਿਆਂ ਦੇ ਬਾਵਜੂਦ (ਜੋ ਹਿਜਰਤ ਲਈ ਪ੍ਰੇਰਿਕ ਬਣਦੇ ਹਨ) ਹਿਜ਼ਰਤ ਨਹੀਂ ਕਰਦੇ ਜਾਂ ਇਹ ਦੂਜੇ ਭਿੰਨ ਭਾਈਚਾਰਿਆਂ ਦੇ ਲੋਕ ਅਤੇ ਆਪਸੀ ਪਰਿਵਾਰਕ ਰਿਸ਼ਤਿਆਂ ਦੇ ਸਹਿਯੋਗ ਅਤੇ ਪਕੜ ਹੀ ਏਨੀ ਪੀਡੀ ਹੈ ਕਿ ਨਾ ਰਹਿਣਯੋਗ ਧਰਤੀ ਨੂੰ ਵੀ ਰਹਿਣਯੋਗ ਬਣਾ ਲੈਂਦੇ ਹਨ। ਆਪਣੀ ਜ਼ਿੰਦਗੀ ਨੂੰ ਦਾਅ ਤੇ ਲਾ ਕੇ, ਅੱਤਵਾਦ-ਵੱਖਵਾਦ ਦਾ ਨਾ ਕੇਵਲ ਭਾਈਚਾਰਕ ਇਕਜੁੱਟਤਾ ਦੀ ਸਿਆਸਤ ਰਾਹੀਂ ਟਾਕਰਾ ਕਰਦੇ ਹਨ ਬਲਕਿ ਸਥਾਨਕ ਕਸ਼ਮੀਰੀ ਆਰਥਿਕਤਾ ਅਤੇ ਸਮਾਜਿਕਤਾ ਨੂੰ ਵੀ ਵਿਕਸਿਤ



ਕਰਨ ਵਿੱਚ ਯੋਗਦਾਨ ਪਾਉਂਦੇ ਹਨ। ਪੰਜਾਬੀ ਸੂਬੇ ਤੋਂ ਬਾਹਰ ਰਹਿਣ ਵਾਲੇ ਇਨ੍ਹਾਂ ਕਸ਼ਮੀਰੀ ਸਿੱਖ ਪੰਜਾਬੀਆਂ ਦੀ ਇਹ ਇੱਕ ਵੱਖਰੀ ਪ੍ਰਾਪਤੀ ਵੀ ਹੈ। ਹਿੰਦੂ ਪੰਜਾਬੀ ਪਰਿਵਾਰਾਂ ਦੀ ਹਿਜ਼ਰਤ ਕਰ ਜਾਣ ਦੇ ਮੁਕਾਬਲੇ ਸਿੱਖ ਪਰਿਵਾਰਾਂ ਦੀ ਹਿਜ਼ਰਤ-ਵਿਸਥਾਪਣ ਨਾ ਕਰਨ ਦੇ ਹੋਰ ਆਰਥਕ ਅਤੇ ਕਸ਼ਮੀਰੀ ਸਟੇਟ ਦੇ ਸਿਆਸੀ ਕਾਰਨ ਵੀ ਹਨ ਜਿਨ੍ਹਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇੰਜ ਹੀ ਪੁਰਾਣੇ ਸਾਂਝੇ ਪੰਜਾਬ ਵੇਲੇ ਦੇ ਨਸਲੀ-ਅਵਚੇਤਨ ਦੇ ਕਾਰਨ ਵੀ ਹੋ ਸਕਦੇ ਹਨ। ਪਰ ਇਹ ਸਾਰੇ ਕਾਰਨ ਧਰਤੀ ਅਤੇ ਸਥਾਨਕਤਾ ਨਾਲ ਜੁੜੇ ਬੰਦੇ ਅੱਗੇ ਤੇਰ-ਮੇਰ ਨੂੰ ਨਜ਼ਰ-ਅੰਦਾਜ਼ ਕਰਨ ਵਾਲੇ ਬਣਦੇ ਹਨ। ਇਹ ਤੇਰ-ਮੇਰ ਕੇਵਲ ਬੇਗਾਨੀ ਧਰਤੀਆਂ ਅਤੇ ਭਿੰਨ ਧਰਮਾਂ, ਨਸਲਾਂ ਅਤੇ ਭਾਈਚਾਰਿਆਂ ਵਿੱਚ ਹੀ ਨਹੀਂ ਹੁੰਦੀ ਬਲਕਿ ਇੱਕ ਹੀ ਭਾਈਚਾਰੇ ਅੰਦਰ ਅੱਗੇ ਜਾਤ, ਲਿੰਗ, ਜਮਾਤ ਕਰਕੇ ਵਾਪਰਦੀ ਰਹਿੰਦੀ ਹੈ। ਨਾਵਲੀ ਬਿਰਤਾਂਤ ਅਨੁਸਾਰ ਸ੍ਰੀਨਗਰ ਦਾ ਸਿੱਖ ਭਾਈਚਾਰਾ ਅਤੇ ਪੰਜਾਬ ਵਿਚਲਾ ਸਿੱਖ ਭਾਈਚਾਰਾ ਕਸ਼ਮੀਰੀ ਭਾਈਚਾਰੇ ਦੀ ਮਦਦ ਅਤੇ ਸਹਿਯੋਗ ਨਾਲੋਂ ਸਾਜਿਸ਼ੀ ਅਤੇ ਸੁੜਯੰਤਰੀ ਵਧੇਰੇ ਹੈ। ਸੋ ਮਸਲਾ ਭਾਈਚਾਰਕ ਤੇਰ-ਮੇਰ ਨਾਲੋਂ ਇਨ੍ਹਾਂ ਭਾਈਚਾਰਿਆਂ ਵਿਚਲੇ 'ਪਾਵਰ-ਰਿਲੇਸ਼ਨਜ਼' ਅਤੇ 'ਅਦਰ' ਦੀ ਸਥਿਤੀ ਨੂੰ ਸਮਝਣ ਵਾਲਾ ਹੈ। ਮਨੁੱਖ ਕਦੇ ਵੀ ਪਾਵਰ-ਰਿਲੇਸ਼ਣ ਤੋਂ ਬਾਹਰ ਨਹੀਂ ਰਹਿ ਸਕਦਾ। ਨਾਵਲੀ ਦ੍ਰਿਸ਼ ਅਨੁਸਾਰ ਸਿੱਖ ਭਾਈਚਾਰੇ ਦਾ ਪ੍ਰਤਿਨਿਧ ਅਰਜਨ ਸਿੰਘ ਪਰਿਵਾਰ ਧਨਾਡ ਜਿੰਮੀਦਾਰ ਹੈ ਅਤੇ ਉਥੋਂ ਦੀ ਮੁਸਲਿਮ ਕਿਰਤੀ ਸ਼ਰੇਣੀ ਇੱਕ 'ਅਦਰ' ਵਾਲੀ ਸਥਿਤੀ ਵਿੱਚ ਹੈ। ਇਹ 'ਅਦਰ' ਹੀ ਜਹਾਦ ਅਤੇ ਅੱਤਵਾਦ ਦੇ ਮੁਜਾਹਿਦ ਰੂਪ ਵਿੱਚ ਸਿਵਲ ਸੁਸਾਇਟੀ ਅਤੇ ਰੋਜਾਨਾ ਪ੍ਰੈਕਟਿਸ ਵਿੱਚ ਸੱਤਾਮਈ ਬਣ ਜਾਂਦਾ ਹੈ। ਜਹਾਦੀ ਰਿਸ਼ਤਿਆਂ ਦੀ ਨੈਟਵਰਕੀ ਪ੍ਰਣਾਲੀ ਇਕੋ ਸਮੇਂ ਰਜਿਸਟੈਂਸ ਅਤੇ ਪਾਵਰ ਦੇ ਰਿਸ਼ਤਿਆਂ ਨੂੰ ਉਲੀਕ ਜਾਂਦੀ ਹੈ। ਇਸ ਨਜ਼ਰੀਏ ਤੋਂ ਹੀ ਨਾਵਲੀ ਬਿਰਤਾਂਤ ਕਸ਼ਮੀਰ ਦੇ ਬੀਤੇ ਅਤੇ ਵਰਤਮਾਨ ਬਾਰੇ ਪੁਨਰ-ਨਿਰੀਖਣ ਅਤੇ ਚੇਤਨਾ ਉਸਾਰਣ ਵਾਲਾ ਹੈ। ਲਾਲ ਹਵੇਲੀ ਦੇ ਸਮਾਂਤਰ ਚਾਚਿਆਂ ਦੀ ਨਵੀਆਂ ਕੋਠੀਆਂ ਬਣ ਜਾਣੀਆਂ ਨਿੱਕੀ ਦਾ ਇੰਗਲੈਂਡ ਵਾਪਸ ਨਾ ਜਾਣਾ, ਇਕੋ ਵੇਲੇ ਸਾਂਝਾਂ ਅਤੇ ਸਾਂਝਾਂ ਵਿੱਚ ਵਾਪਰ ਰਹੇ ਰੂਪਾਂਤਰਣ ਵਿਰਸੇ ਦਾ ਆਧੁਨਿਕਤਾ ਅਨੁਸਾਰ ਢਲ ਜਾਣਾ ਹੀ ਕਸ਼ਮੀਰੀ ਪੰਜਾਬੀ ਭਾਈਚਾਰਕ ਸਭਿਆਚਾਰ ਦੇ ਨਵ-ਨਿਰਮਾਣ ਦੀ ਭੂਮਿਕਾ ਦਾ ਪ੍ਰਤੀਕ ਹੈ।

ਪੰਜਾਬੀ ਸਭਿਆਚਾਰ ਅਤੇ ਪਰਿਵਾਰ ਅੰਦਰ ਕਦੇ ਅਜਿਹਾ ਨਹੀਂ ਹੋਇਆ ਕਿ ਆਂਤਰਿਕ ਵਿਰੋਧ ਨਾ ਹੋਣ। ਸ਼ਾਇਦ ਸੁਰੱਖਿਅਤਾ ਦੇ ਸੰਦਰਭ ਵਿੱਚ ਪਰਿਵਾਰ ਅੰਦਰ ਵਿਰੋਧ ਵਧੇਰੇ ਪੈਦਾ ਹੁੰਦੇ ਹੋਣ। ਅਰਜਨ ਸਿੰਘ ਦਾ ਪਰਿਵਾਰ ਸਮਾਜੀ-ਸਭਿਆਚਾਰਕ ਬਾਹਰੀ ਸੰਕਟਾਂ ਸਾਹਮਣੇ ਅੰਦਰੋਂ ਬਹੁਤ ਮਜ਼ਬੂਤ ਹੈ। ਸੋਚ ਵੀ ਆਧੁਨਿਕ ਕਿਸਮ ਦੀ ਹੈ। ਪਿਉ ਕਰਤਾਰ ਸਿੰਘ ਧੀ ਦੀ ਸਵੈ ਚੋਣ ਅਤੇ ਵਿਆਹ ਵਿੱਚ ਅੜਿੱਕਾ ਅਤੇ ਰੁਕਾਵਟ ਨਹੀਂ ਬਣਦਾ ਜਿਵੇਂ ਕਿ ਪੰਜਾਬੀ ਸਭਿਆਚਾਰਕ ਲਿਖਤਾਂ ਵਿੱਚ ਇਹ ਇੱਕ ਸਦੀਵੀ ਵਿਰੋਧ ਬਣਦਾ ਆਇਆ ਹੈ। ਚਾਚੇ, ਭਤੀਜੀ ਨੂੰ ਪਿਆਰ ਕਰਨ ਵਾਲੇ ਹਨ, ਜ਼ਮੀਨ-ਜ਼ਾਇਦਾਦ ਦੇ ਮਾਮਲਿਆਂ ਦੇ ਝਗੜੇ ਅਤੇ ਕੁੜੀਆਂ ਨੂੰ ਪਰਿਵਾਰਕ ਸੰਪਤੀ ਨਾ ਦੇਣ ਵਾਲਾ ਮਰਦ ਗੇਜ਼ ਵੀ ਪੰਜਾਬੀ ਸਭਿਆਚਾਰ ਦੇ ਬੁਨਿਆਦੀ ਪੈਟਰਨਾਂ ਵਿੱਚੋਂ ਇੱਕ ਹੈ, ਪਰ ਬੜੀ ਖੁਸ਼ੀ, ਮਾਣ-ਮੁਹੱਬਤ ਨਾਲ ਚਾਚੇ-ਭਤੀਜੀ ਦੀ ਜਾਇਦਾਦ ਉਸ ਦੇ ਹਵਾਲੇ ਕਰਦੇ ਹਨ, ਧੀ ਵੀ ਆਪਣੀ ਪਿਤਾ-ਪੁਰਖੀ ਯਾਦਗਾਰੀ ਲਾਲ-ਹਵੇਲੀ ਨੂੰ ਢਾਹੁਣ-ਵੇਚਣ ਲਈ ਤਿਆਰ ਹੈ ਪਰ ਅੰਦਰੋਂ ਭਾਵੇਂ ਪੀੜਤ ਹੈ। ਸਥਿਤੀਆਂ ਦੀ ਨਜ਼ਾਕਤ ਨੂੰ ਭਾਂਪ ਲੈਣਾ ਅਤੇ ਉਨ੍ਹਾਂ ਅਨੁਸਾਰ ਢਲ ਜਾਣਾ ਅਤੇ ਢਾਲ ਲੈਣਾ ਇਸ ਪਰਿਵਾਰ ਅੰਦਰ ਪਰੰਪਰਾ ਅਤੇ ਆਧੁਨਿਕਤਾ ਦਾ ਇਹ ਸਮੀਕਰਨ ਇਸ ਪਰਿਵਾਰ ਨੂੰ ਪਰੰਪਰਕ ਮੋਹ-ਮੁਹੱਬਤਾਂ ਅਤੇ ਆਧੁਨਿਕ ਵਿਅਕਤੀਗਤ ਆਜ਼ਾਦੀ ਨੂੰ ਇਕੋ ਸਮੇਂ ਸਮਾਂਤਰ ਰੂਪ ਵਿੱਚ ਵਿਕਸਿਤ ਕਰਦਿਆਂ ਸਿਰਜਦਾ ਹੈ ਜੋ ਵੇਖਣ ਨੂੰ ਬੜਾ ਆਦਰਸ਼ਕ ਲਗਦਾ ਹੈ। ਜੇਕਰ ਆਉਣ ਵਾਲੇ ਸਮਿਆਂ ਵਿੱਚ ਪੰਜਾਬੀ ਪਰਿਵਾਰਕ ਰਿਸ਼ਤਿਆਂ ਅਤੇ ਮੋਹ ਨੇ ਜਿਊਣਾ ਹੈ ਤਾਂ ਉਹ ਇਸ ਤਰ੍ਹਾਂ ਨਾਲ ਹੀ ਸੰਭਵ ਹੋ ਸਕੇਗਾ। ਦੂਜੇ ਪਾਸੇ ਰਾਜਬੀਰ ਦੇ ਮਾਂ-ਪਿਉ ਦਾ ਪਰਿਵਾਰਕ ਰਿਸ਼ਤਾ ਬਿਨਾ ਕਿਸੇ ਸੰਕਟ ਦੇ ਸੰਕਟ-ਗ੍ਰਸਤ ਹੈ। ਪਰਿਵਾਰ ਬਿਖਰਦਾ ਹੈ। ਇਹ ਦੋ ਸਮਾਂਤਰ ਕਹਾਣੀਆਂ ਰਾਹੀਂ ਪੰਜਾਬੀ ਸਭਿਆਚਾਰ ਵਿੱਚ ਵਾਪਰ ਰਹੀ ਰੂਪਾਂਤਰਣ

ਦੀ ਸਥਿਤੀ ਵਿੱਚੋਂ ਇੱਕ ਨਵੇਂ ਪੰਜਾਬੀ ਬੰਦੇ ਦੀ ਖੋਜ ਅਤੇ ਪਹਿਚਾਣ ਉਭਰਦੀ ਹੈ। ਸ਼ਾਇਦ ਰਿਸ਼ਤਿਆਂ ਦੇ ਪ੍ਰਸੰਗ ਵਿੱਚ ਅਜਿਹਾ ਵਾਪਰ ਜਾਣਾ ਹੀ ਇੱਕ ਸਭਿਆਚਾਰਕ-ਕ੍ਰਾਂਤੀ ਹੋਵੇ, ਜਿਵੇਂ ਨਿੱਕੀ ਦੇ ਪਰਿਵਾਰ ਰਾਹੀਂ ਗਲਪੀ-ਪਾਠ ਵਿੱਚ ਵਾਪਰਿਆ ਹੈ। ਅਜਿਹਾ ਵਾਪਰ ਜਾਣ ਵਿੱਚ ਇਹ ਸਮਝ ਲੈਣਾ ਕਿ ਸ਼ਾਇਦ ਮਨੁੱਖ ਸੁਤੰਤਰ ਆਜ਼ਾਦੀ ਦਾ ਮਾਲਕ ਬਣ ਜਾਵੇਗਾ, ਇੱਕ ਗਲਤੀ ਲੱਗ ਸਕਦੀ ਹੈ ਕਿਉਂਕਿ ਮਨੁੱਖੀ ਜੀਵਨ ਹਮੇਸ਼ਾ ਹੀ ਪਾਵਰ-ਰਿਲੇਸ਼ਨ ਦੇ ਅੰਦਰ-ਬਾਹਰ ਰਹਿੰਦਾ ਹੈ। ਪਰ ਪਾਵਰ ਕੋਈ ਹਮੇਸ਼ਾਂ ਇਕੋ ਥਾਂ ਮੌਜੂਦ ਨਹੀਂ ਹੁੰਦੀ, ਇਹ ਤਾਂ ਰਿਸ਼ਤਿਆਂ ਦੇ ਨੈੱਟਵਰਕ ਵਿੱਚ ਹਮੇਸ਼ਾ ਹੀ ਇੱਕ ਪ੍ਰਣਾਲੀ ਦੇ ਰੂਪ ਵਿੱਚ ਹੁੰਦੀ ਹੈ। ਜਿੱਥੇ ਵੀ ਕੋਈ ਮਨੁੱਖ ਰਜਿਸਟੈਂਸ ਹੈ, ਉੱਥੇ ਪਾਵਰ ਵੀ ਹੈ, ਜਿਥੇਂ ਪਾਵਰ ਹੈ, ਉੱਥੇ ਰਜਿਸਟੈਂਸ ਵੀ ਹੈ।

ਸੋ ਸਮੁੱਚੇ ਰੂਪ ਵਿੱਚ ਨਾਵਲ ਕਸ਼ਮੀਰੀ ਸਥਾਨਕਤਾ ਦੇ ਸੰਕਟ-ਗ੍ਰਸਤ ਹੋਣ, ਭਾਈਚਾਰਿਆਂ ਦੀ ਤੇਰ-ਮੇਰ, ਇਸ ਦੇ ਸਮਾਂਤਰ ਬਹੁਸਭਿਆਚਾਰੀ ਵੱਖਰਤਾਵਾਂ ਦੀ ਵੰਨ-ਸੁਵੰਨਤਾ, ਸਹਿਯੋਗ-ਸਹਿਹੋਂਦ, ਭਾਈਚਾਰਿਆਂ ਅੰਦਰਲੀ 'ਅਦਰ' ਅਤੇ ਪਾਵਰ ਰਿਲੇਸ਼ਨ ਦੇ ਨੈੱਟਵਰਕ ਦੇ ਬਦਲਦੇ ਸੱਤਾ-ਕੇਂਦਰਾਂ ਦੀ ਪਛਾਣ, ਕਸ਼ਮੀਰ ਦੀ ਹੋ ਰਹੀ ਆਧੁਨਿਕ ਰੂਪਾਂਤਰਣ ਪ੍ਰਕਿਰਿਆ ਵਿੱਚੋਂ ਇੱਕ ਅਜਿਹੀ ਕਸ਼ਮੀਰੀ ਪਛਾਣ ਅਤੇ ਯੁੱਗ ਉਸਰਦਾ ਹੈ ਜੋ ਬਣੀ-ਬਣਾਈ ਨਿਸ਼ਚਿਤ ਪਛਾਣ/ਹੋਂਦ (ਲਾਲ-ਹਵੇਲੀ) ਨਾਲੋਂ 'ਹੋਣ' ਦੀ ਪ੍ਰਕਿਰਿਆ ਵਿੱਚ ਹੈ। ਇਸ ਪ੍ਰਕਿਰਿਆ ਵਿੱਚ ਹੀ ਇਹ ਸਥਾਨਕਤਾ ਅਤੇ ਸਭਿਆਚਾਰਕ ਪਛਾਣ ਵਰਤਮਾਨ ਕਸ਼ਮੀਰੀ ਚੁਣੌਤੀਆਂ ਨੂੰ ਵੇਖਣ, ਸਮਝਣ ਅਤੇ ਇਨ੍ਹਾਂ ਬਾਰੇ ਗਿਆਨ-ਉਤਪਾਦਨ ਕਰਨ ਵਾਲੀ ਲਿਖਤ ਬਣਦੀ ਹੈ। ਜਿਸ ਦਾ ਨਜ਼ਰੀਆ ਅਤੇ ਸਬਜੈਕਟ ਪੁਜੀਸ਼ਨ ਭਾਰਤੀ ਨੇਸ਼ਨ-ਸਟੇਟ ਵਾਲੀ ਬਣਦੀ ਹੈ। ਅਜਿਹੀ ਸਟੇਟ ਜੋ ਬਹੁ-ਸਭਿਆਚਾਰਾਂ, ਬਹੁ-ਫਿਰਕਿਆਂ, ਧਰਮਾਂ, ਕੌਮਾਂ ਦੀ ਭਿੰਨਤਾਵਾਂ ਨੂੰ ਸਹਿਹੋਂਦ-ਸਹਿਯੋਗ ਵਿੱਚ ਰੱਖਣ ਲਈ 'ਭਾਰਤੀ ਰਾਸ਼ਟਰ' ਦੀ ਇੱਕ 'ਇਮੈਂਜਨਡ ਕਮਿਊਟੀ' ਵਜੋਂ ਤਸੱਵਰ ਕਰਦੀ ਹੈ। ਧਰਮ, ਜਾਤ, ਕੌਮ, ਨਸਲ, ਇਲਾਕੇ ਅਤੇ ਰਾਸ਼ਟਰ ਦੇ ਨਾਂ ਉੱਤੇ ਲੋਕਾਂ ਉੱਤੇ ਥੋਪੇ ਆਤੰਕਾਂ ਦੀ ਤਰਜਮਾਨੀ ਨੂੰ ਇਹ ਬਿਰਤਾਂਤ ਰੱਦ ਕਰਦਾ ਇਹ ਸੋਚਣ ਲਈ ਮਜਬੂਰ ਕਰਦਾ ਹੈ ਕਿ ਬਰਬਾਦੀ ਅਤੇ ਤਬਾਹੀ ਦੀ ਸ਼ਿਕਾਰਗਾਹ ਵਿੱਚੋਂ ਬਾਹਰ ਕਿਵੇਂ ਨਿਕਲਿਆ ਜਾ ਸਕਦਾ ਹੈ। ਇਸ ਸੋਚ ਵਿੱਚੋਂ ਹੀ ਨਿੱਕੀ ਦੇ ਪਾਤਰ ਅਤੇ ਪਰਿਵਾਰ ਦੀ ਕਲਪਨਾ ਇਸ ਨਾਵਲ ਦਾ ਬਿਰਤਾਂਤਕ-ਪ੍ਰਵਚਨ ਬਣਦਾ ਹੈ।

### ਹਵਾਲੇ ਅਤੇ ਟਿੱਪਣੀਆਂ-


1. Terry Eagleton, The English Novel :

F.R. Leavis defines a truly great novel in two chief ways : It must display what he calls 'A reverent openness before life and it must reveal an organic form. The trouble is that these two requirements are not easily compatible with each other, or rather, they would only be truly compatible if life itself were to reveal an organic form. The novel could then be reverently open to it without going baggy. It could be both representational and formally unified. P-14.

2. ਸੁਰਿੰਦਰ ਨੀਰ, ਸ਼ਿਕਾਰਗਾਹ, ਪੰਨਾ-244
3. ਉਹੀ, ਪੰਨਾ-212




ਪਤਾ : ਐਸੋਸੀਏਟ ਪ੍ਰੋ. ਪੰਜਾਬ ਯੂਨੀਵਰਸਿਟੀ ਰਿਜ਼ਨਲ ਸੈਂਟਰ, ਮੁਕਤਸਰ,
ਮੁਬਾਇਲ :99159-03445






## ਦਲਿਤ ਚਿੰਤਨ ਦੇ ਨਵੇਂ ਰਾਹਾਂ ਦੀ ਤਲਾਸ਼: ਮਰਨ ਰੁੱਤ


**ਡਾ. ਗੁਰਮੇਲ ਸਿੰਘ**


ਭਗਵੰਤ ਰਸੂਲਪੁਰੀ ਪੰਜਾਬੀ ਕਹਾਣੀ ਵਿਚ ਜਾਣਿਆ ਪਛਾਣਿਆ ਨਾਂ ਹੈ। ਇਸ ਤੋਂ ਵੀ ਅੱਗੇ ਉਹ ਦਲਿਤ ਕਹਾਣੀਕਾਰ ਵੱਜੋਂ ਸਥਾਪਤ ਹੋ ਚੁੱਕਾ ਹੈ। ਇਸ ਦਾ ਵੱਡਾ ਕਾਰਨ ਇਹੀ ਨਹੀਂ ਕਿ ਉਸ ਕੋਲ ਦਲਿਤ ਜੀਵਨ ਦੇ ਸੰਤਾਪ ਦਾ ਨਿੱਜੀ ਅਨੁਭਵ ਹੈ, ਬਲਕਿ ਇਸ ਕਰਕੇ ਵੀ ਹੈ ਉਹ ਕੁਝ ਚੋਣਵੇਂ ਲੇਖਕਾਂ ਵਿੱਚੋਂ ਹੈ ਜਿਹੜੇ ਦਲਿਤ ਮਸਲਿਆਂ ਨੂੰ ਸਿਧਾਂਤਕ ਪੱਧਰ ਤੋਂ ਵੀ ਸਮਝਣ ਤੇ ਸਿਰਜਣ ਵਾਸਤੇ ਯਤਨਸ਼ੀਲ ਹਨ। ਹੱਥਲਾ ਕਹਾਣੀ ਸੰਗ੍ਰਹਿ 'ਮਰਨ ਰੁੱਤ' ਉਸਦੀ ਚੌਥੀ ਰਚਨਾ ਹੈ। ਇਸ ਪੁਸਤਕ ਵਿਚਲੀਆਂ ਅੱਠੇ ਕਹਾਣੀਆਂ ਹੁਣ ਤੱਕ ਵੱਖੋ ਵੱਖਰੇ ਮੈਗਜ਼ੀਨਾਂ ਵਿੱਚ ਛਪੀਆਂ ਹੋਣ ਕਾਰਨ ਪੜ੍ਹੀਆਂ ਤੇ ਵਿਚਾਰੀਆਂ ਜਾ ਚੁੱਕੀਆਂ ਹਨ। ਪਰੰਤੂ ਇਕ ਪੁਸਤਕ ਦੇ ਰੂਪ ਵਿੱਚ ਇਨ੍ਹਾਂ ਕਹਾਣੀਆਂ ਦਾ ਪਾਠ ਜਿਥੇ ਉਸਦੀ ਕਥਾ ਸ਼ਿਲਪ ਦੇ ਵਿਭਿੰਨ ਰੰਗਾਂ ਦਾ ਆਭਾਸ ਕਰਵਾਉਂਦਾ ਹੈ ਉਥੇ ਉਸਦੀ ਕਥਾਕਾਰੀ ਦੇ ਮਸਲਿਆਂ ਤੇ ਫਿਕਰਾਂ ਨੂੰ ਵੀ ਦ੍ਰਿਸ਼ਟੀਗੋਚਰ ਕਰਦਾ ਹੈ।

ਇਸ ਕਹਾਣੀ ਸੰਗ੍ਰਹਿ ਵਿਚਲੀ ਸਿਰਲੇਖੀ ਕਹਾਣੀ 'ਮਰਨ ਰੁੱਤ' ਸਮੇਤ ਛੇ ਕਹਾਣੀਆਂ ਦਲਿਤ ਜੀਵਨ-ਸੰਘਰਸ਼ 'ਤੇ ਕੇਂਦਰਿਤ ਹੋਣ ਕਾਰਨ ਇਨ੍ਹਾਂ ਕਹਾਣੀਆਂ ਵਿਚ ਦਲਿਤ ਪਰਿਪੇਖ ਨੂੰ ਦੇਖਣਾ ਤੇ ਵਿਚਾਰਨਾ ਜ਼ਰੂਰੀ ਬਣ ਜਾਂਦਾ ਹੈ। ਪੰਜਾਬ ਅੰਦਰ ਜਾਤੀ ਸੰਸਕਾਰਾਂ ਕਾਰਨ ਉਪਜੀ ਸਮਾਜਿਕ ਵਿਵਸਥਾ ਦਾ ਮੁਹਾਂਦਰਾ ਬਾਕੀ ਸੂਬਿਆਂ ਨਾਲੋਂ ਵਧੇਰੇ ਭਰਮਾਊ ਤੇ ਭੁਲੇਖੇ ਵਾਲਾ ਹੈ। ਇਥੇ ਜਾਤੀ ਟਕਰਾ ਦੀ ਸਥਿਤੀ ਤੋਂ ਵਧੇਰੇ ਜਾਤੀ ਅਵਚੇਤਨ ਦੀ ਮੁੱਠ-ਭੇੜ ਰਹਿੰਦੀ ਹੈ ਜੋ ਅਣਦਿਸਦੇ ਰੂਪ ਵਿਚ ਕਾਰਜਰਤ ਹੈ। ਇਸੇ ਕਰਕੇ ਏਥੇ ਦਲਿਤ ਚੇਤਨਾ ਦੀ ਲੜਾਈ ਇਕਹਿਰੀ ਨਾ ਹੋ ਕੇ ਪੇਚੀਦਾ ਬਣ ਗਈ ਹੈ। ਦੇਖਿਆ ਜਾਵੇ ਤਾਂ ਵਿਵਸਥਾ ਦਾ ਗੈਰਮਾਨਵੀ ਰੂਪ ਉਦੋਂ ਹੀ ਸਾਹਮਣੇ ਆ ਜਾਂਦਾ ਹੈ ਜਦੋਂ ਨਾ ਕੇਵਲ ਦਲਿਤ ਨੂੰ ਆਰਥਿਕ ਸਾਧਨਾਂ ਤੋਂ ਵੰਚਿਤ ਕਰ ਦਿੱਤਾ ਜਾਂਦਾ ਹੈ ਬਲਕਿ ਉਸ ਦੀ ਸਮਾਜਿਕ ਤੇ ਸਭਿਆਚਾਰਕ ਹੋਂਦ ਨੂੰ ਆਪੱਤੀਜਨਕ ਘੋਸ਼ਿਤ ਕਰ ਦਿੱਤਾ ਜਾਂਦਾ ਹੈ।

ਇਸ ਸਥਿਤੀ ਦੇ ਖਿਲਾਫ਼ ਸਮਾਜਿਕ, ਧਾਰਮਿਕ ਤੇ ਰਾਜਨੀਤਕ ਲਹਿਰਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਪਰੰਤੂ ਇਸ ਸਭ ਕੁਝ ਦੇ ਬਾਵਜੂਦ ਦਲਿਤ ਸਥਿਤੀ ਦਾ ਜੋ ਪਰੀਦ੍ਰਿਸ਼ ਦਿਖਾਈ ਦਿੰਦਾ ਹੈ ਉਹ ਬਹੁਤ ਭੱਦਾ ਤੇ ਭਿਆਨਿਕ ਹੈ। ਇਹ ਇਸ ਕਰਕੇ ਵੀ ਹੋਇਆ ਕਿ ਸਰਮਾਏਦਾਰੀ ਲੋਕਤੰਤਰ ਦੇ ਲੋਕ ਲੁਭਾਊ ਪੱਖ ਦੇ ਲਾਭ ਨਾਲ ਇਕ ਸ਼ੈਕਸ਼ਨ ਪੜ੍ਹ ਲਿਖ ਕੇ ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ ਤੇ ਦੂਜੇ ਪਾਸੇ ਇਕ ਵਿਸ਼ਾਲ ਸਮੂਹ ਵਾਂਝਾਂ ਰਹਿਣ ਕਰਕੇ ਤ੍ਰਿਸਕਾਰ ਦਾ ਪਾਤਰ ਬਣਿਆ ਰਿਹਾ। ਇਸ ਅਸਾਵੇਂਪਣ ਨਾਲ ਦਲਿਤ ਰਾਜਨੀਤੀ ਅੰਦਰ ਵੱਖੋ ਵੱਖਰੇ ਸ਼ੈਕਸ਼ਨ ਉਤਪੰਨ ਹੋਏ, ਇਨ੍ਹਾਂ ਸ਼ੈਕਸ਼ਨਾਂ ਨੂੰ ਸਾਂਝੀ ਜਦੋਜਹਿਦ ਲਈ ਇਕ ਜੁਟ ਹੋਣ ਦਾ ਮੌਕਾ ਹੀ ਨਹੀਂ ਦਿੱਤਾ ਗਿਆ। ਦੂਜੇ ਪਾਸੇ ਸਰਮਾਏਦਾਰੀ ਲੋਕਤੰਤਰ ਵਿਚੋਂ ਦਲਿਤ ਰਾਜਨੀਤੀ ਦਾ ਜੋ ਮੁਹਾਂਦਰਾ ਬਣਿਆ ਉਹ ਅਖੌਤੀ ਦਲਿਤ-ਪੱਖੀ ਬਣ ਬੈਠਾ ਜਦ ਕਿ ਇਹ ਵਧੇਰੇ ਪ੍ਰਤੀਕਿਰਿਆਵਾਦੀ ਤੇ ਸ਼ਾਵਨਵਾਦੀ ਹੋਣ ਵਿਚ ਹੀ ਆਪਣੀ ਟੇਕ ਰੱਖਣ ਲੱਗ ਪਿਆ। ਇਸ ਸਥਿਤੀ ਵਿਚ ਦਲਿਤ ਮਨੁੱਖ ਦਾ ਜੀਵਨ ਦ੍ਰਿਸ਼ਟੀਕੋਣ ਧੁੰਦਲਕੇ ਦਾ ਸ਼ਿਕਾਰ ਹੈ। ਇਸ ਧੁੰਦਲਕੇ ਵਾਲੀ ਵਸਤੂ-ਸਥਿਤੀ ਦੇ ਅਨੇਕਾਂ ਕਥਾ ਚਿੱਤਰਾਂ ਦੇ ਨਾਲ ਨਾਲ ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ ਵਿਚ

ਦਲਿਤ ਚਿੰਤਨ ਨੂੰ ਲੈ ਕੇ ਨਵੇਂ ਰਾਹਾਂ ਦੀ ਤਲਾਸ਼ ਵਾਲਾ ਸੰਵਾਦ ਛਿੜਦਾ ਹੈ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਹੈ। ਇਸ ਕਹਾਣੀ ਦਾ ਸ਼ਿਲਪ ਵਿਧਾਨ ਜੀਵਨੀ ਵਾਰਤਕ ਰੂਪ ਨੂੰ ਗਲਪੀ ਵਿਧੀ ਵਿਚ ਰੂਪਾਂਤਰਿਤ ਕਰਕੇ ਇਕ ਨਿਵੇਕਲੀ ਤਕਨੀਕ ਨੂੰ ਸਿਰਜਦਾ ਹੈ। ਇਹ ਤਕਨੀਕ ਜਿਥੇ ਜੀਵਨੀ ਵਿਚਲੇ ਪਰਮ ਮਨੁੱਖ ਦੇ ਬਿੰਬ ਨੂੰ ਉਲਟਾ ਦਿੰਦੀ ਹੈ ਉਥੇ ਜੀਵਨ ਵੇਰਵਿਆਂ ਦੇ ਤ੍ਰਿਸਕਾਰਤ, ਸ਼ੋਸ਼ਣਕਾਰੀ ਤੇ ਅਣਜਿਤੇ ਪੱਖਾਂ ਨੂੰ ਦਿਖਾ ਦੇ ਜੀਵਨੀ ਦੇ ਸਦਾਚਾਰਕ ਤੇ ਸੰਦੇਸ਼ਮੁੱਖੀ ਮੰਤਵ ਤੋਂ ਹੱਟ ਕੇ ਦਲਿਤ ਮਨੁੱਖ ਦੇ ਸੰਘਰਸ਼ ਦੀ ਅਮੁੱਕ ਗਾਥਾ ਬਣ ਜਾਂਦੀ ਹੈ। ਰਹਿਮਤ ਮਸੀਹ ਮੱਟੂ ਦੀ ਜੀਵਨੀ ਦਾ ਆਧਾਰ ਉਸਦਾ ਜਮਾਤੀ ਮਿੱਤਰ ਹੈ ਨਾਲ ਹੀ ਉਸਦੀ ਸਰਵਿਸ ਬੁੱਕ ਹੈ। ਇਨ੍ਹਾਂ ਦੋਹਾਂ ਸ੍ਰੋਤਾਂ ਦੀ ਮੌਖਿਕ ਤੇ ਤੱਥ ਆਧਾਰਤ ਜਾਣਕਾਰੀ ਇਸ ਕਹਾਣੀ ਦੀ ਕਥਾ ਸਮੱਗਰੀ ਬਣਦੀ ਹੈ। ਇਸ ਪਾਤਰ ਦੀ ਜੀਵਨੀ ਨੂੰ ਕਹਾਣੀਕਾਰ ਨੇ ਇਸ ਕਰਕੇ ਚਿਤਰਨ ਦਾ ਯਤਨ ਕੀਤਾ ਹੈ ਤਾਂ ਜੋ ਦਲਿਤ ਸ਼ੰਘਰਸ ਵਿਚੋਂ ਹੁੰਦੇ ਹੋਏ ਉਸ ਸ਼ੈਕਸ਼ਨ ਦੇ ਜੀਵਨ-ਯਥਾਰਥ ਨੂੰ ਸਾਹਮਣੇ ਲਿਆਂਦਾ ਜਾਵੇ ਜਿਹੜਾ ਤੰਗੀਆਂ ਤੁਰਸ਼ੀਆਂ ਵਿਚੋਂ ਪੜ੍ਹ ਲਿਖ ਕੇ ਆਪਣੇ ਪੈਰਾਂ ਉਤੇ ਖੜਾ ਹੋਇਆ ਦਿਖਾਈ ਦਿੰਦਾ ਹੈ ਪਰੰਤੂ ਜਿਸਨੇ ਹਰ ਵੇਲੇ ਦਲਿਤ ਜਾਤੀ ਤ੍ਰਿਸਕਾਰ ਦੀ ਜ਼ਿਲਣ ਨੂੰ ਆਪਣੇ ਹੱਢੀਂ ਹੰਢਾਇਆ ਹੈ। ਏਨਾ ਹੀ ਨਹੀਂ ਪੜ੍ਹ ਲਿਖ ਕੇ ਨੌਕਰੀ ਹਾਸਲ ਕਰ ਲੈਣ ਪਿਛੋਂ ਵੀ ਉਸਦੀ ਜਦੋਜਹਿਦ ਦੇ ਅੱਗੇ ਉਹੀ ਸੰਕਟ ਨਵੇਂ ਨਵੇਂ ਰੂਪ ਵਟਾ ਕੇ ਖੜੋ ਜਾਂਦੇ ਹਨ। ਇਸ ਤੋਂ ਵੀ ਅੱਗੇ ਰਿਟਾਇਰ ਹੋਣ ਉਪਰੰਤ ਵੀ ਉਹ ਜਾਤੀ ਵਿਰੋਧ ਦਾ ਸ਼ਿਕਾਰ ਬਣਿਆਂ ਦਫਤਰਾਂ ਦੇ ਧੱਕੇ ਖਾਂਦਾ ਦਿਖਾਇਆ ਗਿਆ ਹੈ। ਇੰਜ ਇਸ ਪਾਤਰ ਦੀ ਜੀਵਨ ਵਿੱਚਲੀ ਅਮੁੱਕ ਜਦੋ ਜਹਿਦ ਰਾਹੀਂ ਕਹਾਣੀਕਾਰ ਵਿਰੋਧ ਵਿਚ ਇਕ ਧਿਰ ਬਣ ਕੇ ਖੜੇ ਉਸ ਜਾਤੀ ਅਵਚੇਤਨ ਨੂੰ ਉਜਾਗਰ ਕਰਦਾ ਹੈ ਜਿਹੜਾ ਸਿੱਧੇ ਵਿਰੋਧ / ਟਕਰਾ ਨਾਲੋਂ ਲੁਕਵਾਂ ਵਾਰ ਕਰਨ ਵਾਲੀ ਮਨੋਬਿਰਤੀ ਦਾ ਧਾਰਨੀ ਬਣ ਗਿਆ ਹੈ। ਇਸ ਵਿਰੋਧਤਾਈ ਦਾ ਵਿਕਰਾਲ ਰੂਪ ਉਸ ਦੀ ਸਰਵਿਸ ਬੁੱਕ ਵਿਚਲੇ ਹਵਾਲਿਆਂ ਰਾਹੀਂ ਦਰਸਾਇਆ ਗਿਆ ਹੈ ਜਿਥੇ ਜਾਤੀ ਜ਼ੁਲਮ ਦੇ ਖਿਲਾਫ਼ ਖੜ੍ਹੇ ਹੋਣ ਕਾਰਨ ਉਸ ਨੂੰ ਹੈੱਡ ਮਾਸਟਰ ਵੱਲੋਂ ਧੱਕੇਸ਼ਾਹ ਤੇ ਗਾਲੀ ਗਲੋਚ ਕਰਨ ਵਾਲਾ ਇਕ ਆਪਹੁਦਰਾ ਕਰਮਚਾਰੀ ਬਣਾ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਉਸ ਦੀ ਸਰਵਿਸ ਬੁੱਕ ਵਿਚ ਟਾਟ ਚੋਰੀ ਕਰਨ ਦਾ ਝੂਠਾ ਇਲਜ਼ਾਮ ਲਾ ਕੇ ਸਦਾ ਲਈ ਉਸਦੇ ਸਰਵਿਸ ਰਿਕਾਰਡ ਨੂੰ ਦਾਗ਼ੀ ਬਣਾ ਕੇ ਹਾਸ਼ੀਏ 'ਤੇ ਧੱਕ ਦੇਣ ਦੀਆਂ ਚਾਲਾਂ ਖੇਡੀਆਂ ਜਾਂਦੀਆਂ ਹਨ। ਇਸ ਕਹਾਣੀ ਦੇ ਆਰੰਭ ਵਿਚ ਇਸ ਪਾਤਰ ਦੀ ਦਿੱਖ ਰਾਹੀਂ ਕਥਾਕਾਰ ਉਸਦੇ ਅਮੁੱਕ ਸੰਘਰਸ਼ ਦੇ ਸੰਕੇਤ ਕਰ ਜਾਂਦਾ ਹੈ।

"ਇਹ ਜੋ ਹੁਣੇ ਹੁਣੇ ਟੈਂਪੂ 'ਚੋਂ ਉਤਰਿਆ ਹੈ, ਮੈਂ ਉਹਦੀ ਹੀ ਗੱਲ ਤੁਹਾਡੇ ਨਾਲ ਕਰਨੀ ਹੈ। ਉਹੀ ਮੱਧਰੇ ਕੱਦ ਦਾ ਚਿੱਟੀ ਕਮੀਜ਼ ਤੇ ਭੂਸਲੀ ਪੈਂਟ ਵਾਲਾ। ਟੈਂਪੂ 'ਚੋਂ ਉਤਰੇ ਤਾਂ ਤਿੰਨ ਚਾਰ ਜਣੇ ਹਨ ਪਰ ਮੈਂ ਉਸ ਦੀ ਗੱਲ ਹੀ ਕਰਨੀ ਚਾਹੁੰਦਾ ਹਾਂ। ਜਿਹੜਾ ਮਿੱਟੀ ਦੇ ਗੁਬਾਰ 'ਚੋਂ ਨਿਕਲ ਕੇ ਪਿੰਡ ਦੇ ਲਹਿੰਦੇ ਪਾਸੇ ਸਾਡੇ ਮੁਹੱਲੇ ਨੂੰ ਜਾਂਦੀ ਗਲੀ 'ਚ ਪੈ ਗਿਆ ਹੈ। ਹਾਂ ਉਹੀ ਹੈ ਰਹਿਮਤ ਮਸੀਹ ਮੱਟੂ, ਮਾਸਟਰ ਰਹਿਮਤ। ਉਸ ਦੇ ਗੂੜ੍ਹੇ ਤਾਂਬੇ ਰੰਗੇ ਚਿਹਰੇ 'ਤੇ ਮਿੱਟੀ ਘੱਟਾ ਜਿਵੇਂ ਪਿਆ ਹੀ ਨਹੀਂ ਹੁੰਦਾ। ਉਹ ਸਰੋਂ ਦਾ ਤੇਲ ਲਾ ਕੇ ਬੜੀ ਰੀਝ ਨਾਲ ਬੋਦਾ ਸਵਾਰਦਾ ਹੈ।(ਪੰਨਾ-9)

'ਜੜ੍ਹਾਂ' ਕਹਾਣੀ ਦਲਿਤ ਚਿੰਤਨ ਦੇ ਮੁੱਦੇ ਨੂੰ ਸਿਧਾਂਤਕ ਤੇ ਵਿਹਾਰਕ ਪੱਧਰ ਉੱਪਰ ਉਠਾਉਂਦੀ ਹੋਈ ਚਿਹਨਾਤਮਕ ਕਥਾ-ਵਿਧੀ ਰਾਹੀਂ ਇਕ ਭਰਵਾਂ ਸੰਵਾਦ ਵੀ ਛੇੜਦੀ ਹੈ। ਇਸ ਕਹਾਣੀ ਦਾ ਕੇਂਦਰੀ ਦਲਿਤ ਪਾਤਰ ਗਿਆਨ ਚੰਦ ਤੋਂ ਗਿਆਨ ਰਤਨ ਭਿਕਸ਼ੂ ਬਣ ਕੇ ਧਰਮ ਆਸਥਾ ਤੋਂ ਗਿਆਨ ਦੀ ਜਗਿਆਸਾ ਦਾ ਸਫ਼ਰ ਤਹਿ ਕਰਦਾ ਹੈ। ਇਸ ਸਫ਼ਰ ਵਿਚ ਉਸਦੀ ਸਭ ਤੋਂ ਵੱਡੀ ਮੁਸ਼ਕਿਲ ਜਾਤੀ -ਹੋਂਦ ਬਣਦੀ ਹੈ। ਕਿਉਂਕਿ ਧਰਮ ਆਸਥਾ ਦੀ ਗ੍ਰਿਫ਼ਤ ਵਿਚ ਆਇਆ ਪਿਤਰੀ-ਸਮਾਜ ਉਸਨੂੰ ਕਿਸੇ ਵੀ ਸੂਰਤ ਵਿਚ ਰਵੀਦਾਸ ਧਰਮ ਦੀ ਆਸਥਾ ਵਿਚੋਂ ਨਿਕਲ ਕੇ ਬੋਧੀ ਬਣਨਾ ਪ੍ਰਵਾਨ ਨਹੀਂ ਕਰਦਾ ਜਦਕਿ ਉਹ ਸੁਚੇਤ ਰੂਪ ਵਿਚ ਦਲਿਤ ਹੋਂਦ ਦੀਆਂ ਜੜ੍ਹਾਂ ਨੂੰ ਬੁੱਧ ਧਰਮ ਵਿਚੋਂ ਦੇਖਦਾ ਹੋਇਆ ਪਿੰਡ ਵਿਚ ਬੋਧ-ਵਿਹਾਰ ਬਣਾਕੇ ਆਪਣੀ ਇਸ ਸਿਧਾਂਤਕ ਖੋਜ ਦਾ ਨਿਰਮਾਣ ਕਰਨਾ ਚਾਹੁੰਦਾ ਹੈ। ਇਸ ਧਰਮ ਪਰਿਵਰਤਨ ਦਾ ਉਸਨੂੰ ਵੱਡਾ ਖਮਿਆਜਾ ਭਗਤਣਾ ਪੈਂਦਾ ਹੈ। ਇਕ ਪਾਸੇ ਜਿੱਥੇ ਪੂਰਾ ਭਾਈਚਾਰਾ ਉਸ ਤੋਂ ਟੁੱਟ ਜਾਂਦਾ ਹੈ ਦੂਜੇ ਪਾਸੇ ਇਸ ਸਦਮੇ ਨੂੰ ਲੈ ਕੇ ਉਸਦੀ ਮਾਂ ਪਾਗਲ ਹੋ ਜਾਂਦੀ ਹੈ। ਏਨਾ ਹੀ ਨਹੀਂ ਬੋਧ-ਵਿਹਾਰ ਨੂੰ ਲੈ



ਕੇ ਹੋਏ ਟਕਰਾ ਮੌਕੇ ਉਸ ਦੇ ਸਿਰ 'ਤੇ ਗੰਡਾਸੀ ਵੱਜਦੀ ਹੈ। ਜਿਸਦਾ ਨਿਸ਼ਾਨ ਭਿਕਸ਼ੂ ਬਣੇ ਸਫਾ ਚੱਟ ਸਿਰ ਉੱਪਰ ਸਦਾ ਲਈ ਉੱਕਰਿਆ ਜਾਂਦਾ ਹੈ। ਇੰਜ ਕਹਾਣੀਕਾਰ ਨੇ ਧਰਮ ਆਸਥਾ ਦੀਆਂ ਰੂੜ੍ਹੀਗਤ ਮਾਨਤਾਵਾਂ ਤੇ ਗਿਆਨ ਦੀ ਜਗਿਆਸਾ ਵਿੱਚਲੀ ਟੱਕਰ ਨੂੰ ਦਿਖਾ ਕੇ ਦਲਿਤ ਹੋਂਦ ਦੇ ਮਸਲੇ ਨੂੰ ਭਖਵੇਂ ਰੂਪ ਵਿੱਚ ਪ੍ਰਸਤੁਤ ਕੀਤਾ ਹੈ। ਇਸ ਕਹਾਣੀ ਦੀ ਚਿਹਨਾਤਮਕ ਵਿਧੀ ਜੜ੍ਹਾਂ ਸ਼ਬਦ-ਸੰਕੇਤ ਰਾਹੀਂ ਡੂੰਘੇ ਅਰਥਾਂ ਦਾ ਨਿਰਮਾਣ ਕਰਦੀ ਹੈ। ਮਸਲਨ ਦਲਿਤ ਹੋਂਦ ਦੀਆਂ ਜੜ੍ਹਾਂ ਕਿਥੇ ਹਨ? ਜੜ੍ਹਾਂ ਦੀ ਤਲਾਸ਼ ਕਿਉਂ ਜ਼ਰੂਰੀ ਹੈ? ਕੀ ਰੂੜ੍ਹੀਗਤ ਮਾਨਤਾ ਵਿਚ ਹੀ ਅਸਲ ਜੜ੍ਹਾਂ ਹਨ ਜਾਂ ਇਸ ਦੀ ਤਲਾਸ਼ ਵਿਚ ਜਾਣ ਦੀ ਲੋੜ ਹੈ? ਜੜ੍ਹਾਂ ਦੀ ਤਲਾਸ਼ ਵਿਚਲਾ ਰਾਹ ਟਕਰਾ ਭਰਿਆ ਕਿਉਂ ਹੈ? ਕਿਹੜੀ ਧਿਰ ਹੈ ਜਿਹੜੀ ਇਸਦੇ ਰਾਹ ਵਿੱਚ ਅੜਿੱਕਾ ਬਣਦੀ ਹੈ? ਇਹ ਕੁਝ ਪ੍ਰਸ਼ਨ ਹਨ ਜਿਹੜੇ ਦਲਿਤ ਚਿੰਤਨ ਦੇ ਬਹਿਸ ਦੇ ਮੁੱਦੇ ਬਣਦੇ ਹਨ। ਇਸੇ ਤਰ੍ਹਾਂ ਗਿਆਨ ਰਤਨ ਭਿਕਸ਼ੂ ਦੇ ਸਿਰ ਵਿਚ ਉਕਰਿਆ ਗੰਡਾਸੀ ਦਾ ਨਿਸ਼ਾਨ ਵੀ ਉਸਦੇ ਚੇਤਨ ਮਨ ਦੀ ਉਸ ਪੀੜ ਦਾ ਅਰਥ-ਸੂਚਕ ਬਣਦਾ ਹੈ ਕਿ ਪਿਤਾ ਪੁਰਖੀ ਧਰਮ ਆਸਥਾ ਦੀ ਗ੍ਰਿਫਤ ਵਿੱਚ ਆਈ ਧਿਰ ਕਿੰਨੀ ਰੂੜ੍ਹੀਵਾਦੀ ਤੇ ਪ੍ਰਤੀਕਿਰਿਆਵਾਦੀ ਹੈ ਜਿਸ ਦੇ ਮਨ ਵਿਚ ਜੜ੍ਹਾਂ ਦੀ ਤਲਾਸ਼ ਦਾ ਅੰਕੁਰ ਬੀਜਣਾ ਕਿੰਨਾ ਮੁਸ਼ਕਿਲਾਂ ਭਰਿਆ ਕਾਰਜ ਹੈ। ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਦੇ ਥੇਹ ਦੀ ਤਲਾਸ਼ ਵਿਚ ਭਟਕਦੇ ਇਸ ਪਾਤਰ ਰਾਹੀਂ ਕਹਾਣੀਕਾਰ, ਦਲਿਤ ਹੋਂਦ ਨਾਲ ਜੁੜੇ ਮਸਲਿਆਂ ਨੂੰ ਨਵੇਂ ਸਿਰੇ ਤੋਂ ਦੇਖਣ ਤੇ ਸਮਝਣ ਪ੍ਰਤੀ ਸੰਕੇਤ ਦਿੰਦਾ ਹੈ। ਇਸ ਕਹਾਣੀ ਦੇ ਸ਼ਿਲਪ-ਵਿਧਾਨ ਦੀ ਖੂਬਸੂਰਤੀ ਇਹ ਹੈ ਕਿ ਦਲਿਤ ਹੋਂਦ ਦੇ ਸਿਧਾਂਤਕ ਮਸਲਿਆਂ ਨੂੰ ਉਹ ਬੌਧਿਕ ਨਹੀਂ ਬਣਨ ਦਿੰਦਾ ਬਲਕਿ ਇਕ ਪ੍ਰਤੀਧੁਨੀ ਦੇ ਰੂਪ ਵਿੱਚ ਉਠਾਉਣ ਵਿਚ ਕਾਮਯਾਬ ਹੁੰਦਾ ਹੈ।

'ਆਦੀ ਡੰਕਾ' ਕਹਾਣੀ ਪਿਛਲੇ ਸਮੇਂ ਵਿਚ ਜਲੰਧਰ ਜ਼ਿਲ੍ਹੇ ਦੇ ਇਕ ਦਲਿਤ ਡੇਰੇ ਦੇ ਸੰਤ ਦੀ ਹੱਤਿਆ ਤੋਂ ਬਾਅਦ ਪੈਦਾ ਹੋਏ ਹਾਲਾਤ ਨੂੰ ਪਿੱਠਭੂਮੀ ਵੱਜੋਂ ਵਰਤਦੀ ਹੋਈ ਦਲਿਤ ਰਾਜਨੀਤੀ ਦੇ ਵੱਡੇ ਮਸਲਿਆਂ ਨੂੰ ਛੂੰਹਦੀ ਹੈ। ਇਸ ਕਹਾਣੀ ਦੀ ਵਿਧੀ ਨਾਟਕੀ ਹੈ। ਚਾਰ ਸੀਨਾ ਨੂੰ ਕਹਾਣੀਕਾਰ ਨੇ ਅੱਗੇ ਕਈ ਕਈ ਝਾਕੀਆਂ ਰਾਹੀਂ ਉਸਾਰਿਆ ਹੈ। ਹਰ ਸੀਨ ਆਧਾਰਿਤ ਝਾਕੀ ਦਾ ਆਰੰਭ ਸੂਤਰਧਾਰ ਰਾਹੀਂ ਕੀਤਾ ਗਿਆ ਹੈ। ਇਸ ਵਿਧੀ ਰਾਹੀਂ ਲੇਖਕ ਨੇ ਇਕ ਪਾਸੇ ਮੌਜੂਦਾ ਘਟਨਾਕ੍ਰਮ ਜਿਸ ਦੇ ਵਿਚ ਲੁੱਟ-ਮਾਰ ਸਾੜ ਫੂਕ ਤੇ ਹੁੱਲੜਬਾਜ਼ੀ ਦਾ ਆਤੰਕ ਹੈ, ਨੂੰ ਪੇਸ਼ ਕੀਤਾ ਹੈ ਦੂਜੇ ਪਾਸੇ ਉਸ ਨੇ ਦਲਿਤ ਰਾਜਨੀਤਕ ਇਤਿਹਾਸ ਦੇ ਗਵਾਹ ਬਣੇ ਤਿੰਨ ਪੀੜ੍ਹੀਆਂ ਦੇ ਪਾਤਰਾਂ ਰਾਹੀਂ ਦਲਿਤ ਰਾਜਨੀਤੀ ਦੀ ਦਸ਼ਾ ਤੇ ਦਿਸ਼ਾ ਬਾਰੇ ਗੌਲਣਯੋਗ ਸੰਵਾਦ ਨੂੰ ਛੇੜਿਆ ਹੈ। ਪਹਿਲੀ ਪੀੜ੍ਹੀ ਵਿਚ ਚੌਧਰੀ ਫਕੀਰ ਚੰਦ ਹੈ ਤੇ ਅੱਗੋਂ ਉਸਦਾ ਪੁੱਤਰ ਤੇ ਫਿਰ ਉਸਦਾ ਪੋਤਾ। ਚੌਧਰੀ ਫ਼ਕੀਰ ਚੰਦ ਦਾ ਪਰਿਵਾਰ ਆਪਣਾ ਪਿਤਾ ਪੁਰਖੀ ਕਿੱਤਾ ਚਮੜੇ ਦਾ ਕੰਮ-ਧੰਦਾ ਕਰਦਾ ਹੈ। ਇਹ ਪਾਤਰ ਹੁਣ ਬੁੱਢਾ ਹੋ ਚੁੱਕਾ ਹੈ ਤੇ ਬਜ਼ਾਰ ਦੇ ਅੱਡੇ ਵਿਚਲੇ ਖੋਖੇ ਵਿੱਚ ਜੁੱਤੀਆਂ ਗੰਢਣ ਦਾ ਕੰਮ ਕਰਦਾ ਹੈ। ਇਸਦਾ ਖੋਖਾ ਵੀ ਅੱਗਜ਼ਨੀ ਦੀ ਭੇਂਟ ਚੜ੍ਹ ਜਾਂਦਾ ਹੈ। ਇਸ ਵਰਤਾਰੇ ਵਿਚੋਂ ਕਹਾਣੀਕਾਰ ਨੇ ਇਸ ਪਾਤਰ ਦੇ ਅੰਦਰਲੇ ਨੂੰ ਸਾਹਮਣੇ ਲਿਆ ਕੇ ਉਸ ਭੂਤਕਾਲ ਨੂੰ ਇਤਿਹਾਸਕ ਵਿਧੀ ਰਾਹੀਂ ਸਾਕਾਰ ਕੀਤਾ ਹੈ ਜਿਸ ਵਿਚ ਦਲਿਤ ਚੇਤਨਾ ਦੀ ਆਦਿ ਧਰਮੀ ਲਹਿਰ ਬੜੀ ਕਾਮਯਾਬੀ ਨਾਲ ਅੱਗੇ ਵੱਧਦੀ ਹੈ ਪਰੰਤੂ ਹੌਲੀ ਹੌਲੀ ਪਤਨਗ੍ਰਸਤ ਹੋ ਕੇ ਮੌਜੂਦਾ ਰਾਹ 'ਤੇ ਪੈ ਜਾਂਦੀ ਹੈ।

ਚੌਧਰੀ ਫਕੀਰ ਚੰਦ ਨੂੰ ਦਲਿਤ ਲਹਿਰ ਦਾ ਉਹ ਵੇਲਾ ਯਾਦ ਆਉਂਦਾ ਹੈ ਜਦੋਂ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਦਲਿਤ ਲਹਿਰ ਇਕ ਸਾਂਝੀ ਲੜਾਈ ਦੇ ਲਈ ਲਾਮਬੰਦ ਹੁੰਦੀ ਹੈ। ਇਸ ਆਦਿ ਧਰਮੀ ਲਹਿਰ ਦੀ ਚੇਤਨਾ ਨੂੰ ਜਗਾਉਣ ਦੇ ਲਈ 'ਆਦੀ ਡੰਕਾ' ਪੱਤਰਿਕਾ ਦਾ ਵੱਡਾ ਯੋਗਦਾਨ ਸੀ। ਕਹਾਣੀਕਾਰ ਨੇ ਇਸ ਪਾਤਰ ਦੇ ਚੇਤੇ ਵਿਚੋਂ ਇਤਿਹਾਸ ਦੇ ਉਨ੍ਹਾਂ ਵੇਲਿਆਂ ਨੂੰ ਪੁਨਰ ਸਿਰਜਤ ਕੀਤਾ ਹੈ ਜਿਨ੍ਹਾਂ ਵਿੱਚ ਆਦਿ-ਧਰਮੀ ਲਹਿਰ ਨੂੰ ਖੋਰਾ ਲੱਗਿਆ। ਇਥੇ ਲੇਖਕ ਨੇ ਭਾਰਤ ਦੀ ਅਜ਼ਾਦੀ ਦੇ ਮੋਹਰੀ ਬਣੇ ਆਗੂਆਂ ਦੀਆਂ ਚਾਲਾਂ ਨੂੰ ਨੰਗਾ ਕੀਤਾ ਹੈ ਜਿਨ੍ਹਾਂ ਨੇ ਅਜ਼ਾਦੀ ਦੀ ਲੜਾਈ ਦੇ ਨਾਲ ਨਾਲ ਦਲਿਤਾਂ ਨੂੰ ਆਪਣੇ ਗੁਲਾਮ ਬਣਾਈ ਰੱਖਣ ਦੀ ਦੂਹਰੀ ਚਾਲ ਖੇਡੀ। ਇਹੀ ਨਹੀਂ ਆਦਿ ਧਰਮੀ ਲਹਿਰ ਵਿਚ ਦਲਿਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਲੈ ਕੇ ਅਜਿਹੀ ਘੁਸ-ਪੈਠ ਕੀਤੀ ਗਈ ਜਿਸਦੀ ਬਹੁ-ਗਿਣਤੀ ਨੂੰ ਸਮਝ ਹੀ ਨਾ ਲੱਗੀ। ਸਥਿਤੀ ਦਾ ਵਿਰੋਧਾਭਾਸ ਇਹ ਹੋਇਆ ਕਿ ਜਿਨ੍ਹਾਂ ਧਰਮ ਗ੍ਰੰਥਾਂ, ਚਿੰਨ੍ਹਾਂ, ਸੰਸਥਾਵਾਂ ਨਾਲ ਜੁੜਨ ਵਿਚ ਉਹ ਆਪਣੀ ਇਕਜੁੱਟਤਾ ਦਾ ਭੁਲੇਖਾ ਪਾਲਣ ਲੱਗੇ ਉਹੀ ਉਨ੍ਹਾਂ ਦੀ ਸਾਂਝੀਵਾਲਤਾ ਨੂੰ ਢਾਹ

ਲਾਉਣ ਵਿਚ ਕਾਰਗਰ ਸਿੱਧ ਹੋਈਆਂ। ਇੰਜ ਲੇਖਕ ਨੇ ਇਸ ਪਾਤਰ ਦੇ ਫਿਕਰਾਂ ਵਿਚੋਂ ਦਲਿਤ ਲਹਿਰ ਦੇ ਮੌਜੂਦਾ ਗੰਧਲੇ ਹੋ ਚੁੱਕੇ ਸਰੂਪ ਨੂੰ ਦਿਖਾਇਆ ਹੈ ਜਿਹੜਾ ਰਾਜਸੀ ਸੋਝੀ ਤੋਂ ਕੋਰਾ ਹੋ ਕੇ ਨਿਰੋਲ ਵਿਸਵਾਸ਼ ਦੀ ਪੱਧਰ ਉੱਤੇ ਵਿਚਰਦਾ ਅੱਗਜ਼ਨੀ ਦੇ ਰਾਹੇ ਤੁਰ ਪਿਆ ਹੈ। ਇੰਝ ਕਹਾਣੀਕਾਰ ਨੇ 20 ਵੀਂ ਸਦੀ ਦੇ ਭਾਰਤੀ ਰਾਜਨੀਤਕ ਇਤਿਹਾਸ ਨੂੰ ਪੁਨਰ ਮੁਲਾਂਕਿਤ ਕਰਨ ਦਾ ਨਿੱਗਰ ਸੰਕੇਤ ਦਿੱਤਾ ਹੈ। ਅਤੇ ਦਲਿਤ ਰਾਜਨੀਤੀ ਦੇ ਮੌਜੂਦਾ ਸਰੂਪ ਵਿਚ ਆਈ ਤਬਦੀਲੀ ਨੂੰ ਸਮਝਣ ਲਈ ਇਸ ਦੀ ਭੂਮਿਕਾ ਪ੍ਰਤੀ ਸੰਬਾਦ ਛੇੜਿਆ ਹੈ।

ਇਸ ਸੰਗ੍ਰਹਿ ਦੀਆਂ ਦੋ ਕਹਾਣੀਆਂ 'ਲੰਘ ਚੱਲੀ' ਤੇ 'ਡਾਕੂਮੈਂਟਰੀ' ਦਲਿਤ-ਔਰਤ ਦੇ ਜੀਵਨ ਵੇਰਵਿਆਂ ਨੂੰ ਆਧਾਰ ਬਣਾਉਂਦੀਆਂ ਹਨ। ਇਨ੍ਹਾਂ ਦੋਵੇਂ ਕਹਾਣੀਆਂ ਵਿਚ ਕਥਾਕਾਰ ਨੇ ਪਾਤਰ ਪ੍ਰਧਾਨ ਵਿਧੀ ਰਾਹੀਂ ਉਸ ਦਲਿਤ ਔਰਤ ਦੇ ਯਥਾਰਥਕ ਜੀਵਨ ਨੂੰ ਪੇਸ਼ ਕੀਤਾ ਹੈ ਜਿਸਨੇ ਸਾਰੀ ਉਮਰ ਪਰਿਵਾਰਕ ਦੁੱਖਾਂ, ਕਲੇਸ਼ਾਂ, ਤੰਗੀ-ਤੁਰਸ਼ੀ ਤੇ ਮੰਦਹਾਲੀ ਵਿਚ ਗੁਜ਼ਾਰੀ ਹੁੰਦੀ ਹੈ। ਇਥੇ ਕਹਾਣੀਕਾਰ ਇਨ੍ਹਾਂ ਔਰਤਾਂ ਦੇ ਜੀਵਨ ਦੇ ਇਕਹਿਰੇ ਮਸਲੇ ਦਾ ਸਿਰਜਨ ਨਹੀਂ ਕਰਦਾ ਸਗੋਂ ਨਿੱਕੇ ਨਿੱਕੇ ਪਰਿਵਾਰਕ ਦੁੱਖਾਂ ਰਾਹੀਂ ਅਜਿਹਾ ਭਰਵਾਂ ਬਿੰਬ ਸਾਕਾਰ ਕਰਦਾ ਹੈ ਜਿਥੇ ਪੈਰ-ਪੈਰ ਤੇ ਦੁੱਖ ਸੰਤਾਪ ਤੇ ਫਿਕਰ ਅੰਦੇਸ਼ੇ ਰਾਹ ਮੱਲੀਂ ਬੈਠੇ ਹਨ। ਇਹ ਅਜਿਹੇ ਜੀਵਨ ਦਾ ਯਥਾਰਥਕ ਚਿਤਰ ਹੈ ਜਿਸ ਵਿਚ ਜੀਣ ਜੋਗਾ ਕੁਝ ਵੀ ਨਹੀਂ। ਧੀਆਂ, ਪੁੱਤਾਂ, ਜਵਾਈਆਂ ਤੋਂ ਵੀ ਅਗਾਂਹ ਪੋਤੇ ਪੋਤੀਆਂ ਦੇ ਦੁੱਖਾਂ ਨਾਲ ਇਹ ਇਕ ਅਮੁੱਕ ਗਾਥਾ ਬਣੀ ਰਹਿੰਦੀ ਹੈ। ਇੰਜ ਲੇਖਕ ਨੇ ਗੈਰ ਰਸਮੀ ਢੰਗ ਨਾਲ ਦਲਿਤ ਔਰਤ ਦੇ ਜੀਵਨ ਨੂੰ ਆਧਾਰ ਬਣਾ ਕੇ ਬੇ ਗੌਰੇ ਦਲਿਤ ਵਰਗ ਦੀ ਦੁੱਖਾਂ ਭਰੀ ਦਾਸਤਾਂ ਨੂੰ ਛੇੜਿਆ ਹੈ ਜਿਸ ਵਿਚ ਜੀਵਨ ਦੀ ਅਉਧ ਜੀਵੀ ਨਹੀਂ ਜਾਂਦੀ ਸਗੋਂ ਦੁੱਖਾਂ ਦੀ ਗ੍ਰਿਫ਼ਤ ਵਿਚੋਂ ਫਸ ਕੇ ਲੰਘਦੀ ਹੈ। 'ਡਾਕੂਮੈਂਟਰੀ' ਕਹਾਣੀ ਦੀ ਮਾਸੀ ਵਰਿਆਮੀ ਦੀ ਜੀਵਨ ਸਥਿਤੀ ਵਿਚੋਂ ਕਹਾਣੀਕਾਰ ਨੇ ਪੰਜਾਬ ਦੀਆਂ ਔਰਤਾਂ ਦੀ ਸਮਾਜਿਕ ਸਥਿਤੀ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਬੇਸ਼ੱਕ ਲੇਖਕ ਦੀ ਇਹ ਕਹਾਣੀ ਉਸ ਦੇ ਸ਼ੌਕੀਆ ਕਾਰਜ਼ ਤੇ ਵਿਚਾਰਧਾਰਕ ਚੇਤਨਾ ਦੀ ਉਪਜ ਹੈ ਪਰੰਤੂ ਦਲਿਤ ਸਮਾਜ ਦੀ ਦਸ਼ਾ ਨੂੰ ਔਰਤ ਦੇ ਜੀਵਨ ਵਿਚੋਂ ਤਲਾਸ਼ਣ ਕਰਕੇ ਇਕ ਗੰਭੀਰ ਮੁੱਦੇ ਦੀ ਨਿਸ਼ਾਨਦੇਹੀ ਕਰਦੀ ਹੈ।

'ਮਰਨ ਰੁੱਤ' ਇਸ ਸੰਗ੍ਰਹਿ ਦੀ ਸਿਰਲੇਖੀ ਕਹਾਣੀ ਹੈ। ਜਿਸ ਵਿਚ ਕਹਾਣੀਕਾਰ ਨੇ ਭਾਵਨਾਤਮਕ ਮੌਤ ਦੀ ਰੁੱਤ ਨੂੰ ਸੰਵੇਦਨਸ਼ੀਲ ਢੰਗ ਨਾਲ ਪ੍ਰਸਤੁਤ ਕੀਤਾ ਹੈ। ਕਹਾਣੀ ਵਿਚ ਕੇਂਦਰੀ ਪਾਤਰ ਦੇ ਪਿਉ ਦੀ ਮੌਤ ਉਪਰੰਤ ਉਸਦੇ ਮਨ ਵਿਚ ਆਪਣੇ ਪਿਉ ਦੇ ਵਾਸਤਵਿਕ ਜੀਵਨ ਦੀਆਂ ਅਨੇਕਾਂ ਘਟਨਾਵਾਂ ਸਾਕਾਰ ਹੋ ਉੱਠਦੀਆਂ ਹਨ। ਜਿਨ੍ਹਾਂ ਵਿਚੋਂ ਇਹ ਪਾਤਰ ਆਪਣੀ, ਆਪਣੀਆਂ ਭੈਣਾਂ ਦੇ ਆਪਣੀ ਮਾਂ ਦੀ ਜ਼ਿੰਦਗੀ ਦੇ ਮਰਨ ਹਾਰੇ ਦ੍ਰਿਸ਼ਾਂ ਦੇ ਸਨਮੁੱਖ ਹੁੰਦਾ ਹੈ। ਕਿਉਂਕਿ ਉਸਦੇ ਪਿਉ ਦੇ ਸਾਰੀ ਉਮਰ ਚੋਰੀ-ਚਕਾਰੀ, ਨਸ਼ੇ-ਪੱਤੇ ਤੇ ਪਰਾਈਆਂ ਔਰਤਾਂ ਨਾਲ ਖੇਹ-ਖਰਾਬੀ ਵਿਚ ਹੀ ਲੰਘਾ ਦਿੱਤੀ। ਇਹ ਪਾਤਰ ਦਲਿਤ ਵਰਗ ਵਿਚੋਂ ਹੈ। ਸਾਧਨ ਵਿਹੂਣੀ ਸਥਿਤੀ ਵਿਚ ਉਸਦੀ ਮਾਂ ਨੂੰ ਦਿਹਾੜੀ ਦੱਪਾ ਕਰਕੇ ਆਪਣੇ ਬੱਚਿਆਂ ਨੂੰ ਪਾਲਣ ਦੀ ਸਖਤ ਘਾਲਣਾ ਹੀ ਨਹੀਂ ਕਰਨੀ ਪੈਂਦੀ ਸਗੋਂ ਆਏ ਦਿਨ ਪੁਲਿਸ ਕੋਲੋਂ ਖੱਜਲ ਖੁਆਰ ਵੀ ਹੋਣਾ ਪੈਂਦਾ ਹੈ। ਇੰਜ ਕਹਾਣੀਕਾਰ ਨੇ ਬੜੇ ਸੂਖਮ ਢੰਗ ਨਾਲ ਮਾਂ ਦੀ ਬੇਵੱਸ ਜ਼ਿੰਦਗੀ ਨੂੰ ਮਰਨ ਦੀ ਰੁੱਤ ਵਿਚ ਪ੍ਰਤੀ ਬਿੰਬਤ ਹੁੰਦੇ ਦਿਖਾ ਕੇ ਦਲਿਤ ਜੀਵਨ ਦੀ ਤ੍ਰਾਸਦੀ ਦਾ ਚਿਤਰ ਸਾਕਾਰ ਕੀਤਾ ਹੈ।

ਕਹਾਣੀਕਾਰ ਨੇ ਇਸ ਕਹਾਣੀ ਦੇ ਸਿਰਲੇਖੀ ਸ਼ਬਦ ਨੂੰ ਚਿਹਨਕੀ ਅਰਥਾਂ ਵਿਚ ਫੈਲਾ ਕੇ ਕਥਾ ਸ਼ੈਲੀ ਨੂੰ ਜਿਥੇ ਰੌਚਿਕਤਾ ਵੀ ਪ੍ਰਦਾਨ ਕੀਤੀ ਹੈ ਉਥੇ ਕਥਾ-ਦ੍ਰਿਸ਼ਟੀ ਦੇ ਪੱਖੋਂ ਇਕ ਤੋਂ ਵਧੇਰੇ ਮਸਲਿਆਂ ਪ੍ਰਤੀ ਨਜ਼ਰਸਾਨੀ ਕੀਤੀ ਹੈ। ਪਹਿਲੀ ਸਥਿਤੀ ਵਿਚ ਮਰਨ ਰੁੱਤ ਦਾ ਸੰਕੇਤ ਉਥੇ ਅਰਥ ਗ੍ਰਹਿਣ ਕਰਦਾ ਜਾਪਦਾ ਹੈ ਜਿਥੇ ਪਿਓ ਦੀ ਮੌਤ ਦਾ ਅਫਸੋਸ ਕਰਨ ਲਈ ਉਸਦੇ ਦਫ਼ਤਰੀ ਸਾਥੀ ਦਾਰੂ ਪੀਣ ਦੇ ਮੌਕੇ ਦੀ ਉਡੀਕ ਕਰਦੇ ਹੋਏ ਉਸ ਨੂੰ ਵਾਰ ਵਾਰ ਉਕਸਾਉਂਦੇ ਰਹਿੰਦੇ ਹਨ।

ਇੰਜ ਅਜੋਕੇ ਯੁੱਗ ਅੰਦਰੋਂ ਭਾਵਨਾਤਮਕ ਸੱਖਣੇਪਣ ਨੂੰ ਦਿਖਾ ਮਨੁੱਖ ਦੀ ਮਰਨ ਰੁੱਤ ਦਾ ਸੰਕੇਤ ਦਿੱਤਾ ਹੈ। ਦੂਜਾ ਸੰਕੇਤ ਉਥੇ ਮਿਲਦਾ ਹੈ ਜਦੋਂ ਪਿਓ ਦੇ ਮੌਤ ਦੀ ਖਬਰ ਸੁਣ ਕੇ ਉਸਦੀ ਅਧਿਆਪਕ ਪਤਨੀ ਖਾਣਾ ਖਾਂਦੀ ਰਹਿੰਦੀ ਹੈ। ਉਸਦੇ ਮੱਥੇ 'ਤੇ ਤਣਾਓ ਤਾਂ ਦਿਸਦਾ ਹੈ ਪਰ ਇਥੇ ਪਤੀ ਨਾਲ ਦੁੱਖ ਸਾਂਝਾ ਕਰਨ ਦੀ ਜਹਿਮਤ ਵਿਚੋਂ ਰਿਸ਼ਤਿਆਂ ਵਿਚ ਪਸਰ ਰਹੀ ਮਰਨ ਰੁੱਤ ਦਾ ਇਸ਼ਾਰਾ ਮਿਲ ਜਾਂਦਾ ਹੈ। ਇਸ



ਸ਼ਬਦ ਸੰਕੇਤ ਦਾ ਸਭ ਤੋਂ ਅਹਿਮ ਨਾਤਾ ਕੇਂਦਰੀ ਪਾਤਰ ਦੀ ਉਸ ਜ਼ਿੰਦਗੀ ਨਾਲ ਹੈ। ਜਿਥੇ ਪਿਉ ਦੀ ਮੌਤ ਉਪਰੰਤ ਪਿਤਾ-ਪੁਰਖੀ ਭਾਵਨਾਤਮਕ ਸੰਪੱਤੀ ਦਾ ਉਸ ਹਿੱਸੇ ਕੁਝ ਵੀ ਨਹੀਂ ਹੁੰਦਾ ਸਗੋਂ ਪਿਉ ਦੀ ਕਲੰਕਿਤ ਜਗ੍ਹਾਂ ਸੰਪੱਤੀ ਉਸਦੀ ਮਰਨ ਰੁੱਤ ਨੂੰ ਸੰਘਣਾਪਣ ਪ੍ਰਦਾਨ ਕਰਨ ਵਿਚ ਹੀ ਅਰਜਿਤ ਹੁੰਦੀ ਰਹਿੰਦੀ ਹੈ। ਇੰਜ ਕਹਾਣੀਕਾਰ ਨੇ ਜਿੱਥੇ ਦਲਿਤ ਜੀਵਨ ਯਥਾਰਥ ਵਿਚੋਂ ਮਰਨ ਰੁੱਤ ਦੀ ਨਿਸ਼ਾਨਦੇਹੀ ਕੀਤੀ ਹੈ ਉਥੇ ਅਜੋਕੇ ਯੁੱਗ ਅੰਦਰ ਪਸਰ ਰਹੇ ਵਿਅਕਤੀਵਾਦੀ ਵਰਤਾਰੇ ਵਿਚੋਂ ਮਰਨ ਰੁੱਤ ਨੂੰ ਭਾਵਪੂਰਤ ਢੰਗ ਨਾਲ ਰੁਪਾਂਤਰਿਤ ਕੀਤਾ ਹੈ।


'ਗੰਧ' ਕਹਾਣੀ ਪੰਜਾਬ ਦੀ ਔਰਤ ਦੀ ਮਾਨਸਿਕ ਤ੍ਰਾਸਦੀ ਨੂੰ ਪੇਸ਼ ਕਰਦੀ ਹੈ। ਪੱਛਮੀਂ ਮੁਲਕਾਂ ਵਿਚ ਜਾ ਕੇ ਡਾਲਰ ਕਮਾ, ਐਸ਼ ਦੀ ਜ਼ਿੰਦਗੀ ਬਤੀਤ ਕਰਨ ਦੀ ਲਾਲਸਾ ਨੇ ਜਿਥੇ ਪੰਜਾਬੀ ਮਨੁੱਖ ਨੂੰ ਮਾਨਵੀ ਮੁੱਲਾਂ ਤੇ ਨੈਤਿਕ ਮਰਿਆਦਾ ਦੇ ਸਭ ਹੱਦ ਬੰਨੇ ਉਲੰਘ ਜਾਣ ਲਈ ਮਜਬੂਰ ਕਰ ਦਿੱਤਾ ਹੈ। ਉਥੇ ਇਸ ਵਰਤਾਰੇ ਦਾ ਸਭ ਤੋਂ ਵੱਡਾ ਖਮਿਆਜਾ ਉਸ ਔਰਤ ਨੂੰ ਭੋਗਣਾ ਪੈਂਦਾ ਹੈ ਜਿਹੜੀ ਵਿਆਹੀ ਵਰ੍ਹੀ ਹੋ ਕੇ ਵੀ ਤਲਾਕਸ਼ੁਦਾ ਹੋਣ ਦਾ ਸੰਤਾਪ ਹੰਢਾਉਂਦੀ ਹੈ। ਆਪਣੇ ਪਤੀ ਨੂੰ ਹੋਰ ਵਿਆਹ ਕਰਨ ਦੀ ਇਜਾਜ਼ਤ ਦੇ ਦੇਣ ਦਾ ਮਾਨਸਿਕ ਬੋਝ ਅਤੇ ਅੱਖਾਂ ਸਾਹਮਣੇ ਪਰਾਈ ਔਰਤ ਨਾਲ ਹਮਬਿਸਤਰ ਹੋਣ ਦੀ ਮਾਨਸਿਕ ਪੀੜ ਇਹ ਸਭ ਕੁਝ ਉਸੇ ਦੇ ਹਿੱਸੇ ਆਉਂਦਾ ਹੈ। ਸਭ ਤੋਂ ਅਹਿਮ ਗੱਲ ਇਹ ਕਿ ਇਸ ਮੌਕੇ ਉੱਤੇ ਉਸ ਨੂੰ ਕਿਸੇ ਵੱਲੋਂ ਵੀ ਸਹਾਰਾ ਨਹੀਂ ਮਿਲਦਾ। ਉਸ ਨੂੰ ਆਪਣੇ ਅੰਦਰਲੇ ਤੇ ਬਾਹਰਲੇ ਸੰਸਾਰ ਨਾਲ ਖੁਦ ਲੜਨਾ ਪੈਂਦਾ ਹੈ। ਕਹਾਣੀਕਾਰ ਨੇ ਇਸ ਕਹਾਣੀ ਦੇ ਕਥਾ ਵਸਤੂ ਲਈ ਉਪਰੋਕਤ ਨੁਕਤਿਆਂ ਨੂੰ ਆਧਾਰ ਬਣਾਇਆ ਹੈ। ਆਪਣੇ ਬੈੱਡ ਰੂਮ ਵਿਚੋਂ ਗੋਰੀ ਮੇਮ ਦੀ ਗੰਧ ਇਸ ਪਾਤਰ ਨੂੰ ਏਨਾ ਬੇਚੈਨ ਕਰ ਦਿੰਦੀ ਹੈ ਉਸ ਅੰਦਰੋਂ ਤ੍ਰੀਮਤਪੁਣੇ ਦਾ ਅਹਿਸਾਸ ਹੀ ਖਤਮ ਹੋ ਜਾਂਦਾ ਹੈ। ਇੰਜ ਕਹਾਣੀਕਾਰ ਨੇ ਪਿਤਾ-ਪੁਰਖੀ ਸਮਾਜਕ ਪ੍ਰਬੰਧ ਦੇ ਜ਼ੁਲਮ ਦਾ ਸ਼ਿਕਾਰ ਹੋ ਰਹੀ ਇਕ ਵੱਡੀ ਧਿਰ ਦੇ ਮਸਲੇ ਨੂੰ ਕਲਾ ਮਈ ਢੰਗ ਨਾਲ ਉਠਾਇਆ ਹੈ।

'ਕਿਥੇ ਗਈ ਹਮੀਦਾ' ਇਸ ਕਹਾਣੀ ਸੰਗ੍ਰਹਿ ਦੀ ਆਖਰੀ ਕਹਾਣੀ ਹੈ। ਇਹ ਕਹਾਣੀ ਦੇਸ਼ ਵੰਡ ਦੀਆਂ ਯਾਦਾਂ ਨੂੰ ਇਕ ਲੰਮੇ ਅੰਤਰਾਲ ਵਿਚ ਰੱਖਕੇ ਮਜ਼ਬੀ ਦਹਿਸ਼ਤ ਦੇ ਸੰਤਾਪ ਨੂੰ ਪੰਜਾਬ ਸੰਕਟ ਤੱਕ ਫੈਲਾ ਦਿੰਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਕੈਨੇਡਾ ਵਿਚ ਵਸਦਾ ਹੋਇਆ ਵੀ ਦੇਸ਼ ਵੰਡ ਵੇਲੇ ਵਿਛੜੀ ਆਪਣੀ ਪ੍ਰੇਮਿਕਾ ਹਮੀਦਾ ਦੀ ਤਲਾਸ਼ ਕਰਦਾ ਦਿਖਾਇਆ ਹੈ। ਇਹ ਪਾਤਰ ਜਦੋਂ ਪੰਜਾਬ ਜਾਂਦਾ ਹੈ ਤਾਂ ਮੁਸਲਿਮ ਤੇ ਹਿੰਦੂ ਭਰਾਵਾਂ ਨਾਲ ਆਪਣੀਆਂ ਯਾਦਾਂ ਦੀ ਪੂੰਜੀ ਨੂੰ ਸਾਂਭਦਾ ਦੁਖਦ ਪਲਾਂ ਨੂੰ ਯਾਦ ਕਰਦਾ ਹੈ। ਇਹਨਾਂ ਦੁਖਦ ਪਲਾਂ ਵਿਚ ਇਕ ਹੋਰ ਵਾਧਾ ਪੰਜਾਬ ਦੀ ਦਹਿਸ਼ਤਗਰਦੀ ਦੌਰਾਨ ਉਸ ਦੇ ਜਿਗਰੀ ਯਾਰ ਪੰਡਤ ਦੀਨਾ ਨਾਥ ਦੇ ਪੁੱਤਰ ਹਰਿਗੁਪਾਲ ਦੇ ਕਤਲ ਨਾਲ ਹੁੰਦਾ ਹੈ। ਪਿੰਡ ਫੇਰਾ ਮਾਰਨ ਆਇਆ ਇਹ ਪਾਤਰ ਅਜੋਕੇ ਪਿੰਡ ਦੀ ਬਦਲੀ ਨੁਹਾਰ ਦੇਖ ਕੇ ਹੈਰਾਨ ਤਾਂ ਹੁੰਦਾ ਹੈ ਪਰ ਇਸ ਬਦਲੀ ਨੁਹਾਰ ਨਾਲ ਉਸ ਦਾ ਬਹੁਤਾ ਸਰੋਕਾਰ ਨਹੀਂ ਉਹ ਤਾਂ ਉਨ੍ਹਾਂ ਪਲਾਂ/ ਯਾਦਾਂ ਦੀ ਤਲਾਸ਼ ਵਿਚ ਹੈ ਜਿਹੜੀਆਂ ਮਜ਼ਬੀ ਭਾਈਚਾਰੇ ਦੀ ਯਾਦ ਨੂੰ ਛੇੜਦੀਆਂ ਹਨ। ਕੈਨੇਡਾ ਵਾਲੇ ਘਰ ਵਿਚ ਜਾ ਕੇ ਇਹ ਪਾਤਰ ਗੁਆਂਢ ਵਸਦੀ ਮੁਸਲਿਮ ਔਰਤ ਫਾਤਿਮਾ ਵਿਚੋਂ ਹਮੀਦਾ ਦੀ ਤਲਾਸ਼ ਕਰਦਾ ਹੈ। ਇੰਜ ਇਹ ਕਹਾਣੀ ਮਨੁੱਖੀ ਅਵਚੇਤਨ ਵਿਚ ਪਏ ਇਕ ਖੂਬਸੂਰਤ ਸੁਪਨੇ ਦੀ ਕਥਾ ਰਾਹੀਂ ਮਜ਼ਬੀ ਦਹਿਸ਼ਤਗਰਦੀ ਦੇ ਮਾਨਸਿਕ ਸੰਤਾਪ ਦੀ ਗਾਥਾ ਬਣਦੀ ਹੈ।

ਇਓਂ ਇਸ ਕਹਾਣੀ ਸੰਗ੍ਰਹਿ ਦੀਆਂ ਅੱਠਾਂ ਕਹਾਣੀਆਂ ਵਿਚੋਂ 6 ਕਹਾਣੀਆਂ ਦਲਿਤ ਰਾਜਨੀਤੀ ਤੇ ਦਲਿਤ ਯਥਾਰਥ ਨਾਲ ਸਿਧੇ ਰੂਪ ਵਿਚ ਜੁੜੀਆਂ ਹੋਈਆਂ ਹਨ। ਇਸੇ ਕਰਕੇ ਉਸ ਦੀ ਕਥਾ-ਦ੍ਰਿਸ਼ਟੀ ਦਾ ਬਹੁਤਾ ਧਿਆਨ ਜਾਤੀਗਤ ਮਸਲਿਆਂ ਦੀ ਸਿਰਜਣਕਾਰੀ ਕਰਨਾ ਹੈ। ਪਰ ਉਹ ਸਿਧੇ ਜਾਤੀਗਤ ਵਿਰੋਧਾਂ/ ਟਕਰਾਵਾਂ ਨੂੰ ਕੇਂਦਰ ਵਿਚ ਨਹੀਂ ਰੱਖਦਾ ਸਗੋਂ ਦਲਿਤ ਚਿੰਤਨ ਦੇ ਗੌਲਣਯੋਗ ਮੁੱਦਿਆਂ ਨੂੰ ਸੰਵਾਦ ਸ਼ੈਲੀ ਵਿਚ ਰੂਪਾਤਰਿਤ ਕਰਕੇ ਇਕ ਨਵੇਂ ਸੰਵਾਦ ਨੂੰ ਛੇੜਨ ਵਾਲਾ ਕਹਾਣੀਕਾਰ ਹੈ।

ਪਤਾ : 1623-ਬੀ, ਸੈਕਟਰ-35-ਬੀ, ਚੰਡੀਗੜ੍ਹ,
ਮੋਬਾਇਲ : 97817-82474

# ਪੂਰਵ ਹਰੀ ਕ੍ਰਾਂਤੀ ਕਾਲ ਵਿਚ ਕਿਸਾਨੀ ਦੀ ਇਤਿਹਾਸਕ ਗਤੀ ਦਾ ਰੂਪਾਂਤਰਨ: ਗਹਿਰ ਚੜ੍ਹੀ ਅਸਮਾਨ / ਡਾ. ਸਾਕ ਮੁਹੰਮਦ




'ਗਹਿਰ ਚੜ੍ਹੀ ਅਸਮਾਨ' ਨਾਵਲ ਬਲਬੀਰ ਪਰਵਾਨਾ ਦਾ ਚੌਥਾ ਨਾਵਲ ਹੈ। ਪਰਵਾਨਾ ਬਹੁਵਿਧਾਈ ਸਾਹਿਤਕਾਰ ਵੀ ਹੈ ਅਤੇ ਕਾਮਰੇਡ ਖੋਜੀ, ਰਾਸ਼ਟਰੀ ਤੇ ਅੰਤਰਰਾਸ਼ਟਰੀ ਅਨੁਵਾਦਕ ਅਤੇ ਗਰਮ ਖਿਆਲੀ ਸੰਪਾਦਕ ਵੀ ਹੈ। ਇੰਝ, ਪਰਵਾਨਾ ਭਾਰਤੀ ਤੇ ਵਿਸ਼ਵੀ ਸਮਾਜ ਦਾ ਡੂੰਘਾ ਨਿਰੀਖਕ ਹੈ, ਅਤੇ ਜਿਸ ਨੂੰ ਸਾਹਿਤ ਦੀਆਂ ਵਿਧਾਵਾਂ ਦੀ ਪੰਜਾਬੀ, ਭਾਰਤੀ ਤੇ ਵਿਸ਼ਵੀ ਪਰਿਪੇਖ ਵਿਚ ਸਮਝ ਹੈ। ਇਸ ਸਮਝ ਦੇ ਮੱਦੇ ਨਜ਼ਰ ਜਦੋਂ ਬਲਬੀਰ ਪਰਵਾਨਾ ਦੇ ਨਵੇਂ ਨਾਵਲ 'ਗਹਿਰ ਚੜ੍ਹੀ ਅਸਮਾਨ' ਦੇ ਸਨਮੁਖ ਹੁੰਦੇ ਹਾਂ ਤਾਂ ਇਸ ਨਾਵਲ ਵਿਚ ਨਾਵਲਕਾਰ ਦੀ ਵਿਦਵਤਾ ਠਾਠਾਂ ਮਾਰਦੀ ਦ੍ਰਿਸ਼ਟੀਗਤ ਹੁੰਦੀ ਹੈ।

ਨਾਵਲ ਦੇ ਗਲਪੀ ਜਗਤ ਅੰਦਰ ਨਾਵਲਕਾਰ ਨੇ ਪੂਰਵ ਹਰੀ ਕ੍ਰਾਂਤੀ ਕਾਲ ਵਿਚ ਕਿਸਾਨੀ ਦੀ ਇਤਿਹਾਸਕ ਗਤੀ ਨੂੰ ਰੂਪਾਂਤਰਿਤ ਕੀਤਾ ਹੈ। ਨਾਵਲੀ ਬਿਰਤਾਂਤ ਨੂੰ ਬੂਮਰਿੰਗ ਦੀਆਂ ਵਿਧੀਆਂ ਰਾਹੀਂ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਦੇ ਕਿਸਾਨੀ ਯਥਾਰਥ ਵਜੋਂ ਤਾਂ ਦਰਸਾਇਆ ਮਿਲਦਾ ਹੈ ਪਰ ਨਾਵਲ ਦਾ ਮੁੱਖ ਫੋਕਸ ਸੁਤੰਤਰਤਾ ਮੌਕੇ ਤੋਂ ਨਕਸਲਵਾੜੀ ਲਹਿਰ ਦੇ ਅਰੰਭ ਹੋਣ ਉੱਪਰ ਹੈ। ਵੀਹਵੀਂ ਸਦੀ ਦੇ ਇਨ੍ਹਾਂ ਦਹਾਕਿਆਂ ਦੀ ਪੰਜਾਬੀ ਕਿਸਾਨੀ ਦੇ ਸਮਾਜਕ, ਆਰਥਿਕ, ਰਾਜਨੀਤਿਕ ਤੇ ਧਾਰਮਿਕ ਪੱਧਰ ਉਪਰ ਬੇਹੱਦ ਤਬਦੀਲੀ ਵਾਪਰਦੀ ਹੈ। ਨਾਵਲਕਾਰ ਦੀ ਟੇਕ ਇਸ ਨਾਵਲ ਵਿਚ ਕਿਸਾਨੀ ਦੀ ਜੀਵਨ ਸ਼ੈਲੀ ਵਿਚ ਵਾਪਰਦੀ ਇਸੇ ਤਬਦੀਲੀ ਨੂੰ ਚਿਤਰਨ ਉੱਪਰ ਹੈ।

ਨਾਵਲ ਦੇ ਥੀਮਕ ਜਗਤ ਅੰਦਰ ਦੁਆਬੇ ਆਂਚਲ ਅੰਦਰਲੀ ਕਿਸਾਨੀ ਦੇ ਜੀਵਨ ਵਿਚ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਤੋਂ ਛੇਵੇਂ ਦਹਾਕੇ ਤੱਕ ਸਮਾਜਕ-ਆਰਥਿਕ ਪੱਧਰ ਦੀ ਭਾਰੀ ਤਬਦੀਲੀ ਨੂੰ ਉਚੇਚਾ ਫੋਕਸ ਕੀਤਾ ਗਿਆ ਹੈ। ਇਸ ਕਿਸਾਨੀ ਵਿਚ ਉਹੀ ਜ਼ਿਆਦਾ ਕਾਮਯਾਬ ਹੈ, ਜਿਹੜਾ ਕਿਰਤੀ, ਆਧੁਨਿਕ ਗਿਆਨ ਵਿਗਿਆਨ ਤੋਂ ਜਾਣੂ, ਦ੍ਰਿੜ ਇਰਾਦੇ ਵਾਲਾ, ਮੌਕੇ ਨੂੰ ਤਾੜ ਕੇ ਸੰਭਾਲਣ ਵਾਲਾ ਅਤੇ ਆਪਣੇ ਕਿੱਤੇ ਤੇ ਜ਼ਮੀਨ ਪ੍ਰਤੀ ਮੱਤ ਰੱਖਣ ਵਰਗੇ ਜਾਤੀ ਤੇ ਜਮਾਤੀ ਸਰੋਕਾਰ ਰੱਖਦਾ ਹੈ। ਨਾਵਲ ਵਿਚ ਪੰਜਾਬੀ ਕਿਸਾਨੀ ਦੇ ਇਸ ਵਿਚਾਰਧਾਰਕ ਸਰੋਕਾਰ ਅਨੁਸਾਰੀ ਨੰਬਰਦਾਰ, ਗੁਰਮੇਲ, ਸੁਰੈਣੇ, ਰਣੀਏ ਆਦਿ ਕਿਸਾਨਾਂ ਦਾ ਕਾਰਜ ਪ੍ਰਸਤੁਤ ਹੋਇਆ ਹੈ। ਨਾਵਲੀ ਬਿਰਤਾਂਤ ਵਿਚ ਇਹ ਪਾਤਰ ਭਾਵੇਂ ਧੱਕੇ ਸ਼ਾਹੀਆਂ ਕਰਦੇ, ਨੈਤਿਕ ਕੀਮਤਾਂ ਤੋਂ ਗਿਰੇ ਹੋਏ ਅਤੇ ਸਵੈ-ਹਿਤਾਂ ਲਈ ਸਮਝੌਤੇ ਕਰਦੇ ਹਨ ਪਰ ਇਨ੍ਹਾਂ ਦਾ ਇਹੋ ਜਿਹਾ ਸਾਰਾ ਕਾਰਜ ਆਪਣੇ ਵਿਚਾਰਧਾਰਾਈ ਸਰੋਕਾਰਾਂ ਮੁਤਾਬਕ ਹੀ ਪ੍ਰਸਤੁਤ ਹੋਇਆ ਹੈ, ਕਿਉਂਕਿ ਪੰਜਾਬ ਦੀ ਕਿਸਾਨੀ ਦੇ ਬਹੁਤੇ ਕਾਰਜ ਵਹਿੰਦੜ ਜ਼ਮੀਨ ਨਾਲ ਨੇਪਰੇ ਚੜ੍ਹਦੇ ਹਨ ਅਤੇ ਇਹ ਪਾਤਰ ਆਪਣੇ ਕਿੱਤੇ ਤੇ ਜ਼ਮੀਨ ਦੀ ਸਾਂਭ ਸੰਭਾਲ ਲਈ ਹੀ ਸਮਝੌਤੇ ਕਰਦੇ ਬਿਰਤਾਂਤਕ ਚਿਤਰਪੱਟ 'ਤੇ ਉਭਰਦੇ ਹਨ। ਇਨ੍ਹਾਂ ਸਮਝੌਤਿਆਂ ਉਪਰੰਤ ਹੀ ਜਦੋਂ ਇਹ ਆਪਣੀ ਜ਼ਮੀਨ ਨੂੰ ਸੰਭਾਲ ਕੇ ਕਾਮਯਾਬ ਕਿਸਾਨ ਵਜੋਂ ਉਭਰਦੇ ਹਨ ਤਾਂ ਇਨ੍ਹਾਂ ਦੀ ਉਦੋਂ ਹੀ ਪ੍ਰਸ਼ੰਸ਼ਾ ਹੁੰਦੀ ਹੈ। ਇਸ ਦੇ ਮੁਕਾਬਲੇ ਲੱਖੇ ਵਰਗੇ ਜਿਹੜੇ ਕਿਸਾਨ ਜ਼ਮੀਨ ਦੀ ਸੰਭਾਲ ਨਹੀਂ ਕਰਦੇ, ਉਨ੍ਹਾਂ ਦੀ ਅੰਤਿਮ ਰੂਪ ਵਿਚ ਦੁਰਦਸ਼ਾ ਹੀ ਹੁੰਦੀ ਹੈ। ਇੰਝ ਨਾਵਲੀ ਬਿਰਤਾਂਤ ਵਿਚ ਪੂਰਵ ਹਰੀ ਕ੍ਰਾਂਤੀ ਕਾਲ ਦੀ ਪੰਜਾਬੀ ਕਿਸਾਨੀ ਦੀ ਅਵਸਥਾ ਉਸ ਦੀ ਵਿਚਾਰਧਾਰਾ ਦੇ ਅਨੁਕੂਲ ਪ੍ਰਸਤੁਤ ਹੋਈ ਹੈ। ਇਥੇ ਇਹ ਦੱਸਣਯੋਗ ਹੈ ਕਿ ਨਾਵਲਕਾਰ ਇਹ ਚਿਤਰਨ ਮਹਿਜ਼ ਧਨੀ ਕਿਸਾਨੀ ਦੇ ਸੰਦਰਭ ਵਿਚ ਹੀ ਚਿਤਰਤ ਕਰਦਾ ਹੈ।

ਨਾਵਲ ਦੇ ਗਲਪੀ ਜਗਤ ਅੰਦਰ ਨਾਵਲਕਾਰ ਕਿਸਾਨੀ ਦੀ ਰਾਜਸੀ ਪੁਜ਼ੀਸ਼ਨ ਨੂੰ ਬਖੂਬੀ ਫੋਕਸ ਕਰਦਾ ਹੈ। ਨਾਵਲੀ ਬਿਰਤਾਂਤ ਦਾ ਕਾਲਖੰਡ ਕਿਉਂਕਿ ਮੁੱਖ ਤੌਰ 'ਤੇ ਆਜ਼ਾਦੀ ਤੋਂ ਨਕਸਲਵਾੜੀ ਲਹਿਰ



ਦੇ ਆਗਾਜ਼ ਨਾਲ ਵਾਬਸਤਾ ਹੈ, ਇਸ ਲਈ ਇਸ ਵਕਤ ਅੰਦਰ ਕਾਂਗਰਸ ਪਾਰਟੀ ਦੇ ਕੇਂਦਰੀ ਸੱਤਾ ਉੱਪਰ ਕਾਬਜ਼ ਹੋਣ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੀਆਂ ਚੇਤਨਾ ਉਪਜਾਊ ਗਤੀਵਿਧੀਆਂ ਅਤੇ ਹਥਿਆਰਬੰਦ ਸਰਗਰਮੀਆਂ ਹੁੰਦੀਆਂ ਰਹੀਆਂ। ਨਾਵਲਕਾਰ ਦੇ ਥੀਮਕ ਜਗਤ ਅੰਦਰ ਕਾਮਰੇਡ ਗੁਰਮੇਲ, ਦਸੌਂਦਾ ਸਿੰਘ ਹੋਰਾਂ ਦਾ ਮੁਜ਼ਾਰਾ ਲਹਿਰ ਦੀਆਂ ਸਰਗਰਮੀਆਂ ਉਪਰੰਤ ਪਾਰਟੀ ਕਾਰਕੁੰਨ ਲੋਕ ਚੇਤਨਾ ਨੂੰ ਪ੍ਰਬਲ ਕਰਨ ਲਈ ਨਾਟਕ ਵੀ ਖੇਡਦੇ ਹਨ ਅਤੇ ਹੋਰ ਲੋਕ ਭਲਾਈ ਕਾਰਜ ਵੀ ਕਰਦੇ ਹਨ। ਇਸ ਨਾਲ ਜਨ-ਸਮੂਹ ਪਾਰਟੀ ਨਾਲ ਹਮਦਰਦੀ ਬਣਾਉਣ ਲੱਗ ਪੈਂਦਾ ਹੈ। ਨਾਵਲ ਵਿਚ ਇਹ ਹਮਦਰਦੀ ਪਾਰਟੀ ਦੇ ਪੈਰ ਲੱਗਣ ਦਾ ਸੰਕੇਤ ਹੈ। ਇੰਝ ਹੀ ਨਾਵਲ ਵਿਚ ਪਾਰਟੀ ਦੇ ਪੈਰਾਂ ਸਿਰ ਹੋਣ ਦੀ ਸਥਿਤੀ ਗੁਰਮੇਲ ਹੋਰਾਂ ਵੱਲੋਂ ਪਿੰਡ ਦੀ ਪੰਚਾਇਤ ਵਿਚ ਆਪਣੀ ਮਰਜ਼ੀ ਦੇ ਬੰਦਿਆਂ ਨੂੰ ਜਿੱਤਾ ਲੈਣ ਵਜੋਂ ਚਿਤਰਤ ਕੀਤੀ ਗਈ ਹੈ। ਨਾਵਲਕਾਰ ਭਾ. ਕ. ਪਾ. ਦੀ ਇਸ ਤਰ੍ਹਾਂ ਦੀ ਬਣ ਤਣ ਰਹੀ ਪੁਜ਼ੀਸ਼ਨ ਨੂੰ ਉਦੋਂ ਖੋਰਾ ਲਗਦਾ ਦਰਸਾਉਂਦਾ ਹੈ, ਜਦੋਂ ਪਾਰਟੀ ਆਗੂ ਪੰਜਾਬ ਦੇ ਹਾਲਾਤਾਂ ਨੂੰ ਦੇਖ ਕੇ ਇਥੋਂ ਲਈ ਸਥਾਨਕ ਰਣਨੀਤੀ ਘੜਨ ਦੀ ਬਜਾਇ ਰੂਸ ਜਾਂ ਚੀਨ ਤੋਂ ਆਏ ਵਿਦੇਸ਼ੀ ਫੁਰਮਾਨਾਂ ਨੂੰ ਉਡੀਕਦੇ ਹਨ। ਇਨ੍ਹਾਂ ਫੁਰਮਾਨਾਂ ਵਿਚ ਮੱਤਭੇਦ ਦੀ ਅਵਸਥਾ ਬਣ ਜਾਣ ਕਰਕੇ 'ਗਰਮ ਖਿਆਲੀ ਧੜਾ' ਨਕਸਲਵਾੜੀ ਲਹਿਰ ਵਜੋਂ ਹਥਿਆਰਬੰਦ ਗਤੀਵਿਧੀਆਂ ਸ਼ੁਰੂ ਕਰ ਦਿੰਦਾ ਹੈ। ਇਸ ਸਥਿਤੀ ਵਿਚ ਗੁਰਮੇਲ ਪਰੰਪਰਕ ਕਾਮਰੇਡ ਹੁੰਦਾ ਹੋਇਆ ਆਪਣੀ ਪਾਰਟੀ ਪ੍ਰਤੀ ਵਫਾਦਾਰ ਤੇ ਵਿਚਾਰਧਾਰਕ ਸਟੈਂਡ ਉੱਤੇ ਡਟਦਾ ਹੋਇਆ ਨਕਸਲਵਾੜੀ ਦਾ ਮਾਨਸਿਕ ਪੱਧਰ ਉੱਪਰ ਵਿਰੋਧ ਹੀ ਨਹੀਂ ਕਰਦਾ, ਸਗੋਂ ਉਨ੍ਹਾਂ ਨਾਲ ਨਾ ਹੀ ਤਾਲਮੇਲ ਰੱਖਦਾ ਹੈ ਅਤੇ ਨਾ ਹੀ ਕੋਈ ਮਹੱਤਵਪੂਰਨ ਸਰਗਰਮੀ ਕਰਦਾ ਹੈ। ਇੰਝ, ਨਾਵਲ ਵਿਚ ਗੁਰਮੇਲ ਰਾਹੀਂ ਭਾ. ਕ. ਪਾ. ਦੇ ਕਾਰਕੁੰਨ ਰਘੁਬੀਰ ਤੇ ਗੁਰਜੰਟ ਰਾਹੀਂ ਭਾ. ਕ. ਪਾ. ਲੈ. ਪਾਰਟੀ ਦੇ ਕਾਰਕੁੰਨਾਂ ਦੀ ਕਿਸਾਨੀ ਸੰਦਰਭ ਵਿਚ ਇਤਿਹਾਸਕ ਗਤੀ ਤੇ ਵਿਚਾਰਧਾਰਾ ਦਾ ਰੂਪਾਂਤਰਨ ਹੋਇਆ ਹੈ।

ਨਾਵਲਕਾਰ ਨੇ ਕਮਿਊਨਿਸਟ ਪਾਰਟੀਆਂ ਦੇ ਸੰਘਰਸ਼ ਪ੍ਰਤੀ ਜਿਹੜਾ ਪ੍ਰਮੁੱਖ ਨੁਕਤਾ ਉਭਾਰਿਆ ਹੈ, ਉਹ ਇਹ ਹੈ ਕਿ ਪੰਜਾਬ ਦੇ ਵੀਹਵੀਂ ਸਦੀ ਅੰਦਰਲੇ ਸਾਰੇ ਪ੍ਰਮੁੱਖ ਸੰਘਰਸ਼ ਖਾਸ ਤੌਰ 'ਤੇ ਨਾਵਲੀ ਬਿਰਤਾਂਤ ਅੰਦਰਲੇ ਅਜ਼ਾਦੀ ਸੰਘਰਸ਼, ਮੁਜ਼ਾਰਾ ਸੰਘਰਸ਼ ਅਤੇ ਨਕਸਲਵਾੜੀ ਸੰਘਰਸ਼ ਉਸ ਸਮੇਂ ਦੀ ਸਮਾਜਕ ਆਰਥਿਕ ਸਥਿਤੀ ਮੁਤਾਬਕ ਨਿਰੋਲ ਕਿਸਾਨੀ ਸੰਘਰਸ਼ ਸਨ। ਨਾਵਲਕਾਰ ਇਸ ਤਰ੍ਹਾਂ ਦਾ ਜ਼ਿਕਰ ਬੜੇ ਹੀ ਸੂਖ਼ਮ ਵੇਰਵੇ ਰਾਹੀਂ ਕਰਦਾ ਹੈ। ਨਾਵਲੀ ਬਿਰਤਾਂਤ ਵਿਚਲਾ ਗੁਰਮੇਲ ਪਿੰਡ ਦੇ ਕਿਰਤੀਆਂ , ਖੇਤ ਮਜ਼ਦੂਰਾਂ, ਮਹਾਂਸ਼ਿਆਂ ਨੂੰ ਉਚਿਤ ਮਿਹਨਤਤਾਨਾ ਲੈਣ ਲਈ ਵਰਗ ਸੰਘਰਸ਼ ਦੇ ਰਾਹ ਤੋਰਦਾ ਹੈ। ਉਹ ਸਾਰੇ ਇਸ ਮਕਸਦ ਲਈ ਜਦੋਂ ਤਿਆਰ ਹੋ ਜਾਂਦੇ ਹਨ ਤਾਂ ਪਿੰਡ ਦੇ ਕਿਸਾਨ ਵੀ ਮਤਾ ਪੈ ਕੇ ਉਨ੍ਹਾਂ ਨੂੰ ਆਪਣੇ ਖੇਤਾਂ ਵਿਚ ਕੱਖ ਕੰਡਾ ਲਿਆਉਣ ਅਤੇ 'ਜੰਗਲ-ਪਾਣੀ' ਜਾਣ ਦੀ ਮਨਾਹੀ ਵਾਲੀ ਸ਼ਰਤ ਰੱਖ ਦਿੰਦੇ ਹਨ। ਸਿੱਟੇ ਵਜੋਂ, ਇਨ੍ਹਾਂ ਸਹੂਲਤਾਂ ਨੂੰ ਮੁੜ ਵਸੂਲਣ ਲਈ ਪਿੰਡ ਦੀ ਕਿਰਤੀ ਸ਼੍ਰੈਣੀ ਕਿਸਾਨੀ ਅੱਗੇ ਝੁਕ ਜਾਂਦੀ ਹੈ। ਨਾਵਲ ਵਿਚ ਇਸ ਘਟਨਾ ਰਾਹੀਂ ਨਾਵਲਕਾਰ ਪਹਿਲਾਂ ਇਹ ਦਰਸਾਉਂਦਾ ਹੈ ਕਿ ਜਦੋਂ ਸੰਘਰਸ਼ ਕਰਨ ਵਾਲੇ ਕਿਰਤੀਆਂ ਕੋਲ 'ਜੰਗਲ-ਪਾਣੀ' ਜਾਣ ਵਰਗੀ ਮੁਢਲੀ ਸਹੂਲਤ ਹੀ ਨਹੀਂ ਤਾਂ ਉਨ੍ਹਾਂ ਤੋਂ ਵਿਰੋਧ ਦੀ ਆਸ ਰੱਖਣੀ ਨਾਮੁਮਕਿਨ ਹੈ, ਦੂਸਰਾ ਇਹ ਕਿ ਪਿੰਡ ਦੀ ਕਿਸਾਨੀ ਹੀ ਖੇਤ ਮਜ਼ਦੂਰਾਂ ਦਾ ਸ਼ੋਸ਼ਣ ਕਰਦੀ ਸੀ ਅਤੇ ਕਿਰਤੀ ਸ਼੍ਰੇਣੀ ਅਰਥਿਕ ਤੌਰ 'ਤੇ ਹੀ ਕਿਸਾਨੀ ਉੱਪਰ ਅਧਾਰਿਤ ਨਹੀਂ, ਸਗੋਂ ਸਮਾਜਕ ਤੌਰ 'ਤੇ ਨਿਤਾ-ਪ੍ਰਤੀ ਦੀਆਂ ਲੋੜਾਂ ਪ੍ਰਤੀ ਕਿਸਾਨੀ ਉੱਪਰ ਨਿਰਭਰ ਸੀ, ਤੀਸਰਾ ਇਹ ਕਿ ਭਾਵੇਂ ਇਨ੍ਹਾਂ ਦੀ ਚੇਤਨਾ ਨੂੰ ਗੁਰਮੇਲ ਨਾਰਾ ਲਗਾਉਂਦਾ ਹੈ, ਪਰ ਇਹ ਆਪਣੀ ਚੇਤਨਾ ਦੀ ਸੀਮਾ ਕਾਰਨ ਵਰਗ ਸੰਘਰਸ਼ ਦੇ ਰਾਹ ਚੱਲਣੋਂ ਅਸੰਭਵ ਸਨ ਅਤੇ ਚੌਥਾ ਇਹ ਕਿ ਸਾਧਨ ਸੰਪੰਨ ਸ਼੍ਰੇਣੀਆਂ ਵਜੋਂ ਜਦੋਂ ਕਿਸਾਨੀ ਵਿਭਿੰਨ ਸੰਘਰਸ਼ਾਂ ਵਿਚ ਦਿਲ ਖੋਲ ਕੇ ਜੱਦੋ ਜਹਿਦ ਕਰਦੀ ਹੈ ਤਾਂ ਹੀ ਪੰਜਾਬ ਦੇ ਮਹੱਤਵਪੂਰਨ ਸੰਘਰਸ਼ ਕਿਸਾਨੀ ਸੰਘਰਸ਼ ਬਣਦੇ ਹੋਏ ਇਤਿਹਾਸਕ ਸੱਚ ਨੂੰ ਪ੍ਰਗਟਾਉਂਦੇ ਜਾਪਦੇ ਹਨ। ਅਤੇ ਇਨ੍ਹਾਂ ਵਿਚ ਗ਼ੈਰਕਿਸਾਨੀ ਜਾਤਾਂ ਤੇ ਜਮਾਤਾਂ ਦੀ ਸ਼ਮੂਲੀਅਤ ਗੌਣ ਹੀ ਰਹਿੰਦੀ ਹੈ? ਨਾਵਲਕਾਰ ਦਾ ਨਾਵਲ ਅੰਦਰ ਇਸ ਤਰ੍ਹਾਂ ਦਾ ਚਿਤਰਨ, ਨਿਰਸੰਦੇਹ, ਨਾਵਲੀ ਬਿਰਤਾਂਤ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪ੍ਰਗਟਾਉਣ ਦਾ ਪ੍ਰਮਾਣ ਦਿੰਦਾ ਹੈ।

ਨਾਵਲ ਵਿਚ ਕਮਿਊਨਿਸਟ ਪਾਰਟੀ ਦੇ ਸਨਮੁੱਖ ਪ੍ਰਮੁੱਖ ਪਾਰਟੀ ਕਾਂਗਰਸ ਹੀ ਹੈ। ਕਾਂਗਰਸ ਪਾਰਟੀ

ਦਾ ਨਾਵਲੀ ਬਿਰਤਾਂਤ ਵਿਚ ਚਿਤਰਨ ਮਹਿਜ਼ ਖਲਨਾਇਕ ਧਿਰ ਵਜੋਂ ਹੈ। ਨਾਵਲੀ ਬਿਰਤਾਂਤ ਅਨੁਸਾਰ ਕਾਂਗਰਸ ਪਾਰਟੀ ਪੂਰਵ ਸੁਤੰਤਰਤਾ ਕਾਲ ਵਿਚ ਤਾਂ ਲੋਕਾਂ ਨੂੰ ਭਰਮ ਵਿਚ ਰੱਖਦੀ ਹੋਈ ਲੋਕ ਹਿਤੂ ਪਾਰਟੀ ਜਾਪਦੀ ਰਹੀ, ਪਰ ਸੁਤੰਤਰਤਾ ਪ੍ਰਾਪਤੀ ਤੋਂ ਤੁਰੰਤ ਮਗਰੋਂ ਇਹ ਸ਼ਾਸ਼ਨ ਉੱਪਰ ਕਾਬਜ਼ ਹੋ ਕੇ ਤਾਨਾਸ਼ਾਹੀ ਰੂਪ ਅਖਤਿਆਰ ਕਰ ਲੈਂਦੀ ਹੈ ਅਤੇ ਲੋਕ ਹਿਤੂ ਪਾਰਟੀਆਂ, ਵਰਕਰਾਂ ਦਾ ਗਲਾ ਘੁੱਟਣ ਦਾ ਵੀ ਕੰਮ ਕਰਦੀ ਹੈ। ਨਾਵਲ ਵਿਚਲਾ ਸ਼ਾਹੂਕਾਰ ਇਸ ਪਾਰਟੀ ਦੀ ਇਸ ਪ੍ਰਕਾਰ ਦੀ ਵਾਸਤਵਿਕਤਾ ਨੂੰ ਪ੍ਰਸਤੁਤ ਕਰਨ ਵਾਲਾ ਉਹ ਕਿਰਦਾਰ ਹੈ, ਜਿਸ ਦੇ ਕਥਨ ਤੇ ਕਾਰਜ ਵਿਚ ਢੇਰ ਅੰਤਰ ਹੈ। ਮੂਲ ਰੂਪ ਵਿਚ, ਇਸ ਪਾਰਟੀ ਪ੍ਰਤੀ ਨਾਵਲਕਾਰ ਦੇ ਵਿਚਾਰਧਾਰਕ ਸਰੋਕਾਰ ਭਾਰਤੀ ਕਮਿਊਨਿਸਟ ਪਾਰਟੀ ਦੀ ਦ੍ਰਿਸ਼ਟੀ ਨਾਲ ਓਤਪੋਤ ਹਨ। ਭਾ. ਕ. ਪਾ. ਆਜ਼ਾਦੀ ਪੂਰਵਕ ਕਾਂਗਰਸ ਨਾਲ ਮਿਲ ਕੇ ਅਜ਼ਾਦੀ ਸੰਗਰਾਮ ਵਿਚ ਹਿੱਸਾ ਪਾਉਂਦੀ ਰਹੀ ਅਤੇ ਨਾਵਲਕਾਰ ਵੀ ਇਸੇ ਨੁਕਤੇ ਤੋਂ ਕਾਂਗਰਸ ਪਾਰਟੀ ਨੂੰ ਲੋਕ ਹਿਤੂ ਦਰਸਾਉਂਦਾ ਹੈ। ਇੰਝ ਹੀ ਜਦੋਂ ਸੁਤੰਤਰਤਾ ਉਪਰੰਤ ਕਾਂਗਰਸ ਦੇ ਤੇਵਰ ਬਦਲ ਜਾਂਦੇ ਹਨ ਤਾਂ ਮੁਜ਼ਾਰਾ ਲਹਿਰ ਦੇ ਲੋਕ ਹਿਤੂ ਸੰਦਰਭ ਵਿਚ ਭਾ. ਕਾ. ਪਾ. ਖੜਦੀ ਹੈ। ਇਸ ਤਰ੍ਹਾਂ ਲੇਖਕ ਦੀ ਰਾਜਸੀ ਹਮਦਰਦੀ ਭਾ. ਕ. ਪਾ. ਨਾਲ ਹੁੰਦੀ ਹੋਈ ਮੁਜ਼ਾਰਾ ਲਹਿਰ ਦੇ ਹੱਕ ਵਿਚ ਖੜੀ ਜਾਪਦੀ ਹੈ। ਇਸੇ ਪ੍ਰਕਾਰ, ਨਾਵਲ ਦਾ ਕੇਂਦਰੀ ਪਾਤਰ ਗੁਰਮੇਲ ਨਕਸਲਵਾੜੀ ਲਹਿਰ ਤੋਂ ਜਦੋਂ ਕਿਨਾਰਾ ਕਰਦਾ ਦ੍ਰਿਸ਼ਟੀਗਤ ਹੁੰਦਾ ਹੈ ਤਾਂ ਉਹ ਨਾਵਲਕਾਰ ਹੀ ਭਾ. ਕ. ਪਾ. ਪ੍ਰਤੀ ਉਲਾਰ ਦ੍ਰਿਸ਼ਟੀ ਦਾ ਵਾਹਕ ਪਾਤਰ ਬਣਿਆ ਪ੍ਰਤੀਤ ਹੁੰਦਾ ਹੈ। ਇਨ੍ਹਾਂ ਦੋਨੋਂ ਪਾਰਟੀਆਂ ਦੀ ਤੁਲਨਾ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਭਾ. ਕ. ਪਾ. ਵਿਚ ਗੁਰਮੇਲ ਜਿਹੇ ਉੱਚ ਸਿੱਖਿਆ ਹਾਸਿਲ ਕੀਤੇ ਸੂਝਵਾਨ ਕਾਰਕੁੰਨ ਸਨ ਅਤੇ ਕਾਂਗਰਸ ਵਿਚਲੇ ਲੋਕ ਆਰਥਿਕ ਪੱਖੋਂ ਤਾਂ ਖ਼ੁਸ਼ਹਾਲ ਸਨ ਪਰ ਸੋਚ ਪੱਖੋਂ ਪੈਸੇ ਦੇ ਪੁੱਤ ਤੇ ਘੱਟ ਪੜ੍ਹੇ ਲਿਖੇ ਸਨ। ਇਹ ਹੀ ਨਹੀਂ, ਸਗੋਂ ਗੁਰਮੇਲ ਵਰਗੇ ਕਾਰਕੁੰਨ ਲੋਕਾਂ ਦੀਆਂ ਧੀਆਂ ਨੂੰਹਾਂ ਦੀ ਇੱਜਤ ਬਚਾਉਂਦੇ ਹਨ ਅਤੇ ਕਾਂਗਰਸੀ ਧਿਰ ਦੇ ਲੋਕ ਧੀਆਂ ਨੂੰਹਾਂ ਦੀ ਇੱਜਤ ਨਾਲ ਖਿਲਵਾੜ ਕਰਦੇ ਹਨ। ਇੰਝ ਨਾਵਲ ਵਿਚ ਨਿਰੋਲ ਪੱਧਰ ਉੱਪਰ ਕਿਸਾਨੀ ਦੀ ਇਤਿਹਾਸਕ ਗਤੀ ਪ੍ਰਸਤੁਤ ਨਹੀਂ ਹੋਈ, ਸਗੋਂ ਇਹ ਨਾਵਲਕਾਰ ਦੀ ਦ੍ਰਿਸ਼ਟੀ ਮੁਜ਼ਬ ਹੀ ਆਪਣਾ ਸਰੂਪ ਅਖਤਿਆਰ ਕਰਦੀ ਰੂਪਾਂਤਰਿਤ ਹੋਈ ਹੈ।

ਨਾਵਲੀ ਜਗਤ ਅੰਦਰ ਨਾਵਲਕਾਰ ਇਸ ਗੱਲ ਉੱਪਰ ਜ਼ੋਰ ਦਿੰਦਾ ਹੈ ਕਿ ਜਿਹੜੇ ਪੰਜਾਬੀ ਕਿਰਤ ਨੂੰ ਨਿਆਮਤ ਮੰਨਦੇ ਹਨ, ਉਹ ਹਮੇਸ਼ਾ ਆਰਥਿਕ ਖ਼ੁਸ਼ਹਾਲੀ ਵੱਲ ਵਧਦੇ ਹਨ। ਇਸ ਵਿਚਾਰਧਾਰਕ ਸਰੋਕਾਰ ਨੂੰ ਬਖੂਬੀ ਦਰਸਾਉਣ ਲਈ ਨਾਵਲਕਾਰ ਨੇ ਸੁਰੈਣੇ, ਸੂਬੇਦਾਰ, ਗੁਰਜੰਟ, ਗੁਰਮੇਲ ਆਦਿ ਕਿਸਾਨ ਹੀ ਨਹੀਂ ਦਰਸਾਏ, ਸਗੋਂ ਲਾਲਾ ਧਰਮਵੀਰ, ਸਿੱਬੂ ਲੁਹਾਰ ਆਦਿ ਗ਼ੈਰ ਕਿਸਾਨੀ ਨਾਤਾਂ ਜਮਾਤਾਂ ਦੇ ਲੋਕ ਵੀ ਨਿਰੰਤਰ ਤਰੱਕੀ ਪਾਉਂਦੇ ਦਰਸਾਏ ਹਨ। ਇਨ੍ਹਾਂ ਦੇ ਮੁਕਾਬਲੇ ਲੱਖੂ ਵਰਗੇ ਪਾਤਰ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਕਿਰਤ ਤੋਂ ਬੇਮੁੱਖਤਾ ਇਨ੍ਹਾਂ ਨੂੰ ਕੰਗਾਲੀਕਰਨ ਦੀ ਗਰਿਫ਼ਤ ਵਿਚ ਲੈ ਆਉਂਦੀ ਹੈ। ਇਨ੍ਹਾਂ ਦਾ ਨਾਵਲੀ ਜ਼ਿਕਰ ਪਹਿਲਾਂ ਤਾਂ ਇਹ ਦਸਸਾਉਂਦਾ ਹੈ ਕਿ ਪੂਰਵ ਹਰੀ ਕ੍ਰਾਂਤੀ ਕਾਲ ਵਿਚ ਅਖਾਣ 'ਰੱਜ ਕੇ ਵਾਹ ਦੱਬ ਕੇ ਕਮਾ' ਦੀ ਸਾਰਥਿਕਤਾ ਸੀ, ਦੂਸਰਾ ਇਹ ਕਿ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਜਦੋਂ ਕਮਿਊਨਿਸਟ ਪਾਰਟੀ ਦੇ ਕਾਰਕੁੰਨ ਮਾਰਕਸੀ ਦਰਸ਼ਨ ਮੁਜ਼ਬ ਪੰਜਾਬੀ ਸਮਾਜ ਵਿਚ ਚੇਤਨਾ ਲਿਆਉਣ ਲਈ ਯਤਨਸ਼ੀਲ ਹੋਏ ਤਾਂ ਉਨ੍ਹਾਂ ਨੇ ਕਿਰਤ ਦੀ ਵਡਿਆਈ ਉੱਪਰ ਪੂਰਨ ਜ਼ੋਰ ਹੀ ਨਹੀਂ ਦਿੱਤਾ, ਸਗੋਂ ਕਿਰਤ ਦੀ ਲੁੱਟ ਪ੍ਰਤੀ ਵੀ ਵਿਚਾਰ ਰੱਖੇ। ਇਸ ਦਾ ਇਕ ਕਾਰਨ ਇਹ ਸੀ ਕਿ ਪੂਰਵ ਅਜ਼ਾਦੀ ਕਾਲ ਵਿਚ ਬਾਰਾਂ ਦੇ ਅਬਾਦ ਹੋਣ ਅਤੇ ਉੱਤਰ ਅਜ਼ਾਦੀ ਕਾਲ ਵਿਚ ਪੂਰਬੀ ਪੰਜਾਬ ਅੰਦਰ ਹਰੀ ਕ੍ਰਾਂਤੀ ਦੇ ਆਉਣ ਦਾ ਮੂਲ ਅਧਾਰ ਪੰਜਾਬੀ ਲੋਕਾਂ ਦੀ ਕਿਰਤਮੁੱਖ ਜੀਵਨ ਸ਼ੈਲੀ ਸੀ। ਇੰਝ ਹੀ ਜਦੋਂ ਹਰੀ ਕ੍ਰਾਂਤੀ ਆਉਣ ਨਾਲ ਕਿਸਾਨੀ ਜੀਵਨ ਅੰਦਰ ਥੁੜ ਚਿਰੀ ਖ਼ੁਸ਼ਹਾਲੀ ਆਈ ਤਾਂ ਉਹ ਕਿਰਤ ਤੋਂ ਬੇਮੁੱਖ ਹੋਣ ਲੱਗੀ ਅਤੇ ਪੰਜਾਬ ਦੇ ਕਮਿਊਨਿਸਟ ਕਾਰਕੁੰਨ ਕਿਸਾਨੀ ਦੇ ਇਸੇ ਹੁੰਗਾਰੇ ਨੂੰ ਕਿਸਾਨੀ ਦੀ ਆਰਥਿਕ ਨਿਘਾਰਤਾ ਦਾ ਕਾਰਨ ਸਮਝਣ ਲੱਗੇ। ਇਸੇ ਨੁਕਤੇ ਮੁਤਾਬਕ ਨਾਵਲਕਾਰ ਇਕੋ ਸਮੇਂ ਉਨ੍ਹਾਂ ਲੋਕਾਂ ਦੀ ਗੱਲ ਕਰਦਾ ਹੈ, ਜਿਹੜੇ ਕਿਰਤਮਈ ਕਿਰਦਾਰ ਵਾਲੇ ਅਤੇ ਵਿਹਲੜਤਾ ਸਮੇਤ ਨਸ਼ਈ ਸਨ। ਇਨ੍ਹਾਂ ਵਿਚੋਂ ਜਿੱਥੇ ਕਿਰਤਮਈ ਸੁਭਾਅ ਵਾਲੇ ਹਰ ਖੇਤਰ ਵਿਚ ਸਫਲਤਾ ਹਾਸਿਲ ਕਰਦੇ ਹਨ, ਉਥੇ ਦੂਸਰੀ ਧਿਰ ਦਿਨੋ ਦਿਨ ਆਰਥਿਕ ਨਿਘਾਰ ਵਿਚ ਧਸਦੀ ਜਾਂਦੀ ਹੈ। ਨਾਵਲਕਾਰ ਦੀ ਟੇਕ ਕਲਾਸੀਕਲ ਮਾਰਕਸੀ ਫਲਸਫੇ ਉੱਪਰ ਹੋਣ ਦੇ



ਫਲਸਰੂਪ ਨਾਵਲੀ ਬਿਰਤਾਂਤ ਮਹਿਜ਼ ਕਮਿਊਨਿਸਟ ਪਾਰਟੀ ਦਾ ਪੰਜਾਬ ਅੰਦਰਲਾ ਸੁਨਹਿਰੀ ਯੁੱਗ ਚਿਤਰਨ ਤੱਕ ਮਹਿਦੂਦ ਹੈ। ਇੰਝ ਹੀ ਬਿਰਤਾਂਤਕਾਰ ਇਸੇ ਪਾਰਟੀ ਨਾਲ ਪੰਜਾਬੀ ਸਮਾਜ ਵਿਚ ਆ ਰਹੀ ਚੇਤਨਾ ਵਾਲਾ ਹਾਂ ਮੁਖੀ ਹੁੰਗਾਰਾ ਦਰਸਾਉਣ ਤੱਕ ਸੀਮਤ ਦ੍ਰਿਸ਼ਟੀਕੋਣ ਵਾਲਾ ਦ੍ਰਿਸ਼ਟੀਗਤ ਹੁੰਦਾ ਹੈ। ਸਿੱਟੇ ਵਜੋਂ ਨਾਵਲ ਅੰਦਰ ਕਮਿਊਨਿਸਟ ਪਾਤਰ ਗਹਿਰ ਰੂਪੀ ਚੇਤਨਾ ਨੂੰ ਅਸਮਾਨ ਉੱਪਰ ਚੜ੍ਹਾਉਣ ਅਰਥਾਤ ਪੰਜਾਬੀ ਮਾਨਸਿਕਤਾ ਦੇ ਕੇਂਦਰ ਵਿਚ ਲਿਆਉਣ ਦਾ ਕਾਰਜ ਕਰਦੇ ਹਨ। ਨਾਵਲਕਾਰ ਦੇ ਇਸ ਨੁਕਤੇ ਅਨੁਸਾਰ ਹੀ ਭਾ. ਕ. ਪਾ. ਦੇ ਵਿਰੋਧੀ ਕਾਂਗਰਸੀ ਪਾਤਰ ਖਲਨਾਇਕ ਹੀ ਨਹੀਂ, ਸਗੋਂ ਨਕਸਲਵਾੜੀ ਲਹਿਰ ਵਾਲੇ ਕਾਰਕੁੰਨ ਵੀ ਕੁਰਾਹੇ ਪਏ ਬਿਰਤਾਂਤਕ ਚਿਤਰਪੱਟ 'ਤੇ ਉਭਰਦੇ ਹਨ ਅਤੇ ਨਾਵਲ ਦੇ ਕੇਂਦਰੀ ਪਾਤਰ ਗੁਰਮੇਲ ਦਾ ਭਾ. ਕ. ਪਾ. ਦੀਆਂ ਸਮਕਾਲੀ ਹੋਰਨਾਂ ਪਾਰਟੀਆਂ ਦੇ ਕਾਰਕੁੰਨਾਂ ਪ੍ਰਤੀ ਨਜ਼ਰੀਆ ਵਿਅੰਗਮਈ ਹੀ ਰਹਿੰਦਾ ਹੈ। ਇਸ ਪ੍ਰਕਾਰ ਨਾਵਲ ਦੇ ਗਲਪੀ ਜਗਤ ਅੰਦਰ ਨਾਵਲਕਾਰ ਦੀ ਭਾ. ਕ. ਪਾ. ਪ੍ਰਤੀ ਭਾਵੁਕ ਅਪੀਲ ਬਿਰਤਾਂਤ ਦੇ ਆਰ ਪਾਰ ਫੈਲੀ ਦ੍ਰਿਸ਼ਟੀਗਤ ਹੁੰਦੀ ਹੈ।

ਨਾਵਲ ਨੂੰ ਜੇਕਰ ਬਿਰਤਾਂਤ ਕਲਾ ਦੇ ਜਾਵੀਏ ਤੋਂ ਵੇਖੀਏ ਤਾਂ ਇਹ ਗੱਲ ਪ੍ਰਾਪਤ ਹੁੰਦੀ ਹੈ ਕਿ ਨਾਵਲਕਾਰ ਕੋਲ ਬਿਰਤਾਂਤ ਨੂੰ ਉਸਾਰਨ ਦੀ ਪੂਰਨ ਕਲਾ ਹੈ। ਇਸ ਦਾ ਇਕ ਪ੍ਰਮੁੱਖ ਪ੍ਰਮਾਣ ਇਹ ਹੈ ਕਿ ਨਾਵਲਕਾਰ ਜਦੋਂ ਨਾਵਲ ਨੂੰ ਆਰੰਭ ਕਰਦਾ ਹੈ ਤਾਂ ਬਹੁਤ ਹੀ ਵਿਸਥਾਰਪੂਰਵਕ ਵੇਰਵੇ ਦਿੰਦਾ ਹੈ ਅਤੇ ਜਿਉਂ ਹੀ ਨਾਵਲੀ ਬਿਰਤਾਂਤ ਆਪਣੀ ਤੋਰ ਤੁਰਨ ਲਗਦਾ ਹੈ, ਤਿਉਂ ਹੀ ਵੇਰਵੇ ਹੀ ਸੰਖੇਪ ਨਹੀਂ ਹੁੰਦੇ, ਸਗੋਂ ਬਿਰਤਾਂਤ ਦੀ ਗਤੀ ਵੀ ਤੇਜ਼ ਹੁੰਦੀ ਜਾਂਦੀ ਹੈ। ਇੰਝ, ਨਾਵਲ ਆਪਣਾ ਬਿਰਤਾਂਤ ਸਮੇਟਦਾ ਖਤਮ ਤਾਂ ਹੋ ਜਾਂਦਾ ਹੈ ਪਰ ਅਨੇਕਾਂ ਉਹ ਪ੍ਰਸ਼ਨ ਪਿੱਛੇ ਛੱਡ ਜਾਂਦਾ ਹੈ, ਜਿਹੜੇ 'ਗਹਿਰ' ਦੇ 'ਆਸਮਾਨ' ਚੜ੍ਹਨ ਦੇ ਸੂਚਕ ਵਜੋਂ ਆਪਣੀ ਹੋਂਦ ਰੱਖਦੇ ਹਨ। ਇਸ ਦੇ ਸਮਵਿਥ ਨਾਵਲਕਾਰ ਨਾਵਲ ਵਿਚ ਜਦੋਂ ਨਵੇਂ ਤੇ ਮਹੱਤਵਪੂਰਨ ਪਾਤਰ ਦਾ ਜ਼ਿਕਰ ਕਰਦਾ ਹੈ ਤਾਂ ਉਸ ਦਾ ਵੀਹ ਪੱਚੀ ਸਾਲ ਪਹਿਲਾਂ ਦਾ ਜ਼ਿਕਰ ਬੂਮਰਿੰਗ ਦੀ ਜੁਗਤ ਰਾਹੀਂ ਕਰਦਾ ਹੈ ਅਤੇ ਜਲਦੀ ਹੀ ਉਸ ਪਾਤਰ ਦੀ ਪਿੰਡ ਵਿਚਲੀ ਸਮਕਾਲੀ ਭੂਮਿਕਾ ਨੂੰ ਪ੍ਰਗਟਾਉਣ ਲੱਗ ਪੈਂਦਾ ਹੈ। ਇੰਝ, ਪਿੰਡ ਦੇ ਵਿਭਿੰਨ ਜਾਤਾਂ ਤੇ ਜਮਾਤਾਂ ਦੇ ਲੋਕ ਇਕੋ ਸਮੇਂ ਇਤਿਹਾਸਕ ਗਤੀ ਮੁਜ਼ਬ ਵਿਚਰਦੇ ਬਿਰਤਾਂਤਕ ਚਿਤਰਪੱਟ 'ਤੇ ਉਭਰਦੇ ਹਨ। ਨਾਵਲ ਨੂੰ ਜੇਕਰ ਦੁਆਬੀ ਆਂਚਲਿਕ ਨਾਵਲ ਦੀ ਸ਼੍ਰੇਣੀ ਵਿਚ ਰੱਖੀਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਨਾਵਲ ਅੰਦਰ ਆਂਚਲਿਕ ਨਾਵਲ ਵਾਲੇ ਲੋੜੀਂਦੇ ਲੱਛਣ ਪ੍ਰਾਪਤ ਹੁੰਦੇ ਹਨ।

ਇੰਝ ਹੀ, ਜੇਕਰ ਨਾਵਲ ਨੂੰ ਭਾਸ਼ਾ ਪੱਖੋਂ ਦੇਖੀਏ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਨਾਵਲ ਵੀ ਪੰਜਾਬੀ ਦੇ ਜ਼ਿਆਦਾਤਰ ਨਾਵਲਾਂ ਵਾਂਗ ਇਕਹਿਰੀ ਭਾਸ਼ਾ-ਸ਼ੈਲੀ ਵਿਚ ਰਚਿਆ ਗਿਆ ਹੈ। ਪੰਜਾਬੀ ਦੇ ਵਧੇਰੇ ਨਾਵਲਾਂ ਵਿਚ ਜਿਹੋ ਜਿਹੀ ਬਿਰਤਾਂਤਕ ਤੇ ਵਰਨਣਾਤਮਕ ਭਾਸ਼ਾ ਲਈ ਸ਼ਬਦਾਵਲੀ ਦੀ ਵਰਤੋਂ ਕੀਤੀ ਮਿਲਦੀ ਹੈ, ਉਹੋ ਜਿਹੀ ਹੀ ਪਾਤਰਾਂ ਦੀ ਵਾਰਤਾਲਾਪਾਂ ਵਿਚ ਵੀ ਮਿਲਦੀ ਹੁੰਦੀ ਹੈ। ਇਸ ਨਾਵਲ ਵਿਚ ਵੀ ਇਸੇ ਤਰ੍ਹਾਂ ਦੀ ਇਕੋ ਜਿਹੀ ਭਾਸ਼ਾ ਦੀ ਵਰਤੋਂ ਕੀਤੀ ਮਿਲਦੀ ਹੈ। ਨਾਵਲ ਦੇ ਪਾਤਰ ਗੁੱਸੇ ਵਿਚ ਆ ਕੇ ਵੀ 'ਬੀਬੀ ਭਾਸ਼ਾ' ਦੀ ਹੀ ਵਰਤੋਂ ਕਰਦੇ ਹਨ, ਵਿਸ਼ੇਸ਼ ਤੌਰ 'ਤੇ ਔਰਤਾਂ ਦਾ ਸਰੂਪ ਇਹੋ ਜਿਹਾ ਵਧੇਰੇ ਚਿਤਰਤ ਹੋਇਆ ਹੈ। ਮਸਲਨ, ਲੱਖੇ ਦੀ ਪਤਨੀ ਭਾਵੇਂ ਉਸ ਨਾਲ ਗੁੱਸੇ ਵਿਚ ਖਹਿਬੜਦੀ ਹੈ ਅਤੇ ਆਪਣੇ ਬੱਚਿਆਂ ਨੂੰ ਬੁਰਾ ਭਲਾ ਬੋਲਦੀ ਹੈ, ਸਭ ਕੁਝ ਮਹਿਜ਼ 'ਬੀਬੀ ਭਾਸ਼ਾ' ਵਿਚ ਹੀ। ਇਹ 'ਬੀਬੀ ਭਾਸ਼ਾ' ਬਿਰਤਾਂਤਕਾਰ ਦੇ ਬਿਰਤਾਂਤਕ ਦੇ ਵਰਨਣੀ ਕਾਰਜ ਵਿਚ ਵਰਤੀ ਭਾਸ਼ਾ ਜਿਸ ਪ੍ਰਕਾਰ ਹੀ ਹੈ, ਉਸੇ ਪ੍ਰਕਾਰ ਦੀ ਵਾਰਤਾਲਾਪਾਂ ਵਿਚ ਵੀ ਹੈ। ਸੰਖੇਪ ਵਿਚ, 'ਗਹਿਰ ਚੜ੍ਹੀ ਅਸਮਾਨ' ਨਾਵਲ ਵਿਚ ਬਲਬੀਰ ਪਰਵਾਨਾ ਨੇ ਪੂਰਵ ਹਰੀ ਕ੍ਰਾਂਤੀ ਕਾਲ ਅੰਦਰ ਪੰਜਾਬ ਦੀ ਕਿਸਾਨੀ ਨੂੰ ਉਸ ਦੀਆਂ ਵਿਭਿੰਨ ਪਰਸਥਿਤੀਆਂ ਮੁਜ਼ਬ ਤੇ ਇਤਿਹਾਸਕ ਗਤੀ ਦੇ ਸੰਦਰਭ ਵਿਚ ਪ੍ਰਸਤੁਤ ਕੀਤਾ ਹੈ। ਨਾਵਲਕਾਰ ਦੀ ਰਚਨਾ ਦ੍ਰਿਸ਼ਟੀ ਭ. ਕ. ਪਾ. ਪ੍ਰਤੀ ਭਾਵੁਕਤਾ ਵਾਲੀ ਹੋਣ ਕਰਕੇ ਪੰਜਾਬ ਦੀ ਕਮਿਊਨਿਸਟ ਪਾਰਟੀ ਦਾ ਸੁਨਹਿਰੀ ਯੁੱਗ ਬਿਰਤਾਂਤਕ ਚਿਤਰਪੱਟ 'ਤੇ ਉਭਰਦਾ ਹੈ। ਨਾਵਲਕਾਰ ਜੇਕਰ ਇਕ ਪਾਸੇ ਬਿਰਤਾਂਤਕ ਜੁਗਤਾਂ ਦੇ ਸੰਦਰਭ ਵਿਚ ਪੂਰਨ ਸਫਲ ਦ੍ਰਿਸ਼ਟੀਗਤ ਹੁੰਦਾ ਹੈ ਤਾਂ ਦੂਜੇ ਪਾਸੇ ਭਾਸ਼ਾ ਪੱਖੋਂ ਵਾਰਤਾਲਾਪਾਂ ਨੂੰ ਠੇਠਮਈ ਤੇ ਸੰਜੀਵਤਾ ਨਾ ਬਖਸ਼ਣਯੋਗ ਅਤੇ ਇਸ ਨੂੰ ਬਿਰਤਾਂਤਕ ਤੇ ਵਰਨਣੀਕਾਰਜ ਲਈ ਵਰਤੀ ਭਾਸ਼ਾ ਤੋਂ ਭਿੰਨ ਨਾ ਕਰਨ ਵਾਲਾ ਵੀ ਦ੍ਰਿਸ਼ਟੀਗਤ ਹੁੰਦਾ ਹੈ। **(ਸੰਪਰਕ:94641-38523)**

# ‘ਜ਼ਖ਼ਮ’ ਦੀ ਕਥਾਕਾਰੀ ਦੇ ਰੂਬਰੂ / ਜਗਵਿੰਦਰ ਜੋਧਾ




‘ਜ਼ਖ਼ਮ’ ਕਥਾ ਸੰਗ੍ਰਹਿ ਜਿੰਦਰ ਦੀ ਕਥਾਕਾਰੀ ਦਾ ਪੰਜਵਾਂ ਪੜਾਅ ਹੈ। ਇਸ ਤੋਂ ਪਹਿਲਾਂ ‘ਮੈਂ ਕਹਾਣੀ ਤੇ ਉਹ’ (1990), ‘ਤੁਸੀਂ ਨਹੀਂ ਸਮਝ ਸਕਦੇ’ (1996), ‘ਨਹੀਂ ਮੈਂ ਨਹੀਂ’ (2000), ‘ਬਿਨਾਂ ਵਜ੍ਹਾ ਤਾਂ ਨਹੀਂ’ (2004) ਕਹਾਣੀ ਸੰਗ੍ਰਹਿ ਅੱਧੀ ਦਰਜਨ ਤੋਂ ਵਧੇਰੇ ਸੰਪਾਦਤ ਕਥਾ ਪੁਸਤਕਾਂ ਨਾਲ ਉਸਦੇ ਨਾਂ ਹੇਠ ਦਰਜ ਹਨ। ਜਿੰਦਰ ਮੁੱਖ ਤੌਰ ’ਤੇ ਅਜਿਹਾ ਕਥਾਕਾਰ ਹੈ ਜਿਸਨੇ ਸਮਕਾਲੀ ਮੱਧ ਸ੍ਰੇਣੀ ਦੀ ਅਲਗਾਵ ਦੀ ਸਥਿਤੀ ਨੂੰ ਉਸਦੇ ਮਾਨਸਿਕ, ਸਮਾਜਕ ਅਤੇ ਅਵਚੇਤਨੀ ਸਰੋਕਾਰਾਂ ਸਮੇਤ ਆਪਣੀ ਕਥਾ-ਵਸਤੂ ਬਣਾਇਆ ਹੈ। ਇਸ ਪੱਖ ਕਾਰਨ ਕੁਝ ਪੰਜਾਬੀ ਵਿਦਵਾਨਾਂ ਨੇ ਉਸਨੂੰ ਪ੍ਰੇਮ ਪ੍ਰਕਾਸ਼ ਦੀ ਪ੍ਰਵਿਰਤੀ ਦਾ ਕਹਾਣੀਕਾਰ ਐਲਾਨ ਦਿੱਤਾ। ਪ੍ਰੇਮ ਪ੍ਰਕਾਸ਼ ਦੇ ਪਾਤਰ ਸਮਕਾਲੀ ਵਾਸਤਵਿਕਤਾ ਨਾਲ ਟਕਰਾਉਂਦੇ ਹੋਏ ਵੀ ਦੋ ਪੱਧਰਾਂ ’ਤੇ ਕਾਰਜਸ਼ੀਲ ਹੁੰਦੇ ਹਨ। ਉਨ੍ਹਾਂ ਦੀਆਂ ਜੜ੍ਹਾਂ ਭਾਰਤੀ ਮਿਥਿਹਾਸ ਅਤੇ ਦਰਸ਼ਨ ਦੀ ਪਰੰਪਰਾ ਵਿਚ ਡੂੰਘੀਆਂ ਲੱਥੀਆਂ ਹੋਈਆਂ ਹਨ ਤੇ ਇਹ ਪੱਖ ਪ੍ਰੇਮ ਪ੍ਰਕਾਸ਼ ਦੇ ਪਾਤਰਾਂ ਦੇ ਵਿਹਾਰ ਨੂੰ ਨਿਰਧਾਰਤ ਕਰਦਾ ਹੈ। ਜਿੰਦਰ ਇਸਦੇ ਮੁਕਾਬਲੇ ਆਪਣੇ ਪਾਤਰਾਂ ਦੀ ਸਿਰਜਣਾ ਸਮੇਂ ਪੂਰਾ ਧਿਆਨ ਰਵਾਇਤੀ ਨਾਇਕਤਵ ਦੀ ਮਿੱਥ ਦੇ ਭੰਜਨ ਉੱਪਰ ਦੇ ਕੇ ਪਾਤਰਾਂ ਦਾ ਵਿਹਾਰ ਸਮਕਾਲੀ ਜੀਵਨ ਦੀ ਦੁਬਿਧਾ ਵਿੱਚੋਂ ਤਲਾਸ਼ਦਾ ਹੈ। ਓਪਰੀ ਨਜ਼ਰੇ ਪਾਤਰਾਂ ਦੇ ਵਿਹਾਰ ਵਿਚ ਪਈ ਐਬਸਰਡਿਟੀ ਦੀ ਸਾਂਝ ਇਨ੍ਹਾਂ ਦੋ ਕਹਾਣੀਕਾਰਾਂ ਵਿਚ ਵਿਭਿੰਨ ਧਰਾਤਲਾਂ ’ਤੇ ਉੱਸਰੀ ਨਜ਼ਰ ਆਉਂਦੀ ਹੈ। ਜਿੰਦਰ ‘ਕਤਲ’ ਵਰਗੀ ਕਹਾਣੀ ਲਿਖ ਕੇ ਪੰਜਾਬੀ ਬੰਦੇ ਦੀ ਨਵੇਂ ਯੁਗ ਵਿਚ ਪ੍ਰਮਾਣਿਕ ਹੋਂਦ ਦੇ ਚਿਤਰਨ ਦਾ ਦਾਅਵਾ ਪੇਸ਼ ਕਰਦਾ ਹੈ ਤੇ ਸਮਕਾਲੀ ਵਾਸਤਵਿਕਤਾ ਦਾ ਅਸਲੋਂ ਨਿਵੇਕਲਾ ਕਥਾਕਾਰ ਬਣ ਕੇ ਸਾਮ੍ਹਣੇ ਆਉਂਦਾ ਹੈ। ‘ਕਤਲ’ ਕਹਾਣੀ ਨਾਲ ਜਿੰਦਰ ਨੇ ਆਪ ਹੀ ਆਪਣੇ ਸਾਮਣੇ ਬੜਾ ਉੱਚਾ ਪੱਧਰ ਸਥਾਪਿਤ ਕੀਤਾ ਜਿਸਨੂੰ ਛੂਹਣਾ ਜਾਂ ਪਾਰ ਕਰਨਾ ਭਵਿੱਖ ਵਿਚ ਉਸ ਲਈ ਇਕ ਤਰ੍ਹਾਂ ਦੀ ਚੁਨੌਤੀ ਸੀ। ਕਿਹਾ ਜਾਵੇਗਾ ਕਿ ਉਸ ਤੋਂ ਬਾਦ ਦੀਆਂ ਕਹਾਣੀਆਂ ਸਮੇਤ ਹੱਥਲੇ ਸੰਗ੍ਰਹਿ ਦੇ ‘ਕਤਲ’ ਵਾਲੀ ਪ੍ਰਮਾਣਿਕ ਪੱਧਰ ਤੋਂ ਉਰਾਂ ਹੀ ਕਿਤੇ ਵਿਚਰਦੀਆਂ ਹਨ। ਇਸ ਸੰਗ੍ਰਹਿ ਵਿਚ ਜਿੰਦਰ ਨੇ ਨੌਂ ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਇਸ ਤੋਂ ਬਿਨਾਂ ਅੰਤ ਵਿਚ ਅਨੇਮਨ ਸਿੰਘ ਵੱਲੋਂ ਉਸ ਨਾਲ ਕੀਤੀ ਲੰਮੀ ਮੁਲਾਕਾਤ ਵੀ ਦਰਜ ਹੈ।

‘ਔਕਾਤ’ ਕਹਾਣੀ ਬਦਲਦੇ ਸਮਾਜਕ ਪ੍ਰਸੰਗਾਂ ਵਿਚ ਰਵਾਇਤੀ ਮੁੱਲਾਂ ਦੇ ਤਿੜਕਣ ਦੀ ਕਹਾਣੀ ਹੈ। ਮੈਂ ਪਾਤਰ ਆਪਣੇ ਇਕ ਦੋਸਤ ਦੇ ਘਰ ਕਦੇ ਕਦੇ ਰਹਿਣ ਲਈ ਆਉਂਦਾ ਹੈ। ਜਿੱਥੇ ਉਹ ਉਸਦੇ ਨੌਕਰ ਮੋਹਨੀ ਨਾਲ ਇਕ ਸਾਂਝ ਦੇ ਰਿਸ਼ਤੇ ਵਿਚ ਬੱਝ ਜਾਂਦਾ ਹੈ। ਉਹ ਮੋਹਨੀ ਨੂੰ ਕੀਤੀ ਸੇਵਾ ਬਦਲੇ ਕਦੇ ਕਦੇ ਕੁਝ ਪੈਸੇ ਦੇ ਦਿੰਦਾ ਹੈ। ਉਸਦਾ ਦੋਸਤ ਜਸਪਾਲ ਤੇ ਉਹ ਦੋਵੇਂ ਉਸ ਨੌਕਰ ਦਾ ਸ਼ੋਸ਼ਣ ਕਰਦੇ ਹਨ। ਜਸਪਾਲ ਕੋਲ ਕਿਰਤ ਦੀ ਲੁੱਟ ਦਾ ਪੂੰਜੀਵਾਦੀ ਹਥਿਆਰ ਭਾਵੁਕ ਸ਼ੋਸ਼ਣ ਦੇ ਰੂਪ ਵਿਚ ਮੌਜੂਦ ਹੈ। ਜਦ ਕਿ ਮੈਂ ਪਾਤਰ ਕੋਲ ਇਸਦੇ ਮੁਕਾਬਲੇ ਪੇਂਡੂ ਜਾਗੀਰਦਾਰੀ ਪੈਟਰਨ ਹੈ। ਕਹਾਣੀ ਦਾ ਇਕ ਪਸਾਰ ਪਿੰਡ ਦੇ ਉਨ੍ਹਾਂ ਦੇ ਨੌਕਰ ਕਰਮੂ ਦੇ ਵੇਰਵਿਆਂ ਵਿੱਚੋਂ ਵੀ ਉਘੜਦਾ ਹੈ। ਇਸ ਤੋਂ ਬਿਨਾਂ ਹਜਾਰੂ ਤੇ ਕਰਤਾਰਾ ਹੋਰ ਅਜਿਹੇ ਨੌਕਰ ਹਨ ਜਿਹੜੇ ਮੈਂ ਪਾਤਰ ਦੇ ਜ਼ਿਹਨ ਵਿਚ ਪਏ ਰਵਾਇਤੀ ਮਾਲਕੀ / ਨੌਕਰੀ ਪ੍ਰਬੰਧ ਦੇ ਪਸਾਰ ਹਨ। ਇਨ੍ਹਾਂ ਰਾਹੀਂ ਉਹ ਪਾਤਰ ਦੇ ਕਾਮਾ ਵਰਗ ਦੀ ਵਿਅਕਤੀ ਵਿਭਿੰਨਤਾ ਦਰਸਾਉਣੀ ਚਾਹੁੰਦਾ ਹੈ ਜਿਸਦਾ ਆਧਾਰ ਵਫ਼ਾਦਾਰੀ ਦੇ ਰਵਾਇਤੀ ਮਾਪਦੰਡ ਹਨ। ਇਨ੍ਹਾਂ ਮਾਪਦੰਡਾਂ ਨਾਲ ਹੀ ਉਹ ਮੋਹਨੀ ਦੀ ਵਫ਼ਾਦਾਰੀ ਮਾਪਦਾ ਹੈ। ਸਮਕਾਲੀ ਮੱਧ ਸ੍ਰੈਣਿਕ ਚੇਤਨਾ ਦੀਆਂ ਜੜ੍ਹਾਂ ਤੇ ਵਿਹਾਰ ਦੇ ਅਵਚੇਤਨੀ ਸਰੋਕਾਰਾਂ ਦੀ ਤਲਾਸ਼ ਕਹਾਣੀ ਦਾ ਕੇਂਦਰੀ ਨੁਕਤਾ ਹੈ।

‘ਸ਼ਨਾਖ਼ਤ’ ਕਹਾਣੀ ਮੱਧਸ੍ਰੇਣਿਕ ਚੇਤਨਾ ਦੀ ਪੇਸ਼ਕਾਰੀ ਇਕ ਹੋਰ ਪੱਖ ਤੋਂ ਕਰਦੀ ਹੈ। ਕਿਰਤ ਦੀ



ਲੁੱਟ ਵਾਲੇ ਪ੍ਰਬੰਧ ਵਿਚ ਕਿਰਤੀ ਵਿਅਕਤੀ ਇਸ ਕਦਰ ਆਪਣੀ ਸੰਵੇਦਨਾ ਗੁਆ ਬੈਠਦਾ ਹੈ ਕਿ ਉਹ ਆਪ ਹੀ ਸਿਸਟਮ ਦਾ ਟੂਲ ਬਣਕੇ ਆਪਣੇ / ਆਪਣੇ ਵਰਗ ਵਿਰੁੱਧ ਭੁਗਤਣ ਲੱਗਦਾ ਹੈ। ਦਲਜੀਤ ਸਿੰਘ ਸਹਾਇਕ ਕੰਟਰੋਲਰ ਕੁਝ ਆਦਰਸ਼ਾਂ ਨਾਲ ਜੁੜਿਆ ਹੋਇਆ ਹੈ, ਇਸ ਲਈ ਦਫ਼ਤਰ ਵਿਚ ਵਿਯੋਗਿਆ ਗਿਆ ਅਧਿਕਾਰੀ ਹੈ। ਦਫ਼ਤਰ ਦੇ ਕਰਮੀਆਂ ਲਈ ਤਾਂ ਕੁਲਦੀਪ ਸਿੰਘ ਬਣਵੈਤ ਆਦਰਸ਼ ਅਧਿਕਾਰੀ ਹੈ। ਦਲਜੀਤ ਸਿੰਘ ਦੇ ਸਿੱਧਾਂਤ ਮੱਧ ਸ੍ਰੈਣੀ ਦੀ ਸਮਕਾਲੀ ਚੇਤਨਾ ਲਈ ਗੁਜ਼ਰੇ ਜ਼ਮਾਨੇ ਦੀਆਂ ਗੱਲਾਂ ਹਨ। ਇੱਥੇ ‘ਮਾੜਾ ਬੰਦਾ’ ਸੰਕੇਤਕ ਵਾਕੰਸ਼ ਹੈ। ਪਿਛਲੇ ਸਮੇਂ ਵਿਚ ਇਸ ਵਿਸ਼ੇਸ਼ਣ ਦਾ ਜਿਸ ਤਰ੍ਹਾਂ ਅਰਥ ਪਰਿਵਰਤਨ ਹੋਇਆ ਹੈ, ਜਿੰਦਰ ਸਮੁੱਚੀ ਕਹਾਣੀ ਵਿਚ ਉਸ ਉੱਪਰ ਫੋਕਸ ਕਰਦਾ ਹੈ। ‘ਜ਼ਖ਼ਮ’ ਇਕ ਵੱਖਰੇ ਪਰਿਪੇਖ ਵਾਲੀ ਕਹਾਣੀ ਹੈ। ਇਹ ਕਹਾਣੀ 1947 ਦੀ ਦੇਸ਼ ਵੰਡ ਪਿੱਛੋਂ ਹੋਏ ਫਿਰਕੂ ਫ਼ਸਾਦਾਂ ਦਾ ਵਿਸ਼ਲੇਸ਼ਣ ਸਮਕਾਲ ਵਿਚ ਕਰਨ ਦਾ ਯਤਨ ਹੈ। ਅਸਲ ਵਿਚ ਇਹ ਕਹਾਣੀ ਇਕ ਤਰ੍ਹਾਂ ਦੀ ਪਰਾਗਲਪੀ ਸੰਬਾਦਕ ਜੁਗਤ ਵਿਚ ਲਿਖੀ ਹੋਈ ਹੈ ਜਿਸ ਵਿਚ ਮੈਂ ਪਾਤਰ ਤੋਂ ਬਿਨਾਂ ਪ੍ਰੋ. ਜਾਵੇਦ ਅਤੇ ਡਾ. ਕਲੇਰ ਵਿਚਾਰਧਾਰਕ ਬਹਿਸ ਦੀਆਂ ਧਿਰਾਂ ਹਨ। ਪ੍ਰੋ. ਜਾਵੇਦ ਪਾਕਿਸਤਾਨ ਤੋਂ ਆਪਣੇ ਪੁਰਖਿਆਂ ਦੀ ਜਨਮ ਭੋਇੰ ਵੇਖਣ ਆਇਆ ਸ਼ਖ਼ਸ ਹੈ। ਉਹ ਵੰਡ ਦੇ ਵਰਤਾਰੇ ਨੂੰ ਨਕਾਰਦਾ ਹੈ ਤੇ ਭਾਰਤ ਵਿਚ ਮੁਸਲਮਾਨਾਂ ਦੇ ਇਤਿਹਾਸ ਨੂੰ ਆਧਾਰ ਬਣਾ ਕੇ ਵੰਡ ਦਾ ਠੀਕਰਾ ਤਤਕਾਲੀ ਕਾਂਗਰਸੀ ਨੀਤੀਆਂ ਸਿਰ ਭੰਨਦਾ ਹੈ। ਤਰਕ ਅਤੇ ਭਾਵੁਕਤਾ ਉਸਦੇ ਸੰਬਾਦ ਵਿਚ ਅਜੀਬ ਰਲਗੱਡ ਅਵਸਥਾ ਵਿਚ ਹਨ। ਦਰਅਸਲ ਇਹ ਸਾਰੀ ਕਹਾਣੀ ਸੂਚਨਾਵਾਂ ਦਾ ਪ੍ਰਸਾਰ ਕਰਦੀ ਹੈ। ਤਾਇਆ ਤੇ ਉਸਦਾ ਜ਼ਖ਼ਮ ਇਸੇ ਦ੍ਰਿਸ਼ਟੀ ਦਾ ਇਕ ਪਾਤਰ ਹਨ। ਕਥਾਕਾਰ ਕੋਲੋਂ ਜਿੱਥੇ ਤਰਕ ਪੂਰਕ ਸੂਚਨਾਵਾਂ ਦਾ ਪੱਲਾ ਛੁੱਟਣ ਲੱਗਦਾ ਹੈ ਤਾਇਆ ਤੇ ਉਸਦਾ ਜ਼ਖ਼ਮ ਕਥਾ ਦੇ ਪ੍ਰਵਚਨ ਨੂੰ ਸਾਂਭ ਲੈਂਦੇ ਹਨ। ਕਹਾਣੀ ਦੀ ਸੰਬਾਦਕਤਾ ਇਸੇ ਕਾਰਨ ਤਵਾਜ਼ਨ ਤੋਂ ਬਾਹਰ ਹੋ ਕੇ ਇਕ ਪਾਸੜ ਮੋਨੋਲਾਗ ਵਿਚ ਵਟ ਜਾਂਦੀ ਹੈ।

‘ਰਫ਼ਤਾਰ’ ਇਕ ਨਿਵੇਕਲੀ ਭਾਂਤ ਦੇ ਬਿਰਤਾਂਤਕ ਸੰਗਠਨ ਉੱਪਰ ਉਸਰੀ ਕਹਾਣੀ ਹੈ। ਇਸ ਵਿਚ ਓਪਰੀ ਨਜ਼ਰੇ ਪੀੜ੍ਹੀ ਪਾੜੇ ਦਾ ਸਰੋਕਾਰ ਮੁੱਖ ਤੌਰ ’ਤੇ ਪਿਆ ਲਗਦਾ ਹੈ। ਪਰ ਗੱਲ ਏਨੀ ਸਹਿਜ ਨਹੀਂ ਹੈ। ਨਾਰੀ ਦੇ ਪਿਤਰਕੀ ਨਾਲ ਆਤਮਸਾਤੀ ਕਰਨ ਦੇ ਪ੍ਰਭਾਵ ਵੱਸ ਮਾਂ ਵਰਗੀਆਂ ਪਾਤਰ ਪੈਦਾ ਹੁੰਦੀਆਂ ਹਨ, ਜਿਹੜੀਆਂ ਮਰਦ ਤੰਤਰ ਦੀਆਂ ਹਿਤੈਸ਼ੀ ਹੀ ਨਹੀਂ ਸਗੋਂ ‘ਮੈਂ’ ਪਾਤਰ ਨੂੰ ਪੁਰਸ਼ੋਤਮ ਨਾਲੋਂ ਤੋੜ ਕੇ ਕਮਲਕਾਂਤ ਦੇ ਲੜ ਲਾਉਣ ਦੀ ਪ੍ਰਕਿਰਿਆ ਰਾਹੀਂ ਮਰਦ ਤੰਤਰ ਲਈ ਰਾਹ ਪੱਧਰਾ ਵੀ ਕਰਦੀਆਂ ਹਨ। ਸਿੱਧਾਂਤਕ ਤੌਰ ’ਤੇ ਮਰਦ ਦੀਆਂ ਅਨੁਸਾਰੀ ਹੋਣ ਦੇ ਬਾਵਜੂਦ ਪੁਰਖਤੰਤਰ ਪ੍ਰਤਿ ਰੋਹ ਦੀ ਭਾਵਨਾ ਵੀ ਕਿਤੇ ਅਚੇਤ ਮਨ ’ਚ ਪਈ ਹੈ। ਜਿਹੜੀ ਪੂਨਮ ਦੇ ਹਰਸੂਰਤ ਨਾਲ ਸੰਬੰਧਾਂ ਦੀ ਸਵੀਕ੍ਰਿਤੀ ਰਾਹੀਂ ਪ੍ਰਗਟ ਹੋ ਜਾਂਦੀ ਹੈ। ਅਗਲੀਆਂ ਦੋ ਕਹਾਣੀਆਂ ‘ਮੁੜ ਗ਼ਲਤੀ ਨਾ ਕਰੀਂ’ ਅਤੇ ‘ਪਾਪ’ ਇਕੋ ਤਰ੍ਹਾਂ ਦੇ ਸਰੋਕਾਰਾਂ ਨੂੰ ਕਥਾ ਵਸਤੂ ਵਜੋਂ ਗ੍ਰਹਿਣ ਕਰਦੀਆਂ ਹਨ। ‘ਮੁੜ ਗ਼ਲਤੀ ਨਾ ਕਰੀਂ’ ਦੀ ਗੁਰਲੀਨ ਵਿਰਦੀ ਇਕਬਾਲ ਨੂੰ ਆਪਣਾ ਜੀਵਨ ਸਾਥੀ ਚੁਣਦੀ ਹੈ, ਜਿਸਨੂੰ ਜਾਰੀ ਭੇਦ ਕਾਰਨ ਨਕਾਰ ਦਿੱਤਾ ਜਾਂਦਾ ਹੈ। ਉਹ ਅਲਗਾਵ ਤੇ ਵਿਸ਼ਾਦ ਦੀ ਸਥਿਤੀ ਵਿਚ ਤੇ ਜ਼ਿੰਦਗੀ ਦੇ ਅਗਲੇ ਰਾਹਾਂ ਦੇ ਸੰਬੰਧ ਵਿਚ ਇਕ ਦੁਬਿਧਾ ਦੀ ਸ਼ਿਕਾਰ ਵੀ ਹੈ। ਮਹਿੰਦਰ ਨੂੰ ਵਿਆਹ ਲਈ ਸਹਿਮਤੀ ਦਾ ਮੈਸਜ ਭੇਜਣਾ ਉਸਦਾ ਆਪਣੀ ਹੋਣੀ ਅੱਗੇ ਹਾਰ ਜਾਣਾ ਹੈ। ਅੰਤਿਮ ਰੂਪ ਵਿਚ ਵਿਆਹ ਦੀ ਸੰਸਥਾ ਨੂੰ ਸਵੀਕਾਰ ਕੇ ਗੁਰਲੀਨ ਪੁਰਖ ਤੰਤਰ ਅੱਗੇ ਗੋਡੇ ਟੇਕਦੀ ਹੈ। ‘ਪਾਪ’ ਕਹਾਣੀ ਵਿਚ ਲੇਖਕ ਇਸ ਤੋਂ ਉਲਟ ਦ੍ਰਿਸ਼ਟੀ ਨਾਲ ਹਰਕਿਰਨ ਦਾ ਪਾਤਰ ਚਿਤਰਿਆ ਗਿਆ ਹੈ। ਹਰਕਿਰਨ ਆਪਣੀਆਂ ਘਰੇਲੂ ਮਜਬੂਰੀਆਂ ਹੱਥੋਂ ਤੰਗ ਆ ਕੇ ਕਾਰਜ ਖੇਤਰ ਵਿਚ ਜਿਸਨੀ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ। ਫਿਰ ਦੋਵੇਂ ਕਹਾਣੀਆਂ ਭਿੰਨ ਭਿੰਨ ਕਥਾ-ਸੰਗਠਨ ਹੋਣ ਦੇ ਬਾਵਜੂਦ ਨਾਰੀ ਪਾਤਰਾਂ ਪ੍ਰਤਿ ਸਿਰਜਕ ਦੀ ਦ੍ਰਿਸ਼ਟੀ ਦੇ ਪ੍ਰਸੰਗ ਵਿਚ ਸਾਂਝ ਦੇ ਸੂਤਰ ਨਾਲ ਵੀ ਜੁੜੀਆਂ ਹੋਈਆਂ ਹਨ। ਵਿਸ਼ੇਸ਼ ਗੱਲ ਇਹ ਹੈ ਕਿ ਇਹ ਦੋਵੇਂ ਪਾਤਰ ਅਲਗ ਅਲਗ ਦ੍ਰਿਸ਼ਟੀ ਤੋਂ ਪੁਰਖ ਤੰਤਰ ਅੱਗੇ ਸਿਰ ਝੁਕਾਉਂਦੀਆਂ ਹਨ। ਪਹਿਲੀ ਜਿਹੜੀ ਵਿਆਹ ਸੰਸਥਾ ਨੂੰ ਸਵੀਕਾਰਦੀ ਹੈ, ਕਥਾਕਾਰ ਕਥਾ ਦੇ ਅੰਤ ’ਤੇ ਉਸਨੂੰ ਮੁਕਾਬਲਤਨ ਬਿਹਤਰ ਸਥਿਤੀ ਵਿਚ ਪੇਸ਼ ਕਰਦਾ ਹੈ। ਹਰਕਿਰਨ ਦੇ ਸ਼ੋਸ਼ਣ ਦੀ ਤਾਂ ਕਾਰਨ ਹੀ ਵਿਆਹ ਦੀ ਇਹ ਸੰਸਥਾ ਹੈ। ‘ਪਾਪ-ਪੁੰਨ’ ਦੀ ਦੁਚਿੱਤੀ ਵਿਚ ਫਸੀ ਉਹ ਆਪਣੇ ਸ਼ੋਸ਼ਣ ਦੇ ਅਸਲ ਕਾਰਨਾਂ ਦੀ ਤਲਾਸ਼ ਦੀ ਥਾਂ ਅਧਿਆਤਮਕ ਕਿਸਮ ਦੇ ਸੁਆਲਾਂ ਦਾ ਉਦਭਵ ਨਾਰੀ ਹੋਂਦ ਪ੍ਰਤਿ ਲੇਖਕ ਦੀ ਦ੍ਰਿਸ਼ਟੀ ਦੀ ਪੇਸ਼ਕਾਰੀ ਕਰਦਾ ਹੈ, ਕਹਾਣੀ ਦੇ ਇਹ ਵਾਰਤਾਲਾਪ , “ਪਾਪ ਪੂਪ ਕੁਸ਼ ਨ੍ਹੀਂ ਹੁੰਦੇ। ਮੇਰੇ ਲਈ ਤਾਂ ਤੂੰ ਪੁੰਨ

ਵਾਲਾ ਕੰਮ ਕੀਤਾ। ਘਰਦਿਆਂ ਪ੍ਰਤਿ ਆਪਣੇ ਫ਼ਰਜ਼ਾਂ ਨੂੰ ਨਿਭਾਉਣ 'ਚ ਤੂੰ ਕੋਈ ਕੁਤਾਹੀ ਨ੍ਹੀਂ ਕੀਤੀ। ਬੀ ਰੀਲੈਕਸ।" ਸਫ਼ਾ 74 ਸੁਣ ਕੇ ਹਰਕਿਰਨ ਦਾ ਸਚਮੁਚ ਰੀਲੈਕਸ ਹੋ ਜਾਣਾ ਲੇਖਕ ਦੀ ਦ੍ਰਿਸ਼ਟੀ ਸੰਬੰਧੀ ਪ੍ਰਮਾਣ ਹੈ। ਸਮਕਾਲੀ ਮੱਧਸ਼੍ਰੇਣਿਕ ਚੇਤਨਾ ਨਾਰੀ ਮੁਕਤੀ ਲਈ ਕਿਸੇ ਉਪਯੁਕਤ ਮਾਡਲ ਦੀ ਅਣਹੋਂਦ ਵਿਚ ਪਿਤਰਕੀ ਦੇ ਨੇਮ-ਵਿਧਾਨ ਅੱਗੇ ਸਮਰਪਣ ਦੇ ਸਰੋਕਾਰਾਂ ਦਾ ਆਦਰਸ਼ੀਕਰਨ ਕਰ ਰਿਹਾ ਹੈ। ਇਹ ਦੋਵੇਂ ਕਹਾਣੀਆਂ ਇਸੇ ਦਿਸ਼ਾ ਦੀ ਚੇਤਨਾ ਪੇਸ਼ ਕਰਦੀਆਂ ਹਨ। ਨਾਰੀ ਦੇ ਭੋਗ ਵਿੱਚੋਂ ਉਸਦੇ ਪ੍ਰਤਿਰੋਧ ਦੇ ਅੰਸ਼ਾਂ ਦੀ ਸਮਾਪਤੀ ਲਈ ਪੁਰਖ-ਤੰਤਰ ਨੇ ਅਜਿਹੇ ਵਿਧਾਨ ਨੂੰ ਪਰਸਾਰਤ ਕਰਨਾ ਆਰੰਭ ਕੀਤਾ ਹੈ ਜਿਸ ਵਿੱਚੋਂ ਨਾਰੀ ਖ਼ੁਦ ਆਪਣੇ ਸ਼ੋਸ਼ਣ ਨੂੰ ਸਫ਼ਲਤਾ ਦੇ ਅਹਿਸਾਸ ਨਾਲ ਮਾਪਣ ਲਗਦੀ ਹੈ। 'ਕੁਰਬਾਨੀ' ਕਹਾਣੀ ਵੀ ਵਿਆਹ-ਬਾਹਰੇ ਸੰਬੰਧਾਂ ਦੀਆਂ ਕਈ ਸ਼ੇਡਜ਼ ਨੂੰ ਉਘਾੜਦੀ ਹੈ। ਜਗਜੀਵਨ ਇਸ ਕਹਾਣੀ ਦਾ ਅਜਿਹਾ ਪਾਤਰ ਹੈ ਜਿਹੜਾ ਸਰਲ ਦਿਸ਼ਾ ਵਿਚ ਵਿਕਾਸ ਕਰਦਾ ਹੈ। ਉਸਨੂੰ ਪ੍ਰਾਪਤ ਕਰਨ ਲਈ ਅਮਰਜੀਤ, ਪੰਮੀ ਅਤੇ ਸੰਗੀਤਾ ਵਿਚਕਾਰ ਇਕ ਤਰ੍ਹਾਂ ਦਾ ਤਣਾਅ ਹੈ। ਇਸ ਤਣਾਅ ਦੀਆਂ ਕਈ ਸਮਾਜ / ਸਭਿਆਚਾਰਕ ਅਤੇ ਨੈਤਿਕ ਸੀਮਾਵਾਂ ਹਨ, ਪਰ ਜਗਜੀਵਨ ਦੀ ਹੋਂਦ ਇਨ੍ਹਾਂ ਸਭ ਤੋਂ ਨਿਰਲੇਪ ਵਿਕਾਸ ਕਰਦੀ ਰਹਿੰਦੀ ਹੈ। ਸਾਰੀਆਂ ਨਾਰੀ ਪਾਤਰ ਉਸਨੂੰ ਲੈ ਕੇ ਖ਼ਾਸ ਕਿਸਮ ਦੀ ਦੁਬਿਧਾ ਦਾ ਸ਼ਿਕਾਰ ਹਨ ਪਰ ਇਹ ਵਰਤਾਰਾ ਮਰਦ ਪਾਤਰ ਦੀ ਹੋਂਦ ਤੇ ਵਿਹਾਰ ਨਾਲ ਸਿੱਧਾ ਟਕਰਾਅ ਵਿਚ ਨਹੀਂ ਆਉਂਦਾ। 'ਵਿੱਥਾਂ' ਸਮਕਾਲ ਵਿਚ ਪਦਾਰਥਕ ਪ੍ਰਾਪਤੀਆਂ ਪਿੱਛੇ ਦੌੜਦੇ ਬੰਦੇ ਦੇ ਮਕਾਨਕੀ ਹੋਂਦ ਵਿਚ ਵਟ ਜਾਣ ਦੇ ਦੁਖਾਂਤ ਦੀ ਗਾਥਾ ਹੈ। ਇਹ ਕਹਾਣੀ ਵੇਰਵਿਆਂ ਦੀ ਪੱਧਰ ਤੱਕ ਕਈ ਨਵੇਂ ਸਮੀਕਰਨ ਜਿਹੜੇ ਸਾਡੇ ਸਮਾਜਕ ਪ੍ਰਬੰਧ ਵਿਚ ਉਪਜ ਰਹੇ ਹਨ, ਸਾਮ੍ਹਣੇ ਲਿਆਉਂਦੀ ਹੈ, ਪਰ ਇਨ੍ਹਾਂ ਸਮੀਕਰਨ ਦੀ ਤਹਿ ਵਿਚ ਕਾਰਜਸ਼ੀਲ ਪੂੰਜੀ ਦੇ ਪ੍ਰਵਚਨ ਦੇ ਵਿਸ਼ਲੇਸ਼ਣ ਲਈ ਕਿਸੇ ਬੱਝਵੀਂ ਦ੍ਰਿਸ਼ਟੀ ਦੀ ਘਾਟ ਇਸ ਕਹਾਣੀ ਵਿਚ ਰੜਕਦੀ ਹੈ। 'ਨਹੀਂ ਮੈਂ ਦਲਿਤ ਨਹੀਂ' ਇਸ ਸੰਗ੍ਰਹਿ ਦੀ ਆਖ਼ਰੀ ਕਹਾਣੀ ਹੈ। ਇਹ ਕਹਾਣੀ ਕਮਿਊਨਿਸਟ ਲਹਿਰ ਦੇ ਨੀਵਾਣ ਵੱਲ ਜਾਣ ਪਿੱਛੋਂ ਬਚੇ ਖੁਚੇ ਵਿਚਾਰਧਾਰਕ ਸਰੋਕਾਰਾਂ ਬਨਾਮ ਨਵੇਂ ਰਾਜਸੀ ਸਮੀਕਰਨਾਂ ਵਿਚ ਜਾਤੀਗਤ ਰੁਚੀਆਂ ਦੇ ਉਭਾਰ ਦੇ ਦੋਰਾਹੇ ਤੇ ਖੜ੍ਹੇ ਪੰਜਾਬੀ ਬੰਦੇ ਦੀ ਕਹਾਣੀ ਹੈ। ਓਪਰੀ ਨਜ਼ਰੇ ਇਹ ਕਹਾਣੀ ਨਵੀਆਂ ਰਾਜਸੀ ਰੁਚੀਆਂ ਦੇ ਨਕਾਰ ਦੀ ਕਹਾਣੀ ਜਾਪਦੀ ਹੈ, ਪਰ ਇਸ ਵਿਚ ਮੈਂ ਪਾਤਰ ਦੀ ਮਾਨਸਿਕ ਸਥਿਤੀ ਉਪਭਾਵੁਕਤਾ ਦੀ ਹਾਲਤ ਵਿਚ ਸਿੱਧਾਂਤਾਂ ਨਾਲ ਜੁੜਨ ਤੇ ਮਨਚਾਹੇ ਸਿੱਟਿਆਂ ਦੀ ਤਲਾਸ਼ ਦੀ ਮੱਧ ਸ਼੍ਰੈਣਿਕ ਰੁਚੀ ਪ੍ਰਗਟਾਉਂਦੀ ਹੈ। ਇਸ ਰੁਚੀ ਤਹਿਤ ਹੀ ਉਹ ਸਮਕਾਲੀ ਪਰਿਪੇਖ ਵਿਚ ਕਮਿਊਨਿਸਟ ਲਹਿਰ ਦੀ ਪ੍ਰਾਸੰਗਿਕਤਾ ਪ੍ਰਤਿ ਸੰਦੇਹ ਦਾ ਸ਼ਿਕਾਰ ਹੁੰਦਾ ਹੈ ਤੇ ਮਾਇਆਵਤੀ ਦੀ ਸਰਵਜਾਤੀ ਨੀਤੀ ਵੀ ਉਸਨੂੰ ਇਸੇ ਲਈ ਰਾਸ ਨਹੀਂ ਆਉਂਦੀ। ਕਮਿਊਨਿਸਟ ਲਹਿਰ ਦੌਰਾਨ ਜੱਟ ਜਾਗੀਰੂ ਚੇਤਨਾ ਵਾਲੇ ਲੋਕਾਂ ਦਾ ਜਾਤੀ ਨੂੰ ਆਧਾਰ ਬਣਾਉਣਾ ਇਸ ਕਹਾਣੀ ਦਾ ਪ੍ਰਮੁੱਖ ਸਰੋਕਾਰ ਹੈ, ਪਰ ਨਾਲ ਹੀ ਕਮਿਊਨਿਸਟ ਲਹਿਰ ਪ੍ਰਤਿ ਦਲਿਤ ਦ੍ਰਿਸ਼ਟੀਕੋਣ ਵੀ ਪੇਸ਼ ਹੁੰਦਾ ਹੈ। ਇਸ ਦ੍ਰਿਸ਼ਟੀਕੋਣ ਦੇ ਤਹਿਤ ਦਲਿਤਾਂ ਦਾ ਜਾਤੀਗਤ ਅਵਚੇਤਨ ਅਜਿਹੇ ਕਿਸੇ ਵੀ ਇਨਕਲਾਬ ਦੀ ਕਲਪਨਾ ਹੀ ਨਹੀਂ ਕਰ ਪਾਉਂਦਾ ਜਿਹੜੀ ਵਰਗ ਰਹਿਤ ਹੋਵੇ। ਇਸ ਲਈ ਇਹ ਲਹਿਰ ਦਲਿਤਾਂ ਲਈ ਓਨੀ ਹੀ ਓਪਰੀ ਰਹਿੰਦੀ ਹੈ।

ਜਿੰਦਰ ਦੀਆਂ ਇਨ੍ਹਾਂ ਕਹਾਣੀਆਂ ਵਿਚ ਸਮਕਾਲੀ ਸਮਾਜਕ ਪ੍ਰਬੰਧ ਵਿਚ ਉਭਰ ਰਹੇ ਨਵੇਂ ਮੁੱਲ-ਵਿਧਾਨ ਦੀ ਅਕਾਸੀ ਤਾਂ ਹੈ, ਪਰ ਉਸਦੇ ਪਾਤਰ ਸਥਿਤੀਆਂ ਤੋਂ ਪਾਰ ਜਾਣ ਦੀ ਥਾਂ ਸਥਿਤੀਆਂ ਅੱਗੇ ਹਾਰੇ ਹੁੱਟੇ ਨਜ਼ਰ ਆਉਂਦੇ ਹਨ। ਸਮਕਾਲ ਵਿਚ ਮੱਧਸ਼੍ਰੇਣਿਕ ਬਚਾਉਵਾਦ ਇਕ ਜੀਵਨ-ਸ਼ੈਲੀ ਵਿਚ ਵਟ ਰਿਹਾ ਹੈ। ਇਸ ਬਚਾਉਵਾਦੀ ਨੀਤੀ ਤਹਿਤ ਹੀ ਸਮਕਾਲ ਦੀ ਵਿਅਕਤੀ ਚੇਤਨਾ ਸਥਿਤੀਆਂ ਦੇ ਵਿਸ਼ਲੇਸ਼ਣ ਲਈ ਓਪਰੀ ਅਤੇ ਸੁਖੈਨ ਅੰਦਾਜ਼ ਤਲਾਸ਼ਦੀ ਹੈ। ਸਾਡੇ ਸਮਿਆਂ ਦੇ ਲੇਖਕ ਦਾ ਇਸ ਵਰਤਾਰੇ ਵਿਚ ਗਰੱਸ ਜਾਣਾ ਨਿਰਸੰਦੇਹ ਚਿੰਤਾ ਜਨਕ ਹੈ। ਕਿਉਂਕਿ ਲੇਖਕ ਦਾ ਕਰਤੱਵ ਸਥਿਤੀਆਂ ਦੀ ਪੇਸ਼ਕਾਰੀ ਹੀ ਨਹੀਂ ਉਨ੍ਹਾਂ ਦੇ ਬਦਲਣ ਦੀ ਇੱਛਾ ਦਾ ਪ੍ਰਸਾਰ ਕਰਨਾ ਵੀ ਹੈ। ਅੰਤ ਵਿਚ ਆਪਣੀ ਮੁਲਾਕਾਤ ਵਿਚ ਕਥਾਕਾਰ ਨੇ ਸੁਚੇਤ ਅਚੇਤ ਸਿਰਜਣਾ ਦੇ ਸੰਬੰਧ ਵਿਚ ਜੋ ਧਾਰਨਾਵਾਂ ਪੇਸ਼ ਕੀਤੀਆਂ ਹਨ, ਉਹਨਾਂ ਦੀ ਤਹਿ ਵਿਚ ਇਸੇ ਤਰ੍ਹਾਂ ਦੀ ਸਿਥਲ ਮੱਧ ਸ਼੍ਰੇਣਿਕ ਚੇਤਨਾ ਝਲਕਦੀ ਹੈ। ਜਿੰਦਰ ਕੋਲ ਸਮਕਾਲੀ ਵਰਤਾਰਿਆ ਨੂੰ ਦੇਖਣ ਦੀ ਸੂਖਮ ਨੀਝ ਵੀ ਹੈ ਤੇ ਸ਼ਿਲਪਕਾਰੀ ਦੀ ਪ੍ਰਮਾਣਿਕਤਾ ਦਾ ਅਹਿਸਾਸ ਵੀ। ਉਸਨੂੰ ਸਵੈ-ਵਿਸ਼ਵਾਸ ਨਾਲ ਕਥਾ ਵਸਤੂ ਤਕ ਸੰਤੁਲਿਤ ਦ੍ਰਿਸ਼ਟੀਗਤ ਪਹੁੰਚ ਦੀ ਸੂਝ ਪ੍ਰਤਿ ਸਜੱਗ ਹੋਣ ਦੀ ਲੋੜ ਹੈ। ਉਸ ਕੋਲੋਂ 'ਕਤਲ' ਵਰਗੀਆਂ ਹੋਰ ਸਸ਼ੱਕਤ ਕਥਾ ਰਚਨਾਵਾਂ ਦੀ ਪੰਜਾਬੀ ਕਹਾਣੀ ਨੂੰ ਤੀਬਰ ਆਸ ਹੈ।



ਆਲੋਚਨਾ ਲੇਖ

## ਨਾਰੀਵਾਦੀ ਪ੍ਰਵਚਨ ਦੇ ਸੰਦਰਭ ਨੂੰ ਪੇਸ਼ ਕਰਦਾ ਨਾਵਲ: ਖੜਾ ਪੁਕਾਰੇ ਪਾਤਣੀ

**ਡਾ. ਮਿਨਾਕਸ਼ੀ ਰਾਠੌਰ**

ਨਾਰੀਵਾਦੀ ਪ੍ਰਵਚਨ ਤੋਂ ਭਾਵ ਉਸ ਪ੍ਰਵਚਨ ਤੋਂ ਹੈ ਜੋ ਨਾਰੀ ਬਾਰੇ, ਉਸ ਦੀ ਮਾਨਸਿਕ ਤੇ ਸਰੀਰਕ ਗ਼ੁਲਾਮੀ ਬਾਰੇ ਸੰਵਾਦ ਰਚਾਉਂਦਾ ਹੈ। ਇਹ ਨਾਰੀ ਦੀ ਬੇਜ਼ੁਬਾਨੀ ਨੂੰ ਜ਼ੁਬਾਨ ਦੇਣ ਵਾਲਾ ਪ੍ਰਵਚਨ ਹੈ। ਜਿਥੇ ਔਰਤ ਆਪਣੀਆਂ ਸਦੀਆਂ ਪੁਰਾਣੀ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਤੋਂ ਮੁਕਤ ਤੇ ਆਜ਼ਾਦ ਹੋਣ ਲਈ ਤਤਪਰ ਨਜ਼ਰ ਆਉਂਦੀ ਹੈ। ਨਾਰੀਵਾਦ ਪਰੰਪਰਕ ਗਿਆਨ ਤੇ ਦਰਸ਼ਨ ਨੂੰ ਚੁਣੌਤੀ ਦੇਂਦਾ ਹੈ। ਪੂਰਬ ਆਧੁਨਿਕ ਯੁੱਗ ਦਾ ਸਮੁੱਚਾ ਸਾਹਿਤ ਤੇ ਇਤਿਹਾਸ ਪੁਰਖ ਦੇ ਨਜ਼ਰੀਏ ਤੋਂ ਰਚਿਆ ਗਿਆ ਹੈ। ਜਿਸ ਦੀ ਬੁਨਿਆਦ ਸਾਮੰਤੀ ਤੇ ਜਗੀਰਦਾਰੀ ਸੋਚ ਤੇ ਅਰਥਵਿਵਸਥਾ ਤੇ ਟਿਕੀ ਹੈ। ਸਾਮੰਤਵਾਦੀ ਯੁੱਗ ਵਿਚ ਹਰ ਖੇਤਰ ਵਿਚ ਮਰਦ ਦੀ ਪਰਧਾਨਤਾ ਹੋਣ ਕਰਕੇ ਔਰਤ ਦੀ ਸਥਿਤੀ ਵਧੇਰੇ ਤਰਸਯੋਗ ਹੀ ਰਹੀ ਹੈ।ਧਰਮ, ਸਦਾਚਾਰ, ਸਮਾਜਕ ਸੰਸਥਾਵਾਂ ਅਤੇ ਲੋਕਧਾਰਾਈ ਰਹੁ-ਰੀਤਾਂ ਦੇ ਮਾਧਿਅਮ ਰਾਹੀਂ ਔਰਤ ਦੀ ਇਹ ਸਥਿਤੀ ਭਲੀ-ਭਾਂਤ ਉਜਾਗਰ ਹੁੰਦੀ ਹੈ।

ਪਰੰਪਰਕ ਯੁੱਗ ਵਿਚ ਇਸਤਰੀ ਵਿਰੋਧੀ ਪ੍ਰਵਿਰਤੀ ਉਤੇ ਚਾਨਣਾ ਪਾਉਦਿਆਂ ਨਾਰੀਵਾਦੀ ਚਿੰਤਕਾਂ ਨੇ ਇਹੀ ਕਿਹਾ ਕਿ ਪਰਪਰੰਕ ਯੁੱਗ ਵਿਚ ਨਾ ਕੇਵਲ ਔਰਤ ਦੇ ਬੌਧਿਕ ਯਤਨਾਂ ਨੂੰ ਘਟਾ ਕੇ ਦੇਖਿਆ ਗਿਆ ਸਗੋਂ ਇਸਤਰੀ ਦੇ ਨਿੱਜੀ ਮੁੱਲ-ਬੋਧ ਨੂੰ ਵੀ ਤੁੱਛ ਸਾਬਤ ਕੀਤਾ ਹੈ।

ਪੱਛਮੀ ਨਾਰੀਵਾਦੀ ਚਿੰਤਕ ਜੂਲੀਆ ਕ੍ਰਿਸਤੇਵਾ ਵੀ ਇਸਤਰੀਕਰਣ ਜਾਂ ਇਸਤਰੀ ਸੁਭਾਅ ਦੀ ਚਰਚਾ ਕਰਦਿਆਂ ਕਹਿੰਦੀ ਹੈ ਕਿ ਹਾਸ਼ੀਏ 'ਤੇ ਰਹਿਣਾ ਹੀ ਇਸ ਦੀ ਹੋਣੀ ਰਹੀ ਹੈ। ਉਸ ਦੀ ਵਿਆਖਿਆ ਹਮੇਸ਼ਾਂ ਨਿਸ਼ੇਧ ਅਰਥਾਤ ਜੋ ਉਹ ਨਹੀਂ ਹੈ ਦਵਾਰਾ ਹੀ ਹੁੰਦੀ ਹੈ।[1]

ਜੇਕਰ ਅਸੀਂ ਇਸ ਸੰਦਰਭ ਵਿਚ ਪੰਜਾਬੀ ਨਾਵਲ ਦੀ ਗੱਲ ਕਰੀਏ ਤਾਂ ਪੰਜਾਬੀ ਨਾਵਲ ਆਪਣੇ ਆਰੰਭ ਤੋਂ ਹੀ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਸਮਝਣ ਤੇ ਚਿਤਰਨ ਦੇ ਵੱਲ ਰੁਚਿਤ ਰਿਹਾ ਹੈ। ਵੱਖੋ- ਵੱਖਰੇ ਨਾਵਲਕਾਰ ਬਦਲਦੀਆਂ ਪਰਸਥਿਤੀਆਂ ਅਨੁਸਾਰ ਔਰਤ ਦੀ ਸਥਿਤੀ , ਵੇਦਨਾ ਅਤੇ ਚੇਤਨਾ ਨੂੰ ਆਪੋ- ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੇ ਰਹੇ ਹਨ। ਬਦਲਦੇ ਪਰਿਪੇਖ ਵਿਚ ਵਿਦਿਆ ਦੇ ਪਾਸਾਰ ਅਤੇ ਔਰਤ ਦੀ ਮਾਨਸਿਕਤਾ ਤੇ ਅਬਲਾ ਹੋਣ ਦੀ ਉਸ ਦੀ ਸਥਿਤੀ ਵਿਚ ਕੁਝ ਪਰਿਵਰਤਨ ਵੀ ਆਇਆ ਹੈ, ਜਿਸ ਨੂੰ ਸਮਝਣ ਵਿਚ ਕੁਝ ਵਿਵੇਕਸ਼ੀਲ ਤੇ ਪ੍ਰਬੁੱਧ ਲੇਖਿਕਾਵਾਂ ਨਾਰੀ ਚੇਤਨਾ ਦੇ ਅਜਿਹੇ ਮਸਲਿਆਂ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾ ਕੇ ਕੁਝ ਬੁਨਿਆਦੀ ਸਮੱਸਿਆਵਾਂ ਨੂੰ ਉਭਾਰਨ ਲੱਗ ਪਈਆਂ। ਇਹਨਾਂ ਪ੍ਰਬੁੱਧ ਲੇਖਿਕਾਵਾਂ ਵਿਚ ਦਲੀਪ ਕੌਰ ਟਿਵਾਣਾ ਇਕ ਅਜਿਹੀ ਲੇਖਿਕਾ ਹੈ ਜੋ ਆਪਣੇ ਰਚਨਾਤਮਕ ਜਗਤ ਦੀ ਸਿਰਜਣਾ ਬਹੁਤ ਗਹਿਰ ਅਤੇ ਗੰਭੀਰ ਹੋ ਕੇ ਕਰਦੀ ਹੈ। ਉਸ ਨੇ ਔਰਤ ਦੇ ਮਸਲਿਆਂ ਅਤੇ ਸੰਦਰਭਾਂ ਨੂੰ ਉਜਾਗਰ ਕਰਨ ਵਾਲੇ ਬਿਰਤਾਂਤ ਦੀ ਸਿਰਜਣਾ ਕਰਕੇ ਪੰਜਾਬੀ ਬਿਰਤਾਂਤ ਵਿਚ ਔਰਤ-ਮੁਖੀ ਮਾਨਸਿਕਤਾ ਦੇ ਅਜਿਹੇ ਭਿੰਨ-ਭਿੰਨ ਪਾਸਾਰ ਉਜਾਗਰ ਕੀਤੇ ਹਨ, ਜਿਸ ਵਿਚ ਸੰਵੇਦਨਸ਼ੀਲ ਔਰਤ ਇਸ ਸਮਾਜਕ ਵਰਤਾਰੇ ਵਿਚ ਸੰਕਟਮਈ ਅਤੇ ਅਧੂਰਾ ਜੀਵਨ ਬਤੀਤ ਕਰਦੀ ਅਸਤਿੱਤਵੀ ਸੰਤਾਪ ਹੰਢਾਉਂਦੀ ਹੈ।

ਇਸੇ ਤਰ੍ਹਾਂ ਦੇ ਬਿਰਤਾਂਤ ਨੂੰ ਦਲੀਪ ਕੌਰ ਟਿਵਾਣਾ ਦਾ ਲਿਖਿਆ ਨਾਵਲ 'ਖੜਾ ਪੁਕਾਰੇ ਪਾਤਣੀ' ਪੇਸ਼ ਕਰਦਾ ਹੈ। ਇਹ ਨਾਵਲ ਲੇਖਿਕਾ ਦਾ ਲਿਖਿਆ ਨਵਾਂ ਨਾਵਲ ਹੈ। ਟਿਵਾਣਾ ਨੇ ਹੁਣ ਤੱਕ 26 ਨਾਵਲ ਪੰਜਾਬੀ ਪਾਠਕਾਂ ਦੀ ਨਜ਼ਰ ਕੀਤੇ ਹਨ। ਉਸ ਦੇ ਨਾਵਲੀ-ਪਾਠ ਵਿਚ ਇਕ ਸੰਵੇਦਨਸ਼ੀਲ, ਸੂਖ਼ਮ ਭਾਵੀ ਅਤੇ ਪੰਜਾਬੀ ਸੱਭਿਆਚਾਰ ਦੀਆਂ ਰਵਾਇਤਾਂ ਪ੍ਰਤੀ ਸੁਹਿਰਦ ਨਾਰੀ ਦੇ ਦਰਸ਼ਨ ਹੁੰਦੇ ਹਨ।

ਨਾਵਲੀ ਬਿਰਤਾਂਤ ਪੁਰਸ਼ ਪਰਧਾਨ ਸਮਾਜਿਕ- ਪ੍ਰਬੰਧ ਵਿਚ ਸਿਰਜੇ ਗਏ ਪਿਤਾ-ਪੁਰਖੀ ਚਿਹਨ-ਪ੍ਰਬੰਧ ਦੀ ਬਹੁਪੱਧਰੀ ਸਰਗਰਮੀ ਰਾਹੀਂ ਔਰਤ ਦੇ ਅਸਤਿੱਤਵ ਨੂੰ ਇਤਨਾ ਸੀਮਿਤ ਤੇ ਸੰਕੁਚਿਤ ਕਰ ਦਿੰਦਾ ਹੈ ਕਿ ਸੰਵੇਦਨਸ਼ੀਲ ਔਰਤ ਇਸ ਚਿਹਨ-ਪ੍ਰਬੰਧ ਵਿਚ ਸੰਕਟਮਈ ਅਤੇ ਅਧੂਰਾ ਜੀਵਨ ਬਤੀਤ ਕਰਦੀ ਹੈ। ਇਸ ਤਰ੍ਹਾਂ ਉਸ ਦੇ ਕਥਾ-ਜਗਤ ਦੀ ਵਿਲੱਖਣਤਾ ਇਸ ਵਰਤਾਰੇ ਵਿਚ ਹੈ ਕਿ ਨਾਰੀ ਨਾ ਤਾਂ ਸਮਾਜਕ ਕੁਰੀਤੀਆਂ ਵਿਰੁੱਧ ਵਿਦਰੋਹ ਹੀ ਕਰਦੀ ਹੈ ਤੇ ਨਾ ਹੀ ਆਪਣੀ ਸੁਤੰਤਰਤਾ ਤੇ ਸਵੈ ਇੱਛਾ ਦਾ ਪੂਰੀ ਤਰ੍ਹਾਂ ਹਨਨ ਹੀ ਹੋਣ ਦੇਂਦੀ ਹੈ ।'ਖੜਾ ਪੁਕਾਰੇ ਪਾਤਣੀ ' ਨਾਵਲ ਦੇ ਬਿਰਤਾਂਤਕੀ ਪਾਠ ਵਿਚ ਮਾਇਆ ਦੀ ਤਰਾਸਦੀ ਵੀ ਇਹਨਾਂ ਅਰਥਾਂ ਵਿਚ ਹੀ ਉੱਭਰਦੀ ਹੈ।

"ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ।" (ਬਾਬਾ ਫ਼ਰੀਦ,ਸ਼ਲੋਕ ੮੫)

ਪ੍ਰਸਥਿਤੀਆਂ ਦੇ ਥਪੇੜਿਆਂ ਨੂੰ ਸਹਿੰਦਾ ਬੇੜਾ ਪੱਤਣ ਨੂੰ ਛੱਡ ਕੇ ਉੱਚੇ ਢਾਹੇ ਵੱਲ ਜਾ ਰਿਹਾ ਹੈ। ਜਿਸ ਨਾਲ ਟਕਰਾ ਕੇ ਬੇੜੇ ਦੇ ਟੁੱਟਣ ਦਾ ਡਰ ਬਣਿਆ ਹੋਇਆ ਹੈ। ਬਿਰਤਾਂਤਕੀ ਪਾਠ ਦੀ ਨਾਇਕਾ ਮਾਇਆ ਪੱਤਣ ਤੇ ਖੜੀ ਪੁਕਾਰ ਰਹੀ ਹੈ ਕਿ ਕਦੋਂ ਉਸ ਦੀ ਜ਼ਿੰਦਗੀ ਮੁਸ਼ਕਿਲਾਂ ਦੀ ਘੁੰਮਣਘੇਰੀ ਵਿਚੋਂ ਬਾਹਰ ਆਵੇਗੀ ਤੇ ਉਹ ਵੀ ਹੋਰਨਾਂ ਔਰਤਾਂ ਵਾਂਗ ਖੁਸ਼ੀ ਖੁਸ਼ੀ ਆਪਣਾ ਜੀਵਨ ਬਸ਼ਰ ਕਰੇਗੀ ।ਨਾਵਲੀ ਵਰਤਾਰੇ ਵਿਚ 'ਬੇੜਾ' ਮਾਇਆ ਦੇ ਗ੍ਰਹਿਸਥੀ ਜੀਵਨ ਦੇ ਚਿਹਨ ਵਜੋਂ ਉਭਰਦਾ, ਜਿਸ ਦੇ ਟੁੱਟਣ ਦਾ ਖ਼ਤਰਾ ਲਗਾਤਾਰ ਬਣਿਆ ਹੋਇਆ ਹੈ। ਨਾਵਲੀ- ਪਾਠ ਦੀ ਆਰੰਭਕ ਸੰਚਾਰ ਲੜੀ ਤੋਂ ਹੀ ਨਾਇਕਾ ਦੀ ਤ੍ਰਾਸਦਿਕ ਦਾਸਤਾਨ ਆਰੰਭ ਹੋ ਜਾਂਦੀ ਹੈ। ਜਦੋਂ ਚਾਰ ਸਾਲ ਦੀ ਉਮਰ ਵਿਚ ਹੀ ਮਾਇਆ ਮਾਂ ਮਹਿੱਟਰ ਹੋ ਦੁੱਖ ਭੋਗਦੀ ਹੈ । ਸ਼ਰਾਬੀ ਪਤੀ ਦੇ ਨਿੱਤ ਦੇ ਗਾਲੀ-ਗਲੋਚ ਤੇ ਮਾਰ -ਕੁੱਟ ਤੋਂ ਤੰਗ ਹੋ ਮਾਇਆ ਦੀ ਮਾਂ ਨਹਿਰ ਵਿਚ ਛਾਲ ਮਾਰ ਕੇ ਆਤਮ ਹੱਤਿਆ ਦਾ ਰਾਹ ਅਪਣਾ ਲੈਂਦੀ ਹੈ

ਇੰਨੇ ਨੂੰ ਭਰਿਆ- ਪੀਤਾ ਉਹ ਦਾ ਬਾਪ ਬੋਲਿਆ, "ਸਾਲੀ ਹਰਾਮਖ਼ੋਰ ਨੇ ਪਤਾ ਨਹੀਂ ਕੀ ਚੰਦ ਚਾੜ੍ਹਿਆ ਹੋਊ, ਚੌਂਕੀਦਾਰ ਥਾਣੇ ਇਤਲਾਹ ਕਰਨ ਗਿਐ ਅਖੈ ਉਹਦੀ ਜੁੱਤੀ ਤੇ ਚੁੰਨੀ ਨਹਿਰ ਦੇ ਕੰਢੇ ਪਈਆਂ ਨੇ।"

ਇਥੋਂ ਹੀ ਮਾਇਆ ਦੀ ਦੁੱਖਾਂ ਭਰੀ ਜ਼ਿੰਦਗੀ ਦੀ ਤਰਾਸਦੀ ਆਰੰਭ ਹੋ ਜਾਂਦੀ ਹੈ। ਬਿਰਤਾਂਤਕੀ - ਪਾਠ ਦੀ ਪਹਿਲੀ ਕੜੀਦਾਰ ਇਕਾਈ ਦਾ ਉਦੈ ਹੀ ਮਾਇਆ ਦੀ ਮਾਂ ਦੀ ਮੌਤ ਦੇ ਦੁਖਾਂਤਕ ਬਿਰਤਾਂਤ ਨਾਲ ਹੁੰਦਾ ਹੈ। ਲੇਖਿਕਾ ਬਿਰਤਾਂਤ ਦੇ ਮੁੱਢਲੇ ਖੰਡ ਨੂੰ ਗੱਲ -ਕੱਥ ਦੀ ਵਿਧੀ ਰਾਹੀਂ ਉਸਾਰਦੀ ਹੈ। ਜਿੱਥੇ ਮਾਇਆ ਦੇ ਪਿਉ ਦਾ ਸ਼ਰਾਬ ਪੀਣਾ, ਸ਼ਰਾਬੀ ਹੋ ਮਾਇਆ ਦੀ ਮਾਂ ਨੂੰ ਗਾਲੀ-ਗਲੋਚ ਤੇ ਧੌਲ-ਧੱਫ਼ਾ ਕਰਨਾ ਨਿੱਤ ਦਿਹਾੜੀ ਦਾ ਕੰਮ ਹੋ ਜਾਂਦਾ ਹੈ। ਮਾਂ ਦੀ ਮੌਤ ਦਾ ਸਦਮਾ ਮਾਇਆ ਦੇ ਮਨ 'ਤੇ ਡੂੰਘਾ ਅਸਰ ਪਾਉਂਦਾ ਹੈ। ਸਾਲ ਭਰ ਆਪਣੇ ਨਾਨਕੀਂ ਘਰ ਰਹਿ ਕੇ ਜਦੋਂ ਉਹ ਵਾਪਸ ਆਪਣੇ ਪਿਉ ਘਰ ਆਉਂਦੀ ਹੈ ਤਾਂ ਆਪਣੀ ਬੀਬੀ ਦੀ ਥਾਂ ਕਿਸੇ ਦੂਜੀ ਔਰਤ ਨੂੰ ਦੇਖ ਕੇ ਬਾਲ ਮਨ ਨੂੰ ਬੜਾ ਧੱਕਾ ਲੱਗਦਾ ਹੈ।ਉਹ ਕਈ ਵਾਰ ਸੋਚਦੀ ਉਸ ਦੀ ਬੀਬੀ ਕਿੱਥੇ ਚਲੀ ਗਈ ਹੈ ਪਰ ਕੁਝ ਸਮਝ ਨਾ ਆਉਂਦੀ। ਇਸ ਤੋਂ ਮਗਰੋਂ ਮਾਇਆ ਦੇ ਬਾਲ ਮਨ ਵਿਚ ਉਭਰਦੇ ਕਈ ਪ੍ਰਸ਼ਨ ਬਿਰਤਾਂਤਕੀ ਪਾਠ ਵਿਚ ਮੂਕ ਵਿਦਰੋਹ ਦੀ ਸਥਿਤੀ ਸਿਰਜਦੇ ਹਨ।

"ਰੱਬ ਕਿੱਥੇ ਰਹਿੰਦੈ ? ਉਹ ਕਿਹੋ ਜਿਹਾ ਐ? ਉਹ ਮੇਰੀ ਬੀਬੀ ਨੂੰ ਜਦੋਂ ਲੈ ਆਇਆ ਸੀ ,ਬੀਬੀ ਨੇ ਕਿਉਂ ਨਾ ਆਖਿਆ ਕਿ ਮੈਂ ਨ੍ਹੀਂ ਤੇਰੇ ਨਾਲ ਜਾਣਾ ? ਮੈਂ ਨਹੀਂ ਨਹਿਰ 'ਚ ਛਾਲ ਮਾਰਨੀਂ।

ਉਸ ਨੂੰ ਮੇਰਾ ਕਿਉਂ ਨਾ ਖ਼ਿਆਲ ਆਇਆ। ਰੱਬ ਜਦੋਂ ਮੇਰੇ ਕੋਲ ਕਦੀ ਆਇਆ ਮੈਂ ਉਸ ਨੂੰ ਕਹਿ ਦਿਆਂਗੀ- ਤੂੰ ਗੁੱਡ (ਗੋਂਦ) ਨਹੀਂ।

ਬਿਰਤਾਂਤਕੀ-ਪਾਠ ਵਿਚ ਮਾਇਆ ਇੱਕ ਅਜਿਹੀ ਬਦਨਸੀਬ ਪਾਤਰ ਹੈ ਜੋ ਪੇਕੇ ਘਰ ਪਿਉ ਅਤੇ ਸਹੁਰੇ ਘਰ ਸੱਸ, ਪਤੀ ਅਤੇ ਪੁੱਤਰ ਦੀਆਂ ਵਧੀਕੀਆਂ



"ਉਹ ਜਾਣ ਲੱਗੀ ਤਾਂ ਸੱਸ ਬੋਲੀ - " ਆਖ ਆਈਂ ਤੀਏ ਦਿਨ ਨਾ ਲੈਣ ਆਉਣ ਤੁਰੇ ਰਹਿਣ। ਮੇਰੇ 'ਕੱਲੀ ਕੋਲੋਂ ਘਰ ਦਾ ਖ਼ਲਜਗਣ ਨਹੀਂ ਸਾਂਭਿਆ ਜਾਂਦਾ , ਇਸੇ ਖ਼ਾਤਰ ਤਾਂ ਮੈਂ ਨੌਕਰੀ ਕਰਨ ਵਾਲੀ ਨਹੀਂ ਲਈ।" ਇਸੇ ਲਈ ਮਾਇਆ ਨੂੰ ਸਹੁਰੇ ਘਰ ਆਪਣਾ ਰੁਤਬਾ ਇਕ ਨੌਕਰਾਣੀ ਤੋਂ ਵੱਧ ਕੁਝ ਨਹੀਂ ਲੱਗਦਾ।

ਇਸ ਸੰਬੰਧ ਵਿਚ ਹਿੰਦੀ ਦੇ ਤ੍ਰੈ ਮਾਸਕ 'ਆਲੋਚਨਾ' ਵਿਚ ਛਪੀ ਪਵਨ ਕਰਣ ਦੀ ਕਵਿਤਾ 'ਸਤ੍ਰੀ ਸੁਬੋਧਿਨੀ' ਵਿਚਾਰਨਯੋਗ ਹੈ:

ਅਪਨੇ ਇਕਲੌਤੇ ਲੜਕੇ ਕੇ ਲੀਏ ਏਕ ਐਸੀ ਬਹੂ ਚਾਹੀਏ ਜਿਸੇ ਬੋਲਨਾ ਭਲੇ ਹੀ ਆਤਾ ਹੋ ਮਗਰ ਦਿਖੇ ਵਹ ਗੂੰਗੀ 'ਨਾ' ਕਹਨਾ ਜਾਨਤੀ ਨ ਹੋ ਔਰ 'ਹਾਂ' ਉਸ ਕੀ ਜ਼ੁਬਾਨ ਪਰ ਹਾਥ ਬਾਂਧੇ ਹਰ ਸਮਯ ਤਯੱਾਰ ਇਕਲੌਤੇ ਲੜਕੇ ਕੇ ਲੀਏ ਏਕ ਐਸੀ ਬਹੂ ਚਾਹੀਏ ਜਿਸ ਕੇ ਪੈਰ ਤੋ ਦੋਨੋ ਸਾਬਤ ਹੋ ਮਗਰ ਲੱਗੇ ਵਹ ਵਿਕਲਾਂਗ ਨਾ ਵਹ ਚਲਨਾ ਜਾਨਤੀ ਹੋ ਨ ਦੌੜਨਾ ਨਾਚਨਾ ਤੋ ਉਸੇ ਬਿਲਕੁਲ ਨ ਆਤਾ ਹੋ ਨ ਆਤਾ ਹੋ ਗੁੱਸਾ।[2]

"ਪਤਾ ਨਹੀਂ ਕਿਉਂ ਮਾਇਆ ਨੂੰ ਇਹ ਘਰ ਹੁਣ ਮਾਤਾ ਦਾ ਲੱਗਦਾ ਸੀ ਜਾਂ ਮਨੋਹਰ ਦਾ, ਪਰ ਉਸ ਨੂੰ ਆਪਣਾ ਨਹੀਂ ਸੀ ਲੱਗਦਾ। ਉਹ ਤਾਂ ਘਰ ਵਿਚ ਸਿਰਫ਼ ਕੰਮ ਕਰਨ ਵਾਲੀ ਸੀ।"

"ਮੇਰਾ ਕਿਧਰੇ ਵੀ ਕੋਈ ਘਰ ਕਿਉਂ ਨਹੀਂ ? ਉਹ ਸੋਚਦੀ ਸ਼ਾਇਦ ਕਿਸੇ ਵੀ ਔਰਤ ਦਾ ਕਿਧਰੇ ਕੋਈ ਘਰ ਨਹੀਂ ਹੁੰਦਾ। ਉਹ ਸਿਰਫ਼ ਕੰਮ ਕਰਨ ਲਈ ਹੀ ਹੁੰਦੀਆਂ ਹਨ। ਵਿਆਹ ਕੇ ਆਈ ਮਾਇਆ ਨੇ ਦੇਖਿਆ, ਇਹ ਘਰ ਉਹੋ ਜਿਹਾ ਨਹੀਂ ਸੀ ਜਿਹੋ ਜਿਹਾ ਉਸ ਨੇ ਸੋਚਿਆ ਸੀ, ਨਾ ਹੀ ਉਹ ਬੰਦੇ ਉਹੋ ਜਿਹੇ ਸਨ ਜਿਹੋ ਜਿਹੇ ਉਸ ਨੇ ਚਿਤਵੇ ਸਨ।"

ਬਿਰਤਾਂਤਕੀ -ਪਾਠ ਵਿਚ ਮਾਇਆ ਦੋ ਅਰਥਾਂ ਵਿਚ ਉੱਭਰਦੀ ਹੈ। ਇਕ ਹੈ ਮਨੋਹਰ ਦੀ ਪਤਨੀ ਮਾਇਆ ਤੇ ਦੂਸਰੀ ਹੈ -ਦੌਲਤ, ਧਨ, ਪੈਸਾ। ਮਨੋਹਰ ਘਰ ਦੀ ਲਕਸ਼ਮੀ ਦਾ ਨਿਰਾਦਰ ਕਰ ਬਾਹਰੀ ਮਾਇਆ ਦੇ ਪਿੱਛੇ ਭੱਜਾ ਫ਼ਿਰਦਾ ਹੈ, ਜਿੱਥੇ ਅੰਤ ਉਸ ਨੂੰ ਨਿਰਾਸ਼ਾ ਹੀ ਹੱਥ ਲੱਗਦੀ ਹੈ। ਮਾਇਆ ਦੀ ਇਹ ਤ੍ਰਾਸਦਿਕ ਸਥਿਤੀ ਸਵੈ ਨਿਰਮਿਤ ਨਹੀਂ ਸਗੋਂ ਇਸ ਦਾ ਮੂਲ ਸਰੋਕਾਰ ਜਗੀਰਦਾਰੀ ਤੇ ਪੂੰਜੀਵਾਦੀ ਕਦਰਾਂ-ਕੀਮਤਾਂ ਨਾਲ ਜਾ ਜੁੜਦਾ ਹੈ। ਜਿਸ ਅਧੀਨ ਮਾਇਆ ਦੀ ਸੱਸ ਮਾਇਆ ਨੂੰ ਗਰਭ ਵਿਚ ਹੀ ਅਣਜੰਮੀ ਧੀ ਦਾ ਕਤਲ ਕਰਵਾਉਣ ਲਈ ਮਜ਼ਬੂਰ ਕਰ ਦੇਂਦੀ ਹੈ। ਸੱਸ ਦਾ ਵਰਗਲਾ ਕੇ ਮਾਇਆ ਨੂੰ ਹਰਦੁਆਰ ਦੀ ਥਾਂ ਦਿੱਲੀ ਲੈ ਜਾਣਾ ਤੇ ਉੱਥੇ ਝਾਂਸੇ ਵਿਚ ਲੈ ਕੇ ਆਬਰਸ਼ਨ ਕਰਵਾ ਦੇਣ ਦੇ ਚਿਹਨਕੀ-ਜੁੱਟ ਉਸ ਜਗੀਰਦਾਰੀ ਸੋਚ ਦਾ ਹੀ ਪ੍ਰਗਟਾਵਾ ਕਰਦੇ ਹਨ। ਜਿਸ ਵਿਚ ਧੀ ਦੀ ਆਮਦ ਨਮੋਸ਼ੀ ਦਾ ਕਾਰਨ ਬਣਦੀ ਹੈ।

"ਇਹ ਜੀ ਪੁਰਾਣਿਆਂ ਵੇਲਿਆਂ ਦੀਆਂ ਗੱਲਾਂ ਨੇ , ਅੱਜ ਕੱਲ੍ਹ ਕਿਹੜੀ ਲੱਛਮੀ ਕੁੜੀਆਂ ਜਾਨ ਦਾ ਖੋ ਹੁੰਦੀਆਂ ਨੇ। ਸਾਡਿਆਂ ਵੇਲਿਆਂ ਵਿਚ ਟੈਸਟ-ਟੁਸਟ ਹੁੰਦੇ ਨਹੀਂ ਸੀ। ਮੇਰੀ ਸੱਸ ਨੇ ਨਹਾਉਂਦੀ ਨੇ ਮਾੜਾ ਜਿਹਾ ਗਲਾ ਦੱਬ ਦੇਣਾ ਤੇ ਮਗਰੋਂ ਆਖ ਦੇਣਾ ਜੰਮਦੀਉਂ ਮਰ ਗਈ । ਸਾਨੂੰ ਕਿਸੇ ਨੂੰ ਵੀ ਕਿਹੜਾ ਪਤਾ ਹੁੰਦਾ ਸੀ ।ਅਸੀਂ ਸੋਚਣਾ ਮਾਂ ਜੀ ਠੀਕ ਕਹਿੰਦੀ ਹੋਊ ਹੁਣ ਸੋਚੀਦੈ ਬਈ ਚੱਲ ਚੰਗਾ ਹੋਇਐ ਕੋਈ ਕੁੜੀ ਨਹੀਂ ਹੈਗੀ, ਨਹੀਂ ਤਾਂ ਮੇਰੇ ਪੁੱਤ ਬਾਪ ਤੋਂ ਮਗਰੋਂ ਕੁੜੀ ਪਰ ਮਾਇਆ ਦਾ ਮਨ ਹੀ ਮਨ ਆਪਣੀ ਅਣਜੰਮੀ ਧੀ ਨਾਲ ਗੱਲਾਂ ਕਰਨੀਆਂ , ਉਸ ਦਾ ਨਾਂ 'ਗਾਰਗੀ' ਰੱਖ ਲੈਣਾ, ਧੀ ਰਾਹੀਂ ਕਈ ਮਹਾਂਰਿਸ਼ੀਆਂ ਨੂੰ ਹਰਾਉਣ ਲਈ ਸੋਚਣਾ ਦੇ ਚਿਹਨਕੀ-ਜੁੱਟ ਮਾਇਆ ਦੇ ਅੰਤਰ ਮਨ ਵਿਚ ਚੱਲ ਰਹੇ ਮੂਕ ਵਿਦਰੋਹ ਦੀ ਹੀ ਸਿਰਜਣਾ ਕਰਦੇ ਹਨ। ਮਾਇਆ ਦੀ ਇਸ ਧਰਮ ਯੁੱਧ ਲਈ ਤਿਆਰੀ ਨਾਰੀ ਚੇਤਨਾ ਦੇ ਭਾਵ ਸਪਸ਼ਟ ਕਰਦੀ ਹੈ। ਜਿਸ ਵਿਚ ਨੂੰਹ -ਸੱਸ ਦਾ ਰਿਸ਼ਤਾ ਵੀ ਗਲਪੀ-ਪਾਠ ਵਿਚ ਵਿਰੋਧਾਭਾਸ ਦੀ ਸਥਿਤੀ ਪੈਦਾ ਕਰਦਾ ਹੈ। ਸੱਭਿਆਚਾਰਕ ਪਰਿਪੇਖ ਅਧੀਨ ਵੀ ਨੂੰਹ-ਸੱਸ ਦਾ ਰਿਸ਼ਤਾ ਸੁਖਾਵਾਂ ਨਹੀਂ ਸਗੋਂ ਪੀੜਾ-ਗ੍ਰਸਤ ਬਣਦਾ ਹੈ। ਜਿਸ ਵਿਚ ਟਕਰਾਉ ਦੀ ਸਥਿਤੀ ਸੁਭਾਵਿਕ ਹੈ। ਪਰ ਇਸ ਤਣਾਉ ਪਿਛੇ ਪੁਰਸ਼- ਸੱਤਾ ਦੀਆਂ ਨਿਰਧਾਰਤ ਉਹ ਕੀਮਤਾਂ ਹਨ ਜੋ ਔਰਤ ਸਮੇਤ ਸਮੁੱਚੇ ਸਮਾਜ ਦੇ ਅਵਚੇਤਨ ਵਿਚ ਘਰ ਕਰ ਚੁੱਕੀਆਂ ਹਨ। ਪੁਰਸ਼ ਸੱਤਾ ਤੋਂ ਮੇਰਾ ਭਾਵ ਸਮਾਜ ਦਾ ਉਹ ਨਿਆ-ਢਾਂਚਾ ਹੈ ਜੋ ਹਰ ਕਦਮ ਤੇ ਔਰਤ ਦੇ

ਵਿਰੋਧ ਵਿਚ ਭੁਗਤਦਾ ਹੈ। ਇਸੇ ਲਈ ਮਾਇਆ ਨੂੰ ਆਪਣੇ ਪਤੀ ਮਨੋਹਰ ਦਾ ਵੀ ਤ੍ਰਿਸਕਾਰ ਸਹਿਣਾ ਪੈਂਦਾ ਹੈ।

"ਹਰਾਮਜ਼ਾਦੀਏ ਕੁੱਤੀਏ ! ਤੂੰ ਇਹ ਕੀ ਲੱਛਣ ਫੜੇ ਨੇ , ਤੂੰ ਸਮਝਦੀ ਕੀ ਐਂ ਆਪਣੇ ਆਪ ਨੂੰ? ਮੈਂ ਆਥਣੇ ਹੀ ਤੈਨੂੰ ਛਿੱਤਰ ਮਾਰ ਕੇ ਘਰੋਂ ਕੱਢਦੂੰ ਮਨੋਹਰ ਮੇਰਾ ਵੱਡਾ ਭਾਈ ਐ, ਤੇਰੀ ਹਿੰਮਤ ਕਿਵੇਂ ਪਈ ਉਸ ਦਾ ਆਖਾ ਮੋੜਨ ਦੀ।"

ਨਾਵਲੀ-ਪਾਠ ਵਿਚ ਲੇਖਿਕਾ ਨਾਰੀਵਾਦੀ ਵਿਚਾਰਾਂ ਦੀ ਧਾਰਨੀ ਹੋ ਨਾਰੀ ਦਾ ਹੀ ਪੱਖ ਨਹੀਂ ਪੂਰਦੀ ਸਗੋਂ ਕਈ ਥਾਵਾਂ ਤੇ ਔਰਤ ਦੀਆਂ ਅੱਯਾਸ਼ ਪ੍ਰਵਿਰਤੀਆਂ ਤੇ ਗ਼ਲਤ ਰੁੱਚੀਆਂ ਦੀ ਨਿਖੇਧੀ ਵੀ ਕਰਦੀ ਹੈ।ਇਸੇ ਲਈ ਮਾਇਆ ਨੂੰ ਡੌਲੀ ਦਾ ਕਿਸੇ ਬੇਗਾਨੇ ਮਰਦ ਨਾਲ ਮਿਲਣਾ ਜੁਲਣਾ ਪਸੰਦ ਨਹੀਂ।

"ਇਹ ਕੱਚੀ ਉਮਰ ਦੀਆਂ ਕੱਚੀਆਂ ਗੱਲਾਂ ਸਾਰੀ ਉਮਰ ਨਾਲ ਨੀ ਨਿਭਦੀਆਂ ਹੁੰਦੀਆਂ ਡੌਲੀ।ਮਾਂ ਬਾਪ ਦੇਖ ਭਾਲ ਕੇ ਸੋਚ ਕੇ ਜੋ ਤੇਰੇ ਲਈ ਲੜਕਾ ਲੱਭਣਗੇ ਉਹ ਤੇਰੇ ਆਪ ਲੱਭੇ ਨਾਲੋਂ ਤਾਂ ਚੰਗਾ ਹੀ ਹੋਊਗਾ ਤੇ ਤੈਨੂੰ ਵਧੇਰੇ ਸੁਖੀ ਰੱਖੇਗਾ ।

ਨਾਵਲੀ-ਪਾਠ ਵਿਚ ਲੇਖਿਕਾ ਨੇ ਔਰਤ ਦੇ ਬਹੁਮੁਖੀ ਕਿਰਦਾਰ ਦੀ ਪੇਸ਼ਕਾਰੀ ਕੀਤੀ ਹੈ।ਸ਼ੀਲਾ ਤੇ ਸੁਦੇਸ਼ ਦੇ ਕਿਰਦਾਰ ਰਾਹੀਂ ਸਵੈ ਨਿਰਭਰ ਤੇ ਕਿਰਤ ਕਰਨ ਵਾਲੀਆਂ ਸਵੈ-ਮਾਣ ਨੂੰ ਬਰਕਰਾਰ ਰੱਖਣ ਵਾਲੀਆਂ ਔਰਤਾਂ ਦੀ ਝਲਕ ਦੇਖਣ ਨੂੰ ਮਿਲਦੀ ਹੈ

"ਪੁੱਤਰ ਤੇ ਆਦਮੀ ਤਾਂ ਤੇਰੇ ਐਸ਼ ਕਰਦੇ ਨੇ , ਤੂੰ ਨਾ ਕੁਝ ਖਾਵੇ ਨਾ ਪੀਵੇਂ ਉਈਂ ਢਿੱਡ ਨੂੰ ਗੰਢਾਂ ਦੇਈਂ ਰੱਖਦੀ ਐਂ।ਆਪਣਾ ਖ਼ਿਆਲ ਆਪ ਰੱਖੀਦੈ।ਅੱਜ ਕੱਲ੍ਹ ਦੇ ਜ਼ਮਾਨੇ 'ਚ ਕੋਈ ਨੀ ਕਿਸੇ ਦਾ ।"

ਇਸ ਦੇ ਨਾਲ ਹੀ ਟਿਵਾਣਾ ਨੇ ਨੀਲਮਾ ਵਰਗੀ ਸੂਖ਼ਮਭਾਵੀ ਤੇ ਪ੍ਰੇਰਨਾਦਾਇਕ ਕੁੜੀ ਨੂੰ ਵੀ ਚਿਤਰਿਆ ਹੈ ਜੋ ਨਸ਼ਿਆ ਦੇ ਰਾਹ ਤੇ ਚੱਲਣ ਵਾਲੇ ਰਾਹੁਲ ਨੂੰ ਸਿੱਧੇ ਰਸਤੇ ਪਾ ਆਪਣਾ ਜੀਵਨ ਸਾਥੀ ਬਣਾਉਣ ਲਈ ਤਿਆਰ ਹੋ ਜਾਂਦੀ ਹੈ।

ਇਸ ਤੋਂ ਇਲਾਵਾ ਲੇਖਿਕਾ ਨੇ ਉਹਨਾਂ ਔਰਤਾਂ ਦਾ ਵੀ ਜ਼ਿਕਰ ਕੀਤਾ ਹੈ ਜੋ ਪੂੰਜੀਵਾਦੀ ਕਦਰਾਂ -ਕੀਮਤਾਂ ਤੋਂ ਪ੍ਰਭਾਵਿਤ ਹੋ ਪਦਾਰਥਵਾਦੀ ਸੋਚ ਦੀਆਂ ਧਾਰਨੀ ਹਨ ।ਇਸੇ ਸੋਚ ਅਧੀਨ ਨੀਲਮਾ ਦੀ ਮਾਂ ਆਪਣੇ ਪਤੀ ਦੇ ਅਫ਼ਸਰ ਹੋਣ ਦਾ ਪੂਰਾ ਲਾਭ ਉਠਾਉਣਾ ਚਾਹੁੰਦੀ ਹੈ।

"ਮੈਂ ਤਾਂ ਆਪ ਆਖਦੀ ਆਂ ਬਈ ਇਸ ਪੋਸਟ ਤੋਂ ਅਗਲੇ ਪੁਸ਼ਤਾਂ ਤੱਕ ਦੀ ਕਮਾਈ ਕਰਕੇ ਜਾਂਦੇ ਨੇ,ਕਹਿੰਦੇ ਨੇ -ਬਾਰ ਬੰਦ ਕਰਕੇ ਮੋਘੇ ਥਾਈਂ ਵੀ ਜੇ ਘਰ 'ਚ ਮਾਇਆ ਸੁੱਟੀਂ ਜਾਣ ਤਾਂ ਸਾਲ 'ਚ ਘਰ ਭਰ ਜਾਂਦੈ ਪਰ ਇਹ ਖ਼ਬਰਨੀ ਕਿਹੜੇ ਸਮਿਆਂ ਦੇ ਬੰਦੇ ਨੇ ਕਿ ਮਾਇਆ ਨਾਲ ਮੋਹ ਹੀ ਨਹੀਂ।"

ਨੀਲਮਾ ਦੀ ਮਾਂ ਅਤੇ ਨੀਲਮਾ ਲਈ ਆਪਣੇ ਪੁੱਤਰ ਬਿਕਰਮ ਦਾ ਰਿਸ਼ਤਾ ਲੈ ਕੇ ਆਈ ਬਿਕਰਮ ਦੀ ਮਾਂ ਕੈਲਾਸ਼ ਦੀ ਵਾਰਤਾਲਾਪ ਵੀ ਪੂੰਜੀਵਾਦੀ ਵਿਚਾਰਾਂ ਦੀ ਪੇਸ਼ਕਾਰੀ ਕਰਦੀ ਹੈ।

ਦਲੀਪ ਕੌਰ ਟਿਵਾਣਾ ਦਾ ਇਹ ਨਾਵਲ ਕਈ ਥਾਵਾਂ ਤੇ ਸਿੱਖਿਆਦਾਇਕ ਵੀ ਹੈ। ਜਿਸ ਵਿਚ ਮਾਇਆ ਵਰਗੀਆਂ ਔਰਤਾਂ ਲਈ ਨਸੀਹਤ ਹੈ ਜੋ ਵਧੇਰੇ ਲਾਡ -ਚਾਅ ਵਿਚ ਆ ਕੇ ਪੁੱਤਰਾਂ ਨੂੰ ਸਿਰ ਚੜ੍ਹਾ ਵਿਗਾੜ ਲੈਂਦੀਆਂ ਹਨ। ਇਸੇ ਲਈ ਮਾਇਆ ਨੂੰ ਪੁੱਤਰ ਦੀਆਂ ਵਿਗੜੀਆਂ ਆਦਤਾਂ ਦਾ ਵੀ ਭੁਗਤਾਨ ਕਰਨਾ ਪੈਂਦਾ ਹੈ। ਪਿਉ, ਪਤੀ ਅਤੇ ਸੱਸ ਤੋਂ ਸਾਰੀ ਉਮਰ ਵਧੀਕੀਆਂ ਸਹਿਨ ਕਰਨ ਵਾਲੀ ਮਾਇਆ ਨੂੰ ਜਦੋਂ ਇਸ ਗੱਲ ਦਾ ਪਤਾ ਚੱਲਦਾ ਹੈ ਕਿ ਉਸ ਦਾ ਪੁੱਤਰ ਰਾਹੁਲ ਜਿਸ ਦੇ ਸੁੱਖਾਂ ਦੀ ਆਸ ਉੱਤੇ ਸਾਰੀ ਜ਼ਿੰਦਗੀ ਦੁੱਖਾਂ ਵਿਚ ਬਿਤਾ ਦਿੱਤੀ , ਉਹ ਉਸ ਦੀ ਲਹੂ ਪਸੀਨੇ ਦੀ ਕਮਾਈ ਘਰੋਂ ਚੋਰੀ ਕਰਕੇ ਨਸ਼ਿਆਂ ਵਿਚ ਉਡਾ ਦੇਂਦਾ ਹੈ ਤਾਂ ਮਾਇਆ ਇਸ ਸਦਮੇ ਨੂੰ ਬਰਦਾਸ਼ਤ ਨਾ ਕਰਦੀ , ਘਰ -ਬਾਰ ਛੱਡ ਕੇ ਦਿੱਲੀ 'ਮਾਡਰਨ ਬੁਟੀਕ' ਵਿੱਚ ਨੌਕਰੀ ਕਰ ਲੈਂਦੀ ਹੈ।ਮਾਇਆ ਦਾ ਪਤੀ ਮਨੋਹਰ ਪਹਿਲਾਂ ਹੀ ਚੰਡੀਗੜ੍ਹ ਬਦਲੀ ਕਰਵਾ ਕੇ ਕਿਸੇ ਦੂਸਰੀ ਔਰਤ ਨਾਲ ਰਹਿਣ ਲੱਗ ਜਾਂਦਾ ਹੈ। ਉਹ ਰਾਹੁਲ ਦੇ ਵਿਗੜਨ ਦਾ ਦੋਸ਼ ਵੀ ਮਾਇਆ ਤੇ ਲਗਾ ਆਪ ਸਾਰੀਆਂ ਗੱਲਾਂ ਤੋਂ ਸੁਰਖ਼ਰੂ ਹੋ ਜਾਂਦਾ ਹੈ।

"ਪਸ਼ੂ ਜਿਹੀ ਨੇ ਮੁੰਡਾ ਵੀ ਪਸ਼ੂਆਂ ਵਰਗਾ ਬਣਾ ਦਿੱਤੈ , ਨਾ ਉਸ ਨੂੰ ਕੋਈ ਅਕਲ ਨਾ ਸਹੁਰ।"




ਵਾਸਤਵ ਵਿੱਚ 'ਖੜਾ ਪੁਕਾਰੇ ਪਾਤਣੀ' ਦਾ ਨਾਵਲੀ-ਪਾਠ ਖੰਡਿਤ ਘਰਾਂ ਦੀ ਦਾਸਤਾਨ ਵੀ ਪੇਸ਼ ਕਰਦਾ ਹੈ। ਸਮੁੱਚਾ ਕਥਾ-ਪ੍ਰਸੰਗ ਘਰ ਦੀ ਸਥਾਪਤੀ ਲਈ ਕੀਤੇ ਜਾ ਰਹੇ ਸੰਘਰਸ਼ ਵਿੱਚੋਂ ਹੀ ਉੱਭਰਦਾ ਹੈ। ਮਾਇਆ ਆਪਣੇ ਪਤੀ ਤੇ ਪੁੱਤਰ ਨੂੰ ਕੁਰੀਤੀਆਂ ਤੋਂ ਬਚਾਉਣ ਲਈ ਯਤਨਸ਼ੀਲ ਰਹਿੰਦੀ ਹੈ। ਨਾਵਲੀ ਬਿਰਤਾਂਤ ਦੇ ਵਿਭਿੰਨ ਚਿਹਨਕੀ-ਜੁੱਟ ਘਰ ਦੀ ਵਸਤੂਗਤ ਅਤੇ ਸੰਕਲਪਾਤਮਕ ਲੋੜ ਨੂੰ ਪੇਸ਼ ਕਰਦੇ ਹਨ।ਮਾਇਆ ਭਾਵੇਂ ਆਪਣੇ ਪੁੱਤਰ ਅਤੇ ਪਤੀ ਤੋਂ ਤੰਗ ਹੋ ਕੇ ਘਰ ਦਾ ਤਿਆਗ ਤਾਂ ਕਰਦੀ ਹੈ ਪਰ ਘਰ ਦਾ ਤਿਆਗ ਸੰਤੁਸ਼ਟੀ ਨਹੀਂ ਸਗੋਂ ਮਨ ਦੀ ਭਟਕਣ ਨੂੰ ਪੇਸ਼ ਕਰਦਾ ਹੈ। ਉਸ ਦੀ ਨਵਿਰਤੀ ਵੀ ਘਰ ਦੀ ਸਥਾਪਤੀ ਅਧੀਨ ਹੈ, ਘਰ ਦੇ ਪਰਤਿਆਗ ਅਧੀਨ ਨਹੀਂ ।ਇਸੇ ਲਈ ਨਾਵਲੀ-ਪਾਠ ਦੇ ਅਖ਼ੀਰ ਵਿੱਚ ਮਾਇਆ ਆਉਣ ਵਾਲੇ ਐਤਵਾਰ ਦੀ ਉਡੀਕ ਵਿੱਚ ਹੈ, ਜਦੋਂ ਉਸ ਦਾ ਪਤੀ ਤੇ ਪੁੱਤਰ ਉਸ ਨੂੰ ਘਰ ਵਾਪਸ ਲੈ ਕੇ ਜਾਣਗੇ ।

"ਅਸੀਂ ਐਤਵਾਰ ਨੂੰ ਆਵਾਂਗੇ ਪਾਪਾ, ਨੀਲਮਾ ਤੇ ਮੈਂ ਵੀ ਤੁਹਾਨੂੰ ਲੈ ਜਾਣ ਲਈ ਮੰਮੀ", ਆਖਦਾ ਰਾਹੁਲ ਉੱਠ ਖੜ੍ਹਾ ਹੋਇਆ ਤੇ ਨੀਲਮਾ ਵੀ। ਉਨ੍ਹਾਂ ਦੇ ਜਾਣ ਮਗਰੋਂ ਮਾਇਆ ਆਉਣ ਵਾਲੇ ਐਤਵਾਰ ਬਾਰੇ ਸੋਚਦੀ ਰਹੀ।

ਦਲੀਪ ਕੌਰ ਟਿਵਾਣਾ ਦੀ ਇਹ ਚਿਹਨਾਤਮਕ ਜੁਗਤ ਔਰਤ ਕਿਰਦਾਰਾਂ ਰਾਹੀਂ ਮਨੁੱਖ ਦੇ ਖੰਡਿਤ ਪਸਾਰੇ ਨੂੰ ਮੁੜ ਤੋਂ ਜੋੜਨ ਅਤੇ ਖ਼ਿਲਰੇ ਹੋਏ ਨਿਜ਼ਾਮ ਨੂੰ ਸਿਰਜਣਾ ਦੇ ਰਾਹ ਤੋਰਨ ਦੇ ਚਿਹਨਾਂ ਦੀ ਸਿਰਜਣਾ ਕਰਦੀ ਸਮਾਜਕ-ਅਰਥਚਾਰੇ ਦੀ ਬਣਤਰ ਵਿਚ ਔਰਤ ਦੀ ਮਹਤੱਵਪੂਰਨ ਭੂਮਿਕਾ ਦੀ ਸਥਾਪਨਾ ਕਰਦੀ ਹੈ। ਆਧੁਨਿਕ ਜੀਵਨ ਦੇ ਗੁੰਝਲਦਾਰ ਸਮਾਜਕ ਅਤੇ ਮਾਨਸਿਕ ਟਕਰਾਵਾਂ ਨੂੰ ਝੱਲਦੀ ਪੰਜਾਬੀ ਔਰਤ ਦੀ ਮਾਨਸਿਕਤਾ ਉਸ ਦੀ ਬਿਰਤਾਂਤਕਤਾ ਦਾ ਕੇਂਦਰ ਬਣ ਕੇ ਉਸ ਦੇ ਨਾਵਲੀ ਪ੍ਰਸੰਗ ਦੇ ਤਣਾਵਾਂ, ਝੇੜਿਆਂ, ਤਰਕਾਂ-ਵਿਤਰਕਾਂ, ਕਰਮਾਂ-ਪ੍ਰਤਿਕਰਮਾਂ ਦੇ ਸੁਹਜਮਈ ਅਤੇ ਦਾਰਸ਼ਨਿਕ ਕਥਾ - ਸੰਦਰਭ ਵੀ ਸਿਰਜਦੀ ਹੈ।

ਇਸ ਤਰ੍ਹਾਂ ਇਹ ਨਾਵਲੀ ਵਰਤਾਰਾ ਮਾਇਆ ਦੇ ਸੰਤਾਪ ਦੀ ਕਥਾ ਪਾਉਂਦਾ ਸਮੁੱਚੀ ਨਾਰੀ ਜਾਤੀ ਦੀ ਪ੍ਰਤੀਨਿਧਤਾ ਕਰਦਾ ਹੋਇਆ ਨਾਰੀ ਚੇਤਨਾ ਦੇ ਵਿਕਾਸ ਨਾਲ ਸੰਬੰਧਿਤ ਵੱਖ -ਵੱਖ ਧਰਾਤਲਾਂ ਨੂੰ ਸਮਝਣ ਲਈ ਬੜੀ ਬਿਹਤਰੀਨ ਸਮੱਗਰੀ ਪ੍ਰਦਾਨ ਕਰਦਾ ਹੈ।


ਮਾਨਵੀ ਰਿਸ਼ਤਿਆਂ ਨੂੰ
ਮਨੋਵਿਗਿਆਨਕ ਸੰਦਰਭ ਵਿਚ ਢਾਲ
ਗਲਪੀ ਬਿਰਤਾਂਤ ਸਿਰਜਣ ਵਾਲੇ
ਨਾਵਲਕਾਰ
**ਕੁਲਦੀਪ ਸਿੰਘ ਬੇਦੀ**
ਦਾ ਨਾਵਲ
**'ਕਾਸ਼'**
ਹੁਣ ਅੰਗਰੇਜ਼ੀ ਵਿਚ
**Her Flight to the Love Nest**
ਜਿਸ ਨੂੰ ਡਾ. ਰਜਿੰਦਰ ਸਿੰਘ ਨੇ
ਅਨੁਵਾਦ ਕੀਤਾ ਹੈ।



## ਲੇਖ / ਲੋਕ ਸਾਹਿਤ ਦਾ ਸਿਧਾਂਤਕ ਪਰਿਪੇਖ / - ਪਰਵਿੰਦਰ ਕੌਰ

ਹੱਥਲੇ ਮਜਮੂਨ ਵਿਚ ਲੋਕ ਦਾ ਅਰਥ 'ਫੋਕ' (Folk) ਤੋਂ ਲਿਆ ਗਿਆ ਹੈ, ਜਿਹੜਾ ਰੂੜ੍ਹ ਹੋ ਗਏ ਪਰੰਪਰਾਗਤ ਵਰਤਾਰਿਆਂ ਨਾਲ ਜੁੜਿਆ ਹੈ।ਲੋਕ-ਸਾਹਿਤ ਲੋਕ-ਮਨਾਂ ਦੀ ਕਲਾਤਮਿਕ ਅਭਿਵਿਅਕਤੀ ਦਾ ਨਾਮ ਹੈ। ਲੋਕ ਸਾਹਿਤ ਦੇ ਸਿਰਜਣ ਦਾ ਅਮਲ ਮਨੁੱਖੀ ਚੇਤਨਾ ਦੇ ਮੁੱਢਲੇ ਪੜਾਅ ਤੋਂ ਹੀ ਆਰੰਭ ਹੋ ਗਿਆ ਸੀ। ਉਸ ਸਮੇਂ ਤੋਂ ਹੀ ਇਹ ਨਿਰੰਤਰ ਸਿਰਜਿਆ ਜਾ ਰਿਹਾ ਹੈ। ਇਸ ਲਈ ਲੋਕ ਸਾਹਿਤ ਦਾ ਆਰੰਭ ਜਾਂ ਅੰਤ ਨਿਸ਼ਚਿਤ ਕਰਨਾ ਅਸੰਭਵ ਹੈ ਅਤੇ ਨਾ ਹੀ ਲੋਕ-ਸਾਹਿਤ ਕਿਸੇ ਵਿਅਕਤੀ ਵਿਸ਼ੇਸ਼ ਜਾਂ ਧਰਤੀ ਦੇ ਕਿਸੇ ਨਿਸ਼ਚਿਤ ਭੂਗੋਲਿਕ ਖਿੱਤੇ ਤੱਕ ਸੀਮਤ ਕੀਤਾ ਜਾ ਸਕਦਾ ਹੈ। ਲੋਕ ਸਾਹਿਤ ਦੀ ਇਹ ਗੋਰਵਸ਼ਾਲੀ ਸਿਰਜਨਧਾਰਾ ਪੰਜਾਬੀ ਭਾਸ਼ਾ ਦੇ ਨਿਕਾਸ ਕਾਲ ਤੋਂ ਨਿਰੰਤਰ ਪ੍ਰਵਾਹਿਤ ਰਹੀ ਹੈ ਅਤੇ ਇਸਨੇ ਜੀਵੰਤ ਮੌਖਿਕ ਪਰੰਪਰਾ ਦੇ ਰੂਪ ਵਿਚ ਪੰਜਾਬੀ ਲੋਕ-ਸਭਿਆਚਾਰ ਨੂੰ ਵਿਆਪਕ ਤੌਰ ਤੇ ਪ੍ਰਭਾਵਿਤ ਕੀਤਾ ਹੈ। ਹਰ ਭਾਸ਼ਾ ਦੇ ਸਾਹਿਤ ਦਾ ਮੁੱਢਲਾ ਰੂਪ ਲੋਕ-ਸਾਹਿਤ ਹੀ ਹੈ।

ਲੋਕ-ਸਾਹਿਤ ਜਾਂ ਲੋਕਧਾਰਾਈ ਵਰਤਾਰੇ ਕਿਸੇ ਸਮਾਜਕ ਵਿਵਸਥਾ ਦਾ ਸਹਿਜ ਪ੍ਰਗਟਾਅ ਹੁੰਦੇ ਹਨ। ਪਰੰਤੂ ਜਦੋਂ ਵੀ ਇਨ੍ਹਾਂ ਵਾਸਤਵਿਕ ਜਾਂ ਕਾਲਪਨਿਕ ਵਰਤਾਰਿਆਂ ਦੀ ਪੁਨਰ-ਸਿਰਜਨਾ ਜਾਂ ਪੁਨਰ ਵਿਆਖਿਆ ਕੀਤੀ ਜਾਂਦੀ ਹੈ ਤਾਂ ਲੋਕ ਸਾਹਿਤ ਦਾ ਮੁਢਲਾ ਰੂਪ ਹੋਂਦ ਵਿਚ ਆਉਂਦਾ ਹੈ। ਲੋਕਧਾਰਾ ਮਨੁੱਖ ਦੇ ਪ੍ਰਾਚੀਨ ਸਮਾਜਿਕ ਵਿਰਸੇ ਦੇ ਰੂਪ ਵਿਚ ਆਪਣੀ ਹੋਂਦ ਰੱਖਦੀ ਹੈ ਅਤੇ ਲੋਕ ਸਾਹਿਤ ਇਸੇ ਲੋਕ ਵਿਰਸੇ ਦੇ ਵੱਖ ਵੱਖ ਪੱਖਾਂ ਪਾਸਾਰਾਂ ਨੂੰ ਮੌਖਿਕ ਪ੍ਰਵਾਹ ਦੇ ਰੂਪ ਵਿਚ ਅੱਗੇ ਤੋਰਦਾ ਹੈ। ਲੋਕ-ਸਾਹਿਤ ਕਿਸੇ ਘਟਨਾ ਜਾਂ ਕਾਰਜ ਦਾ ਤੁਰੰਤ ਪੈਦਾ ਹੋਇਆ ਕਰਮ ਜਾਂ ਪ੍ਰਤੀਕਰਮ ਨਹੀਂ ਹੁੰਦਾ ਸਗੋਂ ਲੋਕ ਸਾਹਿਤ ਦੀ ਰਚਨਾ ਤੇ ਇਸਦੀ ਪ੍ਰਵਾਨਗੀ ਲਈ ਮਾਨਵੀ ਜੀਵਨ ਦੀ ਪਰੰਪਰਾ ਦਾ ਲੰਬਾ ਇਤਿਹਾਸ ਕਾਰਜ਼ਸੀਲ ਹੁੰਦਾ ਹੈ। ਲੋਕ-ਸਾਹਿਤ ਦੀ ਸਿਰਜਨ ਪ੍ਰਕਿਰਿਆ ਅਤੇ ਇਸਦਾ ਸਿਰਜਿਤ ਸੰਸਾਰ ਕੁਝ ਮੌਲਿਕ ਕਿਸਮ ਦੀਆਂ ਵਿਸ਼ੇਸ਼ਤਾਵਾਂ ਰੱਖਦਾ ਹੈ। ਲੋਕ-ਸਾਹਿਤ ਦੀ ਸਿਰਜਨਧਾਰਾ ਅਕਸਰ ਲੋਕ ਬੋਲੀ ਤੇ ਲੋਕ ਪੱਧਰ ਦੀਆਂ ਅਨੇਕਾਂ ਕਲਾ-ਜੁਗਤਾਂ ਨਾਲ ਜੁੜੀ ਰਹੀ ਹੈ।

"ਲੋਕ ਸਾਹਿਤ ਕਿਸੇ ਵਿਅਕਤੀ ਵਿਸ਼ੇਸ਼ ਦੀ ਸਿਰਜਨਾ ਨਾ ਹੋ ਕੇ ਪੰਜਾਬੀ ਲੋਕ ਮਨ ਦੀ ਸਿਰਜਣਾ ਹੈ। ਪੰਜ ਦਰਿਆਵਾਂ ਦੀ ਧਰਤੀ (ਪੰਜਾਬ) ਉਪਰ ਵਸਣ ਵਾਲੇ ਲੋਕਾਂ ਨੇ ਆਪਣੀ ਵਿਲੱਖਣ ਇਤਿਹਾਸਿਕ ਭੂਗੋਲਿਕ ਸਥਿਤੀ ਦੇ ਯਥਾਰਥ ਨੂੰ ਜੀਉਂਦਿਆਂ ਹੋਇਆ ਵਿਸ਼ੇਸ਼ ਭਾਂਤ ਦੀ ਸਭਿਆਚਾਰਕ ਪਛਾਣ (Cultural identity) ਸਥਾਪਿਤ ਕੀਤੀ ਹੈ। ਇਹ ਸਭਿਆਚਾਰਕ ਪਛਾਣ ਹੀ ਇਥੋਂ ਦੇ ਵਸਨੀਕਾਂ ਦੀ ਸਮੂਹਿਕ ਮਾਨਸਿਕਤਾ ਦਾ ਪ੍ਰਮਾਣਿਕ ਬਿੰਬ ਉਸਾਰਨ ਅਤੇ ਉਸਦੇ ਲੋਕ-ਮਨ ਦਾ ਨਿਰਮਾਣ ਕਰਨ ਵਾਲੀ ਮੂਲ ਸ਼ਕਤੀ ਹੈ। ਇਸੇ ਸਿਰਜਣਾਤਮਕ ਸ਼ਕਤੀ ਨੇ ਹੀ ਪੰਜਾਬੀ ਲੋਕ-ਸਾਹਿਤ ਦਾ ਸਿਰਜਨ ਵੀ ਕੀਤਾ ਹੈ।"[1]

ਡਾ. ਬੇਦੀ ਲੋਕ-ਸਾਹਿਤ ਦੀ ਤੁਲਨਾ ਕਿਸੇ ਇਲਾਕੇ ਵਿਚ ਵਗਦੇ ਉਸ ਦਰਿਆ ਨਾਲ ਕਰਦੇ ਹਨ, ਜਿਸ ਵਿਚ ਉਸ ਇਲਾਕੇ ਦੇ ਸਾਰੇ ਨਦੀ ਨਾਲੇ ਵਾਹੁੜੇ ਤੇ ਕੱਸੀਆਂ ਆਪਣੀ ਨਿੱਜੀ ਹੋਂਦ ਗਵਾ ਕੇ ਰਚਮਿਚ ਜਾਂਦੀਆਂ ਹਨ। ਅਜਿਹੇ ਦਰਿਆ ਦੇ ਪਾਣੀ ਵਿਚ ਸੰਬੰਧਿਤ ਇਲਾਕੇ ਦੀਆਂ ਅਨੇਕਾਂ ਕੱਸੀਆਂ ਦੀ ਮਿੱਟੀ ਤੇ ਹੋਰ ਸਮੱਗਰੀ ਕਿਸੇ ਨਾ ਕਿਸੇ ਰੂਪ ਵਿਚ ਖੁਰੀ ਤੇ ਰਸੀ ਹੁੰਦੀ ਹੈ। ਲੋਕ ਸਾਹਿਤ ਅੰਦਰ ਲੋਕਧਾਰਾਈ ਅੰਸ਼ਾਂ ਦੀ ਸਮੂਲੀਅਤ ਇਸ ਕਾਰਨ ਵੀ ਹੁੰਦੀ ਹੈ ਕਿਉਂਕਿ ਲੋਕ ਸਾਹਿਤ ਵਿਚ ਸਮੁੱਚੀ ਜਾਤੀ ਦੇ ਉਦਗਾਰ, ਪ੍ਰਵਿਰਤੀਆਂ, ਭਾਵਨਾਵਾਂ, ਧਾਰਨਾਵਾਂ, ਮਨੌਤਾਂ ਤੇ ਕਲਾ-ਰੁਚੀਆਂ, ਨਿੱਜਤਵ ਤੋਂ ਸਮੂਹਿਕ ਰੁਚੀਆਂ ਦਾ ਰੂਪ ਧਾਰਨ ਕਰਕੇ ਰੂਪਮਾਨ ਹੁੰਦੀਆਂ ਹਨ। ਇਸ ਦ੍ਰਿਸ਼ਟੀ ਤੋਂ ਲੋਕ ਸਾਹਿਤ ਅਜਿਹਾ ਪਾਰਦਰਸ਼ੀ ਸ਼ੀਸਾ ਹੈ, ਜਿਸ ਵਿਚੋਂ ਕਿਸੇ ਜਾਤੀ ਦੇ ਸਮਾਜਕ ਜੀਵਨ ਦੇ ਸਾਰੇ ਨੈਣ-ਨਕਸ਼ ਤੇ ਰੂਪ-ਰੇਖਾ ਹੀ ਨਹੀਂ, ਅੰਤਰ ਘਟ ਤੱਕ ਦੀ ਹਰ ਭਾਵਨਾ ਦ੍ਰਿਸ਼ਟੀਗੋਚਰ ਹੁੰਦੀ ਹੈ।"[2] ਪੰਜਾਬੀ ਸਾਹਿਤ ਦੇ ਇਤਿਹਾਸ ਅੰਦਰ



ਕੇਵਲ ਉਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਹੀ ਵਧੇਰੇ ਮਕਬੂਲ ਹੋਈਆਂ ਹਨ। ਜਿਹੜੀਆਂ ਲੋਕ-ਧਾਰਾਵਾਂ ਵਿਚ ਰਚੀਆਂ ਗਈਆਂ ਹਨ ਜਾਂ ਉਨ੍ਹਾਂ ਵਿਚਲੀ ਸਮੱਗਰੀ ਲੋਕਧਾਰਾਈ ਹੈ। ਅੰਮ੍ਰਿਤਾ ਪ੍ਰੀਤਮ ਦੀ ਰਚਨਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਪ੍ਰੋ. ਮੋਹਨ ਸਿੰਘ ਦੀ ਰਚਨਾ 'ਖਾਨਾਗਾਹੀ ਦੀਵਾ ਬਾਲਦੀਏ' ਇਸੇ ਲਹਿਜੇ ਦੀਆਂ ਰਚਨਾਵਾਂ ਹਨ।

ਲੋਕ-ਸਾਹਿਤ ਲੋਕ ਜੀਵਨ ਦਾ ਪਰਿਰੂਪ ਹੈ। ਇਸ ਲਈ ਕੋਈ ਵੀ ਲੇਖਕ ਲੋਕ ਸਾਹਿਤ ਤੋਂ ਅਭਿਜ ਨਹੀਂ ਰਹਿ ਸਕਦਾ। ਰਵਿੰਦਰ ਭ੍ਰਮਰ ਦੀ ਵਿਚਾਰ ਅਨੁਸਾਰ, "ਕਿਸੇ ਸਾਹਿਤਕਾਰ ਨੂੰ ਜਦ ਵੀ ਜਨਤਾ ਦੇ ਨੇੜੇ ਜਾਣ ਦੀ ਲੋੜ ਪਈ ਅਤੇ ਕਿਸੇ ਪ੍ਰਕਾਰ ਦਾ ਧਾਰਮਿਕ, ਸਮਾਜਿਕ ਜਾਂ ਕੋਈ ਹੋਰ ਉਪਦੇਸ਼ ਲੋਕਾਂ ਨੂੰ ਦੇਣਾ ਚਾਹਿਆ ਤਾਂ ਸਾਹਿਤ ਨੂੰ ਲੋਕਯਾਨ 'ਲੋਕ ਸਾਹਿਤ' ਦੇ ਤੱਤਾਂ ਦੁਆਰਾ ਅਭਿਮੰਤ੍ਰਿਤ ਕਰਕੇ ਲੋਕ ਪ੍ਰਿਯ ਬਣਾਉਣ ਦੀ ਕੋਸ਼ਿਸ਼ ਕੀਤੀ ਗਈ।"[3] ਲੋਕ ਪ੍ਰਿਯ ਸਾਹਿਤ ਆਪਣੀ ਸਮੱਗਰੀ ਲੋਕ-ਸਾਹਿਤ ਤੋਂ ਲੈਂਦਾ ਹੈ ਅਤੇ ਹਰਮਨ ਪਿਆਰਾ ਹੋਣ ਕਾਰਨ, ਇਸਨੂੰ ਲੋਕ-ਸਾਹਿਤ ਸਮਝਿਆ ਜਾਂਦਾ ਹੈ।

ਲੋਕ-ਸਾਹਿਤ ਨੂੰ ਪਰਿਭਾਸ਼ਤ ਕਰਨ ਦੇ ਅਨੇਕਾਂ ਵਿਦਵਾਨਾਂ ਨੇ ਯਤਨ ਕੀਤੇ ਹਨ ਪਰੰਤੂ ਅਤਿਅੰਤ ਵਿਸ਼ਾਲ ਖੇਤਰ ਦਾ ਧਾਰਨੀ ਹੋਣ ਕਾਰਨ ਅਤੇ ਵੰਨ-ਸੁਵੰਨੇ ਰੂਪਾਂ ਵਿਚ ਪ੍ਰਗਟ ਹੋਣ ਕਾਰਨ ਲੋਕ-ਸਾਹਿਤ ਨੂੰ ਕਿਸੇ ਇਕੱਲੀਕਾਰੀ ਪਰਿਭਾਸ਼ਾ ਵਿਚ ਸਪਸ਼ਟ ਨਹੀਂ ਕੀਤਾ ਜਾ ਸਕਦਾ। ਇਸ ਲਈ ਲੋਕ-ਸਾਹਿਤ ਬਾਰੇ ਇਸ ਖੇਤਰ ਦੇ ਵਿਸ਼ੇਸੱਗ ਵਿਦਵਾਨਾਂ ਦੇ ਵਿਚਾਰ ਜਾਣ ਲੈਣੇ ਉਚਿਤ ਹੋਣਗੇ। ਹਿੰਦੀ ਸਾਹਿਤ ਚਿੰਤਨ ਦੇ ਪ੍ਰਸਿੱਧ ਵਿਦਵਾਨ ਡਾ. ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਅਨੁਸਾਰ, "ਮੌਖਿਕ ਪੰਰਪਰਾ ਤੋਂ ਪ੍ਰਾਪਤ ਅਤੇ ਦੀਰਘ ਕਾਲ ਤੱਕ ਸਿਮਰਤੀ ਦੇ ਬਲ ਤੇ ਚੱਲੇ ਆਉਣ ਵਾਲੇ ਗੀਤ ਅਤੇ ਕਥਾਨਕ ਹੀ ਲੋਕ-ਸਾਹਿਤ ਕਹੇ ਜਾਂਦੇ ਹਨ।"[4]

ਸ੍ਰੀ ਨਰਿੰਦਰ ਧੀਰ ਲੋਕ-ਸਾਹਿਤ ਬਾਰੇ ਚਰਚਾ ਕਰਦੇ ਹੋਏ ਲਿਖਦੇ ਹਨ ਕਿ "ਲੋਕ ਸਾਹਿਤ ਉਹ ਕੜੀ ਹੈ ਜੋ ਪੁਰਾਤਨ ਸੰਸਕ੍ਰਿਤੀ ਨੂੰ ਜੀਵਨ ਦੇ ਕੇ ਨਵੀਂ ਸੰਸਕ੍ਰਿਤੀ ਅਤੇ ਰੀਤੀ-ਰਿਵਾਜਾਂ ਨਾਲ ਉਸ ਨੂੰ ਜੋੜ ਕੇ ਨਵੀਨਤਾ ਪ੍ਰਦਾਨ ਕਰਦੀ ਹੈ।"[5]

ਲੋਕ-ਸਾਹਿਤ ਲੋਕਧਾਰਾ ਦਾ ਵਾਣੀ-ਵਿਲਾਸ ਖੇਤਰ ਹੈ। ਲੋਕ ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰਪੂਰ ਲੋਕ ਮਾਨਸ ਦੀ ਸਹਿਜ-ਸੁਭਾਵਿਕ ਅਭਿਵਿਅਕਤੀ ਲੋਕ ਸਾਹਿਤ ਹੈ, ਜਿਸ ਦਾ ਸੰਚਾਰ ਲੋਕ ਬੋਲੀ ਦੁਆਰਾ ਮੌਖਿਕ ਰੂਪ ਵਿਚ ਹੋਇਆ ਹੋਵੇ। ਇਸ ਰਚਨਾ ਨਾਲ ਕਿਸੇ ਲੇਖਕ ਦਾ ਨਾਂ ਜੁੜਿਆ ਹੋਇਆ ਨਹੀਂ ਹੁੰਦਾ ਅਤੇ ਲੋਕ ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜ੍ਹੀਓ ਪੀੜ੍ਹੀ ਅੱਗੇ ਚਲਦੀ ਹੈ।" 6 ਇਸ ਤਰ੍ਹਾਂ ਲੋਕ ਬੋਲੀ, ਪਰੰਪਰਾ, ਲੋਕ ਸੰਸਕ੍ਰਿਤੀ, ਲੋਕਮਨ ਦਾ ਪ੍ਰਗਟਾ, ਲੋਕ ਸਮੂਹ ਦੀ ਪ੍ਰਵਾਨਗੀ ਅਤੇ ਮੌਖਿਕ ਸੰਚਾਰ ਅਜਿਹੇ ਤੱਤ ਹਨ ਜਿਹੜੇ ਕਿਸੇ ਰਚਨਾ ਨੂੰ ਲੋਕ ਸਾਹਿਤ ਬਣਾਉਂਦੇ ਹਨ।

ਡਾ. ਥਿੰਦ ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ ਦੇ ਖੇਤਰ ਵਿਚ ਲੋਕਧਾਰਾ (ਲੋਕਯਾਨ) ਨੂੰ ਸਥਾਪਿਤ ਕਰਨ ਵਾਲੇ ਮੋਢੀ ਵਿਦਵਾਨਾਂ ਵਿਚੋਂ ਹਨ। ਉਨ੍ਹਾਂ ਦੀ ਪਰਿਭਾਸ਼ਾ ਲੋਕ ਸਾਹਿਤ ਦਾ ਖੇਤਰ ਹੋਰ ਵਧੇਰੇ ਮੋਕਲਾ ਕਰਦੀ ਹੈ।

ਅਸਲ ਵਿਚ ਲੋਕ-ਸਾਹਿਤ ਸਮੂਹਿਕ ਚਿੱਤ ਦਾ ਧਾਰਨੀ ਹੁੰਦਾ ਹੈ। ਲੋਕ ਆਪਣੇ ਕਿਰਤ ਦੇ ਅਮਲ ਰਾਹੀਂ ਅਤੇ ਇਸਦੇ ਸਮਾਨਅੰਤਰ ਸਮੁੱਚੇ ਜੀਵਨ ਵਿਵਹਾਰ ਦੇ ਵਿਭਿੰਨ ਪ੍ਰਸੰਗਾਂ ਰਾਹੀਂ ਸਭਿਆਚਾਰਕ ਸੰਗਠਨ ਉਸਾਰਦੇ ਹਨ। ਇਸੇ ਉਸਾਰੀ ਦੇ ਅਮਲ ਵਿਚੋਂ ਹੀ ਹੋਰ ਵਿਭਿੰਨ ਲੋਕ ਕਲਾਵਾਂ ਵਾਂਗ ਲੋਕ-ਸਾਹਿਤ ਦੀ ਸਿਰਜਣਾ ਹੁੰਦੀ ਹੈ। ਇਸ ਵਿਚ ਜੀਵਨ ਅਨੁਭਵ ਦਾ ਵਿਸ਼ਾ ਬਿਨਾਂ ਕਿਸੇ ਬਨਾਵਟ ਦੇ ਪ੍ਰਸਤੁਤ ਕੀਤਾ ਜਾਂਦਾ ਹੈ। ਡਾ. ਜਸਵਿੰਦਰ ਸਿੰਘ ਦਾ ਮਤ ਹੈ,"ਲੋਕ ਸਾਹਿਤ ਸਭਿਆਚਾਰਕ ਅਨੁਭਵ ਦਾ ਜੀਵੰਤ ਮਾਨਵੀ ਹੁੰਗਾਰਾ ਹੈ। ਇਸ ਵਿਚ ਮਨੁੱਖ ਆਪਣੀ ਅਸਤਿਤਵਿਕ ਅਤੇ ਸਭਿਆਚਾਰਕ ਬਣਤਰ ਦੀ ਜੁਟਵੀਂ ਹੋਂਦ ਨੂੰ ਮੂਲ ਮਾਨਵੀ ਆਧਾਰਾਂ ਉਤੇ ਬਰਕਰਾਰ ਰੱਖਣ ਦੇ ਅਮਲ ਦੀ ਅਕਾਂਖਿਆ ਰਾਹੀਂ ਪ੍ਰਗਟਾਉਂਦਾ ਹੈ। ਇਸ ਵਿਚ ਸਮੂਹਿਕ ਮਾਨਵੀ ਪ੍ਰਸੰਗਾਂ ਅਤੇ ਨਿੱਜੀ ਅਸਤਿਤਵਿਕ ਸਰੋਕਾਰਾਂ ਨੂੰ ਵਿਸ਼ਾਲ, ਸਭਿਆਚਾਰਕ ਪ੍ਰਸੰਗ ਵਿਚ ਉਚਾਰਿਆ ਅਤੇ ਸਵੀਕਾਰਿਆ ਜਾਂਦਾ ਹੈ।"7

ਜੇਕਰ ਇਸ ਪਰਿਭਾਸ਼ਾ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਸ ਪਰਿਭਾਸ਼ਾ ਦੇ ਮੁੱਖ ਸਰੋਕਾਰ ਹੇਠ ਲਿਖੇ ਹਨ-

(ੳ) ਲੋਕ-ਸਾਹਿਤ ਸਭਿਆਚਾਰ, ਅਨੁਭਵ ਦਾ ਜੀਵੰਤ ਮਾਨਵੀ ਹੁੰਗਾਰਾ ਹੁੰਦਾ ਹੈ।

(ਅ) ਲੋਕ-ਸਾਹਿਤ ਮਨੁੱਖ ਦੇ ਆਪੇ ਅਤੇ ਸਭਿਆਚਾਰਕ ਬਣਤਰ ਅਤੇ ਹੋਂਦ ਨਾਲ ਜੁੜਿਆ ਹੁੰਦਾ ਹੈ।

(ੲ) ਇਸ ਵਿਚ ਸਮੂਹਿਕ ਤੇ ਨਿੱਜੀ ਦੋਵੇਂ ਤਰ੍ਹਾਂ ਦੇ ਸਭਿਆਚਾਰਕ ਹੋਂਦ ਤੇ ਅਕਾਂਖਿਆਵਾਂ ਦੇ ਪਹਿਲੂ ਪੇਸ਼ ਹੋਏ ਮਿਲਦੇ ਹਨ।

ਇਸੇ ਤਰ੍ਹਾਂ ਪੰਜਾਬੀ ਲੋਕਧਾਰਾ ਦੇ ਵਿਦਵਾਨ ਡਾ. ਟੀ. ਆਰ. ਵਿਨੋਦ ਆਪਣੇ ਖੋਜ-ਪੱਤਰ 'ਲੋਕ ਸਾਹਿਤ ਵਿਚ ਸਮਾਜਕ ਆਰਥਕ ਤੱਤ' 'ਚ ਲਿਖਦੇ ਹਨ ਕਿ,

"ਲੋਕ-ਸਾਹਿਤ ਕਿਸੇ ਜਨ-ਜਮੂਹ ਦੀਆਂ ਸਾਂਝੀਆਂ ਅਕਾਂਖਿਆਵਾਂ, ਕਦਰਾਂ-ਕੀਮਤਾਂ ਅਤੇ ਇਨ੍ਹਾਂ ਦੀ ਪੇਸ਼ਕਾਰੀ ਤੇ ਬਰਕਰਾਰੀ ਲਈ ਪ੍ਰਚੱਲਿਤ ਰਹੁ-ਰੀਤਾਂ ਦਾ ਚਿੱਤਰ ਹੁੰਦਾ ਹੈ।[8]

ਡਾ. ਵਿਨੋਦ ਵੱਲੋਂ ਪੇਸ਼ ਕੀਤੀ ਪਰਿਭਾਸ਼ਾ ਸਚਮੁੱਚ ਨਵੇਂ ਤੇ ਵਿਲੱਖਣ ਨਜ਼ਰੀਏ ਤੋਂ ਲੋਕ-ਸਾਹਿਤ ਨੂੰ ਦੇਖਦੀ ਹੈ। ਉਨ੍ਹਾਂ ਨੇ ਲੋਕ-ਸਾਹਿਤ ਦੇ ਇਨ੍ਹਾਂ ਪੱਖਾਂ ਉਤੇ ਵਧੇਰੇ ਬਲ ਦਿੱਤਾ ਹੈ,

(ੳ) ਲੋਕ-ਸਾਹਿਤ ਕਿਸੇ ਜਨ-ਸਮੂਹ ਦੀਆਂ ਸਾਂਝੀਆਂ ਅਕਾਂਖਿਆਵਾਂ ਤੇ ਕਦਰਾਂ-ਕੀਮਤਾਂ ਨਾਲ ਸੰਬੰਧ ਰੱਖਦਾ ਹੈ।

(ਅ) ਲੋਕ-ਸਾਹਿਤ ਉਕਤ ਪੱਖਾਂ ਦੀ ਪੇਸ਼ਕਾਰੀ ਤੇ ਬਰਕਰਾਰੀ ਲਈ ਪ੍ਰਚਲਿੱਤ ਰਹੁ-ਰੀਤਾਂ ਦਾ ਚਿੱਤਰ ਹੁੰਦਾ ਹੈ।

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਲੋਕ-ਸਾਹਿਤ ਨੂੰ ਲੋਕ ਧਾਰਾਈ ਨਜ਼ਰੀਏ ਤੋਂ ਪਰਿਭਾਸ਼ਤ ਕਰਦਾ ਹੈ। ਲੋਕ-ਸਾਹਿਤ ਦਾ ਸਰੂਪ ਨਿਰਧਾਰਤ ਕਰਦੇ ਹੋਏ ਡਾ. ਬੇਦੀ ਦਾ ਕਹਿਣਾ ਹੈ ਕਿ ਮਨੁੱਖੀ ਭਾਵਨਾਵਾਂ ਤੇ ਅਨੁਭਵਾਂ ਨੂੰ ਦਰਸਾਉਂਦੀ ਕੋਈ ਅਜਿਹੀ ਰਚਨਾ, ਜਿਸ ਨੂੰ ਪੜ੍ਹੇ ਲਿਖੇ ਵਿਸ਼ਿਸ਼ਟ ਤੇ ਕਲਾਵਾਨਾਂ ਦੀ ਥਾਂ ਸਰਲ ਚਿੱਤ ਲੋਕਾਂ ਨੇ ਰਚਿਆ ਹੋਵੇ, ਜਿਸ ਉਤੇ ਜਨ-ਸਮੂਹ ਜਾਂ ਬਹੁਗਿਣਤੀ ਦੀ ਪ੍ਰਵਾਨਗੀ ਦੀ ਮੋਹਰ ਲੱਗੀ ਹੋਵੇ, ਲੋਕ-ਸਾਹਿਤ ਹੁੰਦੀ ਹੈ। ਡਾ. ਬੇਦੀ ਅਨੁਸਾਰ ਲੋਕ-ਪ੍ਰਵਾਨਗੀ ਤੋਂ ਬਿਨਾਂ ਕੋਈ ਰਚਨਾ ਲੋਕ-ਸਾਹਿਤ ਦਾ ਰੂਪ ਧਾਰਨ ਨਹੀਂ ਕਰ ਸਕਦੀ। ਇਸ ਤੋਂ ਬਿਨਾਂ ਵੀ ਲੋਕ-ਸਾਹਿਤ ਲਈ ਸਰਲਤਾ, ਸਪੱਸ਼ਟਤਾ, ਮਧੁਰਤਾ ਅਤੇ ਸੁਭਾਵਿਕਤਾ ਵਰਗੇ ਗੁਣ ਵਧੇਰੇ ਕਾਰਗਰ ਮੰਨੇ ਗਏ ਹਨ। ਲੋਕ-ਸਾਹਿਤ ਦੀ ਵਿਆਖਿਆ ਉਪਰੰਤ ਡਾ. ਬੇਦੀ ਨੇ ਲੋਕ-ਸਾਹਿਤ ਦੀ ਰਚਨਾ ਲਈ ਹੇਠ ਲਿਖੇ ਚਾਰ ਤੱਤਾਂ ਦੀ ਹੋਂਦ ਜ਼ਰੂਰੀ ਮੰਨੀ ਹੈ,

1. ਸਰਲ ਚਿੱਤ ਲੋਕਾਂ ਦੀ ਰਚਨਾ, 2. ਜਨ-ਸਮੂਹ ਦੀ ਪ੍ਰਵਾਨਗੀ

3. ਲੋਕ ਪਰੰਪਰਾ ਦੇ ਅੰਸ਼ , 4. ਮੌਖਿਕ ਪਰੰਪਰਾ

ਇਸ ਚਰਚਾ ਉਪਰੰਤ ਡਾ. ਸੋਹਿੰਦਰ ਸਿੰਘ ਬੇਦੀ ਨੇ ਲੋਕ-ਸਾਹਿਤ ਨੂੰ ਇੰਝ ਪਰਿਭਾਸ਼ਤ ਕੀਤਾ ਹੈ,

"ਮਨੁੱਖੀ ਜਜ਼ਬਿਆਂ, ਭਾਵਨਾਵਾਂ ਤੇ ਅਨੁਭਵਾਂ ਨੂੰ ਪ੍ਰਗਟਾਉਂਦੀ ਪਰੰਪਰਾ ਦੇ ਅੰਸ਼ਾਂ ਨਾਲ ਭਰੀ ਉਹ ਰਚਨਾ ਜਿਸ ਨੂੰ ਸਰਲ ਚਿੱਤ ਤੇ ਸਾਲਾ ਬੁੱਧੀ ਲੋਕ ਰਚਦੇ ਹਨ ਤੇ ਜਿਸ ਨੂੰ ਜਨ-ਸਮੂਹ ਪ੍ਰਵਾਨ ਕਰਕੇ ਪੀੜ੍ਹੀਓ ਪੀੜ੍ਹੀ ਅੱਗੇ ਤੋਰਦਾ ਹੈ, ਲੋਕ-ਸਾਹਿਤ ਅਖਵਾਉਂਦੀ ਹੈ।"[9]

ਇਸ ਚਰਚਾ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਲੋਕ-ਸਾਹਿਤ, ਲੋਕ ਜੀਵਨ ਵਿਚ ਆਪ ਮੁਹਾਰੇ ਪੈਦਾ ਹੋਈ ਰਚਨਾ ਹੁੰਦੀ ਹੈ। ਇਹ ਰਚਨਾ ਲੋਕ-ਰੁਚੀਆਂ ਅਨੁਕੂਲ ਹੁੰਦੀ ਹੈ ਤੇ ਲੋਕਾਂ ਦੇ ਉਚਾਰੇ ਲਹਿਜੇ ਅਨੁਸਾਰ ਪ੍ਰਗਟ ਹੁੰਦੀ ਹੈ। ਵਾਰ ਵਾਰ ਦੁਹਰਾਏ ਜਾਣ ਕਾਰਨ ਇਹ ਰਚਨਾ ਲੋਕ-ਕੰਠ ਤੇ ਨਿਵਾਸ ਕਰਦੀ ਹੈ।

ਲੋਕ-ਸਾਹਿਤ ਦੇ ਵਿਸ਼ਾਲ ਖੇਤਰ ਦਾ ਵਰਗੀਕਰਨ ਕਰਨਾ ਕਠਿਨ ਕਾਰਜ ਹੈ ਕਿਉਂਕਿ ਪੰਜਾਬੀ ਲੋਕ-ਸਾਹਿਤ ਵਿਚ ਜਿਸ ਕਿਸਮ ਦੀ ਵੰਨ ਸੁਵੰਨਤਾ ਪਾਈ ਜਾਂਦੀ ਹੈ, ਉਹ ਸ਼ਾਇਦ ਦੁਨੀਆਂ ਦੀ ਕਿਸੇ ਵੀ ਹੋਰ ਭਾਸ਼ਾ ਦੇ ਲੋਕ-ਸਾਹਿਤ ਵਿਚ ਪ੍ਰਾਪਤ ਨਹੀਂ ਹੈ। ਇਹ ਵੰਨ ਸੁਵੰਨਤਾ ਕੇਵਲ ਰੂਪਾਕਾਰਕ ਦ੍ਰਿਸ਼ਟੀ ਤੋਂ ਹੀ ਨਹੀਂ ਸਗੋਂ ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ ਵੀ ਵੇਖੀ ਜਾ ਸਕਦੀ ਹੈ। ਫਿਰ ਵੀ, ਇਸ ਅਤਿਅੰਤ ਵਿਸ਼ਾਲ ਖੇਤਰ ਵਾਲੇ ਵਰਤਾਰੇ ਨੂੰ ਅਧਿਐਨ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਤੋਂ ਵਿਦਵਾਨਾਂ ਨੇ ਵੱਖ ਵੱਖ ਸ਼੍ਰੇਣੀਆਂ ਵਿਚ ਵੰਡ ਕੇ ਦੇਖਣ ਦੀ ਸਿਫਾਰਿਸ਼ ਕੀਤੀ ਹੈ। ਇਸ ਵਰਗੀਕਰਨ ਦੇ ਆਧਾਰ ਤੇ ਹੀ ਲੋਕ-ਸਾਹਿਤ ਦੇ ਵੰਨ-ਸੁਵੰਨੇ ਰੂਪਾਂ ਦੀ ਸਾਰਥਕਤਾ, ਸੁਹਜਾਤਮਕਤਾ ਅਤੇ ਸਮਾਜਕ ਮਹੱਤਤਾ ਸਮਝੀ ਜਾ ਸਕਦੀ ਹੈ।

ਡਾ. ਕਰਨੈਲ ਸਿੰਘ ਥਿੰਦ ਨੇ ਲੋਕਗੀਤ, ਲੋਕ ਕਹਾਣੀਆਂ, ਲੋਕ ਗਾਥਾ, ਲੋਕੋਕਤੀ, ਅਖਾਣ, ਬੁਝਾਰਤਾਂ, ਮੁਹਾਵਰੇ ਦੇ ਰੂਪ ਦੇ ਲੋਕ-ਸਾਹਿਤ ਦੀ ਵੰਡ ਕੀਤੀ ਹੈ।"[10]

ਡਾ. ਜਸਵਿੰਦਰ ਸਿੰਘ ਨੇ ਲੋਕ-ਸਾਹਿਤ ਰੂਪਾਂ ਦੀ ਵਰਗ ਵੰਡ ਛੇ ਪ੍ਰਕਾਰ ਨਾਲ ਕੀਤੀ ਹੈ। ਲੋਕ-ਕਾਵਿ ਰੂਪ, ਲੋਕ-ਕਥਾ ਰੂਪ, ਲੋਕ-ਨਾਟਕ, ਚੁਟਕਲਾ, ਬੁਝਾਰਤ ਅਤੇ ਅਖਾਣ।"[11]

ਡਾ. ਸਤੇਂਦਰ ਨੇ ਲੋਕ-ਗੀਤ, ਲੋਕ ਕਥਾ, ਲੋਕ ਕਹਾਣੀ, ਚੁਟਕਲੇ, ਕਹਾਵਤਾਂ, ਪਹੇਲੀਆਂ ਅਤੇ ਮੰਤਰ ਨੂੰ ਲੋਕ-ਸਾਹਿਤ ਦਾ ਅੰਗ ਮੰਨਿਆ ਹੈ।"[12]

ਲੋਕ-ਸਾਹਿਤ ਦਾ ਵਰਗੀਕਰਨ ਕਰਦਿਆਂ ਹਰ ਲੋਕਧਾਰਾ ਵਿਗਿਆਨੀ ਨੇ ਲੋਕ-ਗੀਤ ਨੂੰ ਲੋਕ-ਸਾਹਿਤ ਦੀ ਮਹੱਤਵਪੂਰਨ ਵਿਧਾ ਵਜੋਂ ਸਵੀਕਾਰ ਕੀਤਾ ਹੈ। ਗਿਣਾਤਮਕ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਲੋਕ-ਗੀਤ, ਲੋਕ ਸਾਹਿਤ ਦਾ ਪ੍ਰਮੁੱਖ ਅੰਗ ਹੈ। ਲੋਕ-ਸਾਹਿਤ ਬਾਰੇ ਕੀਤੀ ਇਸ ਚਰਚਾ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਲੋਕ-ਸਾਹਿਤ ਲੋਕਧਾਰਾਈ ਲੱਛਣਾਂ ਨਾਲ ਸੰਪੰਨ ਹੁੰਦਾ ਹੈ। ਇਸ ਵਿਚ ਪਰੰਪਰਾ ਲੋਕ ਪ੍ਰਵਾਨਗੀ, ਮੌਲਿਕਤਾ, ਲੋਕ ਸਭਿਆਚਾਰ ਦੇ ਅਵਸ਼ੇਸ਼ ਅਤੇ ਲੋਕ-ਮਾਨਸ ਵਰਗੇ ਤੱਤ ਵਿਸ਼ੇਸ਼ ਮਹੱਤਵ ਰੱਖਦੇ ਹਨ। ਜਦੋਂ ਕਿ ਵਿਸ਼ਿਸ਼ਟ ਸਾਹਿਤ ਵਿਚ ਨਵੀਨਤਾ, ਮੌਲਿਕਤਾ, ਵਿਲੱਖਣਤਾ, ਕਲਪਨਾ ਤੇ ਭੋਗੇ ਹੋਏ ਯਥਾਰਥ ਨਾਲ ਜੁੜਿਆ ਅਨੁਭਵ ਵਧੇਰੇ ਮਹੱਤਵ ਰੱਖਦਾ ਹੈ।

ਲੋਕ-ਸਾਹਿਤ ਅੰਦਰ ਰਚਨਾਕਾਰ ਨਾਲੋਂ ਰਚਨਾ ਦਾ ਮਹੱਤਵ ਵਧੇਰੇ ਮੰਨਿਆ ਜਾਂਦਾ ਹੈ, ਜਦੋਂ ਕਿਸੇ ਵਿਅਕਤੀ ਵਿਸ਼ੇਸ਼ ਦੀ ਰਚਨਾ ਇਤਿਹਾਸਕ ਅਮਲ ਦੌਰਾਨ ਮੌਖਿਕ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਸੰਚਾਰ ਕਰਦੀ ਹੈ ਤਾਂ ਅਜਿਹੀ ਰਚਨਾ ਲੋਕ-ਸਾਹਿਤ ਦੀ ਚੀਜ਼ ਬਣ ਜਾਂਦੀ ਹੈ। ਇਸ ਰਚਨਾ ਨਾਲੋਂ ਲੇਖਕ ਦਾ ਨਾਮ ਲਾਂਭੇ ਹੋ ਜਾਂਦਾ ਹੈ। ਲੋਕ-ਸਾਹਿਤ ਦੀ ਸਿਰਜਣਾ ਲਈ ਕਿਸੇ ਉਚੇਚੇ ਸ਼ਾਸਤਰੀ ਨੇਮ ਵਿਧਾਨ ਦੀ ਲੋੜ ਨਹੀਂ ਹੁੰਦੀ।


ਸਪਸ਼ਟ ਹੈ ਕਿ ਲੋਕ-ਸਾਹਿਤ ਪਰੰਪਰਾਗਤ ਸੰਸਕਾਰਾਂ ਵਿਚੋਂ ਆਪ ਮੁਹਾਰੇ ਫੁੱਟਦਾ ਹੈ। ਲੋਕ-ਸਾਹਿਤ ਸਾਂਸਕ੍ਰਿਤਿਕ ਪਰੰਪਰਾ ਦਾ ਵਿਸ਼ੇਸ਼ ਅੰਗ ਵੀ ਹੈ, ਇਜ਼ਹਾਰ ਵੀ ਤੇ ਵਾਹਕ ਵੀ। ਇਹ ਉਹ ਗਹਿਰਾ ਸਾਗਰ ਹੈ ਜਿਸ ਦੀ ਗਤੀ ਤੇ ਗਹਿਰਾਈ ਨੂੰ ਮਾਪਿਆ ਨਹੀਂ ਜਾ ਸਕਦਾ ਕੇਵਲ ਅਨੁਭਵ ਕੀਤਾ ਜਾ ਸਕਦਾ ਹੈ।

***ਹਵਾਲੇ ਤੇ ਟਿੱਪਣੀਆਂ-***


1. ਅਮਰਜੀਤ ਸਿੰਘ ਢਿੱਲੋਂ, ਪੰਜਾਬੀ ਲੋਕ-ਸਾਹਿਤ ਇਕ ਅਧਿਐਨ, ਪੰਨਾ-37
2. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਅੱਠਵੀਂ, ਪੰਨਾ-2034
3. ਡਾ. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਪੰਨਾ-111
4. ਡਾ. ਹਜ਼ਾਰੀ ਪ੍ਰਸ਼ਾਦ ਦਿਵੇਦੀ, ਹਿੰਦੀ ਭਕਤਿ-ਸਾਹਿਤਯ ਮੇਂ ਲੋਕ ਤੱਤ੍ਵ, ਪੰਨਾ-72
5. ਨਰਿੰਦਰ ਧੀਰ, ਪੰਜਾਬੀ ਲੋਕ-ਸਾਹਿਤ ਅਤੇ ਉਸ ਦਾ ਵਰਗੀਕਰਨ (ਲੇਖ) ਆਲੋਚਨਾ, ਪੰਨਾ-36
6. ਡਾ, ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ-30
7. ਡਾ. ਜਸਵਿੰਦਰ ਸਿੰਘ, ਪੰਜਾਬੀ ਲੋਕ-ਸਾਹਿਤ ਸ਼ਾਸਤਰ, ਪੰਨਾ-1,2
8. ਡਾ. ਟੀ. ਆਰ. ਵਿਨੋਦ, ਸੰਸਕ੍ਰਿਤੀ-ਸਿਧਾਂਤ ਅਤੇ ਵਿਹਾਰ, ਪੰਨਾ-204
9. ਡਾ. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਤੇ ਮੂਲ ਸਰੋਕਾਰ, ਪੰਨਾ-234
10. ਡਾ. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ-28
11. ਡਾ. ਜਸਵਿੰਦਰ ਸਿੰਘ, ਪੰਜਾਬੀ ਲੋਕ-ਸਾਹਿਤ ਸ਼ਾਸਤਰ, ਪੰਨਾ-8
12. ਡਾ. ਸਤੇਂਦਰ, ਲੋਕ ਸਾਹਿਤ ਵਿਗਿਆਨ, ਪੰਨਾ-16



**ਪਤਾ-ਰਿਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ।**



By Savi Sawarkar

# ਜਨ ਬੋਧ

## ਅੰਬੇਦਕਰਵਾਦ ਅਤੇ ਦਲਿਤ ਸਵਾਲ / ਪ੍ਰੋ. ਹਰਭਜਨ ਸਿੰਘ

ਮੇਰੇ ਵਿਚਾਰ ਅਨੁਸਾਰ ਅੰਬੇਦਕਰਵਾਦੀ ਵਿਚਾਰਧਾਰਾ ਦੇ ਦਲਿਤ ਸਵਾਲ ਨਾਲ ਸਬੰਧਿਤ ਇਹ ਬੁਨਿਆਦੀ ਮੁੱਦੇ ਹੋ ਸਕਦੇ ਹਨ:

(1) ਲਾਜ਼ਮੀ ਤੇ ਮੁਫ਼ਤ ਮੁਢਲੀ ਵਿਦਿਆ ਅਤੇ ਸਸਤੀ ਹੁਨਰਮੰਦ ਤੇ ਉੱਚ ਸਿੱਖਿਆ।

(2) ਦਲਿਤ ਚੇਤਨਾ ਤੇ ਆਧਾਰਿਤ ਵਿਆਪਕ ਦਲਿਤ ਸੰਗਠਨ ਤੇ ਜਾਤੀਵਾਦ ਵਿਰੁੱਧ ਜਨ-ਸੰਘਰਸ਼।

(3) ਦਲਿਤ ਵਰਗਾਂ ਲਈ ਹਰ ਖੇਤਰ ਵਿਚ ਰਾਖਵਾਂਕਰਨ ਤੇ ਇਸ ਦਾ ਸਹੀ ਪ੍ਰਸ਼ਾਸਕੀ ਅਮਲ।

(4) ਬ੍ਰਾਹਮਣਵਾਦੀ ਸੰਸਕ੍ਰਿਤੀ, ਸਾਮੰਤੀ ਰੂੜੀਵਾਦੀ ਸੰਸਕਾਰਾਂ ਤੇ ਕਦਰਾਂ-ਕੀਮਤਾਂ ਦਾ ਨਿਖੇਧ।

(5) ਹਰ ਪ੍ਰਕਾਰ ਦੇ ਸਰੀਰਕ-ਮਾਨਸਿਕ-ਲਿੰਗਕ ਸ਼ੋਸ਼ਣ ਤੇ ਵਿਤਕਰੇ ਤੋਂ ਮੁਕਤੀ।

(6) ਨਿਆਂ-ਆਧਾਰਿਤ ਮਨੁੱਖੀ ਬਰਾਬਰੀ ਵਾਲੀ ਸਮਾਜਕ ਵਿਵਸਥਾ ਦੀ ਸਥਾਪਨਾ।

ਉਂਜ ਬੇਸ਼ਕ, ਇਕ ਸੱਤਵਾਂ ਮੁੱਦਾ 'ਬੁੱਧ ਧਾਮ' ਜਾਂ 'ਬੁੱਧ ਧਰਮ' ਦਾ ਵੀ ਹੈ, ਪਰ ਇਸ ਬਾਰੇ ਸਾਰੇ ਅੰਬੇਦਕਰਵਾਦੀ ਵਿਦਵਾਨਾਂ ਅਤੇ ਸਿਧਾਂਤਕਾਰਾਂ ਦੀ ਇਕ ਰਾਏ ਨਹੀਂ ਬਣ ਸਕੀ ਹੈ। ਕਈ ਅੰਬੇਦਕਰਵਾਦੀ ਸਿਧਾਂਤਕਾਰ ਬੁੱਧ ਧਰਮ ਨੂੰ ਹਿੰਦੂ ਧਰਮ ਦੇ ਵਿਕਲਪ ਵਜੋਂ ਅਪਣਾਉਣ ਦੀ ਵਕਾਲਤ ਕਰ ਰਹੇ ਹਨ। ਕਈ ਬੋਧੀ ਵਿਚਾਰਾਂ ਅਰਥਾਤ ਬੁੱਧ ਦਰਸ਼ਨ ਨੂੰ ਤਾਂ ਮੰਨਣ ਲਈ ਤਿਆਰ ਹਨ ਪਰ ਬੁੱਧ ਧਰਮ ਨੂੰ ਨਹੀਂ ਅਪਣਾਉਣਾ ਚਾਹੁੰਦੇ। ਕਈ ਅੰਬੇਦਕਰਵਾਦੀ ਇਸ ਧਰਮ ਪਰਿਵਰਤਨ ਨੂੰ ਇਕ ਵਿਚਾਰਧਾਰਕ ਭਟਕਾਵ ਸਮਝਦੇ ਹੋਏ ਹਿੰਦੂ ਧਰਮ ਵਿਚ ਹੀ ਰਹਿਣਾ ਪਸੰਦ ਕਰਦੇ ਹਨ ਪਰ ਉਸ ਅੰਦਰ ਬਰਾਬਰ ਦੀ ਹੈਸੀਅਤ ਚਾਹੁੰਦੇ ਹਨ। ਪਰ ਇਨ੍ਹਾਂ ਸਾਰੇ ਤਰ੍ਹਾਂ ਦੇ ਅੰਬੇਦਕਰਵਾਦੀ ਮਿਲ ਕੇ ਵੀ ਸਮੁੱਚੇ ਦਲਿਤ ਵਰਗਾਂ ਦਾ ਇਕ ਛੋਟਾ ਹਿੱਸਾ ਹੀ ਬਣਦੇ ਹਨ ਕਿਉਂਕਿ ਉਹ ਦਲਿਤ ਸਮੂਹ ਵੀ ਮੌਜੂਦ ਹਨ ਜੋ ਰਵੀਦਾਸ ਭਗਤ, ਕਬੀਰਪੰਥੀ, ਆਦਿ-ਧਰਮੀ, ਇਤਿਆਦਿ ਹੋਣ ਕਰਕੇ ਅੰਬੇਦਕਰਵਾਦੀ ਵਿਚਾਰਧਾਰਾ ਵਿਚ ਵਿਸ਼ਵਾਸ ਨਹੀਂ ਰੱਖਦੇ। ਇਹ ਸਮੂਹ ਧਾਰਮਿਕ ਸੰਦਰਭ ਵਿਚ ਵੀ ਬੁੱਧ ਧਰਮ ਨਾਲੋਂ ਮੂਲੋਂ ਵੱਖਰੀ ਕਿਸਮ ਦੀ ਪਰੰਪਰਾਗਤ ਧਾਰਮਿਕ ਸਮਝ ਰੱਖਦੇ ਹਨ। ਇਨ੍ਹਾਂ ਤੋਂ ਇਲਾਵਾ ਇਕ ਗੌਲਣਜੋਗ ਹਿੱਸਾ ਸਾਧਾਂ, ਸੰਤਾਂ, ਪੀਰਾਂ, ਫਕੀਰਾਂ, ਪੈਗੰਬਰਾਂ ਅਤੇ ਨਵੇਂ ਪੁਰਾਣੇ ਡੇਰਿਆਂ ਦਾ ਵੀ ਸ਼ਰਧਾਲੂ ਹੈ ਅਤੇ ਇਕ ਹਿੱਸਾ ਅਜੇਹਾ ਵੀ ਹੈ ਜੋ ਸਿੱਖ ਧਰਮ ਵਿਚ ਅਟੁੱਟ ਵਿਸ਼ਵਾਸ ਰੱਖਦਾ ਹੋਣ ਕਰਕੇ ਹਰ ਕਿਸਮ ਦੇ ਡੇਰਾਵਾਦ ਦੇ ਵਿਰੁੱਧ ਹੈ। ਜਦੋਂ ਕਿ ਦੇਸ਼ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਦਲਿਤ ਵਰਗਾਂ ਦੀ ਵੱਡੀ ਬਹੁਗਿਣਤੀ ਸਦੀਆਂ ਤੋਂ ਕਿਸੇ ਵੀ ਕਿਸਮ ਦੇ ਸੰਗਠਿਤ



ਧਰਮ ਵਿਚ ਆਸਥਾ ਅਤੇ ਕਿਸੇ ਵੀ ਧਰਮ ਅਸਥਾਨ ਦੀ ਪੂਜਾ-ਭਗਤੀ ਤੋਂ ਕੋਰਾ ਜੀਵਨ ਬਸਰ ਕਰਦੀ ਆ ਰਹੀ ਹੈ। ਜਿਸ ਨੂੰ ਆਪਣੇ ਆਪਣੇ 'ਧਰਮ-ਜਾਲ' ਵਿਚ ਫਸਾਉਣ ਲਈ ਵਿਭਿੰਨ ਕਿਸਮ ਦੀਆਂ ਸਮਾਜਕ, ਆਰਥਕ, ਰਾਜਨੀਤਕ ਅਤੇ ਧਾਰਮਿਕ ਸ਼ਕਤੀਆਂ ਹਮੇਸ਼ਾ ਸਰਗਰਮ ਰਹੀਆਂ ਹਨ। ਦਲਿਤ ਵਰਗਾਂ ਦੀਆਂ ਇਨ੍ਹਾਂ ਸਭ ਸ਼੍ਰੇਣੀਆਂ ਤੋਂ ਇਲਾਵਾ, ਦੇਸ਼ ਭਰ ਵਿਚ ਜਮਾਤੀ ਤੌਰ 'ਤੇ ਸੁਚੇਤ ਇਕ ਉਹ ਸ਼੍ਰੇਣੀ ਵੀ ਆਪਣੀ ਹੋਂਦ ਅਤੇ ਹੈਸੀਅਤ ਰੱਖਦੀ ਹੈ ਜੋ ਮਾਰਕਸਵਾਦੀ ਵਿਚਾਰਧਾਰਾ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਕਿਸੇ ਵੀ ਕਿਸਮ ਦੇ ਧਰਮ, ਰੱਬ, ਅੰਧ-ਵਿਸ਼ਵਾਸ ਜਾਂ ਪੂਜਾ-ਅਰਾਧਨਾ ਵਿਚ ਵਿਸ਼ਵਾਸ ਨਹੀਂ ਰੱਖਦੇ।

ਇਸ ਲਈ ਸਮੂਹ ਦਲਿਤ ਵਰਗਾਂ ਦੇ ਜੀਵਨ-ਢੰਗ ਨੂੰ ਕਿਸੇ ਵੀ ਇਕ ਧਰਮ ਜਾਂ ਆਸਥਾ ਵਿਚ ਢਾਲਣਾ ਅਸੰਭਵ ਲੱਗਦਾ ਹੈ ਕਿਉਂਕਿ ਕਿਸੇ ਵੀ ਰੱਬ ਜਾਂ ਧਰਮ ਨੂੰ ਮੰਨਣਾ ਜਾਂ ਨਾ-ਮੰਨਣਾ ਮਨੁੱਖ ਦੇ ਬੁਨਿਆਦੀ ਅਤੇ ਕੁਦਰਤੀ ਅਧਿਕਾਰਾਂ ਵਿਚੋਂ ਇਕ ਹੈ। ਇਸ ਕਰਕੇ ਅਨੇਕ ਦਲਿਤ ਚਿੰਤਕ ਇਹ ਗੱਲ ਕਹਿ ਰਹੇ ਹਨ ਕਿ ਦਲਿਤ ਸਮੱਸਿਆ ਦੇ ਸਮਾਧਾਨ ਦਾ ਧਰਮ ਪਰਿਵਰਤਨ ਨਾਲ ਕੋਈ ਸੰਬੰਧ ਨਹੀਂ ਹੈ ਕਿਉਂਕਿ ਇਹ ਸਮਾਜਕ-ਆਰਥਕ-ਰਾਜਨੀਤਕ-ਸਭਿਆਚਾਰਕ ਸਮੱਸਿਆ ਹੈ, ਨਿਰੋਲ ਧਾਰਮਿਕ ਨਹੀਂ। ਇਸੇ ਕਾਰਨ ਮੁਗਲ ਰਾਜ ਦੌਰਾਨ ਜ਼ਬਰਨ ਮੁਸਲਮਾਨ ਬਣਾਏ ਗਏ ਅਤੇ ਬਰਤਾਨਵੀ ਬਸਤੀਵਾਦੀ ਕਾਲ ਦੌਰਾਨ ਲੋਭ-ਵੱਸ ਇਸਾਈ ਬਣਨ ਵਾਲੇ ਲੋਕਾਂ ਵਿਚੋਂ ਵੱਡੀ ਅਨੁਪਾਤ ਉਨ੍ਹਾਂ ਦਲਿਤ ਵਰਗਾਂ ਦੀ ਹੈ, ਜੋ ਇਨ੍ਹਾਂ ਨਵੇਂ ਧਾਰਮਿਕ ਰੁਤਬਿਆਂ ਦੇ ਬਾਵਜੂਦ ਅੱਜ ਤੱਕ ਵੀ ਬੇਹੱਦ ਗੁਰਬਤ, ਬੇਕਦਰੀ ਅਤੇ ਜ਼ਹਾਲਤ ਭਰੀ ਜ਼ਿੰਦਗੀ ਬਸਰ ਕਰ ਰਹੇ ਹਨ। ਪਰ ਇਸ ਲੇਖ ਵਿਚ ਮੈਂ ਸਿਰਫ਼ ਅੰਬੇਦਕਰਵਾਦੀ ਵਿਚਾਰਧਾਰਾ ਅਤੇ ਦਲਿਤ ਸਵਾਲ ਬਾਰੇ ਹੀ ਆਪਣੇ ਵਿਚਾਰ ਪੇਸ਼ ਕਰਨ ਜਾ ਰਿਹਾ ਹਾਂ।

ਅੰਬੇਦਕਰਵਾਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਲੋਕਾਂ ਵਿਚ ਧਰਮ ਦੇ ਮਸਲੇ ਉਪਰ ਬੇਸ਼ਕ ਮਤਭੇਦ ਮੌਜੂਦ ਹਨ, ਪਰ ਇਹ ਸਾਰੇ ਲੋਕ ਹਰ ਪ੍ਰਕਾਰ ਦੇ ਜਾਤੀਵਾਦੀ ਪੀੜਨ, ਛੂਤ-ਛਾਤ, ਊਚ-ਨੀਚ, ਸਰੀਰਕ-ਮਾਨਸਿਕ ਸ਼ੋਸ਼ਣ, ਹੀਣ-ਭਾਵਨਾ, ਬੇਇਨਸਾਫੀ ਅਤੇ ਵਿਤਕਰੇ ਨੂੰ ਖਤਮ ਕਰਨ ਲਈ ਬ੍ਰਾਹਮਣਵਾਦੀ ਸੰਸਕ੍ਰਿਤੀ ਤੋਂ ਮੁਕੰਮਲ ਮੁਕਤੀ ਪਹਿਲੀ ਤੇ ਲਾਜ਼ਮੀ ਸ਼ਰਤ ਸਮਝਦੇ ਹਨ। ਇਸ ਕਰਕੇ ਬ੍ਰਾਹਮਣਵਾਦੀ ਸੰਸਕ੍ਰਿਤੀ ਨੂੰ ਹਰ ਰੂਪ ਵਿਚ ਖਤਮ ਕਰਨਾ ਆਪਣਾ ਪ੍ਰਮੁੱਖ ਨਿਸ਼ਾਨਾ ਅਤੇ ਜਾਤੀਵਾਦ ਦੇ ਸਮੂਹ ਖਾਤਮੇ ਨੂੰ ਮੁੱਖ ਉਦੇਸ਼ ਤੈਅ ਕਰਦੇ ਹਨ। ਇਨ੍ਹਾਂ ਲੋਕਾਂ ਵਿਚ ਉਹ ਚਿੰਤਕ ਅਤੇ ਸਿਧਾਂਤਕਾਰ ਵੀ ਸ਼ਾਮਲ ਹਨ, ਜੋ ਅੰਬੇਦਕਰਵਾਦੀ ਵਿਚਾਰਧਾਰਾ ਨੂੰ ਦਲਿਤ ਮੁਕਤੀ ਦਾ ਇਕੋ ਇਕ ਮਾਰਗ-ਦਰਸ਼ਕ ਸਿਧਾਂਤ ਮੰਨਦੇ ਹਨ ਅਤੇ ਦਲਿਤ ਸਵਾਲ ਨੂੰ ਸਮਾਜਕ ਵਿਵਸਥਾ ਅਤੇ ਸਭਿਆਚਾਰ ਦਾ ਸਵਾਲ ਸਮਝਦੇ ਹਨ। ਇਹ ਬਾਖੂਬੀ ਜਾਣਦੇ ਹੋਏ ਵੀ ਕਿ ਦਲਿਤ ਵਰਗਾਂ ਦੀ ਵੱਡੀ ਬਹੁ-ਗਿਣਤੀ ਸਿਰਫ਼ ਸਮਾਜਕ ਰੂਪ ਵਿਚ ਹੀ ਨਹੀਂ, ਸਗੋਂ ਆਰਥਕ ਰੂਪ ਵਿਚ ਵੀ ਸਭ ਤੋਂ ਵੱਧ ਸ਼ੋਸ਼ਿਤ, ਪੀੜਤ ਅਤੇ ਸਾਧਨ-ਵਿਹੂਣੀ ਹੈ; ਇਹ ਦਲਿਤ ਸਿਧਾਂਤਕਾਰ ਸਮਾਜਕ ਪਹਿਲੂ ਨੂੰ ਪ੍ਰਮੁੱਖ ਮੰਨਦੇ ਹੋਏ ਦਲਿਤ ਸਮੱਸਿਆ ਦੀ ਮੂਲ ਜੜ੍ਹ ਉਸ ਸਮਾਜਕ-ਸੰਸਕ੍ਰਿਤਕ ਵਿਵਸਥਾ ਨੂੰ ਮੰਨਦੇ ਹਨ ਜੋ 'ਜਨਮ-ਸਿਧਾਂਤ' ਅਤੇ 'ਕਰਮ-ਸਿਧਾਂਤ' ਦੇ ਆਧਾਰ 'ਤੇ ਮਨੁੱਖ ਵਿਚ ਵੰਡੀਆਂ ਪਾਉਂਦੀ ਹੈ। ਇਸ ਲਈ ਅੰਬੇਦਕਰਵਾਦੀ ਵਿਚਾਰਧਾਰਾ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ ਦਲਿਤ ਚੇਤਨਾ ਅਤੇ ਜਮਾਤੀ ਚੇਤਨਾ ਵਿਚ ਅੰਤਰ-ਵਿਰੋਧ ਤੇ ਅੰਤਰ-ਸੰਬੰਧ ਬਾਰੇ ਜਾਣਨ ਦੀ ਲੋੜ ਹੈ ਕਿਉਂਕਿ ਇਸੇ ਵਿਚੋਂ ਜਾਤੀਵਾਦ ਵਿਰੋਧੀ ਅੰਦੋਲਨ ਤੇ ਜਮਾਤੀ ਸੰਘਰਸ਼ ਪ੍ਰਤੀ ਸਹੀ ਦ੍ਰਿਸ਼ਟੀਕੋਣ ਤੈਅ ਕੀਤਾ ਜਾ ਸਕਦਾ ਹੈ।

### ਜਮਾਤੀ ਚੇਤਨਾ ਤੇ ਅੰਦੋਲਨ ਪ੍ਰਤੀ ਪਹੁੰਚ:

ਜਮਾਤੀ ਚੇਤਨਾ ਤੇ ਅੰਦੋਲਨ ਪ੍ਰਤੀ ਪਹੁੰਚ ਨੂੰ ਲੈ ਕੇ ਅੰਬੇਦਕਰਵਾਦੀਆਂ ਵਿਚ ਮੋਟੇ ਤੌਰ ਤੇ ਦੋ ਪ੍ਰਕਾਰ ਦੇ ਦ੍ਰਿਸ਼ਟੀਕੋਣ ਮੌਜੂਦ ਹਨ: ਇਕ ਹਿੱਸਾ ਜਮਾਤੀ ਅੰਦੋਲਨ ਨੂੰ ਦਲਿਤ ਅੰਦੋਲਨ ਦੇ ਸਾਮਾਨੰਤਰ

ਤੇ ਵਿਰੋਧੀ ਸਮਝਦਾ ਹੈ ਅਤੇ ਦੂਜਾ ਹਿੱਸਾ ਦੋਨਾਂ ਨੂੰ ਅੰਤਰ-ਸੰਬੰਧਿਤ ਅਤੇ ਇਕ ਦੂਜੇ ਦੇ ਪੂਰਕ ਸਮਝਦਾ ਹੈ। ਇਕ ਕਿਸਮ ਦੀ ਅੰਬੇਦਕਰਵਾਦੀ ਚਿੰਤਨ-ਧਾਰਾ ਜਮਾਤੀ ਸੰਘਰਸ਼ ਦੀ ਧਾਰਨਾ ਨੂੰ ਮੂਲੋਂ ਰੱਦ ਕਰਕੇ ਜਾਤੀਵਾਦ ਵਿਰੁੱਧ ਦਲਿਤ ਅੰਦੋਲਨ ਨੂੰ ਦਲਿਤ ਮੁਕਤੀ ਦਾ ਇਕੋ ਇਕ ਰਾਹ ਮੰਨਣ ਤੱਕ ਪਹੁੰਚ ਜਾਂਦੀ ਹੈ ਅਤੇ ਦੂਜੀ ਕਿਸਮ ਦੀ ਚਿੰਤਨ-ਧਾਰਾ, ਦਲਿਤ ਮੁਕਤੀ ਲਈ ਦਲਿਤ ਅੰਦੋਲਨ ਨੂੰ ਪ੍ਰਮੁੱਖ ਤਾਂ ਮੰਨਦੀ ਹੈ ਪਰ ਉਸਦੇ ਨਾਲ ਜਮਾਤੀ ਚੇਤਨਾ ਅਤੇ ਜਮਾਤੀ ਸੰਘਰਸ਼ ਨੂੰ ਵੀ ਲਾਜ਼ਮੀ ਸਮਝਦੀ ਹੈ। ਇਸ ਲਈ ਅੰਬੇਦਕਰਵਾਦੀ ਵਿਚਾਰਧਾਰਾ ਨੂੰ ਮੰਨਣ ਵਾਲਿਆਂ ਵਿਚ ਵੀ ਦੋ ਕਿਸਮ ਦੇ ਖੇਮੇ ਬਣ ਗਏ ਹਨ। ਇਹ ਉਸੇ ਤਰ੍ਹਾਂ ਦੇ ਖੇਮੇ ਬਣ ਗਏ ਹਨ। ਇਕ ਉਹ ਮੌਕਾਪ੍ਰਸਤ ਸੰਸਦਵਾਦੀ ਖੇਮਾ ਜੋ ਆਪਣੇ ਵਿਅਕਤੀਗਤ ਹਿੱਤਾਂ ਦੀ ਪੂਰਤੀ ਲਈ ਸਮੂਹਿਕ ਹਿੱਤਾਂ ਦੀ ਬਲੀ ਚੜ੍ਹਾਉਂਦਾ ਹੈ ਅਤੇ ਦੂਜਾ ਉਹ ਖੇਮਾ, ਜੋ ਦਲਿਤ ਚੇਤਨਾ, ਦਲਿਤ ਅੰਦੋਲਨ ਅਤੇ ਦਲਿਤ ਮੁਕਤੀ ਪ੍ਰਤੀ ਈਮਾਨਦਾਰ, ਕਰਮਸ਼ੀਲ ਅਤੇ ਵਚਨਬੱਧ ਵੀ ਹੈ ਅਤੇ ਆਪਣੇ ਵਿਅਕਤੀਗਤ ਹਿੱਤਾਂ ਤੋਂ ਉਪਰ ਉੱਠ ਕੇ ਸਮੂਹਿਕ ਹਿੱਤਾਂ ਲਈ ਕੰਮ ਵੀ ਕਰ ਰਿਹਾ ਹੈ।

ਪਹਿਲਾ ਖੇਮਾ ਡਾ. ਭੀਮ ਰਾਓ ਅੰਬੇਦਕਰ ਨੂੰ 'ਬਾਬਾ ਸਹਿਬ, ਬਾਬਾ ਸਾਹਿਬ' ਕਹਿ ਕੇ, 'ਰੱਬ' ਜਾਂ 'ਬੁੱਤ' ਬਣਾ ਕੇ ਪੇਸ਼ ਕਰ ਰਿਹਾ ਹੈ ਅਤੇ ਉਹਦੇ ਪ੍ਰਤੀ ਦਲਿਤ ਵਰਗਾਂ ਅੰਦਰ ਮੌਜੂਦ ਸ਼ਰਧਾ-ਭਾਵਨਾ ਤੇ ਸਤਿਕਾਰ ਦਾ ਆਪਣੇ ਕੈਰੀਅਰਵਾਦੀ, ਵਿਅਕਤੀਵਾਦੀ, ਐਸ਼ਵਾਦੀ ਮਨਸੂਬਿਆਂ ਲਈ ਲਾਹਾ ਲੈ ਰਿਹਾ ਹੈ। ਇਹ ਉਹ ਮੌਕਾਪ੍ਰਸਤ ਖੇਮਾ ਹੈ, ਜੋ ਸਦੀਆਂ ਤੋਂ ਚਲੇ ਆ ਰਹੇ ਸ਼ੋਸ਼ਣ-ਪੀੜਨ-ਵਿਤਕਰੇ ਦੇ ਵਿਰੁੱਧ ਦਲਿਤ ਭਾਵਨਾਵਾਂ ਨੂੰ ਆਪਣੇ ਵੋਟ ਬੈਂਕ ਵਿਚ ਬਦਲ ਕੇ ਆਪਣੇ ਨਿੱਜੀ ਮੰਤਵਾਂ ਲਈ ਇਸਤੇਮਾਲ ਕਰ ਰਿਹਾ ਹੈ। ਇਸ ਖੇਮੇ ਦਾ ਜਾਤੀਵਾਦ ਨੂੰ ਖਤਮ ਕਰਨਾ ਮੁੱਖ ਅਜੰਡਾ ਨਹੀਂ ਹੈ, ਨਾ ਬ੍ਰਾਹਮਣਵਾਦੀ ਸੰਸਕ੍ਰਿਤੀ ਅਤੇ ਸਾਮੰਤੀ ਵਿਵਸਥਾ ਦੇ ਵਿਰੁੱਧ ਸੰਘਰਸ਼ ਕਰਨਾ ਹੀ ਕੋਈ ਨਿਸ਼ਾਨਾ ਹੈ। ਦਰਅਸਲ, ਇਹ ਖੇਮਾ ਦਲਿਤ ਵਰਗਾਂ ਵਿਚੋਂ ਪੈਦਾ ਹੋਇਆ ਉਹ ਗੁੱਟ ਹੈ ਜੋ ਵਰਤਮਾਨ ਸਿਸਟਮ, ਸਟੇਟ ਅਤੇ ਸੱਤਾ ਦਾ ਇਕ ਅੰਗ ਬਣ ਚੁੱਕਾ ਹੈ ਅਤੇ ਦਲਿਤ ਵਰਗਾਂ ਨੂੰ ਆਪਣੀ ਕੁਰਸੀ ਦੀ ਖੇਡ ਲਈ ਇਸਤੇਮਾਲ ਕਰ ਰਿਹਾ ਹੈ। ਜਿਸ ਦੇ ਫਲਸਰੂਪ ਇਸ ਖੇਮੇ ਦੇ ਅਨੇਕ ਵਿਅਕਤੀਆਂ ਨੇ ਸੱਤਾ ਵਿਚ ਹਿੱਸੇਦਾਰੀ ਦੀ ਕਾਫ਼ੀ ਉੱਚੀ ਮੰਜ਼ਲ ਵੀ ਤੈਅ ਕਰ ਲਈ ਹੈ ਅਤੇ ਇਕ ਸ਼ਕਤੀਸ਼ਾਲੀ ਚੁਣਾਵ ਮਸ਼ੀਨਰੀ ਤੇ ਜਾਤੀਵਾਦੀ ਸਮੀਕਰਣ ਵੀ ਪੈਦਾ ਕਰ ਲਏ ਹਨ, ਜੋ ਚੁਣਾਵਬਾਜ਼ ਰਾਜਨੀਤੀ ਦੀ ਇਕ ਮੂਲ ਚੂਲ਼ ਹੈ। ਇਸ ਲਈ ਇਹ ਦਲਿਤ ਸਿਆਸਤਦਾਨ ਹੁਣ ਆਪਣੇ ਆਪ ਨੂੰ ਬਹੁ-ਜਨ ਸਮਾਜ ਕਹਿਣ ਦੀ ਬਜਾਇ, ਸਰਵ-ਜਨ ਸਮਾਜ ਕਹਿਣ ਲੱਗ ਪਏ ਹਨ ਅਤੇ ਦਲਿਤ ਵਰਗਾਂ ਦੇ ਹਿੱਤਾਂ ਨੂੰ ਮਹਿਜ਼ ਇਕ ਚੁਣਾਵੀ ਮੁੱਦਾ ਬਣਾ ਕੇ, ਵਰਤਮਾਨ ਸਾਮੰਤੀ ਪੂੰਜੀਵਾਦੀ ਢਾਂਚੇ ਵਿਚ ਆਪਣੀ ਹਿੱਸੇਦਾਰੀ ਨੂੰ ਨਿਸ਼ਚਿਤ ਕਰਨ ਲਈ ਵਰਤ ਰਹੇ ਹਨ।

ਇਹ ਦਲਿਤ ਖੇਮਾ ਨਾ ਤਾਂ ਕਿਸੇ ਕਿਸਮ ਦਾ ਦਲਿਤ ਮੁਕਤੀ ਅੰਦੋਲਨ ਚਾਹੁੰਦਾ ਹੈ ਅਤੇ ਨਾ ਹੀ ਜਮਾਤੀ ਅੰਦੋਲਨ। ਇਸ ਨਾਲ ਜੁੜੇ ਕਈ ਪ੍ਰਸਿੱਧ ਵਿਅਕਤੀ ਤੇ ਵਿਦਵਾਨ ਤਾਂ ਦਲਿਤ ਵਰਗਾਂ ਅੰਦਰ ਜਾਤੀਵਾਦੀ ਸਵੈ-ਪਹਿਚਾਣ, ਜਾਤੀਵਾਦੀ ਗਰਵ ਅਤੇ ਸਵੈ-ਅਭਿਮਾਨ ਪੈਦਾ ਕਰਨ ਦੀ ਵਕਾਲਤ ਤੱਕ ਵੀ ਕਰ ਰਹੇ ਹਨ ਤਾਂ ਜੋ ਜਾਤੀਵਾਦ ਨੂੰ ਖਤਮ ਕਰਨ ਦਾ ਮਕਸਦ ਹੀ ਦਿਸ਼ਾ ਹੀਨ ਹੋ ਕੇ ਧੁਮਿਲ ਹੋ ਜਾਏ। ਜਾਤੀਵਾਦ ਦੇ ਵਿਰੁੱਧ ਇਕ ਦੇਸ਼ ਵਿਆਪੀ ਜਨ-ਅੰਦੋਲਨ ਲਾਮਬੰਦ ਕਰਨ ਅਤੇ ਇਕ ਵਿਆਪਕ ਦਲਿਤ ਸੰਗਠਨ ਦੇ ਨਿਰਮਾਣ ਨਾਲ ਇਨ੍ਹਾਂ ਦਾ ਹੁਣ ਦੂਰ ਦਾ ਵੀ ਵਾਸਤਾ ਨਹੀਂ ਰਿਹਾ। ਦਲਿਤ ਚੇਤਨਾ ਅਤੇ ਦਲਿਤ ਕਰਾਂਤੀ ਵਰਗੇ ਮੁੱਦੇ ਵੀ ਇਨ੍ਹਾਂ ਦੇ ਅਜੰਡੇ ਦਾ ਹਿੱਸਾ ਸਿਰਫ਼ ਚੁਣਾਵਬਾਜ਼ ਲੱਫਾਜ਼ੀ ਕਰਨ ਲਈ ਬਣਦੇ ਹਨ ਅਤੇ ਚੁਣਾਵ ਖਤਮ ਹੁੰਦੇ ਹੀ ਇਹ ਨੇਤਾਗਣ ਵੀ ਬਾਕੀ ਤਮਾਮ ਸੰਸਦੀ ਨੇਤਾਵਾਂ ਵਾਂਗ ਕੋਈ ਨ ਕੋਈ ਕੁਰਸੀ ਪ੍ਰਾਪਤ ਕਰਨ, ਇਹਦੇ ਮਾਧਿਅਮ ਰਾਹੀਂ ਦੌਲਤ ਇਕੱਠੀ ਕਰਨ ਅਤੇ ਹੋਰ ਉੱਚੀ ਕੁਰਸੀ ਲਈ ਜੋੜ-ਤੋੜ ਕਰਨ ਵਿਚ ਰੁੱਝ ਜਾਂਦੇ ਹਨ।

ਇਸ ਲਈ ਇਹਨਾਂ ਦਲਿਤ ਲੀਡਰਾਂ ਦੀ ਦਲਿਤ ਹਿੱਤਾਂ ਤੇ ਦਲਿਤ ਚੇਤਨਾ ਦੀ ਦੁਹਾਈ ਕੁਰਸੀ ਪ੍ਰਾਪਤ ਕਰਨ ਤੇ ਇਸ ਨੂੰ ਸੁਰੱਖਿਤ ਰੱਖਣ ਤੱਕ ਸੀਮਿਤ ਹੋ ਗਈ ਹੈ। ਇਸੇ ਲਈ ਇਨ੍ਹਾਂ ਦੀ ਮੁੱਖ



ਰਾਜਨੀਤਕ ਧਾਰਾ ਦਲਿਤ ਸਵਾਲ ਨੂੰ ਜਮਾਤੀ ਸਵਾਲ ਨਾਲੋਂ ਨਿਖੇੜ ਕੇ ਅਤੇ ਦੋਨਾਂ ਨੂੰ ਇਕ ਦੂਜੇ ਦੇ ਵਿਰੁੱਧ ਖੜ੍ਹਾ ਕਰਕੇ ਦਲਿਤ ਚੇਤਨਾ ਨੂੰ ਜਮਾਤੀ ਚੇਤਨਾ ਤੋਂ ਵਾਂਝਿਆਂ ਕਰਨਾ ਹੈ ਤਾਂ ਜੋ ਆਪਣੀ ਲੋੜ ਅਤੇ ਸੁਵਿਧਾ ਮੁਤਾਬਕ ਇਹ ਹਾਕਮ ਵਰਗਾਂ ਦੇ ਕਿਸੇ ਵੀ ਧੜੇ ਜਾਂ ਪਾਰਟੀ ਨਾਲ ਸੌਦੇਬਾਜ਼ੀ ਕਰ ਸਕਣ। ਇਸ ਤਰ੍ਹਾਂ ਦੀ 'ਦੂਰ-ਦ੍ਰਿਸ਼ਟੀ' ਕਿਸੇ ਵੀ ਕਿਸਮ ਦੀ ਮੌਕਾਪ੍ਰਸਤ ਲੀਡਰਸ਼ਿੱਪ ਲਈ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ ਪਰ ਚਿੰਤਾਜਨਕ ਸਥਿਤੀ ਇਸ ਲਈ ਬਣ ਗਈ ਹੈ ਕਿ ਇਸ ਰਾਜਨੀਤਕ ਧਾਰਾ ਦੇ ਪ੍ਰਭਾਵ-ਆਧੀਨ ਕਈ ਦਲਿਤ ਵਿਦਵਾਨ ਵੀ ਜਮਾਤੀ ਸੰਘਰਸ਼ ਪ੍ਰਤੀ ਨਾਂਹ ਪੱਖੀ ਅਤੇ ਨਿੰਦਾਤਮਕ ਰੁੱਖ ਅਪਣਾਅ ਰਹੇ ਹਨ ਅਤੇ ਦਲਿਤ ਚੇਤਨਾ ਨੂੰ ਜਮਾਤੀ ਚੇਤਨਾ ਤੋਂ ਮਹਿਰੂਮ ਕਰਕੇ ਭੰਬਲ-ਭੂਸਿਆਂ ਦੇ ਬ੍ਰਹਿਮੰਡ ਵਿਚ ਮੰਡਰਾ ਰਹੇ ਹਨ। ਇਹ ਜਾਣਦੇ ਹੋਏ ਵੀ ਕਿ ਇਕ ਲੰਮੇ ਅਤੇ ਸ਼ਕਤੀਸ਼ਾਲੀ ਕਰਾਂਤੀਕਾਰੀ ਅੰਦੋਲਨ ਬਿਨਾ ਦਲਿਤ ਸਵਾਲ ਦਾ ਹੱਲ ਨਹੀਂ ਹੋ ਸਕਦਾ, ਇਹ ਦਲਿਤ ਚੇਤਨਾ ਨੂੰ ਅਸਲੀ ਮੁੱਦੇ ਅਤੇ ਰਸਤੇ ਤੋਂ ਭਟਕਾ ਰਹੇ ਹਨ ਅਤੇ ਮੌਕਾਪ੍ਰਸਤ ਦਲਿਤ ਲੀਡਰਸ਼ਿਪ ਦੀ 'ਵਾਹ ਵਾਹ !' ਖੱਟਣ ਲਈ ਦਲਿਤ ਵਰਗਾਂ ਅੰਦਰ ਨਵੇਂ ਸੰਸਦੀ ਭਰਮ ਅਤੇ ਨਵੀਂ ਕਿਸਮ ਦਾ ਜਾਤੀਵਾਦ ਪੈਦਾ ਕਰ ਰਹੇ ਹਨ।

ਪਰ ਸਵਾਲ ਇਹ ਹੈ, ਕੀ ਇਨ੍ਹਾਂ ਵਿਦਵਾਨਾਂ ਨੂੰ ਇਹ ਪੁੱਛਿਆ ਜਾ ਸਕਦਾ ਹੈ ਕਿ ਇਸ ਹਿੰਦੁਸਤਾਨੀ ਜਨਤੰਤਰ ਦੇ ਤਹਿਤ, ਜਿਸ ਦੇ ਆਰਥਕ ਆਧਾਰ ਅਤੇ ਸਮੁੱਚੀ ਬਣਤਰ ਉੱਤੇ ਸਾਮੰਤੀ ਅਤੇ ਪੂੰਜੀਪਤੀ ਵਰਗਾਂ ਦਾ ਕਬਜ਼ਾ ਹੈ, ਕੋਈ ਵੀ ਸਰਕਾਰ ਜਾਤੀਵਾਦ ਨੂੰ ਖਤਮ ਕਰਨ ਲਈ ਲੋਕਾਂ ਦੀ ਅਗਵਾਈ ਕਰ ਸਕਦੀ ਹੈ? ਕੀ ਇਹ ਸੰਸਦਵਾਦੀ ਰਾਜਨੀਤੀ ਲੁਟੇਰੇ ਵਰਗਾਂ ਦਾ ਮਿਹਨਤਕਸ਼ ਲੋਕਾਂ ਨੂੰ ਲੁੱਟਣ ਅਤੇ ਦਬਾ ਕੇ ਰੱਖਣ ਲਈ ਇਕ ਹਥਿਆਰ ਨਹੀਂ ਹੈ? ਕੀ ਇਹ ਵਰਤਮਾਨ ਸੱਤਾ ਪ੍ਰਣਾਲੀ ਬ੍ਰਾਹਮਣਵਾਦੀ ਸਾਮੰਤੀ ਸੰਸਕ੍ਰਿਤੀ ਉਪਰ ਅਧਾਰਿਤ ਨਹੀਂ ਹੈ? ਕੀ ਇਹ ਸਟੇਟ ਤੇ ਇਸ ਦਾ ਪ੍ਰਸ਼ਾਸਨ ਹਿੰਦੂ ਸ਼ਾਵਨਵਾਦੀ ਤਾਕਤਾਂ ਨੂੰ ਆਪਣੇ ਹੀ ਲੋਕਾਂ ਦਾ ਕਤਲੇਆਮ ਕਰਨ/ਕਰਾਉਣ ਦੀ ਖੁੱਲ੍ਹੀ ਛੁੱਟੀ ਨਹੀਂ ਦਿੰਦੀ? ਕੀ ਇਹ ਸੰਵਿਧਾਨ, ਲੋਕ ਹਿਤਾਂ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਕੋਈ ਸਜ਼ਾ ਦਿੰਦਾ ਹੈ? ਕੀ ਇਹ ਸੰਵਿਧਾਨ ਫਿਰਕੂ ਅਤੇ ਜਾਤੀ ਦੰਗਿਆਂ ਨਾਲ ਲੋਕਾਂ ਨੂੰ ਤਬਾਹ ਕਰਨ ਵਾਲੇ ਲੀਡਰਾਂ ਦੀ ਤਾਜ਼ਪੋਸ਼ੀ ਨਹੀਂ ਕਰਦਾ? ਕੀ ਇਹ ਸੰਵਿਧਾਨ, ਫਿਰਕਾ-ਪ੍ਰਸਤ ਮਠਾਧੀਸਾਂ, ਮਾਫੀਆ ਗਿਰੋਹਾਂ, ਰਿਸ਼ਵਤਖੋਰਾਂ, ਅੰਤਰ-ਰਾਸ਼ਟਰੀ ਵਿੱਤੀ ਪੂੰਜੀ ਤੇ ਸਾਮਰਾਜੀ ਖੁਫੀਆ-ਤੰਤਰ ਦੇ ਦਲਾਲਾਂ ਅਤੇ ਹੋਰ ਸਮਾਜ-ਵਿਰੋਧੀ ਅਨਸਰਾਂ ਨੂੰ ਸੰਸਦੀ ਲੀਡਰ ਬਣਨ ਵਿਚ ਕੋਈ ਰੁਕਾਵਟ ਪੈਦਾ ਕਰ ਸਕਦਾ ਹੈ? ਉਹ ਪ੍ਰਸ਼ਾਸਨ-ਤੰਤਰ, ਜੋ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਹੜੱਪ ਕਰਨ ਵਿਚ ਅਮੀਰ ਵਰਗਾਂ ਦੀ ਸ਼ਰੇ ਆਮ ਮਦਦ ਕਰ ਰਿਹਾ ਹੋਵੇ; ਜਿਸ ਪ੍ਰਸ਼ਾਸਨ ਦੇ ਉੱਚ-ਅਧਿਕਾਰੀ ਤੇ ਸਮੁੱਚੀ ਅਫਸਰਸ਼ਾਹੀ ਇਸ ਦੀ ਬਾਦੌਲਤ ਆਪਣੀਆਂ ਤਿਜੌਰੀਆਂ ਭਰ ਰਹੀ ਹੋਵੇ; ਜਿਸ ਪ੍ਰਸ਼ਾਸਨ ਦੇ ਸੱਠ ਸਾਲਾਂ ਦੇ ਰਾਜ-ਕਾਜ ਦੌਰਾਨ ਸੱਠ ਪ੍ਰਤੀਸ਼ਤ ਤੋਂ ਵੀ ਵੱਧ ਲੋਕਾਂ ਨੂੰ ਗਰੀਬੀ ਦੀ ਲਕੀਰ ਤੋਂ ਥੱਲੇ ਜ਼ਿੰਦਗੀ ਜੀਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੋਵੇ; ਉਹ ਪ੍ਰਸ਼ਾਸਨ ਵਰਤਮਾਨ ਸਮਾਜਕ, ਆਰਥਕ, ਰਾਜਨੀਤਕ, ਸਭਿਆਚਾਰਕ ਢਾਂਚੇ ਨੂੰ ਕਿਵੇਂ ਬਦਲ ਸਕਦਾ ਹੈ? ਇਸ ਢਾਂਚੇ ਨੂੰ ਬਦਲੇ ਬਿਨਾ ਦਲਿਤ ਵਰਗਾਂ ਦੇ ਸਮਾਜਕ ਆਰਥਕ ਸ਼ੋਸ਼ਣ, ਸਰੀਰਕ ਮਾਨਸਿਕ ਉਤਪੀੜਨ ਨੂੰ ਕਿੰਜ ਖਤਮ ਕੀਤਾ ਜਾ ਸਕਦਾ ਹੈ? ਇਸ ਢਾਂਚੇ ਤੇ ਸਟੇਟ ਦੇ ਬਰਕਰਾਰ ਰਹਿੰਦਿਆਂ ਦੇਸ਼ ਦੇ ਤਮਾਮ ਗਰੀਬ ਲੋਕਾਂ ਦੀਆਂ ਸਮੱਸਿਆਵਾਂ: ਬੇਰੁਜ਼ਗਾਰੀ, ਭੁੱਖਮਰੀ, ਬਿਮਾਰੀ, ਅਨਪੜ੍ਹਤਾ ਤੇ ਅੱਧਪੜ੍ਹਤਾ, ਆਦਿ ਨੂੰ ਕਿਵੇਂ ਸੁਲਝਾਇਆ ਜਾ ਸਕਦਾ ਹੈ?

ਇਸ ਵਿਵਸਥਾ ਦੇ ਬਣੇ ਰਹਿੰਦੇ ਕੀ ਕਿਸੇ ਦਲਿਤ ਸਰਕਾਰ ਦਾ ਕਿਸੇ ਕਾਂਗਰਸੀ ਸਰਕਾਰ ਨਾਲੋਂ ਕੋਈ ਫਰਕ ਸੰਭਵ ਹੋ ਸਕਦਾ ਹੈ? ਕੀ ਤਮਾਮ ਕਾਂਗਰਸੀ ਸਰਕਾਰਾਂ ਅਤੇ ਅਨੇਕ ਨੇਤਾ ਜੋ ਦਲਿਤ ਵਰਗਾਂ ਦੇ ਮਸੀਹਾ ਹੋਣ ਦੀ ਸ਼ੇਖੀ ਮਾਰਦੇ ਰਹੇ ਹਨ; ਰਾਖਵੇਂਕਰਨ ਦੀ ਚੈਂਪੀਅਨ ਹੋਣ ਦੀ ਚੁਣਾਵੀ ਖੱਟੀ ਖਾਂਦੇ ਰਹੇ ਹਨ, ਉਨ੍ਹਾਂ ਦੇ ਹੱਥ ਹਜ਼ਾਰਾਂ ਲੱਖਾਂ ਮਿਹਨਤਕਸ਼ ਲੋਕਾਂ ਦੇ ਖੂਨ ਨਾਲ ਰੰਗੇ ਹੋਏ ਨਹੀਂ ਹਨ? ਉਹ ਖੂਨ ਜੋ ਸੰਘਰਸ਼ਰਤ ਦਲਿਤ ਵਰਗਾਂ, ਕਬਾਇਲੀ ਲੋਕਾਂ ਅਤੇ ਹੋਰ ਮਿਹਨਤਕਸ਼ ਗਰੀਬ ਲੋਕਾਂ ਦਾ ਆਜ਼ਾਦੀ ਦੇ ਬਾਅਦ ਵਹਾਇਆ ਗਿਆ ਹੈ, ਕੀ ਇਹ ਸੰਵਿਧਾਨ ਤੇ ਨਿਆਂ-ਪ੍ਰਬੰਧ ਉਹਦੇ ਲਈ ਇਨ੍ਹਾਂ ਸਰਕਾਰਾਂ ਤੇ

ਇਸ ਦੇ ਲੀਡਰਾਂ ਨੂੰ ਦੋਸ਼ੀ ਕਰਾਰ ਦੇ ਕੇ ਕੋਈ ਸਜ਼ਾ ਦੇ ਸਕਦਾ ਹੈ? ਜਾਂ ਫਿਰ ਕੀ ਵਰਤਮਾਨ ਸੰਵਿਧਾਨ ਤੇ ਵਿਵਸਥਾ ਦੇ ਤਹਿਦ ਬਣੀ ਕਿਸੇ ਵੀ ਕਿਸਮ ਦੀ ਕੋਈ ਵੀ ਦਲਿਤ ਸਰਕਾਰ, ਪੱਛਮੀ ਬੰਗਾਲ ਦੀ ਉਸ ਤਥਾਕਥਿਤ ਮਾਰਕਸਵਾਦੀ ਸਰਕਾਰ ਨਾਲੋਂ ਵਧ ਕਾਰਗਰ ਸਿੱਧ ਹੋ ਸਕਦੀ ਹੈ? ਜਿਸ ਨੇ ਨੰਦੀਗਰਾਮ, ਸਿੰਗੁਰ, ਲਾਲ ਗੜ੍ਹ, ਆਦਿ ਥਾਵਾਂ ਉੱਤੇ ਸੰਘਰਸ਼ ਕਰਦੇ ਲੋਕਾਂ ਉਪਰ ਅੰਨ੍ਹਾਂ ਤਸ਼ੱਦਦ ਕਰਕੇ ਇਹ ਸਿੱਧ ਕਰ ਦਿੱਤਾ ਹੈ ਕਿ ਇਸ ਸਿਸਟਮ ਦੇ ਬਣੇ ਰਹਿੰਦੇ ਕੋਈ ਵੀ ਸਰਕਾਰ ਲੁਟੇਰੇ ਵਰਗਾਂ ਦੇ ਹਿਤਾਂ ਦੀ ਪੂਰਤੀ ਹੀ ਕਰੇਗੀ। ਇਨ੍ਹਾਂ ਤੋਂ ਇਲਾਵਾ ਹਿੰਦੂ ਸ਼ਾਵਨਵਾਦ ਉੱਤੇ ਆਧਾਰਿਤ ਸ਼ਿਵ ਸੈਨਾ, ਬੀ. ਜੇ. ਪੀ. ਤੇ ਉਹਦੀਆਂ ਗਠਜੋੜ ਸਰਕਾਰਾਂ ਤੇ ਵੀ ਇਹ ਹੀ ਸਵਾਲ ਲਾਗੂ ਹੁੰਦਾ ਹੈ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਵੀ ਇਸ ਸਿਸਟਮ ਦੇ ਦਲਿਤ ਵਿਰੋਧੀ, ਗਰੀਬ ਵਿਰੋਧੀ, ਘੱਟ-ਗਿਣਤੀਆਂ ਵਿਰੋਧੀ ਚਰਿੱਤਰ ਦੀ ਮੂੰਹ ਬੋਲਦੀ ਤਸਵੀਰ ਹੈ? ਉਂਜ ਸਵਾਲ ਇਹ ਵੀ ਉੱਠਦਾ ਹੈ, ਕੀ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦਾ ਬੜਬੋਲਾ ਮਹਾਂ-ਹੰਕਾਰ ਮਹਿਜ਼ ਇਕ ਬੰਦੇ ਦਾ ਮਹਾਂ-ਹੰਕਾਰ ਹੈ ਜਾਂ ਉਸ ਬ੍ਰਾਹਮਣਵਾਦੀ ਸਾਮੰਤੀ ਸੰਸਕ੍ਰਿਤੀ ਦਾ ਚਰਿੱਤਰ ਹੈ ਜੋ ਦਲਿਤ ਵਿਰੋਧੀ ਸੰਸਕਾਰਾਂ ਤੇ ਜਾਤੀਵਾਦ ਦਾ ਮੁੱਖ ਆਧਾਰ ਹੈ ਅਤੇ ਜਿਸ ਨੂੰ ਖਤਮ ਕਰਨਾ ਦਲਿਤ ਸਵਾਲ ਦਾ ਸਭ ਤੋਂ ਪ੍ਰਮੁੱਖ ਮਸਲਾ ਹੈ?

ਇੰਜ ਦੇਖੀਏ ਤਾਂ ਹਿੰਦੁਸਤਾਨ ਦੇ ਲੋਕਾਂ ਕੋਲ ਸਰਕਾਰੀ ਜਾਂ ਪ੍ਰਸ਼ਾਸਕੀ ਵਿਕਲਪ ਕੀ ਬਚਦਾ ਹੈ? ਤੇ ਇਹ ਸਵਾਲ ਹਰ ਇਕ ਪ੍ਰਾਂਤ ਅਤੇ ਪ੍ਰਾਂਤੀ ਪੱਧਰ ਦੀਆਂ ਪਾਰਟੀਆਂ ਉਪਰ ਵੀ ਲਾਗੂ ਹੁੰਦਾ ਹੈ। ਮਸਲਨ: ਪੰਜਾਬ ਨੂੰ ਹੀ ਲੈ ਲਈਏ, ਕੀ ਇਸ ਗੱਲ ਦਾ ਕੋਈ ਸਹੀ ਤੇ ਤਰਕਸੰਗਤ ਜਵਾਬ ਕਿਸੇ ਕੋਲ ਹੈ ਕਿ ਅਕਾਲੀ ਸਰਕਾਰ ਤੇ ਕਾਂਗਰਸੀ ਸਰਕਾਰ ਵਿਚ ਕੀ ਬੁਨਿਆਦਿ ਪ੍ਰੋਗਰਾਮਿਕ ਫ਼ਰਕ ਹੁੰਦਾ ਹੈ ਅਤੇ ਇਨ੍ਹਾਂ ਵਿਚੋਂ ਦਲਿਤ ਵਰਗਾਂ ਜਾਂ ਹੋਰ ਮਿਹਨਤਕਸ਼ ਵਰਗਾਂ ਦੀ ਪ੍ਰਤੀਨਿਧਤਾ ਕੌਣ ਕਰਦਾ ਹੈ? ਇਸ ਲਈ ਉਹ ਅੰਬੇਦਕਰਵਾਦੀ ਵਿਦਵਾਨ ਜੋ ਵਰਤਮਾਨ ਸੰਵਿਧਾਨ ਦੇ ਅੰਤਰਗਤ ਅਤੇ ਸਿਰਫ਼ ਵੋਟ ਦੇ ਹਥਿਆਰ ਨਾਲ ਦਲਿਤ ਸਵਾਲ ਦਾ ਹੱਲ ਕਰਨ ਦੀ ਵਕਾਲਤ ਕਰ ਰਹੇ ਹਨ ਅਤੇ ਤਥਾਕਥਿਤ ਦਲਿਤ ਸਰਕਾਰਾਂ ਨੂੰ ਦਲਿਤ ਵਰਗਾਂ ਦੇ ਹਿੱਤਾਂ ਦੀਆਂ ਪ੍ਰਤੀਨਿੱਧ ਸਮਝ ਰਹੇ ਹਨ, ਉਨ੍ਹਾਂ ਨੂੰ ਇਨ੍ਹਾਂ ਤਮਾਮ ਸਵਾਲਾਂ ਨੂੰ ਸੰਬੋਧਿਤ ਹੋਣਾ ਤੇ ਇਨ੍ਹਾਂ ਦਾ ਤਰਕਸ਼ੀਲ ਜਵਾਬ ਦੇਣਾ ਪਵੇਗਾ।

ਇਸ ਸੰਦਰਭ ਵਿਚ ਯੂਪੀ ਦੀ ਤਥਾਕਥਿਤ ਦਲਿਤ ਸਰਕਾਰ ਦੀ ਕਾਰਗੁਜ਼ਾਰੀ ਦੇਖੀਏ ਤਾਂ ਇਨ੍ਹਾਂ ਸਵਾਲਾਂ ਦਾ ਸਪੱਸ਼ਟ ਉਤਰ ਮਿਲ ਜਾਂਦਾ ਹੈ, ਜਿੱਥੇ ਮਾਇਆਵਤੀ ਸਰਕਾਰ ਵਿਅਕਤੀ ਪੂਜਾ, ਬੁੱਤ ਪੂਜਾ, ਮੰਦਰ ਪੂਜਾ ਅਤੇ ਮੱਠ ਪੂਜਾ ਵਰਗੀ ਉਹ ਹੀ ਸਦੀਆਂ ਪੁਰਾਣੀ ਦਕਿਆਨੂਸੀ ਸੰਸਕ੍ਰਿਤੀ ਨੂੰ ਲੋਕ-ਮਨਾਂ ਉਪਰ ਲੱਦਣ ਦੀ ਨਵੀਂ ਕੋਸ਼ਿਸ਼ ਕਰ ਰਹੀ ਹੈ, ਜਿਸ ਨੂੰ ਇਹ ਦਲਿਤ ਵਿਦਵਾਨ ਸਾਰੀਆਂ ਬਿਮਾਰੀਆਂ ਦੀ ਜੜ੍ਹ ਸਮਝਦੇ ਹਨ। ਇਹ ਸਰਕਾਰ ਵੀ ਬਾਕੀ ਸਰਕਾਰਾਂ ਵਾਂਗ ਢੌਂਗ ਕਰ ਰਹੀ ਹੈ, ਅੰਧ-ਵਿਸ਼ਵਾਸ ਫੈਲਾ ਰਹੀ ਹੈ, ਸੰਸਦੀ ਭਰਮ ਪੈਦਾ ਕਰ ਰਹੀ ਹੈ ਅਤੇ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਦੇ ਕਰੋੜਾਂ ਰੁਪਈਏ ਬੁੱਤ ਬਣਾਉਣ ਵਰਗੀਆਂ ਕਾਰਵਾਈਆਂ ਲਈ ਖਰਚ ਕਰ ਰਹੀ ਹੈ ਅਤੇ ਇਸ ਸਰਕਾਰ ਦੇ ਲੀਡਰ ਲੋਕਾਂ ਤੋਂ ਜਬਰਦਸਤੀ 'ਜਨਮ-ਦਿਵਸ ਟੈਕਸ' ਵਸੂਲ ਰਹੇ ਹਨ ਅਤੇ ਨਾਂਹ ਕਰਨ ਵਾਲੇ ਨੂੰ ਕੁੱਟ ਕੁੱਟ ਕੇ ਮਾਰਨ ਤੱਕ ਦੇ ਅਜੇਹੇ ਫਾਸ਼ੀਵਾਦੀ ਕਾਰੇ ਕਰ ਰਹੇ ਹਨ, ਜੋ ਇਨਸਾਨੀਅਤ ਪਸੰਦ ਦਿਲਾਂ ਨੂੰ ਵਲੂੰਧਰ ਰਹੇ ਹਨ। ਇਹ ਤਾਂ ਪਤਾ ਨਹੀਂ, ਇਹ ਸਰਕਾਰ-ਪੱਖੀ ਅੰਬੇਦਕਰਵਾਦੀ ਵਿਦਵਾਨ ਇਨ੍ਹਾਂ ਕਾਰਿਆਂ ਨੂੰ ਦਲਿਤ ਚੇਤਨਾ ਦੀ ਕਿਹੜੀ ਲਹਿਰ ਸਮਝਦੇ ਹੋਣਗੇ? ਪਰ ਇੰਨਾ ਸਪੱਸ਼ਟ ਹੋ ਚੁੱਕਾ ਹੈ ਕਿ ਕਿਸੇ ਵੀ ਕਿਸਮ ਦੀ ਸੰਸਦੀ ਲੀਡਰਸ਼ਿੱਪ ਕੋਲ ਲੋਕਾਂ ਦੀਆਂ ਫੌਰੀ ਅਤੇ ਬੁਨਿਆਦੀ ਸਮੱਸਿਆਵਾਂ ਦਾ ਹੱਲ ਕਰਨ ਲਈ ਨਾ ਕੋਈ ਸਾਧਨ ਹੈ ਅਤੇ ਨਾ ਹੀ ਕੋਈ ਪ੍ਰੋਗਰਾਮ ਤੇ ਨਾ ਅਜੰਡਾ। ਪਰ ਉਨ੍ਹਾਂ ਦੀ ਖੂਨ-ਪਸੀਨੇ ਦੀ ਕਮਾਈ ਨੂੰ ਹੜੱਪ ਕਰਨ ਲਈ ਤਮਾਮ ਸਾਧਨ ਵੀ ਮੌਜੂਦ ਹਨ ਅਤੇ ਉਨ੍ਹਾਂ ਉਪਰ ਤਸ਼ੱਦਦ ਕਰਨ ਲਈ ਕਾਲੇ ਕਾਨੂੰਨ ਵੀ ਮੌਜੂਦ ਹਨ ਅਤੇ ਅਜੇਹੀਆਂ ਨੀਤੀਆਂ ਵੀ ਘੜ੍ਹੀਆਂ ਜਾ ਰਹੀਆਂ ਹਨ।

ਇਸ ਤੋਂ ਇਲਾਵਾ ਸਵਾਲ ਇਹ ਵੀ ਹੈ ਕਿ ਇਸ ਤਥਾਕਥਿਤ ਦਲਿਤ ਸਰਕਾਰ ਬਣਨ ਨਾਲ ਦਲਿਤ ਵਰਗਾਂ ਦੀ ਸਥਿਤੀ ਵਿਚ ਕੀ ਬੁਨਿਆਦੀ ਤਬਦੀਲੀ ਆਈ ਹੈ? ਕੀ ਜਾਤੀਵਾਦ ਨੂੰ ਕੋਈ



ਝਟਕਾ ਲੱਗਾ ਹੈ, ਜਿਸ ਨਾਲ ਇਹ ਘੱਟ ਹੋਇਆ ਹੈ? ਕੀ ਸਮੂਹ ਦਲਿਤ ਵਰਗਾਂ ਦੀ ਆਰਥਕ ਸਥਿਤੀ ਵਿਚ ਕੋਈ ਬੁਨਿਆਦੀ ਤਬਦੀਲੀ ਆਈ ਹੈ? ਕੀ ਉਨ੍ਹਾਂ ਉਪਰ ਸਾਮੰਤੀ ਅੱਤਿਆਚਾਰ ਖਤਮ ਹੋ ਗਏ ਹਨ? ਉਨ੍ਹਾਂ ਨੂੰ ਸਨਮਾਨਜਨਕ ਜ਼ਿੰਦਗੀ ਤੇ ਵਿਕਾਸ ਦੇ ਬਰਾਬਰ ਦੇ ਮੌਕੇ ਉਪਲਬਧ ਹੋ ਰਹੇ ਹਨ? ਕੀ ਸਾਮੰਤੀ ਜਮੀਂਦਾਰਾਂ ਦੀਆਂ ਜ਼ਮੀਨਾਂ ਉਪਰ ਕਬਜੇ ਕਰਕੇ ਜ਼ਮੀਨ ਭੂਮੀਹੀਨਾਂ ਵਿਚ ਵੰਡਣ ਦਾ ਕੋਈ ਵੀ ਸਰਕਾਰੀ ਪ੍ਰੋਗਰਾਮ ਵਾਸਤਵ ਵਿਚ ਲਾਗੂ ਹੋਇਆ ਹੈ? ਇਨ੍ਹਾਂ ਸਾਰੇ ਸਵਾਲ ਦੇ ਨਾਂਹਮੁਖੀ ਜਵਾਬ ਇਹ ਦਰਸਾਉਂਦੇ ਹਨ ਕਿ ਦਲਿਤ ਵਰਗਾਂ ਦੀ ਜ਼ਿੰਦਗੀ ਵਿਚ ਕੋਈ ਮੂਲ-ਚੂਲ ਜਾਂ ਬੁਨਿਆਦੀ ਪ੍ਰੀਵਰਤਨ ਨਹੀਂ ਆਇਆ ਹੈ। ਇਸ ਲਈ ਸੰਘਰਸ਼ ਕਰਨਾ ਇਕ ਲੋੜ ਬਣੀ ਹੋਈ ਹੈ। ਸਾਰੇ ਦੱਬੇ ਕੁਚਲੇ ਲੋਕਾਂ ਦੀ ਫੌਰੀ ਲੋੜ। ਜਿਸ ਵਿਚ ਉਹ ਸਾਰੇ ਦਲਿਤ ਵਰਗੀ ਲੋਕ-ਸਮੂਹ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਬੁਨਿਆਦੀ ਪ੍ਰੀਵਰਤਨ ਦੀ ਲੋੜ ਹੈ; ਅਤੇ ਗੈਰ-ਦਲਿਤ ਵਰਗਾਂ ਦੇ ਉਹ ਤਮਾਮ ਮਿਹਨਤਕਸ਼ ਲੋਕ ਵੀ ਸ਼ਾਮਲ ਹਨ, ਜਿਨ੍ਹਾਂ ਦੀ ਆਰਥਕ ਹਾਲਤ ਦਲਿਤ ਵਰਗਾਂ ਵਰਗੀ ਹੀ ਹੈ ਅਰਥਾਤ ਜੇ ਫ਼ਰਕ ਹੈ ਵੀ ਤਾਂ ਸਿਰਫ਼ ਸਮਾਜਕ ਸਥਿਤੀ ਵਿਚ ਹੈ, ਆਰਥਕ ਸਥਿਤੀ ਵਿਚ ਨਹੀਂ।

ਇਸ ਲਈ ਜਾਤੀਵਾਦੀ ਸਿਸਟਮ ਨੂੰ ਖਤਮ ਕਰਨ ਲਈ ਵੀ ਇਕੋ ਇਕ ਰਸਤਾ ਸੰਘਰਸ਼ ਦਾ ਬਚਦਾ ਹੈ ਅਤੇ ਆਰਥਕ ਲੁੱਟ ਖਸੁੱਟ ਨੂੰ ਖਤਮ ਕਰਨ ਲਈ ਵੀ ਉਹ ਹੀ ਰਸਤਾ ਬਚਦਾ ਹੈ। ਇਹ ਸੰਘਰਸ਼ ਵੀ ਉਨ੍ਹਾਂ ਹੁਕਮਰਾਨ ਵਰਗਾਂ ਅਤੇ ਵਰਤਮਾਨ ਸੱਤਾ ਤੇ ਸਟੇਟ ਦੇ ਵਿਰੁੱਧ ਸੇਧਿਤ ਹੋਣਾ ਲਾਜ਼ਮੀ ਹੈ, ਜੋ ਦੇਸ਼ ਦੀ ਸਮਾਜਕ-ਆਰਥਕ-ਰਾਜਨੀਤਕ ਵਿਵਸਥਾ ਉਪਰ ਜਕੜ ਜਮਾਈ ਬੈਠੇ ਹਨ। ਦਰਅਸਲ, ਇਹ ਵਰਗ ਹੀ ਬ੍ਰਾਹਮਣਵਾਦੀ ਸੰਸਕ੍ਰਿਤੀ ਅਤੇ ਸਾਮੰਤੀ ਸੰਸਕਾਰਾਂ ਦੇ ਸਭ ਤੋਂ ਸ਼ਕਤੀਸ਼ਾਲੀ ਰੱਖਵਾਲੇ ਤੇ ਪੋਸ਼ਕ ਹਨ; ਅਤੇ ਇਹ ਵਰਗ ਤੇ ਇਨ੍ਹਾਂ ਦੀ ਸਟੇਟ ਪਾਵਰ ਲੋਕਾਂ ਵਿਰੁੱਧ ਇਕ ਜੰਗ ਲੜ ਰਹੀ ਹੈ: ਉਨ੍ਹਾਂ ਨੂੰ ਦੱਬੇ ਕੁਚਲੇ ਰੱਖਣ ਤੇ ਉਨ੍ਹਾਂ ਦੀ ਆਵਾਜ਼ ਨੂੰ ਬੰਦ ਕਰਨ ਲਈ ਲਹੂ ਲੁਹਾਣ ਤੇ ਤਬਾਹੀ ਕਰਨ ਵਾਲੀ ਜੰਗ। ਇਸ ਲੋਕ ਵਿਰੋਧੀ ਜੰਗ ਦਾ ਮੁਕਾਬਲਾ ਮਹਿਜ਼ ਵੋਟ ਦੇ ਅਧਿਕਾਰ ਨਾਲ ਜਾਂ ਸੰਸਦੀ ਪਰੈਸ਼ਰ ਗਰੁੱਪ ਬਣਾ ਕੇ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਵਰਗਾਂ ਦਾ ਮੁਕਾਬਲਾ ਕਰਨ ਲਈ ਅਤੇ ਇਨ੍ਹਾਂ ਨੂੰ ਸੱਤਾ ਦੇ ਹਰ ਅੰਗ ਤੋਂ ਥੱਲੇ ਲਾਹੁਣ ਲਈ ਸਾਰੇ ਮਿਹਨਤਕਸ਼ ਵਰਗਾਂ ਦੀ ਇਕ-ਜੁਟਤਾ ਤੇ ਇਨਕਲਾਬੀ ਅੰਦੋਲਨ ਦੀ ਲੋੜ ਹੈ। ਇਹ ਹੀ ਜਮਾਤੀ ਸੰਘਰਸ਼ ਦਾ ਬੁਨਿਆਦੀ ਸੰਕਲਪ ਹੈ।

ਪਰ ਕਈ ਅੰਬੇਦਕਰਵਾਦੀ ਵਿਦਵਾਨਾਂ ਨੂੰ ਇਹ ਸੰਕਲਪ ਗਲਤ ਲੱਗਦਾ ਹੈ। ਇਸ ਲਈ ਉਹ ਆਪਣੇ ਸਾਰੇ ਤਰਕ-ਵਿਤਰਕ ਇਸ ਸੰਕਲਪ ਦੇ ਵਿਰੁੱਧ ਕੱਸ ਕੇ ਬੈਠ ਜਾਂਦੇ ਹਨ ਅਤੇ ਮਾਰਕਸਵਾਦੀ ਵਿਚਾਰਧਾਰਾ ਨੂੰ ਨਿੰਦਣ ਤੇ ਰੱਦਣ ਤੱਕ ਚਲੇ ਜਾਂਦੇ ਹਨ। ਇਸੇ ਲਈ ਉਹ ਦਲਿਤ ਅੰਦੋਲਨ ਦੀ ਗੱਲ ਤਾਂ ਕਰਦੇ ਹਨ ਪਰ ਉਹਦਾ ਹੱਲ ਵਰਤਮਾਨ ਢਾਂਚੇ ਅੰਦਰ ਅਤੇ ਇਸੇ ਸਿਸਟਮ ਦੀਆਂ ਉਨ੍ਹਾਂ ਸਰਕਾਰਾਂ ਤੋਂ ਕਰਾਉਣਾ ਚਾਹੁੰਦੇ ਹਨ, ਜੋ ਸਾਮੰਤੀ-ਪੂੰਜੀਵਾਦੀ ਵਿਚਾਰਧਾਰਾ ਅਤੇ ਅੰਨ੍ਹੀ ਤਾਕਤ ਦੇ ਇਸਤੇਮਾਲ ਉੱਤੇ ਅਧਾਰਿਤ ਹਨ। ਇਸੇ ਕਰਕੇ ਉਹ ਦਲਿਤ ਅੰਦੋਲਨ ਤੇ ਜਮਾਤੀ ਸੰਘਰਸ਼ ਨੂੰ ਇਕ ਦੂਜੇ ਦੇ ਵਿਰੁੱਧ ਸਮਝਣ ਤੱਕ ਚਲੇ ਜਾਂਦੇ ਹਨ। ਇਸੇ ਕਾਰਨ ਉਨ੍ਹਾਂ ਨੂੰ ਸੱਤਾ ਤੇ ਵਿਵਸਥਾ ਨੂੰ ਬਦਲਣ ਵਾਲੇ ਸਭ ਇਨਕਲਾਬੀ ਸੰਕਲਪ ਗੈਰ-ਵਿਹਾਰਕ ਲੱਗਣ ਲੱਗਦੇ ਹਨ। ਇਸੇ ਲਈ ਹਿੰਦੁਸਤਾਨ ਦੇ ਕਈ ਭਾਗਾਂ ਵਿਚ ਚੱਲ ਰਿਹਾ ਕਬਾਇਲੀ ਅੰਦੋਲਨ ਵੀ ਉਨ੍ਹਾਂ ਨੂੰ ਦਲਿਤ ਅੰਦੋਲਨ ਨਹੀਂ ਲੱਗਦਾ ਅਤੇ ਉਹ ਇਸ ਦੀ ਸਰਗਰਮ ਹਮਾਇਤ ਕਰਨ ਦੀ ਬਜਾਇ ਚੁੱਪ ਰਹਿਣਾ ਵੱਧ ਪਸੰਦ ਕਰ ਰਹੇ ਹਨ।

* *

ਪਰ ਦਲਿਤ ਬੁੱਧੀਜੀਵੀਆਂ ਦਾ ਇਕ ਦੂਜਾ ਹਿੱਸਾ ਵੀ ਹੈ ਜੋ ਦਲਿਤ ਸਵਾਲ ਦੇ ਹੱਲ ਪ੍ਰਤੀ ਇਮਾਨਦਾਰ ਤੇ ਪ੍ਰਤੀਬੱਧ ਹੈ। ਬੇਸ਼ਕ ਇਸ ਖੇਮੇ ਵਿਚ ਅਨੇਕ ਵਿਦਵਾਨ ਅਜੇਹੇ ਵੀ ਹਨ, ਜੋ ਅੰਬੇਦਕਰਵਾਦੀ ਵਿਚਾਰਧਾਰਾ ਨੂੰ ਦਲਿਤ ਮੁਕਤੀ ਦਾ ਮਾਰਗਦਰਸ਼ਕ ਸਿਧਾਂਤ ਮੰਨਦੇ ਹਨ ਅਤੇ ਇਸ ਦੇ ਵਿਚਾਰਧਾਰਕ

ਵਿਕਾਸ ਲਈ ਉਪਰਾਲੇ ਵੀ ਕਰ ਰਹੇ ਹਨ ਪਰ ਜਮਾਤੀ ਅੰਦੋਲਨ ਦੀ ਲੋੜ ਨੂੰ ਰੱਦ ਕਰਨ ਦੀ ਥਾਂ, ਇਸ ਨੂੰ ਹੋਰ ਸੁਚਾਰੂ ਰੂਪ ਵਿਚ ਅੱਗੇ ਲੈ ਜਾਣ ਦੀ ਉਮੀਦ ਤੇ ਸੋਚ ਰੱਖਦੇ ਹਨ। ਇਹ ਬੁੱਧੀਮਾਨ ਚਾਹੇ ਅੰਬੇਦਕਰਵਾਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਹਨ ਤੇ ਭਾਵੇਂ ਕਿਸੇ ਵੀ ਹੋਰ ਦਲਿਤ ਵਿਚਾਰਧਾਰਾ ਦੇ ਪੱਖਧਰ ਹਨ, ਇਹ ਸਭ ਦਲਿਤ ਚੇਤਨਾ ਦੇ ਠੋਸ ਪ੍ਰੋਗਰਾਮ ਨੂੰ ਸੰਜੀਦਗੀ ਅਤੇ ਗੰਭੀਰਤਾ ਨਾਲ ਤਲਾਸ਼ ਵੀ ਰਹੇ ਹਨ ਅਤੇ ਦਲਿਤ ਵਰਗਾਂ ਦੇ ਵਿਆਪਕ ਜਨ-ਸਮੂਹ ਨੂੰ ਲਾਮਬੰਦ ਕਰਨ ਲਈ ਵਿਵਹਾਰਕ ਢੰਗ-ਤਰੀਕੇ ਵੀ ਖੋਜ ਰਹੇ ਹਨ। ਇਹ ਲੋਕ ਹਰ ਪ੍ਰਕਾਰ ਦੀ ਜਾਤੀਵਾਦੀ ਕੱਟੜਤਾ ਤੇ ਹੀਣ-ਭਾਵਨਾ ਤੋਂ ਮੁਕਤੀ ਲਈ ਵੀ ਛਟਪਟਾ ਰਹੇ ਹਨ ਅਤੇ ਸਾਰੇ ਮਿਹਨਤਕਸ਼ ਵਰਗਾਂ ਦੀ ਇਕ-ਜੁਟਤਾ ਵੀ ਚਾਹ ਰਹੇ ਹਨ ਤਾਂ ਜੋ ਦਲਿਤ ਮੁਕਤੀ ਦੇ ਸਵਾਲ ਨੂੰ ਲੈ ਕੇ ਇਕ ਸ਼ਕਤੀਸ਼ਾਲੀ ਦਲਿਤ ਅੰਦੋਲਨ ਲਾਮਬੰਦ ਕਰਨ ਦੀ ਦਿਸ਼ਾ ਵਿਚ ਅੱਗੇ ਵਧਿਆ ਜਾ ਸਕੇ। ਦਲਿਤ ਵਰਗਾਂ ਦਾ ਇਹ ਚੇਤਨਸ਼ੀਲ ਹਿੱਸਾ, ਦਲਿਤ ਚੇਤਨਾ ਨੂੰ ਜਮਾਤੀ ਚੇਤਨਾ ਦੇ ਟਕਰਾਅ ਜਾਂ ਵਿਰੋਧ ਵਿਚ ਨਹੀਂ ਸਮਝਦਾ, ਸਗੋਂ ਜਮਾਤੀ ਚੇਤਨਾ ਤੇ ਦਲਿਤ ਚੇਤਨਾ ਨੂੰ ਇਕ ਦੂਜੇ ਦਾ ਪੂਰਕ ਸਮਝਦਾ ਹੈ।

ਇਸ ਲਈ ਇਹ ਦਲਿਤ ਵਿਦਵਾਨ ਮਾਰਕਸਵਾਦੀ ਵਿਚਾਰਧਾਰਾ ਅਤੇ ਜਮਾਤੀ ਸੰਘਰਸ਼ ਪ੍ਰਤੀ ਸਾਕਾਰਾਤਮਕ ਰੁੱਖ ਅਪਣਾਅ ਰਹੇ ਹਨ ਅਤੇ ਵਿਸ਼ਵ ਭਰ ਦੇ ਮਾਰਕਸਵਾਦੀ ਅੰਦੋਲਨ ਦੀਆਂ ਜਿੱਤਾਂ ਹਾਰਾਂ, ਸਫਲਤਾਵਾਂ ਅਸਫਲਤਾਵਾਂ, ਸਰਗਰਮੀਆਂ ਗਲਤੀਆਂ, ਕਮਜ਼ੋਰੀਆਂ ਅਤੇ ਘਾਟਾਂ ਤੋਂ ਸਹੀ ਸਬਕ ਸਿੱਖ ਕੇ ਦਲਿਤ ਵਰਗਾਂ ਦੇ ਸੰਘਰਸ਼ ਨੂੰ ਨਵੀਂ ਦਿਸ਼ਾ ਅਤੇ ਸਹੀ ਰਸਤੇ ਉਪਰ ਅੱਗੇ ਤੋਰਨ ਲਈ ਪ੍ਰਤੀਬੱਧ ਨਜ਼ਰ ਆ ਰਹੇ ਹਨ। ਇਹ ਨਾ ਸਿਰਫ਼ ਮਾਰਕਸਵਾਦੀ ਵਿਚਾਰਧਾਰਾ ਅਤੇ ਜਮਾਤੀ ਘੋਲ ਪ੍ਰਤੀ ਹਾਂ-ਪੱਖੀ ਦ੍ਰਿਸ਼ਟੀਕੋਣ ਅਪਣਾਉਂਦੇ ਹਨ, ਸਗੋਂ ਤਮਾਮ ਅਗਾਂਹਵਧੂ ਵਿਚਾਰਾਂ ਅਤੇ ਲੋਕ-ਪੱਖੀ ਕਦਰਾਂ-ਕੀਮਤਾਂ ਪ੍ਰਤੀ ਵੀ ਹਾਂ-ਪੱਖੀ ਨਜ਼ਰੀਆ ਰੱਖਦੇ ਹਨ। ਇਹ ਵਿਦਵਾਨ ਖੁਦ ਹਰ ਪ੍ਰਕਾਰ ਦੇ ਸੰਕੀਰਣਤਾਵਾਦ ਤੋਂ ਉਪਰ ਉੱਠ ਕੇ ਤਮਾਮ ਚੰਗੇ ਵਿਚਾਰਾਂ ਅਤੇ ਸੰਕਲਪਾਂ ਤੋਂ ਸਿੱਖਣ-ਸਿਖਾਉਣ ਦੀ ਰੁਚੀ ਦਾ ਪ੍ਰਗਟਾਵਾ ਕਰ ਰਹੇ ਹਨ ਤਾਂ ਜੋ ਇਕ ਉਸਾਰੂ ਅਤੇ ਸਾਰਥਕ ਵਿਚਾਰ-ਚਰਚਾ ਚਲਾਈ ਜਾ ਸਕੇ।

ਇਸ ਲਈ ਜਮਾਤੀ ਅੰਦੋਲਨ ਤੇ ਦਲਿਤ ਅੰਦੋਲਨ ਦੇ ਸੁਮੇਲ ਬਾਰੇ ਇਸ ਦੂਜੇ ਖੇਮੇ ਦਾ ਵਿਚਾਰਧਾਰਕ ਦ੍ਰਿਸ਼ਟੀਕੋਣ ਵੱਧ ਉਚਿਤ ਅਤੇ ਸਾਰਥਕ ਲੱਗਦਾ ਹੈ ਅਤੇ ਇਸ ਖੇਮੇ ਵਿਚ ਕਈ ਸਿਰਕੱਢ ਅੰਬੇਦਕਰਵਾਦੀ ਵਿਦਵਾਨ ਵੀ ਸ਼ਾਮਲ ਹਨ। ਦਰਅਸਲ, ਇਹੀ ਲੋਕ ਅੰਬੇਦਕਰ ਦੇ ਵਿਚਾਰਾਂ ਦਾ ਤਰਕ-ਸਹਿਤ ਅਧਿਐਨ ਕਰਨ ਅਤੇ ਸਹੀ ਦਿਸ਼ਾ ਵਿਚ ਵਿਕਾਸ ਕਰਨ ਦੀ ਸਮਰਥਾ ਰੱਖਦੇ ਹਨ ਅਤੇ ਇਸ ਸੋਚ-ਪ੍ਰਣਾਲੀ ਨਾਲ ਜੁੜੇ ਹੋਏ ਅਨੇਕ ਲੇਖਕ ਵੀ ਦਲਿਤ ਸਾਹਿਤ ਨੂੰ ਦਲਿਤ ਚੇਤਨਾ ਦਾ ਇਕ ਮਹੱਤਵਪੂਰਨ ਮਾਧਿਅਮ ਮੰਨਦੇ ਹੋਏ ਇਸ ਦੇ ਸਿਰਜਣ ਤੇ ਪ੍ਰਸਾਰ ਕਾਰਜ ਵਿਚ ਤਨਦੇਹੀ ਨਾਲ ਜੁੱਟੇ ਹੋਏ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਦਲਿਤ ਵਰਗਾਂ ਦਾ ਇਹ ਸੁਚੇਤ ਹਿੱਸਾ ਲੋਕ-ਲਹਿਰਾਂ ਵਿਚ ਵੀ ਅਟੁੱਟ ਵਿਸ਼ਵਾਸ ਰੱਖਦਾ ਹੈ ਅਤੇ ਉਸ ਲੋਕ-ਸ਼ਕਤੀ ਵਿਚ ਵੀ ਅਥਾਹ ਨਿਸ਼ਠਾ ਰੱਖਦਾ ਹੈ ਜੋ ਇਸ ਲੋਕ-ਦੋਖੀ ਵਿਵਸਥਾ ਨੂੰ ਬਦਲਣ ਲਈ ਜੂਝ ਰਹੀ ਹੈ ਅਤੇ ਹਰੇਕ ਕਰਾਂਤੀਕਾਰੀ ਵਿਚਾਰਧਾਰਾ ਦੀ ਜਨਮ-ਦਾਤੀ ਵੀ ਹੁੰਦੀ ਹੈ। ਇਹ ਵਿਦਵਾਨ ਅੰਬੇਦਕਰਵਾਦੀ ਵਿਚਾਰਧਾਰਾ ਨੂੰ ਉਸ ਇਤਿਹਾਸਕ ਪਰਿਪੇਖ ਵਿਚ ਸਮਝਣ ਦੀ ਕੋਸ਼ਿਸ ਕਰ ਰਹੇ ਹਨ, ਜਿਸ ਵਿਚੋਂ ਇਹ ਪੈਦਾ ਹੋਈ: ਉਸ ਸੰਘਰਸ਼ਮਈ ਧਰਾਤਲ ਅਤੇ ਵਿਰਾਸਤ ਅਨੁਸਾਰ ਜੋ ਅੰਬੇਦਕਰਵਾਦੀ ਵਿਚਾਰਧਾਰਾ ਦੀ ਨੀਂਹ ਸਮਝੀ ਜਾਂਦੀ ਹੈ।

ਇਸ ਲਈ ਇਸ ਇਤਿਹਾਸਕ ਪਰਿਪੇਖ ਬਾਰੇ ਇੱਥੇ ਗੱਲ ਕਰਨੀ ਜ਼ਰੂਰੀ ਹੈ।

### ਅੰਬੇਦਕਰਵਾਦੀ ਵਿਚਾਰਧਾਰਾ ਦਾ ਇਤਿਹਾਸਕ ਪਰਿਪੇਖ:

ਸਿਰਫ਼ ਅੰਬੇਦਕਰਵਾਦੀ ਵਿਚਾਰਧਾਰਾ ਹੀ ਨਹੀਂ, ਸਗੋਂ ਸਮੁੱਚਾ ਵਰਤਮਾਨ ਦਲਿਤ ਅੰਦੋਲਨ; ਦਲਿਤ-ਲਹਿਰ ਦੀ ਉਸ ਇਤਿਹਾਸਕ ਵਿਰਾਸਤ ਉਪਰ ਆਧਾਰਿਤ ਹੈ; ਜੋ ਛੂਤ-ਛਾਤ, ਊਚ-ਨੀਚ,



ਸਰੀਰਕ, ਮਾਨਸਿਕ, ਲਿੰਗਕ, ਸਮਾਜਕ, ਆਰਥਕ, ਰਾਜਨੀਤਕ ਸ਼ੋਸ਼ਣ ਅਤੇ ਧਾਰਮਿਕ ਤੇ ਸਭਿਆਚਾਰਕ ਵਿਤਕਰੇ ਅਤੇ ਬੇਇਨਸਾਫੀ ਦੇ ਵਿਰੁੱਧ ਸਮੇਂ ਸਮੇਂ ਉਭਰਦੀਆਂ ਰਹੀਆਂ ਹਨ। ਉਹ ਲਹਿਰਾਂ ਜੋ ਦਲਿਤ ਵਰਗਾਂ ਲਈ ਇਨਸਾਨੀ ਹੱਕੋ-ਹਕੂਕ ਅਤੇ ਸਨਮਾਨਜਨਕ ਜ਼ਿੰਦਗੀ ਹਾਸਲ ਕਰਨ ਲਈ ਯਤਨਸ਼ੀਲ਼ ਰਹੀਆਂ ਹਨ। ਇਸ ਲਈ ਇਹ ਲਹਿਰਾਂ ਬ੍ਰਾਹਮਣਵਾਦੀ ਸੰਸਕ੍ਰਿਤੀ ਅਤੇ ਸਮਾਜ ਉਪਰ ਕਾਬਜ਼ ਸਾਮੰਤੀ ਸ਼ਕਤੀਆਂ ਤੇ ਰੂੜੀਵਾਦੀ ਸੰਸਕਾਰਾਂ ਨਾਲ ਟਕਰਾਉਂਦੀਆਂ ਰਹੀਆਂ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਦਲਿਤ ਅੰਦੋਲਨ ਦੀ ਨੀਂਹ ਉਸ ਸਮਾਜਕ ਵਿਵਸਥਾ ਦੇ ਵਿਰੁੱਧ ਸੰਘਰਸ਼ ਉਪਰ ਟਿਕੀ ਹੋਈ ਹੈ ਜਿਸ ਨੇ ਇਹ ਗੈਰ-ਇਨਸਾਨੀ ਜਾਤੀ ਵੰਡ ਅਤੇ ਜਾਤੀ ਪ੍ਰਥਾ ਪੈਦਾ ਕੀਤੀ ਅਤੇ ਆਬਾਦੀ ਦੇ ਇਕ ਵੱਡੇ ਹਿੱਸੇ ਨੂੰ ਸਭ ਹੱਕਾਂ ਤੇ ਹਰ ਪ੍ਰਕਾਰ ਦੀ ਸੰਪਤੀ ਤੋਂ ਵਾਂਝੇ ਰੱਖਣ ਲਈ ਇਸ ਦਾ ਇਸਤੇਮਾਲ ਕੀਤਾ। ਤੇ ਫਿਰ ਇਸ ਸਮਾਜਕ-ਆਰਥਕ ਵਿਵਸਥਾ ਨੂੰ ਸੰਵਿਧਾਨਕ ਅਤੇ ਧਾਰਮਿਕ ਦਰਜਾ ਦੇਣ ਲਈ ਮਨੂੰ ਸਿਮਰਤੀ ਵਰਗੇ ਸਿਧਾਂਤ ਘੜ੍ਹੇ ਅਤੇ ਇਸ ਨੂੰ 'ਮਹਾਨ ਹਿੰਦੂ ਸੰਸਕ੍ਰਿਤੀ' ਕਹਿ ਕੇ ਦਲਿਤ ਵਰਗਾਂ ਉਪਰ ਲੱਦ ਦਿੱਤਾ।

ਇਸ ਲਈ ਇਸ ਪ੍ਰਥਾ ਅਤੇ ਸੰਸਕ੍ਰਿਤੀ ਦਾ ਵਿਰੋਧ ਹੋਣਾ ਲਾਜ਼ਮੀ ਸੀ ਅਤੇ ਇਹ ਹੋਇਆ ਵੀ ਉਦੋਂ ਤੋਂ ਹੀ ਜਦੋਂ ਤੋਂ ਇਹ ਪੈਦਾ ਹੋਈ ਪਰ ਇਸ ਵਿਰੋਧ ਨੂੰ ਕੁਚਲਣ ਲਈ ਇਹ ਮਾਨਵ-ਵਿਰੋਧੀ ਵਿਵਸਥਾ ਅਤੇ ਇਸ ਉਪਰ ਉਸਰੀ ਹੋਈ ਸੱਤਾ ਇੰਨਾ ਖੂੰਖਾਰ ਅਤੇ ਹਿੰਸਕ ਰੂਪ ਧਾਰਨ ਕਰਦੀ ਗਈ ਕਿ ਇਸ ਨੇ ਦਲਿਤ ਵਰਗਾਂ ਦਾ ਜੀਵਨ ਪਸ਼ੂਆਂ ਸਮਾਨ ਬਣਾ ਕੇ ਰੱਖ ਦਿੱਤਾ। ਬੇਸ਼ਕ ਪੂਰਵ-ਬੁੱਧ ਕਾਲ ਦੌਰਾਨ ਚੱਲੀਆਂ ਦਲਿਤ ਲਹਿਰਾਂ ਤੇ ਸਵਰਨ-ਦਲਿਤ ਲੜਾਈਆਂ ਦਾ ਕੋਈ ਪ੍ਰਮਾਣਿਕ ਇਤਿਹਾਸ ਜਾਂ ਰੀਕਾਰਡ ਲੱਭਣਾ ਮੁਸ਼ਕਿਲ ਹੈ ਪਰ ਇਨ੍ਹਾਂ ਲਹਿਰਾਂ ਬਾਰੇ ਵੇਦਾਂ ਤੇ ਉਸ ਤੋਂ ਬਾਅਦ ਦੇ ਹਿੰਦੂਵਾਦੀ ਧਰਮ ਗ੍ਰੰਥਾਂ ਵਿਚੋਂ ਵਾਹਵਾ ਕਨਸੋਅ ਮਿਲ ਜਾਂਦੀ ਹੈ।

ਇਸ ਲਈ ਦਲਿਤ ਵਿਚਾਰਧਾਰਾ ਦਾ ਆਧਾਰ ਚਾਰਵਾਕ ਦੇ ਸਿਧਾਂਤ, ਮਹਾਤਮਾ ਬੁੱਧ ਦੇ ਦਰਸ਼ਨ ਅਤੇ ਭਗਤੀ ਲਹਿਰ ਨਾਲ ਜੁੜੇ ਕਾਵਿ-ਸਾਹਿਤ ਨੂੰ ਮੰਨਿਆ ਜਾ ਸਕਦਾ ਹੈ। ਫਿਰ ਬਰਤਾਨਵੀਂ ਬਸਤੀਵਾਦੀ ਸ਼ਾਸ਼ਨ ਕਾਲ ਦੌਰਾਨ ਉੱਠੀਆਂ ਕਈ ਮਹੱਤਵਪੂਰਨ ਦਲਿਤ ਲਹਿਰਾਂ, ਜਿਨ੍ਹਾਂ ਦਾ ਨਿਸ਼ਾਨਾ ਜਾਤੀਵਾਦੀ ਉਤਪੀੜਨ ਅਤੇ ਸਮਾਜਕ ਵਿਤਕਰੇ ਨੂੰ ਖਤਮ ਕਰ ਕੇ ਬਰਾਬਰੀ ਉੱਤੇ ਆਧਾਰਿਤ ਸਮਾਜਕ ਵਿਵਸਥਾ ਦਾ ਨਿਰਮਾਣ ਕਰਨਾ ਸੀ, ਇਸ ਵਿਚਾਰਧਾਰਾ ਦੀ ਅਗਲੀ ਅਤੇ ਵਿਕਸਿਤ ਧਰਾਤਲ ਕਹੀ ਜਾ ਸਕਦੀ ਹੈ। ਜਿਨ੍ਹਾਂ ਵਿਚ ਮਹਾਤਮਾ ਜਯੋਤੀਬਾ ਫੂਲੇ, ਸਵਾਮੀ ਨਾਇਕਰ, ਪੇਰੀਅਰ ਅਤੇ ਡਾ. ਭੀਮ ਰਾਓ ਅੰਬੇਦਕਰ, ਆਦਿ ਦੀ ਲੀਡਰਸ਼ਿੱਪ ਵਿਚ ਚੱਲੀਆਂ ਦਲਿਤ ਲਹਿਰਾਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ ਕਿਉਂਕਿ ਇਹ ਸਿਰਫ਼ ਪ੍ਰਚਾਰ ਤੱਕ ਸੀਮਿਤ ਨਾ ਰਹਿ ਕੇ ਇਸ ਸਮੱਸਿਆ ਦੇ ਹੱਲ ਲਈ ਲੋਕ-ਸੰਗਰਾਮ ਨੂੰ ਲਾਮਬੰਦ ਕਰਨ ਲਈ ਠੋਸ ਪ੍ਰੋਗਰਾਮ ਵੀ ਪੇਸ਼ ਕਰਦੀਆਂ ਹਨ। ਬੇਸ਼ਕ ਇਸ ਕਾਲ ਦੌਰਾਨ ਇਨ੍ਹਾਂ ਤੋਂ ਇਲਾਵਾ ਕਈ ਖੇਤਰੀ ਪੱਧਰ ਦੀਆਂ ਲਹਿਰਾਂ ਵੀ ਉੱਠਦੀਆਂ ਰਹੀਆਂ ਹਨ, ਜਿਨ੍ਹਾਂ ਵਿਚ ਪੰਜਾਬ ਵਿਚ ਸੁਤੰਤਰਤਾ ਸੈਨਾਨੀ ਸ੍ਰੀ ਮੰਗੂ ਰਾਮ ਦੀ ਅਗਵਾਈ ਵਿਚ ਚੱਲੀ 'ਆਦਿ-ਧਰਮ' ਲਹਿਰ ਖਾਸ ਤੌਰ 'ਤੇ ਜ਼ਿਕਰ-ਜੋਗ ਹੈ ਪਰ ਇਨ੍ਹਾਂ ਤਮਾਮ ਲਹਿਰਾਂ ਵਿਚੋਂ ਡਾ. ਅੰਬੇਦਕਰ ਦੀ ਲੀਡਰਸ਼ਿਪ ਵਿਚ ਚੱਲੀ ਲਹਿਰ, ਦਲਿਤ ਵਰਗਾਂ ਦੀਆਂ ਮੁਕਤੀ ਭਾਵਨਾਵਾਂ ਦੀ ਪ੍ਰਤੀਨਿਧੀ ਲਹਿਰ ਬਣ ਕੇ ਉਭਰਨ ਵਿਚ ਸਫਲ ਰਹੀ ਹੈ।

ਇਸ ਲਈ ਡਾ. ਭੀਮ ਰਾਓ ਅੰਬੇਦਕਰ ਦਲਿਤ ਵਿਚਾਰਧਾਰਾ ਦਾ ਪਿਤਾਮਾ ਬਣ ਕੇ ਸਥਾਪਿਤ ਹੋਣ ਵਿਚ ਕਾਮਯਾਬ ਰਿਹਾ ਹੈ ਅਤੇ ਉਸਦੀਆਂ ਲਿਖਤਾਂ ਅਤੇ ਵਿਹਾਰਕ ਅੰਦੋਲਨਾਂ ਦਾ ਦਲਿਤ ਵਰਗਾਂ ਦੀ ਚੇਤਨਾ ਅਤੇ ਜ਼ਿੰਦਗੀ ਉਪਰ ਸਭ ਤੋਂ ਵੱਧ ਪ੍ਰਭਾਵ ਪਿਆ ਅਤੇ ਉਹ ਜਾਤੀਵਾਦੀ ਸ਼ੋਸ਼ਣ, ਵਿਤਕਰੇ ਤੇ ਉਤਪੀੜਨ ਤੋਂ ਮੁਕਤੀ ਦੇ ਸੁਪਨੇ ਦੇਖਣ ਲੱਗੇ ਅਤੇ ਸਿਰ ਉਠਾ ਕੇ ਜੀਣ ਦੀ ਕੋਸ਼ਿਸ਼ ਕਰਨ ਲੱਗੇ। ਡਾ. ਅੰਬੇਦਕਰ ਦੀ ਅਗਵਾਈ ਵਿਚ ਚੱਲੀ ਇਸ ਲਹਿਰ ਦਾ ਮਹੱਤਵ ਇਸ ਕਰਕੇ ਵੀ ਬਾਕੀ ਸਭ ਦਲਿਤ ਲਹਿਰਾਂ ਨਾਲੋਂ ਵੱਧ ਹੈ ਕਿਉਂਕਿ ਉਹ ਖੁਦ ਸੰਵਿਧਾਨ ਘੜਨੀ ਸਭਾ ਦਾ ਪ੍ਰਧਾਨ ਹੋਣ ਦੇ ਨਾਤੇ ਦਲਿਤ

ਵਰਗਾਂ ਲਈ ਰਾਖਵੇਂਕਰਨ ਦੀ ਧਾਰਾ ਸੰਵਿਧਾਨ ਵਿਚ ਦਰਜ ਕਰਵਾਉਣ ਵਿਚ ਲੋੜੀਂਦੀ ਭੂਮਿਕਾ ਨਿਭਾ ਸਕਿਆ ਅਤੇ ਉਸ ਦੇ ਉਦਮਾਂ ਸਦਕਾ ਹੀ ਮੁਫਤ ਅਤੇ ਲਾਜ਼ਮੀ ਮੁਢਲੀ ਵਿਦਿਆ ਦਾ ਪ੍ਰਾਵਧਾਨ ਵੀ ਪਾਸ ਹੋ ਸਕਿਆ। ਜਿਸ ਦੇ ਫਲਸਰੂਪ, ਦਲਿਤ ਵਰਗਾਂ ਦੀਆਂ ਅਗਲੀਆਂ ਪੀੜੀਆਂ ਪੜ੍ਹਨ ਲਿਖਣ ਲਈ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਵੀ ਜਾਣ ਲੱਗ ਪਈਆਂ ਅਤੇ ਪੜ੍ਹੇ ਲਿਖੇ ਦਲਿਤ ਨੌਜਵਾਨਾ ਨੂੰ ਚੰਗੀਆਂ ਅਰਥਾਤ ਉੱਚ ਦਰਜੇ ਦੀਆਂ ਨੌਕਰੀਆਂ ਵਿਚ ਵੀ ਜਗ੍ਹਾ ਮਿਲਣ ਲੱਗ ਪਈ। ਇਸ ਨਾਲ ਨਾ ਸਿਰਫ਼ ਦਲਿਤ ਵਰਗਾਂ ਵਿਚ ਵੀ ਇਕ ਮੱਧ ਵਰਗ ਪੈਦਾ ਹੋ ਗਿਆ, ਸਗੋਂ ਜਾਤੀਵਾਦੀ ਵਿਵਸਥਾ ਦੀ ਗੰਢ ਵੀ ਹੋਰ ਢਿੱਲੀ ਹੋਣੀ ਸ਼ੁਰੂ ਹੋ ਗਈ ਕਿਉਂਕਿ ਅਨੇਕ ਅਜੇਹੇ ਦਲਿਤ ਵਿਦਵਾਨ, ਲੇਖਕ ਅਤੇ ਬੁੱਧੀਜੀਵੀ ਪੈਦਾ ਹੋ ਗਏ ਜੋ ਇਸ ਵਿਵਸਥਾ ਨੂੰ ਖਤਮ ਕਰਨ ਲਈ ਦਲਿਤ ਵਰਗਾਂ ਦਾ ਮਾਰਗ-ਦਰਸ਼ਨ ਕਰਨ ਲੱਗੇ।

ਇਸ ਲਈ ਇਹ ਰਾਖਵਾਂਕਰਨ ਦਲਿਤ ਵਰਗਾਂ ਲਈ ਇਕ ਅਜੇਹਾ ਵਰਦਾਨ ਸਿੱਧ ਹੋਇਆ ਕਿ ਉਨ੍ਹਾਂ ਦਾ ਮੱਧਵਰਗੀ ਤੇ ਅਗਾਂਹਵਧੂ ਹਿੱਸਾ ਆਪਣੇ ਪੈਰਾਂ ਉਪਰ ਖੜ੍ਹਾ ਹੋਣ ਲੱਗ ਪਿਆ ਅਤੇ ਇਸ ਖ਼ੂੰਖਾਰ ਵਿਵਸਥਾ ਨੂੰ ਚੈਲਿੰਜ ਵੀ ਕਰਨ ਲੱਗ ਪਿਆ। ਇਸ ਰਾਖਵੇਂਕਰਨ ਨੂੰ ਡਾ. ਅੰਬੇਦਕਰ ਦੀ ਇਕ ਮਹਾਨ ਪ੍ਰਾਪਤੀ ਸਵੀਕਾਰ ਕਰਨਾ ਦਲਿਤ ਲਹਿਰ ਦੇ ਇਤਿਹਾਸ ਪ੍ਰਤੀ ਸਹੀ ਦ੍ਰਿਸ਼ਟੀਕੋਣ ਅਪਣਾਉਣਾ ਹੈ ਅਤੇ ਵਰਤਮਾਨ ਪ੍ਰਸਿਥਤੀਆਂ ਵਿਚ ਇਸ ਨੂੰ ਜਾਰੀ ਰੱਖਣ ਦੇ ਪੱਖ ਵਿਚ ਖੜ੍ਹੇ ਹੋਣਾ ਵੀ ਦਲਿਤ ਲਹਿਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣਾ ਹੈ। ਪਰ ਦਲਿਤ ਚੇਤਨਾ ਅਤੇ ਦਲਿਤ ਅੰਦੋਲਨ ਦਾ ਲਕਸ਼ ਸਿਰਫ਼ ਇਸ ਰਾਖਵੇਂਕਰਨ ਦੇ ਸੰਵਿਧਾਨਕ ਅਮਲ ਦੀ ਮੰਗ ਤੱਕ ਸੀਮਿਤ ਹੋ ਕੇ ਰਹਿ ਜਾਣਾ ਵਿਚਾਰਧਾਰਕ ਖੜੋਤ ਦਾ ਸ਼ਿਕਾਰ ਹੋਣਾ ਹੈ। ਇਸ ਲਈ ਅੰਬੇਦਕਰ ਦੇ ਵਿਚਾਰਾਂ ਨੂੰ ਜੋ ਲੋਕ ਸਿਰਫ਼ ਰਾਖਵੇਂਕਰਨ ਤੱਕ ਸੀਮਿਤ ਕਰ ਕੇ ਇਸ ਦਾ ਲਾਹਾ ਲੈਣ ਬਾਰੇ ਸੋਚ ਰਹੇ ਹਨ, ਉਹ ਅੰਬੇਦਕਰ ਦੇ ਵਿਚਾਰਾਂ ਨੂੰ ਬਹੁਤ ਸੀਮਿਤ ਕਰ ਰਹੇ ਹਨ। ਪਰ ਜੋ ਦਲਿਤ ਲਹਿਰ ਉਸ ਦੇ 'ਮਨੁੱਖੀ ਬਰਾਬਰੀ ਵਾਲਾ ਅਤੇ ਲੁੱਟ ਖਸੁੱਟ ਰਹਿਤ ਸਮਾਜ' ਸਥਾਪਤ ਕਰਨ ਦੇ ਸਿਧਾਂਤ ਨੂੰ ਆਪਣਾ ਮਾਰਗ-ਦਰਸ਼ਕ ਮੰਨ ਕੇ ਚੱਲ ਰਹੀ ਹੈ, ਉਹ ਕਈ ਰੂਪਾਂ ਵਿਚ ਅੱਗੇ ਵਧਣ ਵਿਚ ਸਫਲ ਹੋ ਰਹੀ ਹੈ।

ਇਸ ਲਈ ਅੰਬੇਦਕਰਵਾਦੀ ਵਿਚਾਰਧਾਰਾ ਦਾ ਬੁਨਿਆਦੀ ਮੁੱਦਾ ਵਰਤਮਾਨ ਸਮਾਜਕ ਵਿਵਸਥਾ ਨੂੰ ਬਦਲਣ ਲਈ ਜਾਤੀਵਾਦ ਦਾ ਮੁਕੰਮਲ ਖਾਤਮਾ ਅਤੇ ਆਰਥਕ ਬਰਾਬਰੀ ਵਾਲਾ ਸਮਾਜ ਕਾਇਮ ਕਰਨਾ ਹੈ। ਇਸ ਲਈ ਅੰਬੇਦਕਰਵਾਦ ਵਿਚਾਰਧਾਰਾ ਦੇ ਸੱਚੇ ਪੈਰੋਕਾਰ ਅਨੇਕ ਵਿਦਵਾਨ, ਲੇਖਕ ਅਤੇ ਚਿੰਤਕ ਜਾਤੀਵਾਦ ਦੇ ਮੁਕੰਮਲ ਖਾਤਮੇ ਅਤੇ ਹਰ ਪ੍ਰਕਾਰ ਦੀ ਲੁੱਟ ਖਸੁੱਟ ਰਹਿਤ ਵਿਵਸਥਾ ਦਾ ਨਿਰਮਾਣ ਕਰਨ ਲਈ ਇਸ ਵਿਚਾਰਧਾਰਾ ਦਾ ਚੌਤਰਫਾ ਵਿਕਾਸ ਕਰਨ ਵਿਚ ਜੁੱਟੇ ਹੋਏ ਹਨ। ਜਿਸ ਦੇ ਫਲਸਰੂਪ, ਉਤਰ-ਅੰਬੇਦਕਰ ਕਾਲ ਵਿਚ ਇਹ ਲਹਿਰ ਕਈ ਨਵੇਂ ਰੂਪ ਅਤੇ ਮਸਲੇ ਲੈ ਕੇ ਉਭਰ ਰਹੀ ਹੈ। ਮਸਲਨ: ਮਹਾਂਰਾਸ਼ਟਰ ਵਿਚ ਇਹ ਲਹਿਰ ਮਾਰਕਸਵਾਦ ਦੇ ਪ੍ਰਭਾਵ ਹੇਠ ਅਤੇ ਅਮਰੀਕਾ ਵਿਚ ਉੱਠੀ 'ਬਲੈਕ ਪੈਂਥਰ' ਲਹਿਰ ਦੇ ਸਮਵਿੱਥ 'ਦਲਿਤ ਪੈਂਥਰ' ਦੇ ਨਾਂ ਨਾਲ ਮਸ਼ਹੂਰ ਹੋਈ ਅਤੇ ਹੁਣ ਦਲਿਤ ਸਾਹਿਤ ਦੇ ਮਾਧਿਅਮ ਰਾਹੀਂ ਪੂਰੇ ਦੇਸ਼ ਵਿਚ ਫੈਲਦੀ ਜਾ ਰਹੀ ਹੈ। ਇਸ ਲਈ ਦਲਿਤ ਸਾਹਿਤ ਇਕ ਲੋਕ-ਧਾਰਾ ਬਣਦਾ ਜਾ ਰਿਹਾ ਹੈ ਅਤੇ ਨਾ ਸਿਰਫ਼ ਬ੍ਰਾਹਮਣਵਾਦੀ ਸੰਸਕ੍ਰਿਤੀ ਉਪਰ ਕਰਾਰੇ ਵਾਰ ਕਰ ਰਿਹਾ ਹੈ, ਸਗੋਂ ਜਾਤੀ ਪ੍ਰਥਾ ਦੀਆਂ ਤਮਾਮ ਮਾਨਵ-ਵਿਰੋਧੀ ਜੜ੍ਹਾਂ ਫਰੋਲ ਰਿਹਾ ਹੈ ਅਤੇ ਇਸ ਦੇ ਜਨਮਦਾਤਾ ਤੇ ਪੋਸ਼ਕ ਸਿਧਾਂਤਾਂ, ਸਿਮਰਤੀਆਂ ਅਤੇ ਗ੍ਰੰਥਾਂ ਨੂੰ ਹਵਾ ਵਿਚ ਉਛਾਲ ਰਿਹਾ ਹੈ ਅਤੇ ਇਸ ਦੇ ਕਰਣਧਾਰਾਂ ਦੇ ਕਰੂਰ ਚਿਹਰੇ ਦੀ ਚੀਰ-ਫਾੜ ਵੀ ਕਰ ਰਿਹਾ ਹੈ।

ਇਸ ਲਈ ਦਲਿਤ ਸਾਹਿਤ ਵਰਤਮਾਨ ਦੌਰ ਵਿਚ ਦਲਿਤ ਲਹਿਰ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਬਣ ਚੁੱਕਾ ਹੈ ਅਤੇ ਇਸ ਦੇ ਹਮਲੇ ਦਾ ਪ੍ਰਮੁੱਖ ਨਿਸ਼ਾਨਾ ਉਹ ਦਕਿਆਨੂਸੀ ਬ੍ਰਾਹਮਣਵਾਦੀ ਸੰਸਕ੍ਰਿਤੀ, ਸਾਮੰਤੀ ਰੂੜੀਵਾਦੀ ਸੰਸਕਾਰ, ਲੋਕ-ਦੋਖੀ ਸੱਤਾ ਅਤੇ ਪ੍ਰਸ਼ਾਸਨ ਹਨ, ਜੋ ਦਲਿਤ ਸਮੱਸਿਆ ਦੇ ਤਥਾਕਥਿਤ ਆਜ਼ਾਦੀ ਦੇ ਸੱਠ ਸਾਲ ਬਾਅਦ ਤੱਕ ਵੀ ਬਣੇ ਰਹਿਣ ਦਾ ਮੂਲ ਕਾਰਨ ਹਨ। ਇਸ ਲਈ



ਦਲਿਤ ਲਹਿਰ ਇਕ ਬਲਸ਼ਾਲੀ ਬੌਧਿਕ ਅਤੇ ਵਿਚਾਰਧਾਰਕ ਰੂਪ ਧਾਰ ਕੇ ਹੁਕਮਰਾਨ ਵਰਗਾਂ ਅਤੇ ਇਨ੍ਹਾਂ ਦੀ ਨਿਰੰਕੁਸ਼ ਸੱਤਾ ਨੂੰ ਸਾਹਿਤਕ ਤੇ ਸਭਿਆਚਾਰਕ ਮੋਰਚੇ ਉਪਰ ਚੈਲਿੰਜ ਕਰਨ ਵਿਚ ਵੀ ਕਾਮਯਾਬ ਹੋ ਰਹੀ ਹੈ ਅਤੇ ਇਸ ਨੂੰ ਇਕ ਪ੍ਰਭਾਵਸ਼ਾਲੀ ਕਰਾਂਤੀਕਾਰੀ ਰਾਜਨੀਤਕ ਲਹਿਰ ਦੇ ਰੂਪ ਵਿਚ ਵਿਕਸਿਤ ਕਰਨ ਲਈ ਸਹੀ ਤੇ ਵਿਹਾਰਕ ਪ੍ਰੋਗਰਾਮ ਦੀ ਤਲਾਸ਼ ਵੀ ਕਰ ਰਹੀ ਹੈ। ਇਸ ਲਈ ਅੰਬੇਦਕਰਵਾਦੀ ਵਿਚਾਰਧਾਰਾ ਦਾ ਬਹੁ-ਪੱਖੀ ਅਤੇ ਬਹੁ-ਪਰਤੀ ਵਿਕਾਸ ਸੰਭਵ ਦਿਖਾਈ ਦੇ ਰਿਹਾ ਹੈ ਕਿਉਂਕਿ ਸਭ ਤੋਂ ਵੱਧ ਲੁੱਟ-ਪੁੱਟ ਅਤੇ ਸਦੀਆਂ ਤੱਕ ਸਤਾਏ ਗਏ ਦਲਿਤ ਜਨ-ਸਮੂਹਾਂ ਦੀ ਮੁਕਤੀ ਲਹਿਰ ਹੋਣ ਕਰਕੇ ਇਹ ਆਪਣੇ ਅੰਦਰ ਇਕ ਅਜੇਹੇ ਸ਼ਕਤੀਸ਼ਾਲੀ ਜਨ-ਅੰਦੋਲਨ ਦੀ ਸਮਰਥਾ ਸਮਾਈ ਬੈਠੀ ਹੈ ਜੋ ਸਮੁੱਚੀ ਸਮਾਜਕ, ਆਰਥਕ, ਰਾਜਨੀਤਕ, ਸਭਿਆਚਾਰਕ ਵਿਵਸਥਾ ਨੂੰ ਬਦਲਣ ਲਈ ਦਲਿਤ ਵਰਗਾਂ ਨੂੰ ਇਕ-ਜੁੱਟ ਕਰ ਕੇ ਸੰਘਰਸ਼ ਦੇ ਮੈਦਾਨ ਵਿਚ ਲਿਆ ਸਕਦੀ ਹੈ। ਇਸ ਲਈ ਸਮੁੱਚੀ ਦਲਿਤ ਲਹਿਰ ਦੇ ਵਿਚਾਰਧਾਰਕ ਵਿਕਾਸ ਦੀ ਸੰਭਾਵੀ ਪ੍ਰਕਿਰਿਆ ਕੀ ਹੋ ਸਕਦੀ ਹੈ ਜਾਂ ਕੀ ਹੋਣੀ ਚਾਹੀਦੀ ਹੈ? ਸਵਾਲ ਤਮਾਮ ਕਿਸਮ ਦੇ ਅਗਾਂਹਵਧੂ ਵਿਦਵਾਨਾਂ, ਲੇਖਕਾਂ ਅਤੇ ਸਾਰੇ ਮਿਹਨਤਕਸ਼ ਵਰਗਾਂ ਲਈ ਬਹੁਤ ਵੱਡਾ ਮਹੱਤਵ ਰੱਖਦਾ ਹੈ।

* *

## ਦਲਿਤ ਲਹਿਰ ਦੀ ਸੰਭਾਵੀ ਵਿਕਾਸ ਪ੍ਰਕਿਰਿਆ:

ਕਿਸੇ ਸਮਾਜ ਉਪਰ ਸਦੀਆਂ ਤੋਂ ਕਾਬਜ਼ ਕਿਸੇ ਲੋਕ-ਦੋਖੀ ਸੰਸਕ੍ਰਿਤੀ ਅਤੇ ਵਿਚਾਰਧਾਰਾ ਨੂੰ ਨਕਾਰਨ ਅਤੇ ਸਮਾਜ ਦੀਆਂ ਨਸਾਂ ਤੇ ਰਗਾਂ ਵਿਚੋਂ ਬਾਹਰ ਕੱਢਣ ਲਈ, ਕਿਸੇ ਲੋਕ-ਪੱਖੀ ਤੇ ਨਵੀਂ ਵਿਚਾਰਧਾਰਾ ਦਾ ਸਿਧਾਂਤਕ ਵਿਕਲਪ ਬਣਨਾ ਕਿੰਨਾ ਮੁਸ਼ਕਿਲ ਹੁੰਦਾ ਹੈ, ਇਸ ਦਾ ਅਨੁਮਾਨ ਸਮੁੱਚੇ ਵਿਸ਼ਵ ਦੇ ਇਤਿਹਾਸਕ ਵਿਕਾਸ ਤੋਂ ਲਾਇਆ ਜਾ ਸਕਦਾ ਹੈ। ਉਂਜ ਚਾਹੇ ਨਵੇਂ ਸਿਧਾਂਤਕ ਫਾਰਮੂਲੇ ਲੱਭਣ ਵਿਚ ਵੀ ਲੰਬਾ ਸਮਾਂ ਲੱਗ ਸਕਦਾ ਹੈ, ਪਰ ਇਨ੍ਹਾਂ ਦੇ ਵਿਹਾਰਕ ਰੂਪ ਧਾਰਨ ਅਤੇ ਲੋਕ-ਧਾਰਾ ਬਣਨ ਵਿਚ ਤਾਂ ਕਈ ਸਦੀਆਂ ਲੱਗ ਸਕਦੀਆਂ ਹਨ, ਕਿਉਂਕਿ ਜੋ ਵਿਚਾਰ ਸਮਾਜ ਦੇ ਹਰ ਅੰਗ ਅਤੇ ਆਮ ਲੋਕਾਂ ਦੇ ਲਹੂ ਵਿਚ ਰਚ-ਮਿਚ ਚੁੱਕੇ ਹੁੰਦੇ ਹਨ, ਉਨ੍ਹਾਂ ਦੇ ਜੀਨਜ਼ ਦਾ ਵੀ ਇਕ ਅੰਗ ਬਣ ਚੁੱਕੇ ਹੁੰਦੇ ਹਨ। ਇਹ ਵਿਚਾਰ ਜਦੋਂ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਧਾਰਮਿਕ ਵਿਸ਼ਵਾਸ ਦਾ ਰੂਪ ਲੈ ਜਾਂਦੇ ਹਨ ਤਾਂ ਰੱਬੀ ਜਾਂ ਗੈਬੀ ਵੀ ਬਣ ਗਏ ਹੁੰਦੇ ਹਨ। ਮਸਲਨ: ਰੱਬ ਦੀ ਕਾਢ ਨੂੰ ਹੀ ਲੈ ਲਓ, ਚਾਹੇ ਇਹ ਹੁਕਮਰਾਨ ਵਰਗਾਂ ਦੀ ਆਪਣੀ ਸੱਤਾ ਕਾਇਮ ਰੱਖਣ ਲਈ ਕੋਰੀ ਕਲਪਨਾ ਸੀ ਪਰ ਇਹ ਲੋਕਾਂ ਲਈ ਇਕ ਵਿਸ਼ਵਾਸ, ਇਕ ਹਕੀਕਤ ਬਣ ਚੁੱਕੀ ਹੈ। ਆਮ ਲੋਕਾਂ ਲਈ ਰੱਬ ਦੀ ਹੋਂਦ ਦਾ ਅਹਿਸਾਸ, ਉਨ੍ਹਾਂ ਦੇ ਦੁੱਖ-ਸੁੱਖ ਦਾ ਸਾਥੀ ਅਤੇ ਬੇਬਸੀ ਦਾ ਸਹਾਰਾ ਬਣ ਚੁੱਕਾ ਹੈ ਅਤੇ ਇਹ ਵਿਸ਼ਵਾਸ ਉਨ੍ਹਾਂ ਦੇ ਲਹੂ ਦੇ ਕਣ-ਕਣ ਵਿਚ ਰਚ-ਮਿਚ ਚੁੱਕਾ ਹੈ। ਇਸ ਲਈ 'ਰੱਬ ਦੇ ਹੁਕਮ ਬਿਨਾ ਪੱਤਾ ਨਹੀਂ ਹਿੱਲ ਸਕਦਾ!' ਵਰਗੇ ਗੈਰ-ਵਿਗਿਆਨਕ ਸੰਕਲਪ ਅਤੇ ਇਨ੍ਹਾਂ ਪ੍ਰਤੀ ਅੰਨ੍ਹੀ ਸ਼ਰਧਾ-ਭਾਵਨਾ, ਆਮ ਲੋਕਾਂ ਵਿਚ ਨਵੇਂ ਵਿਚਾਰਾਂ ਤੇ ਸੰਕਲਪਾਂ ਪ੍ਰਤੀ ਅਪਨਾਊ ਪਹੁੰਚ ਅਪਨਾਉਣ ਵਿਚ ਰੁਕਾਵਟ ਬਣਦੇ ਹਨ। ਉਹ ਉਨ੍ਹਾਂ ਪੁਰਾਣੇ ਵਿਚਾਰਾਂ ਨੂੰ ਜੋ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ ਦਾ ਇਕ ਅੰਗ ਬਣ ਚੁੱਕੇ ਹੁੰਦੇ ਹਨ, ਸਹਿਜ ਕੀਤਿਆਂ ਛੱਡਣ ਲਈ ਤਿਆਰ ਨਹੀਂ ਹੁੰਦੇ। ਇਸ ਲਈ ਇਹ ਤੱਥ ਵੀ ਉਨ੍ਹਾਂ ਦੇ ਲਹੂ ਵਿਚ ਪ੍ਰਵੇਸ਼ ਕਰਨ ਲਈ ਰੁਕਾਵਟ ਦਾ ਸਾਹਮਣਾ ਕਰਦਾ ਹੈ ਕਿ ਇਹ ਨਿਜ਼ਾਮ, ਇਹ ਸਮਾਜ, ਇਹ ਸਿਸਟਮ, ਇਹ ਸਰਕਾਰਾਂ ਤੇ ਪ੍ਰਸ਼ਾਸਨ, ਇਹ ਜ਼ਮੀਨਾਂ-ਜਾਇਦਾਦਾਂ ਦੇ ਮਾਲਕ, ਇਹ ਫੌਜ ਤੇ ਕਾਨੂੰਨ, ਇਤਆਦਿ ਰੱਬ ਨੇ ਨਹੀਂ ਪੈਦਾ ਕੀਤੇ, ਮਨੁੱਖੀ ਵਿਕਾਸ ਪ੍ਰਕਿਰਿਆ ਵਿਚੋਂ ਅਤੇ ਯੁੱਧਾਂ ਜੰਗਾਂ ਰਾਹੀਂ ਪੈਦਾ ਹੋਏ ਹਨ। ਇਸ ਲਈ ਉਨ੍ਹਾਂ ਦੇ ਇਸ ਵਿਸ਼ਵਾਸ ਨਾਲ ਹੁਕਮਰਾਨ ਵਰਗ ਹਮੇਸ਼ਾ ਖਿਲਵਾੜ ਕਰਦੇ ਰਹੇ ਹਨ ਅਤੇ ਅੱਜ ਵੀ ਧਰਮ ਦੇ ਠੇਕੇਦਾਰ ਇਸ ਨੂੰ ਖਿੱਚ ਕੇ ਮੰਦਰਾਂ, ਮਸਜਿਦਾਂ, ਗੁਰਦਵਾਰਿਆਂ, ਗਿਰਜਾਘਰਾਂ, ਜਨਮ ਸਥਾਨਾਂ, ਪੱਥਰਾਂ, ਪੋਥੀਆਂ, ਮੱਠਾਂ ਤੱਕ ਲੈ

ਜਾਂਦੇ ਹਨ ਅਤੇ ਆਪਣੀ ਲੋੜ ਅਨੁਸਾਰ ਉਕਸਾਅ, ਭੜਕਾਅ ਕੇ ਆਪਣੇ ਹੀ ਭਾਈ ਬੰਧੂਆਂ ਦੇ ਲਹੂ ਨਾਲ ਖੇਡਣ ਲਈ ਵਰਤ ਲੈਂਦੇ ਹਨ। ਇਹ ਹਕੀਕਤ ਹਜ਼ਾਰਾਂ ਲੱਖਾਂ ਵਾਰ ਇਤਿਹਾਸ ਵਿਚ ਘਟ ਚੁੱਕੀ ਹੈ ਅਤੇ ਅੱਜ ਵੀ ਲੋਕਾਂ ਦੀਆਂ ਅੱਖਾਂ ਸਾਹਮਣੇ ਵਾਰ ਵਾਰ ਦੁਹਰਾਈ ਜਾ ਰਹੀ ਹੈ।

ਪਰ ਕੀ ਇਸ ਕਰਕੇ ਲੋਕ ਰੱਬ ਨੂੰ ਮੰਨਣਾ ਛੱਡ ਦੇਣਗੇ?

ਨਹੀਂ। ਉਹ ਇਸ ਵਿਸ਼ਵਾਸ ਨੂੰ ਓਨੀ ਦੇਰ ਤੱਕ ਨਹੀਂ ਛੱਡ ਸਕਦੇ, ਜਿੰਨੀ ਦੇਰ ਉਹ ਉਪਰ ਵਾਲੇ ਉਤੇ ਇਹ ਵਿਸ਼ਵਾਸ ਰੱਖਣਗੇ ਕਿ ਉਹ ਉਨ੍ਹਾਂ ਦੇ ਸਾਰੇ ਮਸਲੇ ਹੱਲ ਕਰ ਦੇਵੇਗਾ ਅਤੇ ਅਜੇਹਾ ਨਾ ਹੋਣ ਕਰਕੇ ਲਾਚਾਰ, ਬੇਬਸ ਅਤੇ ਦੁਖੀ ਰਹਿਣਗੇ। ਉਹ ਜਿੰਨੀ ਦੇਰ ਵਿਗਿਆਨਕ ਤੌਰ ਤੇ ਸੁਚੇਤ ਨਹੀਂ ਹੋ ਜਾਣਗੇ ਅਤੇ ਇਹ ਸੋਚ ਉਨ੍ਹਾਂ ਦੇ ਲਹੂ ਵਿਚ ਰਚ-ਮਿਚ ਨਹੀਂ ਜਾਵੇਗੀ ਕਿ ਉਨ੍ਹਾਂ ਨੂੰ ਆਪਣੇ ਮਸਲੇ ਖ਼ੁਦ ਹੱਲ ਕਰਨੇ ਪੈਣੇ ਹਨ, ਉਨ੍ਹਾਂ ਨੂੰ ਇਸ ਕਿਸਮ ਦੇ 'ਰੱਬੀ' ਜਾਂ 'ਗੈਬੀ' ਸਹਾਰੇ ਦੀ ਲੋੜ ਰਹੇਗੀ ਕਿਉਂਕਿ ਉਨ੍ਹਾਂ ਨੂੰ ਸਦੀਆਂ ਤੋਂ ਜਨਮ ਦਰ ਜਨਮ ਇਹ ਹੀ ਸਿਖਾਇਆ ਜਾਂਦਾ ਰਿਹਾ ਹੈ। ਦਾਦੀ ਦੀਆਂ ਕਹਾਣੀਆਂ ਤੋਂ ਲੈ ਕੇ ਗੁਰੂਆਂ ਦੀਆਂ ਸਾਖੀਆਂ ਤੱਕ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ "ਕਰੇ ਕਰਾਏ, ਆਪਣੇ ਆਪ ..." ਅਰਥਾਤ ਉਹ ਉਪਰ ਵਾਲਾ ਹੀ ਸਭ ਕੁਝ ਕਰੇਗਾ ਤੇ ਉਹਦਾ ਨਾਂ ਲੈਣਾ, ਉਹਦੇ ਪ੍ਰਤੀ ਸੱਚੀ ਸ਼ਰਧਾ ਕਾਇਮ ਰੱਖਣੀ ਉਨ੍ਹਾਂ ਦਾ ਦੁਨਿਆਵੀ ਫਰਜ਼ ਹੈ। ਇਸ ਲਈ ਉਹ ਧਾਰਮਿਕ ਭਾਵਨਾਵਾਂ ਤੇ ਵਿਸ਼ਵਾਸ, ਜਿਹੜੇ ਲੋਕ-ਸੰਸਕ੍ਰਿਤੀ ਦਾ ਇਕ ਅਨਿੱਖੜਵਾਂ ਅੰਗ ਬਣ ਕੇ ਉਨ੍ਹਾਂ ਦੇ ਲਹੂ ਵਿਚ ਰਚ-ਮਿਚ ਚੁੱਕੇ ਹਨ, ਉਨ੍ਹਾਂ ਤੋਂ ਮੁਕਤੀ ਇੰਨੀ ਸੌਖੀ ਨਹੀਂ।

ਇਸੇ ਕਰਕੇ ਜਾਤੀ ਸੰਸਕਾਰਾਂ ਤੋਂ ਵਿਵਹਾਰਕ ਮੁਕਤੀ ਵੀ ਓਨੀ ਸੌਖੀ ਨਹੀਂ, ਜਿੰਨੀ ਸਿਧਾਂਤਕ ਤੌਰ 'ਤੇ ਤਸੱਵਰ ਕੀਤੀ ਜਾ ਸਕਦੀ ਹੈ, ਕਿਉਂਕਿ ਇਸ ਨੂੰ ਵੀ ਰੱਬੀ ਅਥਵਾ ਗੈਬੀ ਰੂਪ ਦਿੱਤਾ ਜਾ ਚੁੱਕਾ ਹੈ। ਜਨਮਾਂ, ਕਰਮਾਂ ਦੇ ਚੱਕਰ ਦਾ ਉਹ ਰੂਪ, ਜਿਸ ਅਨੁਸਾਰ ਕੋਈ ਨ ਕੋਈ ਰੱਬ ਇਹ ਤੈਅ ਕਰਦਾ ਹੈ ਕਿ ਕਿਸ ਵਿਅਕਤੀ ਨੇ ਕਿਸ ਘਰ ਅਤੇ ਕਦੋਂ ਪੈਦਾ ਹੋਣਾ ਹੈ ਅਤੇ ਫਿਰ ਉਮਰ ਭਰ ਉਹਨੇ ਕੀ ਕੀ ਭੋਗਣਾ ਹੈ ਅਰਥਾਤ ਉਹ ਲਿਖੇ ਲਿਖਾਏ ਲੇਖ ਲੈ ਕੇ ਜੰਮਦਾ ਹੈ ਅਤੇ ਸਿਰਫ਼ ਉਹ ਰੱਬ ਹੀ ਇਨ੍ਹਾਂ ਲੇਖਾਂ ਨੂੰ ਬਦਲ ਸਕਦਾ ਹੈ। ਬੇਸ਼ਕ ਇਹ ਇਕ ਕੋਰੀ ਕਲਪਨਾ ਅਤੇ ਸਿਰਫ਼ ਬਕਵਾਸ ਹੈ ਪਰ ਇਹ ਲੋਕਾਂ ਦੇ ਲਹੂ ਵਿਚ ਰਚ-ਮਿਚ ਕੇ ਇਕ ਧਾਰਮਿਕ ਹੀ ਨਹੀਂ, ਸਭਿਆਚਾਰਕ ਤੇ ਸਮਾਜਕ ਕਦਰ ਕੀਮਤ ਵੀ ਬਣ ਚੁੱਕੀ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਅਨੇਕ ਕਦਰਾਂ-ਕੀਮਤਾਂ, ਅਕੀਦੇ ਅਤੇ ਵਿਸ਼ਵਾਸ, ਜੋ ਹੁਕਮਰਾਨ ਵਰਗਾਂ ਦੀ ਸੱਤਾ ਅਤੇ ਉਨ੍ਹਾਂ ਦੇ ਧਰਮ ਗੁਰੂਆਂ ਵੱਲੋਂ ਇਕ ਲੰਮੇ ਸਮੇਂ ਵਿਚ ਸਮਾਜ ਉਪਰ ਥੋਪੇ ਗਏ ਹੁੰਦੇ ਹਨ, ਉਹ ਲੋਕਾਂ ਦੇ ਲਹੂ ਵਿਚ ਇੰਨੀ ਬੁਰੀ ਤਰ੍ਹਾਂ ਰਚ-ਮਿਚ ਜਾਂਦੇ ਕਿ ਉਹ ਇਨ੍ਹਾਂ ਨੂੰ ਆਪਣੇ ਵਿਚਾਰ ਸਮਝਣ ਲੱਗ ਪੈਂਦੇ ਹਨ। ਇਸ ਲਈ ਇਹ ਮੰਨ ਕੇ ਚੱਲਣਾ ਪਵੇਗਾ ਕਿ ਇਨ੍ਹਾਂ ਕਦਰਾਂ ਕੀਮਤਾਂ ਨੂੰ ਬਦਲਣ ਲਈ ਇਕ ਲੰਮਾ ਸਮਾਂ ਲੱਗੇਗਾ। ਉਹ ਵੀ ਜੇਕਰ ਇਨ੍ਹਾਂ ਰੂੜੀਵਾਦੀ ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਦੇ ਵਿਰੁੱਧ ਚੇਤਨਾਸ਼ੀਲ ਅਤੇ ਵਿਗਿਆਨਕ ਰੂਪ ਵਿਚ ਵਿਚਾਰਕ ਸੰਘਰਸ਼ ਦੇ ਨਾਲ-ਨਾਲ, ਇਨ੍ਹਾਂ ਲੋਕ-ਦੋਖੀ ਕਦਰਾਂ-ਕੀਮਤਾਂ ਦੀਆਂ ਜਨਮ-ਦਾਤਾ ਅਤੇ ਪੋਸ਼ਕ ਸ਼ਕਤੀਆਂ ਦੇ ਵਿਰੁੱਧ ਵੀ ਨਿਰੰਤਰ ਸੰਘਰਸ਼ ਜਾਰੀ ਰੱਖਿਆ ਜਾਵੇ। ਇਸ ਨਿਰੰਤਰ ਸੰਘਰਸ਼ ਦਾ ਸਿਰਫ਼ ਪ੍ਰਚਾਰਾਤਮਕ ਜਾਂ ਅੰਦੋਲਨਾਤਮਕ ਹੋਣਾ ਹੀ ਕਾਫ਼ੀ ਨਹੀਂ, ਜਿੱਤ ਦੀ ਮੰਜ਼ਲ ਅਰਥਾਤ ਇਨ੍ਹਾਂ ਸ਼ਕਤੀਆਂ ਤੋਂ ਸੱਤਾ ਤੇ ਲੁੱਟ-ਖਸੁੱਟ ਦੇ ਤਮਾਮ ਸਾਧਨ ਤੇ ਹਥਿਆਰ ਖੋਹ ਕੇ ਲੋਕ-ਸੱਤਾ ਪੈਦਾ ਕਰਨ ਤੱਕ ਅਤੇ ਉਸ ਤੋਂ ਬਾਅਦ ਨਵੀਂ ਸੱਤਾ ਦੇ ਵਿਰੁੱਧ ਵੀ ਜਾਰੀ ਰਹਿਣਾ ਲਾਜ਼ਮੀ ਸ਼ਰਤ ਹੈ।

ਇਸ ਲਈ ਦਲਿਤ ਵਿਚਾਰਧਾਰਾ ਨੂੰ ਇਸ ਨਿਰੰਤਰ ਸੰਘਰਸ਼ ਦੀ ਮਾਰਗ-ਦਰਸ਼ਕ ਵਿਚਾਰਧਾਰਾ ਬਣਨ ਲਈ ਹਰ ਖੇਤਰ ਵਿਚ ਨਵੇਂ ਵਿਚਾਰ ਪੈਦਾ ਕਰਨ ਅਤੇ ਲੋਕਾਂ ਦੇ ਲਹੂ ਵਿਚ ਇਨ੍ਹਾਂ ਦੀ ਥਾਂ ਬਣਾਉਣ ਲਈ ਨਿਰੰਤਰ ਵਿਕਾਸ ਦੀ ਪ੍ਰਕਿਰਿਆ ਦਾ ਰਸਤਾ ਖੋਜਣਾ ਹੋਵੇਗਾ। ਇਸ ਲਈ ਦਲਿਤ ਮੁਕਤੀ ਦਾ ਰਸਤਾ ਸਮਾਜਕ, ਆਰਥਕ, ਰਾਜਨੀਤਕ, ਸਭਿਆਚਾਰਕ ਇਨਕਲਾਬ ਦਾ ਰਸਤਾ ਹੋ ਸਕਦਾ ਹੈ, ਪੂੰਜੀਵਾਦੀ ਜਾਂ ਸੰਸਦੀ ਸੁਧਾਰਾਂ ਦਾ ਨਹੀਂ ਕਿਉਂਕਿ ਇਹ ਸੁਧਾਰ ਚੰਦ ਲੋਕਾਂ ਦੇ ਮਸਲੇ ਤਾਂ ਹੱਲ



ਕਰ ਸਕਦੇ ਹਨ, ਸਮੁੱਚੇ ਲੋਕਾਂ ਦੇ ਨਹੀਂ। ਇਹਦਾ ਮਤਲਬ ਇਹ ਵੀ ਨਹੀਂ ਨਿਕਲਦਾ ਕਿ ਲੋਕਾਂ ਦੀਆਂ ਆਂਸ਼ਿਕ ਜਾਂ ਫੌਰੀ ਮੰਗਾਂ ਉਪਰ ਸੰਘਰਸ਼ ਕਰਨਾ ਗਲਤ ਹੈ, ਸਗੋਂ ਇਸ ਦੇ ਮਾਅਨੇ ਇਹ ਹਨ ਕਿ ਹਰ ਸੰਘਰਸ਼ ਦੀ ਦਿਸ਼ਾ ਜ਼ਰੂਰ ਉਸ ਅੰਤਿਮ ਮੰਜ਼ਲ ਨੂੰ ਧਿਆਨ ਵਿਚ ਰੱਖ ਕੇ ਤੈਅ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਇਨ੍ਹਾਂ ਆਂਸ਼ਿਕ ਸੰਘਰਸ਼ਾਂ ਰਾਹੀਂ ਦਲਿਤ ਵਰਗਾਂ ਅਤੇ ਮਿੱਤਰ ਵਰਗਾਂ ਦੀ ਸ਼ਕਤੀ ਨੂੰ ਇਕ-ਜੁੱਟ ਕਰਨ ਦੀ ਦਿਸ਼ਾ ਵਿਚ ਵਧਿਆ ਜਾ ਸਕੇ। ਇਸ ਪਹੁੰਚ ਵਿਚੋਂ ਦਲਿਤ ਚੇਤਨਾ ਦਾ ਨਵਾਂ ਸੰਕਲਪ ਪੈਦਾ ਹੁੰਦਾ ਹੈ। ਕਰਾਂਤੀਕਾਰੀ ਸੰਕਲਪ ਅਰਥਾਤ ਅਜੇਹੀ ਚੇਤਨਾ ਜੋ ਹਰ ਪ੍ਰਕਾਰ ਦੇ ਸ਼ੋਸ਼ਣ, ਪੀੜਨ ਅਤੇ ਵਿਤਕਰੇ ਨੂੰ ਖਤਮ ਕਰਨ ਲਈ ਇਸ ਸਮੁੱਚੀ ਵਿਵਸਥਾ ਅਤੇ ਸਟੇਟ ਪਾਵਰ ਨੂੰ ਨਿਸ਼ਾਨਾ ਬਣਾਉਂਦੀ ਹੋਵੇ। ਉਹ ਚੇਤਨਾ, ਜੋ ਬ੍ਰਾਹਮਣਵਾਦੀ ਸੰਸਕ੍ਰਿਤੀ ਤੇ ਸਾਮੰਤੀ ਸੰਸਕਾਰਾਂ ਉੱਤੇ ਆਧਾਰਿਤ ਸਮਾਜਕ ਵਿਵਸਥਾ ਨੂੰ ਨਾ ਸਿਰਫ਼ ਚੈਲਿੰਜ ਹੀ ਕਰਦੀ ਹੋਵੇ, ਸਗੋਂ ਇਸ ਨੂੰ ਬਦਲਣ ਲਈ ਦੇਸ਼ ਵਿਆਪੀ ਅੰਦੋਲਨ ਦਾ ਰੂਪ ਵੀ ਧਾਰ ਸਕਦੀ ਹੋਵੇ।

ਇਹ ਚੇਤਨਾ, ਇਕ ਅਜੇਹੇ ਠੋਸ ਪ੍ਰੋਗਰਾਮ ਉਪਰ ਨਿਰੰਤਰ ਅਮਲ ਰਾਹੀਂ ਹੀ ਵਿਕਸਿਤ ਕੀਤੀ ਜਾ ਸਕਦੀ ਹੈ, ਜੋ ਸਾਰੇ ਦਲਿਤ ਵਰਗਾਂ ਨੂੰ ਇਕ ਪਲੇਟਫਾਰਮ ਉਪਰ ਖੜ੍ਹੇ ਕਰਨ ਲਈ ਅਮਲ ਵਿਚ ਲਾਗੂ ਕੀਤਾ ਜਾ ਸਕਦਾ ਹੋਵੇ। ਇਸ ਲਈ ਦਲਿਤ ਵਿਚਾਰਧਾਰਾ ਨੂੰ ਵਿਕਲਪਿਕ ਵਿਵਸਥਾ ਪੇਸ਼ ਕਰਨ ਲਈ ਉਹ ਸਿਧਾਂਤਕ ਫਾਰਮੂਲੇਸ਼ਨਜ਼ ਅਤੇ ਸੰਕਲਪ ਵਿਕਸਿਤ ਕਰਨ ਦੀ ਲੋੜ ਹੈ ਜੋ 'ਸਟੇਟਸ ਕੋਅ' ਦੀਆਂ ਸ਼ਕਤੀਆਂ ਲਈ ਨਾ ਸਿਰਫ਼ ਚੈਲਿੰਜ ਬਣ ਸਕਦੇ ਹੋਣ, ਸਗੋਂ ਨਵੀਂ ਵਿਵਸਥਾ ਲਈ ਨਵਾਂ ਆਧਾਰ ਅਤੇ ਸੁਪਰਸਟਰਕਚਰ ਵੀ ਉਸਾਰ ਸਕਦੇ ਹੋਣ।

ਇਹ ਤਬਦੀਲੀ ਜੋ ਦਲਿਤ ਵਰਗ ਚਾਹੁੰਦੇ ਹਨ, ਉਸ ਦਾ ਨਵਾਂ ਸਮਾਜਕ-ਆਰਥਕ ਆਧਾਰ ਕੀ ਹੋਵੇਗਾ ਅਤੇ ਇਸ ਉਪਰ ਉਸਾਰੀ ਜਾਣ ਵਾਲੀ ਨਵੀਂ ਸਟੇਟ ਪਾਵਰ ਅਤੇ ਸਮੁੱਚਾ ਸੁਪਰਸਟਰਕਚਰ ਕੀ ਹੋਵੇਗਾ? ਇਹਦੇ ਲਈ ਸਿਧਾਂਤਕ ਫਾਰਮੂਲੇਸ਼ਨਜ਼ ਅਤੇ ਸੰਕਲਪ ਨਿਰਧਾਰਿਤ ਕੀਤੇ ਬਿਨਾ ਕਿਸੇ ਵਿਚਾਰ-ਸਮੂਹ ਨੂੰ ਵਿਚਾਰਧਾਰਾ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। ਬੇਸ਼ਕ ਇਨ੍ਹਾਂ ਫਾਰਮੂਲੇਸ਼ਨਜ਼ ਅਤੇ ਸੰਕਲਪਾਂ ਦਾ ਨਿਰੰਤਰ ਬਦਲਣਾ ਅਤੇ ਵਿਕਸਿਤ ਹੋਣਾ ਨਿਸ਼ਚਿਤ ਹੈ, ਜਿਸ ਵਿਚੋਂ ਉਹ ਵਿਚਾਰਧਾਰਾ ਪੈਦਾ ਹੋ ਸਕਦੀ ਹੈ, ਜੋ ਇਸ ਉਦੇਸ਼ ਤੇ ਮੰਤਵ ਨੂੰ ਸਫਲ ਅੰਜ਼ਾਮ ਦੇਣ ਲਈ ਲੋਕਾਂ ਦੇ ਸੰਘਰਸ਼ ਦਾ ਮਾਰਗ-ਦਰਸ਼ਨ ਕਰ ਸਕਦੀ ਹੈ। ਇਸ ਲਈ ਅੰਬੇਦਕਰਵਾਦੀ ਵਿਚਾਰਧਾਰਾ ਦਾ ਵਿਕਾਸ ਵੀ ਇਸ ਤੱਥ ਉਪਰ ਨਿਰਭਰ ਕਰਦਾ ਹੈ ਕਿ ਇਹ ਲੋਕ ਚੇਤਨਾ ਦਾ ਵਿਕਾਸ ਕਿਸ ਦਿਸ਼ਾ ਵਿਚ ਅਤੇ ਕਿੰਜ ਕਰਦੀ ਹੈ। ਕੀ ਇਹ ਵਰਤਮਾਨ ਲੋਕ-ਦੋਖੀ ਆਰਥਕ-ਸਮਾਜਕ ਵਿਵਸਥਾ ਨੂੰ ਬਦਲਣ ਅਤੇ ਨਵੀਂ ਵਿਵਸਥਾ ਲਈ ਲੋੜੀਂਦਾ ਆਧਾਰ ਅਤੇ ਸੁਪਰਸਟਰਕਚਰ ਉਸਾਰਨ ਦੀ ਦਿਸ਼ਾ ਵਿਚ ਅੱਗੇ ਵਧਦੀ ਹੈ ਜਾਂ ਇਸੇ ਅੰਦਰ ਕੁਝ ਸਹੂਲਤਾਂ ਅਤੇ ਸੁਵਿਧਾਵਾਂ ਲਈ ਇਕ ਚੌਖਟਾ ਮਾਤਰ ਪੇਸ਼ ਕਰਦੀ ਹੈ।

ਇਸ ਸੰਦਰਭ ਵਿਚ ਇਹ ਤੱਥ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਜਾਤਵਾਦੀ ਪ੍ਰਥਾ ਸਿਰਫ਼ ਸਮਾਜਕ ਢਾਂਚੇ ਦਾ ਹੀ ਨਹੀਂ, ਉਸ ਦੇ ਆਰਥਕ-ਰਾਜਨੀਤਕ-ਸੰਸਕ੍ਰਿਤਕ ਆਧਾਰ ਦਾ ਵੀ ਮਸਲਾ ਹੈ, ਇਸ ਲਈ ਇਸ ਨੂੰ ਬਦਲਣ ਲਈ ਨਵੀਂ ਵਿਚਾਰਧਾਰਕ ਆਧਾਰਸ਼ਿਲਾ ਉਹ ਵਿਕਲਪਿਕ ਆਧਾਰ ਲੋਕਾਂ ਸਾਹਮਣੇ ਪੇਸ਼ ਕਰੇ ਅਤੇ ਅਜੇਹੀ ਲੋਕ ਚੇਤਨਾ ਦਾ ਵਿਕਾਸ ਕਰੇ ਜੋ ਇਹ ਹਾਸਲ ਕਰਨਾ ਫੌਰੀ ਤੇ ਸੰਭਵ ਲੋੜ ਸਮਝਦੀ ਹੋਵੇ ਅਤੇ ਇਹਦੇ ਲਈ ਔਖੇ ਰਸਤੇ ਅਤੇ ਵਿੰਗ ਤੜਿੰਗੇ ਰਾਹਾਂ ਉਪਰ ਤੁਰਨ ਲਈ ਲੋਕਾਈ ਨੂੰ ਤਿਆਰ ਵੀ ਕਰ ਸਕਦੀ ਹੋਵੇ। ਪਰ ਇਹ ਲੋਕ ਚੇਤਨਾ ਵਿਕਸਿਤ ਕਰਨਾ ਸਿਰਫ਼ ਦਲਿਤ ਲਹਿਰ ਦੀ ਹੀ ਜਿੰਮੇਵਾਰੀ ਨਹੀਂ, ਸਗੋਂ ਉਨ੍ਹਾਂ ਤਮਾਮ ਮਾਨਵਵਾਦੀ, ਅਗਾਂਹਵਧੂ, ਲੋਕ-ਪੱਖੀ, ਦਲਿਤ-ਪੱਖੀ ਅਤੇ ਕਰਾਂਤੀਕਾਰੀ ਸ਼ਕਤੀਆਂ ਦਾ ਇਕ ਪ੍ਰਮੁੱਖ ਕਾਰਜ ਹੈ; ਜੋ ਵਰਤਮਾਨ ਵਿਵਸਥਾ ਨੂੰ ਬਦਲਣ ਲਈ ਸੰਘਰਸ਼ ਕਰ ਰਹੀਆਂ ਹਨ।

ਇਸ ਲਈ ਦਲਿਤ ਲਹਿਰ ਦੇ ਵਿਕਾਸ ਦੀ ਸੰਭਾਵੀ ਪ੍ਰਕਿਰਿਆ ਤਮਾਮ ਪ੍ਰਕਾਰ ਦੀਆਂ ਲੋਕ-ਪੱਖੀ, ਦਲਿਤ ਪੱਖੀ ਸ਼ਕਤੀਆਂ ਅਤੇ ਲਹਿਰਾਂ ਨਾਲ ਮਿਲ ਕੇ ਇਕ ਵਿਆਪਕ ਸਾਂਝੇ ਮੋਰਚੇ ਦਾ ਨਿਰਮਾਣ

ਕਰਨ ਦੀ ਹੋ ਸਕਦੀ ਹੈ ਕਿਉਂਕਿ ਇਸ ਖੂੰਖਾਰ ਜਾਤੀ ਪ੍ਰਥਾ ਦਾ ਸ਼ਿਕਾਰ ਸਿਰਫ਼ ਦਲਿਤ ਵਰਗ ਹੀ ਨਹੀਂ, ਗੈਰ-ਦਲਿਤ ਵਰਗ ਵੀ ਹਨ। ਉਹ ਲੋਕ ਵੀ ਇਸ ਪ੍ਰਥਾ ਦੇ ਮਰੀਜ਼ ਹਨ, ਜੋ ਇਸ ਨੂੰ ਰੱਬ ਦੀ ਦੇਣ ਜਾਂ ਪਿਛਲੇ ਜਨਮਾਂ ਦਾ ਫਲ ਸਮਝ ਕੇ ਦਲਿਤ ਵਰਗਾਂ ਪ੍ਰਤੀ ਹਿਕਾਰਤ ਤੇ ਨਫ਼ਰਤ ਦਾ ਨਜ਼ਰੀਆ ਅਪਨਾਉਂਦੇ ਹਨ। ਇਸ ਲਈ ਜਾਤਵਾਦੀ ਪ੍ਰਥਾ ਅਜੇਹਾ ਵਰਤਾਰਾ ਹੈ ਕਿ ਜਿਸ ਦੀ ਮਾਰ ਤੋਂ ਕੋਈ ਵੀ ਵਰਗ ਬਚਿਆ ਜਾਂ ਅਛੂਤਾ ਨਹੀਂ ਰਹਿ ਸਕਦਾ। ਇਹ ਪ੍ਰਥਾ, ਜਿੱਥੇ ਦਲਿਤ ਵਰਗਾਂ ਅੰਦਰ ਹੀਣ-ਭਾਵਨਾ ਪੈਦਾ ਕਰਦੀ ਹੈ, ਉੱਥੇ ਗੈਰ-ਦਲਿਤ ਵਰਗਾਂ ਅੰਦਰ ਉੱਚ-ਜਾਤੀ ਹੰਕਾਰ ਤੇ ਮਾਨਸਿਕਤਾ ਵੀ ਪੈਦਾ ਕਰਦੀ ਹੈ। ਇਸ ਲਈ ਇਹ ਵਰਤਾਰਾ ਉਨ੍ਹਾਂ ਦੀ ਇਨਸਾਨੀਅਤ ਨੂੰ ਖੋਰਾ ਵੀ ਲਾਉਂਦਾ ਹੈ ਅਤੇ ਉਨ੍ਹਾਂ ਨੂੰ ਦਲਿਤ ਵਰਗਾਂ ਪ੍ਰਤੀ ਹਿੰਸਕ ਵੀ ਬਣਾਉਂਦਾ ਹੈ ਅਤੇ ਉਹ 'ਅਛੂਤ' ਵਰਗਾਂ ਨੂੰ ਨੀਚੀ ਨਜ਼ਰ ਨਾਲ ਦੇਖਣਾ, ਇਕ 'ਕੁਦਰਤੀ ਤੇ ਰੱਬੀ' ਵਰਤਾਰਾ ਸਮਝ ਬੈਠਦੇ ਹਨ। ਇਸ ਨੂੰ ਇਕ 'ਕੁਦਰਤੀ ਤੇ ਰੱਬੀ' ਵਰਤਾਰਾ ਸਮਝੇ ਜਾਣ ਕਰਕੇ ਹੀ ਤਾਂ ਇਹ ਪ੍ਰਥਾ ਇੰਨੀ ਹਿੰਸਕ ਅਤੇ ਵਿਕਰਾਲ ਬਣ ਚੁੱਕੀ ਹੈ ਕਿ ਵਿਅਕਤੀ ਦਾ ਜਨਮ ਤੋਂ ਲੈ ਕੇ ਮਰਨ ਤੱਕ ਪਿੱਛਾ ਕਰਦੀ ਹੈ। ਇਕ ਦਲਿਤ ਵਿਅਕਤੀ ਭਾਵੇਂ ਕੋਈ ਵੀ ਕਿੱਤਾ ਕਰਨ ਲੱਗ ਪਵੇ; ਪਿੰਡ ਛੱਡ ਕੇ ਕਿਸੇ ਵੀ ਹਿੰਦੁਸਤਾਨੀ ਸ਼ਹਿਰ ਵਿਚ ਚਲਾ ਜਾਵੇ; ਆਪਣੀ ਜੀਵਿਕਾ ਦਾ ਕਿੰਨਾ ਵੀ ਚੰਗਾ ਜੁਗਾੜ ਜੋੜ ਲਵੇ; ਬੇਸ਼ਕ ਕੋਈ ਵੀ ਉੱਚ-ਅਫਸਰ ਬਣ ਜਾਵੇ ਅਤੇ ਭਾਵੇਂ ਕੈਨੇਡਾ, ਅਮਰੀਕਾ, ਵਲਾਇਤ ਤੱਕ ਪਹੁੰਚ ਜਾਵੇ; ਉਹਦੇ ਮੱਥੇ ਤੋਂ 'ਛੋਟੀ ਜਾਤ' ਜਾਂ 'ਅਛੂਤ' ਦਾ ਕਲੰਕ ਨਹੀਂ ਉਤਰਦਾ।

ਇਸ ਲਈ ਇਸ ਹਿੰਸਕ ਕਾਰਵਾਈ ਵਿਚ ਉਹ ਸਾਰੇ ਦੇ ਸਾਰੇ ਲੋਕ ਸੁਚੇਤ ਜਾਂ ਅਚੇਤ ਰੂਪ ਵਿਚ ਸ਼ਾਮਲ ਹਨ, ਜੋ ਜਾਤੀ ਵੰਡ ਨੂੰ 'ਰੱਬੀ' ਦੇਣ ਸਮਝਦੇ ਹਨ, ਇਸ ਨੂੰ ਖਤਮ ਕਰਨਾ ਅਸੰਭਵ ਸਮਝਦੇ ਹਨ ਜਾਂ ਫਿਰ ਵਿਹਾਰਕ ਰੂਪ ਵਿਚ ਉਹੀ ਜਾਤੀਵਾਦੀ ਨਜ਼ਰੀਆ ਅਪਨਾਉਂਦੇ ਹਨ, ਜੋ ਮਨੁੱਖ ਵਿਚ ਜਨਮ ਦੇ ਆਧਾਰ ਤੇ ਵੰਡੀਆਂ ਪਾਉਂਦਾ ਹੈ। ਇਸ ਲਈ ਇਸ ਪ੍ਰਥਾ ਨੂੰ ਹਰ ਹਾਲਤ ਅਤੇ ਹਰ ਰੂਪ ਵਿਚ ਖਤਮ ਕਰਨ ਦੀ ਫੌਰੀ ਲੋੜ, ਸਿਰਫ਼ ਦਲਿਤ ਚੇਤਨਾ ਦਾ ਹੀ ਨਹੀਂ, ਸਮੁੱਚੀ ਲੋਕ ਚੇਤਨਾ ਦਾ ਆਧਾਰ ਬਣਨਾ ਚਾਹੀਦੀ ਹੈ ਕਿਉਂਕਿ ਸਵਾਲ ਸਿਰਫ਼ ਇਸ ਪ੍ਰਥਾ ਦੀ ਵਿਆਖਿਆ ਦਾ ਨਹੀਂ, ਇਸ ਨੂੰ ਬਦਲਣ ਦਾ ਹੈ।

ਇਸੇ ਲਈ ਸਮੁੱਚੇ ਸਮਾਜ ਦੀ ਚੇਤਨਾ ਵਿਚ ਵਿਕਾਸ ਕੀਤੇ ਬਿਨਾ ਜਾਤੀ ਪ੍ਰਥਾ ਵਿਰੁੱਧ ਅੰਦੋਲਨ ਸਹੀ ਦਿਸ਼ਾ ਵਿਚ ਵਿਕਾਸ ਨਹੀਂ ਕਰ ਸਕਦਾ। ਇਸ ਲਈ ਜਿੱਥੇ ਦਲਿਤ ਵਰਗਾਂ ਅੰਦਰ ਇਹ ਚੇਤਨਾ ਅਤੇ ਆਤਮ-ਵਿਸ਼ਵਾਸ ਪੈਦਾ ਕਰਨਾ ਜ਼ਰੂਰੀ ਹੈ ਕਿ ਕਿਸੇ ਜਾਤੀ ਵਿਚ ਜਨਮ ਲੈਣ ਜਾਂ ਕਿਸੇ ਪਿਛਲੇ ਜਨਮਾਂ ਦੇ ਕਰਮ ਦੀ 'ਮਿੱਥ-ਕਥਾ' ਕਰਕੇ ਕੋਈ ਛੋਟਾ ਜਾਂ ਵੱਡਾ ਨਹੀਂ ਬਣਦਾ, ਉੱਥੇ ਗੈਰ-ਦਲਿਤ ਵਰਗਾਂ ਦੀ ਵੀ ਇਹ ਮਾਨਸਿਕਤਾ ਬਦਲਣ ਦੀ ਲੋੜ ਹੈ ਕਿ ਜਾਤੀ ਪ੍ਰਥਾ ਕੋਈ 'ਰੱਬੀ' ਦੇਣ ਹੈ। ਉਨ੍ਹਾਂ ਅੰਦਰ ਵੀ ਇਹ ਚੇਤਨਾ ਪੈਦਾ ਕਰਨ ਦੀ ਲੋੜ ਹੈ ਕਿ ਇਸ ਕਾਣੀ ਵੰਡ ਅਤੇ ਕਲੰਕਿਤ ਪ੍ਰਥਾ ਨੂੰ ਜ਼ਾਰੀ ਰੱਖਣ ਨਾਲ, ਸਾਡਾ ਸਮਾਜ ਕਦੇ ਵੀ ਸਮੂਹਿਕ ਰੂਪ ਵਿਚ ਤਰੱਕੀ ਨਹੀਂ ਕਰ ਸਕਦਾ ਅਤੇ ਨਾ ਆਮ ਜ਼ਿੰਦਗੀ ਨੂੰ ਜੀਣ-ਜੋਗ ਹੀ ਬਣਾ ਸਕਦਾ ਹੈ ਕਿਉਂਕਿ ਜੇ ਦਲਿਤ ਵਰਗ ਇਸ ਦੇ ਭੁਗਤ-ਭੋਗੀ ਹੋਣ ਕਰਕੇ ਆਪਣੇ ਆਪ ਨੂੰ ਛੋਟੇ ਸਮਝਦੇ ਹਨ ਤਾਂ 'ਸਵਰਨ' ਵਰਗ ਵੀ ਇਸ ਦੇ ਬਣੇ ਰਹਿੰਦੇ ਵਧੀਆ ਇਨਸਾਨ ਕਹਾਉਣ ਦੇ ਹੱਕਦਾਰ ਨਹੀਂ ਹੋ ਸਕਦੇ। ਇਸ ਲਈ ਇਹ ਆਪਣੇ ਆਪ ਵਿਚ ਇਕ ਹਿੰਸਕ ਵਰਤਾਰਾ ਤੇ ਧਾਰਨਾ ਹੈ ਕਿ ਕੋਈ ਇਕ ਇਨਸਾਨ, ਦੂਜੇ ਇਨਸਾਨ ਨੂੰ ਸਿਰਫ਼ ਇਸ ਲਈ ਛੋਟਾ ਸਮਝੇ ਕਿ ਉਸ ਵਿਅਕਤੀ ਦਾ ਰੰਗ, ਨਸਲ, ਜਾਤ, ਭਾਸ਼ਾ ਜਾਂ ਇਲਾਕਾ ਉਹਦੇ ਨਾਲੋਂ ਵੱਖਰਾ ਹੈ।

ਇਸ ਲਈ, ਜਾਤੀਵਾਦੀ ਮਾਨਸਿਕਤਾ ਤੋਂ ਨਿਜ਼ਾਤ ਪਾਉਣ ਦਾ ਸਵਾਲ ਸਮੁੱਚੀ ਲੋਕ-ਪੱਖੀ ਸਭਿਆਚਾਰਕ ਲਹਿਰ ਦਾ ਇਕ ਮੁੱਖ ਅਜੰਡਾ ਹੋਣਾ ਚਾਹੀਦਾ ਹੈ ਤਾਂ ਜੋ ਤਮਾਮ ਮਿਹਨਤਕਸ਼ ਲੋਕ ਮੋਢੇ ਨਾਲ ਮੋਢੇ ਜੋੜ ਕੇ ਇਕ ਅਜੇਹਾ ਦੇਸ਼-ਵਿਆਪੀ ਸਭਿਆਚਾਰਕ ਵਿਸਫੋਟ ਕਰਨ ਦੀ ਦਿਸ਼ਾ ਵੱਲ ਤੁਰ ਪੈਣ ਕਿ ਜਾਤੀ ਪ੍ਰਥਾ ਦਾ ਹਰ ਥੰਮ, ਹਰ ਧਾਰਨਾ, ਹਰ ਸੰਕਲਪ, ਹਰ ਸਿਧਾਂਤ ਲੜਖੜਾ ਉੱਠੇ ਅਤੇ ਬ੍ਰਾਹਮਣਵਾਦੀ ਸੰਸਕ੍ਰਿਤੀ ਦੇ ਤਮਾਮ ਲੋਕ-ਦੋਖੀ ਸੰਕਲਪ ਮਲੀਆ ਮੇਟ ਹੋ ਜਾਣ ਅਤੇ ਇਹ ਲੋਕ-ਦੋਖੀ ਵਿਵਸਥਾ ਹਮੇਸ਼ਾ ਲਈ ਦਮ ਤੋੜ ਜਾਏ।



ਇਸ ਤਰ੍ਹਾਂ ਦੇ ਵਿਸਫੋਟ ਕਈ ਵਾਰ ਹੋ ਵੀ ਚੁੱਕੇ ਹਨ, ਖਾਸ ਕਰਕੇ ਲੋਕ ਉਭਾਰ ਦੇ ਉਨ੍ਹਾਂ ਦਿਨਾਂ ਵਿਚ ਜਦੋਂ ਲੋਕ ਸੰਘਰਸ਼ ਦੇ ਮੈਦਾਨ ਵਿਚ ਆ ਉਤਰਦੇ ਹਨ ਅਤੇ ਤਖ਼ਤ-ਓ-ਤਾਜ਼ ਮਿੱਟੀ ਵਿਚ ਮਿਲਾਉਣ ਦੇ ਸੁਪਨੇ ਨੂੰ ਹਕੀਕੀ ਜਾਮਾ ਪਹਿਨਾਉਣ ਲਈ ਜੂਝਣ ਲੱਗਦੇ ਹਨ। ਇਹ ਵਿਸਫੋਟ, ਮਹਾਨ ਨਕਸਲਬਾੜੀ ਸੰਘਰਸ਼ ਦੇ ਉਭਾਰ ਦੌਰਾਨ ਵੀ ਹੋਇਆ, ਜਦੋਂ ਹਜ਼ਾਰਾਂ ਲੱਖਾਂ ਮਜ਼ਦੂਰਾਂ, ਕਿਸਾਨਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਅਤੇ ਹੋਰ ਮਿਹਨਤਕਸ਼ ਵਰਗਾਂ ਨੇ ਹਰ ਕਿਸਮ ਦੇ ਜਾਤੀਵਾਦੀ ਭੇਦ-ਭਾਵ ਨੂੰ ਇਕ ਪਾਸੇ ਰੱਖ ਕੇ ਸਾਮੰਤੀ ਵਿਵਸਥਾ ਨੂੰ ਆਪਣੇ ਵਿਦਰੋਹ ਤੇ ਆਕ੍ਰੋਸ਼ ਦਾ ਨਿਸ਼ਾਨਾ ਬਣਾਇਆ। ਜਦੋਂ ਹਜ਼ਾਰਾਂ ਦੀ ਗਿਣਤੀ ਵਿਚ ਵਿਦਿਆਰਥੀ, ਅਧਿਆਪਕ ਅਤੇ ਬੁੱਧੀਜੀਵੀ ਪਿੰਡਾਂ ਵੱਲ ਤੁਰ ਪਏ ਅਤੇ ਭੂਮੀਹੀਨ ਦਲਿਤ ਬਸਤੀਆਂ ਵਿਚ ਜਾ ਵੜੇ ਅਤੇ ਉਨ੍ਹਾਂ ਵਿਚ ਰਹਿ ਕੇ ਉਨ੍ਹਾਂ ਦਾ ਇਕ ਹਿੱਸਾ ਬਣ ਕੇ, ਉਨ੍ਹਾਂ ਨੂੰ ਹਰ ਪ੍ਰਕਾਰ ਦੇ ਸ਼ੋਸ਼ਣ ਤੋਂ ਮੁਕਤੀ ਲਈ ਲਾਮਬੰਦ ਕਰਨ ਵਿਚ ਜੀਅ-ਜਾਨ ਨਾਲ ਜੁੱਟ ਗਏ। ਇਹੀ ਵਰਤਾਰਾ ਪਹਿਲਾਂ ਮਹਾਨ ਤਿਲੰਗਾਨਾ ਕਿਸਾਨ ਸੰਘਰਸ਼, ਪੈਪਸੂ ਮੁਜ਼ਾਰਾ ਲਹਿਰ ਅਤੇ ਹਜ਼ਾਰਾਂ ਹੋਰ ਸਾਮੰਤਵਾਦ ਤੇ ਜਗੀਰਦਾਰੀ ਵਿਰੋਧੀ ਅੰਦੋਲਨਾਂ ਦੌਰਾਨ ਵਾਪਰ ਚੁੱਕਾ ਹੈ ਅਤੇ ਇਸ ਨੇ ਹਿੰਦੁਸਤਾਨੀ ਸਾਮੰਤੀ ਵਿਵਸਥਾ ਨੂੰ ਇੰਨੇ ਕਰਾਰੇ ਝਟਕੇ ਦਿੱਤੇ ਹਨ ਕਿ ਇਹ ਕਈ ਵਾਰ ਅਤੇ ਕਈ ਇਲਾਕਿਆ ਵਿਚ ਜ਼ਮੀਨੀ ਰੂਪ ਵਿਚ ਮਰਨ ਕਿਨਾਰੇ ਤੱਕ ਪਹੁੰਚ ਜਾਂਦੀ ਰਹੀ ਹੈ।

ਇਹ ਸਿਰਫ਼ ਕਿਸਾਨ ਅੰਦੋਲਨ ਹੀ ਨਹੀਂ, ਸਗੋਂ ਸਨਅਤੀ ਮਜ਼ਦੂਰਾਂ ਦੇ ਵੀ ਅਜੇਹੇ ਹਜ਼ਾਰਾਂ ਜੁਝਾਰੂ ਸੰਘਰਸ਼ ਤੇ ਅੰਦੋਲਨ ਹੋਏ ਹਨ, ਜਿਨ੍ਹਾਂ ਨੇ ਜਾਤੀਵਾਦੀ, ਇਲਾਕਾਵਾਦੀ, ਕਬੀਲਾਵਾਦੀ ਅਤੇ ਹੋਰ ਵਲਗਣਾਂ ਤੋਂ ਉਪਰ ਉੱਠ ਕੇ ਉਹ ਸਭਿਆਚਾਰਕ ਵਿਸਫੋਟ ਕੀਤੇ ਹਨ ਕਿ ਹਿੰਦੁਸਤਾਨੀ ਸੱਤਾ ਅਤੇ ਬ੍ਰਾਹਮਣਵਾਦੀ ਸੰਸਕ੍ਰਿਤੀ ਵਾਰ ਵਾਰ ਲੜਖੜਾਉਂਦੀ ਰਹੀ ਹੈ। ਇਨ੍ਹਾਂ ਮਹਾਨ ਸੰਘਰਸ਼ਾਂ ਨੇ ਜਾਤੀਵਾਦੀ ਬੰਦਿਸ਼ਾਂ ਅਤੇ ਵਲਗਣਾਂ ਤੋਂ ਨਾ ਸਿਰਫ਼ ਪਾਰ ਝਾਕਣ ਦੀ ਕੋਸ਼ਿਸ਼ ਕੀਤੀ, ਸਗੋਂ ਇਨ੍ਹਾਂ ਨੂੰ ਚਕਨਾ-ਚੂਰ ਕਰਨ ਲਈ ਉਹ ਨਾਟਕ ਵੀ ਕੀਤੇ ਤੇ ਗੀਤ ਵੀ ਗਾਏ, ਜਿਨ੍ਹਾਂ ਨੇ ਇਨਸਾਨ ਨੂੰ ਇਨਸਾਨ ਸਮਝਣ ਦਾ ਪੈਗ਼ਾਮ ਦਿੱਤਾ ਅਤੇ ਉਹ ਮਹਾਨ ਸਾਹਿਤ ਵੀ ਰਚਿਆ ਜਿਸ ਨੂੰ ਕਰਾਂਤੀਕਾਰੀ ਅਤੇ ਜੁਝਾਰੂ ਸਾਹਿਤ ਕਿਹਾ ਜਾਂਦਾ ਹੈ। ਜਿਸ ਸਾਹਿਤ ਨੇ ਮਨੂੰ ਸਿਮਰਤੀ ਨੂੰ ਰੋਲਣ ਦਾ ਹੋਕਾ ਵੀ ਦਿੱਤਾ ਅਤੇ ਸਾਰੇ ਮਿਹਨਤਕਸ਼ ਵਰਗਾਂ ਨੂੰ ਇਕ ਜੁੱਟ ਹੋ ਕੇ ਜਮਾਤ-ਰਹਿਤ, ਜਾਤ-ਪਾਤ ਰਹਿਤ ਸਮਾਜ ਸਿਰਜਣ ਅਤੇ ਸਨਮਾਨਜਨਕ ਜ਼ਿੰਦਗੀ ਜੀਣ ਲਈ ਸੰਘਰਸ਼ ਕਰਨ ਦਾ ਰਸਤਾ ਵੀ ਦੱਸਿਆ। ਇਕ ਪਾਸੇ ਲੋਕ ਉਭਾਰ ਅਤੇ ਦੂਜੇ ਪਾਸੇ ਸਾਹਿਤਕ ਸਭਿਆਚਾਰਕ ਵਿਸਫੋਟ, ਜਿਸ ਦੀ ਬਾਦੌਲਤ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਖੇਤ ਮਜ਼ਦੂਰ ਅਤੇ ਬੇਜ਼ਮੀਨੇ ਕਿਸਾਨ ਛੋਟੀਆਂ ਛੋਟੀਆਂ ਜ਼ਮੀਨਾਂ ਦੇ ਮਾਲਕ ਬਣ ਗਏ। ਸਮੁੱਚੇ ਦੇਸ਼ ਭਰ ਵਿਚ ਲੱਖਾਂ ਬੰਧੂਆ ਮਜ਼ਦੂਰਾਂ ਨੂੰ ਮੁਕਤੀ ਪ੍ਰਾਪਤ ਹੋਈ ਅਤੇ ਦਿਹਾਤੀ ਖੇਤਰਾਂ ਵਿਚ ਅਨਾਜ਼ ਦੇ ਰੂਪ ਵਿਚ ਖੇਤ ਮਜ਼ਦੂਰੀ ਦੀ ਥਾਂ, ਨਗਦ ਰਾਸ਼ੀ ਦੇ ਰੂਪ ਵਿਚ ਮਜ਼ਦੂਰੀ ਦਾ ਪ੍ਰਚੱਲਣ ਸ਼ੁਰੂ ਹੋ ਗਿਆ ਅਤੇ ਸਭ ਤੋਂ ਵੱਡੀ ਪ੍ਰਾਪਤੀ ਇਹ ਹੋਈ ਕਿ ਇਨ੍ਹਾਂ ਸੰਘਰਸ਼ ਖੇਤਰਾਂ ਵਿਚ ਸਾਮੰਤਾਂ-ਮਹੰਤਾਂ-ਜਮੀਂਦਾਰਾਂ ਦੀਆਂ ਜ਼ਮੀਨਾਂ ਜਬਤ ਕਰ ਲਈਆਂ ਗਈਆਂ, ਜਿਸ ਨਾਲ ਉਨ੍ਹਾਂ ਦੀ ਪਿੱਤਰਪੁਰਖੀ ਸੱਤਾ ਲੜਖੜਾ ਗਈ, ਅਤੇ 'ਰਾਜਾ ਰੱਬ ਦਾ ਰੂਪ' ਤੇ ਕਰਮ ਸਿਧਾਂਤ ਵਰਗੇ ਹੋਰ ਕਈ ਦਕਿਆਨੂਸੀ ਸਾਮੰਤੀ ਸੰਸਕਾਰ ਮਿੱਟੀ ਵਿਚ ਮਿਲ ਗਏ।

ਇਸ ਲਈ ਇਹ ਸੰਘਰਸ਼ ਕੁਝ ਸਹੂਲਤਾਂ ਦੇ ਲਈ ਸਿਰਫ਼ ਆਰਥਕ ਅੰਦੋਲਨ ਨਹੀਂ ਸਨ, ਸਗੋਂ ਉਹ ਮਹਾਨ ਰਾਜਨੀਤਕ ਤੇ ਸਭਿਆਚਾਰਕ ਵਿਸਫੋਟ ਵੀ ਸਨ, ਜਿਨ੍ਹਾਂ ਨੇ ਦਲਿਤ ਵਰਗਾਂ ਅਤੇ ਹੋਰ ਮਿਹਨਤਕਸ਼ ਵਰਗਾਂ ਅੰਦਰ ਹੀਣ-ਭਾਵਨਾ ਦੀ ਥਾਂ ਆਤਮ-ਵਿਸ਼ਵਾਸ ਪੈਦਾ ਕੀਤਾ ਅਤੇ ਉਹ ਇਕ ਸੁਚੇਤ ਅਤੇ ਜੁਝਾਰੂ ਸ਼ਕਤੀ ਬਣ ਕੇ ਹਿੰਦੁਸਤਾਨ ਦੇ ਸੀਨ ਉਪਰ ਉਭਰਨ ਲੱਗੇ। ਇਨ੍ਹਾਂ ਸੰਘਰਸ਼ਾਂ ਤੋਂ ਪ੍ਰੇਰਨਾ ਲੈ ਕੇ ਸੈਂਕੜੇ ਅਜੇਹੇ ਜੁਝਾਰੂ ਸਾਹਿਤਕ ਅਤੇ ਸਭਿਆਚਾਰਕ ਕਾਮੇ ਵੀ ਪੈਦਾ ਹੋਏ, ਜਿਨ੍ਹਾਂ ਨੇ ਜਾਤੀਵਾਦੀ ਪ੍ਰਥਾ, ਛੂਤ-ਛਾਤ, ਊਚ-ਨੀਚ ਅਤੇ ਸਾਮੰਤੀ ਰੂੜੀਆਂ ਨੂੰ ਖਤਮ ਕਰਨਾ ਆਪਣੀ ਜ਼ਿੰਦਗੀ ਦਾ ਉਦੇਸ਼ ਤੈਅ ਕੀਤਾ। ਇਨ੍ਹਾਂ ਸਾਰੇ ਸਾਹਿਤਕ ਯੋਧਿਆਂ ਅਤੇ ਸਭਿਆਚਾਰਕ ਕਾਮਿਆਂ ਨੇ ਜਿੱਥੇ ਜਮਾਤੀ ਸੰਘਰਸ਼ ਦਾ ਪੁਰਜ਼ੋਰ ਸਮਰਥਨ ਕੀਤਾ; ਉੱਥੇ ਦਲਿਤ ਵਰਗਾਂ ਅੰਦਰ ਵੀ ਇਹ ਵਿਸ਼ਵਾਸ ਪੈਦਾ ਕੀਤਾ ਕਿ ਉਹ ਵੀ

ਸਿਰ ਉਠਾ ਕੇ ਜੀਣ ਦਾ ਪੂਰਾ ਹੱਕ ਰੱਖਦੇ ਹਨ ਅਤੇ ਇਸ ਵਿਵਸਥਾ ਤੋਂ ਮੁਕਤੀ ਦਾ ਮਸਲਾ ਖੁਦ ਉਨ੍ਹਾਂ ਨੂੰ ਹੱਲ ਕਰਨਾ ਪੈਣਾ ਹੈ। ਇਸ ਲਈ ਇਹ ਮਹੱਤਵਪੂਰਨ ਪਹਿਲੂ ਵਿਚਾਰਨਜੋਗ ਹੈ ਕਿ ਸੱਤਾ ਅਤੇ ਵਿਵਸਥਾ ਦੇ ਜ਼ੁਲਮ ਅਤੇ ਸ਼ੋਸ਼ਣ ਵਿਰੁੱਧ ਚੱਲ ਰਹੇ ਲੋਕ ਘੋਲਾਂ ਅਤੇ ਕਰਾਂਤੀਕਾਰੀ ਅੰਦੋਲਨਾਂ ਪ੍ਰਤੀ ਦਲਿਤ ਵਿਚਾਰਧਾਰਾ ਅਤੇ ਦਲਿਤ ਲਹਿਰ ਦਾ ਕੀ ਦ੍ਰਿਸ਼ਟੀਕੋਣ ਹੋਣਾ ਚਾਹੀਦਾ ਹੈ?

ਦਲਿਤ ਚੇਤਨਾ ਅਤੇ ਜਮਾਤੀ ਚੇਤਨਾ ਦਾ ਆਪਸੀ ਰਿਸ਼ਤਾ ਕੀ ਹੋਣਾ ਚਾਹੀਦਾ ਹੈ? ਪਰ ਇਹ ਸਵਾਲ ਸਿਰਫ਼ ਦਲਿਤ ਲਹਿਰ ਜਾਂ ਦਲਿਤ ਵਿਚਾਰਧਾਰਾ ਸਾਹਮਣੇ ਹੀ ਨਹੀਂ, ਸਮੁੱਚੇ ਲੋਕ ਮੁਕਤੀ ਅੰਦੋਲਨ ਅੱਗੇ ਅਰਥਾਤ ਮਾਰਕਸਵਾਦੀ ਵਿਚਾਰਧਾਰਾ ਸਾਹਮਣੇ ਵੀ ਇਕ ਸਰਵ-ਪ੍ਰਥਮ ਸਵਾਲ ਬਣ ਕੇ ਖੜ੍ਹਾ ਹੈ। ਇਸ ਮਸਲੇ ਦਾ ਫੌਰੀ ਹੱਲ ਇਸ ਲਈ ਵੀ ਜ਼ਰੂਰੀ ਹੈ ਤਾਂ ਜੋ ਜਾਤੀ ਚੇਤਨਾ ਬਨਾਮ ਜਮਾਤੀ ਚੇਤਨਾ ਦੀ ਜਾਨ ਬੁਝ ਕੇ ਪੈਦਾ ਕੀਤੀ ਜਾ ਰਹੀ ਆਪਾ-ਵਿਰੋਧੀ ਸਥਿਤੀ ਤੋਂ ਉਪਰ ਉੱਠ ਕੇ, ਇਨ੍ਹਾਂ ਵਿਚਲੇ ਅੰਤਰ-ਵਿਰੋਧ ਨੂੰ ਸਹੀ ਪਰਿਪੇਖ ਵਿਚ ਹੱਲ ਕੀਤਾ ਜਾ ਸਕੇ ਅਤੇ ਇਕ ਅਜੇਹੀ ਦੇਸ਼-ਵਿਆਪੀ ਸੰਗਰਾਮੀ ਲੋਕ ਚੇਤਨਾ ਦਾ ਸੰਚਾਲਨ ਕੀਤਾ ਜਾ ਸਕੇ ਕਿ ਮਿਹਨਤਕਸ਼ ਵਰਗਾਂ ਨੂੰ ਹਰ ਪ੍ਰਕਾਰ ਦੇ ਸ਼ੋਸ਼ਣ ਦੇ ਵਿਰੁੱਧ ਇਕ ਸਾਂਝੇ ਪਲੇਟਫਾਰਮ ਉਪਰ ਖੜ੍ਹਾ ਕੀਤਾ ਜਾ ਸਕੇ। ਇਸ ਲਈ ਜਾਤੀ ਅਤੇ ਜਮਾਤੀ ਦੋਨਾਂ ਪ੍ਰਕਾਰ ਦੇ ਮਸਲਿਆਂ ਦਾ ਵਿਚਾਰਧਾਰਕ ਅਤੇ ਵਿਹਾਰਕ ਹੱਲ ਲੱਭਣ ਲਈ ਇਨ੍ਹਾਂ ਦੋਨਾਂ ਖੇਤਰਾਂ ਵਿਚ ਸਰਗਰਮ ਵਿਦਵਾਨਾਂ, ਚਿੰਤਕਾਂ, ਲੀਡਰਾਂ ਅਤੇ ਕਾਰਕੁੰਨਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਮਸਲਿਆਂ ਦੇ ਅੰਤਰ-ਸੰਬੰਧ ਅਤੇ ਅੰਤਰ-ਵਿਰੋਧ ਦੇ ਰਿਸ਼ਤਿਆਂ ਦੀ ਯਥਾਸੰਭਵ ਨਿਸ਼ਾਨਦੇਹੀ ਕਰਨ ਅਤੇ ਇਨ੍ਹਾਂ ਨੂੰ ਸਹੀ ਪਰਿਪੇਖ ਵਿਚ ਸਮਝਣ ਦੇ ਸੁਚੇਤ ਉਪਰਾਲੇ ਕਰਨ ਤਾਂ ਜੋ ਇਨ੍ਹਾਂ ਦੇ ਸੁਮੇਲ ਰਾਹੀਂ ਉਹ ਲੋਕ ਚੇਤਨਾ ਪੈਦਾ ਕੀਤੀ ਜਾ ਸਕੇ, ਜੋ ਇਸ ਸਿਸਟਮ ਨੂੰ ਬਦਲਣ ਲਈ ਲੋੜੀਂਦੀ ਭੂਮਿਕਾ ਨਿਭਾਉਣ ਦੇ ਜੋਗ ਹੋ ਸਕੇ ਅਤੇ ਇਸ ਸੱਤਾ ਨੂੰ ਉਖਾੜ ਕੇ ਇਸ ਦੀ ਥਾਂ ਮਿਹਨਤਕਸ਼ ਵਰਗਾਂ ਦਾ ਆਪਣਾ ਰਾਜ ਸਥਾਪਿਤ ਕੀਤਾ ਜਾ ਸਕੇ।

ਇਸ ਲਈ ਦਲਿਤ ਚੇਤਨਾ ਅਤੇ ਜਮਾਤੀ ਚੇਤਨਾ ਦੇ ਸੁਮੇਲ ਬਿਨਾ ਨਾ ਤਾਂ ਦਲਿਤ ਅੰਦੋਲਨ ਹੀ ਸਹੀ ਦਿਸ਼ਾ ਵਿਚ ਅੱਗੇ ਵਧ ਸਕਦਾ ਹੈ ਅਤੇ ਨਾ ਹੀ ਜਮਾਤੀ ਅੰਦੋਲਨ ਹੀ ਸਾਰੇ ਮਿਹਨਤਕਸ਼ ਵਰਗਾਂ ਨੂੰ ਇਕ-ਜੁੱਟ ਕਰਨ ਵਿਚ ਸਫਲ ਹੋ ਸਕਦਾ ਹੈ। ਇਸ ਲਈ, ਇਸ ਅੰਤਰ-ਸਬੰਧ ਨੂੰ ਸਹੀ ਢੰਗ ਨਾਲ ਵਿਚਾਰਨ ਲਈ ਦਲਿਤ ਚੇਤਨਾ ਅਤੇ ਜਮਾਤੀ ਚੇਤਨਾ ਦੋਨਾਂ ਨੂੰ ਹੀ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਝਣ ਦੀ ਲੋੜ ਹੈ।

* *

### ਦਲਿਤ ਚੇਤਨਾ ਕੀ ਹੈ?

ਅਨੇਕ ਵਿਦਵਾਨਾਂ ਨੇ ਦਲਿਤ ਚੇਤਨਾ ਨੂੰ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਪ੍ਰੀਭਾਸ਼ਿਤ ਵੀ ਕੀਤਾ ਹੈ ਅਤੇ ਇਸ ਦੇ ਵਿਹਾਰਕ ਅਮਲ ਦੀ ਸੰਭਾਵੀ ਪ੍ਰਕਿਰਿਆ ਦੀ ਵਿਆਖਿਆ ਵੀ ਕੀਤੀ ਹੈ, ਪਰ ਸਾਰਿਆਂ ਦਾ ਕੇਂਦਰੀ ਮੁੱਦਾ ਉਸ ਸਮਾਜਕ ਵਿਵਸਥਾ ਨੂੰ ਬਦਲਣਾ ਹੈ; ਜਿਸ ਦਾ ਮੁੱਖ ਆਧਾਰ ਬ੍ਰਾਹਮਣਵਾਦੀ ਸਾਮੰਤੀ ਸੰਸਕ੍ਰਿਤੀ ਉਪਰ ਟਿਕਿਆ ਹੋਇਆ ਹੈ। ਇਸ ਲਈ ਦਲਿਤ ਚੇਤਨਾ ਦੇ ਹਮਲੇ ਦਾ ਪ੍ਰਮੁੱਖ ਨਿਸ਼ਾਨਾ ਉਹ 'ਹਿੰਦੂ ਸੰਸਕ੍ਰਿਤੀ' ਹੈ; ਜਿਸ ਨੇ ਸਮਾਜ ਦੇ ਇਕ ਵੱਡੇ ਹਿੱਸੇ ਨੂੰ ਨੀਚ, ਸ਼ੂਦਰ, ਅਛੂਤ, ਆਦਿ ਕਰਾਰ ਦੇ ਕੇ ਸਭ ਇਨਸਾਨੀ ਅਧਿਕਾਰਾਂ ਤੋਂ ਵਾਂਝਿਆਂ ਕਰ ਦਿੱਤਾ ਅਤੇ ਸਮਾਜ ਵਿਚੋਂ ਛੇਕ ਦਿੱਤਾ। ਫਿਰ ਮਨੂੰ ਸਿਮਰਤੀ ਵਰਗੇ ਕੂੜ ਸਿਧਾਂਤ ਘੜ੍ਹੇ ਅਤੇ ਇਨ੍ਹਾਂ ਨੂੰ ਕਾਨੂੰਨੀ, ਧਾਰਮਿਕ ਅਤੇ ਸਭਿਆਚਾਰਕ ਰੁਤਬਾ ਪ੍ਰਦਾਨ ਕਰਕੇ ਸਮੁੱਚੇ ਸਮਾਜ ਉਪਰ ਲੱਦ ਦਿੱਤਾ। ਇਸੇ ਲਈ ਦਲਿਤ ਚੇਤਨਾ ਦਾ ਮੁੱਖ ਉਦੇਸ਼ ਜਾਤੀ ਪ੍ਰਥਾ ਨੂੰ ਖਤਮ ਕਰ ਕੇ ਇਸ ਦੀ ਥਾਂ ਇਨਸਾਨੀ ਕਦਰਾਂ ਕੀਮਤਾਂ ਵਾਲੀ ਉਹ ਸਮਾਜਕ ਵਿਵਸਥਾ ਸਥਾਪਿਤ ਕਰਨਾ ਹੈ ਜੋ ਊਚ-ਨੀਚ, ਛੂਤ-ਛਾਤ, ਜਾਤ-ਪਾਤ ਰਹਿਤ ਹੋਵੇ ਅਤੇ ਹਰੇਕ ਮਨੁੱਖ ਨੂੰ ਬਰਾਬਰ ਦੇ ਅਧਿਕਾਰ ਅਤੇ ਮੌਕੇ ਮੁਹਈਆ ਕਰਵਾ ਸਕਣ ਦੇ ਜੋਗ ਹੋਵੇ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਦਲਿਤ ਚੇਤਨਾ, ਸਮੂਹ ਦਲਿਤ ਵਰਗਾਂ ਅੰਦਰ ਆਜ਼ਾਦ, ਖੁਸ਼ਹਾਲ ਅਤੇ ਸਨਮਾਨਜਨਕ



ਜ਼ਿੰਦਗੀ ਜੀਣ ਦਾ ਸੁਪਨਾ ਪੈਦਾ ਕਰਨ ਦਾ ਹੀ ਦੂਜਾ ਨਾਂ ਹੈ। ਉਹ ਸੁਪਨਾ, ਜਿਸ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੂੰ ਆਪਣੀ ਮੁਕਤੀ ਦਾ ਮਸਲਾ ਆਪਣੇ ਹੱਥਾਂ ਵਿਚ ਲੈਣਾ ਪੈਣਾ ਹੈ ਅਤੇ ਉਸ ਹੀਣ-ਭਾਵਨਾ ਤੋਂ ਨਿਜ਼ਾਤ ਪਾਉਣ ਲਈ ਜੂਝਣਾ ਪੈਣਾ ਹੈ, ਜਿਸ ਦਾ ਸ਼ਿਕਾਰ ਬਣਾ ਕੇ ਉਨ੍ਹਾਂ ਉਪਰ ਹਰ ਪ੍ਰਕਾਰ ਦਾ ਜਬਰ-ਜ਼ੁਲਮ ਹੁੰਦਾ ਰਿਹਾ ਹੈ ਅਤੇ ਅੱਜ ਵੀ ਉਨ੍ਹਾਂ ਦਾ ਸਰੀਰਕ-ਮਾਨਸਿਕ-ਲਿੰਗਕ ਸ਼ੋਸ਼ਣ ਹੋ ਰਿਹਾ ਹੈ।

ਮਸਲਨ: ਇਸ ਸੰਬੰਧ ਵਿਚ ਸ੍ਰੀ ਸੁਭਾਸ਼ ਗਾਤਾੜੇ ਦੀ ਧਾਰਨਾ ਇਹ ਹੈ:

"ਦਲਿਤ ਚੇਤਨਾ ਉਹ ਚੇਤਨਾ ਹੈ ਜੋ ਸ਼ੁਧਤਾ ਤਥਾ ਪ੍ਰਦੂਸ਼ਣ ਪਰ ਆਧਾਰਿਤ ਊਚ-ਨੀਚ ਅਨੁਕ੍ਰਮ ਉਪਰ ਟਿਕੀ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਸਾਮਾਨੰਤਰ ਇਕ ਸਮਤਾ ਮੂਲਕ ਸਮਾਜ ਦੇ ਨਿਰਮਾਣ ਲਈ ਪ੍ਰਤੀਬੱਧ ਹੈ। ਨਿਸ਼ਚਿਤ ਹੀ ਇਹ ਮਨੂੰ ਦੁਆਰਾ ਰਚੇ ਗਏ ਸੰਵਿਧਾਨ ਨੂੰ ਨਕਾਰਦੀ ਹੈ, ਮਨੁੱਖ ਦੇ ਜਨਮ ਉਪਰੰਤ ਸ਼੍ਰੇਣੀ-ਕ੍ਰਮ ਨੂੰ ਅਸਵੀਕਾਰ ਕਰਦੀ ਹੈ। ਇਸ ਵਿਚਾਰਧਾਰਾ ਤਹਿਤ ਦਲਿਤ ਚੇਤਨਾ 'ਕਿਰਤ' ਨੂੰ ਨੀਵਾਂ ਸਮਝਣ ਦੀ ਪ੍ਰਵਿਰਤੀ ਨੂੰ ਚਣੌਤੀ ਦਿੰਦੀ ਹੈ ਅਤੇ ਉਸ ਦੇ ਸਥਾਨ ਤੇ ਸਮੁੱਚੀ ਮਾਨਵਤਾ ਦੀ ਮੁਕਤੀ ਦੀ ਗੱਲ ਕਰਦੀ ਹੈ।"

(ਹਾਸ਼ੀਆ ਪ੍ਰਵੇਸ਼ ਅੰਕ: ਜਨਵਰੀ-ਮਾਰਚ, 2008 - ਪੰਨਾ 45)

ਡਾ. ਸ਼ਿਓਰਾਜ ਸਿੰਘ ਬੇਚੈਨ ਇਸ ਨੂੰ (ਸਾਹਿਤਕ ਸੰਦਰਭ ਵਿਚ) ਇੰਜ ਪੇਸ਼ ਕਰਦਾ ਹੈ:

"ਸਾਹਿਤ ਵਿਚ ਦਲਿਤ ਚੇਤਨਾ, ਦਲਿਤਾਂ ਵੱਲੋਂ ਆਪਣੀ ਰਚਨਾਤਮਕ ਸਥਿਤੀ ਦੀ ਚੇਤਨਾ ਦਾ ਪ੍ਰਗਟਾਵਾ ਹੈ। ਮੂਲ ਵਿਚ ਲਗਭਗ ਉਸੇ ਤਰ੍ਹਾਂ ਜਿਸ ਤਰ੍ਹਾਂ ਯੂਰਪ ਦੇ ਗੁਲਾਮ ਸਮਾਜ ਵਿਚ ਗੁਲਾਮਾਂ ਨੂੰ ਆਪਣੀ ਗੁਲਾਮੀ ਦਾ ਅਹਿਸਾਸ ਹੋਇਆ ਅਤੇ ਉਹਦਾ ਰਚਨਾਤਮਕ ਰੂਪ ਵਿਚ ਵਿਦਰੋਹ ਉਘੜਿਆ। ਭਾਰਤੀ ਸਮਾਜ ਵਿਚ ਦਲਿਤ ਚੇਤਨਾ ਦੀ ਸਮਾਜਕ ਸਥਿਤੀ ਦਾ ਸਾਹਿਤਕ ਸਥਿਤੀ ਨਾਲ ਅਨਿਖੜਵਾਂ ਸੰਬੰਧ ਹੈ। ਮਤਲਬ ਸਿਰਫ਼ ਇੰਨਾ ਹੈ ਕਿ ਗੈਰ-ਦਲਿਤਾਂ ਵਲੋਂ ਦਲਿਤ ਮਨ ਉਤੇ ਲੱਦੀ ਗਈ ਖ਼ਾਸ ਵਰਣ ਸ਼ਕਤੀਸ਼ਾਲੀ ਪੋਸ਼ਕਤਾ, ਸਭ ਤਰ੍ਹਾਂ ਦੀਆਂ ਸਥਿਤੀਆਂ ਤੋਂ ਪੈਦਾ ਹੋ ਰਹੀ ਦਲਿਤਾਂ ਦੀ ਸਮਾਜਿਕ ਦਾਸਤਾਨ ਅਤੇ ਸਾਹਿਤਕ ਨਿਰਭਰਤਾ ਦੇ ਭਾਰ ਨੂੰ ਆਪਣੀ ਪਿੱਠ ਤੋਂ ਜਿੰਨੀ ਛੇਤੀ ਹੋ ਸਕੇ, ਖੁਦ ਲਾਹ ਸੁੱਟਣ ਦੀ ਕਿਰਿਆਸ਼ੀਲਤਾ ਹੀ ਦਲਿਤ ਚੇਤਨਾ ਹੈ।"

(ਸਮਦਰਸ਼ੀ - ਦਲਿਤ ਚੇਤਨਾ ਵਿਸ਼ੇਸ਼ ਅੰਕ: ਫਰਵਰੀ-ਮਾਰਚ, 2003 - ਪੰਨਾ 24)

ਡਾ. ਅੰਬੇਦਕਰ ਦੇ ਇਸ ਬਾਰੇ ਵਿਚਾਰ ਇਸ ਤਰ੍ਹਾਂ ਹਨ:

"ਜਾਤ ਪ੍ਰਥਾ ਦੇ ਟੁੱਟਣ ਨੂੰ ਸਮਾਂ ਲੱਗੇਗਾ, ਇਹ ਚਾਹੇ ਥੋੜ੍ਹਾ ਲੱਗੇ ਜਾਂ ਜ਼ਿਆਦਾ, ਪਰ ਇੱਕ ਗੱਲ ਤੁਹਾਨੂੰ ਕਦੇ ਨਹੀਂ ਭੁੱਲਣੀ ਚਾਹੀਦੀ ਕਿ ਜੇ ਤੁਸੀਂ ਇਸ ਵਿਵਸਥਾ ਨੂੰ ਤੋੜਨਾ ਚਾਹੁੰਦੇ ਹੋ ਤਾਂ ਤੁਹਾਨੂੰ ਉਨ੍ਹਾਂ ਸ਼ਾਸਤਰਾਂ ਨੂੰ, ਜੋ ਇਨਸਾਨੀ ਬੁੱਧੀ ਨੂੰ ਕੁਝ ਵੀ ਮੱਹਤਤਾ ਨਹੀਂ ਦਿੰਦੇ, ਜੋ ਨੈਤਿਕਤਾ ਨੂੰ ਕੋਈ ਥਾਂ ਨਹੀਂ ਦਿੰਦੇ, ਡਾਇਨਾਮਾਈਟ ਨਾਲ ਉਡਾਉਣਾ ਹੋਵੇਗਾ। ਤੁਹਾਨੂੰ ਸਰੁਤੀ ਸਿਮਰਤੀਆਂ ਦੇ ਧਰਮ ਨੂੰ ਨਸ਼ਟ ਕਰਨਾ ਹੋਵੇਗਾ।"

"ਉਹ ਦੁਸ਼ਮਣ ਜਿਸ ਵਿਰੁੱਧ ਤੁਸੀਂ ਸੰਘਰਸ਼ ਕਰਨਾ ਹੈ, ਉਹ ਲੋਕ ਨਹੀਂ ਹਨ ਜੋ ਜਾਤ-ਪਾਤ ਮੰਨਦੇ ਹਨ, ਸਗੋਂ ਉਹ ਸ਼ਾਸਤਰ ਹਨ ਜਿਨ੍ਹਾਂ ਨੇ ਜਾਤ-ਪਾਤ ਦੀ ਸਿੱਖਿਆ ਦਿੱਤੀ। ... ਤੁਹਾਨੂੰ ਉਸ ਪਵਿੱਤਰਤਾ ਅਤੇ ਦੇਵਤਵ ਨੂੰ ਨਸ਼ਟ ਕਰਨਾ ਹੋਵੇਗਾ ਜੋ ਜਾਤੀ ਵਿਵਸਥਾ ਵਿਚ ਸਮੋਇਆ ਹੋਇਆ ਹੈ। ਅੰਤਿਮ ਵਿਸ਼ਲੇਸ਼ਣ ਵਜੋਂ ਇਸਦਾ ਅਰਥ ਇਹ ਹੈ ਕਿ ਤੁਹਾਨੂੰ ਸ਼ਾਸਤਰਾਂ ਤੇ ਵੇਦਾਂ ਦੀ ਸਰਦਾਰੀ ਖਤਮ ਕਰਨੀ ਪਵੇਗੀ। ... ਜਾਤੀ ਇੱਕ ਧਾਰਨਾ ਹੈ ਅਤੇ ਇਹ ਇਕ ਮਾਨਸਿਕ ਸਥਿਤੀ ਹੈ। ਸੋ ਜਾਤੀ ਵਿਵਸਥਾ ਨੂੰ ਨਸ਼ਟ ਕਰਨ ਦਾ ਅਰਥ ਭੌਤਿਕ ਰੁਕਾਵਟਾਂ ਦੂਰ ਕਰਨਾ ਨਹੀਂ ਹੈ, ਇਸਦਾ ਸੰਬੰਧ ਵਿਚਾਰਧਾਰਕ ਤਬਦੀਲੀ ਨਾਲ ਹੈ।" (ਦਲਿਤ ਸਰੋਕਾਰ ਅਤੇ ਸਾਹਿਤ: ਡਾ. ਚਰਨਦੀਪ ਸਿੰਘ - ਪੰਨਾ 49 ਅਤੇ 53)

ਉਪਰੋਕਤ ਵਿਦਵਾਨਾਂ ਦੀ ਇਸ ਸਮਝ ਅਨੁਸਾਰ ਦਲਿਤ ਚੇਤਨਾ ਵਿਚਾਰਧਾਰਕ ਅਤੇ ਸਿਧਾਂਤਕ ਮਸਲਾ ਹੈ ਜਿਸ ਦਾ ਨਿਸ਼ਾਨਾ ਵਰਤਮਾਨ ਲੋਕ-ਦੋਖੀ ਸਮਾਜਕ ਵਿਵਸਥਾ ਅਤੇ ਦੁਕਆਨੂਸੀ

ਬ੍ਰਾਹਮਣਵਾਦੀ ਸੰਸਕ੍ਰਿਤੀ ਹੈ। ਜਿਸ ਨੂੰ ਰੱਦ ਕਰਨ, ਨਕਾਰਨ ਅਤੇ ਖਤਮ ਕਰਨ ਲਈ ਇਕ ਵਿਕਲਪਿਕ ਵਿਚਾਰਧਾਰਾ ਅਤੇ ਸਭਿਆਚਾਰ ਦੀ ਲੋੜ ਲਾਜ਼ਮੀ ਸ਼ਰਤ ਹੈ। ਇਸ ਲਈ ਦਲਿਤ ਚੇਤਨਾ ਉਸ ਸਮਤਾ ਮੂਲਕ ਵਿਚਾਰਧਾਰਾ ਦੇ ਵਿਕਾਸ ਦਾ ਮਸਲਾ ਹੈ, ਜਿਸ ਉਪਰ ਆਧਾਰਿਤ ਸਮਾਜਕ ਵਿਵਸਥਾ ਦਾ ਨਿਰਮਾਣ ਕਰਨ ਲਈ ਮਿਹਨਤਕਸ਼ ਵਰਗਾਂ ਨੂੰ ਖੁਦ ਆਪਣੀ ਸ਼ਕਤੀ ਉਪਰ ਵਿਸ਼ਵਾਸ ਕਰਨ ਦੀ ਲੋੜ ਹੈ ਅਤੇ ਹਰ ਪ੍ਰਕਾਰ ਦੇ ਸ਼ੋਸ਼ਣ, ਦਮਨ, ਵਿਤਕਰੇ, ਬੇਇਨਸਾਫੀ ਵਿਰੁੱਧ ਇਕ ਅੰਦੋਲਨ ਵਿੱਢਣ ਲਈ ਇਕ-ਜੁੱਟ ਅਤੇ ਸੁਚੇਤ ਹੋਣ ਦੀ ਲੋੜ ਹੈ। ਇਸ ਲਈ ਦਲਿਤ ਚੇਤਨਾ ਅਤੇ ਜਮਾਤੀ ਚੇਤਨਾ ਦੀ ਸਾਂਝ ਅਤੇ ਸੁਮੇਲ ਦਾ ਵਿਗਿਆਨਕ ਆਧਾਰ ਮੌਜੂਦ ਹੈ ਕਿਉਂਕਿ ਜਮਾਤੀ ਚੇਤਨਾ ਦਾ ਅੰਤਿਮ ਲਕਸ਼ ਹਰ ਪ੍ਰਕਾਰ ਦੇ ਜਾਤੀਵਾਦੀ ਉਤਪੀੜਨ ਸਹਿਤ ਹਰ ਪ੍ਰਕਾਰ ਦੇ ਸਮਾਜਕ, ਆਰਥਕ, ਰਾਜਨੀਤਕ, ਸਭਿਆਚਾਰਕ, ਧਾਰਮਿਕ, ਇਤਿਆਦਿ ਸ਼ੋਸ਼ਣ ਤੇ ਵਿਤਕਰੇ ਨੂੰ ਖਤਮ ਕਰ ਕੇ ਜਾਤ-ਰਹਿਤ, ਜਮਾਤ-ਰਹਿਤ ਸਮਾਜਵਾਦੀ ਸਮਾਜ ਦਾ ਨਿਰਮਾਣ ਕਰਨਾ ਹੈ। ਇਸ ਲਈ ਇਨ੍ਹਾਂ ਦੋਨਾਂ ਮਸਲਿਆਂ ਦੇ ਹੱਲ ਲਈ ਇਕ ਲੰਬੇ ਜਨ-ਅੰਦੋਲਨ ਦੀ ਲੋੜ ਨੂੰ ਦੋਨਾਂ ਦੀ ਸਾਂਝ ਦਾ ਆਧਾਰ ਬਣਾਇਆ ਜਾ ਸਕਦਾ ਹੈ ਅਤੇ ਅੰਤਰ-ਵਿਰੋਧ ਦੇ ਮਸਲਿਆਂ ਨੂੰ ਹੱਲ ਕਰਨ ਲਈ ਦੋਸਤਾਨਾ ਢੰਗ ਤਰੀਕੇ ਅਪਣਾਏ ਜਾ ਸਕਦੇ ਹਨ। ਜਿਨ੍ਹਾਂ ਵਿਚ ਇਕ ਢੰਗ ਸਾਂਝੇ ਪ੍ਰੋਗਰਾਮਿਕ ਮਸਲਿਆਂ ਦੀ ਤਲਾਸ਼ ਕਰਨਾ ਅਤੇ ਉਨ੍ਹਾਂ ਉਪਰ ਦੇਸ਼-ਵਿਆਪੀ ਵਿਚਾਰ-ਚਰਚਾ ਤੇ ਬਹਿਸ ਆਯੋਜਿਤ ਕਰਨ ਦਾ ਹੈ।

ਇਸ ਲਈ ਮੇਰੇ ਵਿਚਾਰ ਅਨੁਸਾਰ ਕਿਉਂਕਿ ਜਾਤੀ ਤੇ ਜਮਾਤੀ ਦੋਨੋਂ ਪ੍ਰਕਾਰ ਦੇ ਸ਼ੋਸ਼ਣ ਨੂੰ ਖਤਮ ਕਰਨ ਲਈ ਤਮਾਮ ਮਿਹਨਤਕਸ਼ ਵਰਗਾਂ ਦੀ ਇਕ-ਜੁਟਤਾ ਅਤੇ ਵਿਵਸਥਾ ਵਿਰੁੱਧ ਸੰਘਰਸ਼ ਲਾਜ਼ਮੀ ਹੈ, ਇਸ ਲਈ ਇਸ ਸੰਘਰਸ਼ ਦੇ ਪ੍ਰੋਗਰਾਮ ਦੇ ਸਾਂਝੇ ਮਸਲੇ ਹੀ ਦੋਨਾਂ ਦੀ ਸਾਂਝ ਅਤੇ ਸੁਮੇਲ ਦੀ ਸੰਭਾਵਨਾ ਨੂੰ ਅਮਲੀ ਰੂਪ ਦੇ ਸਕਦੇ ਹਨ ਅਰਥਾਤ ਮਨੁੱਖ ਦੁਆਰਾ ਮਨੁੱਖ ਦੇ ਹਰ ਤਰ੍ਹਾਂ ਦੇ ਸ਼ੋਸ਼ਣ ਦੇ ਖਤਮ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਸੰਕਲਪ ਦੋਨਾਂ ਦੀ ਸਾਂਝ ਅਤੇ ਸੁਮੇਲ ਦਾ ਸਪੱਸ਼ਟ ਆਧਾਰ ਪ੍ਰਦਾਨ ਕਰਦਾ ਹੈ। ਇਸ ਲਈ ਦਲਿਤ ਚੇਤਨਾ ਅਤੇ ਜਮਾਤੀ ਚੇਤਨਾ ਦੇ ਅੰਤਰ-ਸਬੰਧ ਨੂੰ ਉਨ੍ਹਾਂ ਵਿਚਕਾਰ ਮੌਜੂਦ ਸਾਂਝ ਅਤੇ ਸੁਮੇਲ ਦੀ ਸੰਭਾਵਨਾ ਤੇ ਭਾਵਨਾ ਦੇ ਅੰਤਰਗਤ ਵਾਚਣਾ ਵਧੇਰੇ ਤਰਕ-ਸੰਗਤ ਰਹੇਗਾ ਅਤੇ ਵੱਧ ਸਾਰਥਕ ਵੀ।

ਮੇਰੇ ਇਸ ਲੇਖ ਲਿਖਣ ਦਾ ਮੰਤਵ ਵੀ ਇਨ੍ਹਾਂ ਦੋਨਾਂ ਵਿਚਕਾਰ ਮੌਜੂਦ ਅੰਤਰ-ਵਿਰੋਧ ਦੇ ਮਸਲਿਆਂ ਨੂੰ ਉਭਾਰਨਾ ਨਹੀਂ ਹੈ (ਬੇਸ਼ਕ ਉਨ੍ਹਾਂ ਤੋਂ ਮੁਨਕਰ ਹੋਣਾ ਵੀ ਨਹੀਂ ਹੈ), ਸਗੋਂ ਉਨ੍ਹਾਂ ਮੁੱਦਿਆਂ ਤੇ ਮਸਲਿਆਂ ਦੀ ਨਿਸ਼ਾਨਦੇਹੀ ਕਰਨਾ ਹੈ, ਜੋ ਹਿੰਦੁਸਤਾਨ ਦੇ ਤਮਾਮ ਮਿਹਨਤਕਸ਼ ਵਰਗਾਂ ਲਈ ਇਕ ਸਾਂਝਾ ਪ੍ਰੋਗਰਾਮ ਉਲੀਕਣ ਅਤੇ ਸਾਂਝਾ ਪਲੇਟਫਾਰਮ ਬਣਾਉਣ ਦੀ ਪ੍ਰਕਿਰਿਆ ਲਈ ਸਹਾਇਕ ਹੋ ਸਕਦੇ ਹਨ। ਪਰ ਇਸ ਨਜ਼ਰੀਏ ਤੋਂ ਦਲਿਤ ਚੇਤਨਾ ਅਤੇ ਜਮਾਤੀ ਚੇਤਨਾ ਦੇ ਅੰਤਰ-ਸਬੰਧ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ, ਜਮਾਤੀ ਚੇਤਨਾ ਦੀ ਲੋੜ ਬਾਰੇ ਥੋੜ੍ਹੀ ਹੋਰ ਵਿਸਥਾਰ ਸਹਿਤ ਗੱਲ ਕਰਨੀ ਜ਼ਰੂਰੀ ਲੱਗਦੀ ਹੈ।

* *

## ਦਲਿਤ ਚੇਤਨਾ ਲਈ ਜਮਾਤੀ ਚੇਤਨਾ ਦੀ ਲੋੜ ਕੀ ਹੈ?

ਆਪਣੇ ਦੇਸ਼ ਦੀ ਸਮੁੱਚੀ ਸਮਾਜਕ ਵਿਵਸਥਾ ਨੂੰ ਆਰਥਕ ਨਜ਼ਰੀਏ ਤੋਂ ਦੇਖੀਏ ਤਾਂ ਹਕੀਕਤ ਇਹ ਹੈ ਕਿ ਮੁੱਠੀਭਰ ਅਮੀਰ ਵਿਅਕਤੀ ਹੋਰ ਅਮੀਰ ਹੋ ਰਹੇ ਹਨ ਪਰ ਆਮ ਲੋਕ ਖਾਸ ਕਰਕੇ ਮਿਹਨਤਕਸ਼ ਲੋਕ ਭੁੱਖ-ਨੰਗ, ਕੰਗਾਲੀ-ਤੰਗਹਾਲੀ, ਬੇਕਾਰੀ-ਬਿਮਾਰੀ, ਅਨਪੜ੍ਹਤਾ-ਅੱਧਪੜ੍ਹਤਾ, ਸਾਧਣਹੀਣਤਾ ਤੇ ਪਛੜੇਪਨ, ਇਤਿਆਦਿ ਨਾਲ ਘੁਲ ਰਹੇ ਹਨ; ਜਿਸ ਦਾ ਇਕ ਮੁੱਖ ਕਾਰਨ, ਸਾਡੀ ਅਰਥ-ਵਿਵਸਥਾ ਦੇ ਮੂਲ ਆਧਾਰ ਖੇਤੀ ਸੈਕਟਰ ਦਾ ਘਾਟੇ ਦਾ ਸੌਦਾ ਬਣ ਕੇ ਰਹਿ ਜਾਣਾ ਹੈ। ਜਿਸ ਕਰਕੇ ਲੱਖਾਂ ਅੰਨ-ਦਾਤਾ ਕਰਜ਼ ਦੇ ਬੋਝ ਥੱਲੇ ਦੱਬੇ ਖੁਦਕੁਸ਼ੀਆਂ ਕਰ ਚੁੱਕੇ ਹਨ, ਕਰ ਰਹੇ ਹਨ ਅਤੇ ਖੇਤ ਮਜ਼ਦੂਰ, ਭੂਮੀਹੀਨ ਤੇ ਗਰੀਬ ਕਿਸਾਨ ਰੁਜ਼ਗਾਰ ਦੀ ਤਲਾਸ਼ ਵਿਚ ਵੱਡੇ ਸ਼ਹਿਰਾਂ ਵੱਲ ਭੱਜ ਰਹੇ ਹਨ ਪਰ ਕੰਮ ਦੀ ਥਾਂ ਲੇਬਰ ਚੌਕਾਂ ਵਿਚ ਰੁਲ ਰਹੇ ਹਨ।



ਜਦ ਕਿ ਦੂਜਾ ਪ੍ਰਮੁੱਖ ਕਾਰਨ ਦੇਸ਼ ਦਾ ਸਨਅਤੀ ਵਿਕਾਸ ਨਾ ਹੋਣਾ ਅਤੇ ਗਲਤ ਦਿਸ਼ਾ ਵਿਚ ਹੋਣਾ ਹੈ। ਜਿਸ ਦੇ ਫਲਸਰੂਪ, ਪਬਲਿਕ ਸੈਕਟਰ ਅਰਥਾਤ ਸਰਕਾਰੀ ਸੈਕਟਰ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕਾ ਹੈ। ਜਿਸ ਤੋਂ ਮੁਕਤੀ ਲਈ ਪਬਲਿਕ ਸੈਕਟਰ ਦੀਆਂ ਕੰਪਨੀਆਂ ਅਤੇ ਕਾਰੋਬਾਰਾਂ ਦਾ ਨਿੱਜੀਕਰਨ ਹੋ ਰਿਹਾ ਹੈ। ਇਹ ਕੰਪਨੀਆਂ ਅਤੇ ਕਾਰੋਬਾਰ ਬਹੁ-ਰਾਸ਼ਟਰੀ ਨਿਗਮਾਂ ਅਤੇ ਮਲਟੀ ਬਿਲਅਨਰੀ ਕੰਪਨੀਆਂ ਦੇ ਹੱਥਾਂ ਵਿਚ ਜਾ ਰਹੇ ਹਨ। ਇਸ ਕਾਰਨ ਦੇਸ਼ ਦੇ ਸਮੁੱਚੇ ਉਦਯੋਗਿਕ ਸੈਕਟਰ ਅਤੇ ਅਰਥ-ਵਿਵਸਥਾ ਉਪਰ ਸਾਮਰਾਜੀ ਪੂੰਜੀ ਦਾ ਸ਼ਿਕੰਜਾ ਹੋਰ ਵੀ ਕੱਸਦਾ ਜਾ ਰਿਹਾ ਹੈ। ਇਸ ਲਈ ਹਿੰਦੁਸਤਾਨੀ ਲੋਕਾਂ ਦੀਆਂ ਆਪਣੀਆਂ ਲੋੜਾਂ ਅਤੇ ਖੇਤੀ ਸੈਕਟਰ ਲਈ ਲੋੜੀਂਦੇ ਸਾਜੋ ਸਮਾਨ ਦੇ ਸਸਤੇ ਉਤਪਾਦਨ ਦੀ ਥਾਂ, ਸਾਮਰਾਜੀ ਮੰਡੀ ਦੀਆਂ ਜ਼ਰੂਰਤਾਂ ਲਈ ਮਾਲ ਪੈਦਾ ਹੋ ਰਿਹਾ ਹੈ। ਜਿਸ ਕਾਰਨ ਲੱਖਾਂ ਛੋਟੇ ਮੋਟੇ ਕਾਰੋਬਾਰ ਠੱਪ ਹੋ ਚੁੱਕੇ ਹਨ ਅਤੇ ਕਰੋੜਾਂ ਲੋਕ ਬੇਰੁਜ਼ਗਾਰੀ ਨਾਲ ਜੂਝ ਰਹੇ ਹਨ। ਜਿਨ੍ਹਾਂ ਵਿਚ ਲੱਖਾਂ ਉੱਚਤਮ ਸਿਖਿਆ ਪ੍ਰਾਪਤ ਨੌਜਵਾਨ; ਹਜ਼ਾਰਾਂ ਉੱਚਤਮ ਤਕਨੀਕ ਪ੍ਰਾਪਤ ਇੰਜਨੀਅਰ ਅਤੇ ਡਾਕਟਰ ਤੱਕ ਵੀ ਸ਼ਾਮਲ ਹਨ। ਇਸ ਦਾ ਕੇਂਦਰੀ ਕਾਰਨ ਕਰੋੜਾਂ ਗਰੀਬ ਲੋਕਾਂ ਦੀ ਉਤਪਾਦਨ ਕਿਰਿਆ ਤੋਂ ਬਾਹਰ ਹੋ ਜਾਣ ਕਾਰਨ ਬੇਰੁਜ਼ਗਾਰੀ ਦਾ ਸ਼ਿਕਾਰ ਹੋਣਾ ਵੀ ਹੈ ਅਤੇ ਸਰਕਾਰੀ ਕਰਮਚਾਰੀ ਖੇਤਰ ਦੇ ਲੋਕਾਂ ਦੀ ਅਸਲੀ ਆਮਦਨ ਅਤੇ ਖਪਤ ਸ਼ਕਤੀ ਦਾ ਨਾ ਵਧਣਾ ਹੈ। ਬੇਰੁਜ਼ਗਾਰੀ ਦਾ ਬੁਨਿਆਦੀ ਕਾਰਨ ਸਨਅਤੀ ਵਿਕਾਸ ਦਾ ਲੋੜੀਂਦਾ ਵਿਕਾਸ ਨਾ ਹੋਣਾ ਹੈ ਅਤੇ ਸਾਡੇ ਦੇਸ਼ ਦਾ ਸਾਮਰਾਜੀ ਸ਼ਕਤੀਆਂ ਦੀ ਨਵ-ਬਸਤੀ ਬਣ ਜਾਣਾ ਹੈ।

ਉਹ ਸਾਮਰਾਜੀ ਸ਼ਕਤੀਆਂ ਜੋ ਪੂਰੀ ਦੁਨੀਆ ਵਿਚ ਵਿਸ਼ਵੀਕਰਨ ਦੇ ਨਾਂ ਤੇ ਪੂੰਜੀ ਨਿਵੇਸ਼ ਕਰ ਰਹੀਆਂ ਹਨ ਅਤੇ ਸੁਪਰ-ਮੁਨਾਫਾ ਕਮਾਉਣ ਲਈ ਉਸ ਉੱਚ-ਤਕਨੀਕੀ ਮਸ਼ੀਨਰੀ ਦਾ ਇਸਤੇਮਾਲ ਕਰ ਰਹੀਆਂ ਹਨ, ਜੋ ਮਨੁੱਖੀ ਹੱਥਾਂ ਦੀ ਲੋੜ ਅਤੇ ਉਤਪਾਦਨ ਸ਼ਕਤੀਆਂ ਦੀ ਮਿਹਨਤ ਨੂੰ ਘੱਟ ਤੋਂ ਘੱਟ ਕਰਦਾ ਜਾ ਰਿਹਾ ਹੈ। ਬੇਸ਼ਕ ਇਸ ਅੰਨ੍ਹੇ ਤਕਨੀਕੀਕਰਨ ਅਤੇ ਕੰਪਿਊਟਰੀਕਰਨ ਰਾਹੀਂ ਇਕ ਅਜੇਹੀ ਸਫੈਦਪੋਸ਼ ਟੈਕਨੋਕਰੈਟ ਮਿਡਲ ਕਲਾਸ ਪੈਦਾ ਕੀਤੀ ਜਾ ਰਹੀ ਹੈ, ਜੋ ਇਸ ਮਾਲ ਦੀ ਖਪਤ ਦਾ ਇਕ ਹਿੱਸਾ ਬਣ ਸਕੇ ਪਰ ਸੱਠ ਪ੍ਰਤੀਸ਼ਤ ਪੇਂਡੂ ਤੇ ਸ਼ਹਿਰੀ ਆਬਾਦੀ ਦੀ ਸਥਿਤੀ ਇਹ ਹੈ ਕਿ ਇਸ ਦੀ ਖਰੀਦ ਸ਼ਕਤੀ ਨਾ ਦੇ ਬਰਾਬਰ ਹੋ ਚੁੱਕੀ ਹੈ ਅਤੇ ਇਹ ਲੋਕ ਦੋ ਵਕਤ ਦੀ ਰੋਟੀ ਲਈ ਵੀ ਲਾਚਾਰ ਹੋ ਰਹੇ ਹਨ। ਇਸ ਲਈ ਸਨਅਤੀ ਵਿਕਾਸ ਦੇ ਦਮਗਜੇ ਅਤੇ ਦੇਸ਼ ਦੀ ਤਰੱਕੀ ਦੇ ਗਿਰਾਫ ਸਿਰਫ਼ ਆਂਕੜਿਆਂ ਦਾ ਪੇਟ ਭਰਨ ਲਈ ਰਹਿ ਗਏ ਹਨ।

ਇਸ ਲਈ ਪੇਂਡੂ ਜਾਂ ਕਬਾਇਲੀ ਹੀ ਨਹੀਂ, ਸ਼ਹਿਰੀ ਹਕੀਕਤ ਵੀ ਇਹ ਹੈ ਕਿ ਵੱਡੇ ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ (ਸਲੱਮਜ਼) ਵਿਚ ਕਰੋੜਾਂ ਲੋਕ ਗੰਦਗੀ ਵਿਚ ਰੀਂਗਦੀ ਹੋਈ ਜ਼ਿੰਦਗੀ ਜੀਅ ਰਹੇ ਹਨ। ਇਸ ਲਈ ਵੇਸ਼ਵਾ-ਘਰਾਂ ਵਿਚ ਕਿੰਨੇ ਪ੍ਰਤੀਸ਼ੱਤ ਔਰਤਾਂ ਅਤੇ ਮਾਸੂਮ ਬੱਚੀਆਂ ਦਾ ਹਰ ਸਾਲ ਹੋਰ ਵਾਧਾ ਹੋ ਰਿਹਾ ਹੈ; ਕਿੰਨੇ ਪ੍ਰਤੀਸ਼ੱਤ ਹੋਰ ਨਾਬਾਲਗ ਬੱਚਿਆਂ ਨੂੰ ਸਕੂਲ ਛੱਡ ਕੇ ਕੰਮ ਕਰਨਾ ਪੈ ਰਿਹਾ ਹੈ; ਕਿੰਨੇ ਪ੍ਰਤੀਸ਼ਤ ਹੋਰ ਭਿੱਖਮੰਗੇ ਬਣ ਕੇ ਸੜਕਾਂ ਉਪਰ ਰੁਲ ਰਹੇ ਹਨ; ਕਿੰਨੇ ਪ੍ਰਤੀਸ਼ਤ ਫੁੱਟਪਾਥਾਂ ਉਪਰ ਸੌਣ ਲਈ ਮਜ਼ਬੂਰ ਹੋ ਰਹੇ ਹਨ ਅਤੇ ਗੰਦਗੀ ਦੇ ਢੇਰਾਂ ਅਤੇ ਟਰੈਸ਼ ਵਿਚੋਂ ਲੀਰਾਂ ਤੇ ਕੱਚ ਇਕੱਠਾ ਕਰਦੇ ਫਿਰ ਰਹੇ ਹਨ; ਕਿੰਨੇ ਪ੍ਰਤੀਸ਼ਤ ਹੋਰ ਬੱਚੇ ਕੁਪੋਸ਼ਣ ਅਤੇ ਭੁੱਖਮਰੀ ਕਾਰਨ ਜਨਮ ਤੋਂ ਪਹਿਲਾਂ ਹੀ ਦਮ ਤੋੜ ਰਹੇ ਹਨ ਜਾਂ ਕਿੰਨੇ ਪ੍ਰਤੀਸ਼ਤ ਬੱਚਿਆਂ ਦਾ ਗੁੰਡਾ ਗਿਰੋਹਾਂ ਦੁਆਰਾ ਅਪਹਰਣ ਹੋ ਰਿਹਾ ਹੈ, ਸਭ ਹਕੀਕਤਾਂ ਰੂਹ ਨੂੰ ਝੰਜੋੜਨ ਤੇ ਦਿਲ ਦਹਿਲਾ ਦੇਣ ਵਾਲੀਆਂ ਹਨ।

ਪਰ ਦੇਸ਼ ਦੇ ਹੁਕਮਰਾਨ ਵਰਗਾਂ ਦਾ ਇਹ ਫਿਕਰ ਨਹੀਂ ਹੈ। ਇਨ੍ਹਾਂ ਹਾਕਮਾਂ ਦਾ ਪੂਰਾ ਜ਼ੋਰ ਤਾਂ ਮੁੱਠੀ ਭਰ ਅਮੀਰ ਵਿਅਕਤੀਆਂ ਨੂੰ ਹੋਰ ਅਮੀਰ ਬਣਾਉਣ ਅਤੇ ਉਸੇ ਨੂੰ ਦੇਸ਼ ਦੀ ਤਰੱਕੀ ਦਾ ਨਾਂ ਦੇਣ ਵਿਚ ਲੱਗਾ ਹੋਇਆ ਹੈ। ਇਸ ਸਥਿਤੀ ਨੂੰ ਹੋਰ ਵੀ ਬਦਤਰ ਬਣਾਉਣ ਵਿਚ ਬਚੀ-ਖੁਚੀ ਕਸਰ ਇਨ੍ਹਾਂ ਦਾ ਪ੍ਰਸ਼ਾਸਨ-ਤੰਤਰ ਪੂਰੀ ਕਰ ਰਿਹਾ ਹੈ, ਜੋ ਸਿਰ ਤੋਂ ਲੈ ਕੇ ਪੈਰਾਂ ਤੱਕ ਰਿਸ਼ਵਤਖੋਰੀ, ਲੁੱਟ-ਖਸੁੱਟ, ਹੇਰਾ-ਫੇਰੀ, ਝੂਠ-ਫਰੇਬ, ਧੋਖਾ-ਧੜੀ ਅਤੇ ਭਾਈ-ਭਤੀਜਾਵਾਦ ਦੇ ਮਵਾਦ ਨਾਲ ਰਿਸ ਰਿਹਾ ਹੈ। ਇਹ

ਪ੍ਰਸ਼ਾਸਨ-ਤੰਤਰ ਅਤੇ ਇਸ ਦੀ ਸਮੁੱਚੀ ਮਸ਼ੀਨਰੀ ਆਮ ਲੋਕਾਂ ਨਾਲ ਅਤੇ ਖਾਸ ਕਰਕੇ ਦਲਿਤ ਵਰਗਾਂ ਅਤੇ ਹੋਰ ਗਰੀਬ ਲੋਕਾਂ ਨਾਲ ਕੀ ਕੀ ਵਿਵਹਾਰ ਕਰਦੀ ਹੈ ਅਤੇ ਉਨ੍ਹਾਂ ਦੇ ਜੀਣ-ਥੀਣ ਨੂੰ ਹੋਰ ਕਿੰਨਾ ਮੁਹਾਲ ਅਤੇ ਕਠੋਰ ਬਣਾ ਰਹੀ ਹੈ, ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ। ਇਸ ਲਈ ਇਹ ਰਾਜ-ਮਸ਼ੀਨਰੀ ਆਮ ਜਨਤਾ ਦੀ ਸੇਵਾਦਾਰ ਹੋਣ ਦੀ ਥਾਂ ਉਨ੍ਹਾਂ ਦੇ ਸਿਰ ਉਪਰ ਲੱਦਿਆ ਪੰਜਵਾਂ ਪਹਾੜ ਬਣ ਕੇ ਰਹਿ ਗਈ ਹੈ। ਜਿਸ ਦੇ ਫਲਸਰੂਪ ਆਮ ਲੋਕ ਤੰਗਹਾਲੀਆਂ ਦੀ ਡੰਗੀ ਹੋਈ ਬੇਬਸ ਤੇ ਲਾਚਾਰ ਜ਼ਿੰਦਗੀ ਜੀਣ ਲਈ ਮਜ਼ਬੂਰ ਕੀਤੇ ਜਾ ਰਹੇ ਹਨ ਅਤੇ ਮੂੰਹ ਬੰਦ ਰੱਖਣ ਲਈ ਸਤਾਏ ਜਾ ਰਹੇ ਹਨ।

ਇਸ ਤੋਂ ਇਲਾਵਾ ਸਾਮੰਤੀ ਜਗੀਰਦਾਰੀ ਦੇ ਦਬ-ਦਬਾ ਦੇ ਗੜ੍ਹਾਂ ਵਿਚ ਦਲਿਤ ਵਰਗਾਂ ਨਾਲ ਜੋ ਕੁਝ ਵਾਪਰ ਰਿਹਾ ਹੈ, ਉਹ ਹੋਰ ਵੀ ਵੱਧ ਘਿਣੌਨਾ ਅਤੇ ਰੌਂਗਟੇ ਖੜੇ ਕਰ ਦੇਣ ਵਾਲਾ ਹੈ। ਔਰਤਾਂ ਨਾਲ ਸਮੂਹਿਕ ਬਲਾਤਕਾਰ ਤੋਂ ਲੈ ਕੇ ਗਰੀਬ ਲੋਕਾਂ ਨੂੰ ਉਨ੍ਹਾਂ ਦੀਆਂ ਬਸਤੀਆਂ ਵਿਚ ਝੁੱਗੀਆਂ ਅੰਦਰ ਜ਼ਿੰਦਾ ਜਲਾ ਦੇਣ ਦੀਆਂ ਘਟਨਾਵਾਂ ਤੋਂ ਕੋਈ ਜ਼ਮੀਰਫਰੋਸ ਵਿਅਕਤੀ ਹੀ ਮੂੰਹ ਮੋੜ ਸਕਦਾ ਹੈ। ਪਰ ਇਹ ਸਾਰਾ ਕੁਝ ਸਰਕਾਰੀ ਮਸ਼ੀਨਰੀ, ਰਾਜ-ਨੇਤਾਵਾਂ, ਪੁਲੀਸ ਫੋਰਸ ਅਤੇ ਗੁੰਡਾ ਤਾਕਤ ਦੀ ਮਿਲੀ ਭੁਗਤ ਨਾਲ ਹੋ ਰਿਹਾ ਹੈ। ਇਸ ਪ੍ਰਕਾਰ ਦਾ ਜ਼ਾਲਮਾਨਾ ਅਤੇ ਤ੍ਰਿਸਕਾਰ ਭਰਿਆ ਰਵਈਆ ਸਿਰਫ਼ ਦਲਿਤ ਵਰਗਾਂ ਪ੍ਰਤੀ ਹੀ ਨਹੀਂ, ਸਮੁੱਚੇ ਗਰੀਬ ਲੋਕਾਂ ਪ੍ਰਤੀ ਅਪਨਾਇਆ ਜਾ ਰਿਹਾ ਹੈ। ਜਿਸ ਵਿਚ ਘੱਟ ਗਿਣਤੀਆਂ ਅਤੇ ਦੱਬੀਆਂ ਕੁਚਲੀਆਂ ਕੌਮਾਂ ਦੇ ਲੋਕ ਵੀ ਸ਼ਾਮਲ ਹਨ। ਜਿਸ ਕਾਰਨ ਉਨ੍ਹਾਂ ਨੂੰ ਦੰਗਿਆਂ ਦੀ ਅੱਗ ਵਿਚ ਝੋਕਿਆ ਜਾਂਦਾ ਹੈ ਅਤੇ ਫਿਰ ਇਲਜ਼ਾਮ ਵੀ ਉਨ੍ਹਾਂ ਦੇ ਸਿਰ ਮੜ੍ਹਿਆ ਜਾਂਦਾ ਹੈ। ਇਸ ਲਈ ਇਹ ਸਥਿਤੀ ਇਹ ਸਵਾਲ ਪੈਦਾ ਕਰਦੀ ਹੈ ਕਿ ਇਸ ਤਥਾਕਥਿਤ ਆਜ਼ਾਦੀ ਦੇ ਛੇ ਦਹਾਕੇ ਬਾਅਦ ਵੀ ਮਿਹਨਤਕਸ਼ ਲੋਕਾਂ ਦੀ ਵੱਡੀ ਬਹੁ-ਗਿਣਤੀ ਨੂੰ ਵਾਸਤਵ ਵਿਚ ਮਿਲਿਆ ਕੀ ਹੈ?

ਇਸ ਸਵਾਲ ਦਾ ਇਕੋ ਇਕ ਉਤਰ ਇਹ ਹੈ ਕਿ ਬਹੁ-ਗਿਣਤੀ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਵਿਚੋਂ ਉਨ੍ਹਾਂ ਦਾ ਬਣਦਾ ਹਿੱਸਾ ਨਹੀਂ ਮਿਲਿਆ ਹੈ ਅਰਥਾਤ ਆਜ਼ਾਦੀ ਨਾ ਜਨਵਾਦੀ ਅਧਿਕਾਰ, ਉੱਚ ਸਿਖਿਆ ਨਾ ਰੁਜ਼ਗਾਰ, ਕਿਰਤ-ਕਮਾਈ ਦੇ ਆਪਣੇ ਸਾਧਨ ਨਾ ਸਮਾਜਕ ਸਨਮਾਨ, ਗਰੀਬੀ ਤੋਂ ਮੁਕਤੀ ਨਾ ਬਿਮਾਰੀ ਦਾ ਉਚਿਤ ਇਲਾਜ, ਇਤਿਆਦਿ। ਇਸ ਲਈ ਉਹ ਅੱਜ ਵੀ ਜ਼ੁਲਮ, ਜਬਰ, ਵਿਤਕਰਾ, ਲੁੱਟ ਖਸੁੱਟ, ਦਮਨ-ਔਤਿਆਚਾਰ, ਬੇਕਦਰੀ, ਬੇਇਜ਼ਤੀ, ਜਾਤ-ਪਾਤ, ਛੂਤ-ਛਾਤ ਵਰਗੀਆਂ ਅਲਾਮਤਾਂ ਝੱਲ ਰਹੇ ਹਨ। ਇਸ ਕਰਕੇ ਆਮ ਲੋਕਾਂ ਦੇ ਮਨਾਂ ਵਿਚ ਇਹ ਚੇਤਨਾ ਘਰ ਕਰ ਚੁੱਕੀ ਹੈ ਕਿ ਵਰਤਮਾਨ ਸਮਾਜਕ-ਆਰਥਕ-ਰਾਜਨੀਤਕ ਸਿਸਟਮ ਉਨ੍ਹਾਂ ਨੂੰ ਵਧੀਆ ਜ਼ਿੰਦਗੀ ਜੀਣ ਦੇ ਮੌਕੇ ਪ੍ਰਦਾਨ ਨਹੀਂ ਕਰ ਸਕਦਾ ਅਤੇ ਇਸ ਸਿਸਟਮ ਉਪਰ ਕਾਬਜ ਹੁਕਮਰਾਨ ਵਰਗ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦੇ। ਇਹ ਵਰਤਮਾਨ ਹਾਕਮ ਵਰਗ ਤਾਂ ਆਪਣਾ ਪੇਟ ਤੂੜ-ਤੂੜ ਕੇ ਭਰਨ ਦੇ ਨਾਲ-ਨਾਲ, ਦੇਸ਼ ਦਾ ਸਰਮਾਇਆ ਸਵਿੱਸ ਬੈਂਕਾਂ ਵਿਚ ਆਪਣੇ ਨਿੱਜੀ ਖਾਤਿਆਂ ਵਿਚ ਵੀ ਜਮ੍ਹਾਂ ਕਰਾ ਰਹੇ ਹਨ ਅਤੇ ਸਾਮਰਾਜੀ ਸ਼ਕਤੀਆਂ ਤੇ ਬਹੁ-ਰਾਸ਼ਟਰੀ ਕੰਪਨੀਆਂ ਦੀ ਅੰਨ੍ਹੀ ਲੁੱਟ ਖਸੁੱਟ ਦੇ ਭਾਈਵਾਲ ਅਤੇ ਹੱਥ ਠੋਕਾ ਵੀ ਬਣ ਚੁੱਕੇ ਹਨ। ਇਸ ਕਾਰਨ ਦੇਸ਼ ਕੰਗਾਲ ਹੋ ਰਿਹਾ ਹੈ ਅਤੇ ਇਸ ਦੀ ਅਰਥ-ਵਿਵਸਥਾ ਉਪਰ ਸਾਮਰਾਜੀ ਕਾਰਪੋਰੇਟ ਸੈਕਟਰ ਅਤੇ ਉਸ ਦੀ ਵਿੱਤੀ ਪੂੰਜੀ ਦਾ ਸ਼ਿਕੰਜਾ ਕੱਸਦਾ ਜਾ ਰਿਹਾ ਹੈ। ਇਸ ਲਈ ਇਸ ਸਿਸਟਮ ਅਤੇ ਸੱਤਾ ਦੇ ਬਣੇ ਰਹਿੰਦਿਆਂ ਦੇਸ਼ ਦਾ ਬਹੁ-ਪੱਖੀ ਤੇ ਲੋਕ-ਪੱਖੀ ਆਰਥਕ ਵਿਕਾਸ ਸੰਭਵ ਨਹੀਂ ਹੈ।

ਇਹ ਲੋਕ ਚੇਤਨਾ ਇਕ ਸ਼ਕਤੀਸ਼ਾਲੀ ਲੋਕ-ਧਾਰਾ ਬਣ ਰਹੀ ਹੈ ਅਤੇ ਇਸ ਦੀ ਪੇਸ਼ਕਾਰੀ ਸਾਹਿਤ ਦੇ ਮਾਧਿਅਮ ਰਾਹੀਂ ਵੀ ਬਰਾਬਰ ਹੋ ਰਹੀ ਹੈ ਅਤੇ ਦੇਸ਼ ਦੇ ਕਈ ਇਲਾਕਿਆਂ ਵਿਚ ਗਰੀਬ ਲੋਕਾਂ, ਦਲਿਤ ਵਰਗਾਂ ਅਤੇ ਕਬਾਇਲੀ ਲੋਕਾਂ ਦੇ ਜੁਝਾਰੂ ਸੰਘਰਸ਼ਾਂ ਰਾਹੀਂ ਵੀ ਹੋ ਰਹੀ ਹੈ। ਪਰ ਸਾਡੇ ਦੇਸ਼ ਦੇ ਹੁਕਮਰਾਨ ਵਰਗਾਂ ਦੀ ਬੌਧਿਕ ਕੰਗਾਲੀ ਦਾ ਹਾਲ ਦੇਖੋ ਕਿ ਇਸ ਲੋਕ ਚੇਤਨਾ ਦਾ ਅਨਾਦਰ ਕਰਕੇ ਇਹ ਤਰੱਕੀ ਦੇ ਆਂਕੜੇ ਇੰਜ ਪੇਸ਼ ਕਰ ਰਹੇ ਹਨ ਜਿਵੇਂ ਆਮ ਲੋਕ ਵੀ ਅਮੀਰਾਂ ਦੇ ਬਰਾਬਰ ਦੀ ਐਸ਼ ਕਰ ਰਹੇ ਹੋਣ। ਇੰਨਾ ਹੀ ਨਹੀਂ, ਇਹ ਹੁਕਮਰਾਨ ਵਰਗ 'ਨਿਊਕਲੀਅਰ ਪਾਵਰ' ਅਤੇ 'ਉਭਰ ਰਹੀ ਮਹਾਂ-ਸ਼ਕਤੀ' ਦਾ 'ਰੁਤਬਾ



ਤੇ ਫਤਵਾ' ਹਾਸਲ ਕਰਨ ਲਈ ਦੇਸ਼ ਦੇ ਤਮਾਮ ਕੁਦਰਤੀ ਸਾਧਨਾਂ ਅਤੇ ਸਮੁੱਚੀ ਲੇਬਰ ਸ਼ਕਤੀ ਨੂੰ ਵੀ ਮਹਾਂ-ਸ਼ਕਤੀਆਂ ਦੇ ਹਵਾਲੇ ਕਰਨ ਲਈ ਤਿਆਰ ਹਨ ਅਤੇ ਹਿੰਦੁਸਤਾਨ ਨੂੰ ਦੁਨੀਆ ਦੀ ਸਭ ਤੋਂ ਵੱਡੀ ਅਤੇ ਸਸਤੀ ਮੰਡੀ ਬਣਾ ਕੇ ਸਾਮਰਾਜੀ ਪੂੰਜੀ-ਨਿਵੇਸ਼ ਲਈ ਖੁੱਲ੍ਹੀ ਛੱਡਣ ਲਈ ਵੀ ਤਿਆਰ ਹਨ। ਇਸ ਲਈ ਇਹ 'ਆਰਥਕ ਉਦਾਰਤਾਵਾਦ' ਅਰਥਾਤ ਸਾਮਰਾਜੀ ਵਿਸ਼ਵੀਕਰਨ ਦਾ ਸਮਰਥਨ ਕਰ ਰਹੇ ਹਨ ਅਤੇ ਇਸ ਨੂੰ ਦੇਸ਼ ਦੇ ਆਰਥਕ ਵਿਕਾਸ ਦਾ ਰਸਤਾ ਦੱਸ ਰਹੇ ਹਨ।

ਇਸ ਲਈ ਇਹ 'ਕਾਰਪੋਰੇਟ ਵਿਸ਼ਵੀਕਰਨ' ਸਿਰਫ਼ ਆਰਥਕ ਵਰਤਾਰਾ ਨਹੀਂ ਹੈ, ਬਲਕਿ ਅਮਰੀਕਨ ਸਾਮਰਾਜਵਾਦੀਆਂ ਦੇ ਵਿਸ਼ਵ ਚੌਧਰ ਦੇ ਮਨਸੂਬੇ ਦਾ ਇਕ ਪ੍ਰਮੁੱਖ ਹਥਿਆਰ ਹੈ। ਜਿਸ ਦੇ ਤਹਿਤ ਇਹ ਪੂਰੀ ਦੁਨੀਆ ਉਪਰ ਨਵ-ਬਸਤੀਵਾਦੀ ਵਿਵਸਥਾ ਲੱਦਣਾ ਚਾਹੁੰਦੇ ਹਨ। ਇਸ ਵਿਵਸਥਾ ਨੂੰ 'ਨਵੀਂ ਵਿਸ਼ਵ ਅਰਥ-ਵਿਵਸਥਾ' ਵਰਗੇ ਵਿਸ਼ੇਸ਼ਣਾਂ ਨਾਲ ਸਜਾ ਕੇ; 'ਖੁੱਲ੍ਹਾ ਤੇ ਆਜ਼ਾਦ ਵਿਸ਼ਵ ਬਾਜ਼ਾਰ' ਵਰਗੇ ਅਲੰਕਾਰਾਂ ਨਾਲ ਸ਼ਿੰਗਾਰ ਕੇ; ਇਹ ਦੁਨੀਆ ਭਰ ਦੇ ਲੋਕਾਂ ਦੇ ਦਿਲੋ-ਦਿਮਾਗ਼ ਉਪਰ ਲੱਦ ਰਹੇ ਹਨ। ਇਸ ਮਨਸੂਬੇ ਆਧੀਨ ਹੀ ਖਪਤਵਾਦੀ ਅਤੇ ਲੱਚਰ ਸਭਿਆਚਾਰ ਦਾ ਹਮਲਾ ਦੁਨੀਆ ਭਰ ਦੇ ਲੋਕਾਂ ਉਪਰ ਕੀਤਾ ਜਾ ਰਿਹਾ ਹੈ। ਇਸ ਲਈ ਸਾਮਰਾਜੀ ਮਾਸ-ਮੀਡੀਆ ਇਸ ਹਮਲੇ ਦੀ ਮੁੱਖ ਸੰਚਾਲਕ ਸ਼ਕਤੀ ਬਣ ਕੇ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿਚ ਲੈ ਕੇ ਲੋਕਾਂ ਦੇ ਮਨਾਂ ਵਿਚ ਇਕ ਨਵੀਂ ਕਿਸਮ ਦੀ ਮਾਨਸਿਕ ਗੁਲਾਮੀ ਭਰ ਰਿਹਾ ਹੈ। ਸਮੂਹਿਕ ਲੋਕ ਹਿੱਤਾਂ ਤੋਂ ਬੇਮੁੱਖਤਾ, ਲੋਕਾਂ ਦੀ ਆਪਸੀ ਵੰਡ ਨੂੰ ਗਹਿਰਾਉਣਾ ਅਤੇ ਸੰਘਰਸ਼ ਤੋਂ ਬੇਗਾਨਗੀ ਪੈਦਾ ਕਰਕੇ ਸੋਚ-ਸ਼ਕਤੀ ਨੂੰ ਵਿਅਕਤੀ ਵਿਸ਼ੇਸ਼ ਦੇ ਹਿੱਤਾਂ ਤੇ ਰੁਚੀਆਂ ਤੱਕ ਮਹਿਦੂਦ ਕਰ ਦੇਣਾ ਇਸ ਪ੍ਰਚਾਰ-ਪ੍ਰਸਾਰ ਦਾ ਮੁੱਖ ਨਿਸ਼ਾਨਾ ਹੈ।

ਇਸ ਲਈ ਇਹ ਸਾਮਰਾਜੀ ਸਭਿਆਚਾਰਕ ਹਮਲਾ ਵੀ ਕਿਸੇ ਕਿਸਮ ਦੀ ਲੋਕ-ਦੋਖੀ ਰੂੜੀਵਾਦੀ ਪਰੰਪਰਾਵਾਦੀ ਸੰਸਕ੍ਰਿਤੀ ਤੋਂ ਘੱਟ ਖਤਰਨਾਕ ਜਾਂ ਘੱਟ ਨੁਕਸਾਨਦੇਹ ਨਹੀਂ ਹੈ ਕਿਉਂਕਿ ਬਹੁ-ਰਾਸ਼ਟਰੀ ਕੰਪਨੀਆਂ ਅਤੇ ਸਾਮਰਾਜੀ ਵਿੱਤੀ ਨਿਗਮਾਂ ਦੀ ਲੁੱਟ-ਖਸੁੱਟ ਦੇ ਅਨੁਕੂਲ ਲੱਚਰ ਅਤੇ ਖਪਤਵਾਦੀ ਸਭਿਆਚਾਰਕ ਕਦਰਾਂ ਕੀਮਤਾਂ ਪੈਦਾ ਕਰਨਾ ਹੀ ਇਸ ਹਮਲੇ ਦਾ ਮੁੱਖ ਮੰਤਵ ਹੈ। ਇਹ ਖਤਰਾ ਇਸ ਕਰਕੇ ਵੀ ਵੱਧ ਖਤਰਨਾਕ ਹੈ ਕਿਉਂਕਿ ਇਹ ਦੇਸੀ ਕਿਸਮ ਦੀਆਂ ਤਮਾਮ ਰੂੜੀਵਾਦੀ ਸੰਸਕ੍ਰਿਤੀਆਂ ਨਾਲ ਇਕ ਨਵੀਂ ਕਿਸਮ ਦਾ ਵਿਚਾਰਧਾਰਕ ਰਾਬਤਾ ਪੈਦਾ ਕਰਕੇ ਉਨ੍ਹਾਂ ਨੂੰ ਬਚਾਉਣ ਲਈ ਨਵੇਂ ਰੂਪ ਵੀ ਘੜ ਰਿਹਾ ਹੈ ਅਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇ ਕੇ ਆਪਣਾ ਸਭਿਆਚਾਰਕ ਭਾਈਵਾਲ ਵੀ ਬਣਾ ਰਿਹਾ ਹੈ। ਇਸ ਲਈ ਸਮੁੱਚਾ ਸਾਮਰਾਜੀ ਮਾਸ-ਮੀਡੀਆ ਦੇ ਨਾਲ ਨਾਲ ਹਾਲੀਵੁੱਡ ਅਤੇ ਬਾਲੀਵੁੱਡ ਵਰਗੇ ਮਹਾਂਰਥੀ ਫਿਲਮੀ ਉਦਯੋਗ ਵੀ ਇਸ ਸਭਿਆਚਾਰਕ ਹਮਲੇ ਨੂੰ ਸਫਲ ਅੰਜ਼ਾਮ ਦੇਣ ਲਈ ਦਿਨ-ਰਾਤ ਜੁੱਟੇ ਹੋਏ ਹਨ। ਜਿਸ ਦੇ ਫਲਸਰੂਪ ਰਿਸ਼ਤਿਆਂ ਦਾ ਜਿਣਸੀਕਰਨ ਅਤੇ ਵਿਚਾਰਧਾਰਾ ਦਾ ਬਾਜ਼ਾਰੀਕਰਨ ਹੋ ਰਿਹਾ ਹੈ ਅਤੇ ਇਸਦਾ ਸਭ ਤੋਂ ਵੱਧ ਸ਼ਿਕਾਰ ਨਵੀਆਂ ਪੀੜ੍ਹੀਆਂ ਹੋ ਰਹੀਆਂ ਹਨ। ਇਸ ਲਈ ਪੂਰੀ ਦੁਨੀਆ ਦੀ ਸਿਹਤਮੰਦ ਲੋਕ ਮਾਨਸਿਕਤਾ ਨੂੰ ਇਸ ਹਮਲੇ ਤੋਂ ਤੁਰੰਤ ਖਤਰਾ ਹੈ। ਇਸੇ ਸਭਿਆਚਾਰਕ ਹਮਲੇ ਦਾ ਸ਼ਿਕਾਰ ਹੋ ਕੇ ਨੌਜਵਾਨ ਪੀੜ੍ਹੀ ਮਿਹਨਤ ਅਤੇ ਰੁਜ਼ਗਾਰ ਦਾ ਅਧਿਕਾਰ ਹਾਸਲ ਕਰਨ ਲਈ ਅਤੇ ਆਪਣੀ ਮਿਹਨਤ ਦਾ ਹੱਕ ਪ੍ਰਾਪਤ ਕਰਨ ਲਈ ਸੰਘਰਸ਼ ਕਰਨ ਦੀ ਥਾਂ, ਖੋਖਲੇ ਚਿੰਤਨ ਦੀ ਦੁਨੀਆ ਵੱਲ ਤੁਰੀ ਜਾ ਰਹੀ ਹੈ।

ਇਸ ਤੋਂ ਇਲਾਵਾ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਉਣ ਲਈ ਕਈ ਅਜੇਹੇ ਦਲਾਲ-ਤੰਤਰ ਵੀ ਹਰ ਥਾਂ ਕੰਮ ਕਰ ਰਹੇ ਹਨ ਜੋ ਉਨ੍ਹਾਂ ਨੂੰ ਕਿਸੇ 'ਸੁਪਨਿਆਂ ਤੇ ਮੌਕਿਆਂ ਦੀ ਨਵੀਂ ਧਰਤੀ' ਉਪਰ ਗੈਰ-ਕਾਨੂੰਨੀ ਢੰਗ ਨਾਲ ਲੈ ਜਾ ਕੇ ਵਸਾਉਣ ਦੇ ਝਾਂਸੇ ਦੇ ਕੇ ਮਨਮਾਨੀ ਲੁੱਟ-ਖਸੁੱਟ ਅਤੇ ਖੱਜਲ-ਖੁਆਰੀ ਕਰ ਰਹੇ ਹਨ। ਇਹ ਦਲਾਲ ਤੰਤਰ ਵੀ ਨੌਜਵਾਨ ਪੀੜ੍ਹੀ ਨੂੰ ਸਮਾਜਕ ਸਰੋਕਾਰਾਂ ਤੋਂ ਦੂਰ ਕਰਨ ਦਾ ਹੀ ਕੰਮ ਕਰ ਰਹੇ ਹਨ। ਇਸ ਲਈ ਨੌਜਵਾਨ ਪੀੜ੍ਹੀ ਨਸ਼ਿਆਂ ਵੱਲ ਵੱਧ ਰਹੀ ਹੈ, ਕਿਸੇ ਚਮਤਕਾਰ ਜਾਂ ਲਾਟਰੀ ਰਾਹੀਂ ਅਮੀਰ ਬਣਨ ਦੀ ਸੋਚ ਰਹੀ ਹੈ, ਦੇਸ਼ ਤੋਂ ਬਾਹਰ ਭੱਜਣ ਲਈ ਖੱਜਲ-ਖੁਆਰ ਹੋ ਰਹੀ ਹੈ ਅਤੇ ਲੇਬਰ ਚੌਕਾਂ ਵਿਚ ਰੁਲ ਰਹੀ ਹੈ।

ਇਸ ਲਈ ਦਲਿਤ ਵਰਗਾਂ ਦੇ ਇਹ ਸਰੋਕਾਰ ਬਾਕੀ ਹੋਰ ਸਾਰੇ ਮਿਹਨਤਕਸ਼ ਵਰਗਾਂ ਨਾਲ ਸਾਂਝੇ ਹਨ। ਇਹ ਮਸਲੇ ਜੋ ਪੂਰੀ ਦੁਨੀਆ ਭਰ ਦੇ ਗਰੀਬ ਤੇ ਮਿਹਨਤਕਸ਼ ਲੋਕਾਂ ਦੇ ਸਾਹਮਣੇ ਵਿਕਰਾਲ ਰੂਪ ਧਾਰਨ ਕਰਕੇ ਖੜ੍ਹੇ ਹਨ, ਦੁਨੀਆ ਭਰ ਦੇ ਦਲਿਤ ਵਰਗਾਂ ਦੇ ਵੀ ਮਸਲੇ ਹਨ। ਕਿਸੇ ਵੀ ਦੇਸ਼ ਦੀ ਦਲਿਤ ਲਹਿਰ ਇਨ੍ਹਾਂ ਮਸਲਿਆਂ ਨੂੰ ਨਜ਼ਰ-ਅੰਦਾਜ਼ ਕਰਕੇ ਸ਼ੋਸ਼ਣ ਤੇ ਬੇਇਨਸਾਫੀ ਨੂੰ ਮੁਕਤੀ ਨਹੀਂ ਹਾਸਲ ਕਰ ਸਕਦੀ। ਇਸ ਲਈ ਦਲਿਤ ਲਹਿਰ ਨੂੰ ਇਨ੍ਹਾਂ ਤਮਾਮ ਮਸਲਿਆਂ ਉਪਰ ਇਕ ਸਮਝ ਪੈਦਾ ਕਰਨ ਲਈ ਵਿਚਾਰਧਾਰਕ ਤੇ ਵਿਹਾਰਕ ਰੂਪ ਵਿਚ ਜੂਝਣਾ ਪਵੇਗਾ ਅਰਥਾਤ ਇਸ ਜਮਾਤੀ ਚੇਤਨਾ ਨੂੰ ਦਲਿਤ ਚੇਤਨਾ ਦਾ ਇਕ ਅੰਗ ਬਣਾਉਣ ਲਈ ਇਨ੍ਹਾਂ ਮਸਲਿਆਂ ਦਾ ਹੱਲ ਲੱਭਣ ਲਈ ਦੁਨੀਆਂ ਭਰ ਦੀਆਂ ਲੋਕ ਹਿੱਤਾਂ ਲਈ ਸੰਘਰਸ਼ ਕਰ ਰਹੀਆਂ ਸ਼ਕਤੀਆਂ ਨਾਲ ਇਕ-ਜੁੱਟਤਾ ਕਾਇਮ ਕਰਨੀ ਪਵੇਗੀ ਕਿਉਂਕਿ ਸਾਮਰਾਜੀ ਸ਼ਕਤੀਆਂ ਅਤੇ ਦੇਸੀ ਸੱਤਾ ਦੇ ਗਠਜੋੜ ਨਾਲ ਜੋ ਸਥਿਤੀ ਪੈਦਾ ਹੋ ਗਈ ਹੈ, ਉਸ ਨਾਲ ਜਾਤੀਵਾਦੀ ਸਮੱਸਿਆ ਦਾ ਹੱਲ ਵੀ ਹੋਰ ਮੁਸ਼ਕਿਲ ਹੋ ਗਿਆ ਹੈ। ਇਸ ਲਈ ਦਲਿਤ ਵਰਗਾਂ ਦਾ ਜਾਤੀਵਾਦ ਦੇ ਖਾਤਮੇ ਲਈ ਸੰਘਰਸ਼ ਅਤੇ ਤਮਾਮ ਮਿਹਨਤਕਸ਼ ਵਰਗਾਂ ਦਾ ਇਸ ਸਿਸਟਮ ਅਤੇ ਸੱਤਾ ਨੂੰ ਬਦਲਣ ਲਈ ਸੰਘਰਸ਼ ਸਮੁੱਚੇ ਹਿੰਦੁਸਤਾਨੀ ਲੋਕਾਂ ਦੀ ਲੋੜ ਹੈ। ਆਪਣੇ ਦੇਸ਼ ਨੂੰ ਸਾਮਰਾਜੀ ਨਵ-ਬਸਤੀ ਬਣਨ ਤੋਂ ਬਚਾਉਣ ਲਈ ਹਿੰਦੁਸਤਾਨੀ ਲੋਕਾਂ ਦੀ ਚੇਤਨਾ ਵਿਚ ਇਹ ਵਿਕਾਸ ਅਤੇ ਉਨ੍ਹਾਂ ਦੇ ਆਪਣੇ ਮਸਲਿਆਂ ਉਪਰ ਅੰਦੋਲਨ ਦੇ ਨਾਲ-ਨਾਲ, ਸਾਮਰਾਜਵਾਦ ਵਿਰੋਧੀ ਸੰਘਰਸ਼ ਦੀ ਵੀ ਲੋੜ ਹੈ।

ਇਸ ਨਜ਼ਰੀਏ ਤੋਂ ਇਸ ਸਮੇਂ ਹਿੰਦੁਸਤਾਨ ਦੇ ਕਈ ਇਲਾਕਿਆਂ ਵਿਚ ਕਬਾਇਲੀ ਲੋਕਾਂ ਦੇ ਜੰਗਲ ਅਤੇ ਆਪਣੀ ਨਿੱਜੀ ਜ਼ਮੀਨ ਉਪਰ ਅਧਿਕਾਰ ਲਈ ਚੱਲ ਰਹੇ ਅੰਦੋਲਨ ਦਾ ਅਧਿਐਨ, ਮੁਲਾਂਕਣ ਅਤੇ ਸਮੀਖਿਆ ਕਰਨ ਦੀ ਲੋੜ ਹੈ ਕਿਉਂਕਿ ਕਬਾਇਲੀ ਲੋਕ ਵੀ ਸਦੀਆਂ ਤੋਂ ਅੱਤ ਦਰਜੇ ਦੀ ਗਰੀਬੀ, ਕੰਗਾਲੀ ਤੇ ਪਛੜੇਪਨ ਦਾ ਸ਼ਿਕਾਰ ਚਲੇ ਆ ਰਹੇ ਹਨ ਅਤੇ ਉਹ ਵੀ ਸਭ ਤੋਂ ਵੱਧ ਦਲਿਤ ਤੇ ਦਮਿਤ ਵਰਗਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਦਲਿਤ ਲਹਿਰ ਵੱਲੋਂ ਇਨ੍ਹਾਂ ਸੰਘਰਸ਼ਾਂ ਦਾ ਸਰਗਰਮ ਸਮਰਥਨ ਕਰਨ ਨਾਲ ਜਿੱਥੇ ਇਸ ਅੰਦੋਲਨ ਨੂੰ ਵੱਡਾ ਹੁਲਾਰਾ ਮਿਲੇਗਾ, ਉੱਥੇ ਦਲਿਤ ਚੇਤਨਾ ਅੰਦਰ ਜਮਾਤੀ ਚੇਤਨਾ ਦੇ ਪ੍ਰਵੇਸ਼ ਨਾਲ ਦਲਿਤ ਲਹਿਰ ਨੂੰ ਵੀ ਵੱਧ ਪ੍ਰਭਾਵਸ਼ਾਲੀ ਬਣਾਇਆ ਜਾ ਸਕੇਗਾ ਕਿਉਂਕਿ ਦਲਿਤ ਚੇਤਨਾ ਅਤੇ ਜਮਾਤੀ ਚੇਤਨਾ ਦੋ ਮੂਲੋਂ ਵੱਖਰੇ ਵਰਤਾਰੇ ਨਹੀਂ ਹਨ। ਇਹ ਦੋਵੇਂ ਇਕ ਦੂਜੇ ਨਾਲ ਜੁੜੇ ਹੋਏ ਅਤੇ ਇਕ ਦੂਜੇ ਉਪਰ ਨਿਰਭਰ ਹਨ ਕਿਉਂਕਿ ਨਾ ਤਾਂ ਜਾਤ-ਰਹਿਤ ਸਮਾਜ ਦੇ ਨਿਰਮਾਣ ਬਿਨਾ ਜਮਾਤ-ਰਹਿਤ ਸਮਾਜ ਹੀ ਸਥਾਪਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸਮੁੱਚੇ ਦਲਿਤ ਵਰਗਾਂ ਦੀ ਸਰਗਰਮ ਸ਼ਿਰਕਤ ਬਿਨਾ ਜਮਾਤੀ ਅੰਦੋਲਨ ਹੀ ਜਿੱਤਿਆ ਜਾ ਸਕਦਾ ਹੈ। ਇਸ ਲਈ ਦਲਿਤ ਚੇਤਨਾ ਅਤੇ ਜਮਾਤੀ ਚੇਤਨਾ, ਉਸ ਲੋਕ ਚੇਤਨਾ ਦਾ ਹੀ ਇਕ ਅਨਿਖੜਵਾਂ ਅੰਗ ਹੈ, ਜਿਸ ਦੀ ਹਿੰਦੁਸਤਾਨ ਦੇ ਸਾਰੇ ਦੱਬੇ ਕੁਚਲੇ, ਸ਼ੋਸ਼ਿਤ ਉਤਪੀੜਤ, ਮਿਹਨਤਕਸ਼ ਅਤੇ ਕਰਮਚਾਰੀ ਵਰਗ-ਸਮੂਹਾਂ ਨੂੰ ਲੋੜ ਹੈ।

ਉਹ ਲੋਕ ਚੇਤਨਾ, ਜਿਸ ਦੇ ਵਿਕਾਸ ਰਾਹੀਂ ਸਮੂਹ ਦਲਿਤ ਅਤੇ ਦਮਿਤ ਵਰਗਾਂ ਦੀ ਸੰਗਰਾਮੀ ਏਕਤਾ ਕਾਇਮ ਕੀਤੀ ਜਾ ਸਕਦੀ ਹੈ ਅਤੇ ਜਾਤ-ਰਹਿਤ, ਜਮਾਤ-ਰਹਿਤ ਸਮਾਜ ਦੇ ਨਿਰਮਾਣ ਲਈ ਲੋਕ ਸੰਘਰਸ਼ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ ਜਾ ਸਕਦੀ ਹੈ। ਇਸ ਲਈ ਦਲਿਤ ਲਹਿਰ ਅਤੇ ਜਮਾਤੀ ਲਹਿਰ ਦੋਨਾਂ ਹੀ ਅੰਦੋਲਨਾਂ ਵੱਲੋਂ ਇਸ ਸੰਗਰਾਮੀ ਇਕ-ਜੁੱਟਤਾ ਦੀ ਸੁਚੇਤ ਕੋਸ਼ਿਸ਼ ਪੂਰੇ ਹਿੰਦੁਸਤਾਨ ਦੀ ਸਥਿਤੀ ਨੂੰ ਮਿਹਨਤਕਸ਼ ਵਰਗਾਂ ਦੇ ਅਨੁਕੂਲ ਬਣਾਉਣ ਵਿਚ ਵੱਡਾ ਰੋਲ ਅਦਾ ਕਰ ਸਕਦੀ ਹੈ। ਇਸ ਨਜ਼ਰੀਏ ਤੋਂ ਇਸ ਸਮੇਂ ਚੱਲ ਰਹੇ ਕਬਾਇਲੀ ਲੋਕਾਂ ਅਤੇ ਹੋਰ ਇਨਕਲਾਬੀ ਸੰਘਰਸ਼ਾਂ ਬਾਰੇ ਇੱਥੇ ਗੱਲ ਕਰਨੀ ਤਰਕ-ਸੰਗਤ ਹੋਵੇਗੀ।

* *



**ਇਨਕਲਾਬੀ ਸੰਘਰਸ਼ਾਂ ਪ੍ਰਤੀ ਪਹੁੰਚ ਦਾ ਸਵਾਲ :**

ਇਸ ਸਮੇਂ ਚੱਲ ਰਹੇ ਇਨਕਲਾਬੀ ਸੰਘਰਸ਼ਾਂ ਦੀ ਰੀੜ ਉਹ ਦਲਿਤ ਵਰਗ ਅਤੇ ਕਬਾਇਲੀ ਲੋਕ ਹਨ ਜੋ ਕਮਿਊਨਿਸਟ ਇਨਕਲਾਬੀਆਂ ਦੀ ਅਗਵਾਈ ਵਿਚ ਲੜ ਰਹੇ ਹਨ। ਇਹ ਸਾਰੇ ਮਿਹਨਤਕਸ਼ ਵਰਗ ਜਮਾਤੀ ਚੇਤਨਾ ਨਾਲ ਲੈਸ ਹੋਣ ਕਰਕੇ ਹਿੰਦੁਸਤਾਨੀ ਸੱਤਾ ਨਾਲ ਫੈਸਲਾਕੁੰਨ ਸੰਘਰਸ਼ ਕਰਨ ਲਈ ਥਾਂ ਪੁਰ ਥਾਂ ਪੂਰੇ ਜੋਸ਼, ਉਤਸ਼ਾਹ, ਤਨਦੇਹੀ, ਪ੍ਰਤੀਬੱਧਤਾ ਅਤੇ ਜਿੱਤਣ ਦੀ ਉਮੀਦ ਨਾਲ ਉੱਠ ਰਹੇ ਹਨ। ਇਨ੍ਹਾਂ ਸਾਰੇ ਸੰਘਰਸ਼ਾਂ ਦਾ ਇਕ ਕੇਂਦਰੀ ਮੁੱਦਾ ਅਤੇ ਪ੍ਰਮੁੱਖ ਪ੍ਰੋਗਰਾਮ ਹਰ ਪ੍ਰਕਾਰ ਦੇ ਜਾਤੀਵਾਦ ਸ਼ੋਸ਼ਣ, ਵਿਤਕਰੇ ਅਤੇ ਵੰਡੀਆਂ ਨੂੰ ਖਤਮ ਕਰਨਾ ਵੀ ਹੈ ਕਿਉਂਕਿ ਕਮਿਊਨਿਸਟ ਇਨਕਲਾਬੀ ਸਫਾਂ ਅੰਦਰ ਇਹ ਚੇਤਨਾ ਇਕ ਅਰਸੇ ਤੋਂ ਪ੍ਰਵੇਸ਼ ਕਰ ਚੁੱਕੀ ਹੈ ਕਿ ਸਮੁੱਚੀ ਕਮਿਊਨਿਸਟ ਲਹਿਰ ਨੇ ਜਾਤੀਵਾਦ ਦੇ ਖਾਤਮੇ ਦੇ ਸਵਾਲ ਨੂੰ ਉਹ ਪ੍ਰਮੁੱਖਤਾ ਨਹੀਂ ਦਿੱਤੀ, ਜਿਸ ਦੀ ਇਸ ਨੂੰ ਜ਼ਰੂਰਤ ਸੀ, ਜਿਸ ਕਾਰਨ ਜਮਾਤੀ ਅੰਦੋਲਨ ਵਿਚ ਇਨ੍ਹਾਂ ਵਰਗਾਂ ਦੀ ਸ਼ਿਰਕਤ ਸਥਾਨੀ ਪੱਧਰ ਦੀ ਹੀ ਰਹੀ ਹੈ। ਕਮਿਊਨਿਸਟ ਇਨਕਲਾਬੀ ਲਹਿਰ ਅੰਦਰ ਇਹ ਵੀ ਨਵਾਂ ਤੱਤ ਸ਼ਾਮਲ ਹੋ ਚੁੱਕਾ ਹੈ ਕਿ ਜਾਤੀਵਾਦ ਦਾ ਸਵਾਲ ਸਿਰਫ਼ ਬਣਤਰ ਦਾ ਸਵਾਲ ਨਹੀਂ ਹੈ, ਸਗੋਂ ਸਮਾਜਕ-ਆਰਥਕ ਆਧਾਰ ਦਾ ਸਵਾਲ ਹੈ। ਇਸ ਲਈ ਇਹ ਪੁਰਾਣੀ ਸਮਝ ਕੇ ਇਨਕਲਾਬ ਤੋਂ ਬਾਅਦ ਜਾਤੀਵਾਦ ਆਪਣੇ ਆਪ ਖਤਮ ਹੋ ਜਾਏਗਾ ਜਾਂ ਸੌਖਿਆਂ ਕੀਤਾ ਜਾ ਸਕੇਗਾ, ਹੁਣ ਤਿਆਗੀ ਜਾ ਚੁੱਕੀ ਹੈ। ਇਹ ਮਿਹਨਤਕਸ਼ ਲੋਕਾਂ ਦੇ ਸੰਘਰਸ਼ਾਂ ਲਈ ਬਹੁਤ ਵੱਡਾ ਹਾਂ-ਪੱਖੀ ਪਹਿਲੂ ਹੈ ਅਤੇ ਇਸ ਦੀ ਬਾਦੌਲਤ ਇਨਕਲਾਬੀ ਅੰਦੋਲਨ ਦੇ ਸਾਰੇ ਇਲਾਕਿਆਂ ਅਤੇ ਗੜ੍ਹਾਂ ਅੰਦਰ ਇਕ ਅਜੇਹੀ ਸਾਹਿਤਕ ਅਤੇ ਸਭਿਆਚਾਰਕ ਲਹਿਰ ਚੱਲ ਪਈ ਹੈ, ਜੋ ਜਾਤੀਵਾਦ ਨੂੰ ਸਿਰਫ਼ ਸ਼ਬਦਾਂ ਰਾਹੀਂ ਹੀ ਨਹੀਂ, ਵਿਹਾਰ ਵਿਚ ਵੀ ਕਿਵੇਂ ਦੂਰ ਕਰਨਾ ਹੈ ਉਪਰ ਕੇਂਦ੍ਰਿਤ ਹੈ। ਇਸ ਲਈ ਦਲਿਤ ਮੁਕਤੀ ਅੰਦੋਲਨ ਹੁਣ ਸਿਰਫ਼ ਸੁਪਨਾ ਨਹੀਂ ਰਿਹਾ, ਸਗੋਂ ਇਕ ਠੋਸ ਹਕੀਕਤ ਬਣ ਚੁੱਕਾ ਹੈ। ਜਿਸ ਦੇ ਫਲਸਰੂਪ ਕਈ ਇਕ ਸੰਘਰਸ਼ ਖੇਤਰਾਂ ਵਿਚ ਦਲਿਤ ਵਰਗ ਇਨਕਲਾਬੀ ਸੰਘਰਸ਼ਾਂ ਦੀ ਪ੍ਰਮੁੱਖ ਸ਼ਕਤੀ ਬਣ ਕੇ ਉਭਰ ਰਹੇ ਹਨ ਅਤੇ ਕੁਰਬਾਨੀਆਂ ਦਾ ਨਵਾਂ ਇਤਿਹਾਸ ਸਿਰਜ ਰਹੇ ਹਨ।

ਇਨ੍ਹਾਂ ਇਨਕਲਾਬੀ ਸੰਘਰਸ਼ਾਂ ਵਿਚ ਕਬੀਲਾਈ ਅਤੇ ਆਦਿਵਾਸੀ ਲੋਕਾਂ ਦੇ ਉਹ ਅੰਦੋਲਨ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਕੁਚਲਣ ਲਈ ਹਿੰਦੁਸਤਾਨੀ ਸੱਤਾ ਤੇ ਇਸ ਦੇ ਸਾਰੇ ਅੰਗ ਅਨੇਕ ਸਾਲਾਂ ਤੋਂ ਪੱਬਾਂ ਭਾਰ ਖੜ੍ਹੇ ਹਨ। ਪਰ ਸੰਘਰਸ਼ ਹੋਰ ਫੈਲਦੇ ਜਾ ਰਹੇ ਹਨ ਕਿਉਂਕਿ ਕਬਾਇਲੀ ਲੋਕਾਂ ਨੂੰ ਜ਼ੁਲਮ ਨਾਲ ਨਹੀਂ ਦਬਾਇਆ ਜਾ ਸਕਦਾ। ਇਸ ਤੱਥ ਨੂੰ ਸਿੱਧ ਕਰਨ ਲਈ ਉਨ੍ਹਾਂ ਦੇ ਮਹਾਨ ਸੰਘਰਸ਼ਾਂ ਨਾਲ ਹਿੰਦੁਸਤਾਨ ਦਾ ਇਤਿਹਾਸ ਭਰਿਆ ਪਿਆ ਹੈ। ਇਨ੍ਹਾਂ ਜਾਂਬਾਜ਼ ਸੂਰਬੀਰ ਲੋਕਾਂ ਵੱਲੋਂ ਲੜੇ ਗਏ ਅਨੇਕ ਬੀਰਤਾਪੂਰਨ ਸੰਘਰਸ਼ ਅਤੇ ਕੀਤੀਆਂ ਗਈਆਂ ਮਹਾਨ ਕੁਰਬਾਨੀਆਂ ਨੂੰ ਯਾਦ ਕਰਕੇ ਹਰ ਜ਼ਿੰਦਾ ਦਿਲ ਇਨਸਾਨ ਦਾ ਸਿਰ ਆਦਰ ਅਤੇ ਫ਼ਖ਼ਰ ਨਾਲ ਝੁਕ ਜਾਂਦਾ ਹੈ। ਇਸ ਸ਼ਾਨਾਮੱਤੀ ਵਿਰਾਸਤ ਦੇ ਮਾਲਕ ਇਹ ਕਬੀਲਾਈ ਲੋਕ ਅੱਜ ਫਿਰ ਹਿੰਦੁਸਤਾਨ ਦੇ ਇਨਕਲਾਬੀ ਸੰਗਰਾਮ ਦੀ ਜਿੱਤ ਲਈ ਇਕ ਨਵੀਂ ਉਮੀਦ ਬਣ ਕੇ ਜੂਝ ਰਹੇ ਹਨ ਅਤੇ ਹਰ ਪ੍ਰਕਾਰ ਦੇ ਜਬਰ, ਜ਼ੁਲਮ, ਸ਼ੋਸ਼ਣ, ਪੀੜਨ ਅਤੇ ਵਿਤਕਰੇ ਨੂੰ ਖਤਮ ਕਰਨ ਲਈ ਇਕ ਵਾਰ ਫਿਰ ਸਿਰ ਧੜ ਦੀ ਬਾਜੀ ਲਾ ਰਹੇ ਹਨ।

ਇਸ ਲਈ ਹੁਕਮਰਾਨ ਵਰਗਾਂ ਦੇ ਦਿਲ ਕੰਬ ਰਹੇ ਹਨ। ਉਨ੍ਹਾਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਇਹ ਗਰੀਬ ਲੋਕ ਦੇਸ਼ ਲਈ ਖਤਰਾ ਲੱਗਦੇ ਹਨ ਕਿਉਂਕਿ ਇਨ੍ਹਾਂ ਹਾਕਮ ਵਰਗਾਂ ਦਾ ਦੇਸ਼ ਸਿਰਫ਼ ਉਨ੍ਹਾਂ ਦੀ ਆਪਣੀ ਲਾਲਸਾ, ਕੁਰਸੀ ਅਤੇ ਆਪਣੇ ਹਿੱਤ ਹਨ; ਜਿਹਦੇ ਲਈ ਉਹ ਆਪਣੇ ਦੇਸ਼ ਅਤੇ ਲੋਕਾਂ ਦੇ ਹਿੱਤਾਂ ਨੂੰ ਵੇਚਣ ਤੋਂ ਵੀ ਕਦੇ ਗੁਰੇਜ਼ ਨਹੀਂ ਕਰਦੇ। ਇਹ ਹੁਕਮਰਾਨ ਵਰਗ, ਇਸ ਅੰਦੋਲਨ ਨੂੰ ਕੁਚਲਣ ਲਈ ਕਬੀਲਾਈ ਲੋਕਾਂ ਦੀਆਂ ਥੋੜ੍ਹੀਆਂ ਬਹੁਤੀਆਂ ਬਾਕੀ ਬਚੀਆਂ-ਖੁਚੀਆਂ ਨਿੱਜੀ ਜ਼ਮੀਨਾਂ ਵੀ ਖੋਹ ਰਹੇ ਹਨ ਅਤੇ ਉਨ੍ਹਾਂ ਦੀਆਂ ਸਾਂਝੀਆਂ ਚਰਾਗਾਹਾਂ ਅਰਥਾਤ ਜੰਗਲ ਉਪਰ ਵੀ ਕਬਜਾ ਕਰ ਰਹੇ ਹਨ। ਇਹ ਜ਼ਮੀਨਾਂ ਗਰੀਬ ਲੋਕਾਂ ਤੋਂ ਖੋਹ ਖੋਹ ਕੇ ਉਨ੍ਹਾਂ ਪੂੰਜੀਪਤੀਆਂ ਨੂੰ ਦੇ ਰਹੇ ਹਨ, ਜੋ ਹਿੰਦੁਸਤਾਨੀ ਦੇ ਕੁਦਰਤੀ

ਸਾਧਨਾਂ ਅਤੇ ਖਣਿਜ ਪਦਾਰਥਾਂ ਦੇ ਸ਼ੋਸ਼ਣ ਲਈ ਸਾਮਰਾਜੀ ਕੰਪਨੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਇਸ ਲਈ ਇਹ ਹੁਕਮਰਾਨ ਵਰਗਾਂ ਦੀ ਆਪਣੇ ਹੀ ਲੋਕਾਂ ਦੇ ਵਿਰੁੱਧ ਇਕ ਨਵੀਂ ਜੰਗ ਹੈ। ਉਨ੍ਹਾਂ ਦੇ ਨਿਆਂ-ਪੂਰਨ ਅਤੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਲਈ ਜੰਗ। ਦੇਸੀ ਅਤੇ ਬਦੇਸ਼ੀ ਪੂੰਜੀ ਦੀ ਸੇਵਾ ਲਈ ਹੁਕਮਰਾਨ ਵਰਗਾਂ ਦੀ ਆਪਣੇ ਹੀ ਦੇਸ਼ ਦੇ ਲੋਕਾਂ ਦੇ ਵਿਰੁੱਧ ਇਹ ਜੰਗ ਲੋਕਾਂ ਦੀ ਨਵੀਂ ਤਬਾਹੀ ਦੀ ਵਾਹਕ ਬਣ ਚੁੱਕੀ ਹੈ। ਜਿਹਦੇ ਲਈ ਇਹ ਉਹ ਸਾਰੇ ਹੱਥਕੰਡੇ ਅਤੇ ਛਡਯੰਤਰ ਵਰਤ ਰਹੇ ਹਨ ਜੋ ਕਦੇ ਅੰਗਰੇਜ਼ ਬਸਤੀਵਾਦੀ ਵਰਤਿਆ ਕਰਦੇ ਸਨ। ਜਿਸ ਦੇ ਤਹਿਦ ਸੰਘਰਸ਼ ਕਰਦੇ ਇਲਾਕਿਆਂ, ਲੋਕਾਂ ਅਤੇ ਲੀਡਰਾਂ ਨੂੰ ਆਤੰਕਵਾਦੀ ਘੋਸ਼ਿਤ ਕਰਕੇ, ਉਨ੍ਹਾਂ ਦੀਆਂ ਜਨਤਕ ਜਥੇਬੰਦੀਆਂ ਉਪਰ ਵੀ ਪਾਬੰਦੀਆਂ ਲਾ ਰਹੇ ਹਨ। ਲੱਖਾਂ ਦੀ ਗਿਣਤੀ ਵਿਚ ਅਰਧ-ਸੈਨਿਕ ਬਲ ਝੋਕ ਰਹੇ ਹਨ। ਸੰਘਰਸ਼ ਦੇ ਸਰਗਰਮ ਲੀਡਰਾਂ ਅਤੇ ਕਾਰਕੁੰਨਾਂ ਨੂੰ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਸ਼ਹੀਦ ਕਰ ਰਹੇ ਹਨ। ਕਾਲੇ ਕਾਨੂੰਨ ਘੜ ਰਹੇ ਹਨ। ਗਰੀਬ ਲੋਕਾਂ ਦੀਆਂ ਬਸਤੀਆਂ ਜਲਾ ਰਹੇ ਹਨ। ਪਿੰਡਾਂ ਦੇ ਪਿੰਡਾਂ ਨੂੰ ਘੇਰ ਕੇ ਤਸ਼ੱਦਦ ਕਰ ਰਹੇ ਹਨ।

ਇੰਨਾ ਹੀ ਨਹੀਂ, ਗਰੀਬ ਲੋਕਾਂ ਨੂੰ ਗਰੀਬ ਲੋਕਾਂ ਨਾਲ ਲੜਾਉਣ ਲਈ ਹਰ ਪ੍ਰਕਾਰ ਦੇ ਛਡਯੰਤਰ ਵਰਤ ਰਹੇ ਹਨ ਅਤੇ ਇਨ੍ਹਾਂ ਕੁਕਰਮਾਂ ਤੇ ਕਰਤੂਤਾਂ ਉਪਰ ਪਰਦਾ ਪਾਉਣ ਲਈ ਲੋਕ ਘੋਲਾਂ ਦੇ ਵਿਰੁੱਧ ਝੂਠਾ ਭੰਡੀ ਪ੍ਰਚਾਰ ਕਰਨ ਲਈ ਸਰਕਾਰੀ ਮੀਡੀਆ ਦਾ ਬੇਸ਼ਰਮੀ ਭਰਿਆ ਇਸਤੇਮਾਲ ਕਰ ਰਹੇ ਹਨ। ਪਰ ਇਨ੍ਹਾਂ ਅੱਤਿਆਚਾਰਾਂ ਨਾਲ ਵੀ ਸੰਘਰਸ਼ ਕਰਦੇ ਲੋਕਾਂ ਨੂੰ ਨਹੀਂ ਝੁਕਾ ਸਕੇ ਤਾਂ ਹੁਣ ਫੌਜ ਝੋਕੀ ਜਾ ਰਹੀ ਹੈ। ਆਪਣੇ ਹੀ ਲੋਕਾਂ ਦੇ ਵਿਰੁੱਧ ਫੌਜ ! ਆਪਣੇ ਹੀ ਲੋਕਾਂ ਦੇ ਵਿਰੁੱਧ ਹਵਾਈ ਹਮਲਿਆਂ ਅਤੇ 'ਡਰੋਨਾਂ' ਦੀ ਵਰਤੋਂ ਦੀਆਂ ਧਮਕੀਆਂ !

ਇਸ ਲਈ ਇਸ ਜਨਤੰਤਰ ਦਾ ਜ਼ਨਾਜ਼ਾ ਤਾਂ ਨਿਕਲ ਚੁੱਕਾ ਹੈ ਪਰ ਇਸ ਦੀ ਲੋਕ ਮਾਰੂ ਸ਼ਕਤੀ ਦਿਨ ਬ ਦਿਨ ਵਧਦੀ ਜਾ ਰਹੀ ਹੈ। ਜਿਸ ਦਾ ਇਸਤੇਮਾਲ ਇਹ ਹਾਕਮ ਵਰਗ ਆਪਣੇ ਹੀ ਲੋਕਾਂ ਦੇ ਵਿਰੁੱਧ ਕਰ ਰਹੇ ਹਨ ਅਤੇ ਇਸ ਵਿਚ ਸਾਰੀ ਕਿਸਮ ਦੀਆਂ ਸੰਸਦਵਾਦੀ ਸਰਕਾਰਾਂ, ਹਾਕਮ ਵਰਗਾਂ ਦੀਆਂ ਸਰਕਾਰੀ ਅਤੇ ਗੈਰ-ਸਰਕਾਰੀ ਰਾਜਨੀਤਕ ਪਾਰਟੀਆਂ, ਜਥੇਬੰਦੀਆਂ ਅਤੇ ਧਿਰਾਂ ਇਕ-ਜੁੱਟ ਹੋ ਕੇ ਲੋਕਾਂ ਦੇ ਵਿਰੁੱਧ ਖੜ੍ਹੀਆਂ ਹਨ। ਜਿਨ੍ਹਾਂ ਵਿਚ ਉਹ ਮਨੂੰਵਾਦੀ ਜਥੇਬੰਦੀਆਂ ਤੇ ਗਿਰੋਹ ਵੀ ਸ਼ਾਮਲ ਹਨ, ਜੋ ਲੋਕਾਂ ਨੂੰ ਦਬਾਉਣ ਤੇ ਆਪਸ ਵਿਚ ਲੜਾਉਣ ਲਈ ਆਪਣੀ ਜਾਤੀਵਾਦੀ ਅਤੇ ਫਿਰਕਾਪ੍ਰਸਤ ਭੂਮਿਕਾ ਬਾਖੂਬੀ ਨਿਭਾਉਂਦੀਆਂ ਆ ਰਹੀਆਂ ਹਨ। ਇਨ੍ਹਾਂ ਵਿਚ ਉਹ ਹਿੰਦੂਵਾਦੀ ਸ਼ਾਵਨਵਾਦੀ ਸੰਗਠਨ ਵੀ ਸ਼ਾਮਲ ਹਨ, ਜੋ ਲੋਕਾਂ ਨੂੰ ਜਨਮ-ਕਰਮ ਦੇ ਚੱਕਰ ਵਿਚ ਫਸਾ ਕੇ ਸਦੀਆਂ ਤੋਂ ਛਲਦੇ ਆ ਰਹੇ ਹਨ ਅਤੇ ਇਸ ਸਮੇਂ 'ਲੋਕਤੰਤਰ ਨੂੰ ਖਤਰੇ' ਦੀ ਦੁਹਾਈ ਦੇ ਰਹੇ ਹਨ। ਇਹ ਉਹ ਜਥੇਬੰਦੀਆ ਹਨ, ਜਿਨ੍ਹਾਂ ਦੇ ਖੂਨ ਵਿਚ ਜਾਤੀਵਾਦੀ ਨਫ਼ਰਤ ਭਰੀ ਪਈ ਹੈ ਅਤੇ ਜੋ ਇਸ ਅਤਿ-ਹਿੰਸਕ ਪ੍ਰਥਾ ਨੂੰ ਬਣਾਈ ਰੱਖਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਇਨ੍ਹਾਂ ਤੋਂ ਇਲਾਵਾ ਉਹ ਸਾਮੰਤੀ ਸ਼ਕਤੀਆਂ ਵੀ ਇਸ ਵਿਚ ਸ਼ਾਮਲ ਹਨ, ਜਿਨ੍ਹਾਂ ਦਾ ਇਨ੍ਹਾਂ ਦਿਹਾਤੀ ਇਲਾਕਿਆਂ ਵਿਚ 'ਗੁੰਡਾ ਰਾਜ' ਚੱਲਦਾ ਸੀ। ਇਹ ਸਾਮੰਤੀ ਗੁੰਡਾ ਅਤੇ ਮਾਫੀਆ ਗਿਰੋਹ ਵੀ ਇਨ੍ਹਾਂ ਸੰਘਰਸ਼ਾਂ ਦੇ ਵਿਰੁੱਧ 'ਹਿੰਸਾ ... ਹਿੰਸਾ' ਕੂਕ ਰਹੇ ਹਨ।

ਇਹ ਸਾਰੀਆਂ ਲੋਕ-ਵਿਰੋਧੀ ਤਾਕਤਾਂ ਮਿਲ ਕੇ ਆਪਣੇ ਆਤੰਕ ਅਤੇ ਮੱਕਾਰੀ ਦਾ ਇਸਤੇਮਾਲ ਉਨ੍ਹਾਂ ਗਰੀਬ ਅਤੇ ਮਿਹਨਤਕਸ਼ ਲੋਕਾਂ ਦੇ ਵਿਰੁੱਧ ਕਰ ਰਹੀਆਂ ਹਨ ਜੋ ਦੇਸ਼ ਦੀ ਵਰਤਮਾਨ ਸਮਾਜਕ, ਆਰਥਕ, ਰਾਜਨੀਤਕ, ਸਭਿਆਚਾਰਕ ਵਿਵਸਥਾ ਬਦਲਣ ਲਈ ਅਤੇ ਇਸ ਦੀ ਥਾਂ ਜਾਤ-ਰਹਿਤ, ਜਮਾਤ-ਰਹਿਤ ਬਰਾਬਰੀ ਤੇ ਆਧਾਰਿਤ ਸਮਾਜ ਦਾ ਨਿਰਮਾਣ ਕਰਨ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਨ ਕਿਉਂਕਿ ਇਹ ਤਬਦੀਲੀ ਉਨ੍ਹਾਂ ਦੀ ਫੌਰੀ ਲੋੜ ਹੈ ਅਤੇ ਇਹ ਉਨ੍ਹਾਂ ਨੂੰ ਸੰਭਵ ਵੀ ਲੱਗਦੀ ਹੈ। ਇਸ ਤਬਦੀਲੀ ਦੀ ਸੰਭਾਵਨਾ ਤੋਂ ਬੌਖਲਾ ਕੇ ਇਹ 'ਸਟੇਟਸ ਕੋਅ' ਦੀਆਂ ਸਾਰੀਆਂ ਸ਼ਕਤੀਆਂ ਇਕ-ਜੁੱਟ ਹੋ ਕੇ ਇਨਕਲਾਬੀ ਅੰਦੋਲਨ ਦੇ ਵਿਰੁੱਧ ਖੜ੍ਹੀਆਂ ਹਨ। ਬੇਸ਼ਕ ਇਹ ਵਰਤਾਰਾ ਕਿਤੇ 'ਰਣਬੀਰ ਸੈਨਾ' ਅਤੇ ਕਿਤੇ 'ਬਜਰੰਗ ਦਲ' ਵਰਗੇ ਸੰਗਠਨਾਂ ਦਾ ਰੂਪ ਧਾਰ ਕੇ ਆਪਣੇ ਕੁਕਰਮਾਂ ਦਾ ਨੰਗਾ ਨਾਚ ਕਰ ਰਿਹਾ ਹੈ ਅਤੇ ਕਿਤੇ ਸਿੱਧੀ ਸਰਕਾਰੀ ਅਗਵਾਈ ਵਿਚ 'ਸਲਵਾ ਜੁਡਵਾ' ਬਣ ਕੇ ਲੋਕਾਂ ਦਾ ਨਰਸੰਘਾਰ



ਕਰਨ ਲਈ ਸਾਹਮਣੇ ਆ ਰਿਹਾ ਹੈ। ਪਰ ਇਹ ਵਰਤਾਰਾ ਉਸੇ ਸੰਸਕ੍ਰਿਤੀ ਦੀ ਪੈਦਾਇਸ਼ ਹੈ ਜੋ ਦਲਿਤ ਵਰਗਾਂ ਨੂੰ ਗੁਲਾਮ ਬਣਾਈ ਰੱਖਣ ਲਈ ਹਰ ਕਿਸਮ ਦਾ ਜਾਲ ਬੁਣਦੀ ਆ ਰਹੀ ਹੈ ਅਤੇ ਜੇ ਉਹ ਫਿਰ ਵੀ ਸਿਰ ਉਠਾ ਕੇ ਜੀਣ ਦੀ ਕੋਸ਼ਿਸ਼ ਕਰਨ ਤਾਂ ਜ਼ੁਲਮ-ਸਿਤਮ ਦਾ ਕਹਿਰ ਢਾਹੁੰਦੀ ਰਹੀ ਹੈ, ਬੇਦੋਸ਼ੇ ਖੂਨ ਨਾਲ ਹੱਥ ਰੰਗਦੀ, ਮਨੁੱਖਤਾ ਦੇ ਲਹੂ ਨਾਲ ਹੋਲੀ ਖੇਲ੍ਹਦੀ ਰਹੀ ਹੈ।

ਇਸ ਲਈ ਵਰਤਮਾਨ ਸਟੇਟ ਪਾਵਰ ਅਤੇ ਬ੍ਰਾਹਮਣਵਾਦੀ ਸੰਸਕ੍ਰਿਤੀ ਇਕੋ ਸਿੱਕੇ ਦੇ ਦੋ ਪਹਿਲੂ ਹਨ। ਦੋਨਾਂ ਦਾ ਮਕਸਦ ਲੋਕਾਂ ਦਾ ਮਾਨਸਿਕ-ਸਰੀਰਕ ਸ਼ੋਸ਼ਣ ਕਰਨਾ ਹੈ ਅਤੇ ਦਬਾ ਕੇ ਰੱਖਣਾ ਹੈ। ਇਸ ਲਈ ਜਿੱਥੇ ਜਾਤੀਵਾਦੀ ਪ੍ਰਥਾ ਆਪਣੇ ਆਪ ਵਿਚ ਇਕ ਹਿੰਸਕ ਵਰਤਾਰਾ ਹੈ, ਜੋ ਲੋਕਾਂ ਨੂੰ ਸਦੀਆਂ ਤੋਂ ਆਤੰਕਿਤ ਕਰਦਾ ਆ ਰਿਹਾ ਹੈ, ਉੱਥੇ ਇਹ ਵੀ ਇਕ ਇਤਿਹਾਸਕ ਹਕੀਕਤ ਹੈ ਕਿ ਭਾਰਤੀ ਸਟੇਟ ਪਾਵਰ ਦਾ ਚਰਿੱਤਰ ਵੀ ਹਮੇਸ਼ਾ ਲੋਕ ਵਿਰੋਧੀ ਤੇ ਹਿੰਸਕ ਰਿਹਾ ਹੈ। ਇਸ ਲਈ ਇਹ ਸਟੇਟ ਪਾਵਰ ਹਰ ਉਸ ਸੰਘਰਸ਼ ਨੂੰ ਕੁਚਲਣ ਲਈ ਤਮਾਮ ਸਾਧਨ ਤੇ ਹੱਥਕੰਡੇ ਵਰਤਦੀ ਹੈ, ਜੋ ਵੀ ਇਸ ਦੇ ਸਮਾਜਕ-ਆਰਥਕ ਆਧਾਰ ਅਤੇ ਸੱਤਾ ਸਿਸਟਮ ਦੇ ਖਿਲਾਫ ਜਾਂਦੇ ਹੋਣ ਅਤੇ ਇਸ ਨੂੰ ਬਦਲਣ ਲਈ ਅੱਗੇ ਵਧ ਰਹੇ ਹੋਣ। ਉਹ ਸੰਘਰਸ਼, ਜੋ ਇਸ ਸਿਸਟਮ ਦੀ ਰਾਜਨੀਤਕ ਸੱਤਾ ਲਈ ਚੈਲਿੰਜ ਜਾਂ ਵਿਕਲਪ ਬਣਦੇ ਹੋਣ, ਇਹ ਸਟੇਟ ਪਾਵਰ ਅਤੇ ਇਹਦੀ ਸਮੁੱਚੀ ਬਣਤਰ ਦੇ ਸਾਰੇ ਅੰਗ, ਉਨ੍ਹਾਂ ਨੂੰ ਕੁਚਲਣ ਲਈ ਇਕ ਅਜੇਹਾ ਹਥਿਆਰ ਬਣਦੇ ਹਨ, ਜੋ ਮਿਹਨਤਕਸ਼ ਵਰਗਾਂ ਦੇ ਲਹੂ ਦਾ ਪਿਆਸਾ ਹੈ। ਇਸ ਲਈ ਹਿੰਦੁਸਤਾਨ ਦਾ ਸਮੁੱਚਾ ਇਤਿਹਾਸ, ਉਨ੍ਹਾਂ ਲੱਖਾਂ ਸੂਰਬੀਰ ਯੋਧਿਆਂ ਦੀਆਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ ਜੋ ਇਸ ਸਟੇਟ ਨੇ ਆਪਣੇ ਲੋਹੇ ਦੇ ਦੰਦਾਂ ਥੱਲੇ ਲੈ ਕੇ ਦਰੜ ਦਿੱਤੇ।

ਇਸ ਲਈ ਹਿੰਦੁਸਤਾਨੀ ਸਟੇਟ ਪਾਵਰ ਵੱਲੋਂ ਆਪਣੇ ਹੀ ਲੋਕਾਂ ਦੇ ਵਿਰੁੱਧ ਵਿੱਢੀ ਗਈ ਇਸ ਜੰਗ ਨੂੰ ਸਿਰਫ਼ ਲੋਕ ਜੰਗ ਰਾਹੀਂ ਹੀ ਜਿੱਤਿਆ ਜਾ ਸਕਦਾ ਹੈ। ਪਰ ਇਹ ਲੋਕ-ਜੰਗ ਬੇਹੱਦ ਲੰਮੀ ਅਤੇ ਅਤਿਅੰਤ ਖੂੰਖਾਰ ਹੋ ਸਕਦੀ ਹੈ ਅਤੇ ਇਸ ਜੰਗ ਨੂੰ ਜਿੱਤਣ ਲਈ ਸਾਰੇ ਮਿਹਨਤਕਸ਼ ਵਰਗਾਂ ਦੀ ਏਕਤਾ ਜਿੱਥੇ ਪਹਿਲੀ ਸ਼ਰਤ ਹੈ, ਉੱਥੇ ਹਰ ਪ੍ਰਕਾਰ ਦੇ ਸ਼ੋਸ਼ਣ ਦਮਨ ਦੇ ਵਿਰੁੱਧ ਉਨ੍ਹਾਂ ਦੀ ਚੇਤਨਾ ਦਾ ਵਿਕਾਸ ਵੀ ਲਾਜ਼ਮੀ ਸ਼ਰਤ ਹੈ। ਇਸ ਲਈ ਉਹ ਦਲਿਤ ਚੇਤਨਾ ਜੋ ਜਾਤੀ ਪ੍ਰਥਾ ਦੇ ਖਾਤਮੇ ਨੂੰ ਆਪਣਾ ਪ੍ਰਮੁੱਖ ਨਿਸ਼ਾਨਾ ਮਿੱਥਦੀ ਹੈ ਅਤੇ ਉਹ ਜਮਾਤੀ ਚੇਤਨਾ ਜੋ ਹਰ ਪ੍ਰਕਾਰ ਦੇ ਸ਼ੋਸ਼ਣ ਅਤੇ ਦਮਨ ਨੂੰ ਆਪਣਾ ਨਿਸ਼ਾਨਾ ਮਿੱਥਦੀ ਹੈ; ਇਕ ਦੂਜੇ ਦੇ ਪੂਰਕ ਅਤੇ ਸਹਿਯੋਗੀ ਪਹਿਲੂ ਹਨ, ਇਕ ਦੂਜੇ ਦੇ ਵਿਰੋਧੀ ਵਰਤਾਰੇ ਨਹੀਂ ਅਰਥਾਤ ਦਲਿਤ ਵਰਗਾਂ ਅਤੇ ਹੋਰ ਮਿਹਨਤਕਸ਼ ਵਰਗਾਂ ਦੀ ਸਾਂਝ ਪ੍ਰਮੁੱਖ ਪਹਿਲੂ ਹੈ, ਵਿਰੋਧ ਨਹੀਂ ਕਿਉਂਕਿ ਇਨ੍ਹਾਂ ਦੀ ਸਾਂਝ ਹੀ ਉਹ ਲੋਕ ਚੇਤਨਾ ਪੈਦਾ ਕਰ ਸਕਦੀ ਹੈ ਜਿਸ ਦੀ ਸਮੁੱਚੇ ਮਿਹਨਤਕਸ਼ ਵਰਗਾਂ ਨੂੰ ਅੱਜ ਬੇਹੱਦ ਲੋੜ ਹੈ।

ਇਸ ਸਾਂਝ ਦਾ ਆਧਾਰ ਵੀ ਇਸੇ ਵਿਵਸਥਾ ਵਿਚ ਮੌਜੂਦ ਹੈ ਕਿਉਂਕਿ ਉਹ ਦਲਿਤ ਵਰਗ ਜੋ ਸਮਾਜਕ ਤੌਰ ਤੇ ਸ਼ੋਸ਼ਿਤ-ਪੀੜਤ ਹਨ, ਉਨ੍ਹਾਂ ਦੀ ਵੱਡੀ ਬਹੁ-ਗਿਣਤੀ ਆਰਥਕ ਰੂਪ ਵਿਚ ਵੀ ਸਭ ਤੋਂ ਥੱਲੇ ਦੇ ਪੱਧਰ ਦੀ ਜ਼ਿੰਦਗੀ ਜੀਅ ਰਹੀ ਹੈ। ਇਸ ਲਈ ਉਨ੍ਹਾਂ ਨੂੰ ਜਾਤੀ ਪ੍ਰਥਾ ਤੋਂ ਵੀ ਮੁਕਤੀ ਦੀ ਲੋੜ ਹੈ ਅਤੇ ਗਰੀਬੀ ਤੇ ਬੇਕਾਰੀ ਤੋਂ ਵੀ ਮੁਕਤੀ ਦੀ ਜ਼ਰੂਰਤ ਹੈ। ਇਨ੍ਹਾਂ ਦੋਨਾਂ ਪਹਿਲੂਆਂ ਨੂੰ ਬੇਸ਼ਕ ਅਲੱਗ ਅਲੱਗ ਰੂਪ ਵਿਚ ਸਮਝਿਆ ਵੀ ਜਾ ਸਕਦਾ ਹੈ ਅਤੇ ਅਲੱਗ ਅਲੱਗ ਪ੍ਰੋਗਰਾਮ ਵੀ ਬਣਾਏ ਜਾ ਸਕਦੇ ਹਨ ਪਰ ਜਿੱਥੋਂ ਤੱਕ ਚੇਤਨਾ ਦਾ ਸਵਾਲ ਹੈ ਉਸ ਨੂੰ ਟੁਕੜਿਆਂ ਵਿਚ ਨਹੀਂ ਵੰਡਿਆ ਜਾ ਸਕਦਾ। ਹਰ ਉਹ ਵਿਅਕਤੀ ਜੋ ਆਪਣੀ ਜਾਤੀ ਸਥਿਤੀ ਬਾਰੇ ਸੁਚੇਤ ਹੈ, ਉਸ ਦਾ ਜਮਾਤੀ ਸਥਿਤੀ ਬਾਰੇ ਚੇਤੰਨ ਹੋਣਾ ਵੀ ਲਾਜ਼ਮੀ ਹੈ ਕਿਉਂਕਿ ਤਾਂ ਹੀ ਉਹ ਹਰ ਪ੍ਰਕਾਰ ਦੇ ਸ਼ੋਸ਼ਣ, ਜ਼ੁਲਮ ਅਤੇ ਵਿਤਕਰੇ ਵਿਰੁੱਧ ਸੋਚ ਸਕਦਾ ਹੈ। ਉਸ ਨੂੰ ਆਪਣੀ ਗੁਲਾਮੀ ਦੀਆਂ ਸਾਰੀਆਂ ਜ਼ੰਜ਼ੀਰਾਂ ਤੋੜ ਕੇ ਸੁੱਟਣ ਬਾਰੇ ਸੋਚਣਾ ਪਵੇਗਾ ਅਤੇ ਇਹ ਵੀ ਸਮਝਣਾ ਪਵੇਗਾ ਕਿ ਇਨ੍ਹਾਂ ਜ਼ੰਜ਼ੀਰਾਂ ਦੀ ਜਨਮ-ਦਾਤੀ ਉਹ ਸਮਾਜਕ-ਆਰਥਕ ਵਿਵਸਥਾ ਹੈ ਜੋ ਸਦੀਆਂ ਤੋਂ ਚੱਲਦੀ ਆ ਰਹੀ ਹੈ। ਉਹ ਵਿਵਸਥਾ, ਜੋ ਉਸ ਦੀ ਮਰਜ਼ੀ ਦੇ ਵਿਰੁੱਧ ਉਸ ਉਪਰ ਥੋਪੀ ਗਈ ਹੈ ਅਤੇ ਸਾਰੇ ਗਰੀਬ ਅਤੇ ਮਿਹਨਤਕਸ਼ ਲੋਕਾਂ ਉਪਰ ਥੋਪੀ ਗਈ ਹੈ।

ਇਸ ਲਈ ਉਹ ਵਿਦਵਾਨ ਜਾਂ ਲੀਡਰ, ਜੋ ਇਹ ਸੋਚਦੇ ਹਨ ਕਿ ਜਾਤੀ ਪ੍ਰਥਾ ਖਤਮ ਕੀਤੇ ਬਿਨਾ ਅਜੇਹੇ ਸਜਾਮ ਦਾ ਨਿਰਮਾਣ ਕੀਤਾ ਜਾ ਸਕਦਾ ਹੈ, ਜੋ ਆਰਥਕ ਤੌਰ 'ਤੇ ਖੁਸ਼ਹਾਲ ਹੋਵੇ ਤਾਂ ਉਹ ਗਲਤ ਫਹਿਮੀ ਦਾ ਸ਼ਿਕਾਰ ਹਨ। ਦੂਜੇ ਪਾਸੇ ਕੁਝ ਵਿਦਵਾਨ ਜਾਂ ਲੀਡਰ ਜੇਕਰ ਇਹ ਸੋਚਦੇ ਹਨ ਕਿ ਜਾਤੀ ਪ੍ਰਥਾ ਨੂੰ ਖਤਮ ਕਰਨ ਲਈ ਜਿਸ ਅੰਦੋਲਨ ਦੀ ਲੋੜ ਹੈ, ਉਸ ਦਾ ਜਮਾਤੀ ਘੋਲਾਂ ਨਾਲ ਕੋਈ ਰਿਸ਼ਤਾ ਨਹੀਂ ਹੈ ਤਾਂ ਉਹ ਵੀ ਗਲਤ ਫਹਿਮੀ ਦਾ ਸ਼ਿਕਾਰ ਹਨ ਕਿਉਂਕਿ ਜਮਾਤੀ ਚੇਤਨਾ ਬਿਨਾ ਦਲਿਤ ਚੇਤਨਾ ਅਧੂਰੀ ਹੈ। ਵੈਸੇ ਵੀ ਵਰਤਮਾਨ ਸਮਾਜਕ-ਆਰਥਕ ਵਿਵਸਥਾ ਦੇ ਇਹ ਦੋਵੇਂ ਪਹਿਲੂ ਆਪਸ ਵਿਚ ਇਸ ਤਰ੍ਹਾਂ ਜੁੜੇ ਹੋਏ ਹਨ ਕਿ ਜਦੋਂ ਵੀ ਇਸ ਸਮਾਜਕ ਵਿਵਸਥਾ ਨੂੰ ਕੋਈ ਖਤਰਾ ਪੈਦਾ ਹੁੰਦਾ ਹੈ ਤਾਂ ਇਹ ਆਰਥਕ ਵਿਵਸਥਾ ਵੀ ਡੋਲਦੀ ਹੈ ਅਤੇ ਜੇਕਰ ਆਰਥਕ ਵਿਵਸਥਾ ਦੇ ਵਿਰੁੱਧ ਸੰਘਰਸ਼ ਚੱਲਦਾ ਹੈ ਤਾਂ ਇਹ ਸਮਾਜਕ ਵਿਵਸਥਾ ਵੀ ਲੜਖੜਾਉਂਦੀ ਹੈ। ਅਜੇਹੇ ਮੌਕੇ, ਸਮੁੱਚੀ ਰਾਜਨੀਤਕ ਵਿਵਸਥਾ, ਉਸ ਦਾ ਪ੍ਰਸ਼ਾਸਨ-ਤੰਤਰ ਅਤੇ ਸਟੇਟ ਪਾਵਰ ਆਪਣੇ ਆਧਾਰ ਦੀ ਰੱਖਿਆ ਲਈ ਲਾਮ ਲਸ਼ਕਰ ਲੈ ਕੇ ਲੋਕਾਂ ਦੇ ਵਿਰੁੱਧ ਆ ਖੜੋਂਦੇ ਹਨ।

ਇਸ ਸੰਦਰਭ ਵਿਚ ਮੇਰਾ ਯੂਪੀ ਦੇ ਸਾਮੰਤੀ ਗੜ੍ਹਾਂ ਵਿਚ ਦਲਿਤ ਵਰਗਾਂ ਅੰਦਰ ਲੰਬੇ ਸਮੇਂ ਤੱਕ ਕੰਮ ਕਰਨ ਦਾ ਨਿੱਜੀ ਤਜਰਬਾ ਵੀ ਇਹ ਹੀ ਕਹਿੰਦਾ ਹੈ ਕਿ ਕਿਸੇ ਵੀ ਦੇਹਾਤੀ ਖੇਤਰ ਵਿਚੋਂ ਜਦੋਂ ਵੀ ਕੋਈ ਸਾਮੰਤ ਵਿਰੋਧੀ ਸੰਘਰਸ਼ ਸ਼ੁਰੂ ਹੁੰਦਾ ਹੈ; ਚਾਹੇ ਇਹ ਸਾਮੰਤਾਂ ਦੁਆਰਾ ਜਬਰਦਸਤੀ ਹਥਿਆਈ ਗਈ ਜ਼ਮੀਨ ਉੱਤੇ ਭੂਮੀਹੀਨ ਲੋਕਾਂ ਦਾ ਕਬਜ਼ੇ ਦਾ ਸੰਘਰਸ਼ ਹੋਵੇ ਜਾਂ ਵੱਧ ਮਜ਼ਦੂਰੀ ਲਈ ਖੇਤ ਮਜ਼ਦੂਰਾਂ ਦਾ ਸੰਘਰਸ਼ ਹੋਵੇ ਅਤੇ ਭਾਵੇਂ ਇਹ ਬੰਧੂਆ ਮਜ਼ਦੂਰ ਮੁਕਤੀ ਮੋਰਚਾ ਹੋਵੇ; ਇਸ ਦੀ ਮੁੱਖ ਸ਼ਕਤੀ ਬੇਜ਼ਮੀਨੇ ਕਿਸਾਨ ਅਤੇ ਭੂਮੀਹੀਨ ਖੇਤ ਮਜ਼ਦੂਰ ਅਰਥਾਤ ਦਲਿਤ ਵਰਗ ਹੀ ਬਣਦੇ ਹਨ। ਇਨ੍ਹਾਂ ਸੰਘਰਸ਼ਾਂ ਨੂੰ ਲਾਮਬੰਦ ਕਰਨ ਵਿਚ ਸਭ ਤੋਂ ਵੱਡੀ ਤੇ ਪਹਿਲੀ ਰੁਕਾਵਟ ਵੀ ਸਾਮੰਤੀ ਰੂੜੀਆਂ ਅਤੇ ਬ੍ਰਾਹਮਣਵਾਦੀ ਸੰਸਕ੍ਰਿਤੀ ਹੀ ਬਣਦੀ ਹੈ, ਜੋ ਮਿਹਨਤਕਸ਼ ਲੋਕਾਂ ਨੂੰ ਜਨਮ-ਕਰਮ ਦੇ ਸਿਧਾਂਤ ਦੀ ਜ਼ਹਿਰ ਨਾਲ ਲਾਚਾਰ ਬੇਬਸ ਬਣਾਈ ਰੱਖਦੀ ਹੈ। ਇਹ ਵਿਚਾਰ ਸਭ ਤੋਂ ਪਹਿਲਾਂ ਰਸਤੇ ਦਾ ਰੋੜਾ ਬਣਦਾ ਹੈ ਕਿ ਇਹ ਸਭ ਕੁਝ ਰੱਬ ਦੀ ਰਜ਼ਾ ਨਾਲ ਹੋ ਰਿਹਾ ਹੈ ਕਿਉਂਕਿ ਉਹਦੇ ਹੁਕਮ ਵਗੈਰ ਪੱਤਾ ਵੀ ਨਹੀਂ ਹਿੱਲਦਾ। ਇਸ ਲਈ ਜੋ ਬੰਧੂਆ ਮਜ਼ਦੂਰ ਹੈ, ਉਹ ਆਪਣੇ ਪਿਛਲੇ ਜਨਮਾਂ ਦਾ ਫਲ ਭੋਗ ਰਿਹਾ ਹੈ। ਪਰ ਜਦੋਂ ਇਹ ਲੋਕ ਸੰਘਰਸ਼ ਸਫਲ ਹੁੰਦੇ ਹਨ, ਚਾਹੇ ਇਹ ਸਫਲਤਾ ਤੇ ਇਸਦੀਆਂ ਪ੍ਰਾਪਤੀਆਂ ਆਂਸ਼ਿਕ ਰੂਪ ਵਿਚ ਹੀ ਹਾਸਲ ਕਿਉਂ ਨਾ ਹੋਣ; ਤਾਂ ਸਿਰਫ਼ ਇਹ ਸਾਮੰਤੀ ਸੱਤਾ ਅਤੇ ਚੌਧਰ ਹੀ ਨਹੀਂ ਲੜਖੜਾਉਂਦੀ, ਸਗੋਂ ਇਸ ਬ੍ਰਾਹਮਣਵਾਦੀ ਸੰਸਕ੍ਰਿਤੀ ਦੀਆਂ ਚੂਲਾਂ ਵੀ ਹਿੱਲ ਜਾਂਦੀਆਂ ਹਨ ਅਤੇ ਇਹ ਦੋਵੇਂ ਬੌਖਲਾ ਉਠਦੀਆਂ ਹਨ। ਇਸੇ ਬੌਖਲਾਹਟ ਵਿਚੋਂ ਇਹ 'ਹਿੰਸਾ ... ਹਿੰਸਾ' ਦੀ ਚਿੱਲ-ਪੂੰ ਮਚਾਉਂਦੀਆਂ ਹਨ ਅਤੇ ਸਰਕਾਰੀ ਮਸ਼ੀਨਰੀ ਨਾਲ ਗੰਢ-ਤਰੁੱਪ ਕਰਕੇ ਲੋਕਾਂ ਨੂੰ ਦਮਨ ਰਾਹੀਂ ਦਬਾਉਣ ਜਾਂ ਫਿਰ ਲੋਕਾਂ ਨਾਲ ਲੜਾਉਣ ਦੀ ਕੋਈ ਯੁਗਤ ਲੱਭ ਲੈਂਦੇ ਹਨ। ਪਰ ਸਥਿਤੀ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਇਨ੍ਹਾਂ ਕੋਲ ਬੇਹੱਦ ਸ਼ਕਤੀਸ਼ਾਲੀ ਮਾਸ-ਮੀਡੀਆ ਹੈ, ਜਿਸ ਦੀ ਮਦਦ ਨਾਲ ਇਹ ਸੰਘਰਸ਼ ਕਰਦੇ ਲੋਕਾਂ ਬਾਰੇ ਇੰਨਾ ਦੁਸ਼ਟ ਪ੍ਰਚਾਰ ਕਰਦੇ ਹਨ ਕਿ ਉਨ੍ਹਾਂ ਨੂੰ ਸਮਾਜ ਵਿਰੋਧੀ ਅਨਸਰ ਕਹਿਣ ਤੱਕ ਜਾਂਦੇ ਹਨ। ਅੱਤਵਾਦੀ, ਹਿੰਸਾਵਾਦੀ, ਆਤੰਕਵਾਦੀ, ਉਪੱਦਰਵੀ, ਆਦਿ ਵਿਸ਼ੇਸ਼ਣ ਤਾਂ ਇਹ ਹਰ ਖਬਰ, ਹਰ ਤਬਸਰੇ ਵਿਚ ਇੰਜ ਵਰਤਦੇ ਹਨ ਕਿ ਆਮ ਲੋਕਾਂ ਦੇ ਦਿਲੋ-ਦਿਮਾਗ ਵਿਚ ਅਜੇਹਾ ਭੰਬਲ ਭੂਸਾ ਭਰ ਦਿੰਦੇ ਹਨ ਕਿ ਉਹ ਸੰਘਰਸ਼ ਕਰਦੇ ਲੋਕਾਂ ਨੂੰ ਬੁਰਾ ਸਮਝਣ ਲੱਗ ਜਾਂਦੇ ਹਨ। ਜੇ ਇਹ ਛੜਯੰਤਰ ਵੀ ਨਾ ਚੱਲੇ ਤਾਂ ਜਾਤੀਵਾਦ ਜਾਂ ਫਿਰਕਾਪ੍ਰਸਤੀ ਫੈਲਾ ਕੇ ਦੰਗੇ ਕਰਵਾ ਦਿੰਦੇ ਹਨ ਅਤੇ ਚੱਲ ਰਿਹਾ ਅੰਦੋਲਨ ਠੱਪ ਹੋ ਜਾਂਦਾ ਹੈ। ਇਸ ਲਈ ਇਹ ਹਾਕਮ ਵਰਗ ਲੋਕਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਚੱਲ ਰਹੇ ਜੁਝਾਰੂ ਸੰਘਰਸ਼ਾਂ ਨੂੰ ਕੁਚਲਣ ਜਾਂ ਗੁੰਮਰਾਹ ਕਰਨ ਵਿਚ ਅਕਸਰ ਸਫਲ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਕੋਲ ਜਾਤ-ਪਾਤ, ਧਰਮ, ਭਾਸ਼ਾ, ਇਲਾਕਾ, ਕਬੀਲੇ ਆਦਿ ਅਨੇਕ ਵੰਡੀਆਂ ਦਾ ਅਜੇਹਾ ਸਮਾਜਕ ਆਧਾਰ ਮੌਜੂਦ ਹੈ ਜਿਸ ਦਾ ਦੁਰਉਪਯੋਗ ਕਰਨਾ ਇਨ੍ਹਾਂ ਹੁਕਮਰਾਨਾਂ ਦੀ ਇਕ ਕੁਸ਼ਲ ਨੀਤੀ ਬਣ ਚੁੱਕੀ ਹੈ।



ਇਸ ਲਈ ਮਿਹਨਤਕਸ਼ ਵਰਗਾਂ ਦੀਆਂ ਆਪਸੀ ਵੰਡੀਆਂ ਖਤਮ ਕਰਨ ਲਈ ਲੋੜੀਂਦਾ ਪ੍ਰੋਗਰਾਮ ਤੈਅ ਕਰਨਾ ਹਰ ਲੋਕ-ਪੱਖੀ ਵਿਚਾਰਧਾਰਾ ਲਈ ਇਕ ਵੱਡੀ ਸਮੱਸਿਆ ਹੈ ਅਰਥਾਤ ਦਲਿਤ ਚੇਤਨਾ ਅਤੇ ਜਮਾਤੀ ਚੇਤਨਾ ਦਾ ਆਪਸੀ ਸੁਮੇਲ ਕਿੰਜ ਕੀਤਾ ਜਾਏ, ਇਕ ਅਜੇਹੀ ਅਣਸੁਲਝੀ ਵਿਚਾਰਧਾਰਕ ਅਤੇ ਪ੍ਰੋਗਰਾਮਿਕ ਸਮੱਸਿਆ ਹੈ, ਜਿਸ ਨੂੰ ਨਜ਼ਰਅੰਦਾਜ਼ ਕਰ ਕੇ ਨਾ ਤਾਂ ਦਲਿਤ ਮੁਕਤੀ ਅੰਦੋਲਨ ਸਹੀ ਦਿਸ਼ਾ ਵਿਚ ਅੱਗੇ ਵੱਧ ਸਕਦਾ ਹੈ ਅਤੇ ਨਾ ਹੀ ਜਮਾਤੀ ਅੰਦੋਲਨ ਆਪਣੇ ਮੂਲ ਆਧਾਰ ਅਰਥਾਤ ਪ੍ਰਮੁੱਖ ਸ਼ਕਤੀ ਨਾਲ ਜੁੜ ਸਕਦਾ ਹੈ। ਇਸ ਲਈ ਦਲਿਤ ਚੇਤਨਾ ਅਤੇ ਜਮਾਤੀ ਚੇਤਨਾ ਵਿਚਕਾਰ ਜੋ ਅੰਤਰ-ਵਿਰੋਧ ਵੀ ਮੌਜੂਦ ਹਨ, ਉਨ੍ਹਾਂ ਨੂੰ ਵੀ ਇਸੇ ਦਿਸ਼ਾ ਵਿਚ ਸਮਝਣ ਅਤੇ ਹੱਲ ਕਰਨ ਦੀ ਲੋੜ ਹੈ ਤਾਂ ਜੋ ਤਮਾਮ ਲੋਕ-ਪੱਖੀ, ਦਲਿਤ-ਪੱਖੀ ਸੰਗਠਨਾਂ ਅਤੇ ਜਥੇਬੰਦੀਆਂ ਦਾ ਇਕ ਵਿਆਪਕ ਸਾਂਝਾ ਮੋਰਚਾ ਉਸਾਰ ਕੇ ਇਸ ਵਿਵਸਥਾ ਨੂੰ ਬਦਲਣ ਲਈ ਅੱਗੇ ਵਧਿਆ ਜਾ ਸਕੇ। ਇਸ ਲਈ ਨਾ ਸਿਰਫ਼ ਦਲਿਤ ਅੰਦੋਲਨ ਨੂੰ ਜਮਾਤੀ ਅੰਦੋਲਨ ਪ੍ਰਤੀ ਸਮਰਥਕ ਅਤੇ ਹਾਂ-ਪੱਖੀ ਦ੍ਰਿਸ਼ਟੀਕੋਣ ਅਪਣਾਉਣ ਦੀ ਲੋੜ ਹੈ, ਸਗੋਂ ਜਮਾਤੀ ਅੰਦੋਲਨ ਨੂੰ ਵੀ ਦਲਿਤ ਅੰਦੋਲਨ ਪ੍ਰਤੀ ਸਾਕਾਰਾਤਮਕ ਅਤੇ ਹਾਂ-ਪੱਖੀ ਰੁੱਖ ਦੀ ਲੋੜ ਹੈ ਕਿਉਂਕਿ ਸਾਰੇ ਮਿਹਨਤਕਸ਼ ਵਰਗਾਂ ਦੀ ਸੰਗਰਾਮੀ ਏਕਤਾ ਅੱਜ ਦੇ ਸਮੇਂ ਦੀ ਪ੍ਰਮੁੱਖ ਲੋੜ ਹੈ। ਇਸੇ ਪਹੁੰਚ ਵਿਚੋਂ ਉਹ ਲੋਕ ਚੇਤਨਾ ਪੈਦਾ ਹੋ ਸਕਦੀ ਹੈ, ਜੋ ਵਰਤਮਾਨ ਵਿਵਸਥਾ ਨੂੰ ਬਦਲਣ ਲਈ ਜ਼ਰੂਰੀ ਹੈ।

ਇਸ ਲਈ ਉਹ ਲੋਕ ਜੋ ਇਹ ਸਮਝ ਰੱਖਦੇ ਹਨ ਕਿ ਦਲਿਤ ਅੰਦੋਲਨ ਦੀ ਦਿਸ਼ਾ ਸਾਰੇ ਮਿਹਨਤਕਸ਼ ਵਰਗਾਂ ਨੂੰ ਇਕ-ਜੁੱਟ ਕਰਨ ਦੀ ਹੋਣੀ ਚਾਹੀਦੀ ਹੈ; ਉਹੀ ਲੋਕ ਦਲਿਤ ਵਿਚਾਰਧਾਰਾ ਦੇ ਵਿਕਾਸ ਵਿਚ ਸਹੀ ਯੋਗਦਾਨ ਪਾ ਸਕਦੇ ਹਨ। ਇਸ ਪ੍ਰਸੰਗ ਅਤੇ ਦਿਸ਼ਾ ਵਿਚ ਸੋਚਣ ਵਾਲੇ ਅੰਬੇਦਕਰਵਾਦੀ ਵਿਦਵਾਨ ਵੀ ਸਮੁੱਚੀ ਦਲਿਤ ਲਹਿਰ ਦੇ ਚੌਤਰਫੇ ਵਿਕਾਸ ਵਿਚ ਸਹਾਇਕ ਹੋ ਸਕਦੇ ਹਨ ਅਤੇ ਅੰਬੇਦਕਰਵਾਦ ਨੂੰ ਇਕ ਹੋਰ ਜਾਤੀਵਾਦੀ ਵਿਚਾਰਧਾਰਾ ਬਣਨ ਤੋਂ ਰੋਕ ਸਕਦੇ ਹਨ। ਇਸ ਲਈ ਡਾ. ਅੰਬੇਦਕਰ ਦੇ ਨਾਂ ਉਤੇ ਆਧਾਰਿਤ ਉਹ ਪਾਰਟੀਆਂ ਅਤੇ ਸੰਗਠਨ, ਜੋ ਦਲਿਤ ਚੇਤਨਾ ਨੂੰ ਦਲਿਤ ਵਰਗਾਂ ਦੇ ਜਮਾਤੀ ਹਿੱਤਾਂ ਤੋਂ ਉਪਰ ਜਾਂ ਇਸ ਦੇ ਵਿਰੁੱਧ ਸਮਝਦੇ ਹਨ; ਉਹ ਦਲਿਤ ਵਰਗਾਂ ਦੇ ਸਹੀ ਪ੍ਰਤੀਨਿੱਧੀ ਨਹੀਂ ਹੋ ਸਕਦੇ। ਉਹ ਲੋਕ ਵੀ ਦਲਿਤ ਲਹਿਰ ਦੇ ਹਿੱਤਕਾਰੀ ਨਹੀਂ ਹੋ ਸਕਦੇ, ਜੋ ਦਲਿਤ ਲਹਿਰ ਨੂੰ ਕਬਾਇਲੀ ਜਾਂ ਦੂਜੇ ਮਿਹਨਤਕਸ਼ ਵਰਗਾਂ ਦੇ ਸੰਘਰਸ਼ਾਂ ਦੇ ਸਾਮਾਨੰਤਰ ਸਮਝਦੇ ਹਨ ਅਤੇ ਇਨ੍ਹਾਂ ਸੰਘਰਸ਼ਾਂ ਦਾ ਵਿਰੋਧ ਕਰਨ ਤੱਕ ਚਲੇ ਜਾਂਦੇ ਹਨ। ਇਸ ਲਈ ਦਲਿਤ ਸਵਾਲ ਮਹਿਜ਼ ਡਾ. ਅੰਬੇਦਕਰ ਦੀਆਂ ਟੂਕਾਂ ਵਰਤਣ ਨਾਲ ਹੱਲ ਨਹੀਂ ਹੋ ਸਕਦਾ, ਸਗੋਂ ਅੱਜ ਦੇ ਪ੍ਰਸੰਗ ਵਿਚ ਅਤੇ ਵਰਤਮਾਨ ਰਾਸ਼ਟਰੀ ਅੰਤਰ-ਰਾਸ਼ਟਰੀ ਪ੍ਰਸਥਿਤੀਆਂ ਅਨੁਸਾਰ ਅੰਬੇਦਕਰਵਾਦੀ ਵਿਚਾਰਧਾਰਾ ਵਿਚ ਵਿਕਾਸ ਦੀ ਲੋੜ ਹੈ ਤਾਂ ਜੋ ਇਹ ਦਲਿਤ ਅੰਦੋਲਨ ਲਈ ਹੀ ਨਹੀਂ, ਸਮੁੱਚੇ ਮਿਹਨਤਕਸ਼ ਵਰਗਾਂ ਦੇ ਹਿੱਤਾਂ ਦੇ ਅਨੁਕੂਲ ਸਿਧਾਂਤ ਬਣ ਸਕੇ।

ਅੱਜ ਜਦੋਂ 'ਕਾਰਪੋਰੇਟ ਵਿਸ਼ਵੀਕਰਨ' ਅਤੇ ਨਵ-ਬਸਤੀਵਾਦ ਪੂਰੀ ਦੁਨੀਆ ਦੇ ਲੋਕਾਂ ਲਈ ਇਕ ਪ੍ਰਮੁੱਖ ਖਤਰਾ ਬਣ ਚੁੱਕਾ ਹੈ ਅਤੇ ਉਪਭੋਗਤਾਵਾਦੀ ਸਭਿਆਚਾਰ ਨਵੀਆਂ ਪੀੜ੍ਹੀਆਂ ਨੂੰ ਸਮਾਜਕ ਸਰੋਕਾਰਾਂ ਤੋਂ ਸੱਖਣੇ ਅਤੇ ਵਾਂਝੇ ਕਰਨ ਲਈ ਇਕ ਵੱਡਾ ਹਮਲਾ ਕਰ ਰਿਹਾ ਹੈ, ਵਿਸ਼ਵ ਪੱਧਰ ਉੱਤੇ ਸੋਚਣ ਦੀ ਲੋੜ ਹੈ ਅਤੇ ਉਨ੍ਹਾਂ ਤਮਾਮ ਸ਼ਕਤੀਆਂ ਦੀ ਨਿਸ਼ਾਨਦੇਹੀ ਕਰਨ ਦੀ ਲੋੜ ਹੈ ਜੋ ਇਸ ਖੂੰਖਾਰ ਵਰਤਾਰੇ ਵਿਰੁੱਧ ਜੂਝ ਰਹੀਆਂ ਹਨ। ਇਹ ਦਲਿਤ ਮੁਕਤੀ ਅੰਦੋਲਨ ਹੋਵੇ, ਜਮਾਤੀ ਇਨਕਲਾਬੀ ਅੰਦੋਲਨ ਜਾਂ ਕੋਈ ਵੀ ਹੋਰ ਲੋਕ-ਪੱਖੀ ਜਨ-ਅੰਦੋਲਨ; ਇਨ੍ਹਾਂ ਸਵਾਲਾਂ ਤੋਂ ਪਾਸਾ ਵੱਟ ਕੇ ਅੱਗੇ ਨਹੀਂ ਵਧ ਸਕਦਾ। ਇਸ ਲਈ ਦੁਨੀਆ ਭਰ ਦੇ ਮਿਹਨਤਕਸ਼ ਲੋਕਾਂ ਦੇ ਪੱਖ ਵਿਚ ਖੜ੍ਹੇ ਹੋ ਕੇ ਹੀ ਸਹੀ ਧਾਰਨਾਵਾਂ, ਸੰਕਲਪਾਂ ਅਤੇ ਨੀਤੀਆਂ ਨੂੰ ਨਿਰਧਾਰਿਤ ਕੀਤਾ ਜਾ ਸਕਦਾ ਹੈ ਅਤੇ ਅਮਲ ਦੀ ਕਸਵੱਟੀ 'ਤੇ ਖਰਾ ਉਤਰਨ ਤੋਂ ਬਾਅਦ ਹੀ ਵਿਚਾਰਧਾਰਕ ਵਿਕਾਸ ਕੀਤਾ ਜਾ ਸਕਦਾ ਹੈ।

ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਹਰੇਕ ਲੋਕ-ਪੱਖੀ ਵਿਚਾਰਧਾਰਾ ਆਪਣੇ ਨਿਰੰਤਰ ਵਿਕਾਸ ਰਾਹੀਂ ਹੀ ਜ਼ਿੰਦਾ ਰਹਿ ਸਕਦੀ ਹੈ। ਨਿਰੰਤਰ ਬਦਲਦੀਆਂ ਪ੍ਰਸਥਿਤੀਆਂ ਅਤੇ ਠੋਸ ਹਾਲਤਾਂ ਅਨੁਸਾਰ ਵਿਚਾਰਧਾਰਕ, ਸਿਧਾਂਤਕ ਅਤੇ ਪ੍ਰੋਗਰਾਮਿਕ ਪਹਿਲੂਆਂ ਨੂੰ ਵਿਕਸਿਤ ਅਤੇ ਸੂਤਰਵੱਧ ਕਰਨਾ

ਲਾਜ਼ਮੀ ਹੁੰਦਾ ਹੈ ਕਿਉਂਕਿ ਠੋਸ ਅਮਲ ਰਾਹੀਂ ਹੀ ਵਿਚਾਰਧਾਰਾ ਆਪਣਾ ਬਣਦਾ ਰੋਲ ਅਦਾ ਕਰ ਸਕਦੀ ਹੈ। ਇਸ ਲਈ ਨਾ ਤਾਂ ਕਿਸੇ ਦੂਜੇ ਦੇਸ਼ ਦੇ ਕਰਾਂਤੀਕਾਰੀ ਅੰਦੋਲਨ ਦੀ ਨਕਲ ਮਾਰ ਕੇ ਆਪਣੀ ਕਰਾਂਤੀ ਦਾ ਮਾਰਗਦਰਸ਼ਨ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਦੂਜੇ ਦੇਸ਼ ਦੇ ਸਮਾਜਕ-ਆਰਥਰ ਢਾਂਚੇ ਅਨੁਸਾਰ ਕਰਾਂਤੀਕਾਰੀ ਅੰਦੋਲਨ ਦੇ ਦੋਸਤ ਤੇ ਦੁਸ਼ਮਣ ਜਾਂ ਰਣਨੀਤਕ ਤੇ ਕਾਰਜਨੀਤਕ ਮਸਲੇ ਤੈਅ ਕੀਤੇ ਜਾ ਸਕਦੇ ਹਨ। ਬੇਸ਼ਕ ਦੂਜੇ ਦੇਸ਼ਾਂ ਦੀਆਂ ਕਰਾਂਤੀਆਂ ਦੇ ਇਤਿਹਾਸ ਤੋਂ ਸਿੱਖਿਆ ਜ਼ਰੂਰ ਜਾ ਸਕਦਾ ਹੈ ਪਰ ਆਪਣੇ ਹੀ ਦੇਸ਼ ਦੇ ਇਤਿਹਾਸ ਦੀ ਸਹੀ ਸਮਝ ਬਿਨਾ ਕਰਾਂਤੀਕਾਰੀ ਅੰਦੋਲਨ ਦੀ ਸਹੀ ਅਗਵਾਈ ਨਹੀਂ ਕੀਤੀ ਜਾ ਸਕਦੀ। ਦਰਅਸਲ, ਇਸ ਇਤਿਹਾਸ ਵਿਚ ਹੀ ਉਹ ਲੋਕ-ਪੱਖੀ ਸਿਧਾਂਤ ਅਤੇ ਸੰਕਲਪ ਸਮਾਏ ਹੋਏ ਹੁੰਦੇ ਹਨ, ਜਿਨ੍ਹਾਂ ਨੇ ਸਮੇਂ ਤੇ ਸਥਿਤੀ ਅਨੁਸਾਰ ਵਿਕਸਿਤ ਹੋ ਕੇ ਲੋਕ-ਪੱਖੀ ਵਿਚਾਰਧਾਰਾ ਦਾ ਰੂਪ ਲੈਣਾ ਹੁੰਦਾ ਹੈ। ਪਰ ਇਸ ਸੰਦਰਭ ਵਿਚ ਵਿਚਾਰਧਾਰਕ ਪੱਖੋਂ ਮੁੱਖ ਘਾਟ ਇਹ ਰਹੀ ਹੈ ਕਿ ਹਿੰਦੁਸਤਾਨ ਦੇ ਆਪਣੇ ਇਤਿਹਾਸ ਦਾ ਵਿਗਿਆਨਕ ਵਿਸ਼ਲੇਸ਼ਣ ਅਤੇ ਹਿੰਦੁਸਤਾਨੀ ਲੋਕ-ਪੱਖੀ ਵਿਚਾਰਧਾਰਾਵਾਂ ਦਾ ਸਹੀ ਅਧਿਐਨ ਨਹੀਂ ਕੀਤਾ ਜਾ ਸਕਿਆ। ਇਨ੍ਹਾਂ ਵਿਚਾਰਧਾਰਾਵਾਂ ਦੇ ਚੰਗੇ ਮਾੜੇ ਪਹਿਲੂਆਂ, ਸੰਕਲਪਾਂ, ਧਾਰਨਾਵਾਂ, ਆਦਿ ਦਾ ਵਿਸ਼ਲੇਸ਼ਣ ਕਰਕੇ ਅਤੇ ਇਨ੍ਹਾਂ ਦਾ ਵਿਹਾਰਕ ਅੰਦੋਲਨ ਨਾਲ ਆਤਮਸਾਤ ਕਰ ਕੇ ਮਾਰਕਸਵਾਦੀ ਵਿਚਾਰਧਾਰਾ ਦਾ ਵਿਕਾਸ ਹਿੰਦੁਸਤਾਨੀ ਠੋਸ ਹਾਲਤਾਂ ਅਨੁਸਾਰ ਨਹੀਂ ਕੀਤਾ ਜਾ ਸਕਿਆ। ਇਸ ਲਈ ਮਾਰਕਸਵਾਦੀ ਵਿਚਾਰਧਾਰਾ ਵਿਗਿਆਨਕ ਅਤੇ ਲੋਕ-ਪੱਖੀ ਕਰਾਂਤੀਕਾਰੀ ਵਿਚਾਰਧਾਰਾ ਹੋਣ ਦੇ ਬਾਵਜੂਦ ਇਕ ਓਪਰੀ ਸ਼ੈਅ ਬਣੀ ਰਹੀ ਹੈ ਅਤੇ ਹਾਲੇ ਤੱਕ ਵੀ ਕਾਫੀ ਹੱਦ ਤੱਕ ਬਣੀ ਹੋਈ ਹੈ।

ਪਰ ਇਸ ਦੇ ਮਾਅਨੇ ਇਹ ਨਹੀਂ ਨਿਕਲਦੇ ਕਿ ਇਹ ਵਿਕਾਸ ਸੰਭਵ ਨਹੀਂ ਹੈ। ਇਹ ਸੰਭਵ ਹੈ ਅਤੇ ਇਸ ਦਾ ਵਿਕਾਸ ਸੰਘਰਸ਼ ਖੇਤਰਾਂ ਵਿਚ ਹੋ ਵੀ ਰਿਹਾ ਹੈ। ਇਸ ਤੋਂ ਇਲਾਵਾ ਦੁਨੀਆ ਭਰ ਦੇ ਮਾਰਕਸਵਾਦੀ ਚਿੰਤਕ ਅਤੇ ਵਿਦਵਾਨ ਵੀ ਇਸ ਕੰਮ ਵਿਚ ਜੁੱਟੇ ਹੋਏ ਹਨ ਅਤੇ ਕਈ ਦੇਸ਼ਾਂ ਵਿਚ ਮਾਰਕਸਵਾਦੀ ਵਿਚਾਰਧਾਰਾ ਨੂੰ ਬਦਲੀਆਂ ਵਿਸ਼ਵ ਪ੍ਰਸਿਥੀਆਂ ਅਨੁਸਾਰ ਲਾਗੂ ਕਰਨ ਅਤੇ ਇਸ ਦਾ ਵਿਕਾਸ ਕਰਨ ਦੇ ਠੋਸ ਤਜਰਬੇ ਹੋ ਰਹੇ ਹਨ। ਇਸ ਲਈ ਇਸ ਦੀ ਪੂਰੀ ਸੰਭਾਵਨਾ ਮੌਜੂਦ ਹੈ ਕਿ ਹਿੰਦੁਸਤਾਨੀ ਕਮਿਊਨਿਸਟ ਲਹਿਰ ਵੀ ਆਪਣੇ ਦੇਸ਼ ਦੀਆਂ ਠੋਸ ਪ੍ਰਸਥਿਤੀਆਂ ਅਨੁਸਾਰ ਉਹ ਰਣਨੀਤਕ ਤੇ ਕਾਰਜਨੀਤਕ ਰਾਜਨੀਤਕ ਲਾਈਨ ਵਿਕਸਿਤ ਕਰਨ ਵਿਚ ਸਫਲ ਹੋ ਜਾਵੇ, ਜਿਸ ਦੇ ਆਧਾਰ ਤੇ ਤਮਾਮ ਮਿਹਨਤਕਸ਼ ਵਰਗਾਂ ਦਾ ਇਕ ਸਾਂਝਾ ਮੋਰਚਾ ਹੋਂਦ ਵਿਚ ਆ ਸਕੇ। ਇਸ ਦ੍ਰਿਸ਼ਟੀਕੋਣ ਤੋਂ ਸੋਚਦਿਆਂ, ਕਮਿਊਨਿਸਟ ਇਨਕਲਾਬੀ ਲਹਿਰ ਸੰਕੀਰਣ ਧਾਰਨਾਵਾਂ ਦਾ ਤਿਆਗ ਕਰਨ ਲਈ ਜੂਝ ਰਹੀ ਹੈ ਅਤੇ ਦਲਿਤ ਲਹਿਰ ਨਾਲ ਇਕ-ਜੁੱਟਤਾ ਲਈ ਤਾਂਘ ਰਹੀ ਹੈ। ਪਰ ਇਸ ਪ੍ਰਕਾਰ ਦੀ ਇਕ-ਜੁੱਟਤਾ ਦਾ ਵਿਚਾਰਧਾਰਕ ਆਧਾਰ ਕੀ ਹੋਵੇਗਾ? ਸਵਾਲ, ਸੁਲਝਣ ਵਿਚ ਹਾਲੇ ਵਕਤ ਲੱਗ ਸਕਦਾ ਹੈ ਕਿਉਂਕਿ ਕਈ ਲੋਕ ਮਾਰਕਸਵਾਦੀ ਵਿਚਾਰਧਾਰਾ ਤੇ ਅੰਬੇਦਕਰਵਾਦੀ ਵਿਚਾਰਧਾਰਾ ਦੇ ਸੁਮੇਲ ਰਾਹੀਂ ਇਕ ਨਵੀਂ ਵਿਚਾਰਧਾਰਾ ਵਿਕਸਿਤ ਕਰਨ ਦੀ ਦਿਸ਼ਾ ਵਿਚ ਸੋਚ ਰਹੇ ਹਨ, ਜਦਕਿ ਕਈ ਅੰਬੇਦਕਰਵਾਦੀ ਵਿਚਾਰਧਾਰਾ ਨੂੰ ਹੀ ਦਲਿਤ ਵਰਗਾਂ ਦੀ ਇਕੋ ਇਕ ਮਾਰਗ-ਦਰਸ਼ਕ ਵਿਚਾਰਧਾਰਾ ਮੰਨ ਰਹੇ ਹਨ। ਜਦੋਂ ਕਿ ਵਿਸ਼ਵ ਪੱਧਰ ਤੇ ਹਾਲੇ ਤੱਕ ਕਿਸੇ ਅਜੇਹੀ ਲੋਕ-ਪੱਖੀ ਨਵੀਂ ਵਿਚਾਰਧਾਰਾ ਦਾ ਜਨਮ ਨਹੀਂ ਹੋ ਸਕਿਆ ਹੈ, ਜੋ ਮਾਰਕਸਵਾਦ ਦੀ ਥਾਂ ਲੈ ਸਕੇ ਅਤੇ ਵਿਸ਼ਵ ਸਰਵਹਾਰਾ ਇਨਕਲਾਬ ਦੀ ਮਾਰਗ-ਦਰਸ਼ਕ ਵਿਚਾਰਧਾਰਾ ਬਣ ਸਕੇ।

ਇਸ ਲਈ ਮਾਰਕਸਵਾਦੀ ਵਿਚਾਰਧਾਰਾ ਦੇ ਵਿਕਾਸ ਦੀ ਉਮੀਦ ਨੂੰ ਆਧਾਰ ਬਣਾ ਕੇ ਹੀ ਅੱਗੇ ਵਧਿਆ ਜਾ ਸਕਦਾ ਹੈ ਅਤੇ ਹੋਰ ਲੋਕ-ਪੱਖੀ ਤੇ ਦਲਿਤ-ਪੱਖੀ ਵਿਚਾਰਧਾਰਾਵਾਂ ਦੇ ਚੰਗੇ ਸੰਕਲਪਾਂ ਨੂੰ ਦੇਸ਼ ਦੀਆਂ ਠੋਸ ਪ੍ਰਸਥਿਤੀਆਂ ਅਨੁਸਾਰ ਇਸੇ ਵਿਚਾਰਧਾਰਾ ਦੇ ਅੰਦਰ ਸਮੋਇਆ ਤੇ ਆਤਮਸਾਤ ਕੀਤਾ ਜਾ ਸਕਦਾ ਹੈ। ਇਸ ਸੰਦਰਭ ਵਿਚ ਦਲਿਤ ਲਹਿਰ ਨੂੰ ਵੀ ਸੰਕੀਰਣ ਦ੍ਰਿਸ਼ਟੀਕੋਣ ਤੋਂ ਬਚਣ ਦੀ ਲੋੜ ਹੈ ਕਿਉਂਕਿ ਮਾਰਕਸਵਾਦੀ ਵਿਚਾਰਧਾਰਾ ਦੀ ਥਾਂ ਅੰਬੇਦਕਰਵਾਦ ਨਹੀਂ ਲੈ ਸਕਦਾ। ਇਸ ਦਾ ਉਹ ਸਮੱਗਰ ਵਿਚਾਰਧਾਰਕ ਵਿਕਾਸ ਹਾਲੇ ਤੱਕ ਸੰਭਵ ਨਹੀਂ ਹੋ ਸਕਿਆ ਹੈ ਕਿ ਸਮੂਹ ਮਿਹਨਤਕਸ਼ ਲੋਕਾਂ ਦੀ ਮੁਕਤੀ ਲਈ ਮਾਰਗ-ਦਰਸ਼ਕ ਵਿਚਾਰਧਾਰਾ ਬਣ ਸਕੇ। ਇਸ ਲਈ ਤਮਾਮ ਲੋਕ-ਪੱਖੀ ਅਤੇ ਦਲਿਤ-ਪੱਖੀ



ਵਿਚਾਰਧਾਰਾਵਾਂ ਅਤੇ ਲੋਕ-ਲਹਿਰਾਂ ਨੂੰ ਇਕ ਦੂਜੇ ਤੋਂ ਸਿੱਖ ਕੇ ਇਕ ਸਾਂਝਾ ਪ੍ਰੋਗਰਾਮ ਤੈਅ ਕਰਨ ਦੀ ਦਿਸ਼ਾ ਵਿਚ ਅੱਗੇ ਵੱਧਣ ਦੀ ਲੋੜ ਹੈ। ਇਸ ਨਾਲ, ਇਕ ਤਾਂ ਇਸ ਸਮੇਂ ਚੱਲ ਰਹੇ ਇਨਕਲਾਬੀ ਅੰਦੋਲਨ ਨੂੰ ਅਲੱਗ ਥਲੱਗ ਹੋਣ ਤੇ ਕੁਚਲੇ ਜਾਣ ਤੋਂ ਬਚਾਇਆ ਜਾ ਸਕਦਾ ਹੈ ਅਤੇ ਦੂਜਾ, ਦਲਿਤ ਲਹਿਰ ਨੂੰ ਵੀ ਜਾਤੀਵਾਦ ਵਿਰੋਧੀ ਅੰਦੋਲਨ ਦੀ ਦਿਸ਼ਾ ਵਿਚ ਅੱਗੇ ਵਧਾਇਆ ਜਾ ਸਕਦਾ ਹੈ। * *

## ਕੀ ਮਾਰਕਸਵਾਦ ਅਤੇ ਅੰਬੇਦਕਰਵਾਦ ਦਾ ਸੁਮੇਲ ਸੰਭਵ ਹੈ?

ਉਹ ਵਿਦਵਾਨ ਜੋ ਅੰਬੇਦਕਰਵਾਦ ਅਤੇ ਮਾਰਕਸਵਾਦ ਦੇ ਸੁਮੇਲ ਰਾਹੀਂ ਨਵੀਂ ਵਿਚਾਰਧਾਰਾ ਵਿਕਸਿਤ ਕਰਨ ਦੀ ਗੱਲ ਕਰ ਰਹੇ ਹਨ, ਉਨ੍ਹਾਂ ਦਾ ਮੰਤਵ ਇਹ ਹੀ ਲੱਗਦਾ ਹੈ ਕਿ ਇਕ ਅਜੇਹਾ ਵਿਚਾਰਧਾਰਕ ਆਧਾਰ ਤਲਾਸ਼ਿਆ ਜਾਵੇ, ਜੋ ਸਮੁੱਚੇ ਦਲਿਤ ਅੰਦੋਲਨ ਅਤੇ ਜਮਾਤੀ ਅੰਦੋਲਨ ਨੂੰ ਸਹੀ ਦਿਸ਼ਾ ਪ੍ਰਦਾਨ ਕਰ ਸਕੇ। ਇਸ ਲਈ ਇਹ ਵਿਦਵਾਨ ਜਮਾਤੀ ਸੰਘਰਸ਼ ਅਤੇ ਦਲਿਤ ਅੰਦੋਲਨ ਦੋਨਾਂ ਦੇ ਹੀ ਹਿਤੈਸ਼ੀ ਲੱਗਦੇ ਹਨ ਅਤੇ ਹਰ ਪ੍ਰਕਾਰ ਦੇ ਜਾਤੀ ਤੇ ਜਮਾਤੀ ਸ਼ੋਸ਼ਣ, ਪੀੜਨ ਤੇ ਵਿਤਕਰੇ ਤੋਂ ਮੁਕਤੀ ਲਈ ਸੰਘਰਸ਼ ਦਾ ਸਮਰਥਨ ਕਰਦੇ ਹਨ। ਪਰ ਜਮਾਤੀ ਸੰਘਰਸ਼ਾਂ ਦੇ ਮਾਰਗ-ਦਰਸ਼ਨ ਲਈ ਮਾਰਕਸਵਾਦ ਨੂੰ ਸਹੀ ਵਿਚਾਰਧਾਰਾ ਮੰਨਦੇ ਹਨ ਅਤੇ ਦਲਿਤ ਅੰਦੋਲਨ ਦੇ ਮਾਰਗ-ਦਰਸ਼ਨ ਲਈ ਅੰਬੇਦਕਰਵਾਦ ਨੂੰ ਵੱਧ ਉਚਿਤ ਸਮਝਦੇ ਹਨ।

ਇਹ ਸੁਮੇਲਵਾਦੀ ਦ੍ਰਿਸ਼ਟੀਕੋਣ ਨਾ ਤਾਂ ਜਮਾਤੀ ਸੰਘਰਸ਼ ਦੇ ਵਿਰੁੱਧ ਜਾਂਦਾ ਹੈ, ਨਾ ਹੀ ਦਲਿਤ ਅੰਦੋਲਨ ਦੇ ਖਿਲਾਫ਼ ਸਟੈਂਡ ਲੈਂਦਾ ਹੈ ਅਤੇ ਨਾ ਹੀ ਦੋਨਾਂ ਨੂੰ ਇਕ ਦੂਜੇ ਦੇ ਵਿਰੁੱਧ ਖੜ੍ਹਾ ਕਰਦਾ ਹੈ, ਸਗੋਂ ਦੋਨਾਂ ਨੂੰ ਇਕ ਦੂਜੇ ਦੇ ਪੂਰਕ ਸਮਝਦਾ ਹੈ। ਭਾਵਨਾਤਮਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਏ ਤਾਂ ਇਹ ਪਹੁੰਚ ਸਾਰਥਕ ਅਤੇ ਹਾਂ-ਪੱਖੀ ਲੱਗਦੀ ਹੈ ਕਿਉਂਕਿ ਇਹ ਸਾਰੇ ਗਰੀਬਾਂ ਅਤੇ ਦਲਿਤਾਂ ਦੀ ਮੁਕਤੀ ਨੂੰ ਆਪਣਾ ਲਕਸ਼ ਮਿਥਦੀ ਹੈ। ਇਸ ਲਈ ਇਹ ਪਹੁੰਚ ਦਲਿਤ ਅੰਦੋਲਨ ਦੇ ਜਾਤੀਗਤ ਲੀਹਾਂ ਉਤੇ ਤੁਰਨ ਦਾ ਵੀ ਵਿਰੋਧ ਕਰਦੀ ਹੈ ਅਤੇ ਜਮਾਤੀ ਅੰਦੋਲਨ ਨੂੰ ਵੀ ਹੋਰ ਵਿਆਪਕ ਬਣਾਉਣਾ ਲੋਚਦੀ ਹੈ। ਪਰ ਸਵਾਲ ਇਹ ਹੈ ਕਿ ਇਨ੍ਹਾਂ ਸ਼ੁਭ ਇਰਾਦਿਆਂ ਦੇ ਬਾਵਜੂਦ, ਕੀ ਇਹ ਸੁਮੇਲ ਸੰਭਵ ਹੈ?

ਮੇਰੇ ਵਿਚਾਰ ਅਨੁਸਾਰ ਇਹ ਫਿਲਹਾਲ ਤਾਂ ਸੰਭਵ ਨਹੀਂ ਲੱਗਦਾ, ਕਿਉਂਕਿ ਸਵਾਲ ਸਿਰਫ਼ ਚੰਗੀ ਭਾਵਨਾ ਦਾ ਨਹੀਂ, ਬਲਕਿ ਇਕ ਅਜੇਹੀ ਮਾਰਗ ਦਰਸ਼ਕ ਵਿਚਾਰਧਾਰਾ ਦੇ ਚੌਤਰਫੇ ਵਿਕਾਸ ਦਾ ਹੈ ਜੋ ਜਮਾਤੀ ਅਤੇ ਜਾਤੀ ਦੋਨੋਂ ਕਿਸਮ ਦੇ ਤਮਾਮ ਸਵਾਲਾਂ ਅਤੇ ਮਸਲਿਆਂ ਦਾ ਸਿਧਾਂਤਕ ਅਤੇ ਵਿਹਾਰਕ ਹੱਲ ਪੇਸ਼ ਕਰ ਸਕਦੀ ਹੋਵੇ। ਦੋਨਾਂ ਨੂੰ ਇਕ ਵਿਆਪਕ ਅੰਦੋਲਨ ਦੇ ਅੰਦਰ ਸਮੋ ਸਕਣ ਦੀ ਸਮਰਥਾ ਰੱਖਦੀ ਹੋਵੇ। ਮਿਹਨਤਕਸ਼ ਵਰਗਾਂ ਦੇ ਆਪਸੀ ਅੰਤਰ-ਵਿਰੋਧਾਂ ਨੂੰ ਹੋਰ ਤਿੱਖਾ ਕਰਨ ਜਾਂ ਨਜ਼ਰ ਅੰਦਾਜ਼ ਕਰਨ ਦੀ ਬਜਾਇ, ਉਨ੍ਹਾਂ ਦਾ ਮਿੱਤਰਤਾ ਪੂਰਨ ਸਮਾਧਾਨ ਕਰ ਸਕਦੀ ਹੋਵੇ। ਇਸ ਲਈ ਇਹ ਸੁਮੇਲ ਕਈ ਪਹਿਲੂਆਂ ਉੱਤੇ ਨਿਰਭਰ ਕਰਦਾ ਹੈ। ਜਿਸ ਵਿਚ ਅੰਬੇਦਕਰਵਾਦ ਦੇ ਵਿਕਾਸ ਦੀ ਅਗਲੀ ਪ੍ਰਕਿਰਿਆ ਅਤੇ ਦਿਸ਼ਾ ਕੀ ਰੂਪ ਲੈਂਦੀ ਹੈ, ਸਭ ਤੋਂ ਮਹੱਤਵਪੂਰਨ ਪਹਿਲੂ ਹੈ। ਕੀ ਇਸ ਵਿਚਾਰਧਾਰਾ ਦਾ ਵਿਕਾਸ ਸਾਰੇ ਦਲਿਤ ਅਤੇ ਗੈਰ-ਦਲਿਤ ਮਿਹਨਤਕਸ਼ ਵਰਗਾਂ ਦੀ ਵਿਚਾਰਧਾਰਾ ਵਜੋਂ ਹੋ ਸਕਦਾ ਹੈ? ਕੀ ਇਹ ਸਿਰਫ਼ ਜਾਤੀਵਾਦੀ ਦ੍ਰਿਸ਼ਟੀਕੋਣ ਤੋਂ ਉਪਰ ਉੱਠ ਕੇ, ਸਮਤਾਵਾਦੀ ਸਮਾਜ ਤੇ ਸਮਾਜਵਾਦੀ ਵਿਵਸਥਾ ਦੇ ਨਿਰਮਾਣ ਲਈ ਜਮਾਤੀ ਦ੍ਰਿਸ਼ਟੀਕੋਣ ਵੀ ਅਪਣਾਅ ਸਕਦੀ ਹੈ?

ਇਸ ਤੋਂ ਇਲਾਵਾ ਹੋਰ ਵੀ ਕਈ ਅਜੇਹੇ ਮਸਲੇ ਅਤੇ ਪਹਿਲੂ ਹਨ, ਜਿਨ੍ਹਾਂ ਉਪਰ ਅੰਬੇਦਕਰਵਾਦੀ ਵਿਦਵਾਨ ਹਾਲੇ ਤੱਕ ਸਪੱਸ਼ਟ ਤੇ ਇਕਸਾਰ ਸਮਝ ਨਹੀਂ ਬਣਾ ਸਕੇ। ਜਿਸ ਵਿਚ ਧਰਮ ਦਾ ਮਸਲਾ ਵੀ ਹੈ ਅਤੇ ਸਾਮਰਾਜ ਪ੍ਰਤੀ ਵਿਸ਼ਵ ਦ੍ਰਿਸ਼ਟੀਕੋਣ ਦਾ ਮਸਲਾ ਵੀ ਹੈ। ਇਸ ਤੋਂ ਇਲਾਵਾ ਵਰਤਮਾਨ ਹਿੰਦੁਸਤਾਨੀ ਸਮਾਜਕ-ਆਰਥਕ-ਰਾਜਨੀਤਕ ਢਾਂਚੇ ਦੇ ਵਿਸ਼ਲੇਸ਼ਣ ਬਾਰੇ ਵੀ ਬੁਨਿਆਦੀ ਮਤਭੇਦ ਮੌਜੂਦ ਹਨ। ਦਲਿਤ ਅੰਦੋਲਨ ਦੇ ਵਿਵਹਾਰਕ ਮਸਲੇ ਬਾਰ ਵੀ ਅੰਬੇਦਕਰਵਾਦੀ ਸਿਰਫ਼ ਉਨ੍ਹਾਂ ਵਰਗਾਂ ਦੇ ਸੰਗਰਾਮ ਦੀ

ਗੱਲ ਕਰ ਰਹੇ ਹਨ, ਜੋ 'ਅਛੂਤ' ਜਾਂ 'ਸ਼ੂਦਰ' ਸਮਝੇ ਜਾਂਦੇ ਰਹੇ ਹਨ। ਜਦਕਿ ਮਾਰਕਸਵਾਦੀ ਸਾਰੇ ਮਿਹਨਤਕਸ਼ ਵਰਗਾਂ ਦੀ ਏਕਤਾ ਅਤੇ ਸੰਗਰਾਮ ਦੀ ਪਹੁੰਚ ਰੱਖਦੇ ਹਨ, ਜਿਸ ਵਿਚ ਦਲਿਤ ਤੇ ਦਮਿਤ ਵਰਗ ਅਤੇ ਕਬਾਇਲੀ ਲੋਕ ਵੀ ਸ਼ਾਮਲ ਹਨ।

ਫਿਰ ਸਵਾਲ ਇਹ ਵੀ ਉੱਠਦਾ ਹੈ, ਕੀ ਅੰਬੇਦਕਰਵਾਦੀ ਲੀਡਰਸ਼ਿਪ ਆਪਣੇ ਮੱਧ ਵਰਗੀ ਆਧਾਰ ਨੂੰ ਖੁਸ਼ ਕਰਨ ਲਈ ਅਪਨਾਏ ਗਏ ਸੰਸਦਵਾਦੀ ਅਤੇ ਜਮਾਤੀ ਸਾਂਝ-ਭਿਆਲੀ ਦੇ ਰਸਤੇ ਨੂੰ ਛੱਡ ਕੇ ਦਲਿਤ ਵਰਗਾਂ ਨੂੰ ਲਾਮਬੰਦ ਕਰਨ ਲਈ ਕਰਾਂਤੀਕਾਰੀ ਸੰਘਰਸ਼ ਦਾ ਰਸਤਾ ਚੁਣ ਸਕਦੀ ਹੈ? ਕੀ ਇਹ ਦਲਿਤ ਵਰਗਾਂ ਨੂੰ ਵੋਟ ਬੈਂਕ ਤੇ ਪਰੈਸ਼ਰ ਗਰੁੱਪ ਵਜੋਂ ਆਪਣੇ ਨਿੱਜੀ ਹਿੱਤਾਂ ਲਈ ਵਰਤਣ ਦੀ ਮੌਕਾਪ੍ਰਸਤ ਨੀਤੀ ਦਾ ਤਿਆਗ ਕਰ ਕੇ ਇਕ ਰਾਸ਼ਟਰ-ਵਿਆਪੀ ਦਲਿਤ ਅੰਦੋਲਨ ਤੇ ਦਲਿਤ ਕਰਾਂਤੀ ਦਾ ਰਸਤਾ ਪ੍ਰਦਾਨ ਕਰਦੀ ਹੈ?

ਫਿਰ ਮਸਲਾ ਇਹ ਵੀ ਹੈ ਕਿ ਅੰਬੇਦਕਰਵਾਦ ਵਿਚ ਵਿਸ਼ਵਾਸ ਰੱਖਣ ਵਾਲਾ ਇਕ ਸ਼ਕਤੀਸ਼ਾਲੀ ਖੇਮਾ, ਵਰਤਮਾਨ ਸੰਵਿਧਾਨ ਦੇ ਆਧੀਨ ਰਾਖਵੇਂਕਰਨ ਅਤੇ ਹੋਰ ਮੰਗਾਂ ਨੂੰ ਲਾਗੂ ਕਰਾਉਣ ਉਤੇ ਵੱਧ ਟੇਕ ਰੱਖਦਾ ਹੈ, ਦਲਿਤ ਚੇਤਨਾ ਤੇ ਦਲਿਤ ਅੰਦੋਲਨ ਦੀ ਸਿਰਫ਼ ਮੂੰਹ-ਜ਼ੁਬਾਨੀ ਗੱਲ ਕਰਦਾ ਹੈ। ਜਦਕਿ ਮਾਰਕਸਵਾਦੀ ਅਰਥਾਤ ਕਮਿਊਨਿਸਟ ਕਰਾਂਤੀਕਾਰੀ ਇਸ ਸੰਵਿਧਾਨ ਨੂੰ ਹੁਕਮਰਾਨ ਵਰਗਾਂ ਦਾ ਇਕ ਹਥਿਆਰ ਮੰਨਦੇ ਹਨ। ਇਸ ਲਈ ਕਮਿਊਨਿਸਟ ਕਰਾਂਤੀਕਾਰੀ ਵਰਤਮਾਨ ਸੱਤਾ ਨੂੰ ਖਤਮ ਕਰ ਕੇ, ਇਸ ਦੀ ਥਾਂ ਲੋਕ-ਜਨਵਾਦੀ ਸੱਤਾ ਸਥਾਪਿਤ ਕਰਨ ਲਈ ਸੰਘਰਸ਼ ਕਰ ਰਹੇ ਹਨ।(ਇੱਥੇ *ਮੈਂ ਇਹ ਮੰਨ ਕੇ ਚੱਲ ਰਿਹਾ ਹਾਂ ਕਿ ਮਾਰਕਸਵਾਦੀ ਵਿਚਾਰਧਾਰਾ ਦੇ ਸਹੀ ਪ੍ਰਤੀਨਿਧੀ ਉਹ ਕਰਾਂਤੀਕਾਰੀ ਕਮਿਊਨਿਸਟ ਹਨ, ਜੋ ਲੋਕ ਮੁਕਤੀ ਲਈ ਲੜ ਰਹੇ ਹਨ; ਇਹ ਮੌਕਾਪ੍ਰਸਤ ਸੰਸਦਵਾਦੀ ਪਾਰਟੀਆਂ ਨਹੀਂ, ਜਿਨ੍ਹਾਂ ਦੀਆਂ ਸਰਕਾਰਾਂ ਲੋਕਾਂ ਦੇ ਸੰਘਰਸ਼ਾਂ ਦਾ ਉਸੇ ਤਰ੍ਹਾਂ ਘਾਣ ਕਰ ਰਹੀਆਂ ਹਨ, ਜਿਵੇਂ ਬੁਰਜੂਆ ਪਾਰਟੀਆਂ ਦੀਆਂ ਸਰਕਾਰਾਂ।)*

ਇਸ ਲਈ ਮਾਰਕਸਵਾਦ ਅਤੇ ਅੰਬੇਦਕਰਵਾਦ ਵਿਚ ਫਿਲਹਾਲ ਕਈ ਅਜੇਹੇ ਬੁਨਿਆਦੀ ਵਿਚਾਰਧਾਰਕ, ਸਿਧਾਂਤਕ ਅਤੇ ਕਾਰਜਨੀਤਕ ਅੰਤਰ-ਵਿਰੋਧ ਅਤੇ ਮਤਭੇਦ ਮੌਜੂਦ ਹਨ ਜੋ ਇਸ ਸੁਮੇਲ ਵਿਚ ਰੁਕਾਵਟ ਬਣਦੇ ਹਨ। ਪਰ ਇਸ ਦੇ ਮਾਅਨੇ ਇਹ ਵੀ ਨਹੀਂ ਨਿਕਲਦੇ ਕਿ ਦੋਨਾਂ ਵਿਚ ਸਿਰਫ਼ ਅੰਤਰ-ਵਿਰੋਧ ਹੀ ਮੌਜੂਦ ਹਨ, ਸਾਂਝ ਦਾ ਕੋਈ ਆਧਾਰ ਨਹੀਂ ਹੈ। ਸਾਂਝ ਦੇ ਆਧਾਰ ਵੀ ਮੌਜੂਦ ਹਨ, ਜਿਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਆਧਾਰ ਇਹ ਹੈ ਕਿ ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਦਲਿਤ ਵਰਗ ਇਨਕਲਾਬੀ ਸੰਘਰਸ਼ ਦੀ ਪ੍ਰਮੁੱਖ ਸ਼ਕਤੀ ਹੈ ਅਤੇ ਉਨ੍ਹਾਂ ਦੀ ਮੁਕਤੀ ਦਾ ਮਸਲਾ ਪ੍ਰਮੁੱਖ ਮਸਲਾ ਹੈ ਅਤੇ ਅੰਬੇਦਕਰਵਾਦੀ ਵਿਚਾਰਧਾਰਾ ਵੀ ਦਲਿਤ ਵਰਗਾਂ ਦੇ ਸਭ ਤੋਂ ਵੱਧ ਦਲਿਤ ਹਿੱਸੇ ਦੇ ਹਿੱਤਾਂ ਦੀ ਰਾਖੀ ਅਤੇ ਇਸ ਸਿਸਟਮ ਤੋਂ ਮੁਕਤੀ ਦੀ ਗੱਲ ਕਰਦੀ ਹੈ। ਮਾਰਕਸਵਾਦੀ ਵਿਚਾਰਧਾਰਾ ਵੀ ਜਾਤੀਵਾਦ ਦਾ ਮੁਕੰਮਲ ਖਾਤਮਾ ਚਾਹੁੰਦੀ ਹੈ ਅਤੇ ਅੰਬੇਦਕਰਵਾਦੀ ਵਿਚਾਰਧਾਰਾ ਵੀ ਇਹ ਹੀ ਚਾਹੁੰਦੀ ਹੈ। ਇਕ ਹੋਰ ਸਾਂਝ ਇਹ ਵੀ ਹੈ ਕਿ ਮਾਰਕਸਵਾਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਸੁਚੇਤ ਲੋਕਾਂ ਦਾ ਵਰਤਮਾਨ 'ਜਨਤੰਤਰ' ਅਤੇ ਸਰਕਾਰਾਂ ਤੋਂ ਮੋਹ-ਭੰਗ ਹੋ ਚੁੱਕਾ ਹੈ ਅਤੇ ਦਲਿਤ ਵਰਗਾਂ ਦੇ ਚੇਤਨ ਹਿੱਸੇ ਦਾ ਵੀ ਇਸ 'ਜਨਤੰਤਰ' ਤੋਂ ਮੋਹ-ਭੰਗ ਹੋ ਚੁੱਕਾ ਹੈ ਕਿਉਂਕਿ ਦੋਨੋਂ ਇਸ ਦੇ ਅਸਲੀ ਚਰਿੱਤਰ ਬਾਰੇ ਬਾਖੂਬੀ ਜਾਣਦੇ ਹਨ। ਇਸ ਤੋਂ ਇਲਾਵਾ ਸਾਹਿਤਕ ਖੇਤਰ ਵਿਚ ਵੀ ਸਾਂਝ ਦਾ ਆਧਾਰ ਮੌਜੂਦ ਹੈ ਕਿਉਂਕਿ ਦਲਿਤ ਸਾਹਿਤਕਾਰ ਵੀ ਆਪਣੀਆਂ ਰਚਨਾਵਾਂ ਵਿਚ ਇਸ ਸਿਸਟਮ ਦੇ ਵਿਰੁੱਧ ਰੋਹ-ਵਿਦਰੋਹ ਦੀ ਭਾਸ਼ਾ ਅਪਣਾਅ ਰਹੇ ਹਨ ਅਤੇ ਕਰਾਂਤੀਕਾਰੀ ਸਾਹਿਤਕਾਰ ਤੇ ਜੁਝਾਰੂ ਰੰਗਕਰਮੀ ਵੀ ਲੋਕ-ਵਿਦਰੋਹ ਤੇ ਇਨਕਲਾਬ ਦੀ ਗੱਲ ਕਰ ਰਹੇ ਹਨ।

ਇਸ ਲਈ ਇਨ੍ਹਾਂ ਦੋਨਾਂ ਵਿਚਾਰਧਾਰਾਵਾਂ ਦੇ ਅਸਲੀ ਪ੍ਰਤੀਨਿਧੀਆਂ ਨੂੰ ਇਕ ਦੂਜੇ ਪ੍ਰਤੀ ਹਾਂ-ਪੱਖੀ ਪਹੁੰਚ ਅਪਨਾਉਣ ਦੀ ਲੋੜ ਹੈ ਤਾਂ ਜੋ ਏਕਤਾ ਅਤੇ ਸੰਘਰਸ਼ ਨੂੰ ਆਧਾਰ ਮੰਨ ਕੇ ਉਹ ਘੱਟੋ-ਘੱਟ ਪ੍ਰੋਗਰਾਮ ਉਲੀਕਿਆ ਜਾ ਸਕੇ, ਜਿਸ ਉਪਰ ਆਧਾਰਿਤ ਇਕ ਸਾਂਝੇ ਮੋਰਚੇ ਜਾਂ ਸਾਂਝੇ ਪਲੈਟਫਾਰਮ ਦਾ



ਨਿਰਮਾਣ ਕੀਤਾ ਜਾ ਸਕੇ। ਇਸੇ ਪਹੁੰਚ ਦੇ ਆਧਾਰ 'ਤੇ ਹੋਰ ਵਿਚਾਰਧਾਰਾਵਾਂ ਨਾਲ ਵੀ ਦੋਸਤੀ ਜਾਂ ਦੁਸ਼ਮਣੀ ਤੈਅ ਕੀਤੀ ਜਾ ਸਕਦੀ ਹੈ ਅਰਥਾਤ ਹਰ ਉਸ ਵਿਚਾਰਧਾਰਾ ਪ੍ਰਤੀ ਹਾਂ-ਪੱਖੀ ਪਹੁੰਚ ਅਪਣਾਈ ਜਾ ਸਕਦੀ ਹੈ, ਜੋ ਵੀ ਸਿਧਾਂਤਕ ਤੇ ਵਿਹਾਰਕ ਦੋਨਾਂ ਪੱਖਾਂ ਤੋਂ ਮਿਹਨਤਕਸ਼ ਵਰਗਾਂ ਨੂੰ ਵਰਤਮਾਨ ਸੱਤਾ ਅਤੇ ਸਿਸਟਮ ਵਿਰੁੱਧ ਸੰਘਰਸ਼ ਲਈ ਸੁਚੇਤ ਅਤੇ ਲਾਮਬੰਦ ਕਰ ਰਹੀਆਂ ਹਨ। ਪਰ ਹਰ ਉਸ ਵਿਚਾਰਧਾਰਾ ਪ੍ਰਤੀ ਸੰਘਰਸ਼ ਦੀ ਪਹੁੰਚ ਦੀ ਲੋੜ ਹੈ, ਜੋ ਦਲਿਤ ਵਰਗਾਂ ਅਤੇ ਮਿਹਨਤਕਸ਼ ਲੋਕਾਂ ਨੂੰ ਆਪਸ ਵਿਚ ਲੜਾਉਣ ਦਾ ਮਾਧਿਅਮ ਬਣ ਰਹੀਆਂ ਹਨ।

ਇਨ੍ਹਾਂ ਵਿਰੋਧੀ ਵਿਚਾਰਧਾਰਾਵਾਂ ਵਿਚ ਬ੍ਰਾਹਮਣਵਾਦੀ ਸਾਮੰਤੀ ਸੰਸਕ੍ਰਿਤੀ ਵੀ ਸ਼ਾਮਲ ਹੈ ਜੋ ਇਕ ਅਤਿ-ਹਿੰਸਕ ਤੇ ਗੈਰ-ਮਨੁੱਖੀ ਸਮਾਜਕ ਵਿਚਾਰਧਾਰਾ ਹੈ ਅਤੇ ਉਹ ਪੂੰਜੀਵਾਦੀ ਵਿਚਾਰਧਾਰਾ ਵੀ ਸ਼ਾਮਲ ਹੈ ਜੋ ਮਨ-ਮਾਨਾ ਮੁਨਾਫਾ ਕਮਾਉਣ ਦੀ ਕਾਨੂੰਨੀ ਮਾਨਤਾ ਤੇ ਸਹੂਲਤ ਉਪਰ ਆਧਾਰਿਤ ਹੋਣ ਕਰਕੇ ਅਮੀਰ ਵਰਗਾਂ ਦੀ ਲੁੱਟ-ਖਸੁੱਟ ਨੂੰ ਜਾਰੀ ਰੱਖਣ ਦਾ ਸਭ ਤੋਂ ਪ੍ਰਮੁੱਖ ਹਥਿਆਰ ਬਣਦੀ ਹੈ। ਇਸ ਲਈ ਇਸ ਸਾਂਝੇ ਮੋਰਚੇ ਦਾ ਘੱਟੋ-ਘੱਟ ਆਧਾਰ ਤੇ ਪ੍ਰੋਗਰਾਮ ਇਨ੍ਹਾਂ ਦੋਨਾਂ ਦਾ ਵਿਰੋਧ ਕਰਨ ਲਈ ਲੋਕਾਂ ਨੂੰ ਲਾਮਬੰਦ ਕਰਨਾ ਹੋ ਸਕਦਾ ਹੈ।

ਇਹ ਦ੍ਰਿਸ਼ਟੀਕੋਣ ਸਿਰਫ਼ ਅੰਬੇਦਕਰਵਾਦੀ ਵਿਚਾਰਧਾਰਾ ਪ੍ਰਤੀ ਹੀ ਨਹੀਂ, ਸਗੋਂ ਸਾਰੀਆਂ ਦਲਿਤ-ਪੱਖੀ ਤੇ ਲੋਕ-ਹਿਤੈਸ਼ੀ ਵਿਚਾਰਧਾਰਾਵਾਂ ਪ੍ਰਤੀ ਅਪਨਾਉਣ ਦੀ ਲੋੜ ਹੈ ਤਾਂ ਜੋ ਤਮਾਮ ਦਲਿਤ ਵਰਗਾਂ ਅਤੇ ਮਿਹਨਤਕਸ਼ ਵਰਗਾਂ ਨੂੰ ਕਰਾਂਤੀਕਾਰੀ ਅੰਦੋਲਨ ਦੀ ਮੁੱਖ ਸ਼ਕਤੀ ਬਣਾਉਣ ਵਿਚ ਸਫਲਤਾ ਹਾਸਲ ਕੀਤੀ ਜਾ ਸਕੇ। ਇਸ ਪਹੁੰਚ ਅਨੁਸਾਰ ਇਸ ਸਾਂਝੇ ਮੋਰਚੇ ਦਾ ਇਕ ਪ੍ਰਮੁੱਖ ਨਿਸ਼ਾਨਾ, ਬ੍ਰਾਹਮਣਵਾਦੀ ਸਾਮੰਤੀ ਸੰਸਕ੍ਰਿਤੀ ਦਾ ਸਮੂਲ ਨਾਸ਼ ਕਰਨਾ ਅਤੇ ਦੂਜਾ, ਹਰ ਪ੍ਰਕਾਰ ਦੇ ਸਰੀਰਕ-ਮਾਨਸਿਕ-ਲਿੰਗਕ ਸ਼ੋਸ਼ਣ ਅਤੇ ਉਤਪੀੜਨ ਨੂੰ ਖਤਮ ਕਰਨ ਲਈ ਸੱਤਾ ਦੇ ਵਿਰੁੱਧ ਸੰਘਰਸ ਹੋ ਸਕਦਾ ਹੈ। ਇਸ ਪਹੁੰਚ ਨਾਲ ਮਿਹਨਤਕਸ਼ ਵਰਗਾਂ ਦੇ ਜਿਸ ਵਿਆਪਕ ਸਾਂਝੇ ਮੋਰਚੇ ਦੀ ਲੋੜ ਹੈ, ਉਸ ਮੋਰਚੇ ਦੀ ਧੁਰੀ ਅਤੇ ਰੀੜ੍ਹ ਦਲਿਤ ਵਰਗ ਬਣ ਸਕਦੇ ਹਨ। ਇਸ ਲਈ ਜਾਤੀਵਾਦ ਦੇ ਮੁਕੰਮਲ ਖਾਤਮੇ ਅਤੇ ਲੋਕ-ਜਨਵਾਦੀ ਇਨਕਲਾਬ ਦੀ ਜਿੱਤ ਲਈ ਸਾਰੇ ਮਿਹਨਤਕਸ਼ ਵਰਗਾਂ ਦੀ ਏਕਤਾ ਅਤੇ ਵਰਤਮਾਨ ਸਮਾਜਕ, ਆਰਥਕ, ਰਾਜਨੀਤਕ, ਸਭਿਆਚਾਰਕ ਵਿਵਸਥਾ ਵਿਰੁੱਧ ਨਿਰੰਤਰ ਸੰਘਰਸ਼ ਇਕ ਮਾਟੋ ਅਤੇ ਨਾਅਰਾ ਸਾਂਝੇ ਪ੍ਰੋਗਰਾਮ ਦਾ ਆਧਾਰ ਬਣਨਾ ਚਾਹੀਦਾ ਹੈ।

ਇਸ ਲਈ ਜਿਨ੍ਹਾਂ ਸੰਗਠਨਾਂ, ਜਥੇਬੰਦੀਆਂ ਅਤੇ ਵਿਅਕਤੀਆਂ ਵੱਲੋਂ ਦਲਿਤ ਚੇਤਨਾ ਤੇ ਦਲਿਤ ਕਰਾਂਤੀ ਨੂੰ ਇਕ ਫੌਰੀ ਅਜੰਡਾ ਬਣਾ ਕੇ ਦਲਿਤ ਅੰਦੋਲਨ ਚਲਾਇਆ ਜਾ ਰਿਹਾ ਹੈ ਅਤੇ ਜੋ ਕਮਿਊਨਿਸਟ ਕਰਾਂਤੀਕਾਰੀ ਸ਼ਕਤੀਆਂ ਲੋਕ-ਮੁਕਤੀ ਲਈ ਜਨਵਾਦੀ ਸੰਗਰਾਮ ਲੜ ਰਹੀਆਂ ਹਨ, ਉਨ੍ਹਾਂ ਵਿਚ ਇਹ ਵਿਚਾਰਧਾਰਕ ਵਿਚਾਰ-ਚਰਚਾ ਹੋਣਾ ਚਾਹੀਦੀ ਹੈ ਕਿ ਇਹ ਸਾਂਝਾ ਪ੍ਰੋਗਰਾਮ ਤੇ ਸਾਂਝਾ ਮੋਰਚਾ ਕਿੰਜ ਵਿਕਸਿਤ ਕੀਤਾ ਜਾ ਸਕਦਾ ਹੈ। ਇਹ ਬਹਿਸ ਸਾਂਝੇ ਪ੍ਰੋਗਰਾਮ ਦੇ ਪ੍ਰਮੁੱਖ ਮੁੱਦਿਆਂ ਉੱਤੇ ਆਧਰਿਤ ਤੇ ਕੇਂਦਿਰਿਤ ਹੋਣੀ ਚਾਹੀਦੀ ਹੈ ਅਤੇ ਦੋਸਤੀ ਦੇ ਰੂਪ ਵਿਚ ਅੱਗੇ ਵਧਣੀ ਚਾਹੀਦੀ ਹੈ ਤਾਂ ਜੋ ਉਹ ਸਾਰਥਕ ਨਤੀਜੇ ਨਿਕਲ ਸਕਣ ਜੋ ਅਸਲੀ ਮੰਤਵ ਵੱਲ ਸੇਧਿਤ ਹੋਣ। ਇਸ ਕਰਕੇ ਉਸ ਕਿਸਮ ਦੀ ਨਾਂਹ-ਪੱਖੀ ਬਹਿਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜੋ ਦੂਸ਼ਣਬਾਜੀ ਨਾਲ ਸ਼ੁਰੂ ਹੋ ਕੇ ਦੂਸ਼ਣਬਾਜੀ ਉਪਰ ਖਤਮ ਹੋ ਜਾਂਦੀ ਹੈ ਅਤੇ ਮਿਹਨਤਕਸ਼ ਲੋਕਾਂ ਵਿਚ ਹੋਰ ਭਰਮ-ਭੁਲੇਖੇ ਖੜ੍ਹੇ ਕਰਕੇ ਹੋਰ ਵੰਡੀਆਂ ਪਾਉਣ ਵਿਚ ਹਾਕਮ ਵਰਗਾਂ ਲਈ ਸਹਾਈ ਹੁੰਦੀ ਹੈ।

ਇਸ ਪਹੁੰਚ ਅਨੁਸਾਰ ਜਮਾਤੀ ਆਧਾਰ ਉਤੇ ਬਣੀਆਂ ਸਾਰੀਆਂ ਜਨਤਕ ਜਥੇਬੰਦੀਆਂ ਨੂੰ ਉਨ੍ਹਾਂ ਦਲਿਤ ਜਥੇਬੰਦੀਆਂ ਪ੍ਰਤੀ ਦੋਸਤੀ ਤੇ ਏਕਤਾ ਦੀ ਪਹੁੰਚ ਅਪਨਾਉਣੀ ਚਾਹੀਦੀ ਹੈ ਜੋ ਦਲਿਤ ਵਰਗਾਂ ਦੇ ਜਾਤੀਵਾਦੀ ਸ਼ੋਸ਼ਣ, ਉਤਪੀੜਨ ਤੇ ਵਿਤਕਰੇ ਦੇ ਵਿਰੁੱਧ ਜਨਤਕ ਲਾਮਬੰਦੀ ਨੂੰ ਗੰਭੀਰਤਾ ਨਾਲ ਲੈਂਦੀਆਂ ਹਨ; ਬ੍ਰਾਹਮਣਵਾਦੀ ਸਾਮੰਤੀ ਸੰਸਕ੍ਰਿਤੀ ਦੇ ਵਿਰੁੱਧ ਪ੍ਰਚਾਰ ਤੋਂ ਅੱਗੇ ਵਧ ਕੇ ਲੋਕ-ਪੱਖੀ ਸੰਸਕ੍ਰਿਤੀ ਅਤੇ ਲੋਕ-ਪੱਖੀ ਸਭਿਆਚਾਰ ਦਾ ਬਦਲ ਵੀ ਪੇਸ਼ ਕਰਦੀਆਂ ਹਨ ਅਤੇ ਜਾਤੀਵਾਦ ਦੇ

ਮੁਕੰਮਲ ਖਾਤਮੇ ਲਈ ਅੰਦੋਲਨ ਨੂੰ ਆਪਣਾ ਬੁਨਿਆਦੀ ਪ੍ਰੋਗਰਾਮ ਤੇ ਫੌਰੀ ਨਿਸ਼ਾਨਾ ਮਿਥਦੀਆਂ ਹਨ। ਇਸੇ ਤਰ੍ਹਾਂ ਦਲਿਤ ਜਥੇਬੰਦੀਆਂ ਨੂੰ ਵੀ ਉਨ੍ਹਾਂ ਜਮਾਤੀ ਜਥੇਬੰਦੀਆਂ ਪ੍ਰਤੀ ਦੋਸਤੀ ਤੇ ਏਕਤਾ ਦੀ ਪਹੁੰਚ ਅਪਣਾਉਣ ਦੀ ਲੋੜ ਹੈ ਜੋ ਜਮਾਤੀ ਅੰਦੋਲਨ ਨੂੰ ਹੁਕਮਰਾਨ ਵਰਗਾਂ ਦੇ ਵਿਰੁੱਧ ਲਾਮਬੰਦ ਕਰ ਰਹੀਆਂ ਹਨ ਅਤੇ ਜਾਤੀਵਾਦ ਦੇ ਮੁਕੰਮਲ ਖਾਤਮੇ ਲਈ ਸੰਘਰਸ਼ ਨੂੰ ਆਪਣੇ ਪ੍ਰੋਗਰਾਮ ਦਾ ਇਕ ਅਹਿਮ ਤੇ ਫੌਰੀ ਮੁੱਦਾ ਤੈਅ ਕਰਦੀਆਂ ਹਨ।

ਜਮਾਤੀ ਜਥੇਬੰਦੀਆਂ ਨੂੰ ਇਹ ਪਹੁੰਚ ਸਭ ਦਲਿਤ-ਪੱਖੀ ਵਿਚਾਰਧਾਰਾਵਾਂ ਤੇ ਅੰਦੋਲਨਾਂ ਦੇ ਸਬੰਧ ਵਿਚ ਅਪਨਾਉਣ ਦੀ ਲੋੜ ਹੈ ਤਾਂ ਜੋ ਮਿਹਨਤਕਸ਼ ਵਰਗਾਂ ਵਿਚ ਮਿੱਤਰਤਾ ਅਤੇ ਇਕ-ਜੁੱਟਤਾ ਪੈਦਾ ਕਰਨ ਲਈ ਸਾਜਗਾਰ ਹਾਲਾਤ ਪੈਦਾ ਕੀਤੇ ਜਾ ਸਕਣ। ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰ ਕੇ ਹੀ ਆਪਸੀ ਅੰਤਰ-ਵਿਰੋਧ ਦੇ ਮਸਲੇ ਵੀ ਹੱਲ ਕੀਤੇ ਜਾ ਸਕਦੇ ਹਨ। ਉਹ ਮਸਲੇ, ਜਿਨ੍ਹਾਂ ਉਪਰ ਅਕਸਰ ਜਾਤੀਵਾਦੀ ਧਰੁਵੀਕਰਨ ਹੋ ਜਾਂਦਾ ਹੈ ਅਤੇ ਮਿਹਨਤਕਸ਼ ਵਰਗਾਂ ਅੰਦਰ ਆਪਸੀ ਟਕਰਾਵ ਅਤੇ ਹਿੰਸਾ ਦੀ ਸਥਿਤੀ ਪੈਦਾ ਹੋ ਜਾਂਦੀ ਹੈ, ਜਿਸ ਦਾ ਫਾਇਦਾ ਅਕਸਰ ਚੁਣਾਵਬਾਜ ਨੇਤਾਵਾਂ, ਸਾਮੰਤੀ ਚੌਧਰੀਆਂ ਅਤੇ ਹਾਕਮ ਵਰਗਾਂ ਨੂੰ ਪਹੁੰਚਦਾ ਹੈ।

ਇਸ ਤੋਂ ਇਲਾਵਾ ਜਾਤੀ ਵਿਸ਼ੇਸ਼ ਦੇ ਨਾਂ ਉਤੇ ਬਣੀਆਂ ਉਨ੍ਹਾਂ ਜਥੇਬੰਦੀਆਂ ਪ੍ਰਤੀ ਵੀ ਹਾਂ-ਪੱਖੀ ਦ੍ਰਿਸ਼ਟੀਕੋਣ ਦੀ ਲੋੜ ਹੈ, ਜੋ ਜਾਤੀਵਾਦੀ ਸ਼ੋਸ਼ਣ ਤੇ ਵਿਤਕਰੇ ਨੂੰ ਖਤਮ ਕਰਨ ਲਈ ਮੁਹਿੰਮਾਂ ਚਲਾ ਰਹੀਆਂ ਹਨ। ਦਲਿਤ ਵਰਗਾਂ ਉਪਰ ਹੋ ਰਹੇ ਅੱਤਿਆਚਾਰਾਂ ਦੇ ਵਿਰੁੱਧ ਵਿਆਪਕ ਤੇ ਜੁਝਾਰੂ ਅੰਦੋਲਨ ਉਸਾਰ ਰਹੀਆਂਹਨ। ਪਰ ਇਹ ਦੋਸਤਾਨਾ ਪਹੁੰਚ ਉਨ੍ਹਾਂ ਜਥੇਬੰਦੀਆਂ ਪ੍ਰਤੀ ਨਹੀਂ ਹੋ ਸਕਦੀ ਜੋ ਸੱਤਾ ਦਾ ਇਕ ਪਾਵਾ ਬਣਨ ਦੀ ਲਾਈਨ ਲਾਗੂ ਕਰ ਰਹੀਆਂ ਹਨ ਅਤੇ ਹਾਕਮ-ਵਰਗਾਂ ਦੀ ਸੇਵਾ ਕਰਦੀਆਂ ਹਨ ਕਿਉਂਕਿ ਇਸ ਕਿਸਮ ਦੀਆਂ ਜਥੇਬੰਦੀਆਂ ਪ੍ਰਤੀ ਉਦਾਰਤਾਵਾਦ ਦਾ ਅਰਥ ਹੈ, ਖੁਦ ਇਸ ਖੇਲ੍ਹ ਦਾ ਇਕ ਹਿੱਸਾ ਬਣ ਕੇ ਰਹਿ ਜਾਣਾ। ਇਨ੍ਹਾਂ ਮੌਕਾਪ੍ਰਸਤ ਜਥੇਬੰਦੀਆਂ ਵਿਰੁੱਧ ਤਾਂ ਦਲਿਤ ਲਹਿਰ ਨੂੰ ਵੀ ਤਿੱਖੇ ਵਿਚਾਰਧਾਰਕ ਸੰਘਰਸ਼ ਦਾ ਰੁੱਖ ਅਪਨਾਉਣ ਦੀ ਲੋੜ ਹੈ ਕਿਉਂਕਿ ਇਹ ਦਲਿਤ ਵਰਗਾਂ ਨੂੰ ਗੁਮਰਾਹ ਕਰ ਰਹੀਆਂ ਹਨ ਅਤੇ ਆਪਣੀ ਸਿਆਸਤ ਦੀ ਨਿੱਜੀ ਰੋਟੀ ਸੇਕ ਰਹੀਆਂ ਹਨ।

ਇਸ ਸਬੰਧ ਵਿਚ ਪ੍ਰਮੁੱਖ ਸਰੋਕਾਰ ਤੇ ਪੈਮਾਨਾ ਇਹ ਹੋ ਸਕਦਾ ਹੈ ਕਿ ਦਲਿਤ ਵਰਗਾਂ ਅਤੇ ਬਾਕੀ ਮਿਹਨਤਕਸ਼ ਲੋਕਾਂ ਦੀ ਆਪਸੀ ਏਕਤਾ ਪੈਦਾ ਕਰਨ ਲਈ ਕੋਈ ਜਥੇਬੰਦੀ ਕੀ ਭੂਮਿਕਾ ਨਿਭਾ ਰਹੀ ਹੈ? ਕੀ ਉਹ ਜਥੇਬੰਦੀ ਜਾਤੀ ਅਭਿਮਾਨ ਪੈਦਾ ਕਰ ਰਹੀ ਹੈ ਅਰਥਾਤ ਜਾਤ-ਪਾਤ ਨੂੰ ਖਤਮ ਕਰਨ ਲਈ, ਜਾਤ-ਪਾਤੀ ਹੈਂਕੜ ਪੈਦਾ ਕਰਨ ਦਾ ਸਬਕ ਪੜ੍ਹਾ ਰਹੀ ਹੈ, ਜਿਵੇਂ ਲਗਭਗ ਸਾਰੀਆਂ 'ਸਵਰਨ' ਜਾਤੀਵਾਦੀ ਜਥੇਬੰਦੀਆਂ ਕਰਦੀਆਂ ਹਨ ਜਾਂ ਇਹ ਜਾਤੀਗਤ ਭਾਵਨਾਵਾਂ ਤੋਂ ਉਪਰ ਉੱਠ ਕੇ ਸਮੂਹ ਦਲਿਤ ਵਰਗਾਂ ਨੂੰ ਇਕ-ਜੁੱਟ ਕਰਨ ਦਾ ਪ੍ਰੋਗਰਾਮ ਵੀ ਰੱਖਦੀ ਹੈ। ਇਨ੍ਹਾਂ ਜਥੇਬੰਦੀਆਂ ਦੀ ਧਾਰਮਿਕ ਪਹੁੰਚ ਪ੍ਰਤੀ ਵੀ ਦਰੁੱਸਤ ਵਿਸ਼ਲੇਸ਼ਣ ਦੀ ਲੋੜ ਹੈ ਕਿਉਂਕਿ ਦਲਿਤ ਵਰਗਾਂ ਦਾ ਇਕ ਹਿੱਸਾ ਨਵੇਂ ਉਭਰ ਰਹੇ ਡੇਰਾਵਾਦ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਰਿਹਾ ਹੈ।

ਵਿਚਾਰਧਾਰਕ ਪੱਧਰ ਤੇ ਵੀ ਇਨ੍ਹਾਂ ਜਥੇਬੰਦੀਆਂ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ: ਕੀ ਇਹ ਜਥੇਬੰਦੀਆਂ ਲੁੱਟ-ਖਸੁੱਟ ਉਪਰ ਆਧਾਰਿਤ ਇਸ ਸਿਸਟਮ ਨੂੰ ਮਜ਼ਬੂਤ ਕਰਨ ਲਈ ਹਾਕਮ ਵਰਗਾਂ ਦਾ ਹੱਥ-ਠੋਕਾ ਹਨ? ਜਾਂ ਆਮ ਲੋਕਾਂ ਦੀ ਆਵਾਜ਼ ਹਨ, ਜੋ ਇਸ ਸਿਸਟਮ ਤੋਂ ਮੁਕਤੀ ਚਾਹੁੰਦੇ ਹਨ। ਕੀ ਇਹ ਦਲਿਤ ਜਾਤੀਆਂ ਅਤੇ ਪਛੜੀਆਂ ਜਾਤਾਂ ਦੀਆਂ ਸਦੀਆਂ ਪੁਰਾਣੀਆਂ ਜਾਤ-ਪਾਤ ਵਿਰੋਧੀ ਭਾਵਨਾਵਾਂ ਨਾਲ ਖਿਲਵਾੜ ਕਰ ਰਹੀਆਂ ਹਨ, ਜਾਂ ਇਨ੍ਹਾਂ ਭਾਵਨਾਵਾਂ ਨੂੰ ਜਾਤ-ਪਾਤ ਦੇ ਵਿਰੁੱਧ ਅੰਦੋਲਨ ਲਈ ਲੋੜੀਂਦੀ ਚੇਤਨਾ ਨਾਲ ਲੈਸ ਕਰ ਰਹੀਆਂ ਹਨ।

ਇਸ ਤੋਂ ਇਲਾਵਾ ਉਨ੍ਹਾਂ ਨਵੀਆਂ ਪੂੰਜੀਵਾਦੀ ਤੇ ਸਾਮੰਤੀ ਵਿਚਾਰਧਾਰਾਵਾਂ ਦਾ ਵਿਰੋਧ ਵੀ ਜ਼ਰੂਰੀ ਹੈ, ਜੋ ਨਵੇਂ ਨਵੇਂ ਨਾਂ ਰੱਖ ਕੇ ਹੋਂਦ ਵਿਚ ਆ ਰਹੀਆਂ ਹਨ। ਜਿਨ੍ਹਾਂ ਵਿਚ ਉਹ ਵਿਚਾਰਧਾਰਾਵਾਂ ਵਿਸ਼ੇਸ਼ ਰੂਪ ਵਿਚ ਸ਼ਾਮਲ ਹਨ, ਜੋ ਦੇਖਣ ਨੂੰ ਸਥਾਨੀ ਕਿਸਮ ਦੀਆਂ ਲੱਗਦੀਆਂ ਹਨ ਪਰ ਜਿਨ੍ਹਾਂ ਦਾ



ਜਨਮ-ਦਾਤਾ ਸਾਮਰਾਜੀ ਸ਼ਕਤੀਆਂ ਦਾ ਨਵਾਂ ਹਥਿਆਰ 'ਕਾਰਪੋਰੇਟ ਵਿਸ਼ਵੀਕਰਨ' ਹੈ ਕਿਉਂਕਿ ਇਨ੍ਹਾਂ ਦਾ ਆਧਾਰ ਵੀ ਉਹ ਹੀ ਧਰਮ ਤੇ ਮਜ਼ਬ ਹੈ, ਜਿਸ ਦੇ ਆਧਾਰ ਉਤੇ ਮਿਹਨਤਕਸ਼ ਵਰਗਾਂ ਨੂੰ ਆਪਸ ਵਿਚ ਲੜਾਉਣ ਲਈ ਸਦੀਆਂ ਤੋਂ ਸਾਜਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਇਨ੍ਹਾਂ ਵਿਚ ਸਭ ਤੋਂ ਖਤਰਨਾਕ, ਉਹ ਹੀ ਬ੍ਰਾਹਮਣਵਾਦੀ ਸੰਸਕ੍ਰਿਤੀ ਹੈ ਜਿਸ ਨੂੰ 'ਹਿੰਦੂ ਰਾਸ਼ਟਰਵਾਦ' ਦੇ ਨਾਂ ਨਾਲ ਹਾਰ-ਸ਼ਿੰਗਾਰ ਕੇ ਪੇਸ਼ ਕਰਨ ਵਾਲੀ ਨਵੀਂ ਵਿਚਾਰਧਾਰਾ ਹੋਂਦ ਵਿਚ ਆ ਰਹੀ ਹੈ। ਜਿਸ ਵਿਚੋਂ ਪਨਪ ਰਿਹਾ ਹਿੰਦੂ ਸ਼ਾਵਨਵਾਦ ਨਾ ਸਿਰਫ਼ ਜਾਤੀਵਾਦੀ ਸ਼ੋਸ਼ਣ ਦਾ ਪਰੰਪਰਾਗਤ ਆਧਾਰ ਬਣਿਆ ਹੋਇਆ ਹੈ, ਸਗੋਂ ਫਿਰਕਾਪ੍ਰਸਤੀ ਫੈਲਾਉਣ ਅਤੇ ਫਿਰਕੂ ਦੰਗਿਆਂ ਦਾ ਇਕ ਪ੍ਰਮੁੱਖ ਹਥਿਆਰ ਵੀ ਬਣ ਚੁੱਕਾ ਹੈ ਅਤੇ ਇਹ ਸਿਲਸਿਲਾ ਕੁਰਸੀ ਤੱਕ ਪਹੁੰਚਣ ਲਈ ਸਿੱਧੀ ਪੌੜੀ ਬਣਦਾ ਜਾ ਰਿਹਾ ਹੈ।

ਇਸ ਲਈ ਦਲਿਤ-ਪੱਖੀ ਅਤੇ ਦਲਿਤ ਵਿਰੋਧੀ ਵਿਚਾਰਧਾਰਵਾਂ ਵਿਚ ਜਮਾਤੀ ਨਜ਼ਰੀਏ ਤੋਂ ਸਪੱਸ਼ਟ ਨਿਖੇੜ ਕਰਨਾ ਜ਼ਰੂਰੀ ਹੈ ਕਿਉਂਕਿ ਮਸਲਾ ਜਾਤੀ ਅਤੇ ਜਮਾਤੀ ਯਾਨਿ ਕਿ ਹਰ ਪ੍ਰਕਾਰ ਦੇ ਸ਼ੋਸ਼ਣ, ਉਤਪੀੜਨ, ਵਿਤਕਰੇ ਤੇ ਜਬਰ-ਜ਼ੁਲਮ ਤੋਂ ਮੁਕਤੀ ਦਾ ਹੈ। ਉਹ ਸਾਰੀਆਂ ਵਿਚਾਰਧਾਰਾਵਾਂ ਜੋ ਇਸ ਮੁਕਤੀ ਲਈ ਕੰਮ ਕਰ ਰਹੀਆਂ ਹਨ, ਉਨ੍ਹਾਂ ਦਾ ਸਾਂਝਾ ਮੋਰਚਾ ਸਮੇਂ ਦੀ ਲੋੜ ਹੈ ਅਤੇ ਇਹ ਸੰਭਵ ਵੀ ਹੈ। ਇਸ ਸਾਂਝੇ ਮੋਰਚੇ ਦੀ ਨਿਰਮਾਣ ਪ੍ਰਕਿਰਿਆ ਅਤੇ ਇਸ ਉਪਰ ਆਧਾਰਿਤ ਸਾਂਝੇ ਸੰਘਰਸ਼ਾਂ ਦੇ ਅਮਲੀ ਅਨੁਭਵ ਵਿਚੋਂ ਇਕ ਦਿਨ ਉਹ ਸਥਿਤੀ ਵੀ ਉਪਜ ਸਕਦੀ ਹੈ, ਜੋ ਉਨ੍ਹਾਂ ਸਾਰੀਆਂ ਲੋਕ-ਪੱਖੀ ਵਿਚਾਰਧਾਰਾਵਾਂ ਦੇ ਸੁਮੇਲ ਲਈ ਜ਼ਰੂਰੀ ਹੈ, ਜਿਨ੍ਹਾਂ ਵਿਚ ਮਾਰਕਸਵਾਦ ਤੇ ਅੰਬੇਦਕਰਵਾਦ ਦੇ ਸੁਮੇਲ ਦੀ ਸੰਭਾਵਨਾ ਵੀ ਮੌਜੂਦ ਹੈ।

* *

ਅੰਤ ਵਿਚ, ਇਕ ਵਾਰ ਫਿਰ ਮੈਂ ਇਹ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਮਿਹਨਤਕਸ਼ ਵਰਗਾਂ ਦੀ ਇਕ-ਜੁਟਤਾ ਅਤੇ ਵਰਤਮਾਨ ਸਮਾਜਕ-ਆਰਥਕ ਵਿਵਸਥਾ ਤੋਂ ਮੁਕਤੀ ਲਈ ਕਰਾਂਤੀਕਾਰੀ ਸੰਘਰਸ਼ ਤੋਂ ਬਿਨਾ ਦਲਿਤ ਵਰਗਾਂ ਦੀ ਜ਼ਿੰਦਗੀ ਵਿਚ ਬੁਨਿਆਦੀ ਤਬਦੀਲੀ ਸੰਭਵ ਨਹੀਂ ਹੈ। ਇਸ ਲਈ ਸਾਰੇ ਮਿਹਨਤਕਸ਼ ਵਰਗਾਂ ਦੇ ਇਕ ਸਾਂਝੇ ਸੰਘਰਸ਼ ਲਈ ਇਕ ਫੌਰੀ ਪ੍ਰੋਗਰਾਮ ਦੀ ਲੋੜ ਹੈ। ਇਸ ਪ੍ਰੋਗਰਾਮ ਉਪਰ ਆਧਾਰਤ ਸੰਘਰਸ਼ ਸਿਰਫ਼ ਸ਼ਹਿਰੀ ਕਿਸਮ ਦੀਆਂ ਬੌਧਿਕ ਬਹਿਸਾਂ ਤੱਕ ਹੀ ਸੀਮਿਤ ਨਹੀਂ ਰਹਿਣਾ ਚਾਹੀਦਾ ਕਿਉਂਕਿ ਇਸ ਦੀ ਉਨ੍ਹਾਂ ਦਿਹਾਤੀ ਖੇਤਰਾਂ ਵਿਚ ਹੋਰ ਵੀ ਵੱਧ ਲੋੜ ਹੈ, ਜਿੱਥੇ ਜਮਾਤੀ ਲੋਕ-ਆਧਾਰ ਕੁਝ ਹੱਦ ਤੱਕ ਵਿਕਸਿਤ ਹੋ ਚੁੱਕੇ ਹਨ। ਉਨ੍ਹਾਂ ਥਾਵਾਂ ਉਪਰ ਜਿੱਥੇ ਲੋਕ ਕੁਝ ਹੱਦ ਤੱਕ ਸੰਗਠਿਤ ਹੋ ਚੁੱਕੇ ਹਨ, ਜਾਤੀ ਅਤੇ ਜਮਾਤੀ ਦੋਨਾਂ ਪ੍ਰਕਾਰ ਦੇ ਸ਼ੋਸ਼ਣ ਦੇ ਤਮਾਮ ਰੂਪਾਂ ਦੇ ਵਿਰੁੱਧ ਇਕ ਜਬਰਦਸਤ ਸਾਹਿਤਕ ਅਤੇ ਸਭਿਆਚਾਰਕ ਵਿਸਫੋਟ ਤੇ ਲਹਿਰ ਦੀ ਵੀ ਲੋੜ ਹੈ। ਉਸ ਲਹਿਰ ਦੀ ਲੋੜ, ਜਿਸ ਨਾਲ ਇਕ ਤਾਂ ਉਨ੍ਹਾਂ ਨੂੰ ਆਪਣੀਆਂ ਜਥੇਬੰਦੀਆਂ ਅਤੇ ਕਾਰਕੁੰਨਾਂ ਦੇ ਅੰਦਰੋਂ ਜਾਤੀਵਾਦੀ ਜਰਮ ਹੂੰਝ ਸੁੱਟਣ ਲਈ ਮਦਦ ਮਿਲੇਗੀ ਅਤੇ ਦੂਜਾ, ਦਲਿਤ ਵਰਗਾਂ ਨੂੰ ਕਰਾਂਤੀਕਾਰੀ ਸੰਘਰਸ਼ ਦਾ ਮੁੱਖ ਆਧਾਰ ਬਣਾਉਣ ਵਿਚ ਵੀ ਸਫਲਤਾ ਹਾਸਲ ਹੋ ਸਕਦੀ ਹੈ। ਇਸ ਪ੍ਰਕਾਰ ਦੇ ਪ੍ਰੋਗਰਾਮ ਉਪਰ ਆਧਾਰਿਤ ਸਾਹਿਤਕ ਤੇ ਸਭਿਆਚਾਰਕ ਲਹਿਰ, ਜਿੱਥੇ ਮਿਹਨਤਕਸ਼ ਵਰਗਾਂ ਅੰਦਰ ਬਰਾਬਰ ਦੀ ਸਮਾਜਕ ਹੈਸੀਅਤ ਅਤੇ ਜਾਤ-ਰਹਿਤ ਚੇਤਨਾ ਪੈਦਾ ਕਰਨ ਲਈ ਇਕ ਚੰਗੀ ਅਤੇ ਸਾਰਥਕ ਪਹਿਲਕਦਮੀ ਸਿੱਧ ਹੋ ਸਕਦੀ ਹੈ, ਉੱਥੇ ਦਲਿਤ ਵਰਗਾਂ ਨੂੰ ਲਾਮਬੰਦ ਕਰਨ ਲਈ ਇਕ ਦੇਸ਼ ਵਿਆਪੀ ਮੁਹਿੰਮ ਵਿੱਢਣ ਦਾ ਰਸਤਾ ਵੀ ਖੋਲ੍ਹ ਸਕਦੀ ਹੈ।

ਉਂਜ, ਇਹ ਕੁਝ ਹੱਦ ਤੱਕ ਵਿਹਾਰਕ ਰੂਪ ਵਿਚ ਹੋ ਵੀ ਰਿਹਾ ਹੈ। ਦੇਸ਼ ਦੇ ਕਈ ਹਿੱਸਿਆਂ ਵਿਚ ਜਿੱਥੇ ਜੁਝਾਰੂ ਲੋਕ-ਸ਼ਕਤੀ ਪੈਦਾ ਹੋ ਰਹੀ ਹੈ, ਉੱਥੇ ਇਸ ਦੇ ਸਮਰਥਨ ਵਿਚ ਸਾਹਿਤਕ ਅਤੇ ਸਭਿਆਚਾਰਕ ਮੋਰਚੇ ਉਪਰ ਵੀ ਇਕ ਲਹਿਰ ਪੈਦਾ ਹੋ ਰਹੀ ਹੈ। ਇਸ ਵਿਚ ਦਲਿਤ ਵਰਗਾਂ ਅਤੇ ਗੈਰ-ਦਲਿਤ ਵਰਗਾਂ ਦੋਨਾਂ ਪ੍ਰਕਾਰ ਦੇ ਮਿਹਨਤਕਸ਼ ਵਰਗਾਂ ਵਿਚੋਂ ਪੈਦਾ ਹੋਏ ਕਰਾਂਤੀਕਾਰੀ ਯੋਧੇ ਮੋਢੇ ਨਾਲ ਮੋਢਾ ਜੋੜ ਕੇ ਜੂਝ ਰਹੇ ਹਨ ਅਤੇ ਅਨੇਕ ਸਾਹਿਤਕਾਰ ਆਪਣੀਆਂ ਕਲਮਾਂ ਨੂੰ ਸਾਮੰਤਵਾਦ ਅਤੇ ਸਾਮਰਾਜਵਾਦ ਦੇ ਸਮੇਲ

ਨਾਸ਼ ਲਈ ਨਸ਼ਤਰਾਂ ਵਾਂਗ ਚਲਾ ਰਹੇ ਹਨ। ਹਰ ਪ੍ਰਕਾਰ ਦੇ ਜਾਤੀਵਾਦੀ ਅਤੇ ਜਮਾਤੀ ਉਤਪੀੜਨ ਦੇ ਖਾਤਮੇ ਲਈ ਦਲਿਤ ਚੇਤਨਾ ਦੀ ਚੰਗਿਆੜੀ ਹਰ ਦਿਲ ਵਿਚ ਸੁਲਗਾਉਣ ਲਈ ਇਹ ਸਾਹਿਤਕਾਰ ਤੇ ਰੰਗਕਰਮੀ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ।


ਇਸ ਕਰਕੇ ਇਸ ਦਿਸ਼ਾ ਵਿਚ ਰਚਿਆ ਜਾ ਰਿਹਾ ਦਲਿਤ ਸਾਹਿਤ ਤੇ ਜੁਝਾਰੂ ਸਾਹਿਤ ਇਕ ਸ਼ਾਨਦਾਰ ਰੋਲ ਨਿਭਾ ਰਿਹਾ ਹੈ। ਇਹ ਇਕ ਹਾਂ-ਪੱਖੀ ਵਰਤਾਰਾ ਹੈ ਜੋ ਲੋਕ-ਧਾਰਾ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ ਅਤੇ ਸਾਹਿਤਕ-ਸਭਿਆਚਾਰਕ ਮੋਰਚੇ ਉਪਰ ਇਕ ਅਜੇਹਾ ਆਧਾਰ ਬਣਦਾ ਜਾ ਰਿਹਾ ਹੈ, ਜੋ ਕਰਾਂਤੀਕਾਰੀ ਅਤੇ ਅਗਾਂਹਵਧੂ ਸ਼ਕਤੀਆਂ ਨੂੰ ਇਕ-ਜੁੱਟ ਕਰਨ ਲਈ ਹਾਂ-ਪੱਖੀ ਭੂਮਿਕਾ ਨਿਭਾ ਸਕਦਾ ਹੈ। ਬੱਸ, ਆਪਣੀ ਆਪਣੀ ਨਿੱਜੀ ਸੋਚ ਦੀਆਂ ਸੌੜੀਆਂ ਤੇ ਹਉਂਵਾਦੀ ਸੀਮਾਵਾਂ ਤੋਂ ਉਪਰ ਉੱਠ ਕੇ ਸਮੂਹ ਮਿਹਨਤਕਸ਼ ਲੋਕਾਂ ਦੇ ਹਿੱਤਾਂ ਬਾਰੇ ਸੋਚਣ ਅਤੇ ਉਨ੍ਹਾਂ ਦਾ ਇਕ ਸਾਂਝਾ ਮੋਰਚਾ ਉਸਾਰਨ ਦੀ ਦਿਸ਼ਾ ਵਿਚ ਕਦਮ ਚੁੱਕੇ ਜਾਣ ਦੀ ਲੋੜ ਹੈ।

ਉਹ ਸਾਂਝਾ ਮੋਰਚਾ ਜੋ ਸਾਰੇ ਲੋਕ-ਹਿਤੈਸ਼ੀ ਸੋਚ ਰੱਖਣ ਵਾਲੇ ਲੋਕ ਚਾਹੁੰਦੇ ਹਨ। ਇਸ ਪ੍ਰਯੋਜਨ ਵਿਚ ਦਲਿਤ-ਪੱਖੀ ਬੁੱਧੀਜੀਵੀਆਂ, ਚਿੰਤਕਾਂ, ਵਿਦਵਾਨਾਂ ਅਤੇ ਸਾਹਿਤਕਾਰਾਂ ਦੀ ਇਕ ਅਹਿਮ ਭੂਮਿਕਾ ਹੋ ਸਕਦੀ ਹੈ ਅਤੇ ਸਾਂਝੇ ਮੋਰਚੇ ਲਈ ਨਵੀਂ ਪਹਿਲਕਦਮੀ ਨੂੰ ਜਨਮ ਦੇ ਸਕਦੀ ਹੈ ਕਿਉਂਕਿ ਜਾਤੀ ਪ੍ਰਥਾ ਅਤੇ ਹੋਰ ਤਮਾਮ ਲੋਕ-ਦੋਖੀ ਕਦਰਾਂ-ਕੀਮਤਾਂ, ਵਿਚਾਰਾਂ ਅਤੇ ਸੰਸਕ੍ਰਿਤੀਆਂ ਦੇ ਵਿਰੁੱਧ ਸਾਹਿਤਕ-ਸਭਿਆਚਾਰਕ ਵਿਸਫੋਟ ਤੇ ਅੰਦੋਲਨ, ਲੋਕ ਮੁਕਤੀ ਸੰਗਰਾਮ ਲਈ ਵਿਸ਼ੇਸ਼ ਅਤੇ ਸਰਵ-ਪ੍ਰਥਮ ਮਹੱਤਵ ਰੱਖਦਾ ਹੈ। ਇਸ ਲਈ ਇਸ ਖੇਤਰ ਵਿਚ ਦਲਿਤ ਸਾਹਿਤ ਵੀ ਜੁਝਾਰੂ ਸਾਹਿਤ ਵਾਂਗ ਹੀ ਇਕ ਪ੍ਰਮੁੱਖ ਭੂਮਿਕਾ ਨਿਭਾ ਸਕਦਾ ਹੈ।

Address: Prof. Harbhajan Singh 3335 Homestead Road,
Apt # 17, Santa Clara, CA 95051 U.S.A.

**ਪ੍ਰਸਿੱਧ ਗਲਪਕਾਰ ਪ੍ਰੋ. ਹਰਭਜਨ ਸਿੰਘ ਦੀ ਹਲਫ਼ਨਾਮਾ, ਮੰਜ਼ਿਲ ਤੋਂ ਉਰੇ ਉਰੇ, ਬਿਨ ਸਿੰਗੇ ਸਾਨ੍ਹ ਕਹਾਣੀ ਸੰਗ੍ਰਹਿ ਅਤੇ ਜੋ ਹਾਰੇ ਨਹੀਂ, ਮਿੱਟੀ ਜਾਏ, ਵਿੰਗ ਤੜਿੰਗੇ ਰਾਹ, ਬਲਦੇ ਸਿਵਿਆਂ ਦਾ ਸੇਕ ਨਾਵਲਾਂ ਤੋਂ ਬਾਅਦ ਨਵਾਂ ਕਹਾਣੀ ਸੰਗ੍ਰਹਿ**

**ਰੇਸ, ਕਲਾਸ ਤੇ ਜੰਗ**




ਸਮਕਾਲੀ ਪੰਜਾਬੀ ਕਹਾਣੀ ਦੇ ਫਲਕ ਉੱਤੇ ਪ੍ਰੋ. ਹਰਭਜਨ ਸਿੰਘ ਨੇ ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਅਤੇ ਪ੍ਰਬੁੱਧਤਾ ਸਮੇਤ ਪ੍ਰਵੇਸ਼ ਕੀਤਾ ਹੈ। ਉਹ ਭਾਵੇਂ ਪਰਵਾਸੀ ਹੋਂਦ ਨੂੰ ਦਰਪੇਸ਼ ਖਤਰਿਆਂ, ਵੰਗਾਰਾਂ ਅਤੇ ਭੇੜਾਂ ਦਾ ਚਿਤਰਣ ਕਰ ਰਿਹਾ ਹੋਵੇ, ਭਾਵੇਂ ਅਮਰੀਕੀ ਜੀਵਨ ਜਾਚ ਦੀਆਂ ਅਦ੍ਰਿਸ਼ਟ ਪਰਤਾਂ ਨੂੰ ਉਚੇੜ ਉਸਦੀਆਂ ਅਲਾਮਤਾਂ ਪਕੜ ਰਿਹਾ ਹੋਵੇ ਅਤੇ ਭਾਵੇਂ ਅਮਰੀਕੀ ਸਾਮਰਾਜ ਦੀਆਂ ਨਿਹੱਕੀਆਂ ਜੰਗਾਂ ਦੀ ਗੱਲ ਕਰ ਰਿਹਾ ਹੋਵੇ ਉਸਦੀ ਕਹਾਣੀ ਸਪਸ਼ਟ ਤੇ ਵੰਗਾਰਵੀਂ ਹੁੰਦੀ ਹੈ। ਉਸਨੇ ਆਪਣੇ ਥੀਮ ਨੂੰ ਐਨਕੋਡ ਕਰਨ ਲਈ ਨਵੇਂ ਗਲਪੀ ਮੈਟਾਫਰ ਸਿਰਜੇ ਹਨ, ਉਸਦੀ ਕਹਾਣੀ ਦੀ ਬਿਰਤਾਂਤਕ ਰਫਤਾਰ ਤੇਜ਼ ਹੁੰਦੀ ਹੈ। ਇਸੇ ਕਰਕੇ ਉਸਦੇ ਪੈਗਾਮ ਨੂੰ ਡੀਕੋਡ ਕਰਨ ਲਈ ਬਿਰਤਾਂਤ ਸਰੋਤੇ ਦੀ ਉਸੇ ਪੱਧਰ ਦੀ ਭਾਗੀਦਾਰੀ ਲੋੜੀਂਦੀ ਹੈ।

**-ਡਾ. ਧਨਵੰਤ ਕੌਰ**

***ਪ੍ਰਕਾਸ਼ਕ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ*** ***ਮੁੱਲ :150, ਪੰਨੇ :151***



## ਪੁਸਤਕ ਰਿਵੀਊ /ਜੇ. ਬੀ. ਸੇਖੋਂ, ਭਗਵੰਤ ਰਸੂਲਪੁਰੀ, ਡਾ. ਜਸਵਿੰਦਰ ਬਿੰਦਰਾ

### ਸਮਾਂ : ਬਦਲਦੇ ਸਮਾਜਕ ਯਥਾਰਥ ਦੀ ਗੈਰ ਤਾਰਕਿਕ ਪੇਸ਼ਕਾਰੀ




**ਨਾਵਲਕਾਰ: ਸਵਰਨ ਚੰਦਨ**
**ਮੁੱਲ :300, ਪੰਨੇ : 295,**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

'ਸਮਾਂ' ਨਾਵਲ ਪਰਵਾਸੀ ਪੰਜਾਬੀ ਲੇਖਕ ਸਵਰਨ ਚੰਦਨ ਵਲੋਂ ਲਿਖਿਆ ਗਿਆ ਹੈ, ਜਿਸ ਵਿਚ ਰਚਨਾਕਾਰ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਪੂੰਜੀਵਾਦ ਦੇ ਵਿਸ਼ਵ-ਵਿਆਪੀ ਪ੍ਰਭਾਵ ਤੋਂ ਖੰਡਿਤ ਹੋਏ ਵਸਤੂ-ਯਥਾਰਥ ਨੂੰ ਵਡ ਆਕਾਰੀ ਬਿਰਤਾਂਤ-ਪ੍ਰਬੰਧ ਵਿਚ ਪੇਸ਼ ਕੀਤਾ ਹੈ। ਲੇਖਕ 'ਸਮੇਂ' ਦੇ ਦਾਰਸ਼ਨਿਕ ਸੰਦਰਭ ਅਧੀਨ ਬਦਲਦੇ ਸਮਾਜਕ ਯਥਾਰਥ ਨੂੰ ਅਗਰਭੂਮਿਕ ਕਰਦਾ ਹੋਇਆ, ਗਤੀਸ਼ੀਲਤਾ ਹੰਢਾਉਂਦੇ ਪੂੰਜੀਵਾਦੀ ਕਾਲ ਦੇ ਸੱਚ ਦਾ ਘਿਣਉਣਾ ਰੂਪ ਪੇਸ਼ ਕਰਨ ਦਾ ਯਤਨ ਕਰਦਾ ਹੈ।

ਰਚਨਾ ਦੀ ਬਿਰਤਾਂਤਕ ਲੋਕੇਲ ਬਰਤਾਨਵੀ ਤੇ ਭਾਰਤੀ ਸਮਾਜ ਵਿਚ ਪਿਛਲੇ ਦੋ ਦਹਾਕਿਆਂ ਤੋਂ ਖੰਡਿਤ ਹੋ ਰਹੇ ਸਮਾਜਕ ਸੰਸਕ੍ਰਿਤ ਮੁੱਲ ਪ੍ਰਬੰਧ, ਕਦਰਾਂ ਕੀਮਤਾਂ ਤੇ ਜੀਵਨ ਸ਼ੈਲੀ ਨੂੰ ਲੋੜ ਤੋਂ ਜ਼ਿਆਦਾ ਪਾਤਰਾਂ ਦੇ ਵਿਚਾਰ-ਪ੍ਰਬੰਧ ਦੇ ਮਾਧਿਆਮ ਨਾਲ ਪੇਸ਼ ਕਰਦੀ ਹੈ। ਰਚਨਾ ਦਾ ਮੁੱਖ ਪਾਤਰ ਸੁਮੇਰ ਨਵ-ਪੂੰਜੀਵਾਦ ਤੋਂ ਉਪਜੇ ਸੰਕਟਾਂ ਦਾ ਚਸ਼ਮਦੀਦ ਗਵਾਹ ਹੈ ਤੇ ਇਹਨਾਂ ਸੰਕਟਾਂ ਦੀ ਵਿਚਾਰਧਾਰਕ ਪੇਸ਼ਕਾਰੀ ਕਰਨ ਲਈ ਲੇਖਕ ਨੇ ਕਾਨਫਰੰਸਾਂ-ਸੈਮੀਨਾਰਾਂ-ਗੋਸ਼ਟੀਆਂ ਦੇ ਸਾਹਿਤਕ-ਵਰਤਾਰੇ ਨੂੰ ਆਪਣੀ ਟੈਕਸਟ ਵਿਚ ਖੁੱਲ੍ਹੀ ਥਾਂ ਦਿੱਤੀ ਹੈ। ਲੇਖਕ ਦਾ ਨਿੱਜਵਾਦੀ ਚਿੰਤਨ ਸੁਮੇਰ ਦੀ ਵਿਚਾਰਧਾਰਕ ਚੇਤਨਾ 'ਚੋਂ ਉਭਰਦਾ ਹੈ ਜਿਸ ਤਹਿਤ ਬਰਤਾਨਵੀ ਸਮਾਜ ਵਿਚ ਪੀੜ੍ਹੀ ਪਾੜੇ ਦੀ ਸਮੱਸਿਆ, ਬਦਲਦਾ ਜੀਵਨ ਯਥਾਰਥ, ਪਤੀ-ਪਤਨੀ ਦੇ ਰਿਸ਼ਤੇ ਦੀ ਤਿੜਕ, ਜਿਸਨੀ ਤੇ ਮੰਡੀਵਾਦੀ ਰੁਝਾਨ ਆਦਿ ਨੂੰ ਭਾਈਆ, ਨਿਰਪਾਲ, ਆਰਤੀ, ਮਨਦੀਪ, ਪ੍ਰੇਮ, ਅਨੁਰਾਗ ਦੀਪਾ ਆਦਿ ਪਾਤਰਾਂ ਦੇ ਵਿਚਾਰ ਤੇ ਅਨੁਭਵ-ਪ੍ਰਸੰਗ ਤਹਿਤ ਉਘਾੜਿਆ ਗਿਆ ਹੈ। ਨਾਵਲ ਵਿਚ ਲੇਖਕ ਦਾ ਔਰਤ ਦੀ ਸ਼ਖ਼ਸੀ ਆਜ਼ਾਦੀ ਤੇ ਚਿੰਤਨ, ਭਾਰਤੀ ਤੇ ਪੱਛਮੀ ਸਮਾਜਕ-ਪ੍ਰਸੰਗ, ਸਾਹਿਤਕ ਤੇ ਸਮਾਜਕ ਗਲੈਮਰਸ ਨਾਲ ਜੁੜੇ ਜਿਨਸੀ ਸਰੋਕਾਰ ਆਦਿ ਵਿਸ਼ੇ ਰਚਨਾਕਾਰ ਦੇ ਨਿੱਜੀ ਸੁਹਜ-ਸੁਆਦ ਦੀ ਪਰਿਕਰਮਾ ਤੋਂ ਬਾਹਰ ਨਹੀਂ ਨਿਕਲਦੇ। ਲੇਖਕ ਨੇ ਨਾਵਲ ਵਿਚ ਪੰਜਾਬੀ ਸਾਹਿਤ ਦੀਆਂ ਲੇਖਿਕਾਵਾਂ, ਆਲੋਚਕਾਂ, ਤੇ ਕਵੀਆਂ ਦੀ ਨਿੱਜੀ ਵਿਚਾਰਧਾਰਾ ਤੇ ਲਿਖਤਾਂ ਨੂੰ ਸਮਕਾਲੀ ਸਾਹਿਤ ਚੇਤਨਾ ਦੇ ਵਿਭਿੰਨ ਸਰੋਕਾਰਾਂ ਨਾਲ ਜੋੜ ਕੇ ਪੇਸ਼ ਕੀਤਾ ਹੈ। ਇਥੇ ਨਾਵਲ ਨਾ ਸਿਰਫ਼ ਸਾਹਿਤਕਤਾ ਪੱਖੋਂ ਕਮਜ਼ੋਰ ਹੁੰਦਾ ਹੈ ਬਲਕਿ ਭਾਸ਼ਣਨੁਮਾ ਟੈਕਸਟ ਦਾ ਰੂਪ ਧਾਰ ਕੇ ਵਿਸ਼ਵੀਕਰਨ ਦੇ ਰਟੇ-ਰਟਾਏ 'ਨੁਕਸਾਨਾਂ' ਨੂੰ ਬਿਨਾ ਕਿਸੇ ਬਿਰਤਾਂਤਕ ਤਰਕ ਤੇ ਸਾਹਿਤਕ ਵਿਵੇਕ ਤੋਂ ਪੇਸ਼ ਕਰਦਾ ਹੈ।


ਨਾਵਲ ਵਿਚ ਮਾਰਕਸਵਾਦ ਦੀ ਨਵੇਂ ਪ੍ਰਸੰਗ ਤੇ ਸਥਾਨਕ ਸੰਦਰਭਾਂ ਵਿਚ ਵਰਤੋਂ ਨੂੰ ਇਕ ਵਿਚਾਰਧਾਰਕ ਹਥਿਆਰ ਵਜੋਂ ਪੇਸ਼ ਕੀਤਾ ਗਿਆ ਹੈ ਤੇ ਖੁੱਲ੍ਹੇ ਰੂਪ ਵਿਚ 'ਬਿਨਾ ਕਿਸੇ ਠੋਸ ਘਟਨਾਵੀ ਪਰਿਪੇਖ ਤੇ ਬਿਰਤਾਂਤਕ ਨਿਆਇ ਤੋਂ ਵਿਸ਼ਵੀਕਰਨ ਦੀਆਂ ਅਖੌਤੀ ਮਿੱਥਾਂ ਨੂੰ ਨਿੰਦਿਆ ਗਿਆ ਹੈ। ਲੇਖਕ ਉਤਰ ਆਧੁਨਿਕ ਸਮਾਜ ਦੀਆਂ ਕਠੋਰ ਹਕੀਕਤਾਂ ਤੋਂ ਉਪਜੇ ਰਿਸ਼ਤਾਗਤ ਸੰਕਟ, ਸਮਾਜਕ ਹਿਲਜੁੱਲ, ਕੁੰਠਿਤ ਮਨੋ-ਯਥਾਰਥ, ਇਕੱਲਤਾ ਤੇ ਬਹੁਪਰਤੀ ਪ੍ਰਦੂਸ਼ਣ ਦੇ ਮਾਰੇ ਅਸਰਾਂ ਖਿਲਾਫ਼ 'ਪ੍ਰਗਤੀਵਾਦੀ ਸਾਹਿਤ' ਦੀ ਤਰਲ ਪੇਸ਼ਕਾਰੀ ਵਾਂਗ ਸਟੇਟਮੈਂਟਲ ਫਤਵੇ ਜਾਰੀ ਕਰਦਾ ਦਿਸਦਾ ਹੈ।

ਨਾਵਲ ਵਿਚ ਬੇਲੋੜਾ ਵਿਸਥਾਰ ਗੈਰ ਸੰਤੁਲਤ ਤੇ ਕਠਪੁਤਲੀ ਪਾਤਰ ਪ੍ਰਬੰਧ, ਗੈਰ ਪ੍ਰਸੰਗਕ

ਕਥਾ-ਵੇਰਵੇ, ਗੈਰ ਤਾਰਕਿਕ ਰਿਸ਼ਤਾ ਪ੍ਰਬੰਧ, ਅਖੌਤੀ ਯਥਾਰਥ ਚਿਤਰਨ, ਖਿਲਰਿਆ ਬਿਰਤਾਂਤ-ਪ੍ਰਬੰਧ ਭਾਸ਼ਣਨੁਮਾ ਵਾਰਤਾਲਾਪ ਗਲਪੀ ਟੈਕਸਟ ਦੀਆਂ ਮੁੱਢਲੀਆਂ ਵਿਚਾਰਧਾਰਕ ਤੇ ਸੁਹਜ ਸੰਚਾਰਤ ਲੋੜਾਂ ਨੂੰ ਖੋਰਾ ਲਾਉਂਦੇ ਤੱਤ ਹਨ।

ਰਚਨਾ ਵਿਚ ਕਈ ਪਾਤਰ ਪੰਜਾਬੀ ਸਾਹਿਤ ਵਿਚ ਲਗਾਤਾਰ ਲਿਖਣ ਵਾਲੇ ਲੇਖਕ ਹਨ, ਜਿਹਨਾਂ ਨੂੰ ਰਚਨਾਕਾਰ ਨੇ ਨਾਵਾਂ ਥਾਵਾਂ ਦੇ ਬਦਲਵੇਂ ਪ੍ਰਸੰਗ ਵਿਚ ਪੇਸ਼ ਕਰਕੇ ਕਿਸੇ ਵਿਸ਼ੇਸ਼ ਵਿਚਾਰਧਾਰਾ ਦੀ ਤਰਕਹੀਣ 'ਸੇਵਾ' ਕੀਤੀ ਹੈ। **- ਪ੍ਰੋ. ਜੇ. ਬੀ. ਸੇਖੋਂ**

**ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਚੋਣਵੀਆਂ ਕਹਾਣੀਆਂ**
**ਸੰਪਾਦਕਪ: ਬਲਦੇਵ ਸਿੰਘ 'ਬੱਦਨ'**
**ਪ੍ਰਕਾਸ਼ਕ ; ਨੈਸ਼ਨਲ ਬੁਕ ਟਰੱਸਟ, ਇੰਡੀਆ**
**ਮੁੱਲ; 175, ਪੰਨੇ; 500**




ਚੋਣਵੀਆਂ ਕਹਾਣੀਆਂ ਦੀ ਸੀਰੀਜ ਤਹਿਤ ਡਾ. ਬੱਦਨ ਨੇ ਪ੍ਰੀਤਲੜੀ ਦੀਆਂ 47 ਕਹਾਣੀਆਂ ਬਹੁਤ ਘੱਟ ਕੀਮਤ 'ਤੇ ਪਾਠਕਾਂ ਨੂੰ ਭੇਂਟ ਕੀਤੀਆਂ ਹਨ। ਇਹ ਚੋਣਵੀਆਂ ਕਹਾਣੀਆਂ ਵਿਚ ਪ੍ਰੀਤਲੜੀ ਦੀ ਕਹਾਣੀ ਕਲਾ, ਕਥਾ ਸ਼ਿਲਪ ਅਤੇ ਵਿਸ਼ਿਆ ਦੀ ਵੰਨ ਸੁਵੰਨਤਾ ਨੂੰ ਦੇਖਿਆ ਜਾ ਸਕਦਾ ਹੈ। ਗੁਰਬਖ਼ਸ਼ ਸਿੰਘ ਦਾ ਨਾਂ ਉਨ੍ਹਾਂ ਮੁੱਢਲੇ ਕਹਾਣੀਕਾਰਾਂ ਵਿਚ ਆਉਂਦਾ ਹੈ ਜਿਨ੍ਹਾਂ ਨੇ ਪੰਜਾਬੀ ਕਹਾਣੀ ਨੂੰ ਨਵੀਂ ਜ਼ਮੀਨ ਦਿੱਤੀ। ਪੁਸਤਕ ਦੇ ਆਰੰਭ ਵਿਚ ਡਾ. ਬੱਦਨ ਨੇ ਗੁਰਬਖ਼ਸ਼ ਸਿੰਘ ਨੂੰ ਪੰਜਾਬੀ ਕਹਾਣੀ ਦੇ ਹਵਾਲੇ ਨਾਲ ਸਮਝਿਆ ਹੈ। ਅਤੇ ਉਸ ਨੂੰ ਪੰਜਾਬੀ ਕਹਾਣੀ ਦਾ ਉਸ ਸਮੇਂ ਦਾ ਟਰੈਂਡ ਸੈਟਲ ਕਹਾਣੀਕਾਰ ਕਿਹਾ ਹੈ ਭਾਵੇਂ ਕਿ ਉਸ ਤੋਂ ਬਾਅਦ ਆਈਆਂ ਹੋਰ ਕਹਾਣੀਆਂ ਨੇ ਉਸ ਦਾ ਟਰੈਂਡ ਤੋੜਿਆ ਅਤੇ ਨਵਾਂ ਸਥਾਪਤ ਕੀਤਾ ਹੈ। ਟਰੈਂਡ ਟੁੱਟਣ ਨੂੰ ਪੰਜਾਬੀ ਕਹਾਣੀ ਦੇ ਵਿਕਾਸ ਮਾਡਲ ਵਜੋਂ ਦੇਖਿਆ ਗਿਆ ਹੈ।

ਪ੍ਰੀਤ ਫਲਸਫਾ ਉਸ ਦੀਆਂ ਕਹਾਣੀਆਂ ਦੀ ਚੂਲ ਹੈ, ਪਾਤਰਾਂ ਵਿਚ ਪਸਰਿਆ ਅਨੋਖਾਪਨ ਉਸ ਦੀਆਂ ਕਹਾਣੀਆਂ ਦੀ ਮੂਲ ਚੂਲ ਹੈ ਜਿਵੇਂ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦੇ ਪਾਤਰ ਮਿਸਿਜ਼ ਕਿੰਗ, ਕਪਤਾਨ, ਮਿਸਟਰ ਪ੍ਰਿੰਸ ਆਦਿ ਜਿਹੜੇ ਕਿ ਵੱਖ ਵੱਖ ਦੇਸ਼ਾਂ ਤੇ ਵੱਖ ਵੱਖ ਕਿੱਤਿਆਂ ਵਿਚੋਂ ਹਨ। 'ਕਿਹਰੂ ਦਸ ਨੰਬਰੀਆਂ', 'ਅਨੋਖੇ ਤੇ ਇਕੱਲੇ ਦੇ ਪਾਲ ਤੇ ਸ਼ੈਲੀ', 'ਜ਼ਿੰਦਗੀ ਵਾਰਸ ਹੈ', 'ਭਾਬੀ ਮੈਨਾ', 'ਕੇਸਰ ਦੀ ਗੁੱਡੀ' ਦੇ ਕੇਸਰੀ ਤੇ ਉਜਾਗਰ ਆਦਿ।


ਗੁਰਬਖ਼ਸ਼ ਦੀਆਂ ਕਹਾਣੀਆਂ ਨਾ ਸ਼ੋਸ਼ਣ ਦੇ ਖ਼ਿਲਾਫ਼ ਖੜਦੀਆਂ ਹਨ ਅਤੇ ਨਾ ਹੀ ਘਰ ਦੀ ਚਾਰਦੀਵਾਰੀ, ਕਿਸੇ ਤਰ੍ਹਾਂ ਦੀ ਮਜ਼ਬੂਰੀ ਦਾ ਜੀਵਨ ਜਿਉਂਦੀਆਂ ਹਨ। ਪ੍ਰੀਤਾਂ ਦੇ ਪਹਿਰੇਦਾਰ, ਕਿਹਰੂ ਦਸ ਨੰਬਰੀਆਂ, ਜ਼ਿੰਦਗੀ ਵਾਰਸ ਹੈ, ਰਾਧਾ, ਭਾਬੀ ਮੈਨਾ, ਉਮਾ ਤੇ ਉਸ ਦਾ ਅਨੋਖਾ ਮਾਲੀ, ਜ਼ਿੰਦਗੀ ਮੋੜੀ ਜਾ ਸਕਦੀ ਹੈ ਮੌਤ ਨਹੀਂ, ਕੰਵਲ ਕਲੀ, ਰਾਮੋਲਾ, ਮਰਦ ਦੀ ਸ਼ਤਰੰਜ ਆਦਿ ਕਹਾਣੀਆਂ ਵਿਚ ਇਹੋ ਜਿਹੀਆਂ ਇਸਤਰੀਆਂ ਚਿਤਰੀਆਂ ਗਈਆਂ ਹਨ। ਆਦਰਸ਼ਕ ਪਿਆਰ ਉਸ ਦੀਆਂ ਕਹਾਣੀਆਂ ਦਾ ਇਕ ਹੋਰ ਅੰਗ ਕਿਹਾ ਜਾ ਸਕਦਾ ਹੈ ਜਿਹੜਾ ਕਿ ਉਸ ਦੇ ਪ੍ਰੀਤ ਫ਼ਲਸਫ਼ੇ ਉਤੇ ਆਧਾਰਿਤ ਹੈ। ਖੰਡਰਾਂ ਉਤੇ ਉਸਾਰੀ, ਰੀਟਾ ਤੇ ਕਿਊਪੀ, ਰੰਗ ਸਹਿਕਦਾ ਦਿਲ, ਦੋ ਕਮੀਜ਼ਾਂ, ਰਾਧਾ, ਕੈਦੀ ਅਤੇ ਪ੍ਰੇਮ ਪੂੰਗਾਰ ਆਦਿ ਕਹਾਣੀਆਂ ਵਿਚ ਪ੍ਰੀਤ ਫ਼ਲਸਫ਼ਾ ਪ੍ਰਧਾਨ ਹੈ।

ਗੁਰਬਖ਼ਸ਼ ਦੀ ਕਹਾਣੀ ਦੀ ਇਕ ਹੋਰ ਵਿਲੱਖਣਾ ਹੈ ਕਿ ਉਹ ਕਹਾਣੀ ਵਿਚ ਮੈਂ ਪਾਤਰ ਰਾਹੀ ਸੱਚ ਦੇ ਨੇੜੇ ਲੈ ਜਾਂਦਾ ਹੈ। ਪਰ ਬਿਰਤਾਂਤਕਾਰ 'ਮੈਂ' ਪਾਤਰ ਨੂੰ ਨਹੀਂ ਬਣਨ ਦਿੰਦਾ। ਪਾਠਕ ਨੂੰ ਲੱਗਦਾ ਕਿ ਲੇਖਕ ਕਹਾਣੀ ਵਿਚ ਮਜੂਦ ਹੈ ਅਤੇ ਇਹ ਘਟਨਾ ਸੱਚਮੁੱਚ ਵਾਪਰਦੀ ਹੈ। ਮੇਰੀ ਨੰਨ੍ਹੀ ਲਿਲਾਹ, ਮੇਰਾ ਨਿਸਫਲ



ਪਿਆਰ, ਇਕ ਰੰਗ ਸਹਿਕਦਾ ਦਿਲ, ਸ਼ਬਨਮ, ਰੀਟਾ ਤੇ ਕਿਊਪੀ, ਭੂਆ ਬਰਕਤੇ ਆਦਿ ਕਹਾਣੀਆਂ ਵਿਚ ਇਹ ਸ਼ੈਲੀ ਵਧੇਰੇ ਕਾਰਗਰ ਤਰੀਕੇ ਨਾਲ ਵਰਤੀ ਹੈ। ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਵੀ ਉਹ ਆਪਣੀ ਕਹਾਣੀ ਵਿਚ ਨੰਗਿਆ ਕਰਦਾ ਹੈ। ਉਸ ਵੇਲੇ ਵਿਧਵਾ ਦੀ ਸਮੱਸਿਆ ਪ੍ਰਧਾਨ ਸੀ। 'ਵਿਧਵਾ ਵਿਆਹ' ਕਹਾਣੀ ਵਿਚ ਇਹ ਸਮੱਸਿਆ ਤੇ ਚੋਟ ਕੀਤੀ ਗਈ ਹੈ। ਜਦੋਂ ਇਨ੍ਹਾਂ ਕਹਾਣੀਆਂ ਦੀ ਰਚਨਾ ਹੋਈ ਉਦੋਂ ਕੁ ਦੇਸ਼ ਵੰਡ ਦਾ ਦੁਖਾਂਤ ਵਾਪਰਿਆ ਉਸ ਦੀਆਂ ਕਹਾਣੀਆਂ ਵਿਚ ਇਸ ਦਰਦ ਨੂੰ ਮਹਿਸੂਸ ਵੀ ਕੀਤਾ ਜਾ ਸਕਦਾ ਹੈ। 'ਸੁਬੀਨਾ ਕਿ ਮੁਬੀਨਾ' ਕਹਾਣੀ ਵਿਚ ਇਸ ਦਰਦ ਦੀ ਬਾਤ ਪਾਈ ਗਈ ਹੈ। ਉਸ ਨੇ ਦਲਿਤ ਪਾਤਰ ਤੇ ਵੀ ਕਹਾਣੀ ਦੀ ਰਚਨਾ ਕੀਤੀ, ਕਹਾਣੀ 'ਚੰਡੀ ਦਾਸ' ਵਿਚ ਪਰੋਹਿਤ ਚੰਡੀ ਦਾਸ ਤੇ ਰਾਮੀ ਧੋਬਣ ਦੇ ਪਿਆਰ ਵਿਚ ਜਾਤੀ ਆਉਂਦੀ ਹੈ। ਪਿੰਡ ਵਾਲੇ ਜਾਤੀ ਹਉਮੇ ਕਾਰਨ ਉਨ੍ਹਾਂ ਨੂੰ ਇਕ ਨਹੀਂ ਹੋਣ ਦਿੰਦੇ ਤੇ ਜਿਸ ਕਾਰਨ ਦੋਹਾਂ ਨੂੰ ਪਿੰਡ ਛੱਡਣ ਲਈ ਮਜਬੂਰ ਹੋਣਾ ਪੈਂਦਾ ਹੈ। ਇਨ੍ਹਾਂ ਸਾਰੀਆਂ ਕਹਾਣੀਆਂ ਦੇ ਅਧਿਐਨ ਰਾਹੀ ਇਹ ਕਿਹਾ ਜਾ ਸਕਦਾ ਹੈ ਕਿ ਗੁਰਬਖ਼ਸ਼ ਸਿੰਘ ਨੇ ਆਪਣੇ ਮੌਲਿਕ ਚਿੰਤਨ ਰਾਹੀ ਪੰਜਾਬੀ ਕਹਾਣੀ ਦੇ ਨਕਸ਼ ਘੜਨ ਵਿਚ ਅਹਿਮ ਭੂਮਿਕਾ ਅਦਾ ਕੀਤੀ। ਸਮਾਜਿਕ, ਨੈਤਿਕ ਅਤੇ ਧਾਰਮਿਕ ਤੇ ਰਵਾਇਤੀ ਕਦਰਾ ਕੀਮਤਾਂ ਦੀ ਥਾਂ ਨਵੀਆਂ ਕਦਰਾ ਕੀਮਤਾਂ ਨੂੰ ਕਹਾਣੀ ਰਾਹੀ ਘੜਨ ਵਿਚ ਅਹਿਮ ਰੋਲ ਅਦਾ ਕੀਤਾ।

**ਸ਼ਾਹ ਹੁਸੈਨ ਜੀਵਨ ਤੇ ਰਚਨਾ**
**ਸੰਪਾਦਕ : ਡਾ. ਨਰੇਸ਼**
**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ ਇੰਡੀਆ**
**ਮੁੱਲ : 30 ਰੁਪਏ, ਪੰਨੇ : 42**




ਇਹ ਪੁਸਤਕ ਪੰਜਾਬੀ ਸੂਫ਼ੀ ਕਵੀ ਸ਼ਾਹ ਹੁਸੈਨ ਦੇ ਜੀਵਨ ਤੇ ਰਚਨਾ ਬਾਰੇ ਬੜੀ ਮੁੱਲਵਾਨ ਪੁਸਤਕ ਹੈ। ਉਸ ਦੀ ਕਵਿਤਾ ਵੇਦਾਂਤ ਨਾਲ ਆਤਮ ਸਾਤ ਹੁੰਦੀ ਹੈ। ਉਸ ਦਾ ਜੀਵਨ ਉਸ ਦੀ ਕਵਿਤਾ ਵਿਚੋਂ ਉਭਰਦਾ ਹੈ। ਜਿਵੇਂ ਨਾਉਂ ਹੁਸੈਨ ਤੇ ਜ਼ਾਤ ਜੁਲਾਹਾ, ਗਾਲ੍ਹਾਂ ਦੇਂਦੀਆਂ ਤਾਣੀਆਂ।"

ਉਸ ਦਾ ਖ਼ਾਨਦਾਨ ਢੱਡੇ ਰਾਜਪੂਤਾਂ ਦਾ ਖ਼ਾਨਦਾਨ ਸੀ। ਅੱਗੇ ਕੁਝ ਵਿਦਵਾਨਾਂ ਦੇ ਹਵਾਲਿਆਂ ਨਾਲ ਉਸ ਦੇ ਜੀਵਨ ਬਾਰੇ ਵੇਰਵੇ ਪੇਸ਼ ਕੀਤੇ ਹਨ। ਮਰਨ ਤੋਂ ਪਹਿਲਾਂ ਮਰ ਜਾਣਾ ਉਸ ਦੀ ਕਵਿਤਾ ਦਾ ਮੂਲ ਮੰਤਰ ਹੈ। ਸ਼ਾਹ ਹੁਸੈਨ ਆਖਰੀ ਉਮਰੇ ਸ਼ਰੀਅਤ ਵੱਲ ਮੋੜਾ ਪਾਉਂਦਾ ਹੈ। ਲੇਖਕ ਨੇ ਉਹ ਭੁੱਲਾਂ ਦਾ ਜ਼ਿਕਰ ਵੀ ਕੀਤਾ ਹੈ ਕਿ ਜਿੱਥੇ ਉਸ ਦੀ ਕਵਿਤਾ ਨੂੰ ਫ਼ਾਰਸੀ ਅੱਖਰਾਂ ਤੋਂ ਗੁਰਮੁਖੀ ਅੱਖਰਾਂ ਵਿਚ ਬਦਲਣ ਸਮੇਂ ਹੋਈਆਂ ਹਨ। ਵਿਦਵਾਨਾਂ ਵੱਲੋਂ ਕੀਤੀਆਂ ਭੁੱਲ੍ਹਾਂ ਦਾ ਜ਼ਿਕਰ ਵੀ ਡਾ. ਨਰੇਸ਼ ਪ੍ਰਮਾਣਿਕ ਵੇਰਵਿਆਂ ਨਾਲ ਕਰਦਾ ਹੈ। ਵਿਦਵਾਨ ਮੁਦਾਮ ਨੂੰ ਸ਼ਰਾਬ ਪੀਣਾ ਲਿਖਦੇ ਹਨ ਜਦ ਕਿ ਸਹੀ ਨਿਰੰਤਰ ਹੈ। ਇਸੇ ਤਰ੍ਹਾਂ ਆਵਾਜ਼ੇ ਜਰਸ ਨੂੰ ਡੰਗਰਾਂ ਦੇ ਗਲ ਪਈ ਘੰਟੀ ਦੀ ਆਵਾਜ਼ ਲਿਖਦੇ ਹਨ। ਸਹੀ ਘੜਿਆਲ ਦੀ ਆਵਾਜ਼ ਹੈ। ਬੀਨਾ ਨੂੰ ਖਾਵੰਦ ਸਹੀ ਹੈ ਵੇਖਣ ਵਾਲਾ। 'ਦੀਵਾਨ ਗ਼ੁਲਾਮ ਫ਼ਰੀਦ' ਵਿਚ ਹੋਈਆਂ ਭੁੱਲਾਂ ਬਾਰੇ ਵੀ ਲੇਖਕ ਜ਼ਿਕਰ ਕਰਦਾ ਹੈ ਜਿਵੇਂ ਡਿਠੜਮ ਸ਼ਬਦ ਹੈ ਜਿਹੜਾ ਕਿ ਪੁਸਤਕ ਵਿਚ ਨਾ ਦੱਸੀਂ ਲਿਖਿਆ ਹੈ ਜਦ ਕਿ ਸਹੀ ਵੇਖਣਾ, ਵੇਖਦਾ ਹਾਂ ਤੋਂ ਹੈ। ਰੂਹੀ ਨੂੰ ਧਾਰਮਿਕ ਅਸਥਾਨ ਕਿਹਾ ਹੈ ਜਦ ਕਿ ਰੂਹ ਨਾਲ ਸੰਬੰਧਤ ਤੋਂ ਹੈ। ਲੇਖਕ ਇਹ ਦੁੱਖ ਵੀ ਪ੍ਰਗਟ ਕਰਦਾ ਹੈ ਸ਼ਾਹ ਹੁਸੈਨ ਦੀ ਕਵਿਤਾ ਦਾ ਮੂਲ ਖਰੜਾ 'ਬਹਾਰੀਆਂ' ਜਿਹੜਾ ਕਿ ਬਹਾਰ ਖਾਂ ਦਾ ਰੋਜ਼ਨਾਮਚਾ ਸੀ ਕਿਤੇ ਵੀ ਉਪਲਬਧ ਨਹੀਂ।

ਇਸ ਤੋਂ ਉਪਰੰਤ ਸ਼ਾਹ ਹੁਸੈਨ ਦੀ ਮੂਲ ਰਚਨਾ ਦਾ ਪਾਠ ਹੈ। ਜਿਹੜਾ ਕਿ 154 ਕਾਵਿ ਟੁਕੜਿਆ ਵਿਚ ਫੈਲਿਆ ਹੋਇਆ ਹੈ। ਤ੍ਰਿੰਞਣ, ਸੂਈ-ਧਾਗਾ, ਦਾਜ, ਚਰਖਾ-ਪੂਣੀ ਆਦਿ ਰੋਜ਼ਾਨਾਂ ਵਰਤੋਂ ਵਿਚ

ਆਉਣ ਵਾਲੀਆਂ ਵਸਤਾਂ ਨੂੰ ਉਹ ਆਪਣੀ ਕਵਿਤਾ ਵਿਚ ਅਧਿਆਤਮਿਕ ਅਰਥ ਦਿੰਦਾ ਹੋਇਆ ਪੇਸ਼ ਕਰਦਾ ਹੈ। ਉਸ ਦੀ ਕਵਿਤਾ ਵਿਚ ਅੰਤਾਂ ਦਾ ਰਸ ਹੈ–

'ਪਾਇਆ ਨੀਂ ਮੈਂ ਪਾਇਆ, ਨੀਂ ਮੈਂ ਆਪਣਾ ਪੀਆ ਪਾਇਆ !, ਕੁਰਸੀ ਅਰਸ਼ ਪੌਣ ਤੇ ਪਾਣੀ, ਸਭ ਮੇਂ ਆਪ ਸਮਾਇਆ।' ਸ਼ਾਹ ਹੁਸੈਨ ਦੀ ਟੈਕਸਟ ਨੂੰ ਐਨੀ ਘੱਟ ਕੀਮਤ ਤੇ ਪੜ੍ਹਨਾ ਮੁੱਲਵਾਨ ਹੈ।

**ਕਿੱਸਾ ਪੰਜਾਬ**
**ਸੰਪਾਦਕ : ਡਾ. ਹਰਿਭਜਨ ਸਿੰਘ**
**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ**
**ਮੁੱਲ : 35 ਰੁਪਏ, ਪੰਨੇ : 98**




ਪੁਨਰ ਪ੍ਰਕਾਸ਼ਤ ਇਸ ਪੁਸਤਕ ਵਿਚ ਪੰਜਾਬ ਵਿਚ ਪ੍ਰਚੱਲਤ ਕਿੱਸਿਆਂ ਨੂੰ ਰੌਚਿਕ ਕਹਾਣੀਆਂ ਦੇ ਰੂਪ ਵਿਚ ਵੱਖ ਵੱਖ ਲੇਖਕਾਂ ਨੇ ਲਿਖਿਆ ਹੈ। ਜਿਹੜੀਆਂ ਕਿ ਜਾਣਕਾਰੀ ਭਰਪੂਰ ਹਨ। ਪੰਜਾਬੀ ਵਿਚ ਕਿੱਸਾ ਕਾਵਿ ਰੂਪ ਨੂੰ ਸਭ ਤੋਂ ਵੱਧ ਹਰਮਨ ਪਿਆਰਤਾ ਮਿਲੀ। ਸਾਦਗੀ, ਸਦਾਚਾਰ, ਸੁਤੰਤਰਤਾ ਤੇ ਸੰਜਮ ਪੰਜਾਬੀ ਕਿੱਸੇ ਦੀ ਮੂਲ ਚੂਲ ਹੈ। ਇਨ੍ਹਾਂ ਕਹਾਣੀਆਂ ਵਿਚ ਵੀ ਇਹ ਲੱਛਣ ਲੱਭ ਪੈਂਦੇ ਹਨ। ਇਸ ਪੁਸਤਕ ਵਿਚ ਮੋਹਨ ਸਿੰਘ ਨੇ 'ਹੀਰ ਰਾਂਝਾ', ਗੁਰਬਖ਼ਸ਼ ਸਿੰਘ ਨੇ 'ਮਿਰਜ਼ਾ ਸਾਹਿਬਾਂ', ਅੰਮ੍ਰਿਤਾ ਪ੍ਰੀਤਮ ਨੇ 'ਸੱਸੀ ਪੁੰਨੂੰ', ਕਰਤਾਰ ਸਿੰਘ ਦੁੱਗਲ ਨੇ 'ਸੋਹਣੀ ਮਹੀਂਵਾਲ', ਸ਼ਿਵ ਕੁਮਾਰ ਨੇ 'ਪੂਰਨ ਭਗਤ' , ਡਾ. ਹਰਿਭਜਨ ਸਿੰਘ ਨੇ 'ਰਾਜਾ ਰਸਾਲੂ', ਬਲਵੰਤ ਗਾਰਗੀ ਨੇ 'ਦੁੱਲਾ ਭੱਟੀ', ਡਾ. ਦਲੀਪ ਕੌਰ ਟਿਵਾਣਾ ਨੇ 'ਜਿਊਣਾ ਮੌੜ', ਗੁਲਜ਼ਾਰ ਸਿੰਘ ਸੰਧੂ ਨੇ 'ਕੀਮਾ ਮਲਕੀ' ਆਦਿ ਕਿੱਸਿਆ 'ਤੇ ਅਧਾਰਤ ਕਹਾਣੀਆਂ ਲਿਖੀਆਂ ਹਨ।

ਉਪਰੋਕਤ ਬਿਰਤਾਂਤ ਪੰਜਾਬ ਦੀ ਧਰਤੀ ਵਿਚੋਂ ਪੈਦਾ ਹੁੰਦੇ ਹਨ। ਇਹ ਬਿਰਤਾਂਤ ਐਡੇ ਵਿਸ਼ਾਲ ਆਕਾਰ ਦੇ ਬਣਦੇ ਹਨ ਕਿ ਪੰਜਾਬੀ ਕਿੱਸਾ ਕਾਰ ਇਨ੍ਹਾਂ ਬਿਰਤਾਂਤਾਂ ਤੇ ਕਿੱਸਿਆਂ ਦੀ ਸਿਰਜਣਾ ਕਰਕੇ ਇਨ੍ਹਾਂ ਨੂੰ ਨਵੇਂ ਅਰਥ ਦੇ ਕੇ ਵਿਸ਼ਾਲ ਕਰ ਦਿੰਦੇ ਹਨ। ਇਨ੍ਹਾਂ ਕਹਾਣੀਆਂ ਵਿਚ ਲੇਖਕਾਂ ਨੇ ਲੋਕ ਨਾਇਕਾਂ ਨੂੰ ਗਲਪੀ ਰੂਪ ਵਿਚ ਢਾਲਿਆ ਹੈ। ਇਨ੍ਹਾਂ ਕਹਾਣੀਆਂ ਵਿਚ ਵਿਅਕਤੀ ਦੀ ਸੁਤੰਤਰ ਭਾਵਨਾ ਜਿਹੜੀ ਗਲਪੀ ਬਿਰਤਾਂਤ ਵਿਚ ਉਭਰਦੀ ਹੈ। ਸੁੰਦਰੀ, ਹੀਰ, ਸੱਸੀ, ਪੂਰਨ ਦੀ ਮਾਂ, ਮਲਕੀ ਨਾਰੀ ਪਾਤਰ ਵਿਦਰੋਹੀ ਸੁਰ ਵਾਲੇ ਪਾਤਰ ਹਨ। ਦੁੱਲਾ ਭੱਟੀ, ਜੀਊਣਾ ਮੌੜ ਵੀਰ ਰਸ ਭਰਪੂਰ ਬਿਰਤਾਂਤ ਹਨ। ਵਾਰਤਾਲਾਪੀ ਸ਼ੈਲੀ ਨਾਲ ਲੇਖਕ ਕਹਾਣੀ ਨੂੰ ਅੱਗੇ ਤੋਰਦੇ ਹਨ।

**ਬੇਗਮ ਫ਼ਾਤਮਾ (ਕਹਾਣੀ ਸੰਗ੍ਰਹਿ) ਭੂਰਾ ਸਿੰਘ ਕਲੇਰ**
**ਪ੍ਰਕਾਸ਼ਕ : ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਬਠਿੰਡਾ**
**ਮੁੱਲ : 60 ਰੁਪਏ, ਪੰਨੇ : 95**

ਪੰਜਾਬੀ ਦਲਿਤ ਕਹਾਣੀ ਲਿਖਣ ਵਾਲਾ ਭੂਰਾ ਸਿੰਘ ਕਲੇਰ ਮੋਢੀ ਕਹਾਣੀਕਾਰਾਂ ਵਿਚੋਂ ਹੈ। ਜਿਸ ਨੇ ਦਲਿਤ ਪਛਾਣ ਦੀ ਕਹਾਣੀ ਬੜੀ ਯਥਾਰਥਕ ਢੰਗ ਨਾਲ ਪੇਸ਼ ਕੀਤੀ। ਦਲਿਤ ਲੋਕਾਂ ਦਾ ਅਨੁਭਵ ਉਸ ਦੀਆਂ ਕਹਾਣੀਆਂ ਨੂੰ ਡੂੰਘੇ ਅਰਥ ਪ੍ਰਦਾਨ ਕਰਦਾ ਹੈ। 'ਪੰਛੀਆਂ ਦੇ ਆਲ੍ਹਣੇ' ਨਾਲ ਉਹ ਅੱਜ ਵੀ ਯਾਦ ਕੀਤਾ ਜਾਂਦਾ ਹੈ। ਪਰ ਇਸ ਪੁਸਤਕ ਦੀਆਂ 14 ਕਹਾਣੀਆਂ ਨਾਲ ਉਹ ਅੱਜ ਲਿਖੀ ਜਾ ਰਹੀ ਦਲਿਤ ਕਹਾਣੀ ਦੇ ਬਰਾਬਰ ਨਹੀਂ ਖੜ ਸਕਿਆ। ਪ੍ਰੰਤੂ ਇਨ੍ਹਾਂ ਕਹਾਣੀਆਂ ਦੀ ਆਪਣੀ ਅਹਿਮੀਅਤ ਹੈ।


'ਪਰਵਾਸੀ ਖੁਸ਼ਬੂ' ਕਹਾਣੀ ਜਾਤੀ ਪੀੜਾ ਦੀ ਕਹਾਣੀ ਹੈ ਪਰ ਪਿਆਰ ਵਿਹੂਣਾ ਕਹਾਣੀ ਦਾ ਪਾਤਰ ਆਪਣੇ ਹਿੱਸੇ ਦਾ ਪਿਆਰ ਤਲਾਸ਼ਦਾ ਹੈ। ਅੱਥਰੀਆਂ ਰੀਝਾਂ ਪਿਤਾ ਦੇ ਸੀਰੀ ਪੁਣੇ ਵਿਚ ਮਰ ਜਾਂਦੀਆਂ






ਹਨ। 'ਬੇਗਮ ਫ਼ਾਤਮਾ' ਸੰਤਾਲੀ ਦੇ ਸੰਤਾਪ ਸਮੇਂ ਮਰਦ ਦੇ ਜ਼ੁਲਮ ਦੀ ਸ਼ਿਕਾਰ ਔਰਤ ਦੀ ਕਹਾਣੀ ਹੈ। ਪਰ ਫ਼ਾਤਮਾ ਲੱਠਮਾਰ ਬਦਮਾਸ਼ਾਂ ਨਾਲ ਟੱਕਰ ਲੈਂਦੀ ਹੈ। ਕਲੇਰ ਦੀ ਕਹਾਣੀ 'ਮਿੱਟੀ' ਉਸ ਐਂਟੀ ਦਲਿਤ ਔਰਤ ਦੀ ਕਹਾਣੀ ਹੈ। ਜਿਹੜੀ ਸਵਰਨ ਮੁੰਡੇ ਨਾਲ ਪਿਆਰ ਪਾ ਕੇ ਉਹਨੂੰ ਆਰਥਿਕ ਤੌਰ ਤੇ ਤਬਾਹ ਕਰਦੀ ਹੈ। ਉਸ ਦਾ ਸੰਬੰਧ ਉਸ ਦੇ ਜਿਸਮ ਤੇ ਪੈਸੇ ਦੀ ਭੁੱਖ ਤ੍ਰਿਪਤ ਕਰਦੇ ਹਨ। ਇਹੋ ਜਿਹੀ ਜਿਸਮਾਂ ਨੂੰ ਮਾਨਣ ਵਾਲੀ ਇਕ ਹੋਰ ਦਲਿਤ ਔਰਤ ਕਰਮੋ ਦੀ ਕਹਾਣੀ 'ਸ਼ਾਮੇ ਦੀ ਹਿੰਡ' ਵਿਚ ਪੇਸ਼ ਹੋਈ ਹੈ। ਕਹਾਣੀ ਵਿਚ ਵਿਹੜਿਆਂ ਦਾ ਆਰਥਿਕ ਮੰਦਵਾੜਾ ਵੀ ਰੂਪਮਾਨ ਹੁੰਦਾ ਹੈ। ਮੰਦਹਾਲੀ ਕਿਵੇਂ ਬੰਦੇ ਨੂੰ ਜ਼ਲੀਲ ਕਰਦੀ ਹੈ ਇਹ ਕਹਾਣੀ ਕਹਿੰਦੀ ਹੈ। 'ਲਾ ਇਲਾਜ' ਕਹਾਣੀ ਦੀ ਪਾਤਰ ਧਰਮੋ ਜੋ ਚਮਿਆਰਨ ਹੈ, ਉਹ ਇਕ ਵੱਖਰਾ ਸੰਤਾਪ ਭੋਗਦੀ ਹੈ। ਵੈਲੀ ਮੁੰਡਿਆ ਦੀ ਗੱਲ ਕਹਾਣੀ 'ਸਿਰ ਉਪਰ ਵਗਦਾ ਹੜ੍ਹ' ਕਹਾਣੀ ਵਿਚ ਪੇਸ਼ ਹੋਈ ਹੈ। 'ਕੂੰਜ ਤਿਹਾਈ' ਕਹਾਣੀ ਨਾਰੀ ਸੰਵੇਦਨਾ ਨੂੰ ਪੇਸ਼ ਕਰਦੀ ਕਹਾਣੀ ਹੈ। 'ਅਸਲੀ ਦੌਲਤ' ਆਦਰਸ਼ ਮੋਹ ਦੀਆਂ ਤੰਦਾਂ ਦੀ ਕਹਾਣੀ ਹੈ। 'ਸਿਆਮੇ ਦੀ ਹਿੰਡ' ਕਹਾਣੀ ਇਹ ਕਹਿੰਦੀ ਹੈ ਕਿ ਗਰੀਬੀ ਵਿਚ ਕੋਈ ਵੀ ਕੰਮ ਅਨੈਤਕ ਜਾਂ ਬੁਰਾ ਨਹੀਂ ਹੁੰਦਾ। 'ਮਿੱਟੀ' ਕਹਾਣੀ ਦਲਿਤਾਂ ਦੇ ਸੱਚ ਨੂੰ ਬਿਆਨ ਕਰਦੀ ਹੈ। ਕਲੇਰ ਪਿਛਲ ਖੁਰੀ ਬਿਰਤਾਂਤ ਸਿਰਜਦਾ ਹੈ। ਸਜੀਵ ਦ੍ਰਿਸ਼ ਵਰਨਣ ਕਰਦਾ ਹੈ। ਸਵੈ ਜੀਵਨੀ ਮੂਲਕ ਅੰਸ਼ ਕਹਾਣੀਆਂ ਵਿਚ ਥਾਂ ਥਾਂ ਖਿਲਰੇ ਪਏ ਹਨ। ਪੇਂਡੂ ਕਾਵਿ ਮੁਹਾਵਰਾ ਉਸ ਦੀਆਂ ਕਹਾਣੀਆਂ ਦੀ ਚੂਲ ਹੈ।

**ਪਰਵੇਸ਼ (ਆਲੋਚਨਾ) ਤੇਜਵੰਤ ਮਾਨ (ਡਾ.)**
**ਪ੍ਰਕਾਸ਼ਨ : ਲਿਟਰੇਚਰ ਹਾਊਸ,ਅੰਮ੍ਰਿਤਸਰ**
**ਮੁੱਲ : 250, ਪੰਨੇ : 160**





ਪ੍ਰਸਿੱਧ ਮਾਰਕਸਵਾਦੀ ਆਲੋਚਕ ਤੇਜਵੰਤ ਮਾਨ ਦੀ ਆਲੋਚਨਾ ਦੀ ਤਾਜ਼ੀ ਪੁਸਤਕ ਹੈ। ਜਿਸ ਵਿਚ ਉਨ੍ਹਾਂ ਸਮੇਂ ਸਮੇਂ ਸਾਹਿਤ ਦੀਆਂ ਵੱਖ ਵੱਖ ਵਿਧਾਵਾ ਬਾਰੇ ਲਿਖੇ ਲੇਖ ਪ੍ਰਕਾਸ਼ਤ ਕੀਤੇ ਹਨ। ਸਮੀਖਿਆ ਲੇਖ ਪੜ੍ਹਨ ਉਪਰੰਤ ਇਹ ਬੱਝਵਾ ਪ੍ਰਭਾਵ ਬਣਦਾ ਹੈ ਕਿ ਮਾਨ ਹਾਸ਼ੀਏ ਤੇ ਧਕੇਲੇ ਲੇਖਕਾਂ ਦਾ ਗੰਭੀਰ ਨੋਟਿਸ ਲੈਂਦਿਆਂ ਉਨ੍ਹਾਂ ਦੀਆਂ ਰਚਨਾਵਾਂ ਦੇ ਮੁੱਲਵਾਨ ਅਰਥ ਤਲਾਸ਼ ਕਰਦਾ ਹੋਇਆ ਉਨ੍ਹਾਂ ਨੂੰ ਮੇਨ ਸਟਰੀਮ ਦੇ ਲੇਖਕ ਸਿੱਧ ਕਰਦਾ ਹੈ। ਅਜਿਹੀ ਸਮੀਖਿਆ ਵਿਰਲੇ ਹੀ ਸਮੀਖਿਆਕਾਰ ਕਰਦੇ ਹਨ। ਜਿਵੇਂ ਕਿ 'ਦਲਿਤ ਚੇਤਨਾ ਦੀਆਂ ਕਹਾਣੀਆਂ' ਵਾਲਾ ਲੇਖ ਹੈ। ਮੇਰੇ ਲਈ ਉਹ ਨਾਂ ਬਿਲਕੁਲ ਨਵਾਂ ਹੈ। ਜਿਸ ਨੂੰ ਮੈਂ ਕਦੇ ਪੜ੍ਹਿਆ ਹੀ ਨਹੀਂ। ਮੇਰੀ ਉਸ ਨੂੰ ਪੜ੍ਹਨ ਦੀ ਰੁਚੀ ਜਾਗੀ ਹੈ। ਇਵੇਂ ਹੀ ਜਸਪਾਲ ਮਾਨ ਦੀਆਂ ਕਹਾਣੀਆਂ ਵਾਲਾ ਲੇਖ ਹੈ। ਗੁਲਮੋਹਰ, ਪਰਸਿੰਨੀ, ਖੰਭੇ, ਕਿਰਾਏ ਵਾਲਾ ਆਦਮੀ, ਅਨ੍ਹੇਰੇ ਰਾਹ ਅਤੇ ਪੰਥ, ਸੰਗਰਾਮੀ ਪਿੰਡ ਆਦਿ ਕਿਤਾਬਾਂ ਬਾਰੇ ਤੇਜਵੰਤ ਮਾਨ ਦੀ ਪਹੁੰਚ ਬੜੀ ਸਪੱਸ਼ਟ ਤੇ ਉਸਾਰੂ ਹੈ। ਹਾਕਮ ਸੂਫੀ ਦੀ ਸੁਰੀਲੀ ਗਾਇਕੀ ਦਾ ਵਿਸ਼ਲੇਸ਼ਣ ਸਭਿਆਚਾਰਕ ਸੰਦਰਭ ਵਿਚ ਬਹੁਤ ਹੀ ਗਹਿਰ ਗੰਭੀਰ ਹੈ। ਹਾਕਮ ਸੂਫੀ ਨੇ ਪੰਜਾਬੀ ਸਭਿਆਚਾਰ ਦੇ ਬਹੁਤ ਹੀ ਨੇੜੇ ਰਹਿ ਕੇ ਗੀਤ ਲਿਖੇ ਤੇ ਗਾਏ ਹਨ।

ਪੁਸਤਕ ਦੇ ਅੰਤਲੇ ਭਾਗ ਵਿਚ ਉਨ੍ਹਾਂ ਵੱਖ ਵੱਖ ਵਿਦਵਾਨਾਂ ਤੇ ਪਰਚਿਆਂ ਨੂੰ ਲਿਖੇ ਖ਼ਤ ਪ੍ਰਕਾਸ਼ਤ

ਕੀਤੇ ਹਨ ਜਿਨ੍ਹਾਂ ਵਿਚ ਉਸ ਦੀ ਵਿਚਾਰਧਾਰਕ ਪਹੁੰਚ ਬੜੀ ਸਪੱਸ਼ਟ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ। ਉਹ ਬੇਬਾਕ ਤੇ ਬੇਲਿਹਾਜ਼ ਹੋ ਕੇ ਖ਼ਤ ਵਿਚ ਆਪਣੀ ਦ੍ਰਿਸ਼ਟੀ ਰਾਹੀਂ ਵਿਚਾਰ ਦਿੰਦੇ ਹਨ। ਪੁਸਤਕ ਵਿਚ ਉਸ ਦੇ ਕੁਝ ਸਵਾਲਾਂ ਦੇ ਉੱਤਰ ਵੀ ਉਸ ਦੀ ਬੇਬਾਕੀ ਦੀ ਬਾਤ ਪਾਉਂਦੇ ਹਨ। ਇਸ ਪੁਸਤਕ ਰਾਹੀਂ ਮਾਨ ਨੇ ਜਿਨ੍ਹਾਂ ਲੇਖਕਾਂ ਨੂੰ ਸਾਹਿਤ ਵਿਚ 'ਪਰਵੇਸ਼' ਕਰਵਾਇਆ ਹੈ ਉਨ੍ਹਾਂ ਦਾ ਸਵਾਗਤ ਹੈ।

**ਪੰਜਾਬੀ ਕਹਾਣੀ ਦੀ ਸ਼ਾਹਰਾਹ (ਕਹਾਣੀਆਂ)**
**ਸੰਪਾਦਕ; ਰਮਿੰਦਰ ਕੌਰ**
**ਪ੍ਰਕਾਸ਼ਕ; ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**
**ਮੁੱਲ; 180, ਪੰਨੇ; 176**





ਗੰਭੀਰ ਸਮੀਖਿਆ ਕਾਰ ਰਮਿੰਦਰ ਕੌਰ ਨੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੋਂ ਲੈ ਕੇ ਵਰਿਆਮ ਸੰਧੂ ਤੱਕ 16 ਕਹਾਣੀਆਂ ਨੂੰ ਇਸ ਪੁਸਤਕ ਵਿਚ ਸੰਪਾਦਤ ਕੀਤਾ ਹੈ। ਜਿਹੜੀਆਂ ਹੁਣ ਤੱਕ ਕਿਸੇ ਨਾ ਕਿਸੇ ਪੱਧਰ ਤੇ ਚਰਚਾ ਦਾ ਵਿਸ਼ਾ ਬਣਦੀਆਂ ਆ ਰਹੀਆਂ ਹਨ। ਨਿਸਚੇ ਹੀ ਇਨ੍ਹਾਂ ਕਹਾਣੀਆਂ ਨੇ ਪੰਜਾਬੀ ਕਹਾਣੀ ਸੰਸਾਰ ਵਿਚ ਪੱਕੀਆਂ ਲੀਹਾਂ ਪਾਈਆਂ ਹਨ। ਸ਼ਾਹਰਾਹ ਬਣਾਏ ਹਨ।

ਰਮਿੰਦਰ ਕੌਰ ਨੇ ਇਨ੍ਹਾਂ ਕਹਾਣੀਆਂ ਤੋਂ ਪਹਿਲਾਂ ਇਨ੍ਹਾਂ ਕਹਾਣੀਆਂ ਦੀ ਵਿਸਤ੍ਰਿਤ ਇਕ ਪੜ੍ਹਤ ਤਿਆਰ ਕੀਤੀ ਹੈ। ਜਿਸ ਵਿਚ ਇਹ ਧਾਰਨਾ ਉਭਾਰੀ ਹੈ ਕਿ ਸਾਡੀ ਕਹਾਣੀ, ਉਹਦੀ ਦਸਾ ਦਿਸ਼ਾ, ਕਿਵੇਂ ਕੀ ਹੈ। ਪੁਸਤਕ ਵਿਚ ਭਾਬੀ ਮੈਨਾ, ਪ੍ਰੇਮੀ ਦੇ ਨਿਆਣੇ, ਰਾਸ ਲੀਲ੍ਹਾ, ਸ਼ਹਿਰਜ਼ਾਦ (ਕਰਤਾਰ ਸਿੰਘ ਦੁੱਗਲ), ਝੁਮਕੇ (ਦਵਿੰਦਰ ਸਤਿਆਰਥੀ), ਮੁਰਕੀਆਂ, ਮੁਰਦੇ ਦੀ ਤਾਕਤ, ਕੋਟ ਤੇ ਮਨੁੱਖ, ਇੱਕ ਸਾਧਾਰਨ ਆਦਮੀ, ਹਾਰ ਗਿਐਂ ਰਤਨਿਆਂ (ਗੁਰਦਿਆਲ ਸਿੰਘ), ਬੁੱਤ ਸ਼ਿਕਨ, ਉਹ ਸੋਚਦੀ, ਘੋਟਨਾ, ਡੈੱਡ ਲਾਈਨ, ਓਪਰਾ ਮਰਦ, ਕੁਰਾਹੀਆਂ ਆਦਿ ਸ਼ਾਮਿਲ ਕੀਤੀਆਂ ਹਨ। ਘੱਟ ਚਰਚਿਤ ਕਹਾਣੀਆਂ ਦੇ ਨਾਲ ਉਨ੍ਹਾਂ ਦੇ ਲੇਖਕਾਂ ਦੇ ਨਾਂ ਪਾਠਕਾਂ ਦੀ ਸਹੂਲਤ ਲਈ ਲਿਖ ਦਿੱਤੇ ਹਨ। ਬਾਕੀ ਕਹਾਣੀਆਂ ਨਿਸਚੇ ਹੀ ਬਹੁਤ ਚਰਚਿਤ ਹਨ। ਚਾਹੇ ਉਨ੍ਹਾਂ ਦਾ ਕਾਰਨ ਸਲੇਬਸ ਵਿਚ ਲੱਗੀਆਂ ਹੋਣ ਕਰਕੇ ਹੈ ਜਾਂ ਦੂਜਾ।

ਆਪਣੇ ਲੇਖ ਵਿਚ ਰਮਿੰਦਰ ਕੌਰ ਨੇ ਕਹਾਣੀ ਦੇ ਜਨਮ ਤੋਂ ਆਪਣੀ ਗੱਲ ਆਰੰਭ ਕੀਤੀ ਹੈ। ਈਸਾਈ ਪ੍ਰਚਾਰਕਾਂ ਦਾ ਯੋਗਦਾਨ, ਜਿਨ੍ਹਾਂ ਦੇ ਯਤਨਾਂ ਨਾਲ ਕਹਾਣੀ ਦੇ ਬਿਰਤਾਂਤਕ ਖਾਕੇ ਉਭਰਦੇ ਹਨ। ਉਹ ਪੰਜਾਬੀ ਕਹਾਣੀ ਨੂੰ ਪੱਛਮੀ ਵਿਰਸੇ ਵਿਚੋਂ ਲੱਭਣ ਦੀ ਗੱਲ ਵੀ ਕਰਦੇ ਹਨ। ਅੱਗੇ ਕਹਾਣੀ ਦੇ ਤੱਤਾਂ ਨੂੰ ਵੇਦਾਂ, ਪੁਰਾਣਾ ਤੇ ਉਪਨਿਸ਼ਦਾਂ ਵਿਚ ਲੱਭਿਆ ਹੈ। ਇੰਜ ਉਨ੍ਹਾਂ ਪੰਜਾਬੀ ਕਹਾਣੀ ਨੂੰ ਇਤਿਹਾਸ ਨਾਲ ਜੋੜਿਆ ਹੈ। ਪਰ ਜਦੋਂ ਕਹਾਣੀ ਜਨਮੀ ਉਹ ਇਕ ਉਦੇਸ਼ ਲੈ ਕੇ ਪਾਠਕਾਂ ਦੇ ਸਾਹਮਣੇ ਆਈ। ਜਿਸ ਦਾ ਮੁੱਖ ਪਾਤਰ ਨਾਇਕ ਹੁੰਦਾ ਸੀ ਅਤੇ ਜਿਸ ਦੇ ਵਿਚ ਮੌਕਾ ਮੇਲ ਝਲਕਦਾ ਸੀ। ਅੱਗੇ ਰਮਿੰਦਰ ਹੁਰਾਂ ਕਹਾਣੀ ਦੇ ਅਕਾਰ ਦੀ ਗੱਲ ਕੀਤੀ ਹੈ ਅਤੇ ਦੀਗਰ ਕਾਲੀ ਫ਼ਿਤਰਤ ਨੂੰ ਪਕੜਨ ਵਾਲੀ ਕਹਾਣੀ ਦਾ ਜ਼ਿਕਰ ਵੀ ਕੀਤਾ ਹੈ। ਅੱਜ ਦੀ ਕਹਾਣੀ ਨਾਇਕ ਜਾਂ ਖਲਨਾਇਕ ਨਹੀਂ ਉਭਾਰਦੀ ਸਗੋਂ ਹਾਲਾਤ ਦੇ ਸੱਚ ਨਾਲ ਖੜਦੀ ਹੈ। ਕਹਾਣੀ ਅਰਥ ਨਹੀਂ ਅਰਥ ਸਿਰਜਣ ਵਾਲੀ ਵਿਧਾ ਹੈ। ਅੱਗੇ ਉਨ੍ਹਾਂ ਨਵੇਂ ਕਹਾਣੀਕਾਰਾਂ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਹੈ ਕਿ ਕਹਾਣੀ ਤਕਨੀਕ ਵਿਚ ਨਵੇਂ ਪੱਖਾਂ ਦੇ ਰੂਬਰੂ ਹੁੰਦੀ ਹੈ। ਇੰਜ ਕਹਾਣੀਆਂ ਦੇ ਹਵਾਲਿਆਂ ਨਾਲ ਪੰਜਾਬੀ ਕਹਾਣੀ ਦੀ ਨਿਸ਼ਾਨਦੇਹੀ ਕੀਤੀ ਹੈ। ਕਹਾਣੀ ਦੀ ਸ਼ਾਹਰਾਹ ਤੇ ਤੁਰਨ ਵਾਲੇ ਨਵੇਂ ਕਹਾਣੀਕਾਰਾਂ ਵਾਸਤੇ ਇਕ ਮੁੱਲਵਾਨ ਪੁਸਤਕ ਹੈ।




**ਪੰਜਾਬੀ ਲੋਕ-ਵਿਸ਼ਵਾਸ ਸਮਾਜਿਕ ਪਰਿਪੇਖ**
**ਸੰਪਾਦਕ : ਡਾ. ਦਰਿਆ**
**ਪ੍ਰਕਾਸ਼ਕ : ਕ੍ਰਿਸਚੀਅਨ ਇੰਸਟੀਚਿਊਟ ਫਾਰ ਰਿਲੀਜਨ ਸਟੱਡੀਜ਼**
**ਵਿਕਰੇਤਾ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**
**ਮੁੱਲ : 180, ਪੰਨੇ : 168**




ਇਹ ਪੁਸਤਕ ਉਪਰੋਕਤ ਇੰਸਟੀਚਿਊਨ ਵੱਲੋਂ ਕਰਵਾਏ ਸੈਮੀਨਾਰ ਸਮੇਂ ਪੜ੍ਹੇ ਪਰਚਿਆਂ ਦੀ ਸੰਪਾਦਤ ਪੁਸਤਕ ਹੈ। ਇਨ੍ਹਾਂ ਪਰਚਿਆਂ ਵਿਚ ਕਿਸਾਨੀ, ਘਰ, ਜਾਦੂ-ਟੂਣੇ, ਮੌਤ, ਲੋਕ ਚਿਕਿਤਸਾ, ਸਰਪ ਪੂਜਾ ਆਦਿ ਮੁੱਦਿਆ ਦੇ ਸੰਬੰਧ ਵਿਚ ਲੋਕ ਧਾਰਾਈ ਜਾਵੀਏ ਤੋਂ ਪਰਖ ਪੜਚੋਲ ਕੀਤੀ ਹੈ। ਇਨ੍ਹਾਂ ਪਿੱਛੇ ਲੁਕੇ ਲੋਕ ਵਿਸ਼ਵਾਸ਼ ਭਰਵੇ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੇ ਹਨ। ਡਾ. ਭੁਪਿੰਦਰ ਸਿੰਘ ਖਹਿਰਾ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਲੋਕ ਵਿਸ਼ਵਾਸ ਤੇ ਧਰਮ ਨਾਲ ਜੁੜੇ ਪ੍ਰਸੰਗ ਵਰਣਨ ਕੀਤੇ ਹਨ। ਪੁਸਤਕ ਵਿਚ 16 ਲੇਖ ਹਨ। ਲੇਖਕਾਂ ਨੇ ਲੋਕਾਂ ਵਿਚ ਵਿਚਰ ਕੇ ਤੱਥ ਤੇ ਅੰਕੜੇ ਇਕੱਤਰ ਕਰਕੇ ਆਪਣੀਆਂ ਕੁਝ ਧਾਰਨਾਵਾਂ ਪੇਸ਼ ਕੀਤੀਆਂ ਹਨ। ਜਿਨ੍ਹਾਂ ਰਾਹੀਂ ਅਸੀਂ ਪੰਜਾਬੀ ਲੋਕ ਵਿਸ਼ਵਾਸ ਨਾਲ ਜੁੜੇ ਪ੍ਰਸੰਗਾ ਦਾ ਵਿਸ਼ਲੇਸ਼ਣ ਕਰ ਸਕਦੇ ਹਾਂ।

ਪਰਮਜੀਤ ਸਿੰਘ ਢੀਂਗਰਾ ਨੇ 'ਲੋਕ ਵਿਸ਼ਵਾਸਾਂ ਦੀ ਚਿਹਨਕਾਰੀ' ਤਹਿਤ ਸੂਰਜ, ਚੰਦ, ਸ਼ਨੀ, ਮੰਗਲ ਨਿੰਮ, ਨਾਰੀਅਲ ਤੇ ਹੋਰਨਾਂ ਨਾਲ ਜੁੜੇ ਲੋਕ ਵਿਸ਼ਵਾਸ ਦਾ ਵਰਨਣ ਕੀਤਾ ਹੈ। ਡਾ. ਦਰਿਆ ਨੇ 'ਪੰਜਾਬੀ ਲੋਕ ਵਿਸ਼ਵਾਸ ਦਾ ਵਿਗਿਆਨਕ ਵਿਸ਼ਲੇਸ਼ਣ ਕੀਤਾ ਹੈ। ਡਾ. ਰੁਪਿੰਦਰਜੀਤ ਗਿੱਲ, ਮਨਦੀਪ ਕੌਰ ਬੁੱਟਰ, ਸਿਧਾਰਥ ਕੁਮਾਰ, ਆਤਮਾ ਸਿੰਘ, ਗੁਰਵੰਤ ਸਿੰਘ, ਪਰਮਜੀਤ ਕੌਰ, ਹਰਜਿੰਦਰ ਸਿੰਘ, ਜਗਦੀਪ ਸਿੰਘ ਗਿੱਲ, ਡਾ. ਸੁਸ਼ੀਲ ਸ਼ਰਮਾ, ਅਨੁਰਾਧਾ, ਦਵਿੰਦਰ ਕੌਰ ਘੁਮਾਣ ਦੇ ਜਾਦੂ ਚਿਕਿਤਸਾ, ਕਰਵਾ ਚੌਥ, ਲੋਕ ਧਰਮ, ਖੂਹਾ, ਮੌਤ ਦਰਵਾਜ਼ਿਆਂ, ਕਿਰਸਾਨੀ, ਅਨੁਸ਼ਾਠਾਨਿਕ, ਸਰਪ ਪੂਜਾ ਸਮਾਜ ਆਦਿ ਨਾਲ ਜੁੜੇ ਲੋਕ ਵਿਸ਼ਵਾਸ ਦਾ ਵਿਸਥਾਰ ਨਾਲ ਅਧਿਐਨ ਕੀਤਾ ਗਿਆ ਹੈ। ਪੰਜਾਬੀ ਸਭਿਆਚਾਰ ਨੂੰ ਸਮਝਣ ਲਈ ਇਹ ਬਹੁਤ ਹੀ ਮੁੱਲਵਾਨ ਤੇ ਗੰਭੀਰ ਪੁਸਤਕ ਹੈ।

**ਪੰਜਾਬੀ ਲੋਕ ਧਰਮ ਆਧੁਨਿਕ ਪਰਿਪੇਖ**
**ਸੰਪਾਦਕ : ਦਰਿਆ (ਡਾ.)**
**ਪ੍ਰਕਾਸ਼ਕ : ਕ੍ਰਿਸਚੀਅਨ ਇੰਸਟੀਚਿਊਟ ਫਾਰ ਰਿਲੀਜਨ ਸਟੱਡੀਜ਼**
**ਵਿਕਰੇਤਾ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**
**ਮੁੱਲ : 120 ਰੁਪਏ, ਪੰਨੇ : 111**





ਉਪਰੋਕਤ ਵਿਸ਼ੇ 'ਤੇ ਕਰਵਾਏ ਸੈਮੀਨਾਰ ਦੌਰਾਨ ਪੜ੍ਹੇ ਪਰਚਿਆ ਤੇ ਅਧਾਰਿਤ ਪੁਸਤਕ ਹੈ। ਪੰਜਾਬੀ ਲੋਕ ਧਰਮ ਤੇ 8 ਪਰਚੇ ਪੁਸਤਕ ਵਿਚ ਸ਼ਾਮਿਲ ਹਨ। ਜਿਨ੍ਹਾਂ ਰਾਹੀਂ ਵਿਦਵਾਨ ਸੱਜਣਾਂ ਨੇ ਲੋਕ ਧਰਮ ਦਾ ਬਹੁਪੱਖੀ ਵਿਸ਼ਲੇਸ਼ਣ ਕੀਤਾ ਹੈ। ਡਾ. ਗੁਰਮੀਤ ਸਿੰਘ ਨੇ ਲੋਕ ਧਰਮ ਦੇ ਸਿਧਾਂਤਕ ਪੱਖਾਂ ਤੇ ਰੋਸ਼ਨੀ ਪਾਉਂਦਿਆਂ ਧਰਮ ਨੂੰ ਟੋਟਮ ਵਿਚੋਂ ਪੈਦਾ ਹੋਇਆ ਦੱਸਿਆ ਹੈ। ਉਨ੍ਹਾਂ ਨੇ ਆਦਿਮ ਕਾਲੀਨ ਮਨੁੱਖ ਦੇ ਧਰਮ ਨੂੰ ਟੋਟਮ ਨਾਲ

ਜੋੜਦਿਆਂ ਇਸ ਨੂੰ ਮਨੁੱਖ ਦੀਆਂ ਮੁੱਢਲੀਆਂ ਜ਼ਰੂਰਤਾਂ ਵਿਚੋਂ ਪੈਦਾ ਹੋਇਆ ਦੱਸਿਆ।

ਡਾ. ਦਰਿਆ ਨੇ ਆਪਣੇ ਲੇਖ ਵਿਚ ਆਧੁਨਿਕਤਾ ਦੇ ਪ੍ਰਸੰਗ ਵਿਚ ਲੋਕ ਧਰਮ ਦੀ ਗੱਲ ਕੀਤੀ ਹੈ। ਉਨ੍ਹਾਂ ਸਮਾਜ ਮਨੋਵਿਗਿਆਨਕ ਆਧਾਰਾਂ ਦੇ ਪ੍ਰਸੰਗ ਵਿਚ ਲੋਕ ਧਰਮ ਦੀ ਗੱਲ ਕੀਤੀ। ਉਨ੍ਹਾਂ ਉਹ ਹਵਾਲੇ ਦਿੱਤੇ ਹਨ ਜਿਨ੍ਹਾਂ ਵਿਚ ਮਾਨਸਿਕ ਬਿਮਾਰੀਆਂ ਤੋਂ ਪੀੜਤ ਵਿਅਕਤੀਆਂ ਦੇ ਲੋਕ ਧਾਰਮਿਕ ਅਨੁਸ਼ਠਾਨਾਂ ਰਾਹੀਂ ਇਲਾਜ਼ ਕੀਤੇ ਗਏ। ਡਾ. ਗੁਰਮੀਤ ਸਿੰਘ ਨੇ ਆਪਣੇ ਲੇਖ ਵਿਚ ਸਿੱਖ ਮਤ ਨੂੰ ਲੋਕ ਧਰਮ ਦੇ ਪ੍ਰਸੰਗ ਵਿਚ ਵਿਚਾਰਿਆ ਹੈ। ਸਿਧਾਰਥ ਕੁਮਾਰ ਨੇ ਲੋਕ ਧਰਮ ਰੂਪ ਜਗਰਾਤਾ ਦਾ ਵਿਸ਼ਲੇਸ਼ਣ ਕੀਤਾ ਹੈ। ਮਨਦੀਪ ਬੁੱਟਰ ਨੇ ਵਰਤਾਂ ਦੀ ਕਥਾ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। ਪ੍ਰੋ. ਗੁਰਵੰਤ ਨੇ ਭਗਤ ਨਾਮਦੇਵ ਦੀ ਬਾਣੀ ਅਤੇ ਦਲਿਤ ਸਮਾਜ ਵਿਚ ਲੋਕ ਧਾਰਮਿਕ ਚੇਤਨਾ ਬਾਰੇ ਗੱਲ ਕੀਤੀ ਹੈ। ਆਤਮਾ ਸਿੰਘ ਨੇ ਦਲਿਤ ਸਮਾਜ ਅਤੇ ਲੋਕ ਧਰਮ, ਸਮਾਜ ਦੇ ਵਹਿਮਾਂ ਭਰਮਾਂ ਬਾਰੇ ਜਾਣਕਾਰੀ ਦਿੱਤੀ ਹੈ। ਪ੍ਰੋ. ਹਰਿੰਦਰ ਸੋਹਲ ਦਾ 'ਪੰਜਾਬੀ ਲੋਕ ਬੋਲੀਆਂ ਵਿਚ ਲੋਕ ਧਰਮ' ਵੀ ਚੰਗਾ ਲੇਖ ਹੈ।

**ਗੁਰਬਚਨ ਸਿੰਘ ਭੁੱਲਰ ਕੀ ਚੁਨਿੰਦਾ ਕਹਾਣੀਆਂ**
**ਸੰਪਾਦਨ ਤੇ ਅਨੁਵਾਦ ਡਾ. ਜਸਵਿੰਦਰ ਕੌਰ ਬਿੰਦਰਾ**
**ਪ੍ਰਕਾਸ਼ਕ ਵਾਣੀ ਪ੍ਰਕਾਸ਼ਨ, ਦਰਿਆਗੰਜ, ਦਿੱਲੀ**
**ਮੁੱਲ 200 ਰੁਪਏ, ਪੰਨੇ 164**




ਸਾਹਿਤ ਅਕਾਦਮੀ ਐਵਾਰਡ ਜੇਤੂ ਗੁਰਬਚਨ ਸਿੰਘ ਭੁੱਲਰ ਦੀਆਂ 20 ਚੋਣਵੀਆਂ ਕਹਾਣੀਆਂ ਦਾ ਅਨੁਵਾਦ ਪੰਜਾਬੀ ਦੇ ਪ੍ਰਬੁੱਧ ਸਮੀਖਿਆਕਾਰ ਤੇ ਅਨੁਵਾਦਕ ਜਸਵਿੰਦਰ ਕੌਰ ਹੁਰਾਂ ਨੇ ਬੜੀ ਮਿਹਨਤ ਨਾਲ ਕੀਤਾ ਹੈ। ਭੁੱਲਰ ਪੰਜਾਬੀ ਦਾ ਅਜਿਹਾ ਕਹਾਣੀਕਾਰ ਹੈ ਜਿਸ ਨੇ ਆਪਣੀਆਂ ਮੁਢਲੀਆਂ ਕਹਾਣੀਆਂ ਵਿਚ ਮਾਲਵਈ ਖਿੱਤੇ ਦਾ ਕਾਵਿ ਮੁਹਾਵਰਾ ਬੜੀ ਵਿਲੱਖਣਤਾ ਨਾਲ ਵਰਤਿਆ ਹੈ। ਫਿਰ ਉਸ ਨੇ ਦਿੱਲੀ ਵਰਗੇ ਮਹਾਂਨਗਰੀ ਬਿਰਤਾਂਤ ਨੂੰ ਵੀ ਆਪਣੀਆਂ ਕਹਾਣੀਆਂ ਵਿਚ ਵਰਤ ਕੇ ਕਹਾਣੀ ਕਲਾ ਦਾ ਲੋਹਾ ਮਨਵਾਇਆ। ਸਮਾਜਿਕ ਭ੍ਰਤੀਆਂ ਨੂੰ ਨੇੜੇ ਤੋਂ ਘੋਖਣ ਲਈ ਉਸਨੇ ਮਰਕਸੀ ਚਿੰਤਨ ਰਾਹੀਂ ਕਹਾਣੀਆਂ ਦਾ ਬਿਰਤਾਂਤ ਸਿਰਜਿਆ।

'ਮੈਂ ਕੌਣ ਹੂੰ' (ਕੀ ਜਾਣਾ ਮੈਂ ਕੌਣ) ਕਹਾਣੀ ਪੰਜਾਬ ਸੰਕਟ ਦੇ ਸੰਤਾਪ ਦੇ ਗਹਿਰੇ ਅਰਥ ਸਿਰਜਦੀ ਹੈ। ਕਹਾਣੀ ਵਿਚ ਦੁਖਾਂਤ ਇਹ ਕਿ ਪੰਡਤਾਂ ਦਾ ਮੁੰਡਾ ਸ਼ਾਮਾ ਪੱਗ-ਦਾੜ੍ਹੀ ਕਰਕੇ ਸਿੱਖ ਕੱਟੜਪੰਥੀਆਂ ਹੱਥੋਂ ਮਾਰਿਆ ਜਾਂਦਾ ਹੈ ਅਤੇ ਜਦ ਕਿ ਸਿੱਖਾਂ ਦਾ ਮੁੰਡਾ ਪੱਗ ਦਾੜ੍ਹੀ ਨਾ ਹੋਣ ਕਰਕੇ ਆਪਣੇ ਹੀ ਸਿੱਖ ਭਰਾਵਾਂ ਹੱਥੋਂ ਮਾਰਿਆ ਜਾਂਦਾ ਹੈ। ਮਨੁੱਖੀ ਵੇਸ਼-ਭੂਸ਼ਾ ਤੇ ਪਹਿਰਾਵਾਂ ਹੀ ਮਨੁੱਖ ਦੀ ਪਛਾਣ ਬਣ ਕੇ ਰਹਿ ਗਿਆ ਹੈ। ਮਜ਼ਬੀ ਭਾਵਨਾਵਾਂ ਦਾ ਕੱਟੜਪੰਥੀ ਰੂਪਾਂਤ੍ਰਣ ਬੜੀ ਸਮਰੱਥਾ ਨਾਲ ਹੋਇਆ ਹੈ। 'ਦੋ ਜਣੇ' ਕਹਾਣੀ ਬੁਜ਼ਰਗ ਦੀ ਇਕੱਲਤਾ ਦੀ ਕਹਾਣੀ ਹੈ। ਰਿਸ਼ਤਿਆਂ ਵਿਚ ਆ ਰਹੀ ਖੜੋਤ ਤੇ ਲਹੂ ਦਾ ਪਾਣੀ ਬਣਨ ਦੀ ਕਹਾਣੀ ਹੈ। ਜਿੱਥੇ ਬਜ਼ੁਰਗ ਆਪਣੀ ਇਕੱਲਤਾ ਭਰਨ ਲਈ ਆਪਣੇ ਪੁੱਤਰ-ਪੋਤੇ ਦੀ ਬਜਾਏ ਇਕੱਲਤਾ ਪਾਲਤੂ ਕੁੱਤਿਆ ਰਾਹੀ ਭਰਦਾ ਹੈ। ਉਹ ਕੁੱਤਾ ਜਿਹੜਾ ਕਿ ਘਰ ਲਈ ਸਟੇਟਸ ਸਿੰਬਲ ਦਾ ਪ੍ਰਤੀਕ ਹੈ ਪਰ ਬਜ਼ੁਰਗ ਲਈ ਜਿਊਣ ਦਾ ਸਾਧਨ। 'ਛੋਟੀ ਕਢਾਈ ਵਾਲਾ ਸੂਟ' (ਨਿੱਕੀ ਬੂਟੀ ਦਾ ਸੂਟ) ਕਹਾਣੀ ਭੂਆ ਤੇ ਭਤੀਜੇ ਦੇ ਰਿਸ਼ਤੇ ਦੀ ਕਹਾਣੀ ਹੈ



ਜਿਸ ਵਿਚ ਸ਼ਹਿਰੀ ਮੱਧਵਰਗੀ ਭਤੀਜੇ ਦਾ ਆਪਣੀ ਭੂਆ ਪ੍ਰਤੀ ਮੋਹ ਨੂੰ ਬੜੀ ਸਹਿਜਤਾ ਨਾਲ ਚਿਤਰਿਆ ਹੈ। ਭਤੀਜੇ ਦੀ ਆਮਦਨ ਬੱਝਵੀ ਹੋਣ ਕਰਕੇ ਉਹ ਭੂਆ ਵੱਲੋਂ ਮੰਗੇ ਪੈਸਿਆ ਲਈ ਨਾਂਹ ਵੀ ਨਹੀਂ ਕਰਦਾ ਪਰ ਹਾਂ ਵੀ ਨਹੀਂ ਕਰ ਸਕਦਾ। ਕਹਾਣੀ 'ਦੀਏ ਜੈਸੀ ਜਲਤੀ ਆਂਖ' (ਦੀਵੇਂ ਵਾਂਗ ਬਲਦੀ ਅੱਖ) ਰਿਸ਼ਤਿਆਂ ਦੀ ਬਾਤ ਪਾਉਂਦੀ ਕਹਾਣੀ ਹੈ। ਜਿਸ ਵਿਚ ਮੈਂਗਲ ਤੇ ਮਹਿੰਦਰੋ ਜੋ ਜੇਠ-ਭਰਜਾਈ ਹਨ ਪਰ ਉਹ ਪ੍ਰੇਮੀ ਪ੍ਰੇਮਿਕਾ ਵਰਗਾ ਵਿਹਾਰ ਕਰਦੇ ਹਨ। ਮੈਂਗਲ ਦੀ ਭਰਜਾਈ ਉਹਦਾ ਵਿਆਹ ਤਾਂ ਚਹੁੰਦੀ ਹੈ ਪਰ ਵਿਚਕਾਰ ਭਾਨੀ ਵੀ ਮਾਰਦੀ ਹੈ। ਇਸ ਪਿੱਛੇ ਜ਼ਮੀਨ ਦੀ ਵੰਡ ਦੀ ਮਨੋ ਗੁੰਝਲ ਹੈ। ਕਹਾਣੀ ਉਦੋਂ ਸਿਖਰ ਤੇ ਪਹੁੰਚਦੀ ਹੈ ਜਦੋਂ ਮੈਂਗਲ ਆਪਣੀ ਭਰਜਾਈ ਦੇ ਮੁੰਡੇ ਗੁਰਜੰਟ ਨੂੰ ਗੋਦੀ ਲੈਂਦਾ ਹੈ। ਕਹਾਣੀਕਾਰ ਦਾ ਕਮਾਲ ਇਸ ਵਿਚ ਹੈ ਕਿ ਮਹਿੰਦਰੋ ਜ਼ਮੀਨ ਹੜੱਪਣ ਲਈ ਇਹ ਚਾਲ ਤਾਂ ਚੱਲਦੀ ਹੈ ਪਰ ਉਹ ਆਪਣੇ ਜੇਠ ਨਾਲ ਸੰਬੰਧ ਨਹੀਂ ਬਣਾਉਂਦੀ। ਬਾਕੀ ਕਹਾਣੀਆਂ ਫੱਤੂ ਮਰਾਸੀ, ਖ਼ੂਨ, ਮਾਨਵ ਸ਼ਾਸਤਰ, ਅਗਨਿ ਕਲਸ ਆਦਿ ਕਹਾਣੀਆਂ ਭੁੱਲਰ ਦੀਆਂ ਪ੍ਰਤੀਨਿੱਧ ਕਹਾਣੀਆਂ ਹਨ। 'ਤੀਨ ਮੂਰਤੀਓ ਵਾਲਾ ਮਨੰਦਰ' (ਤਿੰਨ ਮੂਰਤੀਆਂ ਵਾਲਾ ਮੰਦਰ) ਕਹਾਣੀ ਵਿਚ ਜਿਵੇਂ ਇਕ ਪੁਰਸ਼ ਲਈ ਕੋਈ ਇਸਤਰੀ ਵੱਖ ਵੱਖ ਰਿਸ਼ਤਿਆਂ ਮਾਂ, ਪਤਨੀ ਤੇ ਬੇਟੀ ਦੇ ਰੂਪ ਵਿਚ ਵਿਚਰ ਸਕਦੀ ਹੈ ਉਂਜ ਹੀ ਇਕ ਔਰਤ ਲਈ ਮਰਦ ਪਿਤਾ, ਪਤੀ ਤੇ ਪੁੱਤਰ ਦੇ ਰੂਪ ਵਿਚ ਵਿਚਰਦਾ ਹੋ ਸਕਦਾ ਹੈ। ਇਸ ਪੁਸਤਕ ਵਿਚ ਭੁੱਲਰ ਦੀਆਂ ਜੋ ਬਾਕੀ ਕਹਾਣੀਆਂ ਹਨ ਉਨ੍ਹਾਂ ਦੀ ਅਹਿਮੀਅਤ ਵੀ ਇਨ੍ਹਾਂ ਜਿਕਰਯੋਗ ਕਹਾਣੀਆਂ ਵਰਗੀ ਹੈ।

ਪੁਸਤਕ ਦਾ ਅਨੁਵਾਦ ਬੜੀ ਮਿਹਨਤ ਨਾਲ ਹੋਇਆ ਹੈ। ਅਨੁਵਾਦਕਾ ਨੇ ਪਾਤਰਾਂ ਦੀਆਂ ਭਾਵਨਾਵਾਂ ਨੂੰ ਮਰਨ ਨਹੀਂ ਦਿੱਤਾ। ਇਨ੍ਹਾਂ ਕਹਾਣੀਆਂ ਦਾ ਅਨੁਵਾਦ ਕਰਦਿਆਂ ਪੰਜਾਬੀ ਮੁਹਾਵਰਾ ਕਾਇਮ ਰੱਖਿਆ ਹੈ। ਹਿੰਦੀ ਪਾਠਕਾਂ ਨੂੰ ਪੰਜਾਬੀ ਕਹਾਣੀ ਪਹੁੰਚਾਉਣ ਦਾ ਉਪਰਾਲਾ ਜ਼ਿਕਰਯੋਗ ਹੈ।

**ਕਿਸ ਪਛਾਤਾ ਸੱਚ (ਨਾਵਲਿਟ)**
**ਨਾਵਲਕਾਰ ਰਾਜਿੰਦਰ ਕੌਰ**
**ਪ੍ਰਕਾਸ਼ਕ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**
**ਮੁੱਲ 175 ਰੁਪਏ, ਪੰਨੇ 151**




ਰਾਜਿੰਦਰ ਕੌਰ ਪੰਜਾਬੀ ਕਹਾਣੀ ਦੇ ਖੇਤਰ ਵਿਚ ਸਥਾਪਤ ਨਾਂ ਹੈ। ਉਸ ਦੇ ਦੋ ਨਾਵਲਿਟਾਂ ਦੀ ਇਹ ਕਿਤਾਬ ਹੈ। ਉਸ ਵਧੇਰੇ ਕਰਕੇ ਸਹਿਰੀ ਮੱਧਵਰਗੀ ਪਰਿਵਾਰਾਂ ਬਾਰੇ ਲਿਖਿਆ ਹੈ। ਖਾਸ ਕਰਕੇ ਇਸ ਵਰਗ ਦੀ ਅਤ੍ਰਿਪਤ ਔਰਤਾਂ ਦੀ ਦੱਬੀਆਂ ਖਾਹਸ਼ਾਂ ਦੀ ਚਿਤੇਰੀ ਲੇਖਕਾ ਹੈ। ਇਨ੍ਹਾਂ ਨਾਵਲਾਂ ਵਿਚ ਵੀ ਮੱਧ ਵਰਗ ਦੀਆਂ ਔਰਤਾਂ ਦੀਆਂ ਸਮੱਸਿਆਵਾਂ ਨੂੰ ਕੇਂਦਰ ਬਿੰਦੂ ਬਣਾਇਆ ਹੈ। ਉਸ ਨੇ ਇਨ੍ਹਾਂ ਦੋ ਨਾਵਲਾਂ ਵਿਚ ਇਨ੍ਹਾਂ ਔਰਤਾਂ ਦਾ ਯਥਾਰਥਕ ਰੂਪ ਚਿਤਰਿਆ ਹੈ। ਦਿੱਲੀ ਵਰਗੇ ਮਹਾਂਨਗਰੀ ਚੇਤਨਾ ਜਿਥੇ ਮਨੁੱਖੀ ਰਿਸ਼ਤੇ ਖੁਰ ਰਹੇ ਹਨ। ਇਹ ਰਿਸ਼ਤੇ ਨਿੱਤ ਦਿਨ ਟੁੱਟਦੇ ਤੇ ਜੁੜਦੇ ਹਨ। ਬੇਗਾਨਗੀ, ਉਮਰਾਮਤਾ, ਇਕੱਲਤਾ ਹੰਢਾ ਰਹੇ ਪਾਤਰ ਨੂੰ ਮਨੋਵਿਗਿਆਨਕ ਛੋਹਾ ਨਾਲ ਚਿਤਰਿਆ ਹੈ।


ਰਜਿੰਦਰ ਕੌਰ ਦਾ ਪਹਿਲਾ ਨਾਵਲ 'ਤੇਰੇ ਲਈ ਨਹੀਂ' ਹੈ। ਇਸ ਨਾਵਲ ਦੀ ਕਹਾਣੀ ਸਵਾਤੀ ਨਾਂ ਦੀ ਕੁੜੀ ਦੁਆਲੇ ਘੁੰਮਦੀ ਹੈ। ਜਿਹੜੀ ਮੂਲ ਰੂਪ ਵਿਚ ਮਰਾਠੀ ਹੈ ਤੇਦਿੱਲੀ ਵਰਗੇ ਮਹਾਂ ਨਗਰ ਵਿਚ ਰਹਿ ਰਹੀ ਹੈ। ਉਸ ਦਾ ਪਿਤਾ ਆਪਣੀ ਪਤਨੀ ਦੇ ਮਰ ਜਾਣ ਤੇ ਕ੍ਰਿਸ਼ਨਾ ਨਾਂ ਦੀ ਬੰਗਾਲਣ ਤੀਵੀ ਨਾਲ ਸੰਬੰਧ ਬਣਾ ਲੈਂਦਾ ਹੈ। ਇਸ ਮੁੱਦੇ ਨੂੰ ਸਵਾਤੀ ਪਸੰਦ ਨਹੀਂ ਕਰਦੀ। ਉਸ ਦਾ ਪਰਿਵਾਰ ਦੁੱਖਾ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਮਾਂ ਦੀ ਲੰਮੀ ਬਿਮਾਰੀ ਹੈ, ਬਾਪ ਦਾ ਦੂਜੀ ਔਰਤ ਨਾਲ ਰਹਿਣਾ, ਚਾਰ ਭੈਣਾਂ ਦਾ ਸੰਕਟ, ਉਹਦੀ ਜ਼ਿੰਦਗੀ ਦੀ ਤਾਣੀ ਉਲਝਦੀ ਜਾਂਦੀ ਹੈ। ਇਸ ਦੌਰ ਵਿਚ ਜਦੋਂ ਉਹ ਆਪਣੀ ਪਸੰਦ ਦੇ ਮੁੰਡੇ ਨਾਲ ਜੁੜ ਨਹੀਂ ਸਕੀ ਤੇ ਇਸ ਕਮਸ਼ਕਸ਼ ਵਿਚ ਉਹ ਵਿਕਰਮ ਨਾਂ ਦੇ ਇਕ ਵਪਾਰੀ ਕਿਸਮ ਦੇ ਬੰਦੇ

ਨਾਲ ਸੰਬੰਧ ਬਣਾ ਲੈਂਦੀ ਹੈ। ਫਿਰ ਉਹ ਪੁਸਤਕਾਂ ਨਾਲ ਸਾਂਝ ਪਾਉਂਦੀ ਹੈ ਤੇ ਆਪਣੇ ਜੀਵਨ ਨੂੰ ਸੁਖਾਵਾਂ ਬਣਾਉਣ ਦਾ ਯਤਨ ਕਰਦੀ ਹੈ। ਸਵਾਤੀ ਦੀ ਟੁੱਟ ਭੱਜ ਦੀ ਕਹਾਣੀ ਇਹ ਨਾਵਲ ਕਹਿੰਦਾ ਹੈ। ਨਾਵਲ ਵਿਚ ਮਰਾਠੀ ਸਭਿਆਚਾਰ, ਭਾਸ਼ਾ ਅਤੇ ਰਸਮਾ-ਰਿਵਾਜ਼ਾਂ ਨੂੰ ਬਰੀਕੀ ਨਾਲ ਚਿਤਰਿਆ ਹੈ। ਪਿਆਰ ਵਿਹੂਣੇ ਸੰਘਰਸ਼ ਮਈ ਔਰਤ ਦੀ ਗੱਲ ਕਰਦਾ ਹੈ ਇਹ ਨਾਵਲ।

'ਆ ਪਰਤ ਚਲੀਏ' ਨਾਵਲ ਵਿਚ ਵੀ ਲੇਖਿਕਾਂ ਰਿਸ਼ਤਿਆਂ ਦੀ ਬਾਤ ਪਾਉਂਦੀ ਹੈ। ਬੋਲਡ ਤੇ ਖੁੱਲ੍ਹੇ ਮਾਹੌਲ ਨੂੰ ਚਿਤਰਿਆ ਹੈ। ਇਨ੍ਹਾਂ ਪਲ੍ਹਾਂ ਦੌਰਾਨ ਜਿਹੜੇ ਰਿਸ਼ਤੇ ਜੁੜਦੇ ਹਨ ਉਹ ਚਕਾਚੌਂਧ ਨਾਲ ਜੁੜਦੇ ਹਨ। ਫਿਰ ਜਦੋਂ ਯਥਾਰਥ ਦੇ ਰੂਬਰੂ ਹੋਣਾ ਪੈਂਦਾ ਹੈ ਤਾਂ ਇਨ੍ਹਾਂ ਰਿਸ਼ਤਿਆਂ ਵਿਚ ਤਰੇੜਾਂ ਆ ਜਾਂਦੀਆਂ ਹਨ। ਨਾਵਲ ਵਿਚ ਅਮਨ ਨਾਂ ਦਾ ਪਾਤਰ ਉਭਰ ਕੇ ਆਉਂਦਾ ਹੈ ਜਿਹੜਾ ਕਿ ਮਾਂ ਬਾਪ ਦੇ ਦਬਾਅ ਵਿਚ ਆ ਕੇ ਵਿਆਹ ਤਾਂ ਕਰਵਾ ਲੈਂਦਾ ਹੈ ਪਰ ਉਹਦੇ ਮਨ ਅੰਦਰ ਦੱਬੀਆਂ ਖਹਿਸ਼ਾ ਮਰਦੀਆਂ ਨਹੀਂ। ਜਿਸ ਕਰਕੇ ਉਹ ਆਪਣੀ ਪਤਨੀ ਅਲਕਾ ਨਾਲ ਅੰਦਰੋਂ ਜੁੜਦਾ ਨਹੀਂ। ਦੱਬੀਆਂ ਖ਼ਾਹਸ਼ਾਂ ਉਦੋਂ ਬਾਹਰ ਆਉਣ ਨੂੰ ਕਰਦੀਆਂ ਹਨ ਜਦੋਂ ਉਹ ਆਪਣੇ ਦੋਸਤਾਂ ਨੂੰ ਆਪਣੀਆਂ ਦੋਸਤ ਕੁੜੀਆਂ ਨਾਲ ਘੁੰਮਦੇ ਦੇਖਦਾ ਹੈ। ਜਿਸ ਕਰਕੇ ਉਹ ਆਪਣੇ ਦਫ਼ਤਰ ਦੀ ਅੰਜੂ ਨਾਂ ਦੀ ਕੁੜੀ ਦੀ ਨੇੜਤਾ ਕਰਨ ਲੱਗਦਾ ਹੈ। ਇਹ ਅੰਜੂ ਮੁੱਖ ਪਾਤਰ ਦੀ ਪਰਿਵਾਰਕ ਜ਼ਿੰਦਗੀ ਵਿਚ ਤ੍ਰੇੜਾ ਪੈਦਾ ਕਰਦੀ ਹੈ। ਅੰਜੂ ਨੂੰ ਧੋਖੇ ਵਿਚ ਰੱਖ ਕੇ ਅਮਨ ਉਹਦੇ ਬਹੁਤ ਕਰੀਬ ਆ ਜਾਂਦਾ ਹੈ। ਫਿਰ ਨਾਵਲ ਪ੍ਰੰਪਰਾਗਤ ਮੋੜ ਕੱਟਦਾ ਹੈ। ਅਸਲੀਅਤ ਪਤਾ ਲੱਗਣ ਤੇ ਅੰਜੂ ਮੂੰਹ ਫੇਰ ਲੈਂਦੀ ਹੈ ਤੇ ਉਹ ਆਪਣੀ ਪਤਨੀ ਵੱਲ ਪਰਤ ਆਉਂਦਾ ਹੈ। ਇਸ ਨਾਵਲ ਵਿਚ ਪਾਤਰਾਂ ਦੇ ਅੰਤਰੀਵੀਂ ਉਤਰਾਅ ਚੜ੍ਹਾਅ ਨੂੰ ਰੋਚਿਕ ਸ਼ੈਲੀ ਨਾਲ ਚਿਤਰਿਆ ਹੈ।

ਰਜਿੰਦਰ ਕੌਰ ਨੇ ਪਾਤਰਾਂ ਦੇ ਅੰਦਰਲੇ ਸੱਚ ਨੂੰ ਪਾਠਕਾਂ ਸਾਹਮਣੇ ਲੈ ਕੇ ਆਂਦਾ ਹੈ। ਲੁਕੇ ਹੋਏ ਸੱਚ ਨੂੰ ਇਨ੍ਹਾਂ ਦੋ ਨਾਵਲਾਂ ਨੇ ਫੜਨ ਦਾ ਸਫ਼ਲ ਯਤਨ ਕੀਤਾ ਹੈ। ਗੁੰਝਲਦਾਰ ਸਥਿਤੀਆਂ ਨੂੰ ਪੇਸ਼ ਕਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ, ਇਸ ਲੋੜ ਨੂੰ ਨਾਵਲਕਾਰ ਨੇ ਚੰਗੀ ਤਰ੍ਹਾਂ ਪਛਾਣਿਆ ਹੈ।

**ਏ ਕੇਹਾ ਖ਼ਾਲਿਸਤਾਨ !** (ਕਹਾਣੀਆਂ)
**ਬੀ. ਐਸ. ਬੀਰ**
**ਪ੍ਰਕਾਸ਼ਕ : ਮਹਿਰਮ ਬੁੱਕ ਕਲੱਬ, ਨਾਭਾ**
**ਮੁੱਲ : 60 ਰੁਪਏ, ਪੰਨੇ : 176**




ਕਹਾਣੀ ਖੇਤਰ ਵਿਚ ਕਾਫੀ ਦੇਰ ਤੋਂ ਸਰਗਰਮ ਬੀ.ਐਸ. ਬੀਰ ਦਾ ਇਹ ਪੰਜਾਬ ਸੰਕਟ ਤੇ ਸਿੱਖੀ ਦੇ ਦੁਖਾਂਤ ਨਾਲ ਸੰਬੰਧਤ ਕਹਾਣੀਆਂ ਦਾ ਸੰਗ੍ਰਹਿ ਹੈ। ਲੇਖਕ ਖ਼ਾਲਿਸਤਾਨ ਲਹਿਰ ਤੇ ਸਿਧਾਂਤਕ ਪੱਧਰ ਦੇ ਸਵਾਲ ਵੀ ਖੜੇ ਕਰਦਾ ਹੈ। ਉਸ ਦੇ ਪਾਤਰ ਸਿੱਖੀ ਰਹੁ ਰੀਤਾ ਵਾਲੇ ਹਨ। ਸਾਹਿਤ ਦੇ ਸੱਚ ਨੂੰ ਉਸ ਨੇ ਸਾਡੇ ਸਮਾਜ ਵਿਚ ਵਾਪਰਦੀਆਂ ਘਟਨਾਵਾਂ ਅਤੇ ਉਨ੍ਹਾਂ ਦਾ ਵਿਅਕਤੀਆਂ ਉੱਤੇ ਪਿਆ ਅਸਰ ਸਬੰਧੀ ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਦਾ ਅਸਰ ਇਤਿਹਾਸ ਦੇ ਯਥਾਰਥ ਨਾਲੋਂ ਵੱਖਰਾ ਹੈ। ਇਨ੍ਹਾਂ ਕਹਾਣੀਆਂ ਵਿਚ ਬੀਰ ਨੇ ਪੰਜਾਬੀਆਂ ਦੀ ਪੀੜ, ਪੰਜਾਬ ਦੇ ਹਲਾਤਾਂ ਪ੍ਰਤੀ ਪਰਵਾਸੀ ਪੰਜਾਬੀਆਂ ਦੀ ਸੋਚਣੀ ਨੂੰ ਆਧਾਰ ਬਣਾਇਆ ਹੈ। ਨੀਲਾ ਤਾਰਾ ਆਪਰੇਸ਼ਨ, ਚੁਰਾਸੀ ਦੇ ਦੰਗੇ ਤੇ ਅੱਤਵਾਦ ਦੀ ਤ੍ਰਾਸਦੀ ਆਦਿ ਦੁਖਾਂਤਕ ਘਟਨਾਵਾਂ ਦਾ ਆਮ ਪਾਤਰਾਂ ਤੇ ਕੀ ਅਸਰ ਪਿਆ ਅਤੇ ਉਹ ਇਸ ਸਾਰੇ ਵਰਤਾਰੇ ਨੂੰ ਕਿਸ ਤਰ੍ਹਾਂ ਸੋਚਦੇ ਹਨ। ਆਦਿ ਨੂੰ ਇਨ੍ਹਾਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। 'ਇਹ ਕੇਹਾ ਖ਼ਾਲਿਸਤਾਨ' ਤੇ ਬੇਦਾਵਾ' ਕਹਾਣੀਆਂ ਦੇ ਪਾਤਰ ਪਰਵਾਸੀ ਹਨ ਕਹਾਣੀ ਦਾ ਪਾਤਰ ਗੁਰਮੋਹਰ ਸਿੰਘ ਦੇ ਮਨ ਉੱਤੇ ਇਸ ਸਾਰੇ ਵਰਤਾਰੇ ਦਾ ਕੀ ਅਸਰ ਹੁੰਦਾ ਹੈ। 'ਇਹ ਜਨਮ ਤੁਮਹਾਰੇ ਲੇਖੇ' ਕਹਾਣੀ ਦੀ ਪਾਤਰ




ਜਤਿੰਦਰ ਕੌਰ ਹੈ ਜਿਹੜੀ ਕਿ ਆਪਣੇ ਸ਼ੱਕੀ ਪਤੀ ਹੱਥੋਂ ਪੀੜਤ ਹੈ। ਨੌਬਤ ਤਲਾਕ ਤੀਕ ਪਹੁੰਚਦੀ ਹੈ। ਫਿਰ ਇਹ ਔਰਤ ਆਪਣੀ ਪੱਧਰ ਤੇ ਜ਼ਿੰਦਗੀ ਨਾਲ ਲੜਦੀ ਹੈ। 'ਸੰਤਣੀ' ਕਹਾਣੀ ਔਰਤ ਰਤਨ ਕੌਰ ਦੀ ਕਹਾਣੀ ਹੈ। ਜਿਹੜੀ ਸਿੱਖੀ ਰਹਿਤ ਮਰਯਾਦਾ ਨੂੰ ਪਰਨਾਈ ਹੋਈ ਹੈ। 'ਸ਼ਰਤ' ਅਤੇ ਬਖਸ਼ੀਸ਼' ਚੰਗੀਆਂ ਕਹਾਣੀਆਂ ਹਨ। 'ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ' ਚੁਰਾਸੀ ਦੇ ਦੰਗਿਆਂ ਦੇ ਕਰੂਰ ਚਿਹਰੇ ਦੀ ਕਹਾਣੀ ਹੈ। 'ਚੱਕ ਬੀਬੀਪੁਰ' ਪਤਵੰਤ ਨਾਂ ਦੀ ਪਾਤਰ ਦੀ ਕਹਾਣੀ ਕਹਿੰਦੀ ਹੈ। ਜਿਸ ਦਾ ਪਤੀ ਨਸ਼ੇ ਵਿਚ ਗ੍ਰਹਿਸ਼ਤ ਰਹਿ ਕੇ ਵਿਛੋੜਾ ਦੇ ਜਾਂਦਾ ਹੈ। ਤੇ ਉਹ ਸਿੱਖੀ ਵੱਲ ਮੁੜ ਜਾਂਦੀ ਹੈ। ਗੁਰੂ ਜੀ, ਪ੍ਰਮੇਸ਼ਵਰ, ਓਪਰਾ ਆਦਮੀ, ਪਾਪ ਜੀ ਅਤੇ ਖੋਜ ਪ੍ਰਬੰਧ ਕਹਾਣੀਆਂ ਘਟਨਾਵਾਂ ਪ੍ਰਧਾਨ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰ ਸਿੱਖ ਸਭਿਆਚਾਰ ਚੋਂ ਆਏ ਹੋਣ ਕਰਕੇ ਸਮਾਜ ਨੂੰ ਸੇਧ ਮਈ ਦ੍ਰਿਸ਼ਟੀ ਪ੍ਰਦਾਨ ਕਰਦੇ ਹਨ। ਉਸ ਦੇ ਪਾਤਰ ਪੜ੍ਹੇ ਲਿਖੇ ਹਨ। ਲੇਖਕ ਕਹਾਣੀ ਵਿਚ ਇਕ ਪਾਤਰ ਘੜਦਾ ਹੈ ਅਤੇ ਉਸ ਪਾਤਰ ਰਾਹੀਂ ਆਪਣੀ ਗੱਲ ਕਹਿੰਦਾ ਹੈ। ਉਹ ਪਾਤਰ ਪ੍ਰਧਾਨ ਕਹਾਣੀਆਂ ਦੀ ਸਿਰਜਣਾ ਕਰਦਾ ਹੈ। ਪਾਤਰ ਪ੍ਰਾਧਨ ਕਹਾਣੀਆਂ ਵਿਚ ਘਟਨਾਵਾਂ ਨੂੰ ਬਹੁਤ ਅਹਿਮੀਅਤ ਦਿੰਦਾ ਹੈ। ਬੀਰ ਸਮਾਜਿਕ ਸੱਚ ਨੂੰ ਯਥਾਰਥਵਾਦੀ ਸ਼ੈਲੀ ਨਾਲ ਪੇਸ਼ ਕਰਨ ਵਾਲਾ ਕਹਾਣੀਕਾਰ ਹੈ।

**- ਭਗਵੰਤ ਰਸੂਲਪੁਰੀ**

(ਉਪਰੋਕਤ ਸਾਰੀਆਂ ਕਿਤਾਬਾਂ ਨਾਲ ਜਾਣ ਪਛਾਣ ਭਗਵੰਤ ਰਸੂਲਪੁਰੀ ਵੱਲੋਂ)

**ਜ਼ਿੰਦਗੀ ਦੀਆਂ ਸਦੀਵੀ ਖੁਸ਼ੀਆਂ**
**ਅਜੀਤ ਸਿੰਘ ਚੰਦਨ**
**ਪ੍ਰਕਾਸ਼ਕ : ਸਿੰਘ ਬ੍ਰਦਰਜ਼, ਅੰਮ੍ਰਿਤਸਰ,**
**ਪੰਨੇ: 130, ਮੁੱਲ : 120**




ਚੰਦਨ ਮਨੁੱਖ ਦੇ ਆਮ ਮਸਲਿਆ ਬਾਰੇ ਨਿਬੰਧ ਲਿਖਦਾ ਹੈ। ਪੁਸਤਕ ਵਿਚ ਬਹੁਤ ਸਾਰੇ ਨਿਬੰਧ ਜ਼ਿੰਦਗੀ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕਰਦੇ ਹਨ। ਜਿਵੇਂ ਵਗਣਾ ਹੀ ਜੀਵਨ ਹੈ, ਇਹ ਜਗਤ ਮੁਸਾਫ਼ਰ ਖ਼ਾਨਾ, ਬਲਦਾ ਰੱਖੋ ਦੀਵਾ ਆਪਣੇ ਮਨ ਦਾ, ਹੰਝੂ ਤੇ ਮੁਸਕਾਨ ਜਿਊਣਾ ਚਾਹੋ ਤਾਂ ਤੁਸੀਂ ਵੀ ਜੀਅ ਸਕਦੇ ਹੋ, ਜ਼ਿੰਦਗੀ ਦੀਆਂ ਸਦੀਵੀ ਖ਼ੁਸ਼ੀਆਂ, ਖ਼ੁਸ਼ੀ ਦੇ ਦੁਆਰ 'ਤੇ ਦਸਤਕ, ਸੰਗਤ ਦਾ ਅਸਰ ਆਦਿ ਅਨੇਕਾਂ ਹੀ ਵਿਸ਼ੇ ਅਜਿਹੇ ਹਨ ਜੋ ਮਨੁੱਖੀ ਜ਼ਿੰਦਗੀ ਨੂੰ ਸਾਵਾਂ ਤੇ ਸੁਖਾਵਾਂ ਕਰਨ ਉਤੇ ਜ਼ੋਰ ਦੇਂਦੇ ਹਨ।

ਅਜੀਤ ਸਿੰਘ ਚੰਦਨ ਦੇ ਇਹ ਨਿਬੰਧ ਛੋਟੇ ਛੋਟੇ ਹਨ, ਸਿਰਫ ਦੋ ਜਾਂ ਤਿੰਨ ਪੰਨਿਆਂ ਉੱਤੇ ਹੀ ਸਿਮਟੇ ਹੋਏ ਹਨ, ਪਰ ਲੇਖਕ ਆਪਣੀ ਸੀਮਤ ਰਚਨਾ ਵਿਚ ਮਨਭਾਉਂਦੀਆਂ ਗੱਲਾਂ ਛੋਹਦਾ ਹੈ। ਨਾਲ ਹੀ ਇਨ੍ਹਾਂ ਨਿਬੰਧਾ ਵਿਚ ਵੱਡੇ ਮਸਲੇ ਲੈਂਦਾ ਹੈ। ਕਿਧਰੇ ਕੋਈ ਲੋਕਗੀਤ ਦੀ ਤੁਕ ਜਾਂ ਕਿਧਰੇ ਕੋਈ ਕਾਵਿ-ਤੁਕ ਜੋ ਉਸ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੀ ਹੋਵੇ। ਲੇਖਕ ਦੀ ਸਰਲ ਰਚਨਾ ਦੀ ਇਕ ਖੂਬੀ ਹੈ ਕਿ ਉਹ ਆਸ਼ਾਵਾਦੀ ਹੈ। ਉਸ ਦੀ ਲਿਖਤ ਵਿੱਚ ਕਿਧਰੇ ਵੀ ਨਿਰਾਸ਼ਾ ਨਹੀਂ ਝਲਕਦੀ। ਉਹ ਜੀਵਨ ਦੇ ਸਕਾਰਾਤਮਕ ਪੱਖ ਦੀ ਗੱਲ ਕਰਦਾ ਹੈ। ਉਹ ਕੁਦਰਤ ਦੀ ਨੇੜਤਾ ਵਿੱਚ ਯਕੀਨ ਰਖਦਾ ਹੈ। ਧੀਆਂ ਪ੍ਰਤੀ ਪਿਆਰ ਪ੍ਰਦਰਸ਼ਿਤ ਕਰਦਾ ਹੈ। ਉਹ ਜ਼ਿੰਦਗੀ ਨੂੰ ਸਾਦਗੀ ਸੁਹੱਪਣ ਤੇ ਸੁੰਦਰਤਾ ਦਾ ਸੰਗਮ ਸਮਝਦਾ ਹੈ। ਉਸ ਦਾ ਵਿਚਾਰ ਹੈ ਕਿ ਖ਼ੁਸ਼ੀਆਂ ਸਾਡੇ ਬੂਹਿਆਂ ਉਤੇ ਦਸਤਕ ਦੇਂਦੀਆਂ ਹਨ, ਫਿਰ ਅਸੀਂ ਕਿਉਂ ਆਪਣੇ ਮਨ ਦੇ, ਘਰ ਦੇ ਦਰਵਾਜ਼ੇ ਭੇੜ ਕੇ ਰੱਖੀਏ।

**- ਡਾ. ਜਸਵਿੰਦਰ ਕੌਰ ਬਿੰਦਰਾ**

## ਹੁੰਗਾਰਾ

### ਢਕੇ ਹੋਏ ਚਿਹਰੇ ਲੇਖਕਾਂ ਨੇ ਆਪਣੀਆਂ ਲਿਖਤਾਂ ਰਾਹੀਂ ਉਭਾਰੇ

ਜੁਲਾਈ-ਸਤੰਬਰ 'ਕਹਾਣੀ ਧਾਰਾ' ਦਾ ਅੰਕ ਮਿਲਿਆ। 'ਮਾਂ ਵਿਸ਼ੇਸ਼ ਅੰਕ' ਹੋਣ ਦੇ ਕਾਰਣ ਬਹੁਤ ਹੀ ਧਿਆਨ ਨਾਲ ਤੇ ਪਿਆਰ ਨਾਲ ਪੜ੍ਹਿਆ। ਟਾਇਟਲ ਨਿਵੇਕਲਾ ਸੀ। ਚੰਗਾ ਲੱਗਿਆ ਨਹੀਂ ਤਾਂ ਮਾਂ ਦਾ ਜ਼ਿਕਰ ਹੁੰਦਾ ਹੈ ਤਾਂ ਸਦਾ ਇੱਕ ਔਰਤ ਬੱਚੇ ਨੂੰ ਹਿੱਕ ਨਾਲ ਲਾਈ ਦਾ ਹੀ ਅਕਸ ਉਭਾਰਿਆ ਜਾਂਦਾ ਹੈ। ਪਰ ਇਹ ਟਾਇਟਲ ਚੰਗਾ ਲੱਗਾ। ਢੱਕੇ ਹੋਏ ਚਿਹਰੇ ਜਿਹੜੇ ਲੇਖਕਾਂ ਨੇ ਆਪਣੀਆਂ ਲਿਖਤਾਂ ਰਾਹੀਂ ਉਭਾਰੇ, ਸਾਹਮਣੇ ਲਿਆਂਦੇ, ਫਿਰ ਇਕ ਪਿੱਠ ਕਰਕੇ ਤੁਰ ਗਈ ਮਾਂ ਦਾ ਬਿੰਬ ਉਭਾਰਦੀ ਔਰਤ ਜੋ ਆਪਣੇ ਫਰਜ਼ ਪੂਰੇ ਕਰ ਕੇ ਜੀਵਨ ਗੁਜਾਰ ਕੇ ਤੁਰ ਗਈ ਲੱਗਦੀ ਹੈ।

ਤੁਸੀਂ ਮਾਂ ਵਿਸ਼ੇਸ਼ ਅੰਕ ਕੱਢ ਰਹੇ ਸੀ ਮੈਨੂੰ ਕਿਹਾ ਹੀ ਨਹੀਂ ਲਿਖਣ ਨੂੰ। ਕਹਿੰਦੇ ਤਾਂ ਮੈਂ ਵੀ ਆਪਣੀ ਮਾਂ ਬਾਰੇ ਲਿਖਦੀ। ਮਾਂ ਜੋ ਸਾਡੇ ਦਿਲਾਂ ਵਿਚ ਵਸਦੀ ਹੈ, ਸਾਡੀਆਂ ਰੂਹਾਂ 'ਚ ਰਹਿੰਦੀ ਹੈ ਸਾਡੇ ਖ਼ੂਨ 'ਚ ਰੱਚੀ ਬਸੀ ਰਹਿੰਦੀ ਹੈ ਤੇ ਅਸੀਂ ਕਿਤੇ ਨਾ ਕਿਤੇ ਉਸਦਾ ਹੀ ਰੂਪ ਹੁੰਦੇ ਹਾਂ।

ਖ਼ੈਰ ਮੈਨੂੰ ਇਹ ਅੰਕ ਬਹੁਤ ਚੰਗਾ ਲੱਗਾ, ਸਭ ਨੇ ਆਪਣੀ ਆਪਣੀ ਮਾਂ ਦਾ ਚਿੱਤਰ ਲਿਖਿਆ ਹੈ। ਪਰ ਗੱਲ ਤਾਂ ਇਹ ਹੈ ਕਿ ਕਿਸਨੇ ਐਨਾਂ ਅਸਰਦਾਰ ਤੇ ਸਿੱਦਤ ਨਾਲ ਲਿਖਿਆ ਕਿ ਰਚਨਾ ਦਿਮਾਗ ਤੇ ਛਾ ਗਈ, ਦਿਨ ਬੀਤ ਗਏ, ਰਾਤਾਂ ਲੰਘ ਗਈਆਂ ਪਰ ਅਸਰ ਰੂਹ ਤੇ ਦਿਲ ਤੇ ਛਾਇਆ ਰਿਹਾ, ਉਨ੍ਹਾਂ ਰਚਨਾਵਾਂ ਦਾ ਮੈਂ ਜ਼ਰੂਰ ਜ਼ਿਕਰ ਕਰਨਾ ਚਾਹਾਗੀ। ਤੇ ਉਨ੍ਹਾਂ ਨੂੰ ਮੁਬਾਰਕਬਾਦ ਵੀ ਕਹਿਣਾ ਚਾਹਾਗੀ।

ਸਭ ਤੋਂ ਪਹਿਲੀ ਰਚਨਾ ਜਿਸਨੂੰ ਪੜ੍ਹਦਿਆਂ ਪੜ੍ਹਦਿਆਂ ਅਖੀਰਲੇ ਪਹਿਰੇ ਤੱਕ ਪਹੁੰਚਦਿਆਂ ਪਹੁੰਚਦਿਆਂ ਮੇਰੀਆਂ ਅੱਖਾਂ ਚੋਂ ਅੱਥਰੂ ਵਹਿ ਤੁਰੇ ਉਹ ਰਚਨਾ ਸੀ 'ਖ਼ਾਮੋਸ਼ੀ ਦਾ ਜ਼ਜ਼ੀਰਾ'

'ਮੇਰੀ ਮਾਂ ਦੁੱਖਾ ਦੀ ਪੰਡ ਹੈ। ਦੁੱਖਾਂ ਦੀ ਪੰਡ ਦੀ ਗੰਢ ਖੋਹਲਣ ਦਾ ਮੇਰਾ ਕਦੇ ਹੌਂਸਲਾ ਨਹੀਂ ਪਿਆ। ਆਪਣੇ ਅੰਦਰਲੇ ਦੁੱਖਾਂ ਕਰ ਕੇ ਹੀ ਸ਼ਾਇਦ ਉਹ ਕਦੇ ਕਦੇ ਡਿਪਰੈਸ਼ਨ ਵਿਚ ਆ ਜਾਂਦੀ ਹੈ। ਮੇਰੀ ਮਾਂ ਖੁੱਲ੍ਹੀ ਕਿਤਾਬ ਨਹੀਂ ਹੈ ਜਿਸਨੂੰ ਹਰ ਕੋਈ ਪੜ੍ਹ ਲਵੇ। ਉਹ ਖੁੱਲ੍ਹਦੀ ਨਹੀਂ ਹੈ। ਸ਼ਾਇਦ ਖੁੱਲਣਾ ਚਾਹੁੰਦੀ ਨਹੀਂ। ਮਾਂ ਆਪਣੇ ਦੁੱਖਾਂ ਦੀ ਪੰਡ ਆਪਣੇ ਹੀ ਸਿਰ ਚੁੱਕੀ ਫਿਰ ਰਹੀ ਹੈ। ਜਦੋਂ ਵਧੇਰੇ ਭਾਰ ਪੈ ਜਾਵੇ ਤਾਂ ਕਿਸੇ ਅੱਗੇ ਖੁੱਲਦੀ ਨਹੀਂ, ਆਪੇ ਹੀ ਆਪਣੇ ਅੰਦਰਲਾ ਦੁੱਖ ਪੀ ਲੈਂਦੀ ਹੈ। ਖ਼ਾਮੋਸ਼! ਇੱਕ ਦਮ ਖ਼ਾਮੋਸ਼ੀ ਦਾ ਜਜ਼ੀਰਾ ਲੱਗਦੀ ਹੈ ਮਾਂ। ਸਮੁੰਦਰ ਵਾਂਗ ਉਪਰੋਂ ਸ਼ਾਂਤ ਅੰਦਰ ਬਹੁਤ ਹਲਚਲ।

ਸ਼ੁੱਕਰ ਹੈ ਇਸ ਮਾਂ ਦਾ ਮੁੰਡਾ ਲੇਖਕ ਬਣਿਆ, ਏਨਾ ਸਮਝਦਾਰ ਬਣਿਆ ਕਿ ਇਸ ਮਾਂ ਨੂੰ ਏਨ੍ਹੀਂ ਬਾਰੀਕੀ ਨਾਲ ਸਮਝ ਸਕਿਆ। ਉਸਦੀ ਉਦਾਸੀ ਉਸਦੀ ਖ਼ਾਮੋਸ਼ੀ ਉਸਦੇ ਡਿਪਰੈਸ਼ਨ ਨੂੰ ਸਮਝ ਸਕਿਆ। ਨਹੀਂ ਤਾਂ ਇਸ ਮਾਂ ਦੀ ਕਹਾਣੀ ਸਾਨੂੰ ਕੌਣ ਸੁਣਾਉਂਦਾ ਜੋ ਕਪੜੇ ਸਿਉਂ ਸਿਉਂ ਕੇ ਪੈਸੇ ਜੋੜਦੀ ਸੀ ਤੇ ਕਪੜਿਆਂ ਨੂੰ ਸਿਉਂਦੀ ਬੱਚਦੀਆਂ ਲੀਰਾਂ ਨੂੰ ਝੋਲੇ 'ਚ ਪਾ ਕੇ ਪੇਕੇ ਜਾਂਦੀ ਤੇ ਉਥੇ ਜਾ ਕੇ ਗੁਥਲੀਆਂ, ਬੱਚਿਆਂ ਲਈ ਛੋਟੇ ਛੋਟੇ ਕਪੜੇ ਜਿਵੇਂ ਨਿਆਣਿਆਂ ਦੀਆਂ ਫਰਾਕਾਂ, ਬੱਚਿਆਂ ਦੇ ਕੱਛੇ, ਸਿਰਹਾਣੇ ਆਦਿ ਬਣਾਉਂਦੀ।" ਇੱਕ ਮਿਹਨਤੀ ਮਾਂ ਇਕ ਕਿਰਸੀ ਮਾਂ, ਇਕ ਵਿਚਾਰੀ ਔਰਤ, ਜਿਸਦੀ ਰਗ ਰਗ ਨੂੰ ਉਸਦਾ ਲੇਖਕ ਪੁੱਤਰ ਪਛਾਣਦਾ ਹੈ ਤੇ ਏਨੀਂ ਵਧੀਆ ਰਚਨਾ ਰਚ ਸਕਿਆ ਕਿ ਰਚਨਾ ਪੜ੍ਹ ਕੇ ਮਨ 'ਤੇ ਡੂੰਘਾ ਅਸਰ ਹੋਇਆ। ਏਨੀਂ ਸੱਚੀ ਰਚਨਾ ਲਿਖਣ ਲਈ ਮੁਬਾਰਕਬਾਦ!

ਦੂਜੀ ਰਚਨਾ ਇਸ ਅੰਕ ਦੀ ਜੋ ਬਹੁਤ ਅਸਰਦਾਰ ਸਾਬਿਤ ਹੋਈ ਉਹ ਹੈ ਹਰਪਾਲ ਸਿੰਘ ਪੰਨੂ ਦੀ 'ਮਿੱਟੀ ਦਾ ਪੁਰਾਣਾ ਥੇਹ' ਪੰਨੂ ਜੀ ਦੀ ਇਹ ਰਚਨਾ ਜੋ ਉਨ੍ਹਾਂ ਨੇ ਆਪਣੀ ਮਾਂ ਦਾ ਸ਼ਬਦ ਚਿੱਤਰ ਕਰ ਕੇ ਲਿਖੀ ਹੈ, ਸਾਂਭਣਯੋਗ ਰਚਨਾ ਹੈ। ਅਜਿਹੀ ਸਾਂਭਣਯੋਗ ਰਚਨਾ ਕਿ ਸਾਂਭ ਕੇ ਰੱਖ ਲਓ ਤੇ ਕਦੀ ਕਦੀ ਦੁਬਾਰਾ ਪੜ੍ਹੋ, ਫੇਰ ਪੜ੍ਹੋ, ਫੇਰ ਪੜ੍ਹੋ। ਇਹ ਸ਼ਬਦ ਚਿੱਤਰ ਇਕ ਕਿਤਾਬ ਹੈ, ਇੱਕ ਜ਼ਖ਼ੀਰਾ ਹੈ, ਇੱਕ ਦੌਲਤ ਹੈ। ਨੌਲਜ ਨਾਲ ਭਰਿਆ ਜ਼ਖ਼ੀਰਾ, ਸ਼ਬਦਾਂ ਦੀ ਦੌਲਤ ਇਕ ਮਾਂ ਜੋ ਮਾਤਾ ਗੁਜਰੀ ਲੱਗਦੀ ਹੈ। ਉਸ ਪ੍ਰਤੀ



ਉਸਦੇ ਪੁੱਤਰ ਦੀ ਸੱਚੀ ਸਰਧਾਂਜਲੀ।

ਹਰਪਾਲ ਸਿੰਘ ਪੰਨੂ ਮੈਨੂੰ ਸ਼ਬਦਾਂ ਦੇ ਜਾਦੂਗਰ ਲੱਗੇ। ਜਿਨ੍ਹਾਂ ਦੇ ਜਾਦੂ ਨਾਲ ਭਰੀ ਰਚਨਾ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਹੈ, ਦਿਲ ਨਾਲ ਤੇ ਤਸੱਲੀ ਨਾਲ ਲਿਖੀ ਰਚਨਾ ਹੈ 'ਮਿੱਟੀ ਦਾ ਪੁਰਾਣਾ ਥੇਹ' ਲੇਖਕ ਦੀ ਮਾਂ ਦਲੇਰ, ਸੁਚੱਜੀ, ਸਮਝਦਾਰ ਤੇ ਬਾਣੀ ਦੀ ਸੱਚੀ ਉਪਾਸਕ ਸੀ। ਜਿਸਨੇ ਬੱਚਿਆਂ ਦੇ ਅੰਦਰ ਵੀ ਬਾਣੀ ਨਾਲ ਮੋਹ, ਬਾਣੀ ਦਾ ਮਹੱਤਵ ਗੁਰੂ ਦੀ ਮਹਿਮਾ, ਮਾਂ ਬੋਲੀ ਨਾਲ ਪਿਆਰ, ਗਰੀਬੀ ਵਿੱਚ ਵੀ ਸਹਿਜਤਾ ਤੇ ਸਬਰ ਨਾਲ ਜੀਣਾ, ਵਿਦਿਆ ਦਾ ਮਤਲਬ ਤੇ ਸਾਦਗੀ ਨਾਲ ਹੀ ਵੱਡੀਆਂ ਵੱਡੀਆਂ ਰਹੱਸ ਭਰੀਆਂ ਤੇ ਸਿੱਖਿਆ ਦਾਇਕ ਗੱਲਾਂ ਕਹਿ ਜਾਣੀਆਂ। ਇੱਕ ਉੱਚ ਪਾਏ ਦੀ ਔਰਤ, ਇੱਕ ਸਿਆਣੀ ਔਰਤ ਸੀ। ਇੱਕ ਅਜਿਹੀ ਔਰਤ ਜੋ ਫਿਲਾਸਫੀ ਦੀਆਂ ਗੱਲਾਂ ਕਰਦੀ ਸੀ ਤਾਂ ਸੁਣਨ ਵਾਲਾ ਹੈਰਾਨ ਰਹਿ ਜਾਂਦਾ ਹੋਵੇਗਾ ਜਿਵੇਂ ਹੁਣ ਪੜ੍ਹ ਕੇ ਹੈਰਾਨੀ ਹੁੰਦੀ ਹੈ। ਜਿਵੇਂ 'ਮੇਰਾ ਸੰਸਕਾਰ ਕਰਨ ਪਿੱਛੋਂ ਕਿਤੇ ਤੀਜੇ ਦਿਨ ਫੁਲ ਚੁਗਣ ਨਾ ਚਲੇ ਜਾਇਓ। ਮੇਰਾ ਸਿਵਾ ਠੰਢਾ ਹੋਣ ਲਈ ਕਈ ਸਦੀਆਂ ਲੱਗਣਗੀਆਂ।

ਇੱਕ ਦਿਨ ਕਹਿਣ ਲੱਗੀ, 'ਹੁਣ ਮੈਂ ਜਿਉਂਦੀ ਹਾਂ। ਤੁਸੀਂ ਸਾਰੇ ਭੈਣ ਭਰਾ ਰਿਸ਼ਤੇਦਾਰ ਆ ਕੇ ਮੈਨੂੰ ਮਿਲਦੇ ਹੋ ਤਾਂ ਆਪਸ ਵਿਚ ਵੀ ਮਿਲ ਲੈਂਦੇ ਹੋ। ਜਦੋਂ ਮੈਂ ਨਾ ਰਹੀ ਤਾਂ ਇੱਕ ਰਾਜਧਾਨੀ ਟੁੱਟ ਜਾਵੇਗੀ। ਤੁਸੀਂ ਬੜੀ ਤਰੱਕੀ ਕੀਤੀ। ਹੋਰ ਕਰੋਗੇ। ਤੁਹਾਡੇ ਬੱਚੇ ਤੁਹਾਡੇ ਤੋਂ ਅੱਗੇ ਲੰਘਣਗੇ। ਖੁਸ਼ਹਾਲ ਹੋਵੋਗੇ। ਇਸ ਪਾਸਿਓਂ ਲੰਘਿਆ ਕਰੋਗੇ ਤਾਂ ਹੌਲੀ ਦੇ ਕੇ ਆਪਣੇ ਆਪ ਨੂੰ ਕਿਹਾ ਕਰੋਗੇ, 'ਇਥੇ ਸਾਡੀ ਮਾਂ ਰਿਹਾ ਕਰਦੀ ਸੀ। ਹੈਗੀ ਤਾਂ ਬੋਲੀ ਜਿਹੀ ਸੀ ਪਰ ਸੀ ਚੰਗੀ। ਇਸ ਘਰ ਨੂੰ ਦੇਖਦੇ ਦੇਖਦੇ ਤੁਸੀਂ ਅੱਗੇ ਲੰਘ ਜਾਇਆ ਕਰੋਗੇ। ਮੇਰੇ ਪਿਛੋਂ ਇਸ ਘਰ 'ਚ ਆਉਣ ਨੂੰ ਤੁਹਾਡਾ ਦਿਲ ਨਹੀਂ ਕਰਿਆ ਕਰੇਗਾ।'

ਇਹ ਸਤਰਾਂ ਮੇਰੀ ਕਨੇਡਾ ਬੈਠੀ ਭੈਣ ਨੂੰ ਵੀ ਮੂੰਹ ਜ਼ੁਬਾਨੀ ਯਾਦ ਸਨ, ਦੀਵਾਲੀ ਤੇ ਫੋਨ ਆਇਆ ਤਾਂ ਬੀਜੀ ਨੂੰ ਯਾਦ ਕਰਦੀ ਉਹ ਰੋਈ ਤੇ ਹਰਪਾਲ ਪੰਨੂ ਦੀਆਂ ਇਹ ਸਤਰਾਂ ਉਸ ਨੂੰ ਫੋਨ ਤੇ ਸੁਣਾਈਆਂ ਅੱਗੋਂ ਮੈਂ ਵੀ ਸੁਣਾਈਆਂ ... ਇਹ ਲੇਖਕ ਦੀ ਲਿਖਣ ਦੀ ਸਫ਼ਲਤਾ ਨਹੀਂ ਤਾਂ ਹੋਰ ਕੀ ਹੈ?

ਬਲਬੀਰ ਕੌਰ ਰੀਹਲ ਦੀ 'ਇਕ ਸਧਾਰਣ ਔਰਤ' ਵੀ ਚੰਗੀ ਲੱਗੀ। ਸੁਰਿੰਦਰ ਕੌਰ ਸ਼ਿੰਦਰ ਦੀ 'ਦੁੱਖਾਂ ਦਾ ਦਾਰੂ' 'ਚ ਇੱਕ ਦ੍ਰਿਸ਼ਟਾਂਤ ਜਦੋਂ ਬੀਜੀ ਖੁਆਜਾ ਪੀਰ ਦੇ ਦੀਵੇ ਬਾਲ ਕੇ ਜ਼ਹਾਜ 'ਚ ਚੜ੍ਹਨ ਵਾਲੇ ਯਾਤਰੀ ਦੀ ਸੁਖ ਮੰਗਦੀ ਸੀ" ਚੰਗਾ ਲੱਗਾ, ਭਲਾ ਇਸ ਤੋਂ ਵੱਡਾ ਸੁਰੱਖਿਆ ਕਵਚ ਇੱਕ ਮਾਂ ਦੇ ਬੱਚਿਆਂ ਲਈ ਹੋਰ ਕੀ ਹੋ ਸਕਦਾ ਹੈ?

ਮੋਹਨ ਲਾਲ ਫਿਲੌਰੀਆ ਦੀ ਰਚਨਾ , "ਮਾਂ ਦੇ ਪੈਰਾਂ ਦੀ ਪੈੜ" ਵੀ ਦਿਲ ਨੂੰ ਝੰਜੋੜਦੀ ਹੈ। ਸਾਰੀ ਉਮਰ ਮਾਂ ਨੰਗੇ ਪੈਰਾਂ ਨਾਲ ਕੰਮ ਕਰਦੀ ਰਹੀ, ਬੰਨ੍ਹਿਆਂ ਤੇ ਘਾਹ ਖੋਤਣਾ, ਪੰਡਾ ਢੋਣੀਆਂ, ਚਾਰ ਚਾਰ ਕੋਹ ਨੰਗੇ ਪੈਰੀਂ ਆਉਣਾ ਤੇ ਜਾਣਾ, ਪਰ ਇਸ ਦੁਨੀਆਂ ਤੋਂ ਤੁਰ ਜਾਣ ਤੋਂ ਬਾਅਦ ਜਦ ਪੁੱਤ ਦੇ ਸੁਫਨੇ 'ਚ ਆਈ ਤਾਂ ਪੈਰੀਂ ਜੁੱਤੀ ਪਾਈ ਹੋਈ, ਜੁਰਾਬਾਂ ਵੀ ਪਾਈਆਂ ਸਨ। ਪਰ ਬੁੱਲ੍ਹਾਂ ਤੇ ਖੁਸ਼ਕੀ, ਪਿਆਸੀ ਮਾਂ। 'ਲਿਆ ਪਾਣੀ ਪਿਲਾ। ਪਤਾ ਨਹੀਂ ਕਾਕਾ ਮੇਰੀ ਪਿਆਸ ਕਿਉਂ ਨਹੀਂ ਬੁੱਝਦੀ, ਜਿੰਨਾ ਮਰਜ਼ੀ ਪਾਣੀ ਪੀ ਲਵਾਂ, ਪਤਾ ਨਹੀਂ ਪਾਣੀ ਕਿਧਰ ਚਲਾ ਜਾਂਦਾ ਹੈ। ਬੁੱਲ ਸੁੱਕੇ ਦੇ ਸੁੱਕੇ। ਖੁਸ਼ਕ। ਪਾਣੀ ਫਿਰ ਪੀਣ ਨੂੰ ਜੀਅ ਕਰਦਾ ਹੈ।" ਪੜ੍ਹ ਕੇ ਦਿਲ ਦਹਿਲ ਗਿਆ। ਫਿਰ ਰਚਨਾ ਦੇ ਅਖੀਰ 'ਚ ਲੇਖਕ ਜਿੱਥੇ ਕਿਸੀ ਮਾਂ ਵਰਗੀ ਮਿਹਨਤਕਸ਼ ਬੁੱਢੀ ਮਾਂ ਦੀ ਪੰਡ ਚੁਕਾਉਂਦਾ ਹੈ, ਜਿਸਦੇ ਸਿਰ ਦੀਆਂ ਜਟਾਂ ਬਣ ਚੁੱਕੀਆਂ ਸਨ, ਇਹ ਦ੍ਰਿਸ਼ ਪੜ੍ਹ ਕੇ ਵੀ ਮਨ ਪਸੀਜ਼ ਉੱਠਿਆ।

ਜਿੰਦਰ ਦੀ ਰਚਨਾ 'ਵੱਡਾ ਰੁੱਖ' 'ਚ ਜਿੱਥੇ ਉਹ ਅਖੀਰ 'ਚ ਪਹੇਵੇ 'ਚ ਜਾ ਕੇ ਮਨ ਹੀ ਮਨ ਕਹਿੰਦਾ ਹੈ, "ਮੇਰੇ ਖੁਦਾ, ਮੇਰੇ ਪਰਵਰਦਿਗਾਰ ਸੱਚੇ ਪਾਤਸ਼ਾਹ, ਮੇਰੇ ਖੁਦਾ, ਮੇਰੇ ਮੌਲਾ, ਮੇਰੇ ਸਾਈਂ, ਮੇਰੀ ਬੀਬੀ ਨੂੰ ਮੇਰੇ ਸੁਪਨਿਆਂ ਚੋਂ ਆਉਣੋਂ ਨਾ ਰੋਕੀਂ।"

ਕਮਾਲ ਦੀਆਂ ਲਾਇਨਾਂ ਹਨ। ਇਹ ਲਾਇਨਾਂ ਹੀ ਉਸਦੇ ਆਪਣੀ ਮਾਂ ਲਈ ਲਿਖੇ ਸ਼ਬਦ ਚਿੱਤਰ ਨੂੰ ਵੱਡੀ ਰਚਨਾ ਬਣਾਉਂਦੀਆਂ ਹਨ।

ਤੁਹਾਨੂੰ ਇਹ 'ਮਾਂ ਸ਼ਬਦ ਚਿੱਤਰ ਵਿਸ਼ੇਸ਼ ਅੰਕ' ਕੱਢਣ ਲਈ ਬਹੁਤ ਬਹੁਤ ਮੁਬਾਰਕਬਾਦ! ਹੋ ਸਕੇ ਤਾਂ

ਬਾਪੂ ਤੇ ਮਾਂ ਤੋਂ ਬਾਅਦ ਹੁਣ 'ਭੈਣ ਸ਼ਬਦ ਚਿੱਤਰ" ਵੀ ਕੱਢਣ ਬਾਰੇ ਸੋਚੋ! ਭੈਣ ਦਾ ਵੀ ਮਨੁੱਖ ਦੇ ਜੀਵਨ 'ਚ ਬਹੁਤ ਵੱਡਾ ਤੇ ਮਹੱਤਵਪੂਰਨ ਰੋਲ ਹੁੰਦਾ ਹੈ। ਨਹੀਂ?

**- ਕੁਲਬੀਰ ਬਡੇਸਰੋਂ**, 2 / 402, ਉਸ਼ੀਵਾਰਾ ਮਹਾਡਾ, ਮੁੰਬਈ-53,
ਸਾਹਮਣੇ ਉਸ਼ੀਵਾਰਾ ਪੁਲਿਸ ਸਟੇਸ਼ਨ, ਅੰਧੇਰੀ (ਵੇਸਟ)

### ਕੀ ਦਲਿਤਾਂ ਦੇ ਦੁੱਖ ਕੇਵਲ ਦਲਿਤ ਹੀ ਦੱਸ ਸਕਦਾ ਹੈ?

ਦੋ ਗੱਲਾਂ! ਇਕ ਤਾਂ 'ਕਹਾਣੀ ਧਾਰਾ' ਲਗਾਤਾਰ ਮਿਲ ਰਿਹਾ ਹੈ। ਲੇਖਕਾਂ ਵਲੋਂ ਕੱਢੇ ਜਾਂਦੇ ਰਸਾਲੇ ਮੁਫ਼ਤ ਪੜ੍ਹਦਿਆਂ ਚੰਗਾ ਨਹੀਂ ਲਗਦਾ। ਕਈ ਵਾਰ ਕੁਝ ਭੇਜਣ ਲਈ ਸੋਚਿਆ ਹੈ, ਪਰ ਘੌਲ ਹੋ ਜਾਂਦੀ ਹੈ। ਖ਼ੈਰ 'ਤਿਲ ਫੁੱਲ' ਭੇਜ ਰਿਹਾ ਹਾਂ।

ਦੂਜਾ, ਦਲਿਤ-ਸਾਹਿਤ ਨਾਲ ਸੰਬੰਧਿਤ ਚੰਗੀਆਂ ਰਚਨਾਵਾਂ ਹੋ ਰਹੀਆਂ ਹਨ। ਇਹ ਬਹੁਤ ਲੋੜੀਂਦੀ ਅਤੇ ਮਹੱਤਵਪੂਰਨ ਗੱਲ ਹੈ। ਨਵੇਂ ਨਵੇਂ ਲੇਖਕ ਅਤੇ ਵਿਚਾਰਕ ਸਾਹਮਣੇ ਆ ਰਹੇ ਹਨ ਅਤੇ ਨਿੱਗਰ ਗੱਲਾਂ ਕਰ ਰਹੇ ਹਨ। ਪਰ ਕਈ ਸਵਾਲ ਮੈਨੂੰ ਸੋਚੀਂ ਪਾ ਦਿੰਦੇ ਹਨ।

-ਕੀ ਦਲਿਤ-ਸਾਹਿਤ ਹੁਣ ਅਚਾਨਿਕ ਲਿਖਿਆ ਜਾਣ ਲੱਗਿਆ ਹੈ?

-ਕੀ ਪੰਜਾਬੀ ਸਾਹਿਤ ਦੀ ਮਾਨਵੀ ਧਾਰਾ ਦਲਿਤਾਂ, ਇਸਤਰੀਆਂ ਅਤੇ ਹੋਰ ਸਮਾਜਕ ਪੀੜਤਾਂ ਲਈ ਮੋਟੇ ਤੌਰ ਉਤੇ ਸਦਾ ਹੀ ਹਮਦਰਦ ਨਹੀਂ ਰਹੀ?

-ਕੀ, ਜਿਵੇਂ ਕੁਝ ਲੋਕ ਦਾਅਵਾ ਕਰਦੇ ਹਨ ਜਾਂ ਮੱਤ ਪੇਸ਼ ਕਰਦੇ ਹਨ, ਦਲਿਤਾਂ ਦੇ ਦੁੱਖ ਕੇਵਲ ਦਲਿਤ ਹੀ ਦੱਸ ਸਕਦਾ ਹੈ? ਇਹ ਠੀਕ ਹੈ ਕਿ ਸਿੱਧੀ ਪੀੜ ਦਾ ਅਨੁਭਵ ਸੁਭਾਵਿਕ ਹੀ, ਤੀਬਰ ਹੁੰਦਾ ਹੈ, ਪਰ ਲੇਖਕ ਕੀ ਹੋਇਆ ਜੋ ਕਿਸੇ ਵਿਸ਼ੇਸ਼ ਸਥਿਤੀ ਵਿਚ ਪਏ ਪਾਤਰ ਦਾ ਦਰਦ ਸਮਝ, ਜਾਣ, ਕਲਪ ਅਤੇ ਚਿਤਰ ਨਾ ਸਕੇ! ਇਉਂ ਤਾਂ ਫੇਰ ਹਰ ਲੇਖਕ ਆਪਣੇ ਸਿੱਧੇ ਅਨੁਭਵ ਦੇ ਸੀਮਤ ਜਿਹੇ ਘੇਰੇ ਤੱਕ ਰਹਿ ਜਾਵੇਗਾ! ਮਿਸਾਲ ਵਜੋਂ ਮੇਰੀਆਂ ਕਈ ਇਸਤਰੀ ਪ੍ਰਧਾਨ ਕਹਾਣੀਆਂ ਹਨ ਜੋ ਬਹੁਤੀਆਂ ਇਸਤਰੀ ਲੇਖਕਾਂ ਨਾਲੋਂ ਇਸਤਰੀ ਦੀਆਂ ਬਿਹਤਰ ਪੇਸ਼ਕਾਰ ਹਨ।

ਖ਼ੈਰ ਮੈਂ ਇਹ ਐਵੇਂ ਆਪਣੀ ਸੋਚ ਤੇਰੇ ਨਾਲ ਸਾਂਝੀ ਕੀਤੀ ਹੈ। ਜੋ ਲੇਖਕ ਇਹਤੋਂ ਵੱਖਰੀ ਗੱਲ ਕਹਿੰਦੇ ਹਨ, ਹੋ ਸਕਦਾ ਹੈ, ਉਹ ਆਪਣੀ ਥਾਂ ਠੀਕ ਹੋਣ। ਜਾਂ ਜਿਸ ਪ੍ਰਸੰਗ ਵਿਚ ਉਹ ਗੱਲ ਕਰਦੇ ਹਨ, ਉਸ ਪ੍ਰਸੰਗ ਵਿਚ ਉਹ ਵਧੀਕ ਵਜ਼ਨਦਾਰ ਹੋਵੇ।

**-ਗੁਰਬਚਨ ਸਿੰਘ ਭੁੱਲਰ**, ਐਨ ਡੀ-50, ਵਿਸ਼ਾਖਾ ਐਨਕਲੇਵ, ਦਿੱਲੀ-11

### ਮਾਂ ਦੇ ਪੈਰਾਂ ਦੀ ਪੈੜ' ਸਾਰੀਆਂ ਲਿਖਤਾਂ ਤੋਂ ਵਧੀਆ

'ਕਹਾਣੀ ਧਾਰਾ'-18 'ਚ ਮੋਹਨ ਲਾਲਾ ਫਿਲੌਰੀਆਂ ਦਾ ਲੇਖ 'ਮਾਂ ਦੇ ਪੈਰਾਂ ਦੀ ਪੈੜ' ਪੜ੍ਹਿਆ। ਇਸ ਪਰਚੇ ਦੇ ਇਸ ਅੰਕ 'ਚ ਪ੍ਰਕਾਸ਼ਤ ਸਾਰੀਆਂ ਲਿਖਤਾਂ ਤੋਂ ਵਧੀਆ ਲੱਗਿਆ। ਪਤਾ ਲਗਦਾ ਹੈ ਕਿ ਕਿਸੇ ਹੰਢੇ ਹੋਏ ਲੇਖਕ ਦੁਆਰਾ ਲਿਖਿਆ ਗਿਆ ਹੈ। ਕਹਾਣੀ ਰਸ ਵੀ ਹੈ।

**-ਮਨਮੋਹਨ ਬਾਵਾ**, ਵਾਈ-30, ਹੋਜ ਖਾਸ, ਨਵੀਂ ਦਿੱਲੀ।

### ਮਾਂ ਦੇ ਸ਼ਬਦ ਚਿੱਤਰ ਰਾਹੀਂ ਬੇਬਾਕ ਸਾਹਿਤ ਸਿਰਜਿਆ ਗਿਆ

ਕਹਾਣੀਧਾਰਾ ਦਾ ਅੰਕ-18 ਅੱਖਰ ਅੱਖਰ ਪੜ੍ਹਿਆ ਔਰ ਇਹ ਅੰਕ ਮਨ ਤੇ ਇੱਕ ਅਮਿੱਟ ਛਾਪ ਛੱਡ ਗਿਆ। ਕਹਾਣੀਧਾਰਾ ਦੇ ਸੰਪਾਦਕ ਦੀ ਸੋਚ ਦੀ ਦਾਦ ਦੇਣੀ ਬਣਦੀ ਹੈ ਜਿਸ ਨੇ ਮਾਂ ਸ਼ਬਦ ਚਿੱਤਰ ਵਿਸ਼ੇਸ਼ ਕੱਢ ਕੇ ਸਾਹਿਤਕ ਹਲਕਿਆਂ ਵਿੱਚ ਇੱਕ ਨਵੇਂ ਨਰੋਏ ਵਿਸ਼ੇ ਦੀ ਪੇਸ਼ਕਾਰੀ ਕੀਤੀ ਹੈ। ਪੂਰੀ ਦੁਨੀਆਂ ਦੇ ਸਾਹਿਤ ਵਿੱਚ ਮਾਂ ਅਤੇ ਮਿੱਟੀ ਬਾਰੇ ਬਿਹਤਰੀਨ ਸਾਹਿਤ ਰਚਿਆ ਜਾ ਚੁੱਕਾ ਹੈ ਅਤੇ ਰਚਿਆ ਜਾ ਰਿਹਾ ਹੈ ਪਰ ਭਗਵੰਤ ਦੇ ਯਤਨਾਂ ਸਦਕਾ ਮਾਂ ਦੇ ਸ਼ਬਦ ਚਿੱਤਰ ਰਾਹੀਂ ਜੋ ਬੇਬਾਕ ਸਾਹਿਤ ਸਿਰਜਿਆ ਗਿਆ ਹੈ ਉਸ ਨਾਲ ਜ਼ਰੂਰ ਇੱਕ ਬੜੀ ਵੱਡੀ ਘਾਟ ਪੂਰੀ ਹੋਈ ਹੈ। ਪੰਜਾਬੀ ਸਾਹਿਤ ਜਗਤ ਵਿੱਚ ਰੇਖਾ ਚਿੱਤਰ ਲਿਖਣ ਵਿੱਚ ਬਲਵੰਤ ਗਾਰਗੀ ਦੀ ਤੂਤੀ ਬੋਲਦੀ ਰਹੀ ਹੈ। ਪਰ ਮਾਂ ਬਾਰੇ ਗਾਰਗੀ ਦੀਆਂ ਰਚਨਾਵਾਂ ਵਿੱਚ ਵੀ ਹੱਥ ਘੁੱਟਣ ਦੀ ਗੱਲ ਤਾਂ ਇੱਕ ਪਾਸੇ ਰਹੀ ਸਗੋਂ ਹੱਥ ਪਿਛਾਂਹ ਕਰ ਲਿਆ ਗਿਆ



ਹੈ। ਮਾਂ' ਜਿਹੜੀ ਇਸ ਜਗਤ ਦੀ ਸਿਰਜਨਹਾਰੀ ਹੈ, ਉਹ ਤਾਂ ਦੂਹਰੀ ਗੁਲਾਮੀ 'ਚੋਂ ਗੁਜ਼ਰ ਰਹੀ ਹੈ। ਇੱਕ ਸਮਾਜ ਦੀ ਔਰ ਦੂਜੀ ਆਪਣੇ ਪਤੀ ਪਰਮੇਸ਼ਵਰ ਦੀ। ਗੁਲਾਮੀ ਵੀ ਉਹ ਜਿਹੜੀ ਰਹੇ ਰੱਬ ਦਾ ਨਾਂ।

ਅੰਕ-18 ਦੇ ਸਾਰੇ ਸ਼ਬਦ ਚਿੱਤਰ ਪੜ੍ਹੇ। ਪੰਜਾਬੀ ਭਾਸ਼ਾ ਦੇ 18 ਸ਼ਬਦ ਚਿੱਤਰਾਂ ਵਿੱਚੋਂ ਸਿਰਫ਼ ਦੋ ਸ਼ਬਦ ਚਿੱਤਰਾਂ ਇੱਕ ਭਗਵੰਤ ਰਸੂਲਪੁਰੀ ਦਾ ਅਤੇ ਦੂਜਾ ਹਰਪਾਲ ਸਿੰਘ ਪੰਨੂ ਦਾ ਤੇ ਗੱਲ ਕਰਨੀ ਬਣਦੀ ਹੈ। ਹਿੰਦੀ ਤੇ ਮਰਾਠੀ ਦੇ ਸ਼ਬਦ ਚਿੱਤਰ ਤਾਂ ਬੜੀ ਬੇਬਾਕੀ ਨਾਲ ਲਿਖੇ ਗਏ ਹਨ। ਚੌਹਾਨ ਅਤੇ ਲਿੰਬਾਲੇ ਨੇ ਬੇਝਿਜਕ ਹੋ ਕੇ ਮਾਂ ਬਾਰੇ ਬਲਾਤਕਾਰ ਜਿਹੇ ਦ੍ਰਿਸ਼ ਵੀ ਬੜੀ ਦ੍ਰਿੜਤਾ ਨਾਲ ਪੇਸ਼ ਕੀਤੇ ਹਨ। ਸਾਡੇ ਬਹੁਤ ਸਾਰੇ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਵਿੱਚ ਔਰਤ ਬਾਰੇ ਇਹਨਾਂ ਤੋਂ ਵੀ ਖੁੱਲ੍ਹ ਕੇ ਪਰਤ ਦਰ ਪਰਤ ਪਰਤਾਂ ਦੀ ਪੇਸ਼ਕਾਰੀ ਮੈਂ ਪੜ੍ਹ ਚੁੱਕਾ ਹਾਂ। ਪਰ ਉੱਥੇ ਔਰਤ ਇਹਨਾਂ ਦੇ ਆਪਣੇ ਘਰ ਦੀ ਨਾ ਹੋ ਕੇ ਹਮੇਸ਼ਾਂ ਬਾਹਰ ਦੀ ਹੀ ਰਹੀ ਹੈ।ਲਿੰਬਲੇ ਤੇ ਚੌਹਾਨ ਨੇ ਮਾਂ ਦੇ ਸ਼ਬਦ ਚਿੱਤਰ ਦੇ ਨਾਲ ਨਾਲ ਉਸ ਸਮੇਂ ਦੇ ਸਮਾਜ ਤੇ ਸੰਸਕ੍ਰਿਤੀ ਦਾ ਵੀ ਉਹ ਘਿਨਾਉਣਾ ਰੂਪ ਪੇਸ਼ ਕੀਤਾ ਹੈ ਜਿਸ ਦੀਆਂ ਅਸੀਂ ਪੁਸਤਕਾਂ ਵਿੱਚ ਸਿਫ਼ਤਾਂ ਪੜ੍ਹ-2 ਨਹੀਂ ਥੱਕਦੇ। ਘਿਰਣਾ ਹੁੰਦੀ ਹੈ ਇਸ ਸੱਭਿਅਤਾ ਨਾਲ ਜਿੱਥੇ ਬੰਦੇ ਨੂੰ ਪਸ਼ੂ ਤੋਂ ਵੀ ਬਦਤਰ ਸਮਝਿਆ ਜਾਂਦਾ ਰਿਹਾ ਹੈ।

ਭਗਵੰਤ ਦੇ ਮਾਂ ਸ਼ਬਦ ਚਿੱਤਰ ਤੋਂ ਮੈਂ ਇਸ ਲਈ ਵੀ ਪ੍ਰਭਾਵਿਤ ਹੋਇਆ ਹਾਂ ਕਿ ਇਸ ਦੀ ਨਾਇਕ ਬੜੀ ਕਣੀ ਵਾਲੀ ਹੈ। ਇਸਨੇ ਸਮਾਜ ਨਾਲ ਲੜਾਈ ਲੜੀ ਹੈ। ਉਹ ਰੱਜੇ-ਪੁੱਜੇ ਘਰ 'ਚੋਂ ਆਈ ਸੀ, ਸੁੰਦਰ ਸੀ, ਸੋਹਲ ਜਿਹੀ ਸੀ ਪਰ ਉਹ ਸਹੁਰੇ ਘਰ ਖਾਸ ਕਰਕੇ ਪਤੀ ਦੇ ਉਜੱਡ ਸੁਭਾਅ ਤੋਂ ਥਰਥਰਾਈ ਨੀ ਅਤੇ ਨਾ ਹੀ ਜ਼ਿੰਦਗੀ ਦੇ ਕਿਸੇ ਮੋੜ ਤੇ ਉਹ ਲਿੰਬਾਲੇ ਦੀ ਮਸਾ ਮਾਂ ਵਾਂਗ ਡੋਲੀ। ਉਹ ਸਮਾਜਕ ਝੰਝਟਾਂ ਨੂੰ ਟੱਕਰ ਦਿੰਦੀ ਹੋਈ ਆਪਣੇ ਬੱਚਿਆਂ ਨੂੰ ਵੀ ਸਹੀ ਮੁਕਾਮ ਤੇ ਪਹੁੰਚਾਉਂਦੀ ਹੈ। ਸਾਰੇ ਸ਼ਬਦ ਚਿੱਤਰ ਵਿੱਚ ਉਹ ਕਿਤੇ ਲੜਦੀ ਪ੍ਰਤੀਤ ਨਹੀਂ ਹੁੰਦੀ ਸਗੋਂ ਨਾਬਰ ਰਹਿੰਦੀ ਹੈ। ਹਰਪਾਲ ਸਿੰਘ ਪੰਨੂ ਦੇ ਮਾਂ ਸ਼ਬਦ ਚਿੱਤਰ ਨੂੰ ਤਾਂ ਮੈਂ ਆਪਣੇ ਦੋਸਤਾਂ ਮਿੱਤਰਾਂ ਨੂੰ ਵੀ ਫੋਟੋਸਟੇਟ ਕਰਾ ਕੇ ਪੜ੍ਹਾਇਆ।ਸੱਚਮੁਚ ਪੰਨੂ ਸਾਹਿਬ ਨੇ ਇਸ ਰਚਨਾ ਨੂੰ ਉੱਚ ਪਾਏ ਦੀਆਂ ਅਤਿ ਦਾਰਸ਼ਨਿਕ ਟਿੱਪਣੀਆਂ ਸਹਿਤ ਇੱਕ ਇੱਕ ਸ਼ਬਦ ਪਰੋ ਕੇ ਮੁੱਲਵਾਨ ਬਣਾਇਆ ਹੈ। ਸ਼ਬਦ ਚਿੱਤਰ ਪੜ੍ਹਨ ਤੋਂ ਬਾਅਦ ਮੈਂ ਪੰਨੂ ਹੋਰਾਂ ਨੂੰ ਉਸੇ ਵੇਲੇ ਫੋਨ ਘੁਮਾਇਆ ਤੇ ਅੱਧਾ ਘੰਟਾ ਗੱਲਾਂ ਕਰਦਾ ਹੋਇਆ ਉਸ ਮਾਂ ਨੂੰ ਜਿਸਦਾ ਪੰਨੂ ਨੇ ਸ਼ਬਦ ਚਿੱਤਰ ਲਿਖਿਆ ਹੈ, ਪੰਨੂ ਦੇ ਬੋਲਾਂ 'ਚੋਂ ਮਹਿਸੂਸਦਾ ਰਿਹਾ।ਬਚਪਨ ਵਿੱਚ ਪੰਨੂ, ਮਾਂ ਦੁਆਰਾ ਦਰਵਾਜੇ ਦੇ ਫੜਾਏ ਕੁੰਡੇ ਸੰਗ ਖੇਡਦਾ ਅਤੇ ਹਰ ਕਦਮ ਤੇ ਉਸ ਕੋਲੋਂ ਅਕਲ ਦੀਆਂ ਗੱਲਾਂ ਸਿੱਖਦਾ ਹੋਇਆ ਜੁਆਨ ਹੁੰਦਾ ਹੈ। ਨਿੱਠ ਕੇ ਮਾਣੀ ਮਾਂ ਦੀ ਮਮਤਾ ਸਦਕੇ ਹੀ ਪੰਨੂ ਅੱਜ ਉੱਚ ਅਹੁਦੇ ਤੇ ਹੈ।ਅੱਜ ਦੇ ਮਸ਼ੀਨੀ ਅਤੇ ਰੁਝੇਵਿਆਂ ਭਰੇ ਮਾਹੌਲ ਵਿੱਚ ਮਾਂ ਨੇ ਆਪਣੇ ਬੱਚੇ ਲਈ ਸੈਂਕੜੇ ਇਲੈਕਟ੍ਰੌਨਿਕਸ ਖਿਡੌਣੇ ਤਾਂ ਲਿਆ ਦਿੱਤੇ ਹਨ ਪਰ ਬੱਚੇ ਉਸ ਮਮਤਾ ਤੋਂ ਵਿਰਵੇ ਹਨ ਜਿਸ ਉੱਤੇ ਇਨਸਾਨੀਅਤਤਾ ਦੀ ਉਸਾਰੀ ਹੋਣੀ ਹੈ। ਮੈਂ ਇੱਕ ਵਾਰ ਫਿਰ ਭਗਵੰਤ ਰਸੂਲਪੁਰੀ ਨੂੰ ਇਸ ਅੰਕ ਬਦਲੇ ਵਧਾਈ ਦਿੰਦਾ ਹੋਇਆ ਅਗਲੇ ਵਿਚਾਰਧਾਰਕ ਵਿਚਾਰਾਂ ਵਾਲੇ ਅੰਕ ਦੀ ਉਡੀਕ ਕਰਦਾ ਹਾਂ। **- ਜਸਵੰਤ ਰਾਏ** , ਪਿੰਡ ਤੇ ਡਾਕ. ਸਾਹਰੀ, ਜ਼ਿਲ੍ਹਾ ਹੁਸ਼ਿਆਰਪੁਰ, -146111

### 'ਪਟੇਲ ਦੀ ਰਖੇਲ ਮਸਾ ਮਾਂ' ਨੇ ਮੇਰੇ ਦੰਦਲ ਦਾਤੀ ਖੋਭ ਦਿੱਤੀ

ਬਹੁਤ ਚਿਰ ਪਹਿਲਾਂ ਮੈਂ ਸਰਣ ਕੁਮਾਰ ਲਿੰਬਾਲੇ ਦੀ ਆਤਮ ਕਥਾ 'ਅੱਕਰਮੱਸ਼ੀ' ਪੜ੍ਹੀ ਸੀ। ਪੜ੍ਹਨ ਉਪਰੰਤ ਮੈਂ ਕਿੰਨੇ ਹੀ ਦਿਨ ਉਦਾਸ ਤੇ ਚੁੱਪ ਚਾਪ ਰਿਹਾ ਸੀ। ਆਹ! ਐਨੀ ਘੋਰ ਗਰੀਬੀ ਕਿ ਕਿਸੇ ਮਨੁੱਖ ਨੂੰ ਆਪਣਾ ਪੇਟ ਭਰਨ ਲਈ ਪਸ਼ੂਆਂ ਦਾ ਗੋਹਾ ਧੋ ਕੇ ਦਾਣੇ ਕੱਢਣੇ ਪੈਣ, ਜੋ ਪਸ਼ੂ ਨੇ ਛੱਲੀਆਂ ਜਾਂ ਬੱਲੀਆਂ (ਛਿੱਟੇ) ਦੇ ਰੂਪ ਵਿਚ ਖਾਧੇ ਹੁੰਦੇ ਆ।

... ਤੇ ਅੱਜ ਹੱਥਲੇ ਅੰਕ 'ਚੋਂ 'ਪਟੇਲ ਦੀ ਰਖ਼ੈਲ ਮਸਾ ਮਾਂ' ਲੇਖ ਪੜ੍ਹਕੇ ਕਾਲਜੇ ਚੋਂ ਰੁੱਗ ਭਰਿਆ ਗਿਆ। ਜਿਵੇਂ ਕਿਸੇ ਨੇ ਮੇਰੇ ਕਾਲਜੇ 'ਚ ਦੰਦਲ ਦਾਤੀ ਖੋਭ ਦਿੱਤੀ ਹੋਵੇ। ਆਹ! ਕੋਈ ਮਾਂ ਅਜਿਹੀਆਂ ਪ੍ਰਸਥਿਤੀਆਂ ਵਿਚੋਂ ਵੀ ਗੁਜਰਦੀ ਆ! ਧੰਨ ਹੈ ਉਹ ਮਾਂ। ਤੇ ਧੰਨ ਹੈ ਉਹ ਪੁੱਤਰ। ਜਿਹਨੇ ਇਸ ਮਿੱਥ ਨੂੰ

ਤੋੜਿਆ ਕਿ ਪੁੱਤ ਹੋਰ ਤਾਂ ਸਭ ਕੁੱਝ ਸੁਣ ਸਕਦੈ। ਸਹਿ ਸਕਦੈ। ਪਰ ਮਾਂ ਨੂੰ ਕੱਢੀ ਗਾਲ੍ਹ (ਮਾਂ ਪ੍ਰਤੀ ਅਪਮਾਨਜਨਕ ਟਿੱਪਣੀ) ਨਹੀਂ ਸਹਿ ਸਕਦਾ। ਪਰ ਸਰਣ ਕੁਮਾਰ ਲਿੰਬਾਲੇ ਨੇ ਆਪਣੀ ਮਾਂ ਬਾਰੇ ਕੌੜਾ ਸੱਚ ਲਿਖਕੇ ਜਿੱਥੇ ਇਸ ਮਿੱਥ ਨੂੰ ਤੋੜਿਆ, ਉੱਥੇ ਭਾਰਤੀ ਸਮਾਜ / ਸਰਕਾਰਾਂ ਦੇ ਮੂੰਹ 'ਤੇ ਕਰਾਰਾ ਥੱਪੜ ਵੀ ਮਾਰਿਆ ਹੈ। ਸਾਡੇ ਸਮਾਜ 'ਚ ਹੋਰ ਵੀ ਕਿੰਨੀਆਂ ਮਾਵਾਂ, ਜਿਹੜੀਆਂ 'ਮਸਾਂ ਮਾਂ' ਵਰਗੀ ਹੋਣੀ ਹੰਢਾ ਰਹੀਆ ਹਨ। ਉਨ੍ਹਾਂ ਦੀ ਬਾਤ ਕੌਣ ਪਾਉ...?

ਮੇਰੇ ਲੇਖ ਤੋਂ ਬਿਨਾਂ ਸਾਰੇ ਲੇਖ ਹੀ ਧੂਹ ਪਾਉਂਣ ਵਾਲੇ ਸੀ। ਪਰ ਗੁਰਮੀਤ ਸਿੰਘ ਸਿੰਗਲ, ਲਕਸ਼ਮੀ ਨਰਾਇਣ ਭੀਖੀ, ਗੁਰਮੇਲ ਮਡਾਹੜ, ਦਰਸ਼ਨ ਕੌਰ ਭੀਖੀ ਤੇ ਭਗਵੰਤ ਰਸੂਲਪੁਰੀ ਦੇ ਲੇਖ ਪੜ੍ਹਕੇ ਅੱਖਾਂ ਭਰ ਭਰ ਡੁੱਲ੍ਹੀਆਂ। ਜਿੰਦਰ ਦੀ ਰਵਾਨਗੀ ਭਰਪੂਰ ਵਾਰਤਕ ਤੇ ਲਿਖਣ ਸ਼ੈਲੀ ਮਨ ਨੂੰ ਟੁੰਬਣ ਵਾਲੀ ਸੀ।

**-ਪ੍ਰੀਤ ਨੀਤਪੁਰੀ**, ਡਾ. ਬਾੜੀਆਂ ਕਲਾਂ, ਹੁਸ਼ਿਆਰਪੁਰ

### 'ਬੀਬੀ ਨੂੰ ਪਾਪਾ ਨੇ ਧੱਕਾ ਦੇ 'ਤਾ' ਰਚਨਾ ਪਸੰਦ ਆਈ

ਕਹਾਣੀ ਧਾਰਾ' ਜੁਲਾਈ-ਸਤੰਬਰ, 2010 ਵਿਚ ਸਰੂਪ ਸਿਆਲਵੀ ਦੀ ਰਚਨਾ 'ਬੀਬੀ ਨੂੰ ਪਾਪਾ ਨੇ ਧੱਕਾ ਦੇ 'ਤਾ' ਪੜ੍ਹੀ। ਬੜੀ ਪਸੰਦ ਆਈ। ਉਸ ਦਾ ਬਿਆਨੀਆਂ ਢੰਗ ਬੜਾ ਵਧੀਆ ਹੈ। ਇਕ ਮਾਂ ਆਪਣੇ ਬੱਚਿਆਂ ਲਈ ਕੀ ਕੁਝ ਕਰ ਸਕਦੀ ਹੈ ਇਹ ਸਿਆਲਵੀ ਵੱਲੋਂ ਲਿਖਿਆ 'ਮਾਂ ਸ਼ਬਦ ਚਿੱਤਰ' ਪੜ੍ਹ ਕੇ ਹੀ ਪਤਾ ਲਗਦਾ ਹੈ। ਇਸੇ ਲਈ ਇਸ ਨੂੰ ਪਹਿਲੇ ਨੰਬਰ ਤੇ ਜਗਾ ਮਿਲੀ ਹੈ।

**-ਹਰਪ੍ਰੀਤ ਸਿੰਘ**, ਮਕਾਨ ਨੰ. 176, ਵਾਰਡ ਨੰ. 17, ਗਲੀ ਨੰ. 2, ਰਾਮ ਗੰਜ ਮੰਡੀ, ਮੋਗਾ

## ਪ੍ਰੇਮ ਪ੍ਰਕਾਸ਼ ਵੱਲੋਂ ਸੰਤੋਖ ਸਿੰਘ ਧੀਰ ਦੇ ਲਿਖੇ ਸ਼ਬਦ ਚਿੱਤਰ 'ਕਲਮ ਦਾ ਸਿਪਾਹੀ' ਸਬੰਧੀ ਫੇਸ ਬੁੱਕ 'ਤੇ ਹੋਈ ਚਰਚਾ

*(ਇਹ ਚਰਚਾ ਸਾਨੂੰ ਮੁਹਾਲੀ ਦੇ ਕਹਾਣੀਕਾਰ ਗੋਵਰਧਨ ਗੱਬੀ ਨੇ ਭੇਜੀ ਹੈ। ਇਸ ਚਰਚਾ ਦੇ ਕੁੱਝ ਟੁੱਕੜੇ ਅਸੀਂ 'ਕਹਾਣੀ ਧਾਰਾ' ਦੇ ਪਾਠਕਾਂ ਨੂੰ ਪੜ੍ਹਨ ਲਈ ਦੇ ਰਹੇ ਹਾਂ-ਸੰਪਾਦਕ)*

***ਗੋਵਰਧਨ ਗੱਬੀ***-'ਕਹਾਣੀ ਧਾਰਾ' ਅਪ੍ਰੈਲ-ਜੂਨ, 2010 ਅੰਕ 'ਚ ਪ੍ਰੇਮ ਪ੍ਰਕਾਸ਼ ਨੇ ਸੰਤੋਖ ਸਿੰਘ ਧੀਰ ਦਾ ਰੇਖਾ ਚਿੱਤਰ ਲਿਖਿਆ ਹੈ। ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਪੇਸ਼ ਹੈ ਕੁਝ ਅੰਸ਼ 'ਮੈਂ ਗੁਰਦਰਸ਼ਨ ਨੂੰ ਮੋਹਨ ਸਿੰਘ ਦੇ ਦਫ਼ਤਰ 'ਚ ਕੰਮ ਕਰਦੇ ਇਕ ਹੋਰ ਵਰਕਰ ਵੱਲੋਂ ਕੋਈ ਮੁੰਡਾ ਲਿਆ ਕੇ ਕੁਕਰਮ ਕਰਨ ਦੀ ਗੱਲ ਦੱਸ ਰਿਹਾ ਸੀ। ਜਦੋਂ ਧੀਰ ਆ ਗਿਆ। ਪੁੱਛਣ ਲੱਗਿਆ, 'ਕੀ ਗੱਲ ਕਰਦੇ ਸੀ? ਮੇਰੇ ਆਇਆ ਚੁੱਪ ਕਿਉਂ ਹੋ ਗਏ?" ਧੀਰ ਮੇਰੀ ਦੁਹਰਾਈ ਗੱਲ ਧਿਆਨ ਨਾਲ ਸੁਣਦਾ ਰਿਹਾ। ਫੇਰ ਉਸਨੇ ਵੀ ਕੁਕਰਮ ਦੀ ਖਾਇਸ਼ ਦਾ ਇਜ਼ਹਾਰ ਕਰ ਦਿੱਤਾ।

***ਪ੍ਰੇਮ ਮਾਨ, ਅਮਰੀਕਾ***- ਮੈਂ ਪੜ੍ਹਿਆ ਹੈ।

***ਪ੍ਰਵੀਨ ਜੱਗੀ***- ਮੈਂ ਹੈਰਾਨ ਹਾਂ ਇਹਦੇ 'ਚ ਪੜ੍ਹਨ ਵਾਲੀ ਕਿਹੜੀ ਗੱਲ ਏ।

***ਸੁਖਿੰਦਰ ਟੋਰਾਂਟੋ***-ਇਹਦੇ ਵਿਚ ਗੋਵਰਧਨ ਗੱਬੀ ਨੂੰ ਕਿਹੜੀ ਪ੍ਰਭਾਵਿਤ ਕਰਨ ਵਾਲੀ ਗੱਲ ਲੱਗੀ ਹੈ? ਮੈਨੂੰ ਤਾਂ ਸਮਝ ਨਹੀਂ ਲੱਗੀ? ਪ੍ਰੇਮ ਪ੍ਰਕਾਸ਼ ਖੰਨਵੀ ਨੂੰ ! ਸੈਕਸ ਨਾਲ ਸਬੰਧਤ ਗੱਲਾਂ ਵਿੱਚ ਹੀ ਦਿਲਚਸਪੀ ਲੱਗਦੀ ਹੈ? ਅਸਲ ਵਿਚ ਪਿਛਲੇ ਕੁਝ ਸਾਲਾਂ ਵਿੱਚ ਇੰਡੀਆ ਦੇ ਵਧੇਰੇ ਪੰਜਾਬੀ ਸਾਹਿਤਕਾਰ ਚਾਹੇ ਉਹ ਕਵੀ ਹਨ, ਚਾਹੇ ਕਹਾਣੀਕਾਰ ਹਨ, ਚਾਹੇ ਨਾਵਲਕਾਰ ਹਨ ਸਭ ਦੇਹਵਾਦੀ ਰਚਨਾਵਾਂ ਲਿਖਣ ਵਿਚ ਹੀ ਰੁਝੇ ਹੋਏ ਹਨ, ਇਨ੍ਹਾਂ ਦੇਹਵਾਦੀ ਪੰਜਾਬੀ ਲੇਖਕਾਂ ਵਿਚ ਹੀ ਸ਼ਾਮਿਲ ਹੋ ਗਿਆ ਲੱਗਦਾ ਹੈ ਇੰਗਲੈਂਡ ਦਾ ਅਮਰਜੀਤ ਚੰਦਨ ਵੀ। ਉਹ ਪ੍ਰੇਮ ਪ੍ਰਕਾਸ਼ ਖੰਨਵੀ ਦਾ ਚੇਲਾ ਹੀ ਲੱਗਦਾ ਹੈ।

***ਗੱਬੀ***- ਕਹਾਣੀ ਧਾਰਾ ਵਾਲਾ ਸਾਰਾ ਰੇਖਾ ਚਿੱਤਰ ਧੀਰ ਸਾਹਿਬ ਉਪਰ ਲਿਖਿਆ ਹੋਇਆ ਹੈ। ਪੜ੍ਹਨ ਵਾਲਾ ਹੈ। ਪ੍ਰੇਮ ਪ੍ਰਕਾਸ਼ ਹੈ ਤਾਂ ਪ੍ਰੇਮ ਪ੍ਰਕਾਸ਼ ਹੀ ਹੈ। ਉਹ ਇਹ ਵੀ ਲਿਖਦਾ ਹੈ ਧੀਰ ਸਿਗਰਟਾਂ ਵੀ ਪੀਂਦਾ ਸੀ ਉਸ ਕੋਲ ਆ ਕੇ।

***ਪ੍ਰੇਮ ਮਾਨ***- ਧੀਰ ਹੁਣ ਇਸ ਦੁਨੀਆਂ ਵਿਚ ਨਹੀਂ ਹੈ। ਚੰਗਾ ਹੁੰਦਾ ਪ੍ਰੇਮ ਪ੍ਰਕਾਸ਼ ਦੇ ਜੀਉਂਦੇ ਜੀਅ ਇਹ



ਗੱਲਾਂ ਲਿਖਦਾ। ਮਰਨ ਤੋਂ ਬਾਅਦ ਲੇਖਕ ਦੇ ਨਿੱਜੀ ਪ੍ਰਸੰਗ ਨਹੀਂ ਜਗ ਜਾਹਰ ਕਰਨੇ ਚਾਹੀਦੇ।

***ਸੁਖਿੰਦਰ***- ਪ੍ਰੇਮ ਪ੍ਰਕਾਸ਼ ਜਿਸ ਤਰ੍ਹਾਂ ਦੀਆਂ ਲਿਖਤਾਂ ਲਿਖ ਕੇ ਸਨਸ਼ਨੀ ਪੈਦਾ ਕਰਨੀ ਚਾਹੁੰਦਾ ਹੈ ਉਸ ਤੋਂ ਜਾਪਦਾ ਹੈ ਕਿ ਉਹ ਇਹ ਵੀ ਲਿਖੇਗਾ ਕਿ ਸੰਤੋਖ ਸਿੰਘ ਧੀਰ ਕਿਹੜੇ ਲੇਖਕ ਦੀ ਧੀ ਤੇ ਪਤਨੀ ਨਾਲ ਸੈਕਸ ਕਰਦਾ ਰਿਹਾ। ਆਖਰ ਇਹ ਵੀ ਸਵਾਲ ਪੈਦਾ ਹੋ ਰਿਹਾ ਹੈ ਕਿ ਗੋਵਰਧਨ ਗੱਬੀ ਨੂੰ ਪ੍ਰੇਮ ਪ੍ਰਕਾਸ਼ ਦੀਆਂ ਅਜਿਹੀਆਂ ਲਿਖਤਾਂ ਵਿਚੋਂ ਕਿਹੜਾ ਸੱਚ ਦਿਖਦਾ ਹੈ। ਪ੍ਰੇਮ ਪ੍ਰਕਾਸ਼ ਅਜਿਹੀਆਂ ਲਿਖਤਾਂ ਲਿਖ ਕੇ ਕੀ ਸਿੱਧ ਕਰਨਾ ਚਾਹੁੰਦਾ ਹੈ। ਮੈਂ ਤੁਹਾਨੂੰ ਪੰਜਾਬੀ ਦੇ ਘੱਟ ਤੋਂ ਘੱਟ 50 ਨਾਮਵਰ ਪੰਜਾਬੀ ਲੇਖਕਾਂ ਦੇ ਨਾਮ ਦੱਸ ਸਕਦਾ ਹਾਂ ਜਿਹੜੇ ਕਿ 1970 ਦੇ ਆਸ ਪਾਸ ਸਿਗਰਟਾਂ ਪੀਂਦੇ ਸਨ। ਉਦੋਂ ਹਰ ਪਾਸੇ ਇਹੋ ਜਿਹਾ ਹੀ ਮਾਹੌਲ ਸੀ। ਜਿਨ੍ਹਾਂ ਵਿਚ ਕਈ ਤਾਂ ਚੋਟੀ ਦੇ ਲੇਖਕ ਅਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਮਾਲਿਕ ਹਨ। ਜਿਨ੍ਹਾਂ ਵਿਚ ਕੁਝ ਤਾਂ ਅਜੇ ਤੱਕ ਵੀ ਸਿਗਰਟਾਂ ਪੀਂਦੇ ਹਨ। ਪਰ ਉਨ੍ਹਾਂ ਦਾ ਜ਼ਿਕਰ ਕਰਕੇ ਕਿੰਨੀ ਕੁ ਵੱਡੀ ਪ੍ਰਾਪਤੀ ਹੋਵੇਗੀ।

***ਗੱਬੀ***- ਅਸਲ 'ਚ ਸਾਰਾ ਕੁਝ ਪੂਰਾ ਰੇਖਾ ਚਿੱਤਰ ਪੜ੍ਹ ਕੇ ਈ ਪਤਾ ਚਲੇਗਾ। ਪ੍ਰੇਮ ਪ੍ਰਕਾਸ਼ ਨੇ ਧੀਰ ਨੂੰ ਰੇਖਾ ਚਿੱਤਰ ਲਿਖਣ ਸਬੰਧੀ ਪੁੱਛਿਆ ਸੀ ਜਦੋਂ ਉਹ ਜਿਉਂਦਾ ਸੀ ਪਰ ਧੀਰ ਸਾਹਿਬ ਦੀ ਹਿੰਮਤ ਨਹੀਂ ਪਈ।

***ਡਾ. ਸੁਸ਼ੀਲ ਰਹੇਜਾ***- ਜਦ ਸਤੀ ਕੁਮਾਰ ਨੇ ਅੰਮ੍ਰਿਤਾ ਪ੍ਰੀਤਮ ਬਾਰੇ 'ਹੁਣ' ਪਰਚੇ ਵਿੱਚ ਲਿਖਿਆ ਸੀ ਤਾਂ ਮੈਂ ਮਾਨ ਸਾਹਿਬ ਵਾਲਾ ਸਟੈਂਡ ਲਿਆ ਸੀ। ਜੋ ਬਾਅਦ ਵਿਚ ਲਪਟਾਂ ਦਾ ਰੂਪ ਧਾਰਨ ਕਰ ਗਿਆ ਸੀ। ਉਸ ਦਰਮਿਆਨ ਸਤੀ ਕੁਮਾਰ ਦਾ ਦਿਹਾਂਤ ਹੋ ਗਿਆ। ਕਈ ਵਾਰ ਲੇਖਕ ਵਿਕੋਲਿੱਤਰੀ ਗੱਲ ਕਰਕੇ ਪਾਠਕਾਂ ਦਾ ਧਿਆਨ ਹੀ ਖਿੱਚਣਾ ਚਾਹੁੰਦਾ ਹੈ। ਲੇਖਕ ਹੀ ਨਹੀਂ ਆਮ ਆਦਮੀ ਵੀ। ਮੈਡੀਕਲ ਸਾਇੰਸ ਵਿੱਚ ਇਸਨੂੰ ਮਾਨਸਿਕ ਬਿਮਾਰੀ ਵਜੋਂ ਵੀ ਲਿਆ ਜਾਂਦਾ ਹੈ। ਇਸ ਬਿਮਾਰੀ ਵਿਚ SeeMore ਦੇ ਕਈ ਸਿਮਟੈਮ ਨੇ। ਜਿਵੇਂ ਕਿਸੇ ਨੂੰ ਬੇਇੱਜਤ ਕਰਕੇ ਆਪਣੇ ਆਪ ਨੂੰ ਵੱਡਾ ਪੇਸ਼ ਕਰਨਾ, ਵਿਕੋਲਿੱਤਰੀ ਗੱਲ ਕਰਨੀ, ਆਪਣੇ ਆਪ ਨਾਲ ਗੱਲਾਂ ਕਰਨੀਆਂ ਆਦਿ।

ਜਿਸ ਤਰ੍ਹਾਂ ਬਲਵੰਤ ਗਾਰਗੀ ਨੇ ਨੰਗੀ ਧੁੱਪ ਵਿਚ ਆਪਣੀ ਗਰਲ ਫਰੈਂਡ ਨੂੰ ਕਾਰ ਗੈਰਿਜ਼ ਵਿੱਚ ... ਮੈਨੂੰ ਤਾਂ ਦੱਸਣ ਲੱਗਿਆ ਵੀ ਸ਼ਰਮ ਆ ਰਹੀ। ਚੰਡੀਗੜ੍ਹ ਦੀ ਮਹਾਨ ਹਸਤੀ ਨੇ ਇਸਨੂੰ ਕਿਵੇਂ ਟਾਲਰੇਟ ਕੀਤਾ ਹੋਵੇਗਾ। ਜੇਕਰ ਪ੍ਰੇਮ ਪ੍ਰਕਾਸ਼ ਦਾ ਸੱਚ ਮੰਨ ਵੀ ਲਿਆ ਜਾਵੇ ਤਾਂ ਇਕ ਭੋਲੇ ਆਦਮੀ ਦੀ ਗੁੱਡ ਫੇਥ ਵਿਚ ਕੀਤੀ ਗੱਲ ਦਾ ਉਹ ਕਿਵੇਂ ਲਾਹਾ ਕੱਢ ਰਿਹਾ ਹੈ। ਇਹ ਸਿਰਫ ਨਿੰਦਣਯੋਗ ਹੀ ਨਹੀਂ ਰੋਕਣਯੋਗ ਵੀ ਹੈ।

***ਤਰਲੋਕ ਸਿੰਘ ਜੱਜ***- ਪ੍ਰੇਮ ਮਾਨ ਜੀ ਦੀ ਇਹ ਗੱਲ ਤਾਂ ਸੱਚ ਹੈ ਕਿ ਧੀਰ ਸਾਹਿਬ ਦੇ ਜੀਂਦੇ ਜੀਅ ਇਹ ਸੱਚ ਕਿਥੇ ਸੀ? ਕਿਉਂ ਨਹੀਂ ਲਿਖਿਆ ਗਿਆ? ਤੇ ਜੇ ਹੁਣ ਕਿਸੇ ਜਗ੍ਹਾ ਤੇ ਇਹ ਲਿਖਿਆ ਵੀ ਗਿਆ ਹੈ ਤਾਂ ਮੇਰੇ ਖਿਆਲ ਇਹ ਘੱਟੋ ਘੱਟ ਫੇਸ ਬੁੱਕ ਤੇ ਹੀ ਸਾਂਝਾ ਨਾ ਕੀਤਾ ਜਾਂਦਾ। ਸਾਫ਼ ਸੁਥਰੇ ਅਕਸ ਵਾਲੇ ਲੇਖਕ ਦਾ ਦਾਮਨ ਉਸਦੇ ਜਾਣ ਤੋਂ ਬਾਅਦ ਦਾਗਦਾਰ ਕਰਨ ਦਾ ਨਾ ਤਾਂ ਕੋਈ ਮਤਲਬ ਹੈ ਤੇ ਨਾ ਹੀ ਇਹ ਕਿਸੇ ਲੇਖਕ ਨੂੰ ਅਸਮਾਨੇ ਚੜ੍ਹਾਉਣ ਵਿਚ ਮਦਦ ਕਰਨ ਵਾਲਾ ਹੈ।

***ਡਾ. ਸੁਸ਼ੀਲ ਰਹੇਜਾ***- ਸੱਚ ਤੇ ਝੱਖ ਵਿਚ ਹੇਅਰ ਲਾਈਨ ਦਾ ਹੀ ਅੰਤਰ ਹੁੰਦਾ ਹੈ। ਇਹ ਗੱਲ ਲੇਖਕ ਨੂੰ ਵੀ ਕਲਮ ਚੁੱਕਣ ਵੇਲੇ ਸੋਚਣੀ ਚਾਹੀਦੀ ਹੈ।

***ਗੱਬੀ***- ਜੱਜ ਜੀ ਮੈਂ ਫੇਸ ਬੁੱਕ ਤੇ ਲਿਖ ਦਿੱਤਾ ਹੈ ਤਾਂ ਮੈਂ ਕੋਈ ਬਹੁਤ ਵੱਡਾ ਗੁਨਾਹ ਨਹੀਂ ਕਰ ਦਿੱਤਾ। ਫੇਸ ਬੁੱਕ ਤੇ ਵਿਚਾਰ ਪੇਸ਼ ਕਰਨਾ ਕੋਈ ਮਾੜੀ ਗੱਲ ਨਹੀਂ ਹੈ। ਜੇਕਰ ਪ੍ਰੇਮ ਪ੍ਰਕਾਸ਼ ਨੇ ਲਿਖਿਆ ਹੈ ਤਾਂ ਮੈਂ ਉਸ ਬਾਰੇ ਫੇਸ ਬੁੱਕ ਉੱਤੇ ਵਿਚਾਰ ਲਿਖ ਦਿੱਤੇ ਤਾਂ ਕੀ ਅਪਰਾਧ ਹੋ ਗਿਆ। ਇੰਝ ਵੀ ਲੱਗਦਾ ਹੈ ਕਿ ਬਹੁਤੇ ਵੀਰਾ ਨੇ ਧੀਰ ਦਾ 'ਉਹ ਦਿਨ' ਨਾਵਲ ਨਹੀਂ ਪੜ੍ਹਿਆ ਜਿਹੜਾ ਬਾਅਦ ਵਿਚ ਧੀਰ ਨੇ ਆਪ ਹੀ disoun ਕਰ ਦਿੱਤਾ ਸੀ। ਪ੍ਰੇਮ ਪ੍ਰਕਾਸ਼ ਨੇ ਰੇਖਾ ਚਿੱਤਰ ਉਨ੍ਹਾਂ ਦੀ ਬਦਖੋਹੀ ਵਿਚ ਨਹੀਂ ਲਿਖਿਆ ਉਸ ਨੂੰ ਕਲਮ ਦਾ ਸਿਪਾਹੀ ਵੀ ਲਿਖਿਆ।

***ਪ੍ਰੇਮ ਮਾਨ***- ਮੈਂ ਏਥੇ ਪ੍ਰੇਮ ਪ੍ਰਕਾਸ਼ ਸਬੰਧੀ ਗੱਲ ਨਹੀਂ ਕਰ ਰਿਹਾ। ਇਹ ਕੀ ਹੋਇਆ ਧੀਰ ਸਿਗਰਟਾਂ ਪੀਂਦਾ... ਸੈਕਸ... ਇਹ ਕੋਈ ਕਮਜੋਰੀ ਨਹੀਂ... ਮੈਂ ਇਹ ਕਹਿਣਾ ਚਾਹੁੰਦਾ ਕਿ ਧੀਰ ਇਸ ਸਮੇਂ ਇਸ ਸਾਰੇ ਵਰਤਾਰੇ ਤੇ ਕਿੰਤੂ-ਪ੍ਰੰਤੂ ਕਰਨ ਲਈ ਨਹੀਂ ਹੈ।

***ਮੇਜਰ ਮਾਂਗਟ***- ਧੀਰ ਸਾਹਿਬ ਦੇ ਤੁਰ ਜਾਣ ਤੋਂ ਬਾਅਦ ਅਜਿਹਾ ਲਿਖਣਾ ਨਹੀਂ ਸੀ ਚਾਹੀਦਾ। ਆਪਣੇ ਨਾਲ ਦੂਜਿਆ ਨੂੰ ਲਿਬੇੜਨ ਵਾਲੀ ਗੱਲ ਹੈ।

***ਹਰਵਿੰਦਰ ਭੰਡਾਲ*** - ਮੈਂ ਇਹ ਰੇਖਾ ਚਿੱਤਰ ਸਾਰਾ ਪੜ੍ਹਿਆ ਹੈ। ਸਿਗਰਟ ਪੀਣਾ ਕੋਈ ਬਹੁਤ ਵੱਡਾ ਮੁੱਦਾ ਨਹੀਂ ਹੈ।

***ਸਸੀ ਸਮੁੰਦਰਾ***- ਮੈਂ ਗੋਵਰਧਨ ਗੱਬੀ ਨਾਲ ਸਹਿਮਤ ਹਾਂ। ਇਹ ਪ੍ਰਸਿੱਧ ਲੇਖਕਾਂ ਪ੍ਰਤੀ ਅੰਨੀ ਸਰਧਾ ਹੈ।

***ਗੱਬੀ***- ਅਸਲ ਵਿਚ ਸਾਨੂੰ ਸਾਰਿਆਂ ਨੂੰ ਕੜਵੀ ਤੇ ਸੱਚੀ ਗੱਲ ਸੁਣਨ ਦੀ ਆਦਤ ਨਹੀਂ ਹੈ। ਜਦੋਂ ਕੁਝ ਲੋਕ ਗਾਂਧੀ ਜੀ ਦੀ ਸੈਕਸ ਜ਼ਿੰਦਗੀ ਬਾਰੇ ਗੱਲ ਕਰਦੇ ਹਨ ਤਾਂ ਉਹਨਾਂ ਦਾ ਵੀ ਵਿਰੋਧ ਹੁੰਦਾ ਹੈ ਪਰ ਅਸੀਂ ਸਾਰੇ ਇਹ ਭੁੱਲ ਜਾਂਦੇ ਹਾਂ ਕਿ ਸਾਰੇ ਮਨੁੱਖ ਹਾਂ, ਅਗਰ ਧੀਰ ਬਾਰੇ ਵੀ ਕੋਈ ਗੱਲ ਸਾਹਮਣੇ ਆਉਂਦੀ ਹੈ ਤਾਂ ਹੱਲਾਂ ਮਚਾਉਣ ਦੀ ਲੋੜ ਨਹੀਂ। ਇਹੀ ਕਾਫੀ ਹੈ ਕਿ ਧੀਰ ਨੇ ਜ਼ਿੰਦਗੀ ਭਰ ਸਾਹਿਤ ਰਚਿਆ ਹੈ। ਪਰ ਇਹ ਕਹਿਣਾ ਸਾਰਾ ਸਾਹਿਤ ਉੱਚ ਪਾਏ ਦਾ ਹੈ ਇਹ ਵੀ ਗਲਤ ਹੋਵੇਗਾ। ਪ੍ਰੇਮ ਪ੍ਰਕਾਸ਼ ਨੇ ਕੋਈ ਗੁਨਾਹ ਨਹੀਂ ਕੀਤਾ ਕਿ ਉਸ ਨੂੰ ਸੂਲੀ ਟੰਗ ਦਿੱਤਾ ਜਾਵੇ।

***ਪ੍ਰੇਮ ਮਾਨ***- ਦੋਸਤੋ! ਮੇਰੇ ਲਈ ਚਿੰਤਾ ਵਾਲੀ ਗੱਲ ਇਹ ਨਹੀਂ ਕਿ ਪ੍ਰੇਮ ਪ੍ਰਕਾਸ਼ ਨੇ ਧੀਰ ਨੂੰ ਸਿਗਰਟਾਂ ਪੀਂਦਾ ਜਾਂ ਸੈਕਸ ਦੀ ਖ਼ਾਹਿਸ ਕਰਦਾ ਕਿਉਂ ਲਿਖ ਦਿੱਤਾ। ਸੈਕਸ ਸਾਰਿਆਂ ਦੀ ਕਮਜੋਰੀ ਹੈ। ਪਰ ਇਥੇ ਦੋ ਗੱਲਾਂ ਆਹਿਮ ਹਨ-

1. ਧੀਰ, ਪ੍ਰੇਮ ਪ੍ਰਕਾਸ਼ ਨੂੰ ਕਿਉਂ ਨਹੀਂ ਬੁਲਾਉਂਦਾ ਸੀ?
2. ਧੀਰ ਦੇ ਬੱਚੇ, ਪੋਤੇ-ਪੋਤੀਆਂ, ਹੋਰ ਪਰਿਵਾਰ ਦੇ ਮੈਂਬਰ ਜਦੋਂ ਪ੍ਰੇਮ ਪ੍ਰਕਾਸ਼ ਦਾ ਰੇਖਾ ਚਿੱਤਰ ਪੜ੍ਹਨਗੇ ਤਾਂ ਉਹ ਧੀਰ ਬਾਰੇ ਕੀ ਸੋਚਣਗੇ? ਕੀ ਉਨ੍ਹਾਂ ਨੂੰ ਧੱਕਾ ਨਹੀਂ ਲੱਗੇਗਾ ਇਹ ਮੁੱਦਾ ਅਹਿਮ ਹੈ।

***ਪਰਮਜੀਤ ਦੁਸਾਂਝ***- ਗੱਬੀ ਜੀ ਪ੍ਰੇਮ ਪ੍ਰਕਾਸ਼ ਅੱਜ ਕੱਲ ਸਨਸ਼ਨੀ ਖੇਜ ਲੇਖ ਲਿਖਦਾ ਹੈ। ਪਹਿਲਾਂ ਉਸ ਨੇ ਸੰਤ ਸਿੰਘ ਸੇਖੋਂ ਬਾਰੇ ਵੀ ਇੱਕ ਅਜਿਹਾ ਲਿਖਿਆ ਸੀ। ਪ੍ਰੇਮ ਪ੍ਰਕਾਸ਼ ਹੁਣ ਬੁੱਢਿਆਂ ਬਾਰੇ ਲਿਖੀਆਂ ਆਪਣੀਆਂ ਕਹਾਣੀਆਂ ਵਿਚ ਸੈਕਸ ਸਬੰਧ ਹੀ ਲਿਖਦਾ ਹੈ। ਕਦੇ ਪ੍ਰੇਮ ਜੀ ਨੂੰ ਮਨੁੱਖੀ ਮਨ ਦੀਆਂ ਗੁੱਝੀਆਂ ਮਾਨਸਿਕ ਗੰਢਾਂ ਖੋਲ੍ਹਣ ਵਾਲਾ ਕਹਾਣੀਕਾਰ ਸਮਝਿਆ ਜਾਂਦਾ ਸੀ।

***ਸ਼ਸ਼ੀ ਸਮੁੰਦਰਾ***- ਮੇਰੀ ਲਈ ਕੇਂਦਰੀ ਬਿੰਦੂ ਇਹ ਹੈ ਕਿ ਪ੍ਰਸਿੱਧ ਵਿਅਕਤੀ ਬਾਰੇ ਸੰਤੁਲਿਤ ਪਹੁੰਚ ਹੋਣੀ ਚਾਹੀਦੀ ਹੈ। ਸਾਡੇ ਪੰਜਾਬੀਆਂ ਦੀ ਇਹ ਮਾਨਸਿਕਤਾ ਹੈ ਕਿ ਤੁਸੀਂ ਇਕ ਦਮ ਬੰਦੇ ਨੂੰ ਰੱਦ ਕਰ ਦਿਓ। ਜੀਰੋ ਕਰ ਦਿਓ। ਸਾਹਿਤ 'ਚ ਸੰਤੁਲਿਤ ਪੜਚੋਲ ਹੋਣੀ ਚਾਹੀਦੀ ਹੈ।

***ਸੁਖਿੰਦਰ***- ਇਕ ਇਕ ਲੇਖਕ ਬਾਰੇ ਸਨਸ਼ਨੀਖੇਜ ਲਿਖਤਾਂ ਲਿਖਣ ਦੀ ਥਾਂ ਪ੍ਰੇਮ ਪ੍ਰਕਾਸ਼ ਨੂੰ ਇਕੋ ਵਾਰੀ ਸੱਚ ਲਿਖ ਦੇਣਾ ਚਾਹੀਦਾ ਹੈ ਕਿ ਪੰਜਾਬੀ ਦਾ ਕਿਹੜਾ ਕਿਹੜਾ ਲੇਖਕ ਸਿਗਰਟਾਂ ਪੀਂਦਾ ਹੈ ਕਿਹੜੇ ਭੰਗ, ਵਿਸਕੀ, ਚਰਸ ਆਦਿ। ਹੋ ਸਕਦਾ ਇਹੋ ਜਿਹੀ ਜਾਣਕਾਰੀ ਭਰਪੂਰ ਲਿਖਤ ਲਿਖਣ ਨਾਲ ਪ੍ਰੇਮ ਪ੍ਰਕਾਸ਼ ਨੂੰ ਗਿਆਨਪੀਠ ਐਵਾਰਡ ਹੀ ਮਿਲ ਜਾਵੇ।

***ਗੋਵਰਧਨ ਗੱਬੀ***- ਤੁਸੀਂ ਸਾਰੇ ਦੋਸਤਾਂ ਨੇ ਪ੍ਰੇਮ ਪ੍ਰਕਾਸ਼ ਦੇ ਧੀਰ ਬਾਰੇ ਲਿਖੇ ਰੇਖਾ ਚਿੱਤਰ ਬਾਰੇ ਲੰਮੀ ਚੌੜੀ ਬਹਿਸ ਕੀਤੀ ਹੈ, ਮੈਂ ਚਾਹਾਂਗਾ ਕਿ ਇਸ ਨੂੰ ਜਾਰੀ ਰੱਖਿਆ ਜਾਵੇ।

***ਸੁਖਿੰਦਰ***- ਬਹਿਸ ਦਾ ਸਿੱਟਾ ਇਹ ਕੱਢਣਾ ਚਾਹੀਦਾ ਹੈ ਕਿ ਸੰਤੋਖ ਸਿੰਘ ਧੀਰ ਬਾਰੇ ਸਨਸਨੀਖੇਜ ਲਿਖਤਾਂ ਲਿਖਣ ਲਈ ਸੱਚ ਬੋਲਣ ਲਈ ਪ੍ਰੇਮ ਪ੍ਰਕਾਸ਼ ਖੰਨਵੀ ਨੂੰ 'ਲਾਲਾ ਜਗਤ ਨਰਾਇਣ ਝੱਖ ਮਾਰ ਗਿਆਨਢੀਠ ਐਵਾਰਡ' ਦੇ ਦਿੱਤਾ ਜਾਵੇ।

**- Govardhan Gabbi,** Ahlana, 433, Phase-9, Mohali,
Mob.94171-73700, e mail:govardhangabbi@rediffmail.com



## 'ਕਹਾਣੀ ਧਾਰਾ' ਸਾਹਿਤ ਸਰਵੇਖਣ-2010

**ਨੋਟ : ਹੇਠ ਲਿਖੇ ਸਵਾਲਾਂ ਦੇ ਉਤਰ ਭਰ ਕੇ ਕਹਾਣੀ ਧਾਰਾ ਦੇ ਪਤੇ ਤੇ ਭੇਜੋ**

**1. ਸਾਲ 2010 ਦੀਆਂ ਪ੍ਰਤੀਨਿਧ ਪੰਜ ਕਹਾਣੀਆਂ ਤੇ ਲੇਖਕਾਂ ਦੇ ਨਾਂ ਲਿਖੋ**

1..............................2..............................

3.......................... 4..........................5..........................

**2. ਸਾਲ 2010 ਦੇ ਪੰਜ ਪ੍ਰਤੀਨਿੱਧ ਕਹਾਣੀ ਸੰਗ੍ਰਹਿ ਦੇ ਨਾਂ ਲਿਖੋ ?**

1..............................2..............................

3..........................4..........................5..........................

**3. ਸਾਲ 2010 ਦੇ ਪ੍ਰਤੀਨਿਧ ਪੰਜ ਨਾਵਲ / ਲੇਖਕਾਂ ਦੇ ਨਾਂ ਲਿਖੋ?**

1..............................2..............................

3..........................4..........................5..........................

**4. ਸਾਲ 2010 ਦੇ ਪੰਜ ਪ੍ਰਤੀਨਿਧ ਕਾਵਿ ਸੰਗ੍ਰਹਿਾਂ ਦੇ ਨਾਂ ਲਿਖੋ?**

1..............................2..............................

3..........................4..........................5..........................

**5. ਸਾਲ 2010 ਦੀਆਂ ਪ੍ਰਤੀਨਿਧ ਆਲੋਚਨਾ ਪੁਸਤਕਾਂ ਸਮੇਤ ਲੇਖਕਾਂ ਦੇ ਨਾਂ ਲਿਖੋ?**

1..............................2..............................

3..........................4..........................5..........................

**6. 2010 ਦੇ ਦੋ ਪ੍ਰਤੀਨਿਧ ਪਰਵਾਸੀ ਨਾਵਲਾਂ / ਲੇਖਕਾਂ ਦੇ ਨਾਂ ਲਿਖੋ?**

1..............................2..............................

**ਨਾਂ**.............................. **ਪੂਰਾ ਪਤਾ**..............................

.............................. **ਮੋਬਾਇਲ**..............................

**(ਨੋਟ-ਇਸ ਸਰਵੇਖਣ 'ਚ ਲੇਖਕ / ਆਲੋਚਕ/ ਸਾਹਿਤ ਦੇ ਪਾਠਕ/ ਵਿਦਿਆਰਥੀ ਹਿੱਸਾ ਲੈ ਸਕਦੇ ਹਨ। ਇਸ ਪ੍ਰੋਫਾਰਮੇ ਦੀਆਂ ਫੋਟੋ ਕਾਪੀਆਂ ਕਰਵਾ ਕੇ, ਭਰ ਕੇ ਵੀ ਭੇਜੀਆਂ ਜਾ ਸਕਦੀਆਂ ਹਨ। ਹਰ ਪਾਠਕ ਇਸ ਸਰਵੇਖਣ ਵਿਚ ਭਾਗ ਲੈ ਸਕਦਾ ਹੈ। ਸਰਵੇਖਣ ਵਿਚ ਭਾਗ ਲੈਣ ਵਾਲੇ ਸੱਜਣ ਆਪਣਾ ਪੂਰਾ ਨਾਂ ਪਤਾ ਤੇ ਮੁਬਾਇਲ ਨੰਬਰ ਜ਼ਰੂਰ ਲਿਖਣ। ਇਕ ਪਾਠਕ ਇਕ ਹੀ ਪ੍ਰੋਫਾਰਮਾ ਭੇਜ ਸਕਦਾ ਹੈ। ਪ੍ਰੋਫਾਰਮਾ ਭਰ ਕੇ 31 ਜਨਵਰੀ, 2011 ਤੱਕ ਭੇਜ ਦਿੱਤਾ ਜਾਵੇ। -ਸੰਪਾਦਕ)**

**ਪਤਾ**: Bhagwant Rasulpuri
Editor: Kahani Dhara, Vill. Dharampura, P.O. Khambra,
Distt. Jalandhar-144026, Punjab, Mob. 94170-64350